


'ਸਾਦੇ ਸਿਧਰੇ ਲੇਖ' ਪੁਸਤਕ ਵਿਚ ਦਰਜ ਲੇਖ ਨਾ ਤਾਂ ਇੰਨੇ ਕੁ ਸਾਦੇ ਲੱਗਦੇ ਹਨ ਤੇ ਨਾ ਹੀ ਸਿਧਰੇ, ਕਿਉਂਕਿ ਜਿਵੇਂ ਇਹਨਾਂ ਦਾ ਲੇਖਕ ਸਾਦ ਮੁਰਾਦੇ ਪੰਜਾਬੀ ਪਹਿਰਾਵੇ ਪਿੱਛੇ ਇਕ ਕਈ-ਵਾਰ-ਦੁਨੀਆਂ-ਗਾਹ-ਚੁੱਕੀ ਅਤੇ ਪੰਜਾਬ ਦੇ ਇਤਿਹਾਸਕ ਵਿਰਸੇ ਵਿਚ ਗੜੁੱਚ ਸ਼ਖ਼ਸੀਅਤ ਸਮੋਈ ਫਿਰਦਾ ਹੈ, ਓਵੇਂ ਹੀ ਇਹ ਲੇਖ ਵੀ ਸਰਲ ਜਿਹੇ ਲੱਗਦੇ ਸਿਰਲੇਖਾਂ ਨੂੰ ਮਲਕੜੇ ਜਿਹੇ ਵਿਸਥਾਰ ਵਿਚ ਲਿਆਉਣ ਦੇ ਪੱਜ, ਪਾਠਕ ਦੀ ਰੁਚੀ ਨੂੰ ਬਰਕਰਾਰ ਰਖਦੇ ਹੋਏ ਕਈ ਇਕ ਰੌਚਕ ਵਿੱਥਿਆਂ ਨੂੰ ਸਿਰੇ ਲਾ ਜਾਂਦੇ ਹਨ।

ਗਿਆਨੀ ਸੰਤੋਖ ਸਿੰਘ ਹੁਰਾਂ ਪਾਸ ਜੀਵਨ ਦੇ ਹਰ ਪੱਖ ਦਾ ਭਰਪੂਰ ਅਨੁਭਵੀ ਖ਼ਜ਼ਾਨਾ ਹੈ ਅਤੇ ਉਹ ਆਪਣੇ ਖ਼ੁਸ਼-ਰਹਿਣੇ ਸੁਭਾ ਦੀ ਮਜਬੂਰੀ ਵਿਚ ਉਸ ਖ਼ਜ਼ਾਨੇ ਦਾ ਛੱਟਾ, ਜਿਥੇ ਵੀ ਅਵਸਰ ਬਣੇ ਦਿੰਦੇ ਰਹਿੰਦੇ ਹਨ। ਉਹਨਾਂ ਦਾ ਨਿਜੀ ਮੰਤਵ ਕੇਵਲ ਅਤੇ ਕੇਵਲ ਇਹੀ ਜਾਪਦਾ ਹੈ ਕਿ ਸੁਣਨ ਵਾਲੇ ਨੂੰ ਸਿੱਖ ਵਿਰਾਸਤ ਉਪਰ ਮਾਣ ਬਣੇ ਅਤੇ ਇਸ ਵਿਰਾਸਤ ਵਿਚ ਸਿਆਸੀ ਘਚੋਲ ਕਾਰਨ ਆਈ ਗਿਰਾਵਟ ਦਾ ਵੀ ਅਹਿਸਾਸ ਹੋਵੇ। ਪਿਛਲੀ ਅੱਧੀ ਸਦੀ ਦੇ ਪੰਜਾਬ ਅਤੇ ਪੰਜਾਬੀਅਤ ਦਾ ਮੌਖਿਕ ਇਤਿਹਾਸ, ਬਗੈਰ ਕਿਸੇ ਮਸ਼ੀਨੀ ਸਹਾਇਤਾ ਦੇ ਅਜੇ ਤੁਰਿਆ ਫਿਰਦਾ ਵੇਖ ਕੇ ਮਨ ਅਨੰਦਿਤ ਤਾਂ ਹੁੰਦਾ ਹੀ ਹੈ ਪਰ ਤਾਂਘ ਇਹ ਵੀ ਹੈ ਕਿ ਇਸ ਜ਼ੁਬਾਨੀ ਰੂਪ ਨੂੰ ਕਿਸੇ ਤਰ੍ਹਾਂ ਲਿਖਤਬੱਧ ਵੀ ਕੀਤਾ ਹੋਵੇ। ਏਨੀ ਕੁ ਤਸੱਲੀ ਜ਼ਰੂਰ ਹੈ ਕਿ ਗਿਆਨੀ ਹੋਰੀਂ ਖ਼ੁਦ ਆਪਣੇ ਤਜਰਬਿਆਂ ਨੂੰ ਅੱਖਰੀ ਰੂਪ ਦਿੰਦੇ ਰਹਿੰਦੇ ਹਨ ਅਤੇ ਅਕਸਰ ਆਪਣੀ ਲਿਖਤਾਂ ਮੁਫ਼ਤ ਹੀ ਵੰਡਦੇ ਵੇਖੀਦੇ ਹਨ। ਗਿਆਨੀ ਜੀ ਦੀ ਇਸ ਸੱਤਵੀਂ ਪੁਸਤਕ 'ਸਾਦੇ ਸਿਧਰੇ ਲੇਖ' ਨੂੰ ਮੈਂ 'ਜੀ ਆਇਆਂ' ਕਹਿੰਦੀ ਹਾਂ ਅਤੇ ਮੈਨੂੰ ਆਸ ਅਤੇ ਵਿਸ਼ਵਾਸ ਹੈ ਕਿ ਗਿਆਨੀ ਜੀ ਦੇ ਪਾਠਕ, ਪਹਿਲਾਂ ਵਾਂਗ ਇਹਨਾਂ ਵਿਚਲੀ ਜਾਣਕਾਰੀ ਅਤੇ ਠੇਠ ਵਿਰਾਸਤੀ ਮੁਹਾਵਰੇ ਦਾ ਆਨੰਦ ਮਾਨਣਗੇ।

ਜਸਬੀਰ ਕੌਰ
ਨਾਰੀ ਚੇਤਨਾ ਮੰਚ (ਰਜਿ.)
ਸ੍ਰੀ ਅੰਮ੍ਰਿਤਸਰ

ਸਾਦੇ ਸਿਧਰੇ ਲੇਖ
ਗਿਆਨੀ ਸੰਤੋਖ ਸਿੰਘ
ਆਸਟ੍ਰੇਲੀਆ

# ਸਾਦੇ ਸਿਧਰੇ ਲੇਖ



ਗਿਆਨੀ ਸੰਤੋਖ ਸਿੰਘ
ਆਸਟ੍ਰੇਲੀਆ

# ਸਾਦੇ ਸਿਧਰੇ ਲੇਖ

**ਲੇਖਕ:**
## ਗਿਆਨੀ ਸੰਤੋਖ ਸਿੰਘ

ਪ੍ਰਕਾਸ਼ਕ:
ਆਜ਼ਾਦ ਬੁੱਕ ਡੀਪੂ
ਹਾਲ ਬਾਜ਼ਾਰ, ਅੰਮ੍ਰਿਤਸਰ

SADE SIDHRE LEKH

by

GIANI SANTOKH SINGH
166, ROOTY HILL ROAD, EASTERN CREEK
SYDNEY, NSW, AUSTRALIA 2766
+61 2 9864 5268
+435 060 970
E-mail : gianisantokhsingh@yahoo.com.au

ਪਹਿਲੀ ਵਾਰ: ਫਰਵਰੀ ੨੦੧੫

ਛਾਪਕ: ਸ਼ਿਵਾਂਗੀ ਆਫ਼ਸੈਟ, ਦਿੱਲੀ

ਏਸੇ ਕਲਮ ਤੋਂ:

- ਸਚੇ ਦਾ ਸਚਾ ਢੋਆ (ਪੰਜ ਐਡੀਸ਼ਨ)
- ਉਜਲ ਕੈਹਾਂ ਚਿਲਕਣਾ
- ਯਾਦਾਂ ਭਰੀ ਚੰਗੇਰ
- ਬਾਤਾਂ ਬੀਤੇ ਦੀਆਂ
- ਜੋ ਵੇਖਿਆ ਸੋ ਆਖਿਆ (ਦੋ ਐਡੀਸ਼ਨ)
- ਸਿਧਰੇ ਲੇਖ
- ਸਾਦੇ ਸਿਧਰੇ ਲੇਖ

# ਬਿਨਾ ਆਗਿਆ ਕੋਈ ਵੀ ਛਾਪੇ

ਤਕਰੀਬਨ ਹਰੇਕ ਕਿਤਾਬ ਜਾਂ ਪ੍ਰਕਾਸ਼ਨਾ ਉਪਰ ਲਿਖਿਆ ਹੁੰਦਾ ਹੈ, "ਬਿਨਾ ਆਗਿਆ ਦੇ ਕੋਈ ਨਾ ਛਾਪੇ।" ਕਿਸੇ ਪ੍ਰਕਾਸ਼ਨਾ ਉਪਰ ਲੇਖਕ ਦੀ ਆਗਿਆ ਦੀ ਲੋੜ ਬਾਰੇ ਆਖਿਆ ਗਿਆ ਹੁੰਦਾ ਹੈ ਤੇ ਕਿਤੇ ਪ੍ਰਕਾਸ਼ਕ ਦੀ ਆਗਿਆ ਦੀ ਲੋੜ ਦਰਸਾਈ ਗਈ ਹੁੰਦੀ ਹੈ। ਅਜਿਹੀ ਲਿਖਤ ਤਕਰੀਬਨ ਸਾਰੇ ਹੀ ਲੇਖਕਾਂ ਦੀਆਂ ਕਿਤਾਬਾਂ ਉਪਰ ਅੰਕਤ ਹੁੰਦੀ ਹੈ; ਭਾਵੇਂ ਉਹ ਵੱਡੇ ਸਾਹਿਤਕਾਰ ਹੋਣ ਜਾਂ ਧਰਮ ਦੇ ਵੱਡੇ ਪ੍ਰਚਾਰਕ ਹੀ ਹੋਣ!

ਸਾਲਾਂ ਦੀ ਮੇਹਨਤ, ਖ਼ਰਚ, ਖੇਚਲ਼ ਆਦਿ ਨਾਲ਼ ਪਾਠਕਾਂ ਦੇ ਹੱਥਾਂ ਵਿਚ ਪਹੁੰਚਣ ਯੋਗ ਕੋਈ ਪੁਸਤਕ ਤਿਆਰ ਕਰਨ ਵਾਲ਼ੇ ਦਾ ਇਹ ਪੂਰਾ ਹੱਕ ਬਣਦਾ ਹੈ ਕਿ ਉਹ ਕਿਸੇ ਵਿਅਕਤੀ ਜਾਂ ਪ੍ਰਕਾਸ਼ਕ ਅਦਾਰੇ ਨੂੰ, ਉਸ ਦੀ ਕਿਰਤ ਨੂੰ ਵਰਤਣ ਦੀ ਆਗਿਆ ਦੇਵੇ ਜਾਂ ਨਾ ਦੇਵੇ। ਅਜਿਹੇ ਹੱਕ ਦੀ ਮੰਗ ਕਰਨੀ ਨਾ ਕਿਸੇ ਕਾਨੂੰਨ ਦੇ ਵਿਰੁਧ ਹੈ ਤੇ ਨਾ ਹੀ ਧਰਮ ਦੇ। ਇਸ ਉਪਰ ਉਸ ਦੇ ਲੇਖਕ ਜਾਂ ਪ੍ਰਕਾਸ਼ਕ ਦਾ ਪੂਰਾ ਹੱਕ ਹੈ ਤੇ ਇਸ ਦੀ ਉਲੰਘਣਾ ਕਰਨ ਵਾਲ਼ੇ ਦੇ ਖ਼ਿਲਾਫ਼ ਕਾਨੂੰਨੀ ਚਾਰਾਜੋਈ ਵੀ ਹੋ ਸਕਦੀ ਹੈ।

ਮੈਂ ਵੀ ਆਪਣੀ ਹਰੇਕ ਕਿਤਾਬ ਉਪਰ ਲੇਖਕ ਦਾ ਕਾਪੀ ਰਾਈਟ ਛਪਵਾਉਂਦਾ ਹਾਂ ਭਾਵੇਂ ਕਿ ਜੇਕਰ ਕੋਈ ਵਿਅਕਤੀ ਜਾਂ ਅਦਾਰਾ ਮੇਰੀ ਕਿਸੇ ਲਿਖਤ ਜਾਂ ਉਸ ਦੇ ਕਿਸੇ ਭਾਗ ਨੂੰ ਆਪਣੇ ਖ਼ਰਚ ਤੇ ਪ੍ਰਕਾਸ਼ਤ ਕਰ/ਕਰਵਾ ਕੇ ਪਾਠਕਾਂ ਦੇ ਹੱਥੀਂ ਅਪੜਾਵੇ ਤਾਂ ਇਸ ਤੋਂ ਵਧ ਮੈਨੂੰ ਖ਼ੁਸ਼ੀ ਸ਼ਾਇਦ ਹੋਰ ਕਿਸੇ ਕਾਰਜ ਦੀ ਨਾ ਹੋਵੇ! ਬੰਦਾ ਪੁੱਛੇ ਕਿ ਭਈ ਜੇ ਤੂੰ ਅਜਿਹਾ ਉਦਾਰ ਹੈਂ ਤਾਂ ਫਿਰ ਆਪਣੀ ਕਿਤਾਬ ਉਪਰ ਇਹ ਕੁਝ ਲਿਖਵਾਉਂਦਾ ਹੀ ਕਿਉਂ ਹੈਂ? ਇਹ ਕੁਝ ਛਾਪਣ ਦੀ ਲੋੜ ਇਸ ਕਰਕੇ ਮੈਂ ਸਮਝਦਾ ਹਾਂ ਕਿ ਜੇਕਰ ਕੋਈ ਵਿਅਕਤੀ ਜਾਂ ਅਦਾਰਾ ਮੇਰੀ ਕਿਸੇ ਲਿਖਤ ਨੂੰ ਕਿਸੇ ਥਾਂ ਵਰਤੇ ਤਾਂ ਕਿਤੇ ਛਾਪਕ/ਪ੍ਰਕਾਸ਼ਕ ਨਾ ਉਸ ਲਈ ਕੋਈ ਪੰਗਾ ਖੜ੍ਹਾ ਕਰ ਦੇਵੇ! ਇਸ ਲਈ ਸਪੱਸ਼ਟ ਕਰਨ ਵਾਸਤੇ ਮੈਂ ਉਚੇਚੇ ਧਿਆਨ ਨਾਲ਼ ਇਹ ਸ਼ਬਦ ਆਪਣੀ ਕਿਤਾਬ ਉਪਰ ਛਪਵਾਉਂਦਾ ਹਾਂ। ਸੰਸਾਰ ਭਰ ਦੇ ਪੰਜਾਬੀ ਪ੍ਰੈਸ ਵਿਚ ਮੇਰੇ ਲੇਖ ਛਪਦੇ ਹਨ। ਕਈ ਵਾਰ ਮੈਂ ਵੇਖਦਾ ਹਾਂ ਕਿ ਜਿਸ ਪਰਚੇ ਨੂੰ ਮੈਂ ਲੇਖ ਨਹੀਂ ਵੀ ਭੇਜਿਆ ਹੁੰਦਾ, ਉਸ ਦਾ ਸੰਪਾਦਕ ਵੀ, ਆਪਣੇ ਹਿਰਦੇ ਦੀ ਵਿਸ਼ਾਲਤਾ ਦਾ ਸਦਕਾ, ਕਿਸੇ ਹੋਰ ਥਾਂ ਤੋਂ ਮੇਰਾ ਲੇਖ ਪਰਾਪਤ ਕਰਕੇ, ਆਪਣੇ ਪਰਚੇ ਵਿਚ ਛਾਪ ਦਿੰਦਾ ਹੈ। ਇਸ ਦੀ ਮੈਨੂੰ ਬੇਹੱਦ ਖ਼ੁਸ਼ੀ ਹੁੰਦੀ ਹੈ। ਕਦੀ ਅਜਿਹਾ ਵੀ ਹੋ ਜਾਂਦਾ ਹੈ ਕਿ ਜੇਕਰ ਕਿਸੇ ਪਰਚੇ ਵਿਚ ਮੇਰਾ ਲੇਖ ਛਪਣ ਸਮੇ, ਉਸ ਦੇ ਨਾਲ਼ ਮੇਰਾ ਨਾਂ ਛਪਣੋ ਰਹਿ ਵੀ ਗਿਆ ਹੋਵੇ ਤਾਂ ਪਾਠਕ ਫਿਰ ਵੀ ਸਮਝ ਜਾਂਦੇ ਹਨ ਕਿ ਇਹ ਮੇਰਾ ਹੀ ਲੇਖ ਹੈ; ਮੇਰੀ ਲਿਖਤ ਹੀ ਅਜਿਹੀ ਸਿੱਧ ਪੱਧਰੀ ਜਿਹੀ ਹੁੰਦੀ ਹੈ ਕਿ ਉਸ ਦੇ ਲੇਖਕ ਦੀ ਪਛਾਣ ਹੋ ਜਾਂਦੀ ਹੈ।

ਕੋਈ ਵੀ ਸੱਜਣ ਜਾਂ ਅਦਾਰਾ, ਮੇਰੀ ਕਿਸੇ ਵੀ ਲਿਖਤ ਨੂੰ ਵਰਤਣ ਵਿਚ ਝਿਜਕ ਨਾ ਮਹਿਸੂਸ ਕਰੇ ਤੇ ਬੇਝਿਜਕ ਹੋ ਕੇ, ਜਿਥੇ ਚਾਹੇ ਵਰਤੇ। ਇਸ ਲਈ ਮੈਂ ਵਿਚਾਰ ਬਣਾਇਆ ਹੈ ਕਿ ਅੱਗੇ ਤੋਂ ਆਪਣੀ ਹਰੇਕ ਕਿਤਾਬ ਵਿਚ ਇਹ ਸੰਦੇਸ਼ ਛਪਵਾਇਆ ਕਰਾਂ ਕਿ ਇਸ ਕਿਤਾਬ ਵਿਚੋਂ ਕੋਈ ਵੀ ਸੱਜਣ ਜਾਂ ਅਦਾਰਾ, ਪੂਰੀ ਕਿਤਾਬ, ਇਸ ਦਾ ਕੋਈ ਇਕ ਲੇਖ ਜਾਂ ਲੇਖ ਦਾ ਕੋਈ ਵੀ ਹਿੱਸਾ ਵਰਤ ਸਕਦਾ ਹੈ। ਜੇਕਰ ਉਹ ਉਸ ਲਿਖਤ ਦੇ ਨਾਲ ਮੇਰਾ ਨਾਂ ਤੇ ਉਸ ਕਿਤਾਬ ਦਾ ਨਾਂ, ਜਿਸ ਵਿਚੋਂ ਉਹ ਹਿੱਸਾ ਲਿਆ ਗਿਆ ਹੋਵੇ, ਦਾ ਜ਼ਿਕਰ ਕਰ ਦੇਵੇ ਤਾਂ ਉਸ ਦੀ ਮੇਹਰਬਾਨੀ ਨਹੀਂ ਤਾਂ ਵੈਸੇ ਹੀ ਮੈਂ ਉਸ ਦਾ ਧੰਨਵਾਦੀ ਹੋਵਾਂਗਾ।

ਧੰਨਵਾਦ ਸਹਿਤ

ਸੰਤੋਖ ਸਿੰਘ

ਮੁਢਲੇ ਸ਼ਬਦ
ਪੰਜਾਬੀ ਸੂਬੇ ਦਾ ਜਿਉਂਦਾ ਜਾਗਦਾ ਇਤਿਹਾਸ
ਧਾਰਮਿਕ ਮਰਯਾਦਾ ਦਾ ਵਖਰੇਵਾਂ
ਨਸ਼ਿਆਂ ਦੀ ਆਦਤ
ਪਾਠਾਂ ਦੀਆਂ ਕਿਸਮਾਂ
ਘਰੋਂ ਜਾਈਏ ਭੁੱਖੇ ਤੇ ਅੱਗੋਂ ਕੋਈ ਨਾ ਪੁੱਛੇ
ਫਿਲਮੀ ਤਰਜਾਂ ਤੇ ਕੀਰਤਨ
ਡਰ
ਸ਼੍ਰੋਮਣੀ ਗੁ. ਪ੍ਰ. ਕਮੇਟੀ ਦਾ ਬਜਟ ਇਜਲਾਸ
ਮੇਰੀ ਪਾਕਿਸਤਾਨ ਦੀ ਚੌਥੀ ਯਾਤਰਾ
ਜਿਉ ਮਧੁ ਮਾਖੀ ਤਿਉ ਸਠੋਰ ਰਸੁ ਜੋਰਿ ਜੋਰਿ ਧਨੁ ਕੀਆ॥
ਤੇਰਾ ਵਿਕਦਾ ਜੈ ਕੁਰੇ ਪਾਣੀ....
ਮੈਂ ਵੀ ਕੰਪਿਊਟਰ ਨੂੰ ਕੁਤਕਤਾਰੀਆਂ...
ਗੱਲ ਚੱਲੀ ਗੁਰਮੁਖੀ ਵਿਚ ਤਿੰਨ ਹੋਰ ਚਿੰਨ੍ਹਾਂ ਦੀ
ਗੁਰਦੁਆਰਾ ਗੁਰੂ ਨਾਨਕ ਦਰਬਾਰ,ਐਡੀਲੇਡ
ਆਰਤੀ_ਜਦੋਂ ਸੰਤਾਂ ਨੇ ਮੈਨੂੰ ਵਾਹਣੀਂ ਪਾਇਆ
ਵਿਦਵਾਨ ਪ੍ਰਧਾਨ ਜੀ
ਮਹਾਰਾਜ ਜੀ ਦੇ ਅੱਗਿਉਂ ਭਾਨ ਲੈਣਾ
ਮੇਰੇ ਸੁਹਿਰਦ ਮਿੱਤਰ ਮੇਰੇ ਨਾਂ ਤੇ ਲੁੱਟੇ ਗਏ
ਗ੍ਰਿਫ਼ਿਥ ਦੀਆਂ ਅਠਾਰਵੀਆਂ ਸਿੱਖ ਖੇਡਾਂ
ਗੁਰਦੁਆਰਾ, ਜਿਥੇ ਮੈਂ ਰਾਤ ਨਾ ਰਹਿ ਸਕਿਆ
ਸੁਰੀਲੇ ਅਤੇ ਸੁਹਿਰਦ ਸੱਜਣ_ਭਾਈ ਸਾਹਿਬ ਗੁਰਮੇਲ ਸਿੰਘ ਜੀ
ਇਉਂ ਮੇਰੀਆਂ ਲਿਖਤਾਂ ਨੂੰ 'ਜੀ ਆਇਆਂ' ਆਖਿਆ ਗਿਆ
ਜਿਸ ਕਾ ਕਾਮ ਉਸੀ ਕੋ ਸਾਜੇ
ਸੰਪਾਦਕ ਦੇ ਨਾਂ
ਇਹ ਮੈਨੂੰ ਸਮਝ ਨਾ ਆਏ
ਫੋਕਾ ਟੌਹਰ
ਚਰਚਾ ਚਾਰ ਪ੍ਰਕਾਰ ਦੀ
ਵਕਤੇ ਅਤੇ ਸਰੋਤੇ ਦੇ ਚੌਦਾਂ ਗੁਣ
ਦੀਵਾਲੀ ਦੇ ਦੀਵਾਨ ਵਿਚ ਦਿੱਤਾ ਵਿਖਿਆਨ
ਯਾਦਾਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀਆਂ

# ਮੁਢਲੇ ਸ਼ਬਦ

ਇਕ ਵਿਦਿਆਰਥੀ ਆਪਣੀ ਅਧਿਆਪਕਾ ਪਾਸੋਂ ਪੁੱਛ ਰਿਹਾ ਸੀ, "ਮੈਮ, ਮੈਨੂੰ ਇਹ ਤਾਂ ਪਤਾ ਹੈ ਕਿ ਕਵਿਤਾ ਕੀ ਹੁੰਦੀ ਹੈ ਪਰ ਵਾਰਤਕ ਕੀ ਹੁੰਦੀ ਹੈ! ਇਸ ਬਾਰੇ ਸਪੱਸ਼ਟ ਕਰੋ ਕਿ ਕਿਸ ਤਰ੍ਹਾਂ ਪਤਾ ਲੱਗਦਾ ਹੈ ਕਿ ਕੋਈ ਰਚਨਾ ਕਵਿਤਾ ਹੈ ਕਿ ਵਾਰਤਕ?" ਟੀਚਰ ਨੇ ਸਰਲ ਜਿਹਾ ਉਤਰ ਦਿਤਾ ਤੇ ਕਿਹਾ, "ਅਸੀਂ/ਤੁਸੀਂ ਜੋ ਵੀ ਬੋਲਦੇ ਜਾਂ ਸੁਣਦੇ ਹਾਂ, ਉਹ ਵਾਰਤਕ ਹੁੰਦੀ ਹੈ। ਕੇਵਲ ਅਸੀਂ ਉਸ ਨੂੰ ਮੂਹੋਂ ਬੋਲ ਰਹੇ ਹੁੰਦੇ ਹਾਂ; ਜੇ ਓਸੇ ਨੂੰ ਲਿਖਤੀ ਰੂਪ ਦੇ ਦੇਈਏ ਤਾਂ ਉਹ ਵਾਰਤਕ ਹੀ ਹੋਵੇਗੀ; ਚੰਗੀ ਜਾਂ ਮਾੜੀ।

ਇਸ ਸਰਲ ਵਾਰਤਕ ਸੰਗ੍ਰਹਿ 'ਸਾਦੇ ਸਿਧਰੇ ਲੇਖ' ਦਾ ਲੇਖਕ ਬੋਲਦਾ ਬਹੁਤ ਹੈ ਅਤੇ ਬੋਲਦਾ ਵੀ ਸ਼ੁੱਧ ਅਤੇ ਠੇਠ ਪੰਜਾਬੀ ਹੈ। ਕਿਉਂਕਿ ਉਸ ਦਾ ਸੰਸਾਰ ਰਟਣ ਕਾਰਨ ਜੀਵਨ ਅਨੁਭਵ ਬਹੁਤ ਵਿਸ਼ਾਲ ਅਤੇ ਬਹੁ-ਪੱਖੀ ਹੈ, ਇਸ ਲਈ ਉਹ ਖੜੋਤ ਦਾ ਸ਼ੌਕੀਨ ਨਹੀਂ। ਉਹ ਹਰਕਤ ਵਿਚ ਬਰਕਤ ਸਮਝਦਾ ਹੈ। ਉਸ ਦੀ ਜ਼ਬਾਨ ਨੂੰ ਵੀ ਖੋਹਲਣ ਦੀ ਲੋੜ ਨਹੀਂ, ਕਿਉਂਕਿ ਉਹ ਜੋ ਵੇਖਦਾ ਹੈ, ਓਹੋ ਹੀ ਬੋਲਦਾ ਹੈ। ਉਸ ਬੋਲਣ ਦਾ ਹੀ ਅੱਖਰੀ ਰੂਪ, ਉਸ ਦੀਆਂ ਹਲਕੇ ਫੁਲਕੇ ਢੰਗ ਨਾਲ਼ ਗਿਆਨ ਦਾ ਪ੍ਰਸਾਰ ਕਰਦੀਆਂ ਉਸ ਦੀਆਂ ਪੁਸਤਕਾਂ ਹਨ।

ਹੱਥਲੀ ਨਿਵੇਕਲੀ ਸਫ਼ਰਨਾਮੇ ਵਰਗੀ ਪੁਸਤਕ ਵਿਚ, ਗਿਆਨੀ ਸੰਤੋਖ ਸਿੰਘ ਦੇ ਆਪਣੇ ਸੰਸਾਰ ਭਰਮਣ ਨਾਲ਼ ਜੁੜੀਆਂ ਹੋਈਆਂ ਯਾਦਾਂ ਨੂੰ ਲੈ ਕੇ ਬੜੇ ਹੀ ਹਲਕੇ ਫੁਲਕੇ ਅੰਦਾਜ਼ ਵਿਚ ਪੇਸ਼ ਦਿਲਚਸਪ ਲੇਖ ਹਨ। ਇਹਨਾਂ ਦੇ ਕਈ ਵਿਸ਼ੇ ਤਾਂ ਅੱਜ ਤੱਕ ਅਣਛੋਹੇ ਹੀ ਰਹੇ ਹਨ। ਇਹ ਪੁਸਤਕ ਅਜਿਹੀਆਂ ਹਲਕੇ ਫੁਲਕੇ ਲੇਖਾਂ ਵਾਲ਼ੀਆਂ ਪੁਸਤਕਾਂ ਦੀ ਸੱਤਵੀਂ ਕੜੀ ਹੈ। ਜਿਵੇਂ ਗਿਆਨੀ ਜੀ ਦੀ ਜ਼ੁਬਾਨ ਚੱਲਦੀ ਹੈ ਓਵੇਂ ਹੀ, ਬਿਨਾ ਮਾੜ ਚੰਗ ਵਿਚਾਰੇ ਦੇ, ਗਿਆਨੀ ਜੀ ਦੀਆਂ ਉਂਗਲ਼ਾਂ ਵੀ ਲੈਪਟੌਪ ਦੇ ਕੀ ਬੋਰਡ ਉਪਰ ਚੱਲੀ ਜਾਂਦੀਆਂ ਹਨ। ਅਜਿਹੀ ਬੇਬਾਕ ਲੇਖਣੀ/ਬੋਲਣੀ ਕਾਰਨ, ਕਈ ਵਾਰ ਉਸ ਦੀ ਹਾਲਤ ਝਾੜ ਵਿਚ ਫਸੇ ਬਿੱਲੇ ਵਰਗੀ ਵੀ ਹੋ ਜਾਂਦੀ ਹੈ।

ਗਿਆਨੀ ਸੰਤੋਖ ਸਿੰਘ ਨਾਲ਼ ਮੇਰੀ ਪਹਿਲੀ ਮੁਲਾਕਾਤ ਦਾ ਸਬੱਬ ਤਾਂ ਉਸ ਦੇ ਪੁੱਤਰਾਂ ਵਰਗੇ ਭਤੀਜੇ ਅਤੇ ਮੇਰੇ ਕਿਸੇ ਵੇਲ਼ੇ ਰਹੇ ਹੋਣਹਾਰ ਵਿਦਿਆਰਥੀ, ਗੁਰਦੀਪ ਸਿੰਘ ਰਾਹੀਂ ਬਣਿਆ ਸੀ ਪਰ ਪਿਛਲੇ ਸੱਤ-ਅੱਠ ਸਾਲਾਂ ਵਿਚ ਕਈ ਇਕੱਠ, ਕਈ ਸੈਮੀਨਾਰ, ਅਨੇਕਾਂ ਗ਼ੈਰ ਰਸਮੀ ਅਵਸਰ. ਉਸ ਦੇ ਰੂਬਰੂ ਹੋਣ ਦੇ ਕਾਰਨ ਬਣਦੇ ਰਹੇ ਹਨ ਅਤੇ ਮੈਂ ਉਸ ਨੂੰ ਕੇਵਲ 'ਗਿਆਨੀ' ਹੋਣ ਤੋਂ ਕਿਤੇ ਵਧ ਮਿਣ ਚੁੱਕਾ ਹਾਂ। ਉਸ ਬਾਰੇ ਲਿਖਦਿਆਂ ਕੋਈ ਝਾਕਾ ਤਾਂ ਨਹੀਂ ਪਰ ਕਠਿਨਾਈ ਮਹਿਸੂਸ ਜਰੂਰ ਕਰ ਰਿਹਾ ਹਾਂ ਕਿ ਮੈਂ ਉਸ ਦਾ ਕੇਹੜਾ ਪੱਖ, ਇਸ 'ਮੁਢਲੇ ਸ਼ਬਦ' ਰਾਹੀਂ ਅੱਖਰ-ਬੰਦ ਕਰਾਂ! ਹਾਂ, ਮੈਂ ਸਮਝਦਾ ਹਾਂ ਕਿ ਸ਼ਰਧਾ ਵਿਚੋਂ ਲਿਖਿਆ ਹੋਇਆ ਰੇਖਾ-ਚਿਤਰ ਤਾਂ ਹਮੇਸ਼ਾਂ ਬਹੁਵਚਨੀ ਪੜਨਾਵਾਂ ਦੀ ਮੰਗ ਕਰਦਾ ਹੈ, ਪਰ ਮੈਂ ਸ਼ਰਧਾ ਜਾਂ ਦੋਸਤੀ ਤੋਂ ਲਾਂਭੇ ਹੋ ਕੇ ਉਸ ਬਾਰੇ 'ਮੁਢਲੇ ਸ਼ਬਦ' ਇਕਵਚਨੀ ਪੜਨਾਵਾਂ ਨਾਲ਼ ਹੀ ਲਿਖਾਂਗਾ।

ਗਿਆਨੀ ਸੰਤੋਖ ਸਿੰਘ ਦੀ ਸਾਦਗੀ, ਉਸ ਦਾ ਸਫੈਦ ਕੁੜਤਾ ਪਜਾਮਾ, ਪੈਰੀਂ ਕਾਲ਼ੀ ਗੁਰਗਾਬੀ ਅਤੇ ਸਿਰ 'ਤੇ ਅਕਾਲੀ ਬੰਧੇਜ ਵਿਚ ਬੱਝੀ ਨੀਲੀ ਦਸਤਾਰ, ਹਰ ਨਵੇਂ ਮਿਲਣ ਵਾਲ਼ੇ ਨੂੰ ਓਸੇ ਤਰ੍ਹਾਂ ਭੁਲੇਖਾ ਪਾ ਜਾਂਦੀ ਹੈ ਜਿਵੇਂ ਕੋਈ ਗੂਹੜ ਗਿਆਨੀ, ਫਿਰਿਆ ਤੁਰਿਆ, ਪੁਰ ਖਲੂਸ ਯੂਨੀਵਰਸਿਟੀ ਦਾ ਪ੍ਰੋਫ਼ੈਸਰ, ਕੁੜਤੇ ਚਾਦਰੇ ਵਿਚ ਦਿਖਾਈ ਦੇ ਜਾਵੇ। ਮੈਂ ਇਹੋ ਜਿਹਾ ਭੁਲੇਖਾ ਪੰਜਾਹ ਕੁ ਵਰ੍ਹੇ ਪਹਿਲਾਂ ਖਾ ਚੁੱਕਾ ਹਾਂ। ਸਾਡੀ ਗਲ਼ੀ ਵਿਚ ਇਕ ਰੱਦੀ ਖਰੀਦਣ ਵਾਲ਼ਾ ਬਜ਼ੁਰਗ ਜਿਹਾ ਆਦਮੀ ਹੋਕਾ ਦਿੰਦਾ ਹੁੰਦਾ ਸੀ। ਉਹਨਾਂ ਦਿਨਾਂ ਵਿਚ ਅਮ੍ਰੀਕਾ ਤੋਂ ਛਪਦਾ 'ਲਾਈਫ਼' ਮੈਗਜ਼ੀਨ ਬੜਾ ਮਕਬੂਲ ਹੁੰਦਾ ਸੀ। ਮੈਂ ਕੁਝ ਪੁਰਾਣੇ ਅਖ਼ਬਾਰ/ਰਸਾਲੇ ਰੱਦੀ ਖ਼ਰੀਦਣ ਵਾਲ਼ੇ ਨੂੰ ਵਿਖਾਉਂਦੇ ਹੋਏ, ਲਾਈਫ਼ ਮੈਗਜ਼ੀਨ ਵਿਚ ਆਈਆਂ ਕੁਝ ਇਕ ਅੰਤਰਰਾਸ਼ਟਰੀ ਇਮਾਰਤਾਂ ਦੀਆਂ ਮੂਰਤਾਂ ਵੱਲ ਇਸ਼ਾਰਾ ਕਰ ਰਿਹਾ ਸਾਂ ਕਿ ਉਹ ਬਜ਼ੁਰਗ ਆਦਮੀ ਬੋਲਿਆ, "ਹਾਂ ਜੀ, ਹਾਂ ਜੀ, ਇਹ ਪੈਰਿਸ ਦਾ ਮੀਨਾਰ ਮੈਂ ਵੇਖ ਆਇਆ ਹਾਂ। ਹਾਂ ਜੀ, ਹਾਂ ਜੀ, ਮੈਂ ਇਸ ਪਾਰਲੀਮੈਂਟ ਹਾਊਸ ਦੇ ਅੰਦਰੋਂ ਵੀ ਹੋ ਆਇਆ ਹਾਂ।" ਮੈਂ ਜਿਸ ਵੀ ਫ਼ੋਟੋ ਵੱਲ ਇਸ਼ਾਰਾ ਕਰਾਂ, ਉਹ ਉਸ ਨੂੰ ਵੇਖੀ ਹੋਈ, ਫਿਰੀ ਹੋਈ ਦੱਸੇ। ਉਸ ਦੇ ਦੱਸਣ ਮੁਤਾਬਿਕ ਉਹ ਕਿਸੇ ਸਮੇ ਬਹੁਤ ਅਮੀਰ ਵਿਅਕਤੀ ਹੁੰਦਾ ਸੀ। ਉਸ ਦਾ ਇਕਲੌਤਾ ਪੁੱਤਰ ਘਰੋਂ ਭੱਜ ਗਿਆ ਸੀ ਅਤੇ ਉਹ ਉਸ ਨੂੰ ਲਭਣ ਦੇ ਯਤਨਾਂ ਵਿਚ ਤਕਰੀਬਨ ਸਾਰਾ ਜਹਾਨ ਗਾਹ ਆਇਆ ਸੀ। ਖਾਕ ਸ਼ਾਹ ਹੋ ਜਾਣ 'ਤੇ ਉਹ ਨਵੇਂ ਸਿਰਿਉਂ ਜੀਵਨ ਆਰੰਭ ਕਰ ਰਿਹਾ ਸੀ।

ਭਾਵੇਂ ਗਿਆਨੀ ਸੰਤੋਖ ਸਿੰਘ ਕਿਸੇ ਗਵਾਚੇ ਨੂੰ ਲਭਣ ਲਈ ਤਾਂ ਦੇਸੋਂ ਬਾਹਰ ਨਹੀਂ ਸੀ ਨਿਕਲ਼ਿਆ ਪਰ ਦੁਨੀਆਂ ਵੇਖਣ ਦੇ ਚਾ ਵਿਚ ਹੀ, ਤਰਤਾਲ਼ੀ ਸਾਲਾਂ ਤੋਂ ਦੁਨੀਆਂ ਦੇ ਵੱਖ ਵੱਖ ਦੇਸਾਂ ਵਿਚ ਵਿਚਰ ਰਿਹਾ ਹੈ। ਉਸ ਨੂੰ ਵੇਖ ਕੇ ਕੋਈ ਕਹਿ ਨਹੀਂ ਸਕਦਾ ਕਿ ਇਹ ਵਿਅਕਤੀ ਕੋਈ ਆਮ ਪੇਂਡੂ ਗੁਰਦੁਆਰੇ ਦਾ ਭਾਈ ਨਹੀਂ ਹੈ ਪਰ ਅਸਲੀਅਤ ਓਦੋਂ ਹੀ ਪਰਗਟ ਹੁੰਦੀ ਹੈ ਜਦੋਂ ਸੰਤੋਖ ਸਿੰਘ ਕਿਸੇ ਨੂੰ ਮੁਖ਼ਾਤਬ ਹੁੰਦਾ ਹੈ। ਸੈਂਕੜੇ ਜਹਾਜ ਅਤੇ ਹਜ਼ਾਰਾਂ ਪੰਜਾਬੀ ਹਰ ਰੋਜ਼ ਆਪਣੇ ਆਪਣੇ ਵਪਾਰ, ਫ਼ੈਕਟਰੀ, ਫ਼ਾਰਮ, ਫ਼ਰਮ, ਪੜ੍ਹਾਈ ਜਾਂ ਕਿਸੇ ਸਿਆਸੀ ਉਪ੍ਰਾਲੇ ਲਈ, ਸੰਸਾਰ ਦੇ ਇਕ ਤੋਂ ਦੂਸਰੇ ਹਵਾਈ ਅੱਡੇ ਵੱਲ ਉਡਾਰੀਆਂ ਮਾਰਦੇ ਹਨ ਪ੍ਰੰਤੂ ਕਦੇ ਕਦੇ ਉਹਨਾਂ ਹਜ਼ਾਰਾਂ ਵਿਚ ਕੋਈ ਇਕਾ ਦੁਕਾ ਸੰਤੋਖ ਸਿੰਘ ਵੀ ਹੁੰਦਾ ਹੈ ਜਿਸ ਦਾ ਧੁਰ ਅੰਦਰਲਾ ਮਕਸਦ ਪੰਜਾਬੀ ਭਾਸ਼ਾ, ਸੰਸਕ੍ਰਿਤੀ, ਸਭਿਆਚਾਰ ਅਤੇ ਧਰਮ ਦਾ ਪ੍ਰਚਾਰ। ਚਾਹੇ ਅਮ੍ਰੀਕਾ ਹੋਵੇ ਜਾਂ ਦੱਖਣੀ ਅਮ੍ਰੀਕਾ, ਚਾਹੇ ਅਫ਼੍ਰੀਕਾ ਹੋਵੇ ਜਾਂ ਯੂਰਪ, ਚਾਹੇ ਏਸ਼ੀਆ ਹੋਵੇ ਚਾਹੇ ਆਸਟ੍ਰੇਲੀਆ, ਇਸ ਨੇ ਪੰਜੇ ਮਹਾਂਦੀਪ,

ਕਈ ਕਈ ਵਾਰ ਫਿਰੇ ਹਨ। ਹਰ ਮੁਲਕ ਦੇ ਨਿੱਕੇ ਵੱਡੇ ਸ਼ਹਿਰ, ਜਿਨ੍ਹਾਂ ਨੂੰ ਸਾਡੇ ਵਿਚੋਂ ਬਹੁਤੇ ਕਦੇ ਨਕਸ਼ੇ ਵਿਚੋਂ ਵੀ ਨਹੀਂ ਲੱਭ ਸਕਦੇ, ਸੰਤੋਖ ਸਿੰਘ ਦੀ ਯਾਤਰਾ ਦੇ ਸਥਾਨ ਬਣ ਚੁੱਕੇ ਹਨ ਅਤੇ ਅੱਜ ਵੀ ਇਹ ਪ੍ਰਕਿਰਿਆ, ਉਸ ਦੀਆਂ ਆਪਣੀਆਂ ਲਿਖੀਆਂ ਹੋਈਆਂ ਕਿਤਾਬਾਂ ਦੇ ਬੰਡਲ਼ ਸਮੇਤ ਜਾਰੀ ਹੈ, ਜਿਨ੍ਹਾਂ ਨੂੰ ਸੰਸਾਰ ਵਿਚ ਫੈਲੇ ਪੰਜਾਬੀ ਪਾਠਕਾਂ ਦੇ ਹੱਥਾਂ ਤੱਕ ਅਪੜਾਉਣ ਵਿਚ ਉਹ ਖ਼ੁਸ਼ੀ ਮਹਿਸੂਸ ਕਰਦਾ ਹੈ। ਹਾਰੀ ਸਾਰੀ ਇਸ ਪੱਧਰ ਦੀ ਮਿਸ਼ਨਰੀ ਸੇਵਾ ਨਹੀਂ ਕਰ ਸਕਦਾ।

ਹੈਰਾਨੀ ਦੀ ਗੱਲ ਇਹ ਹੈ ਕਿ ਸੰਤੋਖ ਸਿੰਘ ਨੇ ਆਸਟ੍ਰੇਲੀਆ ਵਿਚ ਹੀ ਮਜ਼ਦੂਰੀ, ਖੇਤ ਮਜ਼ਦੂਰੀ, ਬੈਂਕ, ਡਾਕਖਾਨਾ, ਬੱਸ ਕੰਡਕਟਰੀ, ਕਲੱਰਕੀ ਆਦਿ ਦੀ ਨੌਕਰੀ ਕਰਨ ਉਪ੍ਰੰਤ, ਪੱਛਮੀ ਪੁਸ਼ਾਕ ਤਿਆਗ ਕੇ, ਸਾਦਾ ਪੰਜਾਬੀ ਧਾਰਮਿਕ ਪਹਿਰਾਵਾ ਧਾਰਨ ਕਰਕੇ, ਆਪਣੀ ਜੀਵਨ ਸ਼ੈਲੀ ਨੂੰ ਸਰਲ ਅਤੇ ਸੰਜਮੀ ਬਣਾ ਲਿਆ ਹੈ। ਇਸ ਨੇ ਆਪਣੀ ਸਿੱਖਿਆ, ਸ਼ੌਕ ਆਦਿ ਦੇ ਦਾਇਰੇ ਤੋਂ ਬਾਹਰ ਜਾ ਕੇ, ਆਸਟ੍ਰੇਲੀਆ ਵਿਚ, ਕੁਝ ਸਾਲਾਂ ਵਾਸਤੇ ਨੌਕਰੀਆਂ, ਮਜ਼ਦੂਰੀਆਂ, ਆਪਣੇ ਪਰਵਾਰ ਨੂੰ, ਅਰਾਥਿਕ ਤੌਰ ’ਤੇ ਪੈਰਾਂ ਸਿਰ ਕਰਨ ਵਾਸਤੇ ਹੀ ਕੀਤੀਆਂ। ਜਦੋਂ ਹੀ ਉਸ ਨੂੰ ਇਹ ਮਕਸਦ ਪੂਰਾ ਹੁੰਦਾ ਦਿਸਿਆ ਤਾਂ ਉਹ ਆਪਣੇ ਅਸਲੀ ਰੰਗ ਵਿਚ ਆ ਗਿਆ; ਅਰਥਾਤ ਆਪਣੇ ਪੁਰਾਣੇ ਪ੍ਰਚਾਰਕ ਦੌਰਿਆਂ ਉਪਰ ਤੁਰ ਪਿਆ। ਆਮ ਤੌਰ ’ਤੇ ਸਾਡੇ ਸਮਾਜ ਵਿਚ ਪੱਛਮੀ ਪਹਿਰਾਵੇ ਨੂੰ ਅਕਲ, ਸਿਆਣਪ, ਵਿੱਦਿਆ, ਗੂਹੜ ਗਿਆਨ ਆਦਿ ਨਾਲ਼ ਜੋੜ ਕੇ ਵੇਖਿਆ ਜਾਂਦਾ ਹੈ, ਜੋ ਕਿ ਇਕ ਭਰਮ ਵੀ ਹੋ ਸਕਦਾ ਹੈ ਪਰ ਸੰਤੋਖ ਸਿੰਘ ਇਸ ਨੂੰ ਪੁੱਠਾ ਗੇੜਾ ਦੇ ਰਿਹਾ ਹੈ। ਅਨੁਭਵੀ, ਗਿਆਨਵਾਨ, ਦਿਲ ਦੀ ਅਮੀਰੀ ਨੂੰ ਸਾਦੀ ਪੁਸ਼ਾਕ ਨਾਲ਼ ਜੋੜ ਕੇ, ਇਕ ਨਵਾਂ ਦ੍ਰਿਸ਼ਟੀਕੋਣ ਸਾਡੇ ਸਾਹਮਣੇ ਪੇਸ਼ ਕਰਦਾ ਹੈ। ਘੰਟਿਆਂ ਬੱਧੀ ਪੰਜਾਬੀ ਸਭਿਆਚਾਰ ਉਤੇ ਦਿਲਚਸਪ ਟੋਟਕੇ ਅਤੇ ਗੁਰ ਇਤਿਹਾਸ ਦੇ ਵਾਕਿਆਤ ਮੱਲੋ ਮੱਲੀ ਤੁਹਾਡੀ ਝੋਲ਼ੀ ’ਚ ਪਾ ਜਾਂਦਾ ਹੈ। ਸੰਤੋਖ ਸਿੰਘ ਕਿਸੇ ਉਚੇਚ ਨਾਲ਼ ਨਹੀਂ ਬੋਲਦਾ/ਲਿਖਦਾ। ਇਹ ਕਿਸੇ ਆਟੋਮੈਟਿਕ ਪ੍ਰਿੰਟਰ ਵਾਂਙ, ਆਪ ਮੁਹਾਰੇ ਸ਼ੁਧ ਅਤੇ ਮੁਹਾਵਰੇਦਾਰ, ਲੋਕੋਕਤੀਆਂ ਲੱਦੀ ਠੇਠ ਪੰਜਾਬੀ ਵਿਚ, ਆਪਣੀਆਂ ਯੂਰਪੀ ਜਾਂ ਅਮ੍ਰੀਕੀ ਯਾਤਰਾਵਾਂ ਦੇ ਨਾਲ਼ ਨਾਲ਼, ਪਾਠਕ ਨੂੰ ਉਂਗਲ਼ੀ ਲਾਈ ਖਿੱਚੀ ਜਾਂਦਾ ਹੈ। ਉਸ ਦੀ ਲਿਖਤ ਪੜ੍ਹਦਿਆਂ ਪਾਠਕ ਨੂੰ ਸਫ਼ਰਨਾਮੇ ਵਰਗਾ ਆਨੰਦ ਆਪਣੇ ਆਪ ਆਈ ਜਾਂਦਾ ਹੈ।

ਪਾਠਕ ਨੋਟ ਕਰਨ ਕਿ ਸਿੱਖ ਧਰਮ ਵਿਚ ਤੇਜੀ ਨਾਲ਼ ਆ ਚੁੱਕੇ ਪੁਜਾਰੀਵਾਦ ’ਚੋਂ ਨਿਕਲ਼ੀਆਂ ਕੁਰੀਤੀਆਂ ਜਾਂ ਗ਼ਲਤ ਰਸਮਾਂ ਰਿਵਾਜ਼ਾਂ ਨੂੰ ਲੈ ਕੇ, ਸੰਤੋਖ ਸਿੰਘ ਨਾ ਕੇਵਲ ਉਹਨਾਂ ਨੂੰ ਬਖ਼ਸ਼ਦਾ ਹੀ ਨਹੀਂ ਬਲਕਿ ਕਈ ਇਕ ਉਸਾਰੂ ਸੁਝਾਉ ਵੀ ਦਿੰਦਾ ਹੈ ਜਿਨ੍ਹਾਂ ਨੂੰ ਪ੍ਰਵਾਨ ਕਰਨ ਵਿਚ ਪਾਠਕ ਝਿਜਕ ਨਹੀਂ ਮਹਿਸੂਸ ਕਰਦਾ।

ਇਸ ਬਿਖੜੇ ਪੈਂਡਿਆਂ ਦੇ ਰਾਹੀ ਤੇ ਨਿਆਣਿਆਂ ਸਿਆਣਿਆਂ ਦੇ ਹਾਣੀ, ਰੱਬੀ ਪ੍ਰੇਮ ਨਾਲ਼ ਲਬਰੇਜ਼, ਤੁਰਦੇ ਫਿਰਦੇ ਵਿਸ਼ਵਕੋਸ਼ ਦੀ ਜ਼ਬਾਨ ਅਤੇ ਕਲਮ ਏਸੇ ਤਰ੍ਹਾਂ ਚੱਲਦੀ ਰਹੇ, ਇਹ ਸਾਡੀ ਕਾਮਨਾ ਹੈ।

ਮੋਹਨ ਸਿੰਘ (ਪ੍ਰੋ.)
ਅੰਮ੍ਰਿਤਸਰ ਵਿਕਾਸ ਮੰਚ

# ਪੰਜਾਬੀ ਸੂਬੇ ਦਾ ਜਿਉਂਦਾ ਜਾਗਦਾ ਇਤਿਹਾਸ

''ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ।'' ਵਾਲ਼ੀ ਕਹਾਵਤ ਅਨੁਸਾਰ, ਹਰ ਸਮੇ ਦੀ ਤਸਵੀਰ ਸਾਹਿਤ ਵਿਚੋਂ ਵੇਖੀ ਜਾ ਸਕਦੀ ਹੈ। ਇਸ ਲਈ ਲੇਖਕ ਨੂੰ ਚਾਹੀਦਾ ਹੈ ਕਿ ਸਮੇ ਦੇ ਸੱਚ ਨੂੰ ਹੀ ਕਲਮਬੰਦ ਕਰੇ ਪਰ ਮਨੁੱਖਤਾ ਦਾ ਬਹੁਤ ਵੱਡਾ ਦੁਖਾਂਤ ਹੈ ਕਿ ਲੇਖਕ ਜਦੋਂ ਸੱਚ ਤੋਂ ਲਾਂਭੇ ਜਾਂਦਾ ਹੈ ਅਤੇ ਸਮਾ ਬੀਤ ਜਾਣ ਤੋਂ ਬਾਅਦ ਜਦੋਂ ਉਸ ਸ਼ੀਸ਼ੇ ਨੂੰ ਵੇਖਿਆ ਜਾਂਦਾ ਹੈ ਤਾਂ ਉਸ ਦਾ ਮਤਲਬ ਵੀ ਕੁਝ ਹੋਰ ਕਢਿਆ ਜਾਂਦਾ ਹੈ ਤੇ ਕੱਢੇ ਹੋਏ ਮਤਲਬ ਨੂੰ ਇਤਿਹਾਸ ਬਣਾ ਕੇ, ਉਸ ਉਪਰ ਜਦੋਂ ਜੀਵਨ ਦੀ ਉਸਾਰੀ ਕੀਤੀ ਜਾਂਦੀ ਹੈ ਤਾਂ ਉਹ ਭੀ ਗ਼ਲਤ ਹੋ ਜਾਂਦੀ ਹੈ ਤੇ ਜੀਵਨ ਔਝੜ ਰਾਹਾਂ ਤੇ ਪੈ ਕੇ, ਗ਼ਲਤ ਧਾਰਾ ਫੜ ਲੈਂਦਾ ਹੈ। ਸਿੱਖੀ ਦੇ ਬਾਨੀ ਗੁਰੂਆਂ ਦੇ ਜੀਵਨ ਨੂੰ ਜਦੋਂ ਪੜ੍ਹਿਆ ਜਾਂਦਾ ਹੈ ਤਾਂ ਇਸ ਵਿਚੋਂ, ਆਪਣੇ ਸਵਾਰਥ ਦੇ ਅਧੀਨ ਵੱਖ ਵੱਖ ਵਿਦਵਾਨ, ਉਹਨਾਂ ਦੀ ਸਿੱਖਿਆ ਦੇ ਵੱਖੋ ਵੱਖਰੇ ਕਿਸਮ ਦੇ ਤਰਜਮੇ ਕਰਦੇ ਆਮ ਹੀ ਦਿਸਦੇ ਹਨ।

ਬੇਸ਼ੱਕ ਗਿਆਨੀ ਸੰਤੋਖ ਸਿੰਘ ਦਾ ਨਾਂ ਉਹਨਾਂ ਪ੍ਰਸਿਧ ਲੇਖਕਾਂ ਵਿਚ ਨਹੀਂ ਆਉਂਦਾ ਜਿਨ੍ਹਾਂ ਨੇ ਪੂਰੇ ਜੀਵਨ ਦੀ ਅਗਵਾਈ ਕੀਤੀ ਹੋਵੇ ਪਰ ਜੋ ਵੀ ਲਿਖਿਆ ਹੈ ਉਹ ਸੋਲ਼ਾਂ ਆਨੇ ਸੱਚ ਲਿਖਿਆ ਹੈ। ਸਾਹਿਤ 'ਸੱਤਿਅਮ, ਸ਼ਿਵਮ ਤੇ ਸੁੰਦਰਮ' ਦੀ ਕਸੌਟੀ ਤੇ ਪੂਰਾ ਉਤਰਨਾ ਚਾਹੀਦਾ ਹੈ। ਗਿਆਨੀ ਸੰਤੋਖ ਸਿੰਘ ਦਾ ਜੀਵਨ, ਪੰਜਾਬ ਦੇ ਇਕ ਨਿੱਕੇ ਪਿੰਡ ਦੇ ਥੋੜਾਂ ਮਾਰੇ ਜੀਵਨ ਤੋਂ ਚੱਲ ਕੇ, ਸਿੱਖ ਸੰਸਥਾਵਾਂ ਵਿਚਦੀ ਗੁਜਰਦਾ ਹੋਇਆ ਦੁਨੀਆਂ ਦੇ ਭਾਰੀ ਗਿਣਤੀ ਮੁਲਕਾਂ ਵਿਚਦੀ ਹੁੰਦਾ ਹੋਇਆ, ਅੱਜ ਇਕ ਚੰਗੇ ਖੁਸ਼ਹਾਲ ਦੇਸ਼, ਆਸਟ੍ਰੇਲੀਆ ਅੰਦਰ ਟਿਕਿਆ ਹੋਇਆ ਹੈ।

ਜੋ ਦੇਣ ਗਿਆਨੀ ਜੀ ਨੇ ਅਪਣੇ ਸਾਹਿਤ ਰਾਹੀਂ ਲੋਕਾਂ ਨੂੰ ਦਿੱਤੀ ਹੈ ਉਸ ਨੂੰ ਘਟਾ ਕੇ ਵੇਖਣਾ ਸ਼ਾਇਦ ਸਾਡੀ ਬਹੁਤ ਵੱਡੀ ਭੁਲ ਹੋਵੇਗੀ। ਵੱਡੇ ਲੋਕਾਂ ਦੀਆਂ ਜੀਵਨੀਆਂ ਪੜ੍ਹ ਕੇ ਉਹਨਾਂ ਦੀਆਂ ਗਾਥਾਵਾਂ ਜਾਂ ਵੀਰ ਗਾਥਾਵਾਂ ਗਾਈਆਂ ਜਾਂਦੀਆਂ ਹਨ ਅਤੇ ਉਹਨਾਂ ਤੋਂ ਜੀਵਨ ਦੀ ਸੇਧ ਲੈ ਕੇ, ਜੀਵਨ ਅੰਦਰ ਅੱਗੇ ਵਧਣ ਦੇ ਯਤਨ ਕੀਤੇ ਜਾਂਦੇ ਹਨ ਪਰ ਗਿਆਨੀ ਸੰਤੋਖ ਸਿੰਘ ਦੇ ਜੀਵਨ ਵਿਚੋਂ, ਉਹਨਾਂ ਦੀਆਂ ਲਿਖਤਾਂ ਰਾਹੀਂ ਜੋ ਕੁਝ ਮਿਲਦਾ ਹੈ ਅਤੇ ਜਿੰਨੀ ਵੱਡੀ ਗਿਣਤੀ ਨੂੰ ਮਿਲਦਾ ਹੈ, ਇਹ ਸਭ ਤੋਂ ਉਚੀ ਗੱਲ ਹੈ। ਵਡੇ ਜੀਵਨ ਬਾਰੇ ਕਿਹਾ ਜਾਂਦਾ ਹੈ, ''ਹੋਣਹਾਰ ਬਿਰਵਾ ਕੇ ਹੋਤ ਚਿਕਨੇ ਪਾਤ।'' ਜੋ ਕਿ ਹਰ ਇਨਸਾਨ ਵਿਚ ਨਹੀਂ ਹੁੰਦੇ ਜਿਸ ਦੀ ਵਜਾਹ ਕਰਕੇ ਉਹਨਾਂ ਦੇ ਜੀਵਨ ਨੂੰ ਵੇਖਣ ਤੇ ਸੁਣਨ ਵਾਲੇ ਬਹੁ ਗਿਣਤੀ ਲੋਕ ਉਹਨਾਂ ਤੋਂ ਦੂਰ ਚਲੇ ਜਾਂਦੇ ਹਨ। ਗਿਆਨੀ ਸੰਤੋਖ ਸਿੰਘ ਦਾ ਜੀਵਨ ਪੰਜਾਬ ਦੇ ਬਹੁ ਗਿਣਤੀ ਲੋਕਾਂ ਦਾ ਜੀਵਨ ਹੈ; ਇਸ ਲਈ ਇਹ ਉਹਨਾਂ ਦੇ ਨਾਲ ਹੈ। ਬਾਕੀ ਲਿਖਤਾਂ ਤੋਂ ਇਲਾਵਾ ਗਿਆਨੀ ਜੀ ਵੱਲੋਂ, ਸ. ਬਲਵੰਤ ਸਿੰਘ ਰਾਮੂਵਾਲੀਏ ਨੂੰ ਲਿਖੀ ਚਿੱਠੀ ਉਹਨਾਂ ਦੇ ਜੀਵਨ ਦੀ ਮੂੰਹ ਬੋਲਦੀ ਤਸਵੀਰ ਹੈ। ਬੀਤ ਰਹੀ ਦੁਨੀਆਂਦਾਰੀ ਅੰਦਰ ਕੌਣ ਆਪਣੇ ਆਪ ਨੂੰ ਮਾੜਾ ਤੇ ਨੀਵਾਂ ਕਹਾਉਣ ਨੂੰ ਤਿਆਰ ਹੈ? ਇਹ ਗਿਆਨੀ ਸੰਤੋਖ ਸਿੰਘ ਹੈ ਜਿਸ ਨੇ ਆਪਣੇ ਆਪ ਨੂੰ 'ਘੀਚਮਚੋਲ਼ਾ ਸ਼ਖ਼ਸੀਅਤ' ਲਿਖ ਕੇ ਅੱਜ ਦੇ ਮਨੁਖ ਦੀ ਹਉਮੈ ਨੂੰ ਚੋਟ ਮਾਰੀ ਹੈ।

ਗਿਆਨੀ ਜੀ ਦਾ ਜੀਵਨ ਪੰਜਾਬ ਦੇ ਇਕ ਸਾਧਾਰਨ ਕਿਸਾਨ ਪਰਵਾਰ ਵਿਚੋਂ ਨਿਕਲ਼ ਕੇ, ਸ਼੍ਰੋਮਣੀ ਕਮੇਟੀ ਦੀ ਪਿਤਾ ਵੱਲੋਂ ਕੀਤੀ ਨੌਕਰੀ ਸਮੇ, ਮੁਢਲੇ ਦਸ ਕੁ ਸਾਲਾਂ ਤੋਂ ਬਾਅਦ, ਸਿਖ ਸੰਸਾਰ ਦੇ ਚੌਗਿਰਦੇ ਵਿਚ ਹੀ ਬੀਤਿਆ। ਬਚਪਨ ਦੇ ਮੁਢਲੇ ਸਾਲ ਵੀ ਦਾਦੀ ਮਾਂ ਜੀ ਦੀ ਸੁਚੱਜੀ ਤੇ ਸਿੱਖੀ ਨੂੰ ਸਮੱਰਪਤ ਸਰਪ੍ਰਸਤੀ ਹੇਠ ਹੀ ਬੀਤੇ। ਕੁਦਰਤੀ ਹੈ ਕਿ ਉਹਨਾਂ ਨੂੰ ਜੀਵਨ ਗੁੜ੍ਹਤੀ ਹੀ ਸਿੱਖੀ ਦੀ ਮਿਲ਼ੀ ਤੇ ਸਾਰਾ ਜੀਵਨ ਸਿੱਖੀ ਦੇ ਚੌਗਿਰਦੇ ਵਿਚ ਹੀ ਗੁਜਾਰਿਆ। ਸਿੱਖੀ ਦਾ ਘੇਰਾ ਸਿੱਖ ਗੁਰੂਆਂ ਤੋਂ ਲੈ ਕੇ ਅੱਜ ਤੱਕ ਦੇ ਜੀਵਨ ਤੱਕ ਚੱਲ ਰਿਹਾ ਹੈ ਜੋ ਆਪਣੇ ਆਪ ਵਿਚ ਕੋਈ ਛੋਟੀ ਗੱਲ ਨਹੀਂ ਹੈ। ਸਿੱਖ ਗੁਰੂਆਂ ਦੇ ਜੀਵਨ ਅਤੇ ਉਹਨਾਂ ਦੁਆਰਾ ਰਚੀ ਗਈ ਬਾਣੀ ਦੇ ਨਾਲ, ਗਿਆਨੀ ਸੰਤੋਖ ਸਿੰਘ ਓਤ ਪੋਤ ਹਨ। ਸਿੱਖੀ ਪ੍ਰਚਾਰ ਦੇ ਰੂਪ ਵਿਚ ਬਾਣੀ ਦੀ ਵਿਆਖਿਆ ਏਨੀ ਸੱਚੀ ਤੇ ਸਰਲ ਢੰਗ ਨਾਲ ਕਰਦੇ ਹਨ ਕਿ ਸੁਣਨ ਵਾਲ਼ਿਆਂ ਤੇ ਗੰਭੀਰ ਅਸਰ ਪੈਂਦਾ ਹੈ। ਸਿੱਖੀ ਸਰੂਪ ਨਾਲ ਚੱਲਦੇ ਮਾਮਲਿਆਂ, ਅਕਾਲੀ ਮੋਰਚਿਆਂ ਦੇ ਇਤਿਹਾਸ ਤੋਂ ਲੈ ਕੇ ਅਕਾਲੀ ਸਿਆਸਤ ਵਿਚ ਵਿਚਰ ਰਹੀਆਂ ਘਟਨਾਵਾਂ, ਅਛੋਪਲੇ ਹੀ ਉਹਨਾਂ ਦੇ ਮੂੰਹ ਤੇ ਆ ਜਾਂਦੀਆਂ ਹਨ। ਉਹਨਾਂ ਦੇ ਜੀਵਨ ਦੀ ਹੋਂਦ ਭਾਰਤ ਦੀ ਆਜ਼ਾਦੀ ਤੋਂ ਬਾਅਦ ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ ਤੇ ਸੰਤ ਚੰਨਣ ਸਿੰਘ, ਭਗਤ ਪੂਰਨ ਸਿੰਘ ਤੋਂ ਲੈ ਕੇ, ਗੁਰਚਰਨ ਸਿੰਘ ਟੌਹੜਾ ਤੇ ਪ੍ਰਕਾਸ਼ ਸਿੰਘ ਬਾਦਲ ਤੱਕ ਦੇ ਜੀਵਨ ਦੀ ਹੈ।

ਗਿਆਨੀ ਸੰਤੋਖ ਸਿੰਘ ਦੇ, ਉਸ ਸਮੇ ਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਲਿਖਤਾਂ ਤੇ ਪ੍ਰਕਾਸ਼ਨਾਵਾਂ ਨਾ਼ਲ, ਨਜ਼ਦੀਕੀ ਸਬੰਧ ਹੋਣ ਕਰਕੇ ਅਤੇ ਸੰਤ ਫਤਿਹ ਸਿੰਘ ਤੇ ਸੰਤ ਚੰਨਣ ਸਿੰਘ ਦੇ ਨਿਜੀ ਸਹਾਇਕ ਰਹੇ ਹੋਣ ਕਰਕੇ, ਪੰਥਕ ਸਰਗਰਮੀਆਂ ਦੀ ਜਿੰਨੀ ਜਾਣਕਾਰੀ ਰੱਖਦੇ ਹਨ, ਉਹ ਸ਼ਾਇਦ ਅੱਜ ਦੇ ਕਿਸੇ ਵਿਰਲੇ ਵਿਅਕਤੀ ਕੋਲ਼ ਹੀ ਹੋਵੇ! ਉਹਨਾਂ ਰਾਹੀਂ ਲਿਖੀਆਂ ਲਿਖਤਾਂ ਤੋਂ ਪਤਾ ਲੱਗਦਾ ਹੈ ਕਿ ਪੰਜਾਬੀ ਸੂਬੇ ਦੀ ਮੰਗ ਦੇ ਕੀ ਕਾਰਨ ਸਨ! ਸਾਧਾਰਨ ਤੌਰ ਤੇ ਗੱਲ ਸਮਝ ਵਿਚ ਆਉਂਦੀ ਹੈ ਕਿ ਸਿੱਖੀ ਜੀਵਨ ਨੂੰ ਗੁਰੂਆਂ ਦੇ ਦੱਸੇ ਰਾਹ ਤੇ ਚੱਲਣ ਲਈ ਜੀਵਨ ਹੋਵੇ ਤੇ ਜੇਹੜੇ ਇਲਾਕਿਆਂ ਵਿਚ ਗੁਰੂਆਂ ਵਿਚ ਸ਼ਰਧਾ ਰੱਖਣ ਵਾਲੇ ਲੋਕਾਂ ਦੀ ਬਹੁ ਗਿਣਤੀ ਹੋਵੇ, ਉਸ ਨੂੰ

ਪੰਜਾਬੀ ਸੂਬੇ ਦੇ ਨਾਂ ਦਾ ਵੱਖਰਾ ਸੂਬਾ ਬਨਾਉਣ ਦੀ ਮੰਗ ਕੀਤੀ ਗਈ ਸੀ ਪ੍ਰੰਤੂ ਸਮੇ ਦੀ ਕੁਟਲ ਕਾਂਗਰਸ ਸਰਕਾਰ ਤੇ ਅਕਾਲੀ ਆਗੂਆਂ ਦੀਆਂ ਸਵਾਰਥੀ ਬਿਰਤੀਆਂ ਨੇ ਇਸ ਮੰਗ ਨੂੰ ਏਨਾ ਗੁੰਝਲਦਾਰ ਬਣਾ ਦਿੱਤਾ ਕਿ ਜਿਸ ਤਰ੍ਹਾਂ ਦਾ ਪੰਜਾਬੀ ਸੂਬਾ ਬਣਿਆ ਹੈ, ਉਸ ਅੰਦਰ ਕੁਝ ਵੀ ਅਜਿਹਾ ਨਹੀਂ ਹੋ ਸਕਿਆ। ਕਾਂਗਰਸ ਸਰਕਾਰ ਨੇ ਪੈਪਸੂ ਸਟੇਟ ਤੋੜ ਕੇ, ਜਿਸ ਵਿਚ ਸਿੱਖ ਅਬਾਦੀ ਦੀ ਥੋਹੜੀ ਜਿਹੀ ਬਹੁ ਗਿਣਤੀ ਸੀ, ਨੂੰ ਹਿੰਦੂ ਬਹੁ ਸੰਮਤੀ ਵਾਲ਼ੇ ਇਲਾਕੇ, ਪੰਜਾਬ ਨਾਲ ਮਿਲਾ ਕੇ, ਸਿੱਖ ਆਬਾਦੀ ਨੂੰ ਘੱਟ ਗਿਣਤੀ ਵਿਚ ਲਿਆਉਣ ਦੀ ਕੋਝੀ ਹਰਕਤ ਨੂੰ ਚੰਗੀ ਤਰਾਂ ਉਘੇੜਿਆ ਹੈ। ਇਸ ਤੋਂ ਬਾਅਦ ਪੰਜਾਬੀ ਸੂਬੇ ਲਈ ਲੱਗਦੇ ਮੋਰਚਿਆਂ ਦੀ ਜਿੰਨੀ ਨੇੜੇ ਦੀ ਜਾਣਕਾਰੀ ਦਿੱਤੀ ਹੈ, ਇਹ ਕਾਬਲੇ ਤਾਰੀਫ਼ ਹੈ।

ਅਕਾਲੀ ਲੀਡਰਾਂ ਤੇ ਵਜੀਰਾਂ ਦੇ ਅੰਦਰਲੇ ਇਖ਼ਲਾਕ ਦੀ ਤਸਵੀਰ ਜਿਸ ਤਰ੍ਹਾਂ ਗਿਆਨੀ ਜੀ ਨੇ ਆਪਣੀਆਂ ਸਾਹਿਤਕ ਲਿਖਤਾਂ ਅੰਦਰ ਦਿਖਾਈ ਹੈ ਇਹ ਅਪਣੇ ਆਪ ਵਿਚ ਮਿਸਾਲ ਹੈ। ਮੁਖ ਮੰਤਰੀ ਦੇ ਸਵਾਲ ਉਪਰ ਜਦੋਂ ਸੰਤ ਫਤਿਹ ਸਿੰਘ ਨੇ ਅੰਦਰ ਸੱਦ ਕੇ ਇਕੱਲੇ ਇਕੱਲੇ ਐਮ.ਐਲ.ਏ. ਨੂੰ ਪੁੱਛਿਆ ਤਾਂ ਸਾਰਿਆਂ ਨੇ ਪਹਿਲਾਂ ਤਾਂ ਕਿਹਾ ਜਿਸ ਨੂੰ ਮਰਜੀ ਬਣਾ ਦਿਉ ਤੇ ਫਿਰ ਕਹਿਣਾ ਕਿ ਮੈਨੂੰ ਬਣਾ ਦਿਉ। ਕਿੰਨੇ ਘਿਨਾਉਣੇ ਢੰਗ ਨਾਲ ਲਛਮਣ ਸਿੰਘ ਗਿੱਲ, ਗੁਰਨਾਮ ਸਿੰਘ ਨੂੰ ਲਾਹ ਕੇ ਖ਼ੁਦ ਕਾਂਗਰਸ ਦੀ ਮਦਦ ਨਾਲ ਮੁਖ ਮੰਤਰੀ ਬਣ ਗਿਆ! ਜਿਸ ਤਰ੍ਹਾਂ ਦੇ ਵਜੀਰ ਇਸ ਅਕਾਲੀ ਵਜਾਰਤ ਵਿਚ ਸਨ ਉਹਨਾਂ ਬਾਰੇ ਦੱਸਣਾ ਕਿ ਇਕ ਵਜੀਰ ਦੂਜੇ ਵਜੀਰ ਨੂੰ ਪੁੱਛਦਾ ਹੈ, ''ਓਇ ਫਲਾਣਾ ਸਿਆਂ, ਤੇਰੇ ਘਰ ਬਿਨਾ ਬਰਫ ਤੋਂ ਸੋਢਾ ਕਿਵੇਂ ਠੰਡਾ ਹੋ ਜਾਂਦੈ ਓਇ?'' ਦੂਜੇ ਵਜੀਰ ਨੇ ਦੱਸਿਆ, ''ਸੋਢੇ ਨੂੰ ਠੰਡਾ ਕਰਨ ਵਾਲੀ ਇਕ ਪੇਟੀ ਹੁੰਦੀ ਆ ਤੇ ਇਹ ਹਰੇਕ ਵਜੀਰ ਨੂੰ ਮਿਲਦੀ ਆ ਭਾਉ!'' ਫਿਰ ਪਤਾ ਕਰਨ ਤੇ ਪਤਾ ਲੱਗਾ ਕਿ ਉਹ ਪੇਟੀ ਉਸ ਵਜੀਰ ਦੇ ਨਾਂ ਤੇ ਵੀ ਇਸ਼ੂ ਹੋਈ ਹੋਈ ਹੈ ਪਰ ਉਸ ਦੀ ਕੋਠੀ ਤੇ ਜਾ ਕੇ ਵੇਖਿਆ ਤਾਂ ਉਸ ਵਿਚ ਪਰਵਾਰ ਦੇ ਜੋੜੇ ਸਜ ਰਹੇ ਸਨ।

ਇਕ ਛੋਟਾ ਵਜੀਰ ਸਟੇਜ ਤੋਂ ਭਾਸ਼ਨ ਦਿੰਦਾ ਕਹਿ ਰਿਹਾ ਹੈ, ''ਇਹ ਜਿਹੜਾ ਪ੍ਰਕਾਹ ਹੋਂ ਆ ਨਾ, ਪ੍ਰਕਾਹ ਹੋਂ (ਸ. ਪ੍ਰਕਾਸ ਸਿੰਘ ਮਜੀਠੀਆ) ਇਹ ਸਿਰਫ ਮਨਿਸਟਰ ਈ ਆ, ਮੈਂ ਨਾਲ ਡਿਪਟੀ ਵੀ ਆਂ। ਇਹ ਸੁਣ ਕੇ ਜਲਸੇ ਵਿਚਲੇ ਲੋਕ ਖਿੜ ਖਿੜਾ ਕੇ ਹੱਸ ਪਏ। ਇਕ ਵਜੀਰ ਦਾ ਪਰਵਾਰ ਵਜੀਰੀ ਵਾਲੀ ਕੋਠੀ ਆਇਆ ਤੇ ਬੱਚੇ ਟਾਇਲਟ ਨਾ ਜਾਣ ਤੇ ਕਹਿਣ, ''ਬੀਬੀ ਓਥੇ ਤਾਂ ਚੁਲ੍ਹੇ ਜਿਹੇ ਬਣੇ ਹੋਏ ਆ।'' ਅਕਾਲੀ ਨੇਤਾਵਾਂ ਦਾ ਕਿੰਨਾ ਨੇੜਿਉਂ ਹੋ ਕੇ ਚਰਿੱਤਰ ਵਰਨਣ ਕੀਤਾ ਹੈ।

ਕਿਤਾਬ 'ਉਜਲ ਕੈਹਾਂ ਚਿਲਕਣਾ' ਅੰਦਰ ਲੇਖ 'ਟਰੰਕ ਕਾਲ ਕਿ ਪੈਗ ਕਾਲ?' ਵਿਚ ਖਾਣਾ ਖਾਣ ਤੋਂ ਪਹਿਲਾਂ ਕੁਝ ਲੀਡਰ ਸ਼ਰਾਬ ਪੀਂਦੇ ਸਨ ਤੇ ਮਖੌਲ ਵਿਚ ਇਸ ਨੂੰ ਦੰਦ ਤਿੱਖੇ ਕਰਨੇ ਆਖਦੇ ਸਨ। ਆਜਾਦੀ ਤੋਂ ਬਾਅਦ ਸਿੱਖ ਸਿਆਸਤ ਦੇ ਪੂਰੇ ਇਤਿਹਾਸ ਦੀ ਰੂਪ ਰੇਖਾ ਏਨੇ ਸਾਧਾਰਣ ਢੰਗ ਨਾਲ ਬਿਆਨ ਕੀਤੀ ਹੈ ਜੋ ਕਿ ਆਪਣੇ ਆਪ ਵਿਚ ਲਿਸ਼ਕਾਂ ਮਾਰਦੀ ਤਸਵੀਰ ਹੈ। ਪਹਿਲਾਂ ਪਹਿਲ ਮਾਸਟਰ ਤਾਰਾ ਸਿੰਘ, ਸੰਤ ਫਤਿਹ ਸਿੰਘ ਤੇ ਸੰਤ ਚੰਨਣ ਸਿੰਘ ਲੀਡਰ ਸਨ ਤੇ ਫਿਰ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਸੰਤਾਂ ਦੇ ਅਕਾਲ ਚਲਾਣੇ ਪਿੱਛੋਂ ਸਰਦਾਰਾਂ ਪਾਸ ਆ ਗਈ। ਇਹਨਾਂ ਵਿਚੋਂ ਸ. ਪ੍ਰਕਾਸ਼ ਸਿੰਘ ਬਾਦਲ, ਸ. ਗੁਰਚਰਨ ਸਿੰਘ ਟੌਹੜਾ ਤੇ ਸ. ਜਗਦੇਵ ਸਿੰਘ ਤਲਵੰਡੀ ਦੇ ਨਾਂ ਉਪਰ ਰਹੇ। ਮੁਢਲੇ ਦਿਨੀਂ ਕਿਸ ਤਰ੍ਹਾਂ ਪ੍ਰਕਾਸ਼ ਸਿੰਘ ਬਾਦਲ ਨੇ ਸੰਤ ਫਤਿਹ ਸਿੰਘ ਤੇ ਦਬਾ ਪਾ ਕੇ, ਜਸਵਿੰਦਰ ਸਿੰਘ ਬਰਾੜ ਨੂੰ ਪਾਰਟੀ ਲੀਡਰੀ ਤੋਂ ਲਾਹ ਕੇ, ਆਪਣੇ ਆਪ ਨੂੰ ਅੱਗੇ ਲੈ ਕੇ ਆਂਦਾ। ਅੱਜ ਦੀ ਅਕਾਲੀ ਰਾਜ ਵਾਲੀ ਸਰਕਾਰ ਤੋਂ ਗਿਆਨੀ ਜੀ ਪੂਰੇ ਸੰਤੁਸ਼ਟ ਨਹੀਂ ਤੇ ਕਹਿ ਰਹੇ ਹਨ ਕਿ ਸਰਕਾਰ ਭਾਵੇਂ ਅਕਾਲੀਆਂ ਦੀ ਹੋਵੇ ਤੇ ਭਾਵੇਂ ਕਾਂਗਰਸ ਦੀ ਪਰ ਪਟਵਾਰੀਆਂ ਤੇ ਪੁਲਿਸ ਵਾਲਿਆਂ ਨੇ ਤਾਂ ਲੋਕਾਂ ਨੂੰ ਲੁੱਟਣਾ ਤੇ ਕੁੱਟਣਾ ਓਸੇ ਤਰ੍ਹਾਂ ਹੈ। ਕੰਮ ਤਾਂ ਲੋਕਾਂ ਦੇ ਚਾਂਦੀ ਦੇ ਛਿੱਤਰ ਨਾਲ਼ ਹੀ ਹੋਣੇ ਨੇ; ਵਜ਼ਾਰਤ ਦੀਆਂ ਕੁਰਸੀਆਂ ਉਪਰ ਚਾਹੇ ਨੀਲੇ ਬੈਠੇ ਹੋਣ ਚਾਹੇ ਚਿੱਟੇ। ਕੁਝ ਲੋਕਾਂ ਨੇ ਤਾਂ ਇਉਂ ਇਕ ਲੋਕੋਕਤੀ ਹੀ ਬਣਾ ਧਰੀ ਹੈ:

ਚਿੱਟੇ ਬਗਲੇ ਨੀਲੇ ਮੋਰ।
ਉਹ ਵੀ ਚੋਰ ਤੇ ਉਹ ਵੀ ਚੋਰ।

ਬਹੁਤ ਹੀ ਖ਼ੂਬਸੂਰਤ ਗਿਆਨੀ ਜੀ ਦੀ ਲੇਖਣੀ ਧਾਰਮਿਕ ਮਾਮਲਿਆਂ ਵਿਚ ਹੈ। ਜਿੰਦਗੀ ਦਾ ਸਾਰਾ ਸਮਾ ਹੀ ਧਾਰਮਿਕ ਪ੍ਰਚਾਰ ਦੇ ਦਾਇਰੇ ਅੰਦਰ ਰਹਿਣ ਕਰਕੇ, ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਟੂਕਾਂ ਲੈ ਕੇ, ਉਹਨਾਂ ਨੂੰ ਜੀਵਨ ਜਿਉਣ ਦੇ ਅਮਲ ਅੰਦਰ ਪ੍ਰੇਰਨਾ ਦੇਣੀ, ਗਿਆਨੀ ਜੀ ਦੀ ਉਚੀ ਸ਼ਖ਼ਸੀਅਤ ਨੂੰ ਦਰਸਾਉਂਦਾ ਹੈ। ਗਿਆਨੀ ਜੀ ਦੀ ਪਹਿਲੀ ਕਿਤਾਬ 'ਸਚੇ ਦਾ ਸਚਾ ਢੋਆ' ਅੰਦਰ ਡੇਢ ਕੁ ਦਰਜਨ ਤੋਂ ਵੱਧ ਲੇਖ ਧਾਰਮਿਕ ਅਤੇ ਸਿੱਖ ਗੁਰੂਆਂ ਨਾਲ ਸਬੰਧਤ ਹਨ। ਇਸ ਪੁਸਤਕ ਵਿਚਲੇ ਲੇਖ ਆਪਣੇ ਆਪ ਵਿਚ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਬੋਲਦੇ ਅਤੇ ਮਨ ਨੂੰ ਟੁੰਬਦੇ ਹਨ। ਬਾਣੀ ਅਨੁਸਾਰ ਰਾਜ, ਮਾਲ, ਰੂਪ, ਜਾਤਿ, ਜੋਬਨ ਪੰਜੇ ਠੱਗਾਂ ਨੂੰ ਜਿੰਨੀ ਸਹਿਜ ਸਰਲਤਾ ਨਾਲ ਬਿਆਨਿਆ ਹੈ, ਇਹ ਆਪਣੇ ਆਪ ਅੰਦਰ ਮਹਾਨ ਗੱਲ ਹੈ। ਇਸ ਕਿਤਾਬ ਵਿਚ ਦਸਾਂ ਗੁਰੂਆਂ ਦੇ ਜੀਵਨ ਨੂੰ ਲਿਖ ਕੇ ਇਕ ਲੜੀ ਵਿਚ ਪਰੋਇਆ ਹੈ ਜਿਸ ਨੂੰ ਪੜ੍ਹਨ ਤੋਂ ਬਾਅਦ ਗੁਰੂਆਂ ਦੇ ਆਪਸ ਵਿਚ ਪਰਵਾਰਕ ਜੀਵਨ ਦੀ ਸਾਂਝ ਤੇ ਉਹਨਾਂ ਦੇ ਗੁਰਗੱਦੀ ਦੇ ਸਮੇ ਦੀ ਤਾਰੀਖ ਬੱਧ ਲੇਖਣੀ ਬਹੁਤ ਸਹਿਜਤਾ ਨਾਲ਼ ਆ ਜਾਂਦੀ ਹੈ। ਗੁਰੂਆਂ ਦੇ ਜੀਵਨ ਦੇ ਮੋਟੇ ਮੋਟੇ ਪੱਖ ਸਹਿਜ ਹੀ ਮਨ ਅਤੇ ਦਿਮਾਗ ਅੰਦਰ ਬੈਠ ਜਾਂਦੇ ਹਨ।

'ਸਰਬ ਸਾਂਝਾ ਸਤਿਗੁਰੂ' ਲੇਖ ਲਿਖ ਕੇ ਗੁਰਗੱਦੀ ਤੇ ਗੁਰੂਆਂ ਦੇ ਜੀਵਨ ਬਾਰੇ ਉਚ ਪੱਧਰੀ ਗਿਆਨ ਦਾ ਸਬੂਤ ਦਿਤਾ ਹੈ। ਅੱਜ ਦੇ ਜੀਵਨ ਦਾ ਇਹ ਇਕ ਵੱਡਾ ਦੁਖਾਂਤ ਹੈ ਕਿ ਗੁਰੂਆਂ ਦੇ ਜੀਵਨ ਅਤੇ ਬਾਣੀ ਦੇ ਅਰਥਾਂ ਦੇ ਆਪੋ ਆਪਣੇ ਮੁਤਾਬਿਕ ਤਰਜਮੇ ਕੀਤੇ ਜਾ ਰਹੇ ਹਨ ਪ੍ਰੰਤੂ ਜੋ ਤਰਜਮਾ ਗਿਆਨੀ ਸੰਤੋਖ ਸਿੰਘ ਨੇ ਕੀਤਾ ਹੈ ਉਸ ਨੂੰ ਪੜ੍ਹਨ ਨਾਲ ਗੁਰੂਆਂ ਦੇ ਜੀਵਨ ਦੀ ਸੱਚੀ ਤਸਵੀਰ ਸਾਹਮਣੇ ਆ ਜਾਂਦੀ ਹੈ। ਗਿਆਨੀ ਜੀ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਦੀਆਂ ਘਟਨਾਵਾਂ ਨੂੰ ਯਾਦ ਕਰਵਾ ਕੇ, ਸਿੱਧ ਕੀਤਾ ਹੈ ਕਿ ਉਹ ਮਾਨਵਤਾ ਦੇ ਆਜ਼ਾਦੀ ਨਾਲ ਜਿਉਣ ਦੇ ਧਰਮ ਦੀ ਹੀ ਮਾਨਤਾ ਕਰਦੇ ਸਨ। ਉਹਨਾਂ ਨੇ ਲੜਾਈ ਹਮੇਸ਼ਾਂ ਜਬਰ ਅਤੇ ਜੁਲਮ ਦੇ ਖ਼ਿਲਾਫ਼ ਹੀ ਲੜੀ; ਕਿਸੇ ਖਾਸ ਮਜ਼ਹਬ ਲਈ ਨਹੀਂ ਲੜੀ। ਏਸੇ ਕਰਕੇ ਕਿੰਨੇ ਹੀ ਮੁਸਲਮਾਨ ਲੋਕ ਉਹਨਾਂ ਦੇ ਪ੍ਰਸ਼ੰਸਕ ਅਤੇ ਸਹਾਇਕ ਸਨ। ਕਈ ਹਿੰਦੂ ਰਾਜੇ ਉਹਨਾਂ ਦੇ ਵਿਰੋਧੀ ਸਨ ਅਤੇ ਗੁਰੂ ਜੀ ਦੇ ਖ਼ਿਲਾਫ਼ ਲੜਦੇ ਸੀ ਜਿਨ੍ਹਾਂ ਵਿਚ ਰਾਜਾ ਕਹਿਲੂਰੀਆ, ਰਾਜਾ ਕਟੋਚੀਆ ਆਦਿ ਮੁਖੀ ਸਨ। ਔਰੰਗਜ਼ੇਬ ਦੀ ਮੌਤ ਪਿੱਛੋਂ ਉਸ ਦੇ ਪੁੱਤਰਾਂ ਦੀ ਲੜਾਈ ਸਮੇ, ਸ਼ਾਹਜ਼ਾਦਾ ਮੁਅੱਜ਼ਮ (ਬਹਾਦਰ ਸ਼ਾਹ) ਨੂੰ, ਦੂਜਿਆਂ ਨਾਲ਼ੋਂ ਵਧੇਰੇ ਯੋਗ ਜਾਣ ਕੇ ਅਤੇ ਉਸ ਪਾਸੋਂ ਜਨਤਾ ਨਾਲ਼ ਇਨਸਾਫ਼ ਕਰਨ ਦੇ ਬਚਨ ਲੈ ਕੇ, ਉਸ ਦੀ ਸਹਾਇਤਾ ਕੀਤੀ ਸੀ। ਇਕ ਸਯਦ ਵੱਲੋਂ ਇਹ ਪੁੱਛੇ ਜਾਣ ਤੇ, "ਮਜ਼ਹਬ ਤੁਮਾਰਾ ਖ਼ੂਬ ਕਿ ਹਮਾਰਾ ਖ਼ੂਬ?" ਗੁਰੂ ਸਾਹਿਬ ਵੱਲੋਂ ਇਹ ਜਵਾਬ ਮਿਲਣਾ, "ਤੁਮ ਕੋ ਤੁਮਾਰਾ ਖ਼ੂਬ, ਹਮ ਕੋ ਹਮਾਰਾ ਖ਼ੂਬ।" ਗਿਆਨੀ ਜੀ ਨੇ ਇਹ ਵਾਰਤਾ ਆਪਣੇ ਇਕ ਲੇਖ ਰਾਹੀਂ ਬਹੁਤ ਹੀ ਵਧੀਆ ਢੰਗ ਨਾਲ ਉਜਾਗਰ ਕੀਤੀ ਹੈ। "ਕੋਈ ਭਇਓ ਮੁੰਡੀਆ ਸੰਨਿਆਸੀ" ਵਾਲ਼ਾ ਕਬਿਤ ਲਿਖ ਕੇ ਦਸਮ ਪਾਤਿਸ਼ਾਹ ਜੀ ਦੇ ਚਰਿੱਤਰ ਨੂੰ ਉਜਾਗਰ ਕੀਤਾ ਹੈ।

ਭਾਈ ਜੈਤਾ ਦੀ ਜ਼ਬਾਨੀ ਵੈਸਾਖੀ ਵਾਲੀ ਸਾਖੀ ਲਿਖ ਕੇ ਇਤਿਹਾਸ ਦੇ ਡੂੰਘੇਪਣ ਨੂੰ ਫਰੋਲਿਆ ਹੈ ਜੋ ਕਿ ਅਜਿਹਾ ਕਦੀ ਨਾ ਪੜ੍ਹਿਆ ਸੀ ਤੇ ਨਾ ਹੀ ਕਦੇ ਸੁਣਿਆ ਸੀ। ਇਸ ਵਿਚ ਦੱਸਿਆ ਗਿਆ ਹੈ ਕਿ ਗੁਰੂ ਤੇਗ ਬਹਾਦਰ ਦੇ ਸਿਰ ਤੇ ਧੜ ਨੂੰ ਉਠਾਉਣਾ ਆਪਣੀ ਜਾਨ ਤੋਂ ਹੱਥ ਧੋਣਾ ਸੀ।

ਗਿਆਨੀ ਜੀ ਨੇ ਸਾਹਿਤ ਰਾਹੀਂ ਗੁਰਦੁਆਰਿਆਂ ਵਿਚਲੇ ਕਈ ਮਸਲੇ ਉਠਾਏ ਹਨ ਤੇ ਸੁਝਾਉ ਦਿਤੇ ਹਨ ਜਿਵੇਂ ਕਿ ਗੁਰਦੁਆਰਿਆਂ ਅੰਦਰ ਭੇਟ ਕੀਤੇ ਰੁਮਾਲਿਆਂ ਬਾਰੇ, ਲਾਊਡ ਸਪੀਕਰਾਂ ਦੀ ਆਵਾਜ ਬਾਰੇ, ਗੁਰੂ ਘਰ ਬਣਾਉਣ ਵੇਲੇ ਹਾਲ ਅੰਦਰ ਆਵਾਜ਼ ਗੂੰਜਣ ਬਾਰੇ, ਪ੍ਰਬੰਧਕਾਂ ਦੀਆਂ ਚੋਣਾਂ ਬਾਰੇ ਅਤੇ ਅੰਧ ਵਿਸ਼ਵਾਸ਼ ਬਾਰੇ।

ਇਸ ਸਭ ਕੁਝ ਦੇ ਬਾਵਜੂਦ ਗਿਆਨੀ ਜੀ ਜਿੰਨੀ ਵਿਸ਼ਾਲ ਦੁਨੀਆਂ ਵਿਚ ਵਿਚਰੇ ਹਨ ਅਤੇ ਕਿੰਨੀ ਦੁਨੀਆਂ ਦੇ ਲੋਕ ਆਚਰਣ ਪੱਖੋਂ, ਸਿੱਖੀ ਜੀਵਨ ਤੋਂ ਅੱਗੇ ਨਿਕਲ ਗਏ ਹਨ! ਇਸ ਬਾਰੇ ਆਪਣੇ ਸਾਹਿਤ ਅੰਦਰ ਉਹਨਾਂ ਨੇ ਵਿਆਖਿਆ ਨਹੀਂ ਕੀਤੀ ਸਗੋਂ ਇਕ ਪਾਸੜ ਹੀ ਜੀਵਨ ਦੀ ਗੱਲ ਕਰਦੇ ਹਨ। ਜੂਨ ੧੯੮੪ ਵਿਚਲਾ ਨੀਲਾ ਤਾਰਾ ਆਪ੍ਰੇਸ਼ਨ ਦਾ ਗਿਆਨੀ ਜੀ ਦੇ ਮਨ ਤੇ ਬਹੁਤ ਡੂੰਘਾ ਅਸਰ ਹੈ ਜੋ ਮੈਂ ਸਮਝਦਾ ਹਾਂ ਕਿ ਹੋਣਾ ਭੀ ਚਾਹੀਦਾ ਹੈ ਕਿਉਂਕਿ ਉਹ ਬਹੁਤ ਹੀ ਘਿਨਾਉਣਾ ਕਾਰਨਾਮਾ ਸੀ ਪ੍ਰੰਤੂ ਉਹ ਇਸ ਗੱਲ ਤੋਂ ਭੀ ਚੁੱਪੀ ਧਾਰੀ ਬੈਠੇ ਹਨ ਕਿ ਉਹ ਕੇਹੜੇ ਕਾਰਨ ਸਨ ਜਿਨ੍ਹਾਂ ਦੇ ਬਹਾਨੇ ਨਾਲ ਇਹ ਕਾਰਾ ਵਾਪਰਿਆ! ਪੰਜਾਬ ਅੰਦਰ ਉਹ ਦਹਿਸ਼ਤਗਰਦੀ ਦਾ ਮਾਹੌਲ, ਜਿਸ ਅੰਦਰ ਆਪਣੇ ਘਰਾਂ ਵਿਚ ਬੈਠੇ ਟੀ.ਵੀ. ਦੇਖ ਰਹੇ ਬੰਦਿਆਂ ਨੂੰ ਗੋਲੀਆਂ ਨਾਲ ਭੁੰਨਣਾ ਅਤੇ ਬੱਸਾਂ ਵਿਚੋਂ ਉਤਾਰ ਕੇ ਲੋਕਾਂ ਨੂੰ ਗੋਲੀਆਂ ਨਾਲ਼ ਮਾਰਨਾ, ਹਰਿਮੰਦਰ ਸਾਹਿਬ ਅੰਦਰ ਮੱਥਾ ਟੇਕਣ ਗਏ ਬੰਦੇ ਨੂੰ ਗੋਲੀ ਮਾਰਨੀ ਅਤੇ ਖਾਲਿਸਤਾਨ ਦੀ ਮੁਹਿੰਮ ਨੂੰ ਹਰਿਮੰਦਰ ਸਾਹਿਬ ਦੇ ਅੰਦਰੋਂ ਚਲਾਉਣਾ ਆਦਿ।

ਚੰਗਾ ਹੋਵੇ ਜੇ ਗਿਆਨੀ ਜੀ ਆਪਣੀ ਸਾਧਾਰਣ ਬੋਲੀ ਤੇ ਵਿਆਖਿਆ ਰਾਹੀਂ ਬਾਹਰ ਘੁੰਮੀ ਹੋਈ ਦੁਨੀਆਂ ਦਾ ਵੀ ਨਿਰਣਾ ਕਰਨ ਤੇ ਉਸ ਤੋਂ ਅੱਗੇ ਸੇਧ ਦੇਣ। ਇਸ ਗੱਲ ਨੂੰ ਵਿਸ਼ਾ ਬਣਾਉਣ ਕਿ ਧਾਰਮਿਕ ਵਲ਼ਗਣ ਤੋਂ ਦੂਰ ਰਹਿ ਕੇ ਵੀ ਅੱਗੇ ਵਧੇ ਹੋਏ ਦੇਸਾਂ ਦੀ ਤਰ੍ਹਾਂ, ਪੰਜਾਬ ਨੂੰ ਚੰਗੇ ਚਰਿੱਤਰ, ਚੰਗੇ ਕਾਨੂੰਨ ਅਤੇ ਚੰਗੇ ਪ੍ਰਬੰਧ ਰਾਹੀਂ ਚੰਗਾ ਬਣਾਇਆ ਜਾ ਸਕਦਾ ਹੈ ਜਦੋਂ ਕਿ ਅਸੀਂ ਧਾਰਮਿਕ ਸਿੱਖਿਆ ਦੇ ਧਾਰਨੀ ਹੋਣ ਦੇ ਬਾਵਜੂਦ ਵੀ ਮਾੜਾ ਪ੍ਰਦਰਸ਼ਨ ਕਰ ਰਹੇ ਹਾਂ। ਸਾਡੇ ਸਮਾਜ ਵਿਚ ਬੇਅੰਤ ਧਾਰਮਿਕ ਪ੍ਰਚਾਰ ਹੁੰਦਿਆਂ ਹੋਇਆਂ ਵੀ ਸਾਡਾ ਜੀਵਨ ਚਰਿੱਤਰ ਕਿਉਂ ਨਿਘਰਦਾ ਜਾ ਰਿਹਾ ਹੈ? ਪੂਰੇ ਦਾ ਪੂਰਾ ਜੀਵਨ ਬਾਣੀ ਪੜ੍ਹ ਅਤੇ ਸੁਣ ਕੇ ਵੀ ਜਿੰਦਗੀ ਬਿਤਾਉਣ ਦੇ ਮਾਮਲੇ ਵਿਚ ਬਾਣੀ ਦੇ ਅਰਥਾਂ ਦੇ ਨੇੜੇ ਤੇੜੇ ਵੀ ਅਸੀਂ ਨਹੀਂ ਹੁੰਦੇ। ਇਸ ਤਰ੍ਹਾਂ ਦੇ ਕਿੰਨੇ ਹੀ ਸਵਾਲ ਗਿਆਨੀ ਜੀ ਦੇ ਪ੍ਰਤੀ ਉਠਦੇ ਹਨ।

ਇਸ ਸਭ ਕੁਝ ਦੇ ਬਾਵਜੂਦ ਵੀ ਗਿਆਨੀ ਜੀ ਨੇ ਪੰਜਾਬੀ ਸਾਹਿਤ ਨੂੰ ਜੋ ਦੇਣ ਦਿਤੀ ਹੈ ਉਹ ਵਡਮੁੱਲੀ ਹੈ।

ਨਿਰਮਲ ਸਿੰਘ ਨੋਕਵਾਲ
ਸਿਡਨੀ, ਆਸਟ੍ਰੇਲੀਆ

# ਧਾਰਮਿਕ ਮਰਯਾਦਾ ਦਾ ਵਖਰੇਵਾਂ

ਪਿਛਲੀ ਵਾਰੀ ੨੦੧੩ ਦੀ ਅੰਮ੍ਰਿਤਸਰ ਦੀ ਯਾਤਰਾ ਦੌਰਾਨ ਇਕ ਦਿਨ ਸਵੇਰੇ ਸਵੇਰੇ ਮੈਂ ਤਰਨ ਤਾਰਨੋ ਆਪਣੇ ਚਿਰਕਾਲੀ ਮਿੱਤਰ, ਸ. ਕੁਲਜੀਤ ਸਿੰਘ ਦੇ ਘਰੋਂ ਤੁਰ ਕੇ, ਬੋਹੜੀ ਵਾਲੇ ਚੌਂਕ ਤੋਂ ਅੰਮ੍ਰਿਤਸਰ ਨੂੰ ਜਾਣ ਵਾਲ਼ੀ ਬੱਸ ਤੇ ਬੈਠ ਗਿਆ। ਸਵੇਰੇ ਸਵੇਰੇ ਭੱਜਣ ਦਾ ਕਾਰਨ ਇਹ ਸੀ ਕਿ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਨਾਲ਼ ਕੋਈ ਪ੍ਰੋਗਰਾਮ ਬਣਾਉਣਾ ਸੀ ਤੇ ਉਹਨਾਂ ਨੂੰ ਸਮੇ ਸਿਰ ਮਿਲਣਾ ਸੀ। ਇਸ ਭੱਜ ਦੌੜ ਵਿਚ ਨਿੱਤਨੇਮ ਵੀ ਮੈਂ ਬੱਸ ਵਿਚ ਹੀ ਕਰੀ ਗਿਆ। ਪਾਠ ਆਦਿ ਕਰਨ ਸਮੇ ਮੈਂ ਵਿਖਾਲ਼ਾ ਪਾਉਣ ਤੋਂ ਹਮੇਸ਼ਾਂ ਗੁਰੇਜ਼ ਕਰਦਾ ਹਾਂ ਤਾਂ ਕਿ ਕੋਈ ਇਹ ਨਾ ਸਮਝੇ ਕਿ ਮੈਂ ਕਿਸੇ ਨੂੰ ਆਪਣੇ ਬਹੁਤ ਵੱਡਾ ਧਰਮੀ ਹੋਣ ਦਾ ਵਿਖਾਲ਼ਾ ਪਾ ਰਿਹਾ ਹਾਂ। ਵੈਸੇ ਵੀ:

ਭੋਜਨ ਭਜਨ ਖ਼ਜ਼ਾਨਾ ਨਾਰੀ॥
ਚਾਰੋਂ ਪੜਦੇ ਕੇ ਅਧਿਕਾਰੀ॥

ਗੋਸਵਾਮੀ ਤੁਲਸੀ ਦਾਸ ਨੇ ਆਖਿਆ ਹੈ।

ਭਗਤ ਕਬੀਰ ਜੀ ਵੀ, ਧਾਰਮਿਕ ਵਿਖਾਵੇ ਦੀ ਨਿਸਫਲਤਾ ਬਾਰੇ ਇਉਂ ਆਖਦੇ ਨੇ:

ਲੋਗ ਪਤੀਣੇ ਕਛੂ ਨ ਹੋਵੈ ਨਹੀਂਉ ਰਾਮ ਇਆਣਾ॥

ਇਸ ਦੇ ਬਾਵਜੂਦ ਵੀ ਮੇਰੇ ਦੁਆਰਾ ਕੀਤਾ ਜਾ ਰਿਹਾ ਪਾਠ ਮੇਰੇ ਨਾਲ਼ ਦੀ ਸੀਟ ਉਪਰ ਬੈਠੇ ਸਿੰਘ ਨੂੰ ਸੁਣ ਪਿਆ ਭਾਵੇਂ ਮੈਂ ਬਹੁਤ ਹੌਲ਼ੀ ਹੀ ਕਰ ਰਿਹਾ ਸਾਂ। ਉਹ ਸਿੰਘ ਬੜੇ ਗਹੁ ਨਾਲ਼ ਪਾਠ ਸੁਣੀ ਗਿਆ। ਪਾਠ ਦੀ ਸਮਾਪਤੀ ਤੇ ਉਸ ਨੇ ਦੋ ਕੁ ਸ਼ੰਕਾ ਜਿਹੀਆਂ ਕੀਤੀਆਂ ਪਰ ਨਿਮਰਤਾ ਸਹਿਤ ਜਾਣਕਾਰੀ ਵਜੋਂ ਹੀ। ਇਕ ਤਾਂ ਇਹ ਸੀ ਕਿ ਜਿਸ ਗੁਟਕੇ ਤੋਂ ਉਸ ਨੇ ਨਿੱਤਨੇਮ ਯਾਦ ਕੀਤਾ ਸੀ ਉਸ ਵਿਚ ਅਨੰਦ ਸਾਹਿਬ ਦਾ ਪਾਠ ਚੌਪਈ ਤੋਂ ਪਿੱਛੋਂ ਪ੍ਰਕਾਸ਼ਤ ਸੀ ਪਰ ਮੈਂ ਪਹਿਲਾਂ ਪੜ੍ਹਿਆ ਸੀ। ਦੂਜੀ ਗੱਲ ਇਹ ਕਿ ਉਸ ਦੇ ਗੁਟਕੇ ਵਿਚ ਛਪੀ ਅਨੁਸਾਰ ਮੈਂ ਪੂਰੀ ਚੌਪਈ ਨਹੀਂ ਪੜ੍ਹੀ। ਮੈਂ ਹਮੇਸ਼ਾਂ ਇਹ ਖਿਆਲ ਰੱਖਦਾ ਹਾਂ ਕਿ ਧਾਰਮਿਕ ਮਰਯਾਦਾ ਬਾਰੇ ਬਹਿਸ ਮੁਬਾਹਸੇ ਤੋਂ ਬਚਿਆ ਜਾਵੇ ਤੇ ਇਸ ਲਈ ਮੈਂ ਦੂਜੇ ਸੱਜਣਾਂ ਦੇ ਸਾਹਮਣੇ ਰਹਰਾਸਿ ਦਾ ਪਾਠ ਕਰਨ ਤੋਂ ਵੀ ਗੁਰੇਜ਼ ਕਰਦਾ ਹਾਂ ਤੇ ਦੂਸਰਿਆਂ ਪਾਸੋਂ ਸੁਣ ਲੈਣ ਵਿਚ ਹੀ ਆਪਣੀ ਖ਼ੈਰ ਸਮਝਦਾ ਹਾਂ ਕਿਉਂਕਿ ਹਰੇਕ ਧੜੇ, ਗਰੁਪ, ਜਥੇਬੰਦੀ, ਸੰਪਰਦਾ ਹੀ ਨਹੀਂ ਬਲਕਿ, ਮੇਰੇ ਖਿਆਲ ਵਿਚ, ਤਾਂ ਬਹੁਤੇ ਸੱਜਣਾਂ ਦੀ ਹੀ ਰਹਰਾਸਿ ਵੱਖਰੀ ਵੱਖਰੀ ਹੈ ਤੇ ਜਿਸ ਦੀ ਰਹਰਾਸਿ ਵਡੇਰੀ ਹੋਵੇ ਉਹ ਆਪਣੇ ਆਪ ਨੂੰ ਦੂਜੇ ਨਾਲ਼ੋਂ ਵਧੇਰੇ ਸ਼ਰਧਾਵਾਨ ਸਿੱਖ ਹੋਣ ਦਾ ਭਰਮ ਪਾਲ਼ਦਾ ਹੈ। ਇਹ ਵੱਖਰੀ ਗੱਲ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਰਹਰਾਸਿ ਨਾਂ ਵਾਲ਼ੀ ਕਿਸੇ ਬਾਣੀ ਦਾ ਵਜੂਦ ਹੀ ਨਹੀਂ ਹੈ। ਸੋਹਿਲੇ ਨਾਂ ਦੀ ਬਾਣੀ ਤੋਂ ਪਹਿਲਾਂ ਦੋ ਬਾਣੀਆਂ ਅੰਕਤ ਹਨ: ਇਕ 'ਸੋ ਦਰੁ' ਨਾਂ ਦੀ ਪੰਜ ਸ਼ਬਦਾਂ ਦੀ ਬਾਣੀ ਅਤੇ ਦੂਜੀ ਚਾਰ ਸਬਦਾਂ ਵਾਲ਼ੀ 'ਸੋ ਪੁਰਖੁ' ਵਾਲ਼ੀ ਬਾਣੀ। ਇਹਨਾਂ ਦੋ ਬਾਣੀਆਂ ਦੇ ਨੌਂ ਸ਼ਬਦਾਂ ਦੇ ਨਾਲ਼ ਹੋਰ, ਆਪਣੇ ਆਪਣੇ ਡੇਰੇ ਦੀ ਮਰਯਾਦਾ ਅਨੁਸਰ, ਦੋਹਾਂ ਗ੍ਰੰਥਾਂ, ਸ੍ਰੀ ਗੁਰੂ ਗ੍ਰੰਥ ਸਾਬਿਬ ਜੀ ਅਤੇ ਦਸਮ ਗ੍ਰੰਥ ਵਿਚੋਂ ਵੱਖ ਵੱਖ ਸਥਾਨਾਂ ਤੋਂ ਬਾਣੀ ਦੇ ਕੁਝ ਸ਼ਬਦ ਮਿਲਾ ਕੇ , ਉਸ ਨੂੰ 'ਰਹਰਾਸਿ' ਦਾ ਨਾਂ ਦੇ ਕੇ ਸੂਰਜ ਡੁੱਬਣ ਸਮੇ ਪਾਠ ਕੀਤਾ ਜਾਂਦਾ ਹੈ। ਇਸ ਦਾ ਨਾਂ 'ਰਹਰਾਸਿ' ਸ਼ਾਇਦ 'ਸੋ ਦਰੁ' ਵਿਚਲੇ ਚੌਥੇ ਸ਼ਬਦ ਵਿਚ ਆਈ ਤੁਕ, "ਹਰਿ ਕੀਰਤਿ ਹਮਰੀ ਰਹਰਾਸਿ॥" ਕਰਕੇ ਰੱਖਿਆ ਗਿਆ ਹੋਵੇ! ਮੇਰੀ ਸੋਚ ਮੁਤਾਬਿਕ ਸਿੱਖ ਕੌਮ ਵਿਚ ਹੋਰ ਵੰਡਾਂ ਪਾਉਣ ਤੋਂ ਬਚਣ ਲਈ, ਸਾਨੂੰ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਤ ਹੋਈ ਸਿੱਖ ਰਹਿਤ ਮਰਯਾਦਾ ਨੂੰ ਹੀ ਮਾਨਤਾ ਦੇਣੀ ਚਾਹੀਦੀ ਹੈ ਤਾਂ ਕਿ ਅਸੀਂ ਵੱਖ ਵੱਖ ਜਥੇਬੰਦੀਆਂ ਤੇ ਡੇਰਿਆਂ ਦੀਆਂ ਵਲ਼ਗਣਾਂ ਵਿਚ, ਸਿੱਖ ਪੰਥ ਨੂੰ ਹੋਰ ਵੰਡੇ ਜਾਣ ਵਾਲ਼ੇ ਕੁਕਾਰਜ ਵਿਚ ਹਿੱਸੇਦਾਰ ਨਾ ਬਣੀਏ। ਉਸ ਸੱਜਣ ਨੂੰ ਓਸੇ ਹੀ ਲਹਿਜ਼ੇ ਵਿਚ ਮੈਂ ਵੀ ਨਿਮਰਤਾ ਨਾਲ਼ ਹੀ ਬੇਨਤੀ ਕੀਤੀ ਕਿ ਹਰੇਕ ਗੁਟਕੇ ਅਤੇ ਡੇਰੇ ਦੀਆਂ ਬਾਣੀਆਂ ਵਿਚ ਕੁਝ ਨਾ ਕੁਝ ਫਰਕ ਹੁੰਦਾ ਹੈ ਕਿਉਂਕਿ ਹਰੇਕ ਦੀ ਮਰਯਾਦਾ ਵੱਖੋ ਵੱਖ ਹੈ। ਸਿੱਖ ਵਿਚਾਰਾ ਕੇਹੜੇ ਡੇਰੇ ਦੀ ਮਰਯਾਦਾ ਨੂੰ ਅਪਣਾਵੇ ਤੇ ਕੇਹੜੇ ਡੇਰੇ ਦੀ ਮਰਯਾਦਾ ਛੱਡੇ! ਇਸ ਲਈ ਮੇਰਾ ਯਤਨ ਹੁੰਦਾ ਹੈ ਕਿ ਵਧ ਤੋਂ ਵਧ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਉਪਰ ਅਮਲ ਕਰਾਂ। ਮੁਕੰਮਲ ਤੌਰ ਤੇ ਅਮਲ ਕਰਨ ਦਾ ਦਾਹਵਾ ਕੋਈ ਨਹੀਂ ਪਰ ਮੈਂ ਕਿਸੇ ਵੀ ਹੋਰ ਡੇਰੇ ਜਾਂ ਜਥੇਬੰਦੀ ਦੀ ਮਰਯਾਦਾ ਨੂੰ ਨਾ ਤਾਂ ਗ਼ਲਤ ਸਮਝਦਾ ਹਾਂ ਤੇ ਨਾ ਹੀ ਕਿਸੇ ਨੂੰ ਟੋਕਦਾ ਹਾਂ ਪਰ ਡੇਰਿਆਂ ਨਾਲ਼ ਸਬੰਧਤ ਸ਼ਰਧਾਲੂ ਇਸ ਬਾਰੇ ਬਹੁਤ ਕੱਟੜ ਹੁੰਦੇ ਹਨ। ਮੇਰੇ ਮੂੰਹੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਦਾ ਨਾਂ ਸੁਣਨ ਦੀ ਹੀ ਦੇਰ ਸੀ ਕਿ ਮੇਰੇ ਤੋਂ ਅਗਲੀ ਸੀਟ ਉਪਰ ਬੈਠਾ ਇਕ ਨੀਲੀ ਦਸਤਾਰ ਅਤੇ ਖੁਲ੍ਹੀ ਦਾਹੜੀ ਵਾਲ਼ਾ ਸਿੰਘ ਤਾਂ ਅੱਗ ਬਬੂਲਾ ਹੋ ਗਿਆ। ਪਿਛਾਂਹ ਨੂੰ ਮੇਰੇ ਵੱਲ ਮੂੰਹ ਕਰਕੇ ਵਾਹਵਾ ਉਚੀ ਆਵਾਜ਼ ਵਿਚ ਬਾਦਲਾਂ ਦੀ, ਸ਼੍ਰੋਮਣੀ ਕਮੇਟੀ ਦੀ, ਅਕਾਲੀ ਦਲ ਦੀ ਚੰਗੇ ਗਰਮ ਸ਼ਬਦਾਂ ਵਿਚ ਲਾਹ ਪਾਹ ਕਰਨ ਲੱਗ ਪਿਆ। ਉਸ ਨੇ ਸ਼ਾਇਦ ਮੈਨੂੰ ਉਹਨਾਂ ਵਿਚੋਂ ਹੀ ਇਕ ਸਮਝ ਲਿਆ ਸੀ! ਮੈਂ ਚੁੱਪ ਰਹਿ ਕੇ ਉਸ ਦੇ 'ਮਨੋਹਰ ਬਚਨ' ਸੁਣੀ ਗਿਆ ਕਿਉਂਕਿ ਗੁਰਬਾਣੀ ਆਖਦੀ ਹੈ:

ਜਿਥੈ ਬੋਲਣ ਹਾਰੀਐ ਤਿਥੈ ਚੰਗੀ ਚੁਪ॥

ਆਪਣੇ ਮਨ ਦੀ ਚੰਗੀ ਭੜਾਸ ਕੱਢਦਿਆਂ ਹੋਇਆਂ, ਉਸ ਨੇ ਫਿਰ ਇਹ ਭੇਦ ਵੀ ਖੋਹਲਿਆ ਕਿ ਉਹ ਪੰਦਰਾਂ ਸਾਲਾਂ ਤੋਂ ਪੰਜਾਬੋਂ ਬਾਹਰ ਰਹਿੰਦਾ ਹੈ ਤੇ ਕੁਝ ਪਹਿਲਾਂ ਨਾਲ਼ੋਂ ਨਰਮ ਵੀ ਪਿਆ ਲੱਗਦਾ ਸੀ; ਸ਼ਾਇਦ ਇਸ ਕਰਕੇ ਕਿ ਮੈਂ ਉਸ ਦੇ 'ਦੁਰਭਾਸ਼ਨ' ਦੇ ਜਵਾਬ ਵਿਚ ਕੁਝ ਨਹੀਂ ਸੀ ਬੋਲਿਆ। ਉਸ ਦੀ ਟੋਨ ਕੁਝ ਢਿੱਲੀ ਹੋਣ ਤੇ ਮੈਂ ਵੀ ਇਹ ਆਖਣ ਦਾ ਹੌਂਸਲਾ ਕਰ ਲਿਆ ਕਿ ਮੈਂ ਤਾਂ ਇਕਤਾਲੀ

ਸਾਲਾਂ ਤੋਂ ਦੇਸੋਂ ਵੀ ਬਾਹਰ ਹਾਂ, ਤੁਸੀਂ ਤਾਂ ਫਿਰ ਵੀ ਇਸ ਦੇਸ਼ ਦੇ ਅੰਦਰ ਹੀ ਰਹਿੰਦੇ ਹੋ! ਤੁਸੀਂ ਕਿਤੇ ਮੈਨੂੰ ਵੀ ਬਾਦਲ ਦਲੀਆਂ ਦਾ ਬੰਦਾ ਸਮਝ ਕੇ ਹੀ ਤਾਂ ਨਹੀਂ ਸਲਵਾਤਾਂ ਸੁਣਾਈ ਗਏ! ਬਾਦਲਾਂ ਦਾ ਵਾਹਵਾ ਸਾਰਾ ਗੁੱਸਾ ਮੇਰੇ ਤੇ ਡੋਹਲ ਦਿਤਾ ਹੈ ਜੀ ਤੁਸਾਂ! ਖ਼ੈਰ, ਫਿਰ ਉਹ ਨਰਮ ਹੋ ਗਿਆ; ਪਤਾ ਨਹੀਂ ਮੇਰੇ ਜਵਾਬ ਨਾਲ਼ ਜਾਂ ਫਿਰ ਸ਼ਾਇਦ ਹੋਰ ਤੀਰ ਉਸ ਦੇ ਤਰਕਸ਼ ਵਿਚ, ਬਾਦਲਾਂ ਦੇ ਖ਼ਿਲਾਫ਼ ਚਲਾਉਣ ਲਈ ਬਚੇ ਨਾ ਹੋਣ! ਇਸ ਘਟਨਾ ਤੋਂ ਮੈਨੂੰ ੧੯੯੦ ਵਾਲ਼ੀ ਯੂ.ਕੇ. ਦੇ ਸ਼ਹਿਰ ਬਰਮਿੰਘਮ ਵਿਚ ਵਾਪਰੀ ਘਟਨਾ ਚੇਤੇ ਆ ਗਈ। ਓਥੇ ਵੀ ਮੈਂ ਚੁੱਪ ਰਹਿ ਕੇ ਹੀ ਆਪਣਾ ਬਚਾ ਕੀਤਾ। ਓਥੇ ਇਕ ਦਿਨ ਗੂੰਥੀ ਜੀ ਦੇ ਕਮਰੇ ਵਿਚ ਬੈਠਿਆਂ, ਸਹਿਜ ਸੁਭਾ ਹੀ ਚੱਲਦੀ ਗਲ ਵਿਚ, ਮੇਰੇ ਮੂੰਹੋਂ ਨਿਕਲ਼ ਗਿਆ ਕਿ ਸੰਤ ਜਰਨੈਲ ਸਿੰਘ ਜੀ ਆਪਣੀ ਕੁਰਬਾਨੀ ਕਰਕੇ ਜੀਵਤ ਹਨ ਪਰ ਸਰੀਰ ਕਰਕੇ ਉਹ ਸ਼ਹੀਦੀ ਪ੍ਰਾਪਤ ਕਰ ਗਏ ਹੋਏ ਹਨ। ਇਹ ਕੁਝ ਮੈਂ ਸੰਤ ਜੀ ਦੀਆਂ ਤਕਰੀਰਾਂ ਸੁਣਨ ਕਰਕੇ ਅਤੇ ਆਪਣੇ ਵਿਸ਼ਵਾਸ਼ ਅਨੁਸਾਰ ਕਹਿ ਬੈਠਾ। ਕਮਰੇ ਵਿਚ ਬੈਠਾ ਤੀਜਾ ਜਵਾਨ ਤਾਂ ਗਰਮ ਹੋ ਗਿਆ ਤੇ ਉਸ ਨੇ ਗੁੱਸੇ ਵਿਚ ਆਖਿਆ, "ਅਸੀਂ ਸਿਰ ਲਾਹ ਦਿੰਨੇ ਹੁੰਨੇ ਆਂ, ਜੇਹੜਾਂ ਸੰਤਾਂ ਨੂੰ ਸ਼ਹੀਦ ਆਖੇ!" ਮੈਂ ਤੇ ਗੂੰਥੀ ਸਿੰਘ ਦੋਵੇਂ ਚੁੱਪ। ਕੁਝ ਪਲ ਰੁਕ ਕੇ ਫਿਰ ਗੁੱਸੇ ਵਿਚ ਹੀ ਬੋਲਿਆ, "ਸਭ ਸਰਕਾਰ ਦੇ ਏਜੰਟ ਨੇ ਜੇਹੜੇ ਸੰਤ ਜੀ ਨੂੰ ਸ਼ਹੀਦ ਆਖਦੇ ਨੇ।" ਇਸ ਤੇ ਮੈਂ ਤਾਂ ਨਹੀਂ ਸੀ ਬੋਲਣਾ ਕਿਉਂਕਿ ਮੇਰਾ, ਉਸ ਨੌਜਵਾਨ ਦੇ ਹਥੋਂ, ਸ਼ਹੀਦ ਹੋਣ ਦਾ ਇਰਾਦਾ ਕੋਈ ਨਹੀਂ ਸੀ ਤੇ ਗੂੰਥੀ ਸਿੰਘ ਨੇ ਵੀ ਚੁੱਪ ਰਹਿਣਾ ਹੀ ਯੋਗ ਸਮਝਿਆ।

ਹਾਂ, ਜਿਸ ਪੁਰਾਣੇ ਮਿੱਤਰ ਦੇ ਘਰੋਂ ਮੈ ਚੱਲਿਆ ਸਾਂ ਉਹ ਬੜਾ ਪੜ੍ਹਿਆ ਲਿਖਿਆ ਅੰਮ੍ਰਿਤਧਾਰੀ ਤੇ ਉਸ ਦੀ ਸਿੰਘਣੀ ਵੀ ਅੰਮ੍ਰਿਤਧਾਰੀ ਹੈ। ਭਾਵੇਂ ਕਿ ਮੈਨੂੰ ਪਤਾ ਸੀ ਕਿ ਉਹ ਬਹੁਤ ਸਮੇ ਤੋਂ ਇਕ ਪ੍ਰਸਿਧ ਡੇਰੇ ਦਾ ਪੈਰੋਕਾਰ ਹੈ ਪਰ ਮੈਂ ਧਾਰਮਿਕ ਪੱਖ ਤੋਂ ਉਸ ਨੂੰ ਬਹੁਤ ਹੀ ਉਦਾਰਵਾਦੀ ਸਮਝਦਾ ਰਿਹਾ ਸਾਂ। ਕਿਸੇ ਪਿਛਲੇਰੀ ਯਾਤਰਾ ਦੌਰਾਨ, ਇਕ ਦਿਨ ਦੁਪਹਿਰ ਜਿਹੇ ਦਾ ਵਾਕਿਆ ਹੈ ਕਿ ਉਸ ਦੇ ਘਰ ਦੇ ਬਰਾਂਡੇ ਵਿਚ ਅਸੀਂ ਚਾਰ ਜਣੇ ਬੈਠੇ ਐਵੇਂ ਹੀ ਵੇਹਲੀਆਂ ਗੱਲਾਂ ਕਰ ਰਹੇ ਸਾਂ। ਇਕ ਉਹ ਖ਼ੁਦ, ਦੂਜੀ ਉਹਨਾਂ ਦੀ ਪਤਨੀ, ਤੀਜੀ ਇਕ ਕੇਸਕੀਧਾਰੀ ਗਵਾਂਢਣ ਬੀਬੀ ਅਤੇ ਚੌਥਾ ਮੈਂ; ਅਸੀਂ ਚਾਰ ਜਣੇ ਸਾਂ। ਪਤਾ ਨਹੀਂ ਕੀ ਹੋਇਆ ਕਿ ਚੱਲਦੀ ਵਿਚਾਰ ਵਿਚ ਮੇਰੇ ਮੂੰਹੋਂ ਨਿਕਲ਼ ਗਿਆ ਕਿ ਸਾਰੇ ਜਥੇ, ਸੰਪਰਦਾਵਾਂ, ਡੇਰੇ ਵਾਲ਼ਿਆਂ ਨੂੰ ਮੈਂ ਗੁਰੂ ਨਾਨਕ ਦੇਵ ਜੀ ਦੇ ਸਮੁਚੇ ਪੰਥ ਦਾ ਅੰਗ ਮੰਨਦਾ ਹਾਂ ਤੇ ਕਿਸੇ ਦੇ ਨਾਲ ਵੀ ਮੇਰਾ ਵਖਰੇਵਾਂ ਨਹੀ ਪਰ ਮੈਂ ਖ਼ੁਦ, ਪੰਥ ਵਿਚ ਧਾਰਮਿਕ ਮਰਯਾਦਾ ਦੀ ਸਮਾਨਤਾ ਦਾ ਪੱਖੀ ਹੋਣ ਕਰਕੇ, ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪ੍ਰਵਾਨਤ ਪੰਥਕ ਸਿੱਖ ਰਹਿਤ ਮਰਯਾਦਾ ਦੇ ਨੇੜੇ ਤੇੜੇ ਰਹਿਣ ਦਾ ਯਤਨ ਕਰਦਾ ਹਾਂ। ਇਹ ਸੁਣਦਿਆਂ ਹੀ ਮੇਰੇ ਉਸ ਸੁਲ਼ਝੇ ਹੋਏ ਸੱਜਣ ਦਾ ਤਾਂ ਜਿਵੇਂ ਕੜ ਹੀ ਪਾਟ ਗਿਆ। ਉਹ ਇਕ ਖਾਸ ਡੇਰੇ ਦਾ ਅੰਧ ਵਿਸ਼ਵਾਸ਼ ਦੀ ਹੱਦ ਤੱਕ ਸ਼ਰਧਾਲੂ ਹੈ। ਜਿਉਂ ਲੱਗਾ ਅਕਾਲ ਤਖ਼ਤ ਸਾਹਿਬ ਦੇ ਪ੍ਰਬੰਧਕਾਂ ਦੇ ਖ਼ਿਲਾਫ਼ ਬੋਲਣ, ਮੈਂ ਚੁੱਪ ਕਰਕੇ ਤੇ ਦੜ ਵੱਟ ਕੇ ਉਸ ਦੇ ਸ਼ੁਭ ਬਚਨ ਸੁਣੀ ਗਿਆ। "ਇਕ ਚੁੱਪ ਤੇ ਸੌ ਸੁਖ" ਸਿਆਣੇ ਆਖ ਗਏ ਨੇ। ਫਿਰ ਜੇਕਰ ਮੈਂ ਕੁਝ ਬੋਲਦਾ ਵੀ ਤਾਂ ਬਲ਼ਦੀ ਤੇ ਤੇਲ ਪੈਣ ਵਾਲ਼ੀ ਗੱਲ ਹੀ ਹੋ ਜਾਣੀ ਸੀ। ਭਾਵੇਂ ਕਿ ਮਰਯਾਦਾ ਵਾਲੇ ਅੰਗ ਨਾਲ ਤਾਂ ਮੈਂ ਉਸ ਦੇ ਵਿਚਾਰਾਂ ਨਾਲ਼ ਸਹਿਮਤ ਨਹੀਂ ਹਾਂ ਪਰ ਪ੍ਰਬੰਧਕ ਵਿਅਕਤੀਆਂ ਦੇ ਵਤੀਰੇ ਬਾਰੇ ਜੋ ਉਹਨਾਂ ਦੇ ਵਿਚਾਰ ਸਨ, ਉਹਨਾਂ ਨਾਲ਼ ਮੈਂ ਪੂਰੀ ਤਰ੍ਹਾਂ ਅਸਹਿਮਤ ਵੀ ਨਹੀਂ।

ਆਪਣੀ ਗੱਲ: ਮੇਰੇ ਭਾਈਆ (ਪਿਤਾ) ਜੀ ਨੇ, ਸੰਤ ਬਾਬਾ ਗੁਰਬਚਨ ਸਿੰਘ ਜੀ ਭਿੰਡਰਾਂਵਾਲ਼ਿਆ ਪਾਸੋਂ, ਉਹਨਾਂ ਦੇ ਜਥੇ ਵਿਚ ਰਹਿ ਕੇ ਧਾਰਮਿਕ ਵਿੱਦਿਆ ਪ੍ਰਾਪਤ ਕੀਤੀ ਸੀ ਤੇ ਓਸੇ ਜਥੇ ਦੀ ਮਰਯਾਦਾ ਅਨੁਸਾਰ ਉਹਨਾਂ ਨੇ ਮੈਨੂੰ ਗੁਰਬਾਣੀ ਦਾ ਪਾਠ, ਸਤਿਕਾਰ ਆਦਿ ਦੀ ਮਰਯਾਦਾ ਦ੍ਰਿੜ੍ਹ ਕਰਵਾਈ ਸੀ। ਜਿਸ ਗੁਟਕੇ ਤੋਂ ਮੈਂ ਨਿੱਤਨੇਮ ਯਾਦ ਕੀਤਾ ਸੀ, ਉਹ ਗੁਟਕਾ ਬਾਜ਼ਾਰ ਮਾਈ ਸੇਵਾਂ ਵਾਲ਼ੇ ਭਾਈ ਬੂਟਾ ਸਿੰਘ ਪ੍ਰਤਾਪ ਸਿੰਘ ਵਾਲ਼ਿਆਂ ਦੁਆਰਾ ਛਾਪਿਆ ਹੋਇਆ ਸੀ ਅਤੇ ਉਸ ਗੁਟਕੇ ਵਿਚ ਛਪੀਆਂ ਹੋਈਆਂ ਬਾਣੀਆਂ ਨੂੰ ਹੀ ਮੈਂ ਹੁਣ ਤੱਕ ਦਮਦਮੀ ਟਕਸਾਲ ਦੀ ਮਰਯਾਦਾ ਅਨੁਸਾਰ ਸਮਝਦਾ ਆ ਰਿਹਾ ਹਾਂ। ਭਾਈਆ ਜੀ ਦੀ ਸਿੱਖਿਆ ਅਨੁਸਾਰ, ਸਵੇਰ ਸਮੇ ਪੰਜ ਬਾਣੀਆਂ ਜਪੁ ਜੀ ਸਾਹਿਬ, ਜਾਪੁ ਸਾਹਿਬ, ਦਸ ਸਵੈਈਏ, ਅਨੰਦ ਸਾਹਿਬ ਅਤੇ ਚੌਪਈ, ਦਾ ਨਿਤਨੇਮ ਕਰਨਾ ਅਤੇ ੧੯੫੪ ਵਿਚ ਇਹ ਸਾਰਾ ਕੁਝ ਮੈਨੂੰ ਜ਼ਬਾਨੀ ਯਾਦ ਵੀ ਹੋ ਗਿਆ, ਸਮੇਤ ਕੀਰਤਨੀ 'ਆਸਾ ਕੀ ਵਾਰ' ਦੇ । ਚੌਪਈ ਦਾ ਪਤਾ ਨਹੀਂ ਸੀ ਕਿੰਨੀ ਤੇ ਕਿਥੋਂ ਤੱਕ ਹੈ; ਇਸ ਲਈ ਰਹਰਾਸਿ ਵਿਚ ਛਪੀ ਸਾਰੀ ਦੀ ਸਾਰੀ ਚੌਪਈ ਦਾ ਸਵੇਰੇ ਦੇ ਨਿਤਨੇਮ ਵਿਚ ਵੀ ਪਾਠ ਕਰਨਾ। ਉਸ ਗੁਟਕੇ ਅਨੁਸਾਰ, "ਪੁਨ ਰਾਛਸ ਕਾ ਕਾਟਾ ਸੀਸਾ॥" ਤੋਂ ਲੈ ਕੇ, "ਜਿਸ ਸਿਮਰਤ ਸੁਖ ਹੋਇ ਸਗਲੇ ਦੂਖ ਜਾਹਿ॥" ਤੱਕ, ਪੜ੍ਹਦਾ ਹੁੰਦਾ ਸਾਂ। ਪਤਾ ਹੀ ਨਹੀਂ ਸੀ ਕਿ ਚੌਪਈ ਦੇ ਸਿਰਲੇਖ ਹੇਠ ਆਉਣ ਵਾਲ਼ੇ ਬਾਕੀ ਦੇ ਦੋਹਰੇ, ਸਵਈਏ, ਅੜਿਲ, ਅਨੰਦ ਸਾਹਿਬ ਦੀਆਂ ਛੇ ਪਉੜੀਆਂ ਅਤੇ ਹੋਰ ਕਈ ਸ਼ਬਦ ਚੌਪਈ ਵਿਚ ਨਹੀਂ ਆਉਂਦੇ। ਜਿੰਨਾ ਚਿਰ ੧੯੫੩ ਵਿਚ ਅੰਮ੍ਰਿਤਸਰ ਨਹੀਂ ਆਇਆ, ਇਹ ਹੀ ਧਰਮ, ਇਹ ਹੀ ਪਾਠ, ਇਹ ਹੀ ਸਿਖੀ, ਅਰਥਾਤ ਸਾਰੀ ਇਹੀ ਮਰਯਾਦਾ ਪੂਰੀ ਲੱਗਦੀ ਸੀ। ਸ੍ਰੀ ਅਕਾਲ ਤਖ਼ਤ ਸਾਹਿਬ, ਸ੍ਰੀ ਹਰਿਮੰਦਰ ਸਾਹਿਬ ਅਤੇ ਹੋਰ ਗੁਰਦੁਆਰਾ ਸਾਹਿਬਾਨ ਵਿਚ ਵੇਖਿਆ ਕਿ ਜੋ ਮੈਂ ਕਰਦਾ ਹਾਂ ਤੇ ਜੋ ਕੁਝ ਓਥੇ ਹੁੰਦਾ ਹੈ, ਉਸ ਵਿਚ ਵਾਹਵਾ ਸਾਰਾ ਫਰਕ ਹੈ ਪਰ ਮੈਂ ਪਹਿਲਾਂ ਵਾਲ਼ੀ ਮਰਯਾਦਾ ਉਪਰ ਹੀ ਟਿਕਿਆ ਰਿਹਾ ਭਾਵੇਂ ਕਿ ਕੁਝ ਸ਼ੰਕਾ ਜਿਹੀ ਪੈ ਗਈ। ਫਿਰ ੧ ਜਨਵਰੀ ੧੯੫੮ ਨੂੰ, ਜਦੋਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਚਲਾਏ ਜਾ ਰਹੇ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਸੰਗੀਤ ਕਲਾਸ ਵਿਚ ਦਾਖ਼ਲ ਹੋਣ ਉਪ੍ਰੰਤ, ਪ੍ਰਿੰਸੀਪਲ ਸਾਹਿਬ ਸਿੰਘ ਜੀ ਨਾਲ਼ ਵਾਹ ਪਿਆ ਤਾਂ ਉਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਥ ਪ੍ਰਵਾਣਤ ਸਿੱਖ ਰਹਿਤ ਮਰਯਾਦਾ ਅਨੁਸਾਰ ਪੜ੍ਹਾਈ ਕਰਵਾਉਂਦੇ ਸਨ। ਪਹਿਲਾਂ

ਪਹਿਲਾਂ ਤਾਂ ਕੁਝ ਸਮਾ ਮੈਂ ਬਹੁਤ ਅੜੀ ਕੀਤੀ ਪਰ ਫਿਰ ਪੰਥ ਦੀ ਮਰਯਾਦਾ ਇਕ ਹੋਣੀ ਚਾਹੀਦੀ ਹੈ, ਵਾਲ਼ੀ ਦਲੀਲ ਅੱਗੇ ਸਿਰ ਝੁਕਾ ਦਿਤਾ। ਇਸ ਵਖੇਵੇਂ ਦਾ ਪਤਾ ਓਦੋਂ ਹੀ ਲੱਗਦਾ ਹੈ ਜਦੋਂ ਕੋਈ ਸਿੱਖ ਰਹਰਾਸਿ ਦਾ ਪਾਠ ਕਰਦਾ ਹੈ ਜਾਂ ਮੂਲ਼ ਮੰਤਰ ਪੜ੍ਹਦਾ ਹੈ। ਹਰੇਕ ਡੇਰੇ ਦੀ ਰਹਰਾਸਿ ਵੱਖਰੀ ਹੁੰਦੀ ਹੈ ਦਾ ਪਤਾ ਤਾਂ ਪਹਿਲਾਂ ਕੁਝ ਕੁ ਸੀ ਪਰ ਹੈਰਾਨੀ ਉਸ ਸਮੇ ਹੋਈ ਜਦੋਂ ਕੁਝ ਸਾਲ ਪਹਿਲਾਂ ਕੈਨੇਡਾ ਤੋਂ ਆਈ ਇਕ ਪੜ੍ਹੀ ਲਿਖੀ ਸੁਘੜ ਬੀਬੀ ਜੀ ਨੇ ਸਾਡੇ ਘਰ, ਸ਼ਾਮ ਸਮੇ ਰਹਰਾਸਿ ਦਾ ਏਨਾ ਲੰਮਾ ਪਾਠ ਕੀਤਾ ਕਿ ਏਨੀ ਲੰਮੀ ਰਹਰਾਸਿ ਮੈਂ ਹੋਰ ਕਿਤਿਉਂ ਅੱਜ ਤੱਕ ਨਹੀਂ ਸੁਣੀ। ਦੋ ਕੁ ਸਾਲ ਹੋਏ ਕਿ ਇਕ ਗਿਆਨੀ ਜੀ ਨਾਲ਼, ਕਾਰ ਦੇ ਸਫ਼ਰ ਸਮੇ ਉਹਨਾਂ ਪਾਸੋਂ ਰਹਰਾਸਿ ਸੁਣਨ ਦਾ ਸੁਭਾਗ ਪ੍ਰਾਪਤ ਹੋਇਆ ਤਾਂ ਉਹਨਾਂ ਨੇ, "ਸਰਣਿ ਪਰੇ ਕੀ ਰਾਖਹੁ ਸਰਮਾ॥" ਤੇ ਹੀ ਭੋਗ ਪਾ ਕੇ ਫ਼ਤਿਹ ਬੁਲਾ ਦਿਤੀ। ਮੇਰੇ ਨਿਮਰਤਾ ਸਹਿਤ ਸ਼ੰਕਾ ਪਰਗਟ ਕਰਨ ਤੇ ਉਹਨਾਂ ਨੇ ਦੱਸਿਆ ਕਿ ਅਕਾਲ ਤਖ਼ਤ ਵੱਡਾ ਹੈ ਜਾਂ ਸ੍ਰੀ ਗੁਰੂ ਗ੍ਰੰਥ ਸਾਹਿਬ? ਉਸ ਵਿਚ ਕੇਹੜੀ ਰਹਰਾਸਿ ਲਿਖੀ ਹੋਈ ਹੈ?

ਕੁਝ ਸਾਲਾਂ ਤੋਂ ਪਤਾ ਲੱਗ ਰਿਹਾ ਹੈ ਕਿ ਇਕ ਖਾਸ ਜਥਾ ਰਹਰਾਸਿ ਦੇ ਅੰਤ ਵਿਚ ਬਸੰਤ ਕੀ ਵਾਰ ਦਾ ਪਾਠ ਵੀ ਕਰਨ ਲੱਗ ਪਿਆ ਹੈ, ਭਾਵੇਂ ਕਿ ਅਜੇ ਉਹਨਾਂ ਨੇ ਆਪਣੀ ਮਰਯਾਦਾ ਵਾਲ਼ੇ ਗੁਟਕੇ ਵਿਚ ਇਸ ਨੂੰ ਛਾਪਣਾ ਸ਼ੁਰੂ ਨਹੀਂ ਕੀਤਾ।

ਕੁਝ ਸਾਲਾਂ ਤੋਂ ਮੈਂ ਵੇਖ ਰਿਹਾ ਹਾਂ ਕਿ ਪੰਥ ਦੇ ਦੋ ਜਥਿਆਂ ਨੇ ਹਰੇਕ ਦੀਵਾਨ ਦੀ ਸਮਾਪਤੀ ਸਮੇ ਚੌਪਈ ਦਾ ਪਾਠ ਕਰਨਾ ਲਾਜ਼ਮੀ ਕਰ ਦਿਤਾ ਹੈ ਪਰ ਉਹਨਾਂ ਦੋਹਾਂ ਜਥਿਆਂ ਦੀ ਚੌਪਈ ਵਿਚ ਵੀ ਵਾਹਵਾ ਸਾਰਾ ਫਰਕ ਹੈ। ਇਕ ਗ੍ਰੰਥੀ ਸਿੰਘ ਜੀ ਨੇ ਮੈਨੂੰ ਬੜੀ ਦਿਲਚਸਪ ਵਾਰਤਾ ਸੁਣਾਈ। ਉਹ ਵਾਰਤਾ ਇਉਂ ਸੀ ਕਿ ਇਕ ਗੁਰਦੁਆਰਾ ਸਾਹਿਬ ਵਿਖੇ ਦੋਵੇਂ ਜਥੇਬੰਦੀਆਂ ਇਕਠੇ ਧਾਰਮਿਕ ਦੀਵਾਨ ਵਿਚ ਬੈਠਦੀਆਂ ਸਨ। ਇਕ ਜਥੇਬੰਦੀ ਦੇ ਸਿੰਘ ਨੇ ਦੀਵਾਨ ਦੀ ਸਮਾਪਤੀ 'ਤੇ, "ਹਮਰੀ ਕਰੋ ਹਾਥ ਦੈ ਰਛਾ॥" ਤੋਂ ਸ਼ੁਰੂ ਕਰਕੇ, "ਦੁਸ਼ਟ ਦੋਖ ਤੇ ਲੇਹੁ ਬਚਾਈ॥" ਤੱਕ ਪਾਠ ਕਰਨਾ ਜੋ ਕਿ ਦੂਸਰੀ ਜਥੇਬੰਦੀ ਵਾਲ਼ਿਆਂ ਨੂੰ ਪਸੰਦ ਨਹੀਂ ਸੀ। ਇਕ ਦਿਨ ਉਹਨਾਂ ਦਾ ਸਿੰਘ ਪਹਿਲਾਂ ਹੀ ਤਿਆਰੀ ਸਹਿਤ ਹੱਥ ਵਿਚ ਮਾਈਕ ਲੈ ਕੇ ਬੈਠ ਗਿਆ ਤੇ ਪਾਠ ਕਰਨ ਵਾਲ਼ੇ ਨੇ ਅਜੇ, "ਦੁਸ਼ਟ ਦੋਖ ਤੇ ਲੇਹੁ ਬਚਾਈ॥" ਆਖਿਆ ਹੀ ਸੀ ਤੇ ਉਸ ਨੂੰ ਫ਼ਤਿਹ ਬੁਲਾਉਣ ਦਾ ਮੌਕਾ ਨਾ ਦਿਤਾ ਤੇ ਉਚੀ ਸਾਰੀ, "ਕਿਰਪਾ ਕਰੀ ਹਮ ਪਰ ਜਗਮਾਤਾ॥" ਤੋਂ ਅੱਗੇ ਦਾ ਪਾਠ ਸ਼ੁਰੂ ਕਰ ਦਿਤਾ। ਇਹ ਵੇਖ ਕੇ ਦੂਜੀ ਜਥੇਬੰਦੀ ਵਾਲ਼ਾ ਸੱਜਣ ਬਰਦਾਸ਼ਤ ਨਾ ਕਰ ਸਕਿਆ ਤੇ ਉਚੀ ਸਾਰੀ ਭਰੀ ਸੰਗਤ ਵਿਚ ਹੀ ਬੋਲ ਪਿਆ, "ਓ ਅੜਿਲ, ਤੇਰਾ ਪੁਨ ਰਾਛਸ ਕਾ ਕਾਟਾ ਸੀਸਾ॥ ਰਹਿ ਗਿਆ ਓਇ?"

ਇਕ ਵਾਰੀਂ ਮੇਰੇ ਨਾਲ ਵੀ ਅਜਿਹਾ ਕੁਝ ਹੀ ਵਾਪਰ ਗਿਆ; ਇਕ ਸ਼ਹਿਰ ਦੇ ਗੁਰਦੁਆਰਾ ਸਾਹਿਬ ਵਿਖੇ ਦੀਵਾਨ ਦੀ ਸਮਾਪਤੀ ਸਮੇ ਮੈਂ ਮੁਖਵਾਕ ਲਿਆ ਤੇ ਮੁਖਵਾਕ ਦੀ ਸਮਾਪਤੀ ਤੇ ਸੰਗਤ ਵਿਚੋਂ ਕਿਸੇ ਨੇ ਉਚੀ ਸਾਰੀ ਆਖਿਆ, "ਚੌਪਈ ਸਾਹਿਬ ਪੜ੍ਹੋ ਜੀ!" ਮੈਂ "ਹਮਰੀ ਕਰੋ ਹਾਥ ਦੈ ਰਛਾ॥" ਤੋਂ ਸ਼ੁਰੂ ਕਰਕੇ, "ਦੁਸਟ ਦੋਖ ਤੇ ਲੇਹੁ ਬਚਾਈ॥" ਬੋਲ ਕੇ ਫ਼ਤਿਹ ਬੁਲਾ ਦਿਤੀ। ਕਿਸੇ ਨੇ ਨਾ ਕੁਝ ਆਖਿਆ ਤੇ ਨਾ ਕੋਈ ਕੁਝ ਬੋਲਿਆ। ਮੇਰੇ ਪਿੱਛੇ ਪਿੱਛੇ ਇਕ ਚੜ੍ਹਦੀਕਲਾ ਵਾਲ਼ਾ ਨੌਜਵਾਨ ਸਿੰਘ ਮੇਰੇ ਕਮਰੇ ਵਿਚ ਆ ਗਿਆ ਤੇ ਮੈਨੂੰ ਪੁੱਛਿਆ ਕਿ ਮੈਂ ਚੌਪਈ ਸਾਹਿਬ ਕੇਹੜੀ ਪੜ੍ਹੀ ਹੈ! ਮੈਂ ਦੱਸਿਆ ਕਿ ਜੇਹੜੀ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਪੜ੍ਹਦੇ ਹਨ ਤੇ ਏਹੀ ਮੈਨੂੰ ਯਾਦ ਹੈ ਤੇ ਏਹੀ ਮੈਂ ਪੜ੍ਹੀ ਹੈ। "ਮਹਾਰਾਜ ਨੇ ਕੇਹੜੀ ਚੌਪਈ ਉਚਾਰੀ ਸੀ?' ਕੁਝ ਰੋਸੇ ਜਿਹੇ ਵਾਲ਼ੀ ਟੋਨ ਵਿਚ ਉਸ ਨੌਜਵਾਨ ਨੇ ਪੁੱਛਿਆ। ਮੈਂ ਆਖਿਆ ਕਿ ਉਸ ਸਮੇ ਦਾ ਕੋਈ ਸਿੱਖ ਹੋਵੇ ਤਾਂ ਓਹੋ ਹੀ ਦੱਸ ਸਕਦਾ ਹੈ ਕਿ ਮਹਾਰਾਜ ਜੀ ਨੇ ਕੇਹੜੀ ਚੌਪਈ ਉਚਾਰੀ ਸੀ! ਇਹ ਸੁਣ ਕੇ ਉਹ ਕੁਝ ਰੋਸੇ ਜਿਹੇ ਵਿਚ ਪਰ ਚੁੱਪ ਚਾਪ ਚਲਿਆ ਗਿਆ। ਇਕ ਦਿਨ ਫਿਰ ਮਿੱਤਰਾਨਾ ਵਾਤਾਵਰਣ ਵਿਚ ਸਾਡਾ ਆਪਸ ਵਿਚ ਵਿਚਾਰ ਵਟਾਂਦਰਾ ਹੋਇਆ। ਗੱਲ ਬਾਤ ਵਿਚ ਉਸ ਨੌਜਵਾਨ ਨੇ ਕਿਸੇ ਇਕ ਸੱਜਣ ਬਾਰੇ ਦੱਸਿਆ ਕਿ ਉਹ ਹਰੇਕ ਦੀਵਾਨ ਦੀ ਸਮਾਪਤੀ ਤੇ ਚਾਲ਼ੀ ਪਉੜੀਆਂ ਵਾਲਾ ਅਨੰਦ ਸਾਹਿਬ ਪੜ੍ਹਦਾ ਹੈ। ਮੈਂ ਆਖਿਆ ਕਿ ਉਹ ਆਪਣੇ ਘਰ ਬੈਠ ਕੇ ਭਾਵੇਂ ਅੱਸੀ ਪਉੜੀਆਂ ਵਾਲ਼ਾ ਅਨੰਦ ਸਾਹਿਬ ਪੜ੍ਹੇ; ਸਾਨੂੰ ਕੋਈ ਇਤਰਾਜ਼ ਨਹੀਂ, ਪਰ ਜਦੋਂ ਇਕ ਨੇ ਇਕ ਦਿਨ ਛੇ ਪਉੜੀਆਂ ਪੜ੍ਹੀਆਂ ਤੇ ਦੂਜੇ ਦਿਨ ਦੂਜੇ ਨੇ ਚਾਲ਼ੀ ਪਉੜੀਆਂ ਪੜ੍ਹੀਆਂ ਤੇ ਅਗਲੇਰੇ ਦਿਨ ਫਿਰ ਤੀਜੇ ਨੇ ਛੇ ਪਉੜੀਆਂ ਪੜ੍ਹੀਆਂ ਤਾਂ ਸਰੋਤਿਆਂ ਵਿਚ ਸ਼ੰਕਾ ਪੈਦਾ ਹੋਵੇਗੀ ਕਿ ਤਿੰਨਾਂ ਵਿਚੋਂ ਸਹੀ ਕੇਹੜਾ ਹੈ!

ਅਨੰਦ ਸਾਹਿਬ ਅਤੇ ਰਹਰਾਸਿ ਬਾਰੇ ਵੱਖ ਵੱਖ ਵਿਚਾਰ ਤਾਂ ਅਜੇ ਚੱਲਦੇ ਹੀ ਹਨ ਤੇ ਵੱਖ ਵੱਖ ਦੁਕਾਨਦਾਰਾਂ ਵੱਲੋਂ ਛਪੇ ਨਿੱਤਨੇਮ ਦੇ ਗੁਟਕੇ ਵੀ ਸ਼ਰਧਾਵਾਨ ਸਿੱਖਾਂ ਦੇ ਮਨਾਂ ਵਿਚ ਸ਼ੰਕੇ ਪਾਈ ਹੀ ਜਾ ਰਹੇ ਹਨ; ਹੁਣ ਕੁਝ ਦੁਕਾਨਦਾਰਾਂ ਵੱਲੋਂ ਦੋ ਹੋਰ ਨਵੇਂ 'ਭੰਬਲ਼ਭੂਸੇ' ਖੜ੍ਹੇ ਕਰ ਦਿਤੇ ਗਏ ਹਨ। ਇਕ ਕੈਲ਼ੰਡਰ ਅਜਿਹਾ ਛਾਪਿਆ ਗਿਆ ਹੈ ਜਿਸ ਦਾ ਸਿਰਲੇਖ ਹੈ 'ਜਪੁ ਜੀ ਸਾਹਿਬ' ਪਰ ਕੈਲੰਡਰ ਉਪਰ ਸਿਰਫ ਜਪੁ ਜੀ ਸਾਹਿਬ ਦੀਆਂ ਪੰਜ ਪਉੜੀਆਂ ਹੀ ਛਾਪੀਆਂ ਗਈਆਂ ਹਨ। ਇਸ ਤੋਂ ਇਲਾਵਾ ਇਕ ਹੋਰ ਕੈਲੰਡਰ ਉਪਰ ਸਿਰਲੇਖ ਛਾਪਿਆ ਗਿਆ ਹੈ 'ਸੁਖਮਨੀ ਸਾਹਿਬ' ਪਰ ਛਾਪੇ ਸੁਖਮਨੀ ਸਾਹਿਬ ਦੇ ਸਿਰਫ ਚੌਵੀ ਸਲੋਕ ਹੀ ਗਏ ਹਨ। ਜੇਕਰ ਪਹਿਲੇ ਕੈਲੰਡਰ ਦੇ ਸਿਰਲੇਖ ਨਾਲ਼ 'ਜਪੁ ਜੀ ਸਾਹਿਬ ਦੀਆਂ ਪੰਜ ਪਉੜੀਆਂ' ਅਤੇ ਦੂਜੇ ਉਪਰ 'ਸੁਖਮਨੀ ਸਾਹਿਬ ਦੇ ਚੌਵੀ ਸਲੋਕ' ਵੀ ਛਾਪ ਦਿੰਦੇ ਤਾਂ ਕੋਈ ਗ਼ਲਤ ਗੱਲ ਨਹੀਂ ਸੀ ਪਰ ਇਸ ਤਰ੍ਹਾਂ ਕੁਝ ਸਮੇ ਬਾਅਦ ਇਹਨਾਂ ਬਾਰੇ ਵੀ, ਵੱਡਾ ਜਪੁ ਜੀ ਸਾਹਿਬ ਕਿ ਛੋਟਾ ਜਪੁ ਜੀ ਸਾਹਿਬ? ਵੱਡਾ ਸੁਖਮਨੀ ਸਾਹਿਬ ਕਿ ਛੋਟਾ ਸੁਖਮਨੀ ਸਾਹਿਬ? ਵਾਲ਼ੀ 'ਘੜਮੱਸ' ਪੈ ਸਕਦੀ ਹੈ।

ਇਸ ਆਪੋ ਧਾਪੀ ਨੂੰ ਰੋਕਣ ਜਾਂ ਘਟਾਉਣ ਦੀ ਸਭ ਤੋਂ ਵਧ ਜ਼ੁੰਮੇਵਾਰੀ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਬਣਦੀ ਹੈ ਜਿਸ ਦੀ ਛਤਰ ਛਾਇਆ ਹੇਠ, ਪੰਥ ਦੇ ਵਿਦਵਾਨਾਂ ਨੇ ਇਕ ਮਤ ਹੋ ਕੇ ਸਿੱਖ ਰਹਿਤ ਮਰਯਾਦਾ ਨਾਮੀ ਪੁਸਤਿਕਾ ਤਿਅਰ ਕੀਤੀ ਸੀ। ਉਸ ਸਿੱਖ ਰਹਿਤ ਮਰਯਾਦਾ ਨੂੰ ਪੰਥ ਵਿਚ ਪ੍ਰਚੱਲਤ ਕਰਨ ਵੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਵੀ ਧਿਆਨ ਨਹੀਂ ਦਿਤਾ ਤੇ ਨਾ ਹੀ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਵੱਲੋਂ, ਸ਼੍ਰੋਮਣੀ ਕਮੇਟੀ ਨੂੰ ਅਜਿਹਾ ਕੁਝ ਕਰਨ ਦੀ ਕਦੀ ਹਿਦਾਇਤ ਕੀਤੀ ਗਈ ਬਾਰੇ ਹੀ ਸੁਣਨ ਵਿਚ ਆਇਆ ਹੈ। ਇਕ ਕਾਰਨ ਤਾਂ ਇਸ ਦਾ ਇਹ ਵੀ ਹੈ ਕਿ ਸਮੇ ਸਮੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਜਥੇਦਾਰ ਸਾਹਿਬਾਨ ਵੀ ਕਿਸੇ ਨਾ ਕਿਸੇ ਸੰਪਰਦਾ ਜਾਂ ਕਿਸੇ ਜਥੇ/ਡੇਰੇ ਵਿਚੋਂ ਹੀ ਵਿੱਦਿਆ ਪ੍ਰਾਪਤ ਕਰਕੇ ਆਏ ਹੁੰਦੇ ਹਨ ਤੇ ਉਹਨਾਂ ਦੇ ਆਪਣੀ ਜਥੇਬੰਦੀ ਵਾਲ਼ੀ ਮਰਯਾਦਾ ਹੀ ਠੀਕ ਹੋਣ ਦੇ ਵਿਚਾਰ ਪ੍ਰਪੱਕ ਹੁੰਦੇ ਹਨ ਤੇ ਤਖ਼ਤ ਸਾਹਿਬ ਤੇ ਡਿਊਟੀ ਉਪਰ ਹੋਣ ਸਮੇ ਉਹ ਭਾਵੇਂ ਮਰਯਾਦਾ ਤਾਂ ਤਖ਼ਤ ਸਾਹਿਬ ਵਾਲੀ ਭੁਗਤਾਉਂਦੇ ਹਨ ਪਰ ਅੰਦਰੋਂ ਇਸ ਨਾਲ਼ ਸਹਿਮਤ ਨਹੀਂ ਹੁੰਦੇ। ਇਸ ਲਈ ਉਹ ਇਸ ਦੇ ਪ੍ਰਚਾਰ ਉਪਰ ਜੋਰ ਨਹੀਂ ਦਿੰਦੇ। ਰਹੀ ਗੱਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ; ਉਸ ਦੇ ਸਟਾਫ਼ ਦੀ ਪਹਿਲੀ ਜ਼ੁੰਮੇਵਾਰੀ ਤਾਂ ਆਪਣੇ ਪ੍ਰਬੰਧ ਅਧੀਨ ਸੰਸਥਾਵਾਂ ਦਾ ਪ੍ਰਬੰਧ ਕਰਨ ਦੀ ਹੁੰਦੀ ਹੈ ਤੇ ਇਹ ਕੁਝ ਕਰਨ ਤੋਂ ਬਾਅਦ ਜੇ ਕੁਝ ਸਮੇ, ਧਨ ਆਦਿ ਦੇ ਵਸੀਲੇ ਬਚ ਜਾਣ ਤਾਂ ਫਿਰ ਉਹਨਾਂ ਵਸੀਲਿਆਂ ਦੀ ਵਰਤੋਂ, ਕਮੇਟੀ ਉਪਰ ਕਾਬਜ ਧੜੇ ਦੀ ਇਛਾ ਅਨੁਸਾਰ ਕਰਨੀ ਹੁੰਦੀ ਹੈ। ਇਹ ਕੋਈ ਨਵੀਂ ਗੱਲ ਨਹੀਂ; ਇਹ ਕਾਰਜ ਪ੍ਰਣਾਲੀ ਸ਼ੁਰੂ ਤੋਂ ਹੀ ਚਲੀ ਆ ਰਹੀ ਹੈ। ਇਹ ਕੁਝ ਲਿਖ ਕੇ ਮੈਂ ਇਸ ਦੇ ਸਹੀ ਹੋਣ ਦੀ ਪ੍ਰੋੜ੍ਹਤਾ ਨਹੀਂ ਕਰ ਰਿਹਾ ਪਰ ਹੈ ਇਹ ਜ਼ਮੀਨੀ ਹਕੀਕਤ। ਹਾਂ, ਲੰਡਨ ਵਾਸੀ ਇਕ ਵਿਦਵਾਨ ਗਿਆਨੀ ਗੁਰਬਖ਼ਸ਼ ਸਿੰਘ ਗੁਲਸ਼ਨ ਜੀ ਨੇ ਇਸ ਪੱਖ ਤੇ ਵਾਹਵਾ ਸਾਰਾ ਉਦਮ ਕੀਤਾ ਹੈ। ਉਹਨਾਂ ਨੇ ਇਸ ਬਾਰੇ ਇਕ ਕਿਤਾਬ ਵੀ ਲਿਖ ਕੇ ਛਪਵਾਈ ਹੈ ਤੇ ਇਕ ਸੀ.ਡੀ. ਵੀ ਤਿਆਰ ਕਰਕੇ ਸੰਗਤਾਂ ਵਿਚ ਵੰਡੀ ਹੈ ਤਾਂ ਕਿ ਦੇਸ ਪਰਦੇਸ ਦੀਆਂ ਸੰਗਤਾਂ ਪੰਥ ਪ੍ਰਵਾਨਤ ਸਿੱਖ ਰਹਿਤ ਮਰਯਾਦਾ ਤੋਂ ਜਾਣੂ ਹੋ ਸਕਣ। ਇਹ ਉਦਮ ਸ਼ਲਾਘਾਯੋਗ ਹੈ।

ਤਖ਼ਤ ਸਾਹਿਬਾਨ ਦੇ ਸਿੰਘ ਸਾਹਿਬਾਨ ਘਟ ਤੋਂ ਘਟ ਏਨਾ ਕਾਰਜ ਤਾਂ ਕਰ ਹੀ ਸਕਦੇ ਹਨ ਕਿ ਇਕ ਪ੍ਰਬੰਧ ਅਧੀਨ ਗੁਰਦੁਆਰਾ ਸਾਹਿਬਾਨ ਵਿਚ ਜੇਹੜੇ ਪਰਾਣੀ ਅੰਮ੍ਰਿਤ ਪਾਨ ਕਰਦੇ ਹਨ ਉਹਨਾਂ ਨੂੰ ਉਸ ਸਮੇ ਇਕ ਇਕ ਕਾਪੀ ਸਿਖ ਰਹਿਤ ਮਰਯਾਦਾ ਦੀ ਅਤੇ ਇਕ ਇਕ ਨਿਤਨੇਮ ਦਾ ਗੁਟਕਾ ਦੇ ਕੇ, ਇਹ ਤਾਂ ਆਖਿਆ ਹੀ ਜਾ ਸਕਦਾ ਹੈ ਕਿ ਇਹ ਪੰਥ ਦੀ ਮਰਯਾਦਾ ਹੈ ਤੇ ਘਟ ਤੋਂ ਘਟ ਗੁਰਸਿੱਖ ਵਾਸਤੇ ਏਨੀ ਬਾਣੀ ਦਾ ਨਿਤਨੇਮ ਜ਼ਰੂਰੀ ਹੈ; ਇਸ ਤੋਂ ਇਲਾਵਾ ਹੋਰ ਜਿੰਨੀ ਵੀ ਬਾਣੀ ਪੜ੍ਹ ਸਕੋ, ਵਾਹਿਗੁਰੂ ਸਿਮਰਨ ਕਰ ਸਕੋ, ਧੰਨ ਭਾਗ, ਕਰੋ!

ਇਸ ਤੋਂ ਇਲਾਵਾ ਸ਼੍ਰੋਮਣੀ ਗੁ. ਪ੍ਰ. ਕਮੇਟੀ ਨੂੰ ਚਾਹੀਦਾ ਹੈ ਕਿ ਉਹ ਆਪਣੇ ਦੁਆਰਾ ਪ੍ਰਕਾਸ਼ਤ ਕੀਤੇ ਗਏ ਨਿੱਤਨੇਮ ਦੇ ਗੁਟਕੇ ਅਤੇ ਸਿੱਖ ਰਹਿਤ ਮਰਯਾਦਾ ਦੀਆਂ ਕਾਪੀਆਂ, ਦੇਸ ਅਤੇ ਪਰਦੇਸ ਦੀਆਂ ਸਿੱਖ ਸੰਸਥਾਵਾਂ ਤੱਕ ਵਧ ਤੋਂ ਵਧ ਪੁਚਾਉਣ ਦਾ ਉਪ੍ਰਾਲਾ ਕਰੇ। ਦੂਜੀਆਂ ਸੰਪਰਦਾਵਾਂ ਵਾਲੇ ਅਤੇ ਉਹਨਾਂ ਦੇ ਸ਼ਰਧਾਲੂ, ਆਪਣੇ ਛਪੇ ਗੁਟਕੇ ਅਤੇ ਦੂਜਾ ਲਿਟ੍ਰੇਚਰ ਸੱਬਰਕੱਤੀ ਗਿਣਤੀ ਵਿਚ ਗੁਰਦੁਆਰਾ ਸਾਹਿਬਾਨ ਵਿਚ ਭੇਜਣ ਦਾ ਹਮੇਸ਼ਾਂ ਉਦਮ ਕਰਦੇ ਰਹਿੰਦੇ ਹਨ।

# ਨਸ਼ਿਆਂ ਦੀ ਆਦਤ

ਗੱਲ ਇਹ ੧੯੬੯ ਦੀਆਂ ਸਰਦੀਆਂ ਦੀ ਹੈ। ਮੈ ਹੁਸ਼ਿਆਰਪੁਰ ਦੇ ਮੁਖ ਬਾਜ਼ਾਰ ਵਿਚਲੀ ਦਵਾਈਆਂ ਦੀ ਦੁਕਾਨ ਉਪਰ ਬੈਠਾ ਅਖ਼ਬਾਰ ਪੜ੍ਹ ਰਿਹਾ ਸਾਂ ਕਿ ਇਕ ਪਤਲੇ ਜਿਹੇ ਸੋਹਣੇ ਸਰੀਰ ਵਾ਼ਲਾ ਜਵਾਨ ਮੁੰਡਾ ਆਇਆ। ਗੋਰਾ ਰੰਗ ਸੀ ਉਸ ਦਾ ਪਰ ਪੀ਼ਲਾ ਪਿਆ ਹੋਇਆ ਸੀ। ਉਸ ਦੇ ਮੂੰਹ ਤੇ ਨਿੱਕੀ ਨਿੱਕੀ ਇਕੋ ਜਿਹੀ ਸੋਹਣੀ ਦਾਹੜੀ ਸੀ। ਉਹ ਕੈਮਿਸਟ ਤੋਂ ਤਰਲਿਆਂ ਨਾ਼ਲ ਕੋਈ ਦਵਾਈ ਜਾਂ ਟੀਕਾ ਮੰਗੀ ਜਾਵੇ। ਇਹ ਤਾਂ ਮੈਨੂੰ ਪਤਾ ਨਾ ਲੱਗਾ ਕਿ ਉਹ ਕੇਹੜੀ ਦਵਾਈ ਮੰਗਦਾ ਸੀ ਪਰ ਇਹ ਜਰੂਰ ਯਾਦ ਹੈ ਕਿ ਉਹ ਕੋਈ ਨਸ਼ੀਲੀ ਵਸਤੂ ਹੀ ਮੰਗ ਰਿਹਾ ਸੀ। ਉਹ ਤਰਲੋਮੱਛੀ ਹੋਇਆ ਮਿੰਨਤਾਂ ਹੀ ਕਰੀ ਜਾਵੇ ਪਰ ਕਾ਼ਲੀ ਦਾਹੜੀ ਵਾਲੇ ਸਾਬਤ ਸੂਰਤ ਸਿੱਖ ਕੈਮਿਸਟ ਟੱਸ ਤੋਂ ਮੱਸ ਨਾ ਹੋਇਆ ਤੇ ਉਸ ਨੇ ਇਕੋ ਨੰਨਾ ਹੀ ਫੜੀ ਰੱਖਿਆ। ਹਾਰ ਕੇ ਉਹ ਜਵਾਨ ਚਲਿਆ ਗਿਆ ਪਰ ਥੋਹੜੇ ਹੀ ਮਿੰਟਾਂ ਪਿੱਛੋਂ, ਹੱਥ ਵਿਚ ਇਕ ਪਰਚੀ ਜਿਹੀ ਫੜੀ ਆ ਗਿਆ। ਕਿਸੇ ਡਾਕਟਰ ਕੋ਼ਲੋਂ ਕੁਝ ਲਿਖਵਾ ਲਿਆਇਆ ਸੀ ਸ਼ਾਇਦ! ਪਰਚੀ ਅਤੇ ਪੈਸੇ ਫੜ ਕੇ ਕੈਮਿਸਟ ਨੇ ਉਸ ਨੂੰ ਇਕ ਟੀਕਾ ਦੇ ਦਿਤਾ। ਉਸ ਨੇ ਕੈਮਿਸਟ ਨੂੰ ਇਹ ਵੀ ਤਰਲਾ ਪਾਇਆ ਕਿ ਉਹ ਆਪਣੀ ਸਰਿੰਜ ਨਾ਼ਲ ਉਸ ਦੀ ਬਾਂਹ ਵਿਚ ਟੀਕਾ ਲਾ ਦਵੇ ਪਰ ਕੈਮਿਸਟ ਨਾ ਹੀ ਮੰਨਿਆਂ। ਆਖਰ ਉਹ ਜਵਾਨ ਦੁਕਾਨ ਦੀ ਕੰਧ ਦੀ ਜਰਾ ਕੁ ਓਟ ਜਿਹੀ ਵਿਚ ਜਾ ਕੇ ਜ਼ਮੀਨ ਤੇ ਬੈਠ ਗਿਆ ਤੇ ਇਕ ਬਹੁਤ ਹੀ ਖੁੰਢੀ ਜਿਹੀ ਸੂਈ ਵਾ਼ਲੀ ਮੈ਼ਲੀ ਜਿਹੀ ਸਰਿੰਜ ਆਪਣੇ ਪਾਸੋਂ ਉਸ ਨੇ ਕੱਢ ਲਈ। ਝੱਗੇ ਦੀ ਬਾਂਹ ਉਤਾਂਹ ਚੜ੍ਹਾ ਕੇ ਉਸ ਨੇ ਨੰਗੀ ਕਰ ਲਈ ਅਤੇ ਆਪਣੀ ਮੈ਼ਲੀ ਜਿਹੀ ਸਰਿੰਜ ਦੀ ਖੁੰਢੀ ਜਿਹੀ ਸੂਈ ਨਾ਼ਲ, ਬੜੀ ਜਦੋ ਜਹਿਦ ਪਿੱਛੋਂ, ਉਹ ਆਪਣੀ ਬਾਂਹ ਵਿਚ ਦਵਾਈ ਦਾਖਲ ਕਰਨ ਵਿਚ ਸਫ਼ਲ ਹੋ ਗਿਆ। ਪਲ ਕੁ ਭਰ ਪੈਰਾਂ ਭਾਰ ਬੈਠਾ ਰਿਹਾ ਤੇ ਫਿਰ ਚੁਪ ਚਾਪ ਉਠ ਕੇ ਇਕ ਪਾਸੇ ਨੂੰ ਤੁਰ ਗਿਆ। ਇਹ ਦ੍ਰਿਸ਼ ਵੇਖ ਕੇ ਉਸ ਮੁੰਡੇ ਦੀ ਹਾਲਤ ਉਤੇ ਥੋਹੜਾ ਜਿਹਾ ਤਰਸ ਤਾਂ ਆਇਆ ਪਰ ਇਸ ਹਾਲਤ ਦੀ ਗੰਭੀਰਤਾ ਦਾ ਖ਼ੁਦ ਨੂੰ ਤਜਰਬਾ ਨਾ ਹੋਣ ਕਰਕੇ, ਅਸਲੀਅਤ ਦਾ ਪੂਰਾ ਅਨੁਭਵ ਨਹੀਂ ਸੀ ਹੋਇਆ।

ਸਾਰੇ ਹੀ ਸੂਝਵਾਨ ਸੱਜਣ ਨਸ਼ੇ ਦੀ ਲਤ ਤੋਂ ਬਚਣ ਲਈ ਉਪਦੇਸ਼ ਦਿੰਦੇ ਹਨ ਤੇ ਮੈ ਵੀ ਉਹਨਾਂ ਵਿਚੋਂ ਇਕ ਹਾਂ। ਸਗੋਂ ਕਈ ਵਾਰ ਅਮਲੀਆਂ ਨੂੰ ਉਪਦੇਸ਼ ਦੇਣਾ ਵੀ ਆਪਣੇ ਫ਼ਰਜ਼ਾਂ ਵਿਚ ਸ਼ਾਮਲ ਸਮਝਿਆ ਕਰਦਾ ਸਾਂ। ਬਚਪਨ ਵਿਚ ਘਰੋਂ ਵੀ ਇਸ ਬਾਰੇ ਕੁਝ ਜਾਣਕਾਰੀ ਸੀ। ਨਿੱਕੇ ਬਾਪੂ ਜੀ (ਮੇਰੇ ਪੜਦਾਦਾ ਜੀ ਦੇ ਛੋਟੇ ਭਰਾ) ਅਫ਼ੀਮ ਖਾਇਆ ਕਰਦੇ ਸਨ ਪਰ ਉਹਨਾਂ ਦੀ ਇਸ ਆਦਤ ਤੋਂ ਪਰਵਾਰ ਨੂੰ ਕਿਸੇ ਕਿਸਮ ਦੀ ਸਮੱਸਿਆ ਦਾ ਸਾਹਮਣਾ ਨਹੀਂ ਸੀ ਕਰਨਾ ਪੈਂਦਾ। ਉਹ ਜਦੋਂ ਅੰਮ੍ਰਿਤਸਰ ਆਪਣੀ ਪੈਨਸ਼ਨ ਲੈਣ ਜਾਂਦੇ ਸਨ ਓਦੋਂ ਓਥੋਂ ਹੀ ਅਫ਼ੀਮ ਵੀ ਖ਼ਰੀਦ ਕੇ ਲੈ ਆਇਆ ਕਰਦੇ ਸਨ ਜਿਸ ਨੂੰ ਚਾਂਦੀ ਰੰਗੀ ਨਿੱਕੀ ਜਿਹੀ ਡੱਬੀ ਵਿਚ ਰੱਖਦੇ ਸਨ। ਸ਼ਾਇਦ ਇਹ ਗੱਲ ਦਿਲਚਸਪ ਲੱਗੇ ਕਿ ਸਾਡੇ ਨਿਕੇ ਜਿਹੇ ਪਿੰਡ ਵਿਚ, ਮੇਰੇ ਬਚਪਨ ਦੇ ਸਮੇ ਦੌਰਾਨ, ਤਿੰਨ ਬੰਦੇ ਹੀ ਅਫ਼ੀਮ ਖਾਂਦੇ ਸਨ ਤੇ ਉਹ ਤਿੰਨੇ ਹੀ ਛੜੇ ਅਤੇ ਸਾਬਕਾ ਫੌਜੀ ਸਨ ਪਰ ਤਿੰਨਾਂ ਤੋਂ ਹੀ ਪਿੰਡ ਵਾਸੀਆਂ ਨੂੰ ਕੋਈ ਸ਼ਿਕਾਇਤ ਨਹੀਂ ਸੀ, ਸਿਵਾਇ ਮੇਰੇ ਨਿੱਕੇ ਬਾਪੂ ਜੀ ਤੋਂ, ਜੋ ਕਿ ਕਦੀ ਕਦੀ ਗਾਹ਼ਲਾਂ ਦੇ ਖੁਲ੍ਹੇ ਗੱਫੇ ਵਰਤਾਉਣ ਦੇ ਆਦੀ ਸਨ ਤੇ ਉਹ ਵੀ, "ਅੰਨ੍ਹਾ ਵੰਡੇ ਸ਼ੀਰਨੀ, ਮੁੜ ਘਿੜ ਘਰਦਿਆਂ ਨੂੰ।" ਦੀ ਮਿਸਾਲ ਵਾਂਗ, ਆਮ ਕਰਕੇ ਘਰਦਿਆਂ ਨੂੰ ਹੀ ਵਰਤਾਉਂਦੇ ਸਨ।

੧੯੫੪ ਵਿਚ ਜਦੋਂ ਅਸੀਂ ਸ੍ਰੀ ਮੁਕਤਸਰ ਸਾਹਿਬ ਵਿਚ ਸਾਂ ਤੇ ਓਥੇ ਇਕ ਨਿਹੰਗ ਸਿੰਘਾਂ ਦੀ ਛਾਉਣੀ ਹੁੰਦੀ ਸੀ। ਨਿਹੰਗ ਸਿੰਘ ਆਪਣੇ ਧਰਮਸਥਾਨ ਨੂੰ ਗੁਰਦੁਆਰੇ ਦੀ ਬਜਾਇ ਛਾਉਣੀ ਆਖਦੇ ਹਨ ਅਤੇ ਉਹਨਾਂ ਦੀ ਛਾਉਣੀ ਦੇ ਲੰਗਰ ਵਿਚ ਚੌਂਟੰਗੇ ਦਾ 'ਮਹਾਂ ਪ੍ਰਸ਼ਾਦ' ਵਰਤਾਉਣ ਉਪਰ ਵੀ ਕੋਈ ਰੋਕ ਨਹੀ। 'ਸ਼ਹੀਦੀ ਦੇਗ' ਦਾ ਰਗੜਾ ਤਾਂ ਲੱਗਦਾ ਹੀ ਹੈ। ਦੋ ਕੁ ਵਾਰ ਮੈਂ ਵੀ ਓਥੋਂ 'ਸ਼ਹੀਦੀ ਦੇਗ' ਦਾ ਗੱਫਾ ਲਾ ਲਿਆ ਸੀ। ਇਕ ਵਾਰ ਦੀ ਘਟਨਾ ਮੈਨੂੰ ਚੰਗੀ ਤਰ੍ਹਾਂ ਯਾਦ ਹੈ। ਡੇਰਾ ਬਾਬਾ ਮਸਤਾਨ ਸਿੰਘ ਜੀ ਵਿਚ ਸ਼ਾਮ ਦੇ ਸਮੇ, ਸੂਰਮੇ ਬਜ਼ੁਰਗ ਸੰਤ ਗਿਆਨੀ ਸਰੋਵਰ ਸਿੰਘ ਜੀ, 'ਨਾਨਕ ਪ੍ਰਕਾਸ਼' ਦੀ ਕਥਾ ਕਰਿਆ ਕਰਦੇ ਸਨ ਅਤੇ ਕਥਾ ਸਮੇ ਮੈਂ ਉਸ ਗ੍ਰੰਥ ਦਾ ਪਾਠ ਕਰਿਆ ਕਰਦਾ ਸਾਂ। ਇਕ ਵਾਰ ਇਉਂ ਹੋਇਆ ਮੈਂ ਇਕ ਤੁਕ ਦਾ ਪਾਠ ਕਰਕੇ, ਜਦੋਂ ਗਿਆਨੀ ਜੀ ਦੇ ਕਥਾ ਕਰਨ ਸਮੇ ਅਗਲੀ ਇਕ ਤੁਕ ਪੜ੍ਹਨ ਦੇ ਇੰਤਜ਼ਾਰ ਵਿਚ ਰੁਕਾਂ, ਤਾਂ ਮੇਰੀ ਬਿਰਤੀ ਜੁੜ ਜਾਇਆ ਕਰੇ ਅਤੇ ਸੰਤ ਜੀ ਵੱਲੋਂ ਉਸ ਤੁਕ ਦੀ ਕਥਾ ਉਪ੍ਰੰਤ ਅਗਲੀ ਤੁਕ ਪੜ੍ਹਨ ਸਮੇ, ਮੇਰੀ 'ਸਮਾਧੀ' ਲੱਗੀ ਹੋਈ ਹੋਣ ਕਰਕੇ, ਮੈ ਚੁੱਪ ਬੈਠਾ ਰਹਾਂ। ਇਕ ਦੋ ਵਾਰ ਅਜਿਹਾ ਹੋਣ ਤੇ ਅਖੀਰ ਸੰਤ ਜੀ ਅੱਕ ਕੇ ਆਂਹਦੇ, "ਓਇ, ਤੂੰ ਕਿਤੇ ਭੰਗ ਤਾਂ ਨਹੀਂ ਪੀਤੀ ਹੋਈ?" ਸੰਗਤ ਵਿਚ ਇਹ ਸੁਣ ਕੇ ਹਾਸਾ ਪੈ ਗਿਆ। ਮੈਂ ਉਸ ਸਮੇ ਸਵੀਕਾਰਿਆ ਤਾਂ ਨਹੀ ਸੀ ਪਰ ਸੰਤ ਜੀ ਦਾ ਇਹ ਸ਼ੰਕਾ ਸਹੀ ਹੀ ਸੀ। ਮੈ ਉਸ ਸਮੇ ਨਿਹੰਗ ਸਿੰਘਾਂ ਦੀ ਛਾਉਣੀ ਤੋਂ ਸ਼ਹੀਦੀ ਦੇਗ ਦਾ ਗੱਫਾ ਲਾਇਆ ਹੋਇਆ ਸੀ।

ਮੇਰੇ ਦੁਆਰਾ, ਬ੍ਰਿਜਭਾਸ਼ਾ ਜਿਹੀ ਔਖੀ ਬੋਲੀ ਵਿਚ ਲਿਖੇ ਗਏ, ਮਹਾਂ ਕਵੀ ਭਾਈ ਸੰਤੋਖ ਸਿੰਘ ਜੀ ਦੁਆਰਾ, ਗ੍ਰੰਥ ਦਾ ਸੰਗਤ ਵਿਚ ਕੇਵਲ ਪਾਠ ਕਰਨ ਕਰਕੇ ਹੀ ਮੈਨੂੰ ਮਲਵਈਆਂ ਵਿਚ 'ਬਿੱਦਬਾਨ' ਸਮਝਿਆ ਜਾਣ ਲੱਗ ਪਿਆ; ਖਾਸ ਕਰਕੇ ਬਜ਼ੁਰਗ ਬੀਬੀਆਂ ਤਾਂ ਖ਼ੁਸ਼ੀ ਪਰਗਟ ਕਰਿਆ ਕਰਦੀਆਂ ਤੇ ਕਈ ਤਾਂ ਇਕ ਦੂਜੀ ਨੂੰ ਹੈਰਾਨੀ ਭਰੇ ਲਹਿਜ਼ੇ ਵਿਚ ਇਉਂ ਵੀ ਆਖਿਆ ਕਰਦੀਆਂ ਸਨ, "ਨੀ, ਇਹ ਤਾਂ ਨਿੱਕਾ ਜਿਹਾ ਕਥਾ ਕਰਦਾ ਵਾ! ਇਉਂ ਲਗਦਾ ਜਿਵੇਂ ਇਹ ਢਿਡ ਵਿਚੋਂ ਹੀ ਪੜ੍ਹ ਕੇ ਆਇਆ ਹੋਵੇ!"

ਮੈ ਆਪਣੇ ਅਫ਼ੀਮ ਦੇ ਸਵਾਦ ਬਾਰੇ ਵੀ ਪਾਠਕਾਂ ਨੂੰ ਦੱਸ ਹੀ ਦੇਵਾਂ: ੧੯੭੨ ਦੀ ਪੰਜਾਬ ਅਸੈਂਬਲੀ ਦੀ ਚੋਣ ਸਮੇ, ਪਾਰਟੀ ਵ'ਲੋਂ ਮੇਰੀ ਡਿਊਟੀ ਜਗਰਾਉਂ ਹਲਕੇ ਵਿਚ ਲ'ਗ ਗਈ। ਦਲ ਵ'ਲੋਂ ਚੋਣ ਸ. ਤਾਰਾ ਸਿੰਘ ਗੋਰਸੀਆਂ ਲੜ ਰਹੇ ਸਨ। ਉਹ ਪੇਂਡੂ ਪਿਛੋਕੜ ਅਤੇ ਸਿਆਸਤ ਵਿਚ ਨਵੇਂ ਹੋਣ ਕਰਕੇ, ਸਟੇਜੀ ਬੁਲਾਰੇ ਨਹੀਂ ਸਨ, ਇਸ ਲਈ ਚੋਣ ਜਲਸਿਆਂ ਵਿਚ ਅਸੀਂ ਦੋ ਹੀ ਬੁਲਾਰੇ ਸਾਂ। ਇਕ 'ਪੰਥਕ ਕਵੀ' ਸ੍ਰੀ ਵੀਰਿੰਦਰ ਕੁਮਾਰ ਬਾਗੀ ਅਤੇ ਦੂਜਾ ਮੈਂ। ਬਾਗੀ ਆਪਣੀਆਂ ਹਸੌਣੀਆਂ ਕਵਿਤਾਵਾਂ ਨਾਲ਼ ਭੀੜ ਇਕ'ਠੀ ਕਰਦਾ ਸੀ ਤੇ ਮੈ ਉਸ ਭੀੜ ਦੀ ਮ'ਤ ਆਪਣੇ ਭਾਸ਼ਨਾਂ ਨਾਲ਼ ਭੁਆਉਂਦਾ ਸਾਂ। ਬਾਗੀ ਜੀ ਸਮੇ ਦੇ ਮੁਤਾਬਿਕ, ਮੌਕੇ ਤੇ ਹੀ ਹਸਾਉਣੀ ਤੁਕਬੰਦੀ ਜੋੜ ਲਿਆ ਕਰਦੇ ਸਨ ਤੇ ਸਮਕਾਲੀ ਕਾਂਗਰਸੀ ਲੀਡਰਾਂ ਦੇ ਕਾਰਨਾਮਿਆਂ ਤੇ ਚੰਗਾ ਤਵਾ ਲਾਇਆ ਕਰਦੇ ਸਨ। ਉਹਨਾਂ ਦੀਆਂ ਅਜਿਹੀਆਂ ਤੁਕਬੰਦੀਆਂ ਉਹਨੀਂ ਦਿਨੀਂ ਬੜੀਆਂ ਪ੍ਰਸਿਧ ਹੁੰਦੀਆਂ ਸਨ:

ਇਸ ਕਾਂਗਰਸ ਮੇਂ ਸਭ ਚੋਰ ਚੋਰ
ਕੋਈ ਨਿੱਕਾ ਚੋਰ ਕੋਈ ਵਡਾ ਚੋਰ
ਕੋਈ ਚਿੱਟਾ ਚੋਰ ਕੋਈ ਕਾ਼ਲਾ ਚੋਰ

ਫਿਰ ਕਿਸੇ ਮੌਕੇ ਦੇ ਪ੍ਰਸਿਧ ਕਾਂਗਰਸੀ ਦਾ ਨਾਂ ਲੈ ਕੇ ਆਖਣਾ:

..... ਸਿੰਘ ਦਾ ਸਾ਼ਲਾ ਚੋਰ।
ਚੋਰਾਂ ਦੀ ਇਕ ਭਰਜਾਈ ਏ
ਨਾ ਉਸ ਦਾ ਹੈ .... ਕੌਰ।

ਇਕ ਹੋਰ ਕਵਿਤਾ ਵੀ ਹੁੰਦੀ ਸੀ:

ਖਾਣ ਤੇ ਟੈਕਸ ਪੀਣ ਤੇ ਟੈਕਸ
ਮਰਨ ਤੇ ਟੈਕਸ ਜੀਣ ਤੇ ਟੈਕਸ
ਕਣਕ ਤੇ ਟੈਕਸ ਕਪਾਹ ਤੇ ਟੈਕਸ
ਹੁਣ ਲਾਉਣਾ ਏਂ ਇਹਨਾਂ ਨੇ
ਚੁਲ੍ਹਿਆਂ ਦੀ ਸਵਾਹ ਤੇ ਟੈਕਸ

ਇਕ ਹੋਰ ਕਵਿਤਾ ਵੀ ਹੁੰਦੀ ਸੀ:

ਲੁੱਟ ਤੇ ਲੁੱਟ ਮਚਾਈ ਚੱਲੋ
ਅਖੀਂ ਘੱਟਾ ਪਾਈ ਚੱਲੋ
ਧੂੜ 'ਚ ਟਟੂ ਰਲ਼ਾਈ ਚੱਲੋ
ਰਲ਼ ਮਿਲ਼ ਸਭ ਕੁਝ ਖਾਈ ਚਲੋ

ਇਲੈਕਸ਼ਨ ਦੌਰਾਨ ਇਕ ਇਕ ਦਿਨ ਵਿਚ ਕਈ ਕਈ ਜਲਸਿਆਂ ਨੂੰ ਸੰਬੋਧਨ ਕਰਨਾ ਹੁੰਦਾ ਸੀ। ਇਕ ਦਿਨ ਮੈ ਖ਼ੁਦ ਨੂੰ ਕੁਝ ਢਿੱਲਾ ਜਿਹਾ ਮਹਿਸੂਸ ਕੀਤਾ ਤੇ ਸੋਚਿਆ ਕਿ ਸ਼ਾਇਦ ਅਗਲੇ ਜਲਸੇ ਵਿਚ ਮੈਂ ਪ੍ਰਭਾਵਸ਼ਾਲੀ ਤਰੀਕੇ ਨਾਲ਼ ਨਾ ਬੋਲ ਸਕਾਂ। ਅਜਿਹਾ ਹੁੰਦਾ ਤਾਂ ਭਾਸ਼ਨ ਸਮੇ ਸ੍ਰੋਤਿਆਂ ਦੀ ਆਸ ਉਪਰ ਪੂਰਾ ਨਹੀਂ ਸੀ ਉਤਰਿਆ ਜਾਣਾ। ਆਪਣੀ ਇਸ ਹਾਲਤ ਦਾ ਜ਼ਿਕਰ ਮੈਂ ਇਕ ਪਿੰਡ ਦੇ ਸਰਪੰਚ ਨਾਲ਼ ਕਰ ਦਿਤਾ। ਉਸ ਨੇ ਆਖਿਆ, "ਲੈ ਇਹ ਕੇਹੜੀ ਵੱਡੀ ਗੱਲ ਆ!" ਆਪਣੇ ਇਕ ਸਾਥੀ ਤੋਂ ਪਾਣੀ ਮੰਗਵਾਇਆ। ਕਾ਼ਲੀ ਨਾਗਣੀ ਦੀ ਨਿੱਕੀ ਜੇਹੀ ਗੋ਼ਲੀ ਮੇਰੇ ਹੱਥ ਤੇ ਰੱਖੀ ਤੇ ਪਾਣੀ ਦਾ ਕੌਲਾ ਮੇਰੇ ਹੱਥ ਫੜਾ ਕੇ ਆਖਿਆ, "ਲੈ ਓਇ ਅਕਾਲੀ ਅੰਬਰਸਰੀਆ, ਲੈ ਰੱਬ ਦਾ ਨਾਂ ਤੇ ਨਿਗ਼ਲ ਜਾਹ ਵਾਹਿਗੁਰੂ ਕਹਿ ਕੇ! ਫਿਰ ਵੇਖੀ ਕਿਵੇਂ ਤੇਰੀ ਤਕਰੀਰ ਜੰਮਦੀ ਆ!" ਮੈ ਉਸ ਦੀ ਹਿਦਾਇਤ ਅਨੁਸਾਰ ਪਾਣੀ ਨਾਲ਼ ਗੋ਼ਲੀ ਨਿਗ਼ਲ ਲਈ ਪਰ ਉਸ ਨੇ ਪਹਿਲਾਂ ਨਾਲ਼ੋਂ ਵੀ ਮੇਰਾ ਭੱਠਾ ਬਿਠਾ ਦਿਤਾ। ਮੇਰੀਆਂ ਤੇ ਰਗਾਂ ਈ ਫੜੀਆਂ ਗਈਆਂ; ਮਸਾਂ ਹੀ ਮੈਂ ਆਪਣਾ ਭਾਸ਼ਨ ਪੂਰਾ ਕਰ ਸਕਿਆ। ਇਹ ਵੀ ਚੰਗਾ ਹੀ ਹੋਇਆ ਨਹੀਂ ਤਾਂ ਹੋ ਸਕਦਾ ਸੀ ਉਸ ਰਾਹੀਂ ਬਣੇ ਚੰਗੇ ਅਸਰ ਕਾਰਨ ਮੈਂ ਉਸ ਦਾ ਆਦੀ ਹੀ ਹੋ ਜਾਂਦਾ!

ਦੂਜਾ ਕੌੜਾ ਤਜਰਬਾ ਇਸ ਕਾ਼ਲੇ ਮੂੰਹ ਵਾਲੀ ਨਾ਼ਲ ਆਪਣੀ ੨੦੦੪ ਵਾ਼ਲੀ ਯੂਰਪ ਦੀ ਯਾਤਰਾ ਦੌਰਾਨ ਹੋਇਆ। ਇਕ ਸੱਜਣ ਦੇ ਘਰ ਠਹਿਰਿਆ ਹੋਇਆ ਸਾਂ। ਉਹ ਇਸ ਕਲਮੂਹੀਂ ਦਾ ਆਦੀ ਸੀ। ਮੈਨੂੰ ਵੀ ਉਸ ਨੇ ਆਪਣੇ ਨਾ਼ਲ ਸ਼ਾਮਲ ਕਰਨ ਲਈ, ਇਸ ਦੇ ਬਹੁਤ ਸਾਰੇ ਲਾਭਾਂ ਦਾ ਵਖਾਣ ਕਰਕੇ, ਇਕ ਗੋ਼ਲੀ ਦੇ ਦਿਤੀ। ਮੇਰੇ ਤਾਂ ਬੰਨ੍ਹ ਹੀ ਪੈ ਗਿਆ। ਦੋ ਚਾਰ ਦਿਨ ਤਾਂ ਬਾਥਰੂਮ ਵਿਚ ਬੈਠ ਬੈਠ ਕੇ ਉਂਜ ਹੀ ਉਠ ਆਉਣਾ। ਤਾਂ ਹੀ ਤਾਂ ਗੁਰਬਾਣੀ ਸਾਨੂੰ ਵਾਰ ਵਾਰ ਸਾਵਧਾਨ ਕਰਦੀ ਹੈ ਕਿ ਚੰਗੇ ਪੁਰਸ਼ਾਂ ਦੀ ਸੰਗਤ ਹੀ ਕਰਨੀ ਚਾਹੀਦੀ ਹੈ ਤੇ ਮਾੜੇ

ਪਾਸੇ ਤੋਰਨ ਵਾਲਿਆਂ ਦੀ ਨਹੀਂ। ਗੁਰਬਾਣੀ ਦਾ ਫੁਰਮਾਨ ਹੈ:

ਸਤੀ ਪਹਿਰੀ ਸਤੁ ਭਲਾ
ਬਹੀਐ ਪੜਿਆ ਪਾਸਿ॥

ਕਿਉਂਕਿ:

ਓਥੈ ਪਾਪੁ ਪੁੰਨੁ ਬੀਚਾਰੀਐ
ਕੂੜੈ ਘਟੈ ਰਾਸਿ॥ (ਪੰਨਾ ੧੪੬)

ਕਬੀਰ ਜੀ ਤਾਂ ਏਥੋਂ ਤੱਕ ਵੀ ਆਖਦੇ ਨੇ:

ਸਾਕਤ ਸੰਗੁ ਨ ਕੀਜੀਐ
ਦੂਰਹਿ ਜਾਈਐ ਭਾਗਿ॥
ਬਾਸਨੁ ਕਾਰੋ ਪਰਸੀਐ
ਤਉ ਕਛੁ ਲਾਗੈ ਦਾਗੁ॥੧੩੧॥ (ਪੰਨਾ ੧੩੭੧)

ਸੱਚ ਹੈ ਕਿ ਜੇ ਅਸੀਂ ਅਮਲੀ ਕੋਲ਼ ਬੈਠਾਂਗੇ ਤਾਂ ਉਹ ਅਮਲ ਦੀਆਂ ਸਿਫ਼ਤਾਂ ਦੇ ਪੁਲ਼ ਬੰਨ੍ਹੇਗਾ। ਵਕੀਲ ਕੋਲ਼ ਬੈਠਾਂਗੇ ਤਾਂ ਉਹ ਸਾਨੂੰ ਕਾਨੂੰਨੀ ਨੁਕਤੇ ਸਮਝਾ ਸਮਝਾ ਕੇ ਕਚਹਿਰੀਆਂ ਦੇ ਚੱਕਰ ਵਿਚ ਪਾਏਗਾ। ਏਸੇ ਤਰ੍ਹਾਂ ਡਾਕੂ, ਚੋਰ, ਜਾਰ, ਠੱਗ, ਜੇਬ ਕਤਰਾ, ਫਿਰਕਾ ਪ੍ਰਸਤ, ਦੰਗੇਬਾਜ ਆਦਿ ਆਪੋ ਆਪਣੇ ਕਸਬਾਂ ਤੇ ਕਰਤਬਾਂ ਦੀ ਕਥਾ ਸੁਣਾ ਸੁਣਾ ਕੇ, ਸਾਨੂੰ ਉਸ ਪਾਸੇ ਵੱਲ ਉਤਸ਼ਾਹਤ ਕਰਨਗੇ। ਸੰਗਤ ਦੀ ਰੰਗਤ ਮਨੁਖ ਨੂੰ ਲਗ ਹੀ ਜਾਂਦੀ ਹੈ। ਚੌਥੇ ਪਾਤਿਸ਼ਾਹ ਆਖਦੇ ਨੇ:

ਸੰਗਤਿ ਕਾ ਗੁਨੁ ਬਹੁਤੁ ਅਧਿਕਾਈ
ਪੜਿ ਸੂਆ ਗਨਿਕ ਉਧਾਰੇ॥ (ਪੰਨਾ ੯੮੧)

ਆਖਰ, "ਭਲਾ ਹੋਇਆ ਲੜ ਪਹਿਲੇ ਛੁੱਟਾ, ਮੇਰੀ ਉਮਰ ਨਾ ਬੀਤੀ ਸਾਰੀ।" ਅਨੁਸਾਰ, ਮੇਰੇ ਲਈ ਚੰਗਾ ਹੀ ਹੋਇਆ ਕਿ ਕਾਲ਼ੇ ਮੂੰਹ ਵਾਲ਼ੀ ਦਾ, ਅਮਲੀਆਂ ਦੇ ਦੱਸਣ ਅਨੁਸਾਰ, ਚੰਗਾ ਅਸਰ ਨਾ ਹੋਇਆ।

ਗੱਲ ਤਾਂ ਚੱਲੀ ਸੀ ਨਸ਼ਿਆਂ ਦੀ। ਨਸ਼ਿਆਂ ਦੀ ਨਿਖੇਧੀ, ਕੁਝ ਕੁ ਨੂੰ ਛੱਡ ਕੇ ਸ਼ਾਇਦ ਸਾਰੇ ਧਰਮਾਂ ਦੀ ਸਿੱਖਿਆ ਵਿਚ ਹੋਵੇ ਪਰ ਸਿੱਖ ਵਾਸਤੇ ਤਾਂ ਰਹਿਤਨਾਮੇ ਅਨੁਸਾਰ, "ਸਿਖ ਅਮਲ ਪ੍ਰਸਾਦੇ ਦਾ ਰ'ਖੇ॥" ਆਖ ਕੇ ਗੁਰੂ ਸਾਹਿਬਾਨ ਨੇ, ਆਪਣੇ ਸਿੱਖਾਂ ਨੂੰ ਹਰ ਪ੍ਰਕਾਰ ਦੇ ਨਸ਼ੇ ਤੋਂ ਵਰਜਤ ਕੀਤਾ ਹੈ। ਸ਼ਰਾਬ ਬਾਰੇ ਵੀ ਰਹਿਤਨਾਮੇ ਵਿਚ, "ਗੁਰੂ ਕਾ ਸਿਖ ਸ਼ਰਾਬ ਕਭੀ ਨ ਪੀਵੇ॥" ਆਖ ਕੇ ਵਰਜਿਆ ਗਿਆ ਹੈ। ਤਮਾਕੂ ਵਰਗੇ ਧੀਮੇ ਪਰ ਅਤੀ ਮਾਰੂ ਨਸ਼ੇ ਬਾਰੇ ਤਾਂ ਗੁਰੂ ਸਾਹਿਬਾਨ ਵੱਲੋਂ ਮਨਾਹੀ ਦਾ ਹੁਕਮ ਹੈ ਅਤੇ ਦਸਮ ਪਾਤਿਸ਼ਾਹ ਵੱਲੋਂ ਤਾਂ ਇਸ ਦੀ ਵਰਤੋਂ ਕਰਨ ਵਾਲ਼ੇ ਸਿਖ ਨੂੰ, ਸਿੱਖੀ ਤੋਂ ਪਤਿਤ ਕਰਾਰ ਦਿਤਾ ਗਿਆ ਹੈ।

ਇਹ ਤਾਂ ਬਹੁਤ ਪੁਰਾਣੀਆਂ ਗੱਲਾਂ ਰਹਿ ਗਈਆਂ ਜਦੋਂ ਭੰਗ, ਅਫ਼ੀਮ, ਸ਼ਰਾਬ, ਧਤੂਰਾ, ਤਮਾਕੂ, ਸ਼ਰਾਬ ਆਦਿ ਨਸ਼ੇ ਜਾਣੇ ਤੇ ਸਮਝੇ ਜਾਂਦੇ ਹੋਣ ਕਰਕੇ, ਇਹਨਾਂ ਦੀ ਵਰਤੋਂ ਕਰਨ ਵਾਲ਼ੇ ਨੂੰ ਭਾਈਚਾਰੇ ਵਿਚ ਚੰਗੀ ਨਜ਼ਰ ਨਾਲ਼ ਨਹੀਂ ਸੀ ਵੇਖਿਆ ਜਾਂਦਾ। ਹੁਣ ਤਾਂ ਪਤਾ ਨਹੀ ਕਿੰਨੇ ਪ੍ਰਕਾਰ ਦੇ, ਨਵੇਂ ਨਵੇਂ ਨਸ਼ੇ ਆ ਗਏ ਹਨ! ਆਪਣੀ ੧੯੭੮ ਵਾਲ਼ੀ ਪੱਛਮੀ ਦੇਸਾਂ ਦੀ ਯਾਤਰਾ ਸਮੇ, ਇਕ ਅਮ੍ਰੀਕਨ ਸਜੀ ਸਿੰਘਣੀ ਨਾਲ਼ ਵਿਚਾਰ ਕਰਦਿਆਂ ਮੈਂ ਆਪਣੀ ਅਣਜਾਣਤਾ ਵੱਸ ਉਸ ਨੂੰ ਪੁੱਛ ਬੈਠਾ ਕਿ ਜਦੋਂ ਸ਼ਰਾਬ, ਤਮਾਕੂ ਆਦਿ ਨਸ਼ੇ ਪੱਛਮੀ ਸਮਾਜ ਵਿਚ ਖੁਲ੍ਹੇ ਤੌਰ ਤੇ ਵਰਤੇ ਜਾਂਦੇ ਹਨ ਤਾਂ ਲੋਕ ਕਿਉਂ ਹੋਰ ਤਰ੍ਹਾਂ ਦੇ ਮਹਿੰਗੇ ਤੇ ਗੈਰ ਕਾਨੂੰਨੀ ਨਸ਼ੇ ਕਰਨ ਦਾ ਖ਼ਤਰਾ ਸਹੇੜਦੇ ਹਨ? ਉਸ ਬੀਬੀ ਨੇ ਦੱਸਿਆ ਕਿ ਇਹ ਨਸ਼ੇ ਤਾਂ ਉਹ ਆਪਣੀ ਮਾਂ ਦੇ ਪੇਟੋਂ ਹੀ ਕਰਦੇ ਆ ਰਹੇ ਹੁੰਦੇ ਹਨ। ਬਾਹਰ ਆ ਕੇ ਨਸ਼ੱਈ ਹੋਣ ਲਈ ਉਹਨਾਂ ਨੂੰ ਬਹੁਤ ਤਿੱਖੇ ਨਸ਼ਿਆਂ ਦੀ ਲੋੜ ਹੁੰਦੀ ਹੈ।

ਹੁਣ ਮੈਂ ਆਪਣੀ ਗੱਲ ਕਰ ਲਵਾਂ। ਏਥੇ ਸਿਡਨੀ ਵਿਚ, ੧੯੯੩ ਦੀ ਦੀਵਾਲੀ ਸਮੇ ਮੈਨੂੰ ਵੀ ਮਾਊਂਟ ਡਰੂਟ ਹਸਪਤਾਲ ਦਾਖਲ ਹੋਣਾ ਪਿਆ। ਇਹ ਦਾਖਲਾ ਮੈਨੂੰ ਮੇਰੇ ਹਮਦਰਦ ਮਿਤਰ ਡਾ. ਨਰਿੰਦਰ ਪਾਲ ਸਿੰਘ ਜੀ ਦੀ ਸਿਫ਼ਾਰਸ਼ ਨਾਲ਼ ਮਿਲਿਆ। ਓਥੇ ਦਾਖਲੇ ਸਮੇ ਆਸਟ੍ਰੇਲੀਅਨ ਗੋਰੇ ਸਪੈਸ਼ਲਿਸਟ ਨੇ ਮੈਨੂੰ ਕੋਈ ਚਿੱਟੇ ਰੰਗ ਦੀ ਦਵਾਈ ਲਾ ਦਿਤੀ ਤੇ ਵਾਹਵਾ ਸਾਰੀਆਂ ਗੋਲ਼ੀਆਂ ਦਿਨ ਵਿਚ ਤਿੰਨ ਵਾਰ ਖਾਣ ਲਈ ਹਿਦਾਇਤ ਕਰ ਦਿਤੀ। ਮੈਨੂੰ ਤਾਂ ਇਉਂ ਮਹਿਸੂਸ ਹੋਵੇ ਕਿ ਜਿਵੇਂ ਮੈ ਆਕਾਸ਼ ਵਿਚ ਉਡਦਾ ਹਾਂ। ਪਹਾੜ ਨੂੰ ਟੱਕਰ ਮਾਰਾਂ ਤੇ ਤੋੜ ਕੇ ਰੱਖ ਦਿਆਂ। ਮੇਰੇ ਸਾਹਮਣੇ ਦੁਨੀਆ ਦੀ ਕੋਈ ਸ਼ਕਤੀ ਨਹੀਂ ਅੜ ਸਕਦੀ। ਮੈ ਮਨ ਹੀ ਮਨ ਸੋਚਦਾ ਸਾਂ ਕਿ ਛੋਟੇ ਜਿਹੇ ਉਪ੍ਰੇਸ਼ਨ ਦੌਰਾਨ ਡਾਕਟਰਾਂ ਪਾਸੋਂ ਮੇਰੇ ਅੰਦਰ ਦੀ ਕੋਈ ਨਾੜ ਗ਼ਲਤੀ ਨਾਲ ਗ਼ਲਤ ਪਾਸੇ ਜੁੜ ਗਈ ਹੈ ਜਿਸ ਸਦਕਾ ਮੇਰੇ ਅੰਦਰ ਅਣਜਾਣੇ ਹੀ ਕੋਈ

ਕਰਾਮਾਤ ਪੈਦਾ ਹੋ ਗਈ ਹੈ। ਕੁਝ ਦਿਨ ਅਜਿਹੀ ਅਵੱਸਥਾ ਰਹੀ। ਇਕ ਦਿਨ ਗੁਰਦੁਆਰਾ ਸਾਹਿਬ ਵਿਖੇ ਹਫ਼ਤਾਵਾਰੀ ਦੀਵਾਨ ਉਪ੍ਰੰਤ, ਮੈਨੂੰ ਹਸਪਤਾਲ ਭੇਜਣ ਵਾਲ਼ੇ ਡਾਕਟਰ ਸਾਹਿਬ ਜੀ ਦੀ ਪਤਨੀ, ਬੀਬੀ ਚਾਂਦ ਸਿੰਘ ਜੀ, ਜੋ ਕਿ ਖ਼ੁਦ ਵੀ ਸਫ਼ਲ ਡਾਕਟਰ ਹਨ ਅਤੇ ਉਹਨਾਂ ਨੂੰ ਮੇਰੇ ਹਸਪਤਾਲ ਜਾਣ ਦਾ ਪਤਾ ਸੀ, ਪੁੱਛਣ ਲੱਗੇ, "ਭਰਾ ਜੀ, ਹੁਣ ਕੀ ਹਾਲ ਹੈ ਤੁਹਾਡਾ?" ਮੈਂ ਬੜੇ ਖ਼ੁਸ਼ੀ ਭਰੇ ਸ਼ਬਦਾਂ ਵਿਚ ਆਪਣੀ 'ਚੜ੍ਹਦੀਕਲਾ' ਵਾਲ਼ੀ ਹਾਲਤ ਬਿਆਨ ਕਰ ਦਿਤੀ। ਉਹ ਮੇਰੇ ਪਾਸੋਂ ਚੁਪ ਚਾਪ ਚਲੇ ਗਏ ਤੇ ਡਾਕਟਰ ਸਾਹਿਬ ਨੂੰ ਬੁਲਾ ਲਿਆਏ। ਡਾਕਟਰ ਜੀ ਨੇ ਆ ਕੇ ਮੈਨੂੰ ਪੁੱਛਿਆ ਕਿ ਮੈਂ ਦਵਾਈ ਕੇਹੜੀ ਖਾਨਾ! ਮੈ ਜਦੋਂ ਡਾਕਟਰ ਜੀ ਨੂੰ ਦਵਾਈ ਵਿਖਾਈ ਤਾਂ ਉਹ ਕਹਿਣ ਲੱਗੇ, "ਇਹ ਦਵਾਈ ਤੁਹਾਨੂੰ ਉਡਾਉਂਦੀ ਹੈ। ਇਸ ਦਾ ਤੁਹਾਨੂੰ ਨਸ਼ਾ ਲੱਗ ਜਾਵੇਗਾ ਜਿਸ ਤੋਂ ਫਿਰ ਖਹਿੜਾ ਨਹੀਂ ਛੁਡਾਇਆ ਜਾ ਸਕੇਗਾ। ਉਸ ਡਾਕਟਰ ਨਾਲ਼ ਸਲਾਹ ਕਰਕੇ ਇਸ ਨੂੰ ਜਿੰਨੀ ਛੇਤੀ ਹ ਸਕੇ, ਛੱਡਣ ਦਾ ਉਪਰਾਲਾ ਕਰੋ।"

ਡਾਕਟਰ ਜੀ ਦੇ ਮੂੰਹੋਂ ਇਹ ਸੁਣ ਕੇ ਮੇਰੀ ਤਾਂ ਖਾਨਿਉਂ ਗਈ! ਮੈਨੂੰ ਫਿਕਰ ਲੱਗ ਗਿਆ ਕਿ ਕਿਤੇ ਮੈਂ ਡਰੱਗੀ ਹੀ ਨਾ ਹੋ ਜਾਵਾਂ! ਮੈ ਫੌਰਨ ਹੀ ਇਹ ਦਵਾਈ ਪ੍ਰਿਸਕਰਾਈਬ ਕਰਨ ਵਾਲੇ ਡਾਕਟਰ ਨੂੰ ਰਿੰਗ ਮਾਰਿਆ ਅਤੇ ਇਸ ਦਵਾਈ ਦੇ ਨਸ਼ੇ ਦਾ ਅਮਲੀ ਬਣ ਜਾਣ ਦਾ ਡਰ ਦੱਸ ਕੇ, ਇਸ ਤੋਂ ਖਹਿੜਾ ਛੁਡਾਉਣ ਲਈ ਆਖਿਆ। ਡਾਕਟਰ ਨੇ ਅੱਗੋਂ ਕਿਹਾ, "ਅਜੇ ਨਹੀ ਚਾਰ ਕੁ ਹਫ਼ਤਿਆਂ ਪਿੱਛੋਂ ਏਨੀ ਮਾਤਰਾ ਵਿਚ ਘਟਾਉਣੀ ਸ਼ੁਰੂ ਕਰਨੀ ਹੈ" ਪਰ ਮੈ ਤਾਂ ਉਸ ਦਿਨ ਤੋਂ ਹੀ ਘਟਾਉਣੀ ਸ਼ੁਰੂ ਕਰ ਦਿਤੀ ਤੇ ਜਿੰਨੀ ਮਾਤਰਾ ਵਿਚ ਉਸ ਨੇ ਘਟਾਉਣ ਲਈ ਕਿਹਾ ਸੀ ਉਸ ਤੋਂ ਦੁਗਣੀ ਘਟਾਉਣੀ ਸ਼ੁਰੂ ਕਰ ਦਿਤੀ। ਮੈਂ ਹੀ ਜਾਣਦਾ ਹਾਂ ਉਸ ਫਰਕ ਨੂੰ। ਇਉਂ ਜਾਪੇ ਜਿਵੇਂ ਮੈ ਸਵੱਰਗ ਤੋਂ ਨਰਕ ਵਿਚ ਆ ਡਿੱਗਾ ਹਾਂ। ਮੈਂ ਮੂਹੋਂ ਮੂੰਹੀਂ ਸੱਜਣਾਂ ਤੇ ਪਰਵਾਰ ਦੇ ਸਾਹਮਣੇ ਅੱਖਾਂ ਵਿਚ ਪਾਣੀ ਭਰ ਕੇ ਆਖਿਆ ਕਰਾਂ ਕਿ ਅਜਿਹੇ ਦਸ ਸਾਲਾਂ ਦੀ ਜ਼ਿੰਦਗੀ ਨਾਲ਼ੋਂ ਤਾਂ ਉਹ ਦਸ ਦਿਨ ਦੀ ਚੰਗੀ। ਨਾ ਕੁਝ ਖਾਣ ਨੂੰ ਜੀ ਕਰੇ ਨਾ ਕੁਝ ਕਰਨ ਨੂੰ। ਕਦੀ ਡੌਲ਼ਿਆਂ ਵਿਚ ਪੀੜ ਕਦੀ ਬਾਹਵਾਂ ਵਿਚ, ਕਦੀ ਲੱਤਾਂ ਵਿਚ ਤੇ ਕਦੀ ਕਿਸੇ ਹੋਰ ਥਾਂ। ਅੱਖਾਂ ਵਿਚ ਹਰ ਵੇਲ਼ੇ ਪਾਣੀ ਭਰਿਆ ਰਹਿਣਾ। ਉਸ ਢਹਿੰਦੀਕਲਾ ਵਾਲ਼ੇ ਸਮੇ ਦੌਰਾਨ ਚੇਤਾ ਆਇਆ, ਛੇਵੇਂ ਦਹਾਕੇ ਦੇ ਪਿਛਲੇ ਅਤੇ ਸੱਤਵੇਂ ਦਹਾਕੇ ਦੇ ਪਹਿਲੇ ਸਾਲਾਂ ਦਾ। ਸਾਡਾ ਇਕ ਮਿੱਤਰ ਹੁੰਦਾ ਸੀ ਸ. ਦਰਸ਼ਨ ਸਿੰਘ ਮਜਬੂਰ। ਉਹ ਬਹੁਤ ਹੀ ਚੜ੍ਹਦੀਕਲਾ ਵਾਲ਼ਾ ਸੱਜਣ ਸੀ ਪਰ ਫਿਰ ਬਹੁਤ ਚਿਰ ਪਿੱਛੋਂ ਸਮਝ ਆਈ ਕਿ ਉਸ ਦੀ ਦਲੇਰੀ ਪਿੱਛੇ ਰਾਜ਼ ਕੀ ਸੀ। ਕਦੀ ਕਦੀ ਉਸ ਨੇ ਸਾਰਿਆਂ ਨੂੰ ਖਿਝ ਖਿਝ ਪੈਣਾ। ਅੰਗਾਂ ਵਿਚ ਪੀੜ ਹੋਣ ਦੀ ਸ਼ਿਕਾਇਤ ਕਰਨੀ। ਫਿਰ ਸਾਡੇ ਨਾਲ਼ ਰੁਸ ਕੇ ਕਿਧਰੇ ਚਲੇ ਜਾਣਾ ਤੇ ਕੁਝ ਸਮੇ ਪਿੱਛੋਂ ਪ੍ਰਸੰਨ ਹੋਏ ਹੋਏ ਨੇ, ਸਾਡੇ ਵਿਚ ਆ ਕੇ ਪਹਿਲਾਂ ਵਾਂਗ ਹੀ ਖ਼ੁਦ ਪ੍ਰਸੰਨ ਹੋਣ ਦੇ ਨਾਲ਼ ਸਾਨੂੰ ਵੀ ਸਾਰਿਆਂ ਨੂੰ ਪ੍ਰਸੰਨ ਕਰ ਦੇਣਾ। ਮੈਨੂੰ ਇਸ ਗੱਲ ਦੀ ਸਮਝ ਨਹੀਂ ਸੀ। ਸਾਡੇ ਸਾਂਝੇ ਮਿੱਤਰ ਸ. ਅਜੀਤ ਸਿੰਘ ਮੌਲਵੀ ਨੇ ਆਖਣਾ ਕਿ ਇਹ ਨਸ਼ੇ ਦਾ ਆਦੀ ਹੈ ਤੇ ਤੋਟ ਸਮੇ ਇਸ ਤਰ੍ਹਾਂ ਕਰਦਾ ਹੈ। ਮੈਂ ਸੁਣ ਲੈਣਾ ਪਰ ਇਸ ਗੱਲ ਨੂੰ ਗੰਭੀਰਤਾ ਨਾਲ਼ ਨਾ ਲੈਣਾ।

ਮੌਲਵੀ ਜੀ ਦਾ ਜ਼ਿਕਰ ਆਉਣ ਤੇ ਇਕ ਹੋਰ ਗੱਲ ਚੇਤੇ ਆ ਗਈ। ਸਾਡੇ ਤੋਂ ਪਹਿਲੀ ਪੀਹੜੀ ਦਾ, ਸ਼੍ਰੋਮਣੀ ਕਮੇਟੀ ਵਿਚ ਇਕ ਬੜਾ ਕਾਮਯਾਬ ਸਟੇਜੀ ਬੁਲਾਰਾ ਹੁੰਦਾ ਸੀ। ਉਹ ਅਫ਼ੀਮ ਦਾ ਅਮਲੀ ਸੀ। ਇਸ ਗੱਲ ਤੋਂ ਉਸ ਨੇ ਅਕਸਰ ਪ੍ਰੇਸ਼ਾਨ ਰਹਿਣਾ ਕਿ ਅਕਾਲੀ ਦਲ ਦੀਆਂ ਸਟੇਜਾਂ ਤੇ ਸਰਕਾਰ ਦੇ ਖ਼ਿਲਾਫ਼ ਭਾਸ਼ਨ ਕਰਨੇ ਹੁੰਦੇ ਨੇ ਤੇ ਇਸ ਕਰਕੇ ਜੇਹਲ ਜਾਣ ਤੇ ਓਥੇ ਨਸ਼ਾ ਨਾ ਮਿਲਣ ਕਾਰਨ ਮੁਸ਼ਕਲ ਹੋ ਸਕਦੀ ਹੈ। ਸ਼ਾਇਦ ਉਸ ਸਮੇ ਅੱਜ ਵਾਂਙ ਜੇਹਲਾਂ ਵਿਚ ਹਰ ਵਸਤੂ ਮਿਲ਼ ਸਕਣ ਦੀ ਸਹੂਲਤ ਨਾ ਹੁੰਦੀ ਹੋਵੇ! ਇਹ ਵੀ ਯਾਦ ਰਹੇ ਕਿ ਅੱਜ ਵਾਂਙ ਓਦੋਂ ਅਕਾਲੀ ਦਲ ਸਰਕਾਰੀ ਪਾਰਟੀ ਨਾ ਹੋ ਕੇ ਵਿਰੋਧੀ ਪਾਰਟੀ ਹੁੰਦਾ ਸੀ ਤੇ ਆਏ ਦਿਨ ਸਰਕਾਰ ਦੇ ਖ਼ਿਲਾਫ਼ ਕੋਈ ਨਾ ਕੋਈ ਮੋਰਚਾ ਵਿੱਢੀ ਹੀ ਰੱਖਦਾ ਸੀ; ਇਸ ਲਈ ਇਸ ਦੇ ਵਰਕਰਾਂ ਤੇ ਪ੍ਰਚਾਰਕਾਂ ਨੂੰ ਜੇਹਲੀਂ ਜਾਣ ਦਾ ਸਬੱਬ ਬਣਦਾ ਹੀ ਰਹਿੰਦਾ ਸੀ। ਫਿਰ ਅਜਿਹਾ ਸਮਾ ਵੀ ਆਇਆ ਜਦੋਂ ਕਦੀ ਅਕਾਲੀਆਂ ਦੀ 'ਵਿੰਗ-ਤੜਿੰਗੀ' ਜਿਹੀ ਸਰਕਾਰ ਬਣ ਜਾਣੀ ਤੇ ਕਦੀ ਕੇਂਦਰ ਦੀ ਕਾਂਗਰਸ ਸਰਕਾਰ ਨੇ ਕਿਸੇ ਨਾ ਕਿਸੇ ਬਹਾਨੇ ਇਹ ਤੋੜ ਦੇਣੀ। ਅਜਿਹੇ ਦੌਰ ਦੌਰਾਨ ਦੋ ਗਵਾਂਢਣਾਂ ਆਪਸ ਵਿਚ ਲੜ ਪਈਆਂ। ਬੰਦਿਆਂ ਵਾਂਙ ਉਹਨਾਂ ਨੇ ਮਾਵਾਂ ਭੈਣਾਂ ਦੀ ਯਹੀ ਤਹੀ ਤਾਂ ਫੇਰਨੀ ਨਹੀਂ ਸੀ। ਕੁਝ ਨਰਮ ਨਰਮ ਜਿਹੀਆਂ, ਬੀਬੀਆਂ ਵਾਲ਼ੀਆਂ ਗਾਹਲ਼ਾਂ ਤੇ ਮੇਹਣੇ ਇਕ ਦੂਜੀ ਨੂੰ ਦੇਣ ਲੱਗੀਆਂ। ਇਕ ਖਿਝ ਕੇ ਆਂਹਦੀ, "ਨੀ, ਤੇਰਾ ਖਸਮ ਮਰ ਜਾਵੇ! ਰੱਬ ਕਰਕੇ ਤੂੰ ਰੰਡੀ ਹੋ ਜਾਵੇਂ!" ਦੂਜੀ ਜਵਾਬ ਵਿਚ ਆਂਹਦੀ, "ਨੀ ਰੱਬ ਕਰੇ, ਤੇਰਾ ਘਰ ਵਾਲ਼ਾ 'ਕਾਲੀ ਹੋ ਜੇ!" ਕਿਸੇ ਸਿਆਣੇ ਬੰਦੇ ਨੇ ਲਾਗੋਂ ਆਖਿਆ, "ਬੀਬੀ, ਤੂੰ ਇਹ ਕੀ ਗੱਲ ਕੀਤੀ! ਲੜਾਈ ਵਿਚ ਤਾਂ ਨਹਿਲੇ ਤੇ ਦਹਿਲਾ ਮਾਰਿਆ ਜਾਂਦਾ ਏ ਪਰ ਤੂੰ ਤਾਂ ਨਹਿਲੇ ਤੇ ਦੁੱਕੀ ਵੀ ਨਹੀ ਮਾਰੀ! ਅਕਾਲੀਆਂ ਦੀ ਤਾਂ ਚਾਰੇ ਪਾਸੇ ਚੜ੍ਹਤ ਵਾ। ਮਾਰ ਸਿਪਾਹੀ ਤੇ ਠਾਣੇਦਾਰ ਵੀ ਇਹਨਾਂ ਦਾ ਲਿਹਾਜ਼ ਕਰਦੇ ਆ; ਅਕਾਲੀ ਹੋਣਾ ਮਾੜਾ ਕਿਵੇਂ ਹੋ ਗਿਆ?" ਉਹ ਬੀਬੀ ਅੱਗੋਂ ਆਂਹਦੀ, "ਆਹ, ਚੜ੍ਹਤ ਵਾ! ਸਵਾਹ ਤੇ ਖੇਹ! ਮੈ ਰੰਡੀ ਹੋ ਜਾਊਂ ਤਾਂ ਜਾਂ ਸਬਰ ਕਰ ਲਊਂ ਜਾਂ ਕਿਸੇ ਹੋਰ ਨੂੰ ਸਿਰ ਧਰ ਲਊਂ। ਇਹਦੇ ਘਰ ਵਾਲ਼ਾ 'ਕਾਲੀ ਹੋਇਆ ਨਾ ਜੀਂਦਿਆਂ 'ਚ ਨਾ ਮੋਇਆਂ 'ਚ। ਸਰਕਾਰ ਬਣ ਗਈ ਤਾਂ ਰੇਲਾਂ ਵਿਚ, ਸਰਕਾਰ ਟੁੱਟ ਗਈ ਤਾਂ ਜੇਹਲਾਂ ਵਿਚ। ਨਾ ਉਹ ਘਰ ਵੜੇ, ਨਾ ਇਹ ਕਿਸੇ ਹੋਰ ਦੇ ਬਹਿਣ ਜੋਗੀ।" ਪਰ ਹੁਣ ਇਹ ਹਾਲਤ ਨਹੀਂ ਰਹੀ। ਅਕਾਲੀਆਂ ਨੂੰ ਵੀ ਸਮੇ ਅਤੇ ਤਜਰੱਬੇ ਨੇ ਰਾਜ ਭਾਗ ਦਾ ਸੁਖ ਮਾਨਣਾ ਸਿਖਾ ਦਿਤਾ ਹੈ। ਹਾਂ, ਗੱਲ ਚੱਲੀ ਸੀ ਅਮਲੀ ਪ੍ਰਚਾਰਕ ਦੀ। ਉਸ ਨੂੰ ਸਾਡਾ ਸਾਂਝਾ ਮਿੱਤਰ, ਸ. ਅਜੀਤ ਸਿੰਘ ਮੌਲਵੀ, ਫ਼ਤਿਹਗੜ੍ਹ ਸਾਹਿਬ ਨੇੜੇ ਆਪਣੇ ਘਰ ਵਿਚ ਲੈ ਗਿਆ। ਮੌਲਵੀ ਚੰਗੇ ਖਾਦੇ ਪੀਂਦੇ ਜ਼ਿਮੀਦਾਰ ਪਰਵਾਰ ਵਿਚੋਂ ਸੀ। ਉਸ ਨੇ ਉਸ

ਪ੍ਰਚਾਰਕ ਨੂੰ ਆਪਣੇ ਘਰ ਰੱਖ ਕੇ, ਉਸ ਦੀ ਚੰਗੀ ਸੇਵਾ ਕੀਤੀ। ਉਸ ਦੀ ਅਫ਼ੀਮ ਛੁਡਵਾਈ। ਉਸ ਦਾ ਗੰਦ ਮੰਦ ਵੀ ਸਾਂਭਿਆ ਤੇ ਘਰ ਦਾ ਦੁਧ ਘਿਓ ਹੋਣ ਕਰਕੇ, ਉਸ ਦੀ ਖੁਰਾਕੀ ਪੱਖ ਤੋਂ ਵੀ ਚੰਗੀ ਸੰਭਾਲ਼ ਕੀਤੀ। ਕੁਝ ਦਿਨ ਤਾਂ ਉਹ ਬਿਨਾ ਅਫ਼ੀਮ ਤੋਂ ਰਿਹਾ ਪਰ ਕੁਝ ਸਮੇ ਪਿਛੋਂ ਮੈਨੂੰ ਪਤਾ ਲੱਗਾ ਕਿ ਉਹ ਫਿਰ ਇਸ ਕਲ਼ਮੂੰਹੀ ਦਾ ਗੱਫਾ ਲਾਉਣ ਲੱਗ ਪਿਆ ਸੀ। ਮੈ ਇਕ ਦਿਨ ਉਸ ਨੂੰ ਇਸ ਬਾਰੇ ਪੁੱਛਿਆ ਤਾਂ ਉਹ ਖਿਸਿਆਨਾ ਜਿਹਾ ਹੋ ਕੇ, ਐਵੇਂ ਪਾਣੀ ਮਾਰਵੇਂ ਜਿਹੇ ਬਹਾਨੇ ਸੁਣਾਉਣ ਲੱਗ ਪਿਆ, ”ਓਇ ਸੰਤੋਖ ਸਿਹਾਂ, ਯਾਰ ਕੀ ਦੱਸਾਂ, ਕੁੜੀ ਯਾਵ੍ਹਾ ਨਾ ਖਾਣ ਦਾ ਸਵਾਦ ਨਾ ਪੀਣ ਦਾ, ਨਾ ਲੈਕਚਰ ਕਰਨ ਦਾ, ਨਾ ਗੱਲ ਕਰਨ ਦਾ, ਨਾ ……… ” ਕੁਝ ਸਾਲਾਂ ਪਿੱਛੋਂ ਉਸ ਦੀ ਮੌਤ ਵੀ ਇਕ ਦਿਨ ਆਮ ਦਿਨਾਂ ਨਾਲ਼ੋਂ ਕੁਝ ਵਧ ਅਫ਼ੀਮ ਦਾ ਗੱਫਾ (ਓਵਰਡੋਜ਼) ਲਾ ਲੈਣ ਕਾਰਨ ਹੀ ਹੋਈ। ਕਾਰਨ ਇਹ ਬਣਿਆ ਕਿ ਗ਼ਲਤੀ ਨਾਲ਼ ਕਿਤੇ ਮਿਲਾਵਟ ਵਾਲ਼ੀ ਅਫ਼ੀਮ ਦੀ ਥਾਂ, ਬਿਨਾ ਮਿਲਾਵਟ ਤੋਂ ਮਿਲ਼ ਗਈ ਤੇ ਉਸ ਨੇ ਮਿਲਾਵਟ ਵਾਲ਼ੀ ਜਿੰਨੀ ਮਾਤਰਾ ਵਿਚ ਹੀ ਨਿਗਲ਼ ਲਈ ਜਿਸ ਨੇ ਉਸ ਦਾ ਇਸ ਜ਼ਹਿਮਤ ਤੋ ਸਦਾ ਲਈ ਛੁਟਕਾਰਾ ਕਰਾ ਦਿਤਾ।

ਸ਼ੁਕਰ ਹੈ ਉਸ ਸਰਬ ਸ਼ਕਤੀਮਾਨ ਨਿਰੰਕਾਰ ਦਾ ਕਿ ਉਸ ਨੇ ਸਮੇ ਸਿਰ ਡਾਕਟਰ ਨਰਿੰਦਰਪਾਲ ਸਿੰਘ ਜੀ ਦੁਆਰਾ ਮੈਨੂੰ ਸੂਚਤ ਕਰਵਾ ਦਿਤਾ ਅਤੇ ਫਿਰ ਯੋਗ ਦ੍ਰਿੜ੍ਹਤਾ ਵੀ ਬਖ਼ਸ਼ੀ ਜਿਸ ਕਰਕੇ ਮੇਰਾ ਇਸ ਜ਼ਹਿਮਤ ਤੋਂ ਸਮੇ ਸਿਰ ਹੀ ਛੁਟਕਾਰਾ ਹੋ ਗਿਆ।

ਉਸ ਸਮੇ ਤੋਂ ਹੁਣ ਤੱਕ, ਜਦੋਂ ਮੈਨੂੰ ਪਤਾ ਲੱਗਦਾ ਹੈ ਕਿ ਫਲਾਣਾ ਵਿਅਕਤੀ ਨਸ਼ੱਈ ਹੈ ਤਾਂ ਉਸ ਨੂੰ ਉਪਦੇਸ਼ ਦੇਣ ਦੀ ਬਜਾਇ ਮੈਨੂੰ ਉਸ ਉਪਰ ਤਰਸ ਹੀ ਆਉਂਦਾ ਹੈ।

# ਪਾਠਾਂ ਦੀਆਂ ਕਿਸਮਾਂ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠਾਂ ਦੀਆਂ ਵਾਹਵਾ ਸਾਰੀਆਂ ਕਿਸਮਾਂ ਇਸ ਸਮੇ ਸਿੱਖ ਸਮਾਜ ਵਿਚ ਪ੍ਰਚੱਲਤ ਹਨ। ਸੰਤਾਂ ਮਹਾਂਪੁਰਸ਼ਾਂ ਦੁਆਰਾ ਪ੍ਰੇਮੀਆਂ ਨੂੰ ਪ੍ਰੇਰ ਕੇ, ਉਹਨਾਂ ਦੇ ਆਪੋ ਆਪਣੇ ਡੇਰੇ ਦੀ ਬਣਾਈ ਹੋਈ ਮਰਯਾਦਾ ਅਨੁਸਾਰ ਪਾਠ ਕਰਵਾਏ ਜਾਂਦੇ ਹਨ। ਇਹਨਾਂ ਵਿਚੋਂ ਕੁਝ ਕੁ ਇਸ ਪ੍ਰਕਾਰ ਹਨ: ਸਹਿਜ (ਸਾਧਾਰਣ) ਪਾਠ, ਸਪਤਾਹਕ ਪਾਠ, ਅਖੰਡ ਪਾਠ, ਅਤੀ ਅਖੰਡਪਾਠ, ਸੰਪਟ ਅਖੰਡ ਪਾਠ, ਸੱਤ ਦਿਨਾਂ ਵਾਲ਼ਾ ਸੰਪਟ ਅਖੰਡ ਪਾਠ, ਪੰਝੀ ਦਿਨਾਂ ਵਾਲ਼ਾ ਸੰਪਟ ਅਖੰਡ ਪਾਠ ਆਦਿ ਤੋਂ ਇਲਾਵਾ ਹੋਰ ਵੀ ਕੁਝ ਕਿਸਮਾਂ ਪਾਠਾਂ ਦੀਆਂ ਹੋਣਗੀਆਂ ਜਿਨ੍ਹਾਂ ਬਾਰੇ ਮੈਨੂੰ ਗਿਆਨ ਨਹੀ। ਭਾਵੇਂ ਕਿ ਪੰਥ ਪਰਵਾਨਤ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਜਾਰੀ ਹੋਈ 'ਸਿੱਖ ਰਹਿਤ ਮਰਯਾਦਾ' ਅਨੁਸਾਰ, ਸੰਗਤ ਵਿਚ ਇਕ ਸਮੇ ਇਕੋ ਹੀ ਕਾਰਜ ਹੋਣਾ ਚਾਹੀਏ। ਜੇ ਪਾਠ ਹੁੰਦਾ ਹੈ ਤਾਂ ਕਥਾ ਕੀਰਤਨ ਨਾ ਹੋਵੇ; ਜੇ ਕਥਾ ਕੀਰਤਨ ਹੋ ਰਿਹਾ ਹੋਵੇ ਤਾਂ ਪਾਠ ਨਾ ਹੋਵੇ। ਇਹ ਨਾ ਹੋਵੇ ਕਿ ਸਜੇ ਦੀਵਾਨ ਵਿਚ ਕਥਾ, ਕੀਰਤਨ, ਵਿਖਿਆਨ ਆਦਿ ਵੀ ਹੋ ਰਹੇ ਹੋਣ ਅਤੇ ਨਾਲ਼ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਵੀ ਚੱਲ ਰਿਹਾ ਹੋਵੇ। ਫਿਰ ਇਹ ਵੀ ਕਿ ਚੱਲ ਰਹੇ ਪਾਠ ਦੇ ਨਾਲ਼ ਨਾਲ਼ ਕਿਸੇ ਹੋਰ ਪੋਥੀ ਜਾਂ ਬਾਣੀ ਦਾ ਪਾਠ ਵੀ ਨਹੀ ਹੋਣਾ ਚਾਹੀਦਾ। ਪਰ ਬਚਪਨ ਤੋਂ ਵੇਖਦੇ ਆ ਰਹੇ ਹਾਂ ਕਿ ਜਿਥੇ ਕਿਤੇ ਕਿਸੇ ਸੰਤ ਜਾਂ ਸੰਪਰਦਾ ਦਾ ਪ੍ਰਭਾਵ ਹੋਵੇ ਓਥੇ ਅਜਿਹੀ ਮਰਯਾਦਾ ਨੂੰ ਨਹੀ ਮੰਨਿਆ ਜਾਂਦਾ; ਬਲਕਿ ਇਸ ਨੂੰ 'ਅਕਾਲੀਆਂ ਦੀ ਮਰਯਾਦਾ' ਆਖ ਕੇ ਛੁਟਿਆਇਆ ਵੀ ਜਾਂਦਾ ਹੈ। ਬਚਪਨ ਤੋਂ ਵੇਖਿਆ ਗਿਆ ਹੈ ਕਿ ਜਦੋਂ ਅਖੰਡ ਪਾਠ ਹੋ ਰਿਹਾ ਹੋਵੇ ਤਾਂ ਨਾਲ਼ ਪੰਜ ਗ੍ਰੰਥੀ ਪੋਥੀ ਦਾ ਪ੍ਰਕਾਸ਼ ਕਰਕੇ ਪੰਜਾਂ ਪਾਠੀਆਂ ਦੇ ਨਾਲ਼ ਪੰਜ ਗ੍ਰੰਥੀ ਪੋਥੀ ਤੋਂ ਜਪੁ ਜੀ ਸਾਹਿਬ ਪੜ੍ਹਨ ਵਾਲ਼ੇ ਵੀ ਰੱਖੇ ਜਾਂਦੇ ਸਨ/ਹਨ; ਉਹਨਾਂ ਨੂੰ ਮੇਰੇ ਬਚਪਨ ਸਮੇ ਧੂਪੀਏ ਆਖਿਆ ਜਾਂਦਾ ਸੀ। ਖਾਸ ਕਰਕੇ ਮਾਲਵੇ ਦੇ ਇਲਾਕੇ ਵਿਚ ਇਹ ਰਿਵਾਜ਼ ਵਧ ਸੀ। ਮੈਨੂੰ ਅਜਿਹਾ ਵੇਖਣ ਅਤੇ ਹਿੱਸਾ ਲੈਣ ਦਾ ਅਵਸਰ, ਬਚਪਨ ਵਿਚ ਮੇਰੇ ਗਵਾਂਢੀ ਪਿੰਡ ਵੈਰੋ ਨੰਗਲ ਦੇ ਇਤਿਹਾਸਕ ਗੁਰਦੁਆਰਾ ਗੁਰੂਆਣਾ ਵਿਚ ਪਰਾਪਤ ਹੋਇਆ। ਓਦੋਂ ਪਾਠ ਸਮੇ ਹੋਰ ਸਮਗਰੀ ਦੇ ਨਾਲ਼ ਧੂਪ ਵੀ ਉਚੇਚਾ ਤਿਆਰ ਕੀਤਾ ਜਾਂਦਾ ਸੀ ਜੋ ਮਹਾਂਰਾਜ ਦੇ ਨੇੜੇ ਬਲ਼ ਰਹੀ ਅੱਗ ਵਿਚ ਸਮੇ ਸਮੇ ਪਾਇਆ ਜਾਂਦਾ ਸੀ ਤੇ ਇਹ ਕਾਰਜ ਧੂਪੀਏ ਦਾ ਹੁੰਦਾ ਸੀ ਜੋ ਕਿ ਨਾਲ਼ ਨਾਲ਼ ਮੂੰਹ ਵਿਚ ਪੋਥੀ ਤੋਂ ਜਪੁ ਜੀ ਸਾਹਿਬ ਦਾ ਪਾਠ ਵੀ ਕਰੀ ਜਾਂਦਾ ਹੁੰਦਾ ਸੀ। ਮੇਰੇ ਖਿਆਲ ਵਿਚ ਪਾਠੀ ਦੇ ਨਾਲ਼ ਇਕ ਪਹਿਰੇਦਾਰ ਲਾਇਆ ਜਾਂਦਾ ਸੀ ਜਿਸ ਦਾ ਕਾਰਜ ਹੋਰ ਸੇਵਾ ਦੇ ਨਾਲ਼ ਨਾਲ਼ ਲਗਾਤਾਰ ਧੂਪ ਧੁਖਾਉਣਾ ਵੀ ਹੁੰਦਾ ਸੀ ਤੇ ਏਸੇ ਕਰਕੇ ਹੀ ਉਸ ਦੀ ਸੰਗਿਆ 'ਧੂਪੀਆ' ਹੋਈ। ਫਿਰ ਇਸ ਸੋਚ ਅਧੀਨ ਕਿ ਉਹ ਵੇਹਲਾ ਨਾ ਬੈਠੇ, ਨਾਲ ਨਾਲ਼ ਮੂੰਹ ਵਿਚ ਜਪੁ ਜੀ ਸਾਹਿਬ ਦਾ ਪਾਠ ਵੀ ਕਰੀ ਜਾਵੇ। ਬਚਪਨ ਵਿਚ ਮੈਨੂੰ ਵੀ ਕਦੀ ਕਦੀ ਇਹ ਸੇਵਾ ਨਿਭਾਉਣ ਦਾ ਸ਼ੁਭ ਅਵਸਰ ਪਰਾਪਤ ਹੁੰਦਾ ਰਿਹਾ; ਖਾਸ ਕਰਕੇ ਮੁਕਤਸਰ ਦੇ ਇਲਾਕੇ ਵਿਚ। ਇਹ ਗੱਲ ਤਾਂ ਏਥੇ ਮੁੱਕ ਗਈ।

ਮਹਾਨ ਕੋਸ਼ (ਪੰਨਾ ੪੦) ਅਨੁਸਾਰ, ਉਹ ਪਾਠ, ਜੋ ਨਿਰੰਤਰ ਹੋਵੇ। ੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ, ਜੋ ੧੩ ਪਹਿਰ ਵਿਚ ਕੀਤਾ ਜਾਂਦਾ ਹੈ। ਚਾਰ ਅਥਵਾ ਪੰਜ ਪਾਠੀ ਨੰਬਰ ਵਾਰ ਬਦਲਦੇ ਰਹਿੰਦੇ ਹਨ ਅਤੇ ਪਾਠ ਨਿਰੰਤਰ ਹੁੰਦਾ ਰਹਿੰਦਾ ਹੈ। ਪਾਠ ਦੀ ਇਹ ਰੀਤਿ ਪੰਥ ਵਿਚ ਬੁਢੇ ਦਲ ਨੇ ਚਲਾਈ ਹੈ। ਸਤਿਗੁਰਾਂ ਦੇ ਸਮੇ ਅਖੰਡਪਾਠ ਨਹੀ ਹੋਇਆ ਕਰਦਾ ਸੀ। ਬਹੁਤ ਲੋਕ ਪਾਠ ਦੇ ਨਾਲ਼ ਦਿਨ ਰਾਤ ਅਖੰਡ ਦੀਵਾ ਮਚਾਉਂਦੇ ਹਨ। ਜਲ ਦਾ ਘੜਾ ਅਤੇ ਨਾਰੀਏਲ ਆਦਿਕ ਰੱਖਦੇ ਹਨ ਪਰ ਇਹ ਮਰਯਾਦਾ ਆਰੰਭਕਾਂ ਤੋਂ ਨਹੀਂ ਚੱਲੀ।

ਪੰਥ ਪ੍ਰਵਾਨਤ 'ਸਿੱਖ ਰਹਿਤ ਮਰਯਾਦਾ' ਵਿਚ ਅਖੰਡ ਪਾਠ ਬਾਰੇ ਜੋ ਮਰਯਾਦਾ ਦੱਸੀ ਗਈ ਹੈ ਉਹ ਤਾਂ ਬਹੁਤ ਹੀ ਸਾਦੀ ਤੇ ਸਿਧੀ ਹੈ ਪਰ ਪ੍ਰੋਫ਼ੈਸ਼ਨਲ ਪਾਠੀ ਸਿੰਘਾਂ ਨੇ ਇਸ ਵਿਚ ਬਹੁਤ ਸਾਰੇ ਉਲ਼ਝੇਵੇਂ ਉਲ਼ਝਾ ਰੱਖੇ ਹਨ।

ਪਤਾ ਨਹੀ ਕਿਉਂ, ਮੈ ਸ਼ੁਰੂ ਤੋਂ ਹੀ ਅਖੰਡਪਾਠ ਵਿਚ ਦੋ ਘੰਟੇ ਦੀ ਰੌਲ਼ ਲਾਉਣ ਤੋਂ ਆਨਾ ਕਾਨੀ ਕਰਦਾ ਆ ਰਿਹਾ ਹਾਂ। ਜੇ ਕਿਤੇ ਨਾ ਹੀ ਕੋਈ ਹੋਰ ਪਾਠੀ ਮਿਲ਼ੇ ਤਾਂ ਮਜਬੂਰੀ ਵਿਚ ਹੀ ਮੈ ਇਹ ਸੇਵਾ ਕਰਦਾ ਹਾਂ। ਹੋ ਸਕਦਾ ਹੈ ਕਿ ਕਿਤੇ ਬਚਪਨ ਵਿਚ ਬੈਠਿਆ ਮਹਾਰਾਜ ਦਾ ਭੈ ਹੋਵੇ ਜਾਂ ਕੁਝ ਹੋਰ। ਹਾਂ, ਇਕ ਗੱਲ ਹੈ ਕਿ ਬਚਪਨ ਤੋਂ ਹੀ ਅੰਤਰ ਆਤਮੇ ਮੇਰੇ ਅੰਦਰ ਇਕ ਕਿਸੇ ਕਿਸਮ ਦਾ ਡਰ ਜਿਹਾ ਬੈਠਾ ਹੋਇਆ ਹੈ ਕਿ ਜੇ ਮੈਂ ਪਾਠ ਦੀ ਰੌਲ਼ ਤੇ ਬੈਠ ਗਿਆ ਤਾਂ ਦੋ ਘੰਟੇ ਤੋਂ ਪਹਿਲਾਂ ਉਠ ਨਹੀ ਸਕਦਾ। ਪਤਾ ਨਹੀ ਕਿਉਂ ਪਰ ਆਪਣੀ ਮਰਜੀ ਦੇ ਵਿਰੁਧ ਕਿਸੇ ਥਾਂ ਜਾਂ ਕਾਰਜ ਨੂੰ ਆਪਣੀ ਮਰਜੀ ਅਨੁਸਾਰ ਨਾ ਕਰ ਸਕਣ ਬਾਰੇ ਮੇਰਾ ਮਨ ਨਹੀ ਮੰਨਦਾ। ਮੈਨੂੰ ਫ਼ੌਜ ਵਿਚ ਭਰਤੀ ਹੋਣ ਦਾ ਬੜਾ ਚਾ ਹੁੰਦਾ ਸੀ ਪਰ ਜਦੋਂ ਇਹ ਪਤਾ ਲੱਗਾ ਕਿ ਇਕ ਵਾਰ ਭਰਤੀ ਹੋ ਜਾਣ ਪਿੱਛੋਂ ਮੈਂ ਆਪਣੀ ਮਰਜੀ ਅਨੁਸਾਰ ਇਹ ਨੌਕਰੀ ਛੱਡ ਨਹੀਂ ਸਕਾਂਗਾ ਤਾਂ ਮੈਂ ਫ਼ੌਜ ਵਿਚ ਜਾਣੋ ਝਿਜਕ ਗਿਆ। ਸ਼ਾਇਦ ਏਸੇ ਕਰਕੇ ਹੀ ਮੈਂ ਅਖੰਡ ਪਾਠ ਵਿਚ ਦੋ ਘੰਟਿਆਂ ਦੀ ਰੌਲ਼ ਲਾਉਣ ਤੋਂ ਗੁਰੇਜ਼ ਕਰਦਾ ਹੋਵਾਂ!

ਮੇਰੇ ਅਖੰਡ ਪਾਠਾਂ ਵਿਚ ਹਿੱਸਾ ਲੈਣ ਤੋਂ ਗੁਰੇਜ਼ ਦਾ ਇਕ ਕਾਰਨ ਇਹ ਵੀ ਹੈ ਕਿ ਬਾਹਰਲੇ ਦੇਸਾਂ ਵਿਚ ਪ੍ਰੋਫ਼ੈਸ਼ਨਲ ਪਾਠੀ ਸਿੰਘਾਂ ਦੀ ਘਾਟ ਕਾਰਨ, ਆਮ ਕਿਰਤੀ ਸਿੰਘਾਂ/ਸਿੰਘਣੀਆਂ ਪਾਸੋਂ ਇਹ ਸੇਵਾ ਲਈ ਜਾਂਦੀ ਹੈ ਜੋ ਕਿ ਚੱਲਦੀ ਰਿਵਾਇਤ ਦੇ ਅਨੁਸਾਰ, ਜਿੰਨੀ ਰਫ਼ਤਾਰ ਨਾਲ ਪਾਠ ਹੋਣਾ ਚਾਹੀਦਾ ਹੈ ਓਨੀ ਚਾਲ਼ ਅਨੁਸਾਰ ਉਹ ਪੂਰਾ ਨਹੀ ਕਰ ਸਕਦੇ। ਫਿਰ ਉਹਨਾਂ ਵੱਲੋਂ ਰਹੀ ਲੇਟ ਕਢਣ ਲਈ ਰਾਤ

ਸਮੇ ਆਪ ਬੈਠ ਕੇ ਬਹੁਤ ਤੇਜ ਪਾਠ ਕਰਨਾ ਪੈਂਦਾ ਹੈ। ਅਜਿਹਾ ਕਰਦਿਆਂ ਖ਼ੁਦ ਨੂੰ ਤਸੱਲੀ ਨਹੀਂ ਹੁੰਦੀ। ਪਾਠ ਬਹੁਤ ਹੀ ਤੇਜ ਰਫ਼ਤਾਰ ਨਾਲ਼ ਕਰਨਾ ਪੈਂਦਾ ਹੋਣ ਕਰਕੇ, ਯਾਦ ਤੇ ਸਮਝ ਵਿਚ ਵੀ ਕੁਝ ਨਹੀ ਰਹਿੰਦਾ ਕਿ ਕੀ ਪੜ੍ਹਿਆ ਗਿਆ ਹੈ। ਇਸ ਲਈ ਅਜਿਹੇ ਪਾਠਾਂ ਤੋਂ ਮੈ ਸੰਕੋਚ ਕਰਨ ਦਾ ਯਤਨ ਹੀ ਕਰਦਾ ਹਾਂ। ਪ੍ਰਬੰਧਕਾਂ ਨੂੰ ਬੇਨਤੀ ਵੀ ਕੀਤੀ ਹੋਈ ਹੈ ਕਿ ਜਿਥੇ ਨਾ ਹੀ ਸਰਦਾ ਹੋਵੇ ਓਥੇ ਹੀ ਮੇਰੀ ਸੇਵਾ ਲਾਉਣੀ। ਜੇਕਰ ਮੇਰੇ ਬਿਨਾ ਸਰਦਾ ਹੋਵੇ ਤਾਂ ਬਹੁਤ ਚੰਗੀ ਗੱਲ ਹੈ।

ਮੈਨੂੰ ਯਾਦ ਆ ਰਿਹਾ ਹੈ ਆਪਣੀ ੨੦੦੩ ਵਾਲ਼ੇ ਦੁਨੀਆ ਦੇ ਦੁਆਲ਼ੇ ਵਾਲ਼ੇ ਦੌਰੇ ਦਾ ਸਮਾ। ਇਸ ਦੌਰਾਨ ਮੈ ਕੈਲੇਫੋਰਨੀਆ ਦੇ ਵੱਡੇ ਸ਼ਹਿਰ ਸਨ, ਫ਼ਰਾਂਸਿਸਕੋ ਦੇ ਨੇੜਲੇ ਸ਼ਹਿਰ ਫ਼ਰੀਮੌਂਟ ਵਿਚ ਕੁਝ ਦਿਨ ਲਈ ਰੁਕਿਆ ਹੋਇਆ ਸਾਂ ਤਾਂ ਓਥੇ ਦੇ ਗ੍ਰੰਥੀ ਸਿੰਘ ਜੀ ਨੇ ਪਾਠੀਆਂ ਦੀ ਘਾਟ ਹੋਣ ਦੀ ਮਜਬੂਰੀ ਕਾਰਨ ਮੈਨੂੰ ਅੱਗੇ ਜਾਣੋ ਰੋਕ ਕੇ, ਪਾਠ ਵਿਚ ਮੇਰੀ ਰੌਲ਼ ਲਾ ਦਿਤੀ। ਇਕੋ ਕਮਰੇ ਵਿਚ ਬਹੁਤ ਸਾਰੇ ਸਰੂਪ ਪ੍ਰਕਾਸ਼ਤ ਕਰਕੇ, ਕਈ ਅਖੰਡ ਪਾਠ ਨਾਲ਼ੋ ਨਾਲ ਰੱਖੇ ਹੋਏ ਸਨ। ਗਿਣਤੀ ਤਾਂ ਹੁਣ ਯਾਦ ਨਹੀਂ ਰਹੀ। ਇਕ ਸਰੂਪ ਤੋਂ ਇਕ ਪਾਠੀ ਬੋਲ ਕੇ ਪਾਠ ਕਰਦਾ ਸੀ ਤੇ ਬਾਕੀ ਸਾਰੇ ਮੂੰਹ ਵਿਚ ਉਸ ਦੇ ਨਾਲ਼ ਨਾਲ਼ ਪਾਠ ਕਰਦੇ ਸਨ। ਮੇਰੀ ਰੌਲ਼ ਸਮੇ ਗੁਰਦੁਆਰਾ ਸਾਹਿਬ ਵਿਖੇ ਸੈਕਿਉਰਟੀ ਦੀ ਸੇਵਾ ਕਰਨ ਵਾਲਾ ਪਾਠੀ ਸਿੰਘ ਬਹੁਤ ਸੋਹਣਾ ਪਾਠ ਕਰਦਾ ਸੀ। ਉਸ ਦਾ ਪਾਠ ਸਰਲ ਵੀ ਸੀ ਤੇ ਵਾਹਵਾ ਸ਼ੁਧ ਵੀ। ਰੱਬ ਵੱਲੋਂ ਉਸ ਨੂੰ ਬਹੁਤ ਹੀ ਸੁੰਦਰ ਤੇ ਸੁਰੀਲੀ ਆਵਾਜ਼ ਵੀ ਬਖ਼ਸ਼ੀ ਹੋਈ ਸੀ। ਉਹ ਕਵੀਸ਼ਰਾਂ ਵਾਂਗ ਗਾ ਕੇ ਪਾਠ ਕਰਦਾ ਸੀ। ਕਦੀ ਤਾਂ ਏਨੀ ਲੰਮੀ ਹੇਕ ਲਾ ਕੇ ਇਕ ਪਦ ਤੇ ਏਨਾ ਸਮਾ ਰੁਕ ਜਾਂਦਾ ਸੀ ਕਿ ਬਾਕੀ ਪਾਠੀਆਂ ਨੂੰ ਉਸ ਦੇ ਨਾਲ਼ ਰੁਕਣਾ ਹੀ ਪੈਂਦਾ ਹੋਵੇਗਾ। ਸਾਰੇ ਪਾਠੀ ਸਿੰਘਾਂ ਤੋਂ ਸਾਰੇ ਪਾਠ ਇਕਸਾਰ ਹੀ ਕਰਨ ਦੀ ਆਸ ਕੀਤੀ ਜਾਂਦੀ ਸੀ ਕਿਉਂਕਿ ਸਾਰੇ ਪਾਠਾਂ ਦਾ ਭੋਗ ਇਕੋ ਸਮੇ ਹੀ ਪਾਉਣਾ ਹੁੰਦਾ ਸੀ। ਫਿਰ ਉਹ ਕਦੀ ਏਨੀ ਤੇਜੀ ਨਾਲ਼ ਪਾਠ ਕਰਦਾ ਸੀ ਕਿ ਉਸ ਦੇ ਨਾਲ਼ ਰਲਣਾ ਮੇਰੇ ਲਈ ਮੁਸ਼ਕਲ ਹੋ ਜਾਂਦਾ ਸੀ। ਮੈਂ, ਜੋ ੧੯੫੪ ਤੋਂ ਅਖੰਡ ਪਾਠ ਵਿਚ ਰੌਲ਼ ਲਾ ਸਕਣ ਦੀ ਸਮਰਥਾ ਰਖਦਾ ਹਾਂ, ਉਸ ਦੇ ਨਾਲ਼ ਨਹੀਂ ਸੀ ਰਲ਼ ਸਕਦਾ ਤਾਂ ਬਾਕੀ ਕਿਰਤੀ ਸੱਜਣ, ਜੋ ਕਿ ਉਪਜੀਵਕਾ ਹਿਤ ਹੋਰ ਕਾਰ ਵਿਹਾਰ ਕਰਦੇ ਸਨ, ਉਹ ਕਿਵੇਂ ਉਸ ਨਾਲ਼ ਰਲਦੇ ਹੋਣਗੇ! ਹੋ ਸਕਦਾ ਹੈ ਕਿ ਉਹ ਉਸ ਦੇ ਨਾਲ਼ ਨਾਲ਼ ਰਲ਼ੇ ਰਹਿਣ ਲਈ ਕੁਝ ਪਾਠ ਵਿਚੋਂ ਛੱਡ ਕੇ, ਭੱਜ ਕੇ ਉਸ ਨਾਲ਼ ਰਲ਼ਦੇ ਹੋਣ! ਅਜਿਹੇ ਪਾਠਾਂ ਦਾ ਕੀ ਲਾਭ?

੨੦੧੦ ਦੀ ਹੀ ਗੱਲ ਹੈ ਕਿ ਮੈਂ ਆਪਣੀਆਂ ਪੁਸਤਕਾਂ ਦੀ ਪ੍ਰਮੋਸ਼ਨ ਵਾਸਤੇ ਇਕ ਮੁਲਕ ਵਿਚ ਗਿਆ। ਉਸ ਸ਼ਹਿਰ ਦੇ ਗੁਰਦੁਆਰੇ ਦੇ ਪ੍ਰਬੰਧਕਾਂ ਨੇ ਮੇਰੇ ਨਾਲ਼ ਖਾਸਾ ਠੰਡਾ ਵਿਹਾਰ ਕੀਤਾ। ਇਹ ਵੀ ਸ਼ੁਕਰ ਹੈ ਕਿ ਉਹਨਾਂ ਕਈ ਥਾਵਾਂ ਦੇ ਪ੍ਰਬੰਧਕਾਂ ਵਾਂਙ ਤੱਤਾ ਵਰਤਾ ਨਹੀ ਕੀਤਾ। ਇਕ ਪ੍ਰੇਮੀ ਨੇ ਗੁਰਦੁਆਰਾ ਸਾਹਿਬ ਵਿਖੇ ਅਖੰਡ ਪਾਠ ਰਖਵਾਇਆ। ਆਦਤ ਅਨੁਸਾਰ ਮੈਂ ਆਖ ਬੈਠਾ ਕਿ ਪਾਠੀ ਸਿੰਘਾਂ ਦੀ ਘਾਟ ਕਾਰਨ ਜੇਕਰ ਕਿਤੇ ਲੋੜ ਹੋਈ ਤਾਂ ਮੈਂ ਵੀ ਸੇਵਾ ਕਰ ਸਕਦਾ ਹਾਂ। ਮੈ ਤਾਂ ਏਨਾ ਆਖ ਕੇ ਭੁੱਲ ਗਿਆ ਪਰ ਉਹਨਾਂ ਨੇ ਮੈਨੂੰ ਬਿਨਾ ਦੱਸਿਆਂ ਪੁਛਿਆਂ, ਮੇਰੀ ਵਾਰੀ ਦੋਵੇ ਰਾਤਾਂ ਦੋ ਤੋਂ ਚਾਰ, ਜਪੁ ਜੀ ਸਾਹਿਬ ਪੜ੍ਹਨ ਵਾਸਤੇ ਰੱਖ ਦਿਤੀ। ਮੈ ਸ਼ੂਗਰ ਦਾ ਮਰੀਜ ਦਿਲ ਵਿਚ ਮਾਯੂਸ ਤਾਂ ਅਜਿਹੇ ਵਰਤਾ ਤੋਂ ਹੋਇਆ ਪਰ ਨਾਂਹ ਕਰਨ ਦੀ ਹਿੰਮਤ ਨਾ ਕਰ ਸਕਿਆ। ਹਾਲਾਂ ਕਿ ਉਹਨਾਂ ਦੀ ਮਜਬੂਰੀ ਕੋਈ ਨਹੀ ਸੀ। ਉਹ ਕਿਸੇ ਵੀ ਬੀਬੀ ਜਾਂ ਗੁਰਸਿੱਖ ਤੋਂ, ਜਪੁ ਜੀ ਸਾਹਿਬ ਪੜ੍ਹਨ ਦੀ ਸੇਵਾ ਲੈ ਸਕਦੇ ਸਨ। "ਆਪੇ ਫਾਥੜੀਏ ਤੈਨੂੰ ਕੌਣ ਛੁਡਾਵੇ?"

ਇਸ ਪਾਠ ਦੀ ਵਿਲੱਖਣਤਾ ਮੈਂ ਜੋ ਵੇਖੀ ਉਹ ਪਹਿਲਾਂ ਮੇਰੇ ਕਿਤੇ ਵੇਖਣ ਸੁਣਨ ਵਿਚ ਨਹੀਂ ਸੀ ਆਈ। ਉਹਨਾਂ ਨੇ ਕੋਈ ਬਹੁਤ ਵੱਡ ਆਕਾਰੀ ਪੋਥੀ ਜਪੁ ਜੀ ਸਾਹਿਬ ਦੇ ਇਕ ਤੋਂ ਵਧ ਪਾਠਾਂ ਦੀ ਛਪੀ ਹੋਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਬਰਾਬਰ ਓਸੇ ਤਰ੍ਹਾਂ ਹੀ ਪ੍ਰਕਾਸ਼ਤ ਕੀਤੀ ਹੋਈ ਸੀ ਜਿਸ ਤੋਂ ਅਖੰਡ ਪਾਠ ਦੇ ਨਾਲ ਨਾਲ਼ ਇਕ ਸਿੰਘ ਜਾਂ ਸਿੰਘਣੀ ਜਪੁ ਜੀ ਸਾਹਿਬ ਦਾ ਪਾਠ ਮੂੰਹ ਵਿਚ ਕਰਦਾ ਸੀ ਤੇ ਦੋ ਦੋ ਘੰਟੇ ਦੀ ਰੌਲ਼ ਦੂਸਰੇ ਪਾਠੀ ਸਿੰਘਾਂ ਵਾਂਙ ਹੀ ਲਾਉਂਦਾ ਸੀ। ਵੇਖਣ ਵਾਲ਼ੇ ਨੂੰ ਇਉਂ ਲੱਗਦਾ ਸੀ ਜਿਵੇਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਦੋ ਸਰੂਪ ਪ੍ਰਕਾਸ਼ਤ ਹੋਣ। ਮੈਂ ਅਜਿਹੀ ਪੋਥੀ ਦੇ ਪਹਿਲੀ ਵਾਰ ਦਰਸ਼ਨ ਕੀਤੇ ਸਨ। ਇਸ ਤੋਂ ਇਲਾਵਾ ਗੁਰੂ ਸਾਹਿਬ ਜੀ ਦੇ ਨੇੜੇ ਹੀ, ਗੁਰਦੁਆਰਾ ਸਾਹਿਬ ਦੇ ਫਰਸ਼ ਉਪਰ, ਇਕ ਧੂਪ ਧੁਖਾਉਣ ਵਾਲ਼ਾ ਕੁੰਡ ਬਣਾਇਆ ਹੋਇਆ ਸੀ ਤੇ ਪਾਠੀ ਦੇ ਨਾਲ਼, ਇਕ ਇਕ ਸਿੰਘ ਵਾਰੀ ਵਾਰੀ ਓਥੇ ਧੂਪ ਧੁਖਾਉਣ ਦੀ ਸੇਵਾ ਕਰਨ ਦੇ ਨਾਲ਼ ਨਾਲ਼, ਜਪੁ ਜੀ ਸਾਹਿਬ ਵਾਂਗ ਹੀ ਮੂੰਹ ਵਿਚ ਗੁਟਕੇ ਤੋਂ ਚੌਪਈ ਦਾ ਪਾਠ ਕਰਦਾ ਸੀ। ਅਜਿਹੀ ਕਿਸਮ ਦੇ ਅਖੰਡ ਪਾਠ ਦੇ ਦਰਸ਼ਨ ਮੈਨੂੰ ਪਹਿਲੀ ਵਾਰ ਹੀ ਹੋਏ। ਹੋ ਸਕਦਾ ਹੈ ਕਿ ਉਹਨਾਂ ਨੂੰ ਕਿਸੇ ਸੰਤ ਮਹਾਤਮਾ ਨੇ ਅਜਿਹੀ ਵਿਧੀ ਨਾਲ਼ ਅਖੰਡ ਪਾਠ ਕਰਨ ਲਈ ਹੁਕਮ ਕੀਤਾ ਹੋਵੇ! ਵੈਸੇ ਉਹ ਸਾਰਾ ਪਰਵਾਰ ਪੰਜ ਕਕਾਰ ਦਾ ਧਾਰਨੀ ਰਹਿਤਵਾਨ ਪਰਵਾਰ ਹੈ।

ਇਸ ਤੋਂ ਇਲਾਵਾ ਮੇਰੇ ਇਕ ਪੜ੍ਹੇ ਲਿਖੇ ਮਿੱਤਰ ਨੇ ਦੱਸਿਆ ਕਿ ਉਹਨਾਂ ਦੇ 'ਪਾਤਿਸ਼ਾਹਾਂ' ਦੀ ਮਰਯਾਦਾ ਅਨੁਸਾਰ ਉਹ ਜਿਥੇ ਅਖੰਡ ਪਾਠ ਕਰਦੇ ਹਨ ਓਥੇ ਤਿਆਰ ਬਰ ਤਿਆਰ ਉਹਨਾਂ ਦੀ ਮਰਯਾਦਾ ਦੇ ਧਾਰਨੀ ਪੰਝੀ ਸਿੰਘ ਹੋਣੇ ਜਰੂਰੀ ਹਨ। ਪੰਜ ਅਖੰਡ ਪਾਠੀ, ਪੰਜ ਜਪੁ ਜੀ ਸਾਹਿਬ ਪੜ੍ਹਨ ਵਾਲ਼ੇ, ਪੰਜ ਧੂਪੀਏ, ਪੰਜ ਲਾਂਗਰੀ ਅਤੇ ਪੰਜ ਪਹਿਰੇ ਦਾਰ। ਇਹ ਪਹਿਰੇਦਾਰ ਨੰਗੀਆਂ ਕ੍ਰਿਪਾਨਾਂ ਨਾਲ਼ ਸਾਰੇ ਕੁਝ ਦੀ ਨਿਗਰਾਨੀ ਕਰਦੇ ਹਨ। ਸਾਰੇ ਸਿੰਘਾਂ ਨੂੰ ਪਾਠ ਦੌਰਾਨ ਹਾਜਰ ਰਹਿਣਾ ਪੈਂਦਾ ਹੈ। ਜੇ ਕਿਸੇ ਨੇ ਹਾਜਤ ਰਫ਼ਾ ਕਰਨ ਲਈ ਵੀ ਖੇਤਾਂ

ਵਿਚ ਜਾਣਾ ਹੋਵੇ ਤਾਂ ਉਹ ਨੰਗੀ ਕ੍ਰਿਪਾਨ ਦੇ ਪਹਿਰੇ ਹੇਠ ਹੀ ਜਾ ਸਕਦਾ ਹੈ। ਸੱਤ ਜਾਂ ਪੰਝੀ ਦਿਨਾਂ ਵਾਲ਼ੇ ਸੰਪਟ ਅਖੰਡ ਪਾਠ ਜਾਂ ਕਿਸੇ ਵੀ ਕਿਸਮ ਦੇ ਹੋਰ ਪਾਠ ਦੌਰਾਨ, ਸਾਰਾ ਸਮਾ ਉਹਨਾਂ ਸਿੰਘਾਂ ਦਾ ਓਥੇ ਏਸੇ ਤਰ੍ਹਾਂ ਨੰਗੀ ਕ੍ਰਿਪਾਨ ਦੇ ਪਹਿਰੇ ਹੇਠ ਰਹਿਣਾ ਜਰੂਰੀ ਹੈ। ਸੱਤ ਦਿਨਾਂ ਦੇ ਸੰਪਟ ਪਾਠ ਵਿਚ ਹਰੇਕ ਸ਼ਬਦ ਦੇ ਬਾਅਦ ਸੰਪਟ ਵਾਲਾ ਸ਼ਬਦ ਪੜ੍ਹਿਆ ਜਾਂਦਾ ਹੈ ਤੇ ਪੰਝੀ ਦਿਨਾਂ ਵਾਲ਼ੇ ਵਿਚ ਹਰੇਕ ਤੁਕ ਦੇ ਬਾਅਦ ਸੰਪਟ ਵਾਲ਼ਾ ਸ਼ਬਦ ਪੜ੍ਹਿਆ ਜਾਂਦਾ ਹੈ। ਇਸ ਸ਼ਰਧਾਵਾਨ ਅਤੇ ਰਹਿਤਵਾਨ ਮਿੱਤਰ ਤੋਂ ਸੁਣਿਆ ਕਿ ਕਿਸੇ ਸੰਤ ਜੀ ਦਾ ਬਚਨ ਹੈ ਕਿ ਅਖੰਡ ਪਾਠ ਦੇ ਨਾਲ਼ ਨਾਲ਼ ਜਪੁ ਜੀ ਸਾਹਿਬ ਦਾ ਪਾਠ ਕਰਨ ਨਾਲ਼, ਪਾਠ ਵਿਚੋਂ ਰਹਿ ਗਏ ਅੱਖਰ ਪੂਰੇ ਹੋ ਜਾਂਦੇ ਹਨ।

ਕਰਾਉਣ ਵਾਲ਼ੇ ਸ਼ਰਧਾ ਸਹਿਤ ਇਹ ਕੁਝ ਕਰਵਾਉਂਦੇ ਹਨ ਤੇ ਕਰਨ ਵਾਲ਼ੇ ਕਰਦੇ ਹਨ।ਸਾਨੂੰ ਇਸ ਸਾਰੇ ਕੁਝ ਉਪਰ ਇਤਰਾਜ਼ ਕਰਨ ਦਾ ਕੋਈ ਅਧਿਕਾਰ ਨਹੀ। ਸਾਡਾ ਨਹੀ ਵਿਸ਼ਵਾਸ਼ ਤੇ ਅਸੀਂ ਇਹ ਕੁਝ ਨਾ ਕਰੀਏ। ਸਾਡੇ ਕੋਲ਼ੋਂ ਕੋਈ ਜਬਰਦਸਤੀ ਇਹ ਕੁਝ ਨਹੀ ਕਰਵਾਉਂਦਾ। ਅਜਿਹਾ ਖ਼ਰਚ ਤੇ ਖੇਚਲ਼ ਵਾਲਾ ਕਾਰਜ ਕਰਨ ਵਾਲ਼ਿਆਂ ਨੂੰ, ਇਸ ਤੋਂ ਕੋਈ ਲਾਭ ਹੁੰਦਾ ਹੋਵੇਗਾ ਤਾਂ ਹੀ ਉਹ ਇਹ ਸਭ ਕਰਦੇ/ਕਰਵਾਉਂਦੇ ਨੇ! ਉਹਨਾਂ ਦੀ ਕੋਈ ਮੰਗ ਜਾਂ ਸੁੱਖਣਾ ਪੂਰੀ ਹੁੰਦੀ ਹੀ ਹੋਵੇਗੀ। ਜਿਸ ਡਾਕਟਰ ਕੋਲ਼ੋਂ ਸਾਡੀ ਮਰਜ ਦੂਰ ਨਾ ਹੋਵੇ ਅਸੀਂ ਉਸ ਕੋਲ਼ ਜਾਣਾ ਛੱਡ ਦਿੰਦੇ ਹਾਂ। ਉਸ ਡਾਕਟਰ ਕੋਲ਼ ਹੀ ਮੁੜ ਮੁੜ ਜਾਂਦੇ ਹਾਂ ਜਿਸ ਤੋਂ ਸਾਨੂੰ ਆਰਾਮ ਆਇਆ ਹੋਵੇ। ਏਸੇ ਤਰ੍ਹਾਂ ਅਜਿਹੀਆਂ ਧਾਰਮਿਕ ਰਸਮਾਂ ਬਾਰੇ ਸਮਝਿਆ ਜਾ ਸਕਦਾ ਹੈ ਕਿ ਜਿਸ ਕਾਰਜ ਤੋਂ ਸਾਡੀ ਮਨੋ ਕਾਮਨਾ ਜਾਂ ਮਾਨਸਿਕ ਤਸੱਲੀ ਹੁੰਦੀ ਹੈ, ਓਹੀ ਕਾਰਜ ਅਸੀਂ ਮੁੜ ਮੁੜ ਕਰਦੇ ਹਾਂ।

# ਘਰੋਂ ਜਾਈਏ ਭੁੱਖੇ ਤੇ ਅੱਗੋਂ ਕੋਈ ਨਾ ਪੁੱਛੇ

ਬਚਪਨ ਤੋਂ ਇਕ ਲੋਕੋਕਤੀ ਸੁਣਿਆ ਕਰਦੇ ਸਾਂ:

ਘਰੋਂ ਜਾਈਏ ਖਾ ਕੇ, ਅੱਗੋਂ ਮਿਲਣ ਪਕਾ ਕੇ।
ਘਰੋਂ ਜਾਈਏ ਭੁੱਖੇ, ਅੱਗੋਂ ਕੋਈ ਨਾ ਪੁੱਛੇ।

ਗੱਲ ਇਹ ੧੯੯੬ ਦੀ ਹੈ ਜਦੋਂ ਮੈਨੂੰ ਖ਼ਾਲਸਾ ਦੀਵਾਨ ਸੋਸਾਇਟੀ ਵੈਨਕੂਵਰ ਵਾਲ਼ਿਆਂ ਨੇ ਪ੍ਰਚਾਰ ਹਿਤ ਬੁਲਾਇਆ। ਓਥੇ ਅੱਠ ਹਫ਼ਤਿਆਂ ਦੇ ਸਮੇ ਦੌਰਾਨ, ਛੇ ਹਫ਼ਤੇ ਰੋਜ਼ਾਨਾ ਇਕ ਤੋਂ ਵਧ ਮੇਰੇ ਵਿਖਿਆਨਾਂ ਦਾ ਸਿੱਧਾ ਪ੍ਰਸਾਰਨ ਰੇਡੀਉ ਰਾਹੀਂ ਹੁੰਦਾ ਰਿਹਾ ਜੋ ਕਿ ਸਾਰੇ ਉਤਰੀ ਅਮ੍ਰੀਕਾ ਵਿਚ ਸੁਣਾਈ ਦਿੰਦਾ ਸੀ। ਅਮ੍ਰੀਕਾ, ਕੈਨੇਡਾ ਦੇ ਹੋਰ ਕਈ ਸ਼ਹਿਰਾਂ ਵਿਚੋਂ ਪ੍ਰਸੰਸਾ ਦੇ ਸੁਨੇਹੇ ਆਉਂਦੇ ਰਹੇ ਪਰ ਇਕ ਸੁਨੇਹਾ ਦੂਜਿਆਂ ਨਾਲ਼ੋਂ ਵਧ ਯਾਦ ਵਿਚ ਟਿਕਿਆ ਰਿਹਾ; ਉਹ ਸੀ ਸਾਨ ਫ਼੍ਰਾਂਸਿਸਕੋ ਦੇ ਨੇੜੇ ਇਕ ਛੋਟੇ ਜਿਹੇ ਸ਼ਹਿਰ ਵਿਚ ਰਹਿਣ ਵਾਲ਼ੇ ਸ. ਕਰਨੈਲ ਸਿੰਘ ਜੀ ਦਾ ਪ੍ਰਸੰਸਕ ਫ਼ੋਨ।

ਉਹਨਾਂ ਨੇ ਕਈ ਥਾਂਵਾਂ ਤੇ ਫ਼ੋਨ ਕਰ ਕਰ ਕੇ ਆਖਰ ਮੇਰੇ ਤਕ ਪਹੁੰਚ ਬਣਾ ਹੀ ਲਈ। 'ਫ਼ਤਿਹ ਫ਼ਤੂਹੀ' ਅਤੇ ਪਰਸਪਰ ਪ੍ਰਸੰਸਾਤਮਿਕ ਸ਼ਬਦਾਂ ਦੇ ਵਟਾਂਦਰੇ ਅਤੇ 'ਸੁਖ ਸਾਂਦ' ਪੁੱਛਣ ਪਿੱਛੋਂ ਉਹਨਾਂ ਨੇ ਆਪਣੇ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਉਹ ਅੰਮ੍ਰਿਤਸਰ ਵਿਚ ਸ਼੍ਰੋਮਣੀ ਕਮੇਟੀ ਵਲੋਂ ਚਲਾਏ ਜਾ ਰਹੇ, ਸ੍ਰੀ ਗੁਰੂ ਰਾਮ ਦਾਸ ਹਾਈ ਸਕੂਲ (ਹੁਣ ਸੀਨੀਅਰ ਸੈਕੰਡਰੀ) ਵਿਚ ਟੀਚਰ ਰਹੇ ਸਨ, ਜਿਸ ਦੇ ਨੇੜੇ ਹੀ ਇਸ ਸਮੇ ਸਾਡਾ ਵੀ ਘਰ ਹੈ। ਫ਼ੋਨ ਰਾਹੀਂ ਉਹਨਾਂ ਨੇ ਕਮੇਟੀ ਦੇ ਕੁਝ ਪੁਰਾਣੇ ਆਗੂਆਂ, ਪ੍ਰਬੰਧ ਆਦਿ ਬਾਰੇ ਦਿਲਚਸਪ ਗੱਲਾਂ ਕੀਤੀਆਂ। ਦਿਲ ਵਿਚ ਇੱਛਾ ਪੈਦਾ ਹੋਈ ਕਿ ਜਦੋਂ ਸਮਾ ਮਿਲਿਆ ਸਰਦਾਰ ਜੀ ਦੇ ਪਾਸ ਬੈਠ ਕੇ ਹੋਰ ਉਹਨਾਂ ਦੀਆਂ ਯਾਦਾਂ ਨੂੰ ਕੁਰੇਦ ਕੇ, ਉਹਨਾਂ ਪਾਸੋਂ ਪੰਥਕ ਆਗੂਆਂ ਅਤੇ ਘਟਨਾਵਾਂ ਬਾਰੇ ਜਾਣਕਾਰੀ ਪਰਾਪਤ ਕੀਤੀ ਜਾਵੇਗੀ।

ਛੇ ਕੁ ਸਾਲ ਪਿਛੋਂ ਇਹ ਸਬੱਬ ਵੀ, ਆਪਣੀ ਦੁਨੀਆਂ ਦੇ ਦੁਆਲ਼ੇ ਦੀ ੨੦੦੩ ਵਾਲ਼ੀ ਭੁਆਂਟਣੀ ਸਮੇ, ਬਣ ਗਿਆ। ਵੈਨਕੂਵਰ ਤੋਂ ਟਰੱਕ ਰਾਹੀਂ ਮੈ ਕੈਲੇਫੋਰਨੀਆ ਦੀ ਰਾਜਧਾਨੀ ਸੈਕਰਾਮੈਂਟੋ ਪਹੁੰਚ ਗਿਆ ਤੇ ਓਥੋਂ ਡਾਂਡੇ ਮੀਂਡੇ ਜਿਹੇ, ਕਈ ਥਾਂਈਂ ਹੁੰਦਾ ਹੋਇਆ, ਆਪਣੇ ਪੁਰਾਣੇ ਮਿੱਤਰ, ਸ. ਬਲਰਾਜ ਸਿੰਘ ਬਰਾੜ ਪਾਸ, ਫ਼ਰਿਜ਼ਨੋ ਪਹੁੰਚ ਗਿਆ। ਦੋ ਰਾਤਾਂ ਓਥੇ ਰਹਿਣ ਪਿਛੋਂ ਸ. ਕਰਨੈਲ ਸਿੰਘ ਜੀ ਹੋਰਾਂ ਨੂੰ ਮਿਲਣ ਦਾ ਉਦਮ ਹੋ ਗਿਆ। ਉਹਨਾਂ ਦਾ ਟਾਊਨ ਓਥੋਂ ਨੇੜੇ ਹੀ ਪੈਂਦਾ ਸੀ। ਇਕ ਦਿਨ ਸਵੇਰੇ ਹੀ ਬਰਾੜ ਜੀ ਦੇ ਘਰੋਂ ਚਾਹ ਦਾ ਕੱਪ ਪੀ ਕੇ, ਟਰੱਕ ਤੇ ਸਵਾਰ ਹੋ ਕੇ, ਸਰਦਾਰ ਜੀ ਦੇ ਟਾਊਨ ਵੱਲ ਚਾਲੇ ਪਾ ਦਿਤੇ। ਅੱਗੋਂ ਸ. ਸੁਖਜੀਵਨ ਸਿੰਘ ਜੀ ਨੇ ਮੈਨੂੰ ਟਰੱਕ ਤੋਂ ਲਾਹ ਕੇ ਆਪਣੀ ਕਾਰ ਵਿਚ ਲੱਦ ਲਿਆ ਤੇ ਸਰਦਾਰ ਜੀ ਦੇ ਘਰ ਲੈ ਗਏ। ਦਿਨ ਵੀ ਵਾਹਵਾ ਵੱਡਾ ਚੜ੍ਹ ਗਿਆ ਸੀ ਤੇ ਗਰਮੀਆਂ ਦਾ ਮੌਸਮ ਹੋਣ ਕਰਕੇ ਤੇ ਸਵੇਰ ਤੋਂ ਖਾਲੀ ਪੇਟ ਹੋਣ ਕਰਕੇ, ".... ਭੁਖ ਤਿਖਾ ਦੋਇ ਭਉਕੀਆ॥" (ਪੰਨਾ ੧੪੬) ਦਾ ਪ੍ਰਭਾਵ ਵੀ ਜ਼ੋਰਾਂ ਤੇ ਸੀ। ਦਿਲ ਵਿਚ ਸੋਚ ਰਿਹਾ ਸਾਂ ਕਿ ਸਰਦਾਰ ਜੀ ਦੇ ਘਰ ਪਹੁੰਚਣ ਤੇ ਜਦੋਂ ਉਹ ਚਾਹ ਪਾਣੀ ਬਾਰੇ ਪੁਛਣਗੇ ਤਾਂ ਆਖਾਂਗਾ ਕਿ ਦਹੀਂ ਦੀ ਪਤਲੀ ਲੱਸੀ, ਲੂਣ ਘੋਰ ਕੇ ਦਿਓ ਤੇ ਖਾਣ ਲਈ ਪੁੱਛਣ ਤੇ ਆਖਾਂਗਾ ਕਿ ਜੇ ਕੋਈ ਉਚੇਚੀ ਖੇਚਲ਼ ਨਾ ਹੋਵੇ ਤਾਂ ਦੋ ਪਰਾਉਂਠੇ ਲਾਹ ਦਿਓ। ਉਹਨਾਂ ਦੇ ਘਰ ਪਹੁੰਚਦਿਆਂ ਹੀ, ਜਿਵੇਂ ਰਿਵਾਜ਼ ਹੋ ਗਿਆ ਹੈ ਕਿ ਬਿਨਾ ਪੁੱਛੇ ਦੱਸੇ ਹੀ, ਗਰਮ ਗਰਮ ਚਾਹ ਤੇ ਬਿਸਕੁਟ ਉਹਨਾਂ ਦੀ ਨੌਂਹ ਨੇ ਸਾਡੇ ਅੱਗੇ ਲਿਆ ਰੱਖੇ ਤੇ ਫਿਰ ਦੋਵੇਂ ਜੀ ਪੁੱਤਰ ਤੇ ਨੌਂਹ ਕੰਮ ਤੇ ਚਲੇ ਗਏ। ਠੀਕ ਹੈ, ਉਹ ਮੇਰੇ ਵਾਂਙ ਵੇਹਲੇ ਥੋਹੜੇ ਸਨ ਜੋ ਸਾਡੇ ਪਾਸ ਬੈਠ ਕੇ ਸਾਡੀਆਂ ਵਕਤ ਵਿਹਾ ਚੁੱਕੇ ਸਮੇ ਦੀਆਂ ਫ਼ਜ਼ੂਲ ਗੱਲਾਂ ਸੁਣਦੇ! ਹੋਰ ਕੋਈ ਚਾਰਾ ਨਾ ਚੱਲਦਾ ਵੇਖ ਕੇ ਅਸੀਂ ਦੋਹਾਂ ਜਣਿਆਂ ਨੇ ਮਿੱਠੀ ਚਾਹ ਦਾ 'ਕੌੜਾ ਘੁੱਟ' ਭਰ ਲਿਆ।

ਅਸੀਂ ਤਾਂ ਦੋਵੇਂ ਸ਼੍ਰੋਮਣੀ ਕਮੇਟੀ ਦੀਆਂ ਪੁਰਾਣੀਆਂ ਯਾਦਾਂ ਵਿਚ ਉਲਝ ਗਏ। ਮੈਂ ਉਹਨਾਂ ਪਾਸੋਂ ਪੁਰਾਣੀਆਂ ਗੱਲਾਂ ਸੁਣ ਕੇ ਆਪਣੀ ਜਾਣਕਾਰੀ ਵਿਚ ਵਾਧਾ ਕਰ ਰਿਹਾ ਸਾਂ। ਉਹਨਾਂ ਦੀ ਸਿੰਘਣੀ ਜੀ ਛੇਤੀ ਹੀ ਉਠ ਕੇ ਆਪਣੇ ਕਮਰੇ ਵਿਚ ਜਾ ਕੇ ਟੈਲੀਵਿਯਨ ਖੋਹਲ ਕੇ ਬੈਠ ਗਏ। ਸ. ਕਰਨੈਲ ਸਿੰਘ ਜੀ ਹੋਰੀਂ ਜਥੇਦਾਰ ਮੋਹਣ ਸਿੰਘ ਨਾਗੋਕੇ ਬਾਰੇ ਬਹੁਮੁੱਲੀ ਜਾਣਕਾਰੀ ਮੈਨੂੰ ਦੇ ਰਹੇ ਸਨ। ਤੁਰਨ ਸਮੇ ਕੁਝ ਛਪਿਆ ਮੈਟਰ ਵੀ ਜਥੇਦਾਰ ਜੀ ਬਾਰੇ ਉਹਨਾਂ ਨੇ ਮੈਨੂੰ ਦਿਤਾ। ਜਥੇਦਾਰ ਮੋਹਨ ਸਿੰਘ ਨਾਗੋਕੇ ਜੀ ਅਕਾਲੀ ਮੋਰਚਿਆਂ ਸਮੇ, ਅੰਮ੍ਰਿਤਸਰ ਦੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਵਿਚ ਕਿਸੇ ਕਲੈਰੀਕਲ ਪੋਸਟ ਤੇ ਕੰਮ ਕਰਦੇ ਸਨ ਤੇ ਸਰਕਾਰੀ ਨੌਕਰੀ ਛੱਡ ਕੇ, ਅਕਾਲੀ ਲਹਿਰ ਵਿਚ ਸ਼ਾਮਲ ਹੋ ਗਏ ਸਨ। ਇਹ ਉਸ ਸਮੇ ਦੇ ਉਘੇ ਅਕਾਲੀ ਆਗੂ ਹੋਏ ਹਨ ਜੋ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਭ ਤੋਂ ਲੰਮਾ ਸਮਾ ਜਥੇਦਾਰ ਅਤੇ ਚਾਰ ਕੁ ਸਾਲ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੀ ਜਥੇਦਾਰੀ ਦੇ ਨਾਲ਼ ਹੀ ਰਹੇ। ਅਰਥਾਤ ਇਹਨਾਂ ਦੋਹਾਂ ਮਹਤਵਪੂਰਣ ਪਦਵੀਆਂ ਉਪਰ ਇਕੋ ਸਮੇ ਸੁਸ਼ੋਭਤ ਰਹੇ। ਹੋਰ ਕਿਸੇ ਆਗੂ ਨੂੰ ਇਹ ਸੁਭਾਗ ਪਰਾਪਤ ਨਹੀ ਹੋਇਆ। ਸ਼੍ਰੋਮਣੀ ਅਕਾਲੀ ਦਲ ਵਿਚ ਉਹਨਾਂ ਦੇ ਗਰੁਪ ਨੂੰ 'ਨਾਗੋਕੇ ਗਰੁਪ' ਕਿਹਾ ਜਾਂਦਾ ਸੀ ਅਤੇ ਇਸ ਗਰੁਪ ਦੇ ਆਗੂ ਜਥੇਦਾਰ ਊਧਮ ਸਿੰਘ ਨਾਗੋਕੇ ਹੁੰਦੇ ਸਨ। ਮਾਸਟਰ ਤਾਰਾ ਸਿੰਘ ਅਤੇ ਜਥੇਦਾਰ ਊਧਮ ਸਿੰਘ ਦੇ ਪਰਸਪਰ ਵਿਰੋਧੀ ਗਰੁਪਾਂ ਵਿਚ ਵੀ ਜ. ਮੋਹਨ ਸਿੰਘ ਜੀ ਸਮੇ ਸਮੇ ਪੁਲ਼ ਦਾ ਕੰਮ ਦਿਆ ਕਰਦੇ ਸਨ। ਇਹ ਸਾਰਾ ਗਰੁਪ,

ਕਾਂਗਰਸ ਦਾ ਰਾਜ ਆਉਣ ਉਪਰ, ਮਹਾਂਰਾਜਾ ਪਟਿਆਲਾ, ਸ. ਯਾਦਵਿੰਦਰ ਸਿੰਘ ਰਾਹੀਂ, ਕਾਂਗਰਸ ਵਿਚ ਸ਼ਾਮਲ ਹੋ ਗਿਆ ਸੀ। ਜਥੇਦਾਰ ਮੋਹਨ ਸਿੰਘ ਜੀ ਕਾਂਗਰਸ ਵਿਚ ਜਾ ਕੇ ਸੁਬਾਰਡੀਨੇਟ ਸਰਵਿਸ ਸਿਲੈਕਸ਼ਨ ਬੋਰਡ ਦੇ ਮੈਂਬਰ ਅਤੇ ਕਾਂਗਰਸ ਵਲੋਂ ਐਮ.ਐਲ.ਏ. ਵੀ ਰਹੇ।

ਪੁਰਾਤਨ ਅਕਾਲੀ ਲੀਡਰਸ਼ਿਪ ਬਾਰੇ ਜਾਣਕਾਰੀ ਲੈਂਦਿਆਂ ਦੁਪਹਿਰ ਹੋ ਗਈ ਸੀ ਤੇ ਦੋ ਵਾਰ ਦੀ ਚਾਹ ਤੋਂ ਇਲਾਵਾ ਸਵੇਰ ਦਾ ਹੋਰ ਕੁਝ ਛਕਣ ਦਾ ਸੁਭਾਗ ਪਰਾਪਤ ਨਾ ਸੀ ਹੋਇਆ। ਸਰਦਾਰ ਜੀ ਮੇਰੀ ਕਿਆਸ ਅਰਾਈ ਨਾਲ਼ੋਂ ਵਧ ਬਜ਼ੁਰਗ ਸਨ। ਉਹਨਾਂ ਦੇ ਸਿੰਘਣੀ ਜੀ ਮੁੜ ਆਪਣੇ ਕਮਰੇ ਵਿਚੋਂ ਬਾਹਰ ਨਾ ਆਏ। ਭੁੱਖ ਅਤੇ ਤੇਹ, ਇਹਨਾਂ ਦੋਹਾਂ ਬੀਬੀਆਂ ਨੇ ਸਲਾਹ ਕਰਕੇ ਸਾਨੂੰ ਵਾਹਵਾ ਹੀ ਸਤਾਇਆ ਹੋਇਆ ਸੀ। ਉਹਨਾਂ ਦੇ ਘਰੋਂ ਨਿਕਲ਼ਦਿਆਂ ਹੀ ਸ. ਸੁਖਜੀਵਨ ਸਿੰਘ ਜੀ ਇਕ ਦੁਕਾਨ ਵਿਚ ਜਾ ਵੜੇ ਕਿਉਂਕਿ ਉਹਨਾਂ ਦੀ ਸਿੰਘਣੀ ਵੀ, ਬੱਚਿਆਂ ਸਮੇਤ ਆਪਣੇ ਪੇਕੇ, ਕਿਸੇ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਗਈ ਹੋਈ ਸੀ। ਸੁਖਜੀਵਨ ਸਿੰਘ ਨੇ 'ਟਾਕੋ' (ਠਓਲਕੋ) ਨਾਂ ਦੀ ਕੋਈ ਖਾਣ ਵਾਲ਼ੀ ਵਸਤੂ ਖ਼ਰੀਦੀ। ਮੈਂ ਉਹ ਛਕਣ ਦਾ ਨਿਸਫਲ ਜਿਹਾ ਯਤਨ ਕੀਤਾ ਪਰ ਪਹਿਲਾਂ ਕਦੀ ਛਕੀ ਨਾ ਹੋਣ ਕਰਕੇ ਤੇ ਤੇਹ ਦਾ ਜੋਰ ਹੋਣ ਕਰਕੇ, ਫਿਰ ਉਸ ਵਿਚ ਖੱਟੀ ਅਤੇ ਮਿੱਠੀ ਚਟਣੀ ਦੀ ਬਹੁਤਾਤ ਹੋਣ ਕਰਕੇ, ਅੱਧਾ ਕੁ ਹੀ ਨਿਗਲ਼ਿਆ ਤੇ ਬਾਕੀ ਬਚਦਾ, ਅੱਖ ਬਚਾ ਕੇ ਬਿਨ ਵਿਚ ਸੁੱਟਿਆ। ਇਹ ਕੋਈ ਮੈਕਸੀਕਨ ਖਾਣਾ ਸੀ। ਦੁਕਾਨੋ ਨਿਕਲ਼ਦਿਆਂ ਸੁਖਜੀਵਨ ਸਿੰਘ ਹੋਰੀ ਕਹਿੰਦੇ ਕਿ ਕਿਸੇ ਨੂੰ ਦੱਸਣਾ ਨਹੀਂ ਕਿ ਅਸੀਂ ਟਾਕੋ ਖਾਧਾ ਸੀ। ਮੈਨੂੰ ਬੜਾ ਹੋਰੂੰ ਜਿਹਾ ਮਹਿਸੂਸ ਹੋਇਆ ਇਹ ਸੁਣ ਕੇ ਕਿ ਉਹ ਵਸਤੂ ਖਾਧੀ ਹੀ ਕਿਉਂ ਜਾਵੇ ਜਿਸ ਨੂੰ ਲੋਕਾਂ ਤੋਂ ਲੁਕਾਉਣਾ ਪਵੇ! ਖੈਰ, ਰਾਤ ਨੂੰ ਸੁਖਜੀਵਨ ਸਿੰਘ ਹੋਰਾਂ ਦੀ ਰਸੋਈ ਵਿਚ ਅਸੀਂ ਰਲ਼ ਕੇ ਪ੍ਰਸ਼ਾਦਾ ਪਕਾ ਕੇ ਛਕ ਲਿਆ ਤੇ ਰਾਤ ਵੀ ਮੈਂ ਉਹਨਾਂ ਪਾਸ ਹੀ ਕੱਟੀ। ਅਗਲੇ ਦਿਨ ਅੱਗੇ ਨੂੰ ਚਾਲੇ ਪਾ ਦਿਤੇ।

ਇਸ ਘਟਨਾ ਤੋਂ ਕੁਝ ਪੁਰਾਣੀਆਂ ਵਾਪਰੀਆਂ ਘਟਨਾਵਾਂ ਵੀ ਯਾਦ ਵਿਚ ਉਭਰ ਆਈਆਂ। ਸਤੰਬਰ ੧੯੯੩ ਵਾਲੀ ਦੇਸ ਦੀ ਯਾਤਰਾ ਦੌਰਾਨ, ਸਵੇਰੇ ਕਾਰ ਤੇ ਅੰਮ੍ਰਿਤਸਰੋਂ ਚੱਲ ਪਏ ਇਹ ਵਿਚਾਰ ਕੇ ਕਿ ਇਕੋ ਦਿਨ ਵਿਚ ਇਕ ਪਾਸੇ ਦੀਆਂ ਸਾਰੀਆਂ ਸਾਕਾਗੀਰੀਆਂ ਭੁਗਤਾ ਕੇ, ਰਾਤ ਤੱਕ ਅੰਮ੍ਰਿਤਸਰ ਮੁੜਿਆ ਜਾ ਸਕੇ। ਸਵੇਰੇ ਸਵੇਰੇ ਅੰਮ੍ਰਿਤਸਰੋਂ ਤੁਰੇ ਚਾਹ ਦਾ ਇਕ ਕੱਪ ਪੀ ਕੇ। ਗਰਮੀਆਂ ਦਾ ਮੌਸਮ ਸੀ। ਸੋਚਿਆ ਕਿ ਜਿਸ ਥਾਂ ਵੀ ਗਏ ਓਥੇ ਲੂਣ ਵਾਲ਼ੀ ਖੱਟੀ ਤੇ ਪਤਲੀ ਲੱਸੀ ਮੰਗ ਕੇ ਪੀਆਂਗੇ। ਬਟਾਲਾ ਲੰਘ ਕੇ ਰਾਹ ਵਿਚ ਪੈਣ ਵਾਲ਼ੇ ਤਾਰਾਗੜ੍ਹ ਪਿੰਡ ਵਿਚ ਰੁਕੇ। ਉਹਨਾਂ ਨੇ ਬਿਨਾ ਪੁੱਛੇ ਹੀ ਚਾਹ ਤੇ ਮਿਠਿਆਈ ਸਾਡੇ ਅੱਗੇ ਲਿਆ ਧਰੀ। ਓਥੋਂ ਤੁਰੇ ਤਾਂ ਅੱਗੇ ਭਾਗੋਵਾਲ਼, ਭੂਆ ਜੀ ਦੇ ਪਿੰਡ ਜਾਣਾ ਸੀ। ਮਨ ਹੀ ਮਨ ਸੋਚ ਰਿਹਾ ਸਾਂ ਕਿ ਜਾਦਿਆਂ ਹੀ ਭੂਆ ਜੀ ਨੂੰ ਆਖਾਂਗਾ ਕਿ ਮੈਨੂੰ ਪਤਲੀ ਲੂਣ ਵਾਲ਼ੀ ਖੱਟੀ ਲਸੀ ਪੀਣ ਲਈ ਦਿਓ ਪਰ ਸਾਡੇ ਘਰ ਦੇ ਬੂਹੇ ਅੱਗੇ ਪਹੁੰਚਦਿਆਂ ਹੀ, ਭੂਆ ਜੀ ਦਾ ਵੱਡਾ ਪੁੱਤਰ ਕੇਵਲ ਸਿੰਘ ਸਾਈਕਲ ਲੈ ਕੇ ਬਾਹਰ ਨੂੰ ਤੁਰ ਪਿਆ। ਮੈਂ ਸਮਝ ਗਿਆ ਕਿ ਇਹ ਪਰਾਹੁਣੇ ਆਏ ਵੇਖ ਕੇ ਕੁਝ ਖ਼ਰੀਦਣ ਚੱਲਿਆ ਹੈ। ਮੇਰੇ ਰੋਕਦਿਆਂ ਰੋਕਦਿਆਂ ਵੀ ਉਹ ਚਲਿਆ ਗਿਆ ਤੇ ਕਈ ਤਰ੍ਹਾਂ ਦੀ ਮਿਠਿਆਈ ਲਿਆ ਕੇ ਸਾਡੇ ਅੱਗੇ ਰੱਖ ਦਿਤੀ ਤੇ ਪੰਜਾਬੀ ਗਾਹੜੀ ਚਾਹ ਵੀ ਬਣਾ ਧਰੀ। ਮੈਂ ਕੁਝ ਆਖ ਨਾ ਸਕਿਆ। ਸੋ ਸਾਰਾ ਦਿਨ ਮੈਨੂੰ ਲੱਸੀ ਨਾ ਮਿਲ਼ ਸਕੀ। ਤੁਸੀਂ ਸੋਚਦੇ ਹੋਵੋਗੇ ਕਿ ਹਲਵਾਈ ਦੀ ਦੁਕਾਨ ਤੋਂ ਕਿਉਂ ਨਾ ਲੱਸੀ ਪੀ ਲਈ! ਹਲਵਾਈ ਦੀ ਲੱਸੀ ਪੀਣ ਦਾ ਮੈ ਸ਼ੌਕੀਨ ਨਹੀ। ਘਰੇਲੂ ਤਰੀਕੇ ਨਾਲ ਰਿੜਕ ਕੇ ਮੱਖਣ ਕੱਢਣ ਉਪ੍ਰੰਤ ਜੇਹੜੀ ਲੱਸੀ ਹੁੰਦੀ ਹੈ, ਮੈਂ ਉਸ ਦਾ ਚਾਹਵਾਨ ਸਾਂ/ਹਾਂ।

ਪਿਛਲ਼ੀ ੨੦੧੦/੧੧ ਵਾਲ਼ੀ ਯਾਤਰਾ ਸਮੇ ਵੀ ਭੂਆ ਜੀ ਨੂੰ ਮਿਲਣ ਗਏ। ਦੁਪਹਿਰ ਦੀ ਰੋਟੀ ਦਾ ਸਮਾ ਸੀ। ਭੁੱਖ ਵੀ ਮੈਨੂੰ ਲੱਗੀ ਹੋਈ ਸੀ। ਜਾਂਦਿਆਂ ਹੀ ਭੂਆ ਜੀ ਦੀਆਂ ਨੋਹਾਂ ਚਾਹ ਦਾ ਪ੍ਰਬੰਧ ਕਰਨ ਲਈ ਚੌਂਕੇ ਵਿਚ ਰੁੱਝ ਗਈਆਂ। ਮੈ ਬੜੀ ਸਖ਼ਤੀ ਨਾਲ਼ ਰੋਕਿਆ ਕਿ ਚਾਹ ਮੈਂ ਨਹੀ ਪੀਣੀ ਤੇ ਮੇਰੇ ਵਾਸਤੇ ਨਹੀ ਬਣਾਉਣੀ। ਮੈਨੂੰ ਦੋ ਰੋਟੀਆਂ ਜੇ ਪਈਆਂ ਨੇ ਤਾਂ ਦੇ ਦਿਓ ਤੇ ਜੇ ਨਹੀ ਤਾਂ ਲਾਹ ਦਿਓ। ਜੇ ਕੋਈ ਦਾਲ਼ ਸਲੂਣਾ ਬਚਿਆ ਪਿਆ ਹੈਗਾ ਤਾਂ ਉਹ ਰੋਟੀਆਂ ਦੇ ਨਾਲ਼ ਦੇ ਦਿਓ ਨਹੀ ਤਾਂ ਆਚਾਰ, ਗੁੜ, ਗੰਢਾ ਕੁਝ ਵੀ ਚੱਲੇਗਾ। ਇਹਨੂੰ ਲਖਵਿੰਦਰ ਸਿੰਘ ਨੂੰ ਪੁੱਛ ਲਓ ਕਿ ਇਹ ਕਿੰਨੀਆਂ ਰੋਟੀਆਂ ਖਾਊਗਾ ਪਰ ਉਹ ਸਾਰੇ ਜੀ ਮੁੜ ਮੁੜ ਚਾਹ ਲਈ ਜੋਰ ਦਈ ਜਾਣ। ਖੈਰ, ਮੇਰੀ ਜਿਦ ਅੱਗੇ ਉਹਨਾਂ ਨੂੰ ਹਥਿਆਰ ਸੁੱਟਣੇ ਹੀ ਪਏ ਤੇ ਉਹਨਾਂ ਨੇ ਰੋਟੀਆਂ ਪਕਾ ਦਿਤੀਆਂ ਤੇ ਅਸੀਂ ਖਾ ਲਈਆਂ ਪਰ ਫਿਰ ਵੀ ਸਾਰੇ ਜੀ ਚਾਹ ਦਾ ਰਾਗ ਅਲਾਪਣੋ ਨਾ ਹਟੇ ਤੇ ਨੋਹਾਂ ਨੇ ਚਾਹ ਤੇ ਬਿਸਕੁਟ ਸਾਡੇ ਸਾਹਮਣੇ ਲਿਆ ਹੀ ਧਰੇ। ਮੈਂ ਆਖਿਆ ਕਿ ਮੈ 'ਤੇ ਇਸ ਚਾਹ ਨਾਲ਼, ਆਪਣੀ ਖਾਧੀ ਰੋਟੀ ਦਾ ਸਵਾਦ ਨਹੀਂ ਮਾਰਨਾ ਚਾਹੁੰਦਾ ਪਰ ਮੈਥੋਂ ਬਿਨਾ ਸਾਰਿਆਂ ਨੇ ਚਾਹ ਪੀ ਲਈ।

ਓਸੇ ਯਾਤਰਾ ਦੌਰਾਨ ਦੂਜੀ ਵਾਰੀਂ ਡੇਹਰਾ ਬਾਬਾ ਨਾਨਕ ਤੋਂ ਮੁੜਦਿਆਂ ਹੋਇਆ ਰਸਤੇ ਵਿਚ ਫਿਰ ਭੂਆ ਜੀ ਦਾ ਪਿੰਡ ਆਉਂਦਾ ਸੀ ਤੇ ਬਿਨਾ ਮਿਲ਼ੇ ਲੰਘ ਜਾਣਾ ਮੁਨਾਸਬ ਨਾ ਸਮਝਦਿਆਂ ਹੋਇਆਂ, ਸੜਕ ਤੋਂ ਉਹਨਾਂ ਦੇ ਘਰ ਵੱਲ ਮੋੜਾ ਪਾ ਲਿਆ। ਭੂਆ ਜੀ ਦਾ ਘਰ ਵਾਹਵਾ ਸਮੇ ਤੋਂ ਉਹਨਾਂ ਦੇ ਖੂਹ ਉਪਰ ਹੀ ਹੈ। ਸੜਕ ਉਪਰ ਵਾਕਿਆ ਰਾਧਾ ਸੁਆਮੀਆਂ ਦੇ ਡੇਰੇ ਦੇ ਨਾਲੋਂ ਹੀ ਪਗਡੰਡੀ ਉਹਨਾਂ ਦੇ ਖੂਹ/ਘਰ ਨੂੰ, ਬਟਾਲੇ ਵੱਲੋਂ ਜਾਈਏ ਤਾਂ ਸੱਜੇ ਹੱਥ ਮੁੜਦੀ ਹੈ। ਰੋਟੀ ਦਾ ਵੇਲ਼ਾ ਸੀ। ਦਿਲ ਵਿਚ ਸੋਚਿਆ ਕਿ ਅਜੇ ਥੋਹੜੇ ਹੀ ਦਿਨ ਹੋਏ ਨੇ ਕਿ ਚਾਹ ਅਤੇ ਰੋਟੀ ਬਾਰੇ ਮਜਬੂਤੀ ਭਰਿਆ ਮੇਰਾ ਰਵੱਈਆ ਭੂਆ ਜੀ ਤੇ ਉਸ ਦੀਆਂ ਨੋਹਾਂ ਨੇ ਵੇਖ ਹੀ ਲਿਆ ਸੀ ਤੇ ਹੁਣ ਉਹ ਚਾਹ ਦੇ ਖਹਿੜੇ ਨਹੀ ਪੈਣਗੇ। ਇਸ ਲਈ ਮੈਂ ਰੋਟੀ ਜਾਂ ਲੱਸੀ ਮੰਗਣ ਦੀ ਕਾਹਲ਼ ਨਾ ਕੀਤੀ। ਕੀ ਵੇਖਦਾ ਹਾਂ ਕਿ ਫੌਰਨ ਤੋਂ ਵੀ ਪਹਿਲਾਂ ਹੀ ਭੂਆ ਜੀ

ਦੀਆਂ ਨੋਹਾਂ ਨੇ ਸਾਡੇ ਅੱਗੇ ਚਾਹ ਤੇ ਬਿਸਕੁਟ ਲਿਆ ਧਰੇ। ਕੋਈ ਹੋਰ ਚਾਰਾ ਨਾ ਚੱਲਦਾ ਵੇਖ ਕੇ, ਨਾ ਚਾਹੁੰਦਿਆਂ ਵੀ ਚਾਹ ਦਾ ਕੱਪ ਅੰਦਰ ਡੋਹਲ ਲਿਆ ਤੇ ਇਕ ਬਿਸਕੁਟ ਵੀ ਖਾ ਲਿਆ। ਰੋਟੀ ਦਾ ਭਾਵੇਂ ਵੇਲ਼ਾ ਸੀ ਪਰ ਇਸ ਨਾਲ਼ ਭੁੱਖ ਮਰ ਗਈ। ਚਾਹ ਮੁੱਕਣ ਬਾਅਦ ਪਿੱਛੋਂ ਭੂਆ ਜੀ ਨੇ ਪੁੱਛਿਆ, "ਰੋਟੀ ਬਣਾਈਏ?" ਤਾਂ ਮੈਂ ਨਾਂਹ ਕਰ ਦਿਤੀ ਕਿਉਂਕਿ ਮਿੱਠੀ ਚਾਹ ਦਾ ਕੌੜਾ ਘੁੱਟ ਭਰਨ ਪਿੱਛੋਂ ਭੁੱਖ ਤਾਂ ਮਰ ਗਈ ਸੀ। ਇਸ ਗੱਲ ਦੀ ਸਮਝ ਨਹੀਂ ਆਈ ਕਿ ਸਾਰਾ ਜੋਰ ਲਾ ਕੇ ਮੁੜ ਮੁੜ ਨਾਂਹ ਕਰਨ ਦੇ ਬਾਵਜੂਦ ਵੀ ਚਾਹ ਪੀਣ ਲਈ ਮਜਬੂਰ ਕਰ ਦਿਤਾ ਜਾਂਦਾ ਹੈ ਪਰ ਰੋਟੀ ਤੋਂ ਇਕ ਵਾਰ ਦੀ ਕੀਤੀ ਨਾਂਹ ਹੀ ਮਨਜ਼ੂਰ ਹੋ ਜਾਂਦੀ ਹੈ!

ਬਹੁਤ ਸਮਾ ਪਹਿਲਾਂ ਸ. ਨਾਨਕ ਸਿੰਘ ਦੀ ਕਹਾਣੀ 'ਭੂਆ' ਪੜ੍ਹੀ ਸੀ। ਉਸ ਵਿਚ ਭੂਆ ਆਪਣੇ ਪਿਤਰੀ ਪਿਆਰ ਵਿਚ ਖਾਣੇ ਸਬੰਧੀ ਭਤੀਜੇ ਦਾ ਜੋ ਬੁਰਾ ਹਾਲ ਕਰਦੀ ਹੈ, ਉਹ ਵੀ ਯਾਦ ਸੀ ਪਰ ਏਥੇ ਭੂਆ ਬਦਲੇ ਹੋਏ ਸਮਾਜਕ ਪ੍ਰਾਹੁਣਾਚਾਰੀ ਦੇ ਰਿਵਾਜ ਅਨੁਸਾਰ, ਨਵੇਂ ਢੰਗ ਨਾਲ਼ ਭਤੀਜੇ ਦੀ ਖਾਤਰਦਾਰੀ ਕਰਦੀ ਹੈ ਪਰ ਉਸ ਨੂੰ ਨਹੀਂ ਪਤਾ ਕਿ ਉਸ ਦਾ ਭਤੀਜਾ, ਜਿਵੇਂ ਜਿਵੇਂ ਉਮਰੋਂ ਵੱਡਾ ਹੋਈ ਜਾ ਰਿਹਾ ਹੈ, ਉਸ ਦੀਆਂ ਆਦਤਾਂ ਪੁਰਾਤਨਤਾ ਵੱਲ ਮੋੜਾ ਪਾਈ ਜਾ ਰਹੀਆਂ ਹਨ। ਸ਼ਾਇਦ ਹੁਣ ਸਮੇ ਨਾਲ਼ ਚੌਂਕੇ ਦੀ ਸਰਦਾਰੀ ਭੂਆ ਜੀ ਦੇ ਹੱਥੋਂ ਨਿਕਲ਼ ਕੇ, ਨੋਹਾਂ ਜਾਂ ਪੋਤ ਨੋਹਾਂ ਦੇ ਹੱਥੀਂ ਚਲੀ ਗਈ ਹੋਵੇ ਤੇ ਉਹ ਨਵੇਂ ਰਿਵਾਜ ਅਨੁਸਾਰ ਹੀ ਚਾਹ ਪਾਣੀ ਨਾਲ 'ਸੇਵਾ' ਕਰਨੀ ਪਸੰਦ ਕਰਦੀਆਂ ਹੋਣ!

ਭਾਵੇਂ ਕੁਝ ਵੀ ਹੋਵੇ ਇਹ ਗੱਲ ਤਾਂ ਘੱਟ ਤੋਂ ਘੱਟ ਮੇਰੇ ਤੇ ਢੁਕ ਹੀ ਜਾਂਦੀ ਹੈ ਕਿ ਜੇਹੜੀ ਵਸਤੂ ਛਕਿਆਂ ਤੋਂ ਬਿਨਾ ਘਰੋਂ ਤੁਰ ਪੈਂਦਾ ਹਾਂ, ਬਾਵਜੂਦ ਛਿੱਦਤ ਨਾਲ ਚਾਹੁਣ ਦੇ ਵੀ, ਉਹ ਨਹੀਂ ਪਰਾਪਤ ਹੁੰਦੀ ਤੇ ਜੇਹੜੀ ਢਿਡ ਫੂਕਣੀ (ਚਾਹ) ਘਰੋਂ ਪੀ ਕੇ ਤੁਰਾਂ, ਉਹ ਸਾਰੇ ਮਿਲ਼ਣ ਵਾਲ਼ੇ ਸੱਜਣ ਮੇਰੀਆਂ ਨਾਸਾਂ ਵਿਚ ਤੁੰਨਣ ਤੱਕ ਜਾਂਦੇ ਨੇ; ਭਾਵੇਂ ਕਿੰਨੇ ਵੀ ਤਰਲੇ ਕਰੀ ਜਾਵਾਂ। ਉਹ ਸ਼ਾਇਦ ਇਸ ਵਿਚ ਆਪਣੀ ਕੋਈ ਜਿੱਤ ਸਮਝਦੇ ਨੇ ਕਿ ਇਸ ਨੂੰ ਚਾਹ ਪਿਆ ਕੇ ਹੀ ਸਾਹ ਲੈਣਾ ਹੈ! ਸਿਖਿਆ ਇਸ ਤੋਂ ਏਹੀ ਮਿਲ਼ਦੀ ਹੈ ਕਿ ਜੇ ਸੱਜਣਾਂ ਦੀ ਚਾਹ ਤੋਂ ਬਚਣਾ ਹੈ ਤਾਂ ਘਰੋਂ ਚਾਹ ਦੀ ਥਾਂ ਲੱਸੀ ਪੀ ਕੇ ਹੀ ਤੁਰਿਆ ਜਾਵੇ।

ਚਾਹ ਛਕਣ ਦੀ ਸਮ'ਸਿਆ ਤੋਂ ਇਕ ਹੋਰ ਘਟਨਾ ਵੀ ਚੇਤੇ ਆ ਗਈ। ਤਰੀਕ ਤਾਂ ਹੁਣ ਯਾਦ ਨਹੀਂ ਪਰ ਉਸ ਦਿਨ ਇਕ ਵਾਪਰੀ ਭਿਆਨਕ ਇਤਿਹਾਸਕ ਘਟਨਾ ਯਾਦ ਹੈ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਪੁਰਾਣੀ ਬਿਲਡਿੰਗ ਢਾਹੀ ਹੋਈ ਸੀ ਤਾਂ ਕਿ ਉਸ ਸਥਾਨ ਤੇ, ਸਮੇ ਦੇ ਅਨੁਕੂਲ ਨਵੀਂ ਸਾਜੀ ਜਾ ਸਕੇ। ਇਸ ਕਰਕੇ ਕਲਾਸਾਂ ਗੁਰਦੁਆਰਾ ਛੇਹਰਟਾ ਸਾਹਿਬ ਦੀ ਸਰਾਂ ਵਿਖੇ ਲੱਗਦੀਆਂ ਸਨ। ਕਾਲਜ ਦੇ ਉਸ ਸਮੇ ਦੇ ਪ੍ਰਿੰਸੀਪਲ ਸਾਹਿਬ, ਸ. ਹਰਜੀਤ ਸਿੰਘ ਜੀ ਨੇ ਮੈਨੂੰ ਵਿਦਿਆਰਥੀਆਂ ਨੂੰ ਸੰਬੋਧਨ ਕਰਨ ਦਾ ਸ਼ੁਭ ਅਵਸਰ ਪ੍ਰਦਾਨ ਕੀਤਾ। ਜਿਸ ਦਿਨ ਮੈਂ ਸੰਬੋਧਨ ਕਰਨ ਜਾਣਾ ਸੀ, ਉਸ ਤੋਂ ਪਹਿਲੀ ਸ਼ਾਮ ਨੂੰ ਉਹਨਾਂ ਦਾ ਫ਼ੋਨ ਆਇਆ ਕਿ ਓਸੇ ਦਿਨ ਸ਼੍ਰੋਮਣੀ ਕਮੇਟੀ ਦੇ ਧਰਮ ਪ੍ਰਚਾਰ ਡਾਇਰੈਕਟਰ, ਅਮ੍ਰੀਕਾ ਨਿਵਾਸੀ ਡਾ. ਗੁਰਬਖ਼ਸ਼ ਸਿੰਘ ਜੀ ਵੀ ਕਾਲਜ ਆ ਕੇ ਵਿਦਿਆਰਥੀਆਂ ਨਾਲ਼ ਵਿਚਾਰ ਵਟਾਂਦਰਾ ਕਰਨ ਦਾ ਪ੍ਰੋਗਰਾਮ ਬਣਾ ਰਹੇ ਹਨ। ਕੀ ਇਹ ਠੀਕ ਰਹੇਗਾ? ਮੈਂ ਆਖਿਆ, "ਧੰਨ ਭਾਗ! ਇਹ ਤਾਂ ਸਗੋਂ ਹੋਰ ਵੀ ਚੰਗਾ ਹੋਵੇਗਾ!" ਮੁਕਦੀ ਗੱਲ, ਅਸੀਂ ਅਗਲੇ ਦਿਨ ਕਾਲਜ ਵਿਚ ਚਲੇ ਗਏ। ਵਿਦਿਆਰਥੀ ਅਤੇ ਅਧਿਆਪਕ, ਸਮੇਤ ਪ੍ਰਿੰਸੀਪਲ ਸਾਹਿਬ ਜੀ ਦੇ, ਇਕ ਹਾਲ ਵਿਚ ਇਕੱਤਰ ਸਨ। ਉਸ ਸਮੇ ਬਿਨਾ ਦੱਸੇ ਪੁੱਛੇ ਹੀ ਪੰਜਾਬੀ ਚਾਹ ਬਣ ਕੇ ਆ ਗਈ। ਬਾਕੀ ਸਾਰਿਆਂ ਨੇ ਤਾਂ ਮੇਰੇ ਸਮੇਤ ਪੀ ਲਈ ਪਰ ਡਾਕਟਰ ਸਾਹਿਬ ਠੰਡੀ ਕਰਨ ਦਾ ਬਹਾਨਾ ਬਣਾ ਕੇ ਟਾਲ਼ੀ ਜਾਣ। ਘੜੀ ਮੁੜੀ ਉਹਨਾਂ ਨੂੰ ਕਿਸੇ ਨਾ ਕਿਸੇ ਵੱਲੋਂ ਚਾਹ ਪੀਣ ਲਈ ਜਰੂਰ ਯਾਦ ਕਰਵਾਇਆ ਜਾਵੇ। ਮੇਰੇ ਖਲੋ ਕੇ ਸਪੀਚ ਕਰਨ ਸਮੇ ਵੀ ਤੇ ਉਹਨਾਂ ਦੇ ਬੈਠ ਕੇ ਵਿਦਿਆਰਥੀਆਂ ਨਾਲ਼ ਕੀਤੇ ਜਾ ਰਹੇ ਸਵਾਲਾਂ ਦੇ ਜਵਾਬਾਂ ਦੌਰਾਨ ਵੀ, ਪਰ ਉਹ ਕਿਸੇ ਨਾ ਕਿਸੇ ਬਹਾਨੇ ਚਾਹ ਪੀਣ ਤੋਂ ਟਾਲਾ ਵੱਟੀ ਹੀ ਜਾਣ। ਅਖੀਰ ਜਦੋਂ ਸਾਰਾ ਕੁਝ ਸਮਾਪਤ ਹੋ ਗਿਆ ਤਾਂ ਚਾਹ ਬਾਰੇ ਫਿਰ ਯਾਦ ਕਰਵਾਉਣ ਤੇ ਉਹਨਾਂ ਨੇ, ਬੜੀ ਨਿਮਰਤਾ ਅਤੇ ਮੁਆਫ਼ੀ ਮੰਗਣ ਵਾਲ਼ੇ ਲਹਿਜੇ ਵਿਚ, ਸਹੀ ਦੱਸ ਹੀ ਦਿਤਾ ਕਿ ਸ਼ੂਗਰ ਦੇ ਮਰੀਜ ਹੋਣ ਕਾਰਨ, ਉਹ ਇਹ ਮਿੱਠੀ ਚਾਹ ਨਹੀ ਪੀ ਸਕਦੇ; ਖਿਮਾ ਬਖ਼ਸ਼ੀ ਜਾਵੇ। ਫਿਰ ਫਿੱਕੀ ਚਾਹ ਬਣਾਉਣ ਵੱਲ ਤੁਰ ਪਏ। ਅਸੀਂ ਤਾਂ ਉਸ ਸਮੇ ਚਾਲੇ ਪਾ ਦਿਤੇ; ਪਤਾ ਨਹੀ ਲੱਗਾ ਕਿ ਉਹਨਾਂ ਨੂੰ ਚਾਹ ਪੀਣ ਲਈ ਮਜਬੂਰ ਕਰ ਹੀ ਦਿਤਾ ਗਿਆ ਜਾਂ ਕਿ ਫਿਰ ਉਹ ਬਚ ਗਏ। ਮੈਨੂੰ ਮੁੜ ਮੁੜ ਖਿਆਲ ਆਵੇ ਕਿ ਸਾਰੇ ਸੱਜਣ ਸਿਆਣੇ ਤੇ ਪੜ੍ਹੇ ਲਿਖੇ ਹੋਣ ਦੇ ਬਵਜੂਦ ਵੀ ਇਕ ਬਜ਼ੁਰਗ ਨੂੰ ਕਿਵੇਂ ਚਾਹ ਪੀਣ ਲਈ ਮਜਬੂਰ ਕਰਦੇ ਰਹੇ! ਉਸ ਦੇ ਅਣਮੁਲੇ ਬਚਨਾਂ ਨੂੰ ਵੀ ਚੰਗੀ ਤਰ੍ਹਾਂ ਸੁਣਨ ਨਾ ਦਿਤਾ।

ਘਟਨਾ ਇਉਂ ਸੀ: ਕਾਲਜ ਤੋਂ ਵਾਪਸ ਮੁੜਨ ਲਈ ਜਦੋਂ ਅਸੀਂ ਤਿੰਨੇ ਜਣੇ ਮੈਂ, ਮੇਰੀ ਸਿੰਘਣੀ ਅਤੇ ਸਾਡਾ ਜਵਾਈ, ਕਾਕਾ ਅਮਰਬੀਰ ਸਿੰਘ ਕਾਰ ਵਿਚ ਬੈਠ ਕੇ ਵਾਪਸ ਮੁੜ ਰਹੇ ਸਾਂ ਤਾਂ ਮੈ ਕਾਕੇ ਨੂੰ ਖ਼ਬਰਾਂ ਵਾਲ਼ੀ ਸੂਈ ਦੱਬਣ ਲਈ ਆਖਿਆ। ਜਿਉਂ ਹੀ ਕਾਕੇ ਨੇ ਕਾਰ ਵਾਲੇ ਰੇਡੀਉ ਦਾ ਕੰਨ ਮਰੋੜਿਆ ਤਾਂ ਨਾ ਮੰਨੀ ਜਾ ਸਕਣ ਵਾਲ਼ੀ ਖ਼ਬਰ ਦਾ ਕੁਝ 'ਘੀਚਮਚੋਲ਼ਾ ਜਿਹਾ' ਸੁਣਾਈ ਦਿਤਾ। ਪਹਿਲਾਂ ਤਾਂ ਮੈਨੂੰ ਸਮਝ ਨਾ ਆਈ ਕਿ ਇਹ ਕੀ ਅਣਹੋਣੀ ਹੋ ਰਹੀ ਹੈ ਪਰ ਥੋਹੜੇ ਕੁ ਸਮੇ ਬਾਅਦ ਸਮਝ ਆ ਗਈ ਕਿ ਕਿਸੇ ਅੱਤਵਾਦੀ ਜਥੇਬੰਦੀ ਵੱਲੋਂ, ਭਾਰਤ ਦੇ ਪਾਰਲੀਮੈਂਟ ਹਾਉਸ ਉਪਰ ਹਮਲਾ ਕੀਤਾ ਗਿਆ ਹੈ ਤੇ ਇਸ ਹਮਲੇ ਦੌਰਾਨ, ਹਾਉਸ ਦੀ ਸੁਰੱਖਿਆ ਵਾਸਤੇ ਤਾਇਨਾਤ ਕਰਮਚਾਰੀਆਂ ਵਿਚੋਂ, ਕੁਝ ਮਾਰੇ ਗਏ ਹਨ ਪਰ ਐਮ.ਪੀ. ਸਾਰੇ ਬਚਾ ਲਏ ਗਏ ਹਨ।

ਕੁਝ ਸਾਲਾਂ ਦੀ ਗੱਲ ਹੈ ਕਿ ਪ੍ਰਬੰਧਕਾਂ ਦੇ ਸੱਦੇ ਉਪਰ ਮੈਂ ਇਕ ਮੁਲਕ ਦੇ ਇਕ ਚੰਗੇ ਸ਼ਹਿਰ ਵਿਚ ਗਿਆ। ਕੁਝ ਦਿਨ ਓਥੇ ਟਿਕਣਾ ਸੀ। ਮੋਟਲ ਵਿਚ ਮੇਰਾ ਉਤਾਰਾ ਕਰਵਾ ਦਿਤਾ ਗਿਆ ਤੇ ਇਕ ਵੱਡੀ ਸਾਰੀ ਕਾਰ ਦੀ ਚਾਬੀ ਮੇਰੇ ਹਵਾਲੇ ਕਰ ਦਿਤੀ ਗਈ। ਇਕ ਦਿਨ ਪ੍ਰਬੰਧਕ ਸੱਜਣਾਂ ਨੇ ਇਕ ਹੋਰ ਸ਼ਹਿਰ ਦੀ ਸੈਰ ਕਰਵਾਉਣ ਲਈ ਸੁਲ੍ਹਾ ਮਾਰੀ। ਮੈ ਤਾਂ ਅਜਿਹੇ ਸ਼ੁਭ ਅਵਸਰ ਦੀ ਉਡੀਕ ਵਿਚ ਹੀ ਰਹਿੰਦਾ ਹਾਂ। ਫੌਰਨ ਹੀ ਹਾਂ ਕਰ ਦਿਤੀ। ਨਿਸਚਤ ਦਿਨ ਮੈਂ ਆਮ ਨਾਲ਼ੋਂ ਦੂਣਾ ਛਾਹਵੇਲ਼ਾ ਕਰ ਲਿਆ। ਅਰਥਾਤ ਜਿਥੇ ਮੋਟਲ ਦੇ ਰੈਸਟੋਰੈਂਟ ਤੋਂ ਰੋਜ ਇਕ ਸੈਂਡਵਿਚ ਤੇ ਇਕ ਕੱਪ ਚਾਹ ਦਾ ਪੀਂਦਾ ਸਾਂ ਓਥੇ ਸਫ਼ਰ ਨੂੰ ਮੁਖ ਰੱਖਦਿਆਂ ਦੋ ਸੈਂਡਵਿਚ ਤੇ ਦੋ ਹੀ ਕੱਪ ਚਾਹ ਦੇ ਪੀ ਲਏ। ਸੋਚਿਆ ਕਿ ਰਾਹ ਵਿਚ ਜਿਥੇ ਕਿਤੇ ਸਵਾਰੀਆਂ ਉਤਾਰਨ ਜਾਂ ਚੜ੍ਹਾਉਣ ਲਈ ਬੱਸ ਰੁਕੀ ਤਾਂ ਕਾਹਲ਼ੀ ਨਾਲ ਕਿਤਿਉਂ ਕੋਈ ਫਲ ਲੈ ਕੇ ਦੁਪਹਿਰ ਵੇਲ਼ੇ ਦਾ ਡੰਗ ਟਪਾ ਲਵਾਂਗਾ। ਪਰ ਬੱਸ ਨੇ ਵੀ ਕਮਾਲ ਹੀ ਕਰ ਦਿਤੀ। ਰਾਹ ਵਿਚੋਂ ਸਵਾਰੀ ਤਾਂ ਕੋਈ ਨਾ ਚੜ੍ਹਾਈ ਪਰ ਉਤਾਰਦੀ ਇਸ ਉਸਤਾਦੀ ਨਾਲ਼ ਸੀ ਕਿ ਮੇਰੀ ਨਿਗਾਹ ਕਿਸੇ ਫਲ਼ਾਂ ਵਾਲੀ ਦੁਕਾਨ ਜਾਂ ਰੇਹੜੀ ਉਪਰ ਪੈ ਹੀ ਨਾ ਸਕੇ। ਜਿਵੇਂ ਕਿ ਉਸ ਨੂੰ ਮੇਰੇ ਕਿਸੇ ਵਿਰੋਧੀ ਨੇ ਇਹ ਸਿਖਾ ਦਿਤਾ ਹੋਵੇ ਕਿ ਇਸ ਸ਼ੂਗਰ ਦੇ ਮਰੀਜ਼ ਬੁਢੇ ਆਦਮੀ ਨੂੰ ਕੁਝ ਵੀ ਖਾਣ ਜਾਂ ਪੀਣ ਨਹੀਂ ਦੇਣਾ। ਤਿੰਨ ਕੁ ਵਜੇ ਮੈਨੂੰ ਬੱਸ ਉਸ ਸ਼ਹਿਰ ਵਿਚ ਲੈ ਗਈ ਤੇ ਅੱਗੋਂ ਹੋਸਟ ਸੱਜਣ ਆਪਣੀ ਕਾਰ ਸਮੇਤ ਮੈਨੂੰ ਚੁਕਣ ਲਈ ਖਲੋਤਾ ਦਿਸਿਆ ਪਰ ਕਿਸੇ ਦਫ਼ਤਰ ਵਿਚ ਨਿੱਕੇ ਜਿਹੇ ਕੰਮ ਲਈ ਜਾਣਾ ਆਖ ਕੇ, ਮੈਨੂੰ ਓਥੇ ਹੀ ਖਲੋਣ ਲਈ ਆਖ ਕੇ, ਆਪ ਇਕ ਇਮਾਰਤ ਵਿਚ ਜਾ ਵੜਿਆ। ਮੇਰੇ ਲਈ ਤਾਂ ਇਹ, ''ਬਿੱਲੀ ਦੇ ਭਾਣੇ ਛਿੱਕਾ ਟੁੱਟਾ'' ਵਾਲ਼ੀ ਰਹਿਮਤ ਸੀ ਕਿਉਂਕਿ ਮੈ ਤਾਂ ਭੁਖ ਤੇਹ ਨਾਲ਼ ਸਤਾਇਆ ਪਿਆ ਸਾਂ। ਛੇਤੀ ਹੀ ਨਾਲ਼ ਲਗਦੇ ਇਕ ਸਟੋਰ ਵਿਚ ਮੈਂ ਜਾ ਵੜਿਆ ਤੇ ਫੌਰਨ ਹੀ ਓਥੋਂ ਇਕ ਦੁਧ ਵਾਲਾ ਡੱਬਾ ਚੁੱਕ ਕੇ ਮੂੰਹ ਨੂੰ ਲਾ ਕੇ ਸਾਰਾ ਹੀ ਡਕਾਰ ਗਿਆ। ਅੰਦਰ ਦੁਧ ਜਾਣ ਨਾਲ਼ ਤੇਹ ਤੇ ਭੁੱਖ ਤੋਂ ਆਰਜੀ ਛੁਟਕਾਰਾ ਹੋ ਗਿਆ। ਉਹ ਸੱਜਣ ਛੇਤੀ ਹੀ ਆਪਣਾ ਕਾਰਜ ਕਰਕੇ ਆ ਗਿਆ ਤੇ ਮੈਨੂੰ ਕਾਰ ਵਿਚ ਬੈਠਾ ਕੇ, ਆਪਣੇ ਕੁਝ ਵਾਪਾਰਕ ਖੇਤਰਾਂ ਦਾ ਚੱਕਰ ਲਵਾ ਕੇ, ਮੋਟਲ ਦੇ ਕਮਰੇ ਵਿਚ ਮੇਰਾ ਟਿਕਾਣਾ ਕਰਵਾ ਕੇ, ਏ.ਸੀ. ਚਾਲੂ ਕਰਕੇ ਚਲਿਆ ਗਿਆ। ਖਾਣ ਪੀਣ ਬਾਰੇ ਕੋਈ ਗੱਲ ਨਾ ਹੋਈ।

ਸ਼ਾਮ ਨੂੰ ਉਸ ਦੀ ਪਤਨੀ ਆਈ ਤਾਂ ਚਾਹ ਮਿਲ਼ੀ। ਰਾਤ ਦੀ ਰੋਟੀ ਸਮੇ ਅਸੀਂ ਸਾਰੇ: ਦੋਵੇਂ ਜੀ ਉਹ, ਉਹਨਾਂ ਦੇ ਨੋਂਹ ਪੁੱਤ, ਅਤੇ ਧੀ ਟੇਬਲ ਉਪਰ ਸਜ ਗਏ। ਨੌਕਰ ਨੇ ਸਾਰਾ ਕੁਝ ਟੇਬਲ ਉਪਰ ਸਜਾ ਦਿਤਾ। ਰੋਟੀਆਂ ਵਾਲਾ ਛਾਬਾ ਸਰਦਾਰ ਜੀ ਨੇ ਪਤਾ ਨਹੀ ਕਿਉਂ ਆਪਣੇ ਸੱਜੇ ਹੱਥ ਰਖਵਾ ਲਿਆ। ਸਾਰਿਆਂ ਨੂੰ ਉਹਨਾਂ ਨੇ ਇਕ ਇਕ ਰੋਟੀ ਪਲੇਟ ਵਿਚ ਰਖ ਦਿਤੀ। ਮੈਂ ਇਕ ਸਮੇ ਦੋ ਰੋਟੀਆਂ ਖਾਂਦਾ ਹਾਂ। ਸਾਰਿਆਂ ਨੇ ਖਾਣੀ ਸ਼ੁਰੂ ਕਰ ਦਿਤੀ। ਪਹਿਲੀ ਰੋਟੀ ਮੁੱਕਣ ਤੇ, ਸਰਦਾਰ ਜੀ ਨੇ ਖੱਬੇ ਹੱਥ ਨਾਲ਼ ਛਾਬਾ ਫੜਿਆ ਤੇ ਸੱਜੇ ਹੱਥ ਨਾਲ਼, ਸਾਰਿਆਂ ਦੀਆਂ ਪਲੇਟਾਂ ਵਿਚ ਇਕ ਇਕ ਰੋਟੀ ਫਿਰ ਰੱਖਣੀ ਸ਼ੁਰੂ ਕਰ ਦਿਤੀ। ਜਦੋਂ ਮੇਰੀ ਵਾਰੀ ਆਈ ਤਾਂ ਮੈ ਨਾਂਹ ਕਰ ਦਿਤੀ। ਕਾਰਨ ਇਹ ਸੀ ਕਿ ਸੱਜੇ ਨਾਲ਼ ਹੀ ਸਾਡੇ ਸਾਰਿਆਂ ਵਾਂਙ, ਸਰਦਾਰ ਜੀ ਬੁਰਕੀ ਆਪਣੇ ਮੂੰਹ ਵਿਚ ਪਾ ਰਹੇ ਸਨ ਤੇ ਓਸੇ ਹੱਥ ਨਾਲ਼ ਹੀ ਛਾਬੇ ਵਿਚੋਂ ਰੋਟੀਆਂ ਚੁੱਕ ਕੇ ਵਰਤਾ ਰਹੇ ਸਨ, ਜੋ ਲੈਣ ਲਈ ਮੇਰਾ ਮਨ ਨਾ ਮੰਨਿਆਂ। ਖੱਬੇ ਹੱਥ ਨਾਲ ਚੁਕੀ ਰੋਟੀ ਤਾਂ ਮੈਂ ਲੈ ਲੈਂਦਾ ਪਰ ਸੱਜੇ ਹੱਥ ਨਾਲ਼ ਚੁਕੀ ਮੇਰੇ ਲਈ ਖਾਣੀ ਮੁਸ਼ਕਲ ਹੋ ਜਾਂਦੀ ਹੈ; ਕਿਉਂਕਿ ਖੱਬਾ ਹੱਥ ਖਾਣ ਸਮੇ ਅਸੀਂ ਮੂੰਹ ਵਿਚ ਨਹੀ ਪਾਉਂਦੇ ਤੇ ਬੁਰਕੀ ਸੱਜੇ ਹੱਥ ਨਾਲ਼ ਪਾਈਦੀ ਹੈ। ਫਿਰ ਉਹ ਸਰਦਾਰ ਜੀ ਖਬਚੂ ਵੀ ਨਹੀਂ ਸਨ। ਇਹ ਠੀਕ ਹੈ ਕਿ ਜਿਸ ਸਮਾਜ ਵਿਚ ਅਸੀਂ ਰਹਿ ਰਹੇ ਹਾਂ ਉਸ ਦੀ ਬੋਲੀ ਅੰਗ੍ਰੇਜ਼ੀ ਹੈ। ਇਸ ਬੋਲੀ ਵਿਚ ਜੂਠ ਸ਼ਬਦ ਹੀ ਨਹੀਂ ਹੈ ਪਰ ਬਾਵਜੂਦ ਚਾਰ ਦਹਾਕਿਆਂ ਤੋਂ ਇਹਨਾਂ ਮੁਲਕਾਂ ਵਿਚ ਰਹਿ ਕੇ ਵੀ ਮੈਂ ਅਜੇ ਮਾਨਸਕ ਤੌਰ ਤੇ ਖ਼ੁਦ ਨੂੰ ਅੱਖੀਂ ਵੇਖ ਕੇ ਜੂਠ ਖਾਣ ਲਈ ਤਿਆਰ ਨਹੀਂ ਕਰ ਸਕਿਆ। ਇਸ ਘਟਨਾ ਦਾ ਅਰਥ ਪਾਠਕ ਕਿਤੇ ਇਹ ਨਾ ਸਮਝ ਲੈਣ ਕਿ ਸਰਦਾਰ ਜੀ ਕੋਈ ਕੰਜੂਸੀ ਕਰ ਰਹੇ ਸਨ; ਇਹ ਸ਼ਾਇਦ ਉਹਨਾਂ ਦੇ ਪਰਵਾਰ ਦਾ ਰਿਵਾਜ਼ ਹੀ ਹੋਵੇ!

ਇਸ ਤੋਂ ਵੱਖਰਾ ਤਜੱਰਬਾ ਵੀ ਇਕ ਹੋਇਆ। ਗੱਲ ਇਹ ੧੯੭੧ ਦੀ ਹੈ। ਮੇਰੀ ਡਿਊਟੀ ਕੁਝ ਦਿਨਾਂ ਲਈ ਫੀਰੋਜ਼ਪੁਰ ਵਿਚ ਪ੍ਰਚਾਰਕ ਵਜੋਂ ਲੱਗ ਗਈ। ਹਲਕੇ ਦੇ ਪੱਕੇ ਪ੍ਰਚਾਰਕ, ਗਿ. ਗੁਰਬਚਨ ਸਿੰਘ ਮਿਸ਼ਨਰੀ ਪਿੰਡ ਵਾਦੀਆਂ ਵਾਲ਼ੇ ਸਨ। ਅਸੀਂ ਦੋਵੇਂ ਮਰਦਮਸ਼ੁਮਾਰੀ ਦੇ ਸਿਲਸਿਲੇ ਵਿਚ ਇਕ ਪਿੰਡ ਗਏ। ਸਰਪੰਚ ਦੇ ਘਰ ਆਵਾਜ਼ ਦਿਤੀ। ਪਤਾ ਲੱਗਾ ਕਿ ਉਹ ਖੇਤ ਵਿਚ ਟ੍ਰੈਕਟਰ ਵਾਹ ਰਹੇ ਹਨ। ਅਸੀਂ ਦੋਵੇਂ ਜਣੇ ਖੇਤ ਵਿਚ ਪੁੱਜ ਗਏ। ਸਾਨੂੰ ਵੇਖ ਕੇ ਸਰਪੰਚ ਜੀ ਟ੍ਰੈਕਟਰ ਦੇ ਉਤੋਂ ਉਤਰ ਕੇ ਸਾਡੇ ਵੱਲ ਆਏ ਪਰ ਟ੍ਰੈਕਟਰ ਚੱਲਦਾ ਹੀ ਛਡ ਕੇ ਆਏ। ਉਹਨਾਂ ਦਾ ਰਵੱਈਆ ਅਕਾਲੀਆਂ ਬਾਰੇ ਕੁਝ ਰੋਸੇ ਜਿਹੇ ਦਾ ਸੀ। ਅਸੀਂ ਆਪਣੀ ਗੱਲ ਕਹਿ ਲਈ ਤੇ ਉਹਨਾਂ ਦਾ ਰੋਸਾ ਵੀ ਸੁਣ ਲਿਆ। ਹੋਰ ਕੁਝ ਕਹਿਣ ਸੁਣਨ ਲਈ ਨਾ ਰਹਿ ਗਿਆ ਹੋਣ ਕਰਕੇ ਮੈਂ ਗਿਆਨੀ ਜੀ ਨੂੰ ਆਖਿਆ, ''ਚੱਲੋ ਹੁਣ ਆਪਾਂ ਚੱਲੀਏ!'' ਪਰ ਉਹ ਪੈਰ ਜਿਹੇ ਮਲ਼ੀ ਜਾਣ। ਮੇਰੇ ਜੋਰ ਦੇਣ ਤੇ ਆਖਣ ਲੱਗੇ, ''ਸਰਪੰਚ ਸਾਹਿਬ ਆਪਣੇ ਸੱਜਣ ਨੇ; ਚਾਹ ਪਾਣੀ ਪੀ ਕੇ ਚੱਲਾਂਗੇ।'' ਇਹ ਸੁਣ ਕੇ ਸਰਪੰਚ ਜੀ ਨੇ ਚੁਪ ਚਾਪ ਟ੍ਰੈਕਟਰ ਬੰਦ ਕਰਕੇ ਉਸ ਦੀ ਚਾਬੀ ਕੱਢ ਕੇ ਜੇਬ ਵਿਚ ਪਾਈ ਤੇ ਸਿਰ ਦੇ ਪਰਨੇ ਨਾਲ ਆਪਣੇ ਪੈਰ ਤੇ ਲੱਤਾਂ ਝਾੜਦੇ ਹੋਏ, ਸਾਡੇ ਅੱਗੇ ਲੱਗ ਕੇ ਘਰ ਨੂੰ ਤੁਰ ਪਏ। ਮੈ ਖ਼ੁਦ ਨੂੰ ਬੜਾ ਸ਼ਰਮਿੰਦਾ ਜਿਹਾ ਮਹਿਸੂਸ ਕਰਾਂ ਕਿ ਅਸੀਂ ਮੰਗ ਕੇ ਚਾਹ ਪਾਣੀ ਪੀਣ ਲਈ ਇਸ ਦੇ ਘਰ ਨੂੰ ਜਾ ਰਹੇ ਹਾਂ ਪਰ ਇਸ ਨੇ ਖ਼ੁਦ ਤਾਂ ਸਾਨੂੰ ਸੁਲ੍ਹਾ ਵੀ ਨਹੀ ਮਾਰੀ। ਜਦੋਂ ਉਸ ਦੇ ਘਰ ਪਹੁੰਚੇ ਤਾਂ ਵੇਖਿਆ ਕਿ ਘਰ ਦਾ ਦਾਲਾਨ ਬੜਾ ਵੱਡਾ ਖੁਲ੍ਹਾ ਸੀ। ਸਾਹਮਣੇ ਵਾਲ਼ੇ ਪਾਸੇ ਕਮਰਿਆਂ ਦੀ ਕਤਾਰ ਅਤੇ ਉਹਨਾਂ ਕਮਰਿਆਂ ਦੇ ਅਗੇ ਥੜ੍ਹਾ ਬਣਿਆ ਹੋਇਆ ਸੀ। ਇਕ ਪਾਸੇ ਡੰਗਰਾਂ ਦੇ ਬੰਨ੍ਹਣ ਵਾਲ਼ੀਆਂ ਖੁਰਲੀਆਂ ਬਣੀਆਂ ਹੋਈਆਂ ਸਨ। ਦੂਜੇ ਪਾਸੇ ਕਪਾਹ ਦੀਆਂ ਛਿਟੀਆਂ ਦਾ

ਬੜਾ ਵੱਡਾ ਢੇਰ ਲੱਗਾ ਹੋਇਆ ਸੀ। ਮਲਵਈ ਘਰਾਂ ਵਿਚ ਊਠ ਤੇ ਗੱਡਾ ਵੀ ਹੁੰਦਾ ਸੀ ਪਰ ਹੁਣ ਸ਼ਾਇਦ ਇਹ ਕਾਰਜ ਟ੍ਰੈਕਟਰ ਤੇ ਉਸ ਮਗਰ ਪਾਈ ਜਾਣ ਵਾਲ਼ੀ ਟਰਾਲੀ ਤੋਂ ਹੀ ਲਿਆ ਜਾਂਦਾ ਹੈ! ਹੋਰ ਵੀ ਕਈ ਕੁਝ ਨਿਕ ਸੁਕ ਜਿਹਾ ਵੱਡੇ ਖੁਲ੍ਹੇ ਘਰ ਵਿਚ ਸੀ ਜੋ ਹੁਣ ਯਾਦ ਨਹੀ ਰਿਹਾ।

ਸਾਡੇ ਘਰ ਅੰਦਰ ਵੜਦਿਆਂ ਹੀ ਘਰ ਦੀਆਂ ਬੀਬੀਆਂ ਨੇ ਫਟਾ ਫਟ ਥੜ੍ਹੇ ਉਪਰ ਮੰਜੇ ਡਾਹ ਦਿਤੇ ਤੇ ਸਾਡੇ ਵੇਖਦਿਆਂ ਹੀ ਵੇਖਦਿਆਂ, ਗਰਮਾ ਗਰਮ ਚੋਂਦੇ ਚੋਂਦੇ ਪਰਾਉਂਠੇ ਥਾਲੀਆਂ ਵਿਚ ਰੱਖੀ, ਉਤੇ ਮੱਖਣ, ਨਾਲ਼ ਅਚਾਰ, ਦਹੀਂ ਦੇ ਭਰੇ ਕੌਲੇ, ਤਿੰਨਾਂ ਥਾਲ਼ੀਆਂ ਵਿਚ ਰੱਖੇ ਹੋਏ ਸਾਡੇ ਸਾਹਮਣੇ ਲਿਆ ਧਰੇ। ਪਰਾਉਂਠੇ ਛਕਦਿਆਂ ਨਾਲ਼ ਲੱਸੀ ਦੇ ਕੜੇ ਵਾਲ਼ੇ ਗਲਾਸ ਵੀ ਲਿਆ ਰੱਖੇ। ਪਰਾਉਂਠੇ ਮੁੱਕਦਿਆਂ ਚਾਹ ਦੇ ਗਲਾਸ ਵੀ ਮਗਰੇ ਹੀ ਆ ਗਏ। ਅਨੰਦ ਆ ਗਿਆ ਛਾਹ ਵੇਲਾ ਛਕਣ ਦਾ ਕਿ! ਅਜਿਹਾ ਅਨੰਦ ਦਾਦੀ ਮਾਂ ਜੀ ਦੇ ਹੱਥੋਂ ਬਚਪਨ ਵਿਚ ਛਕੇ ਛਾਹ ਵੇਲ਼ੇ ਵਰਗਾ ਫਿਰ ਘੱਟ ਹੀ ਕਦੀ ਆਇਆ ਸੀ।

# ਫਿਲਮੀ ਤਰਜਾਂ 'ਤੇ ਕੀਰਤਨ

ਗੁਰਮਤਿ ਦੇ ਧਾਰਨੀ ਸੱਜਣ ਫਿਲਮੀ ਤਰਜਾਂ ਤੇ ਕੀਰਤਨ ਕਰਨਾ ਗੁਰਮਤਿ ਦੀ ਵਿਚਾਰਧਾਰਾ ਦੇ ਵਿਰੁਧ ਸਮਝਦੇ ਹਨ। ਬਚਪਨ ਦੇ ਸਮੇ ਮੈਂ ਵੇਖਿਆ ਕਰਦਾ ਸਾਂ ਕਿ ਝੰਡੇ ਬੁੰਗੇ ਦੀ ਇਮਾਰਤ ਉਪਰ, ਸ੍ਰੀ ਦਰਬਾਰ ਸਾਹਿਬ ਜੀ ਦੇ ਪਾਸੇ ਵੱਲ ਇਕ ਸੂਚਨਾ ਬੋਰਡ ਲੱਗਿਆ ਹੋਇਆ ਹੁੰਦਾ ਸੀ। ਉਸ ਬੋਰਡ ਉਪਰ ਕੀਰਤਨ ਸਬੰਧੀ ਰਾਗੀ ਸਿੰਘਾਂ ਵਾਸਤੇ ਹਿਦਾਇਤਾਂ ਲਿਖੀਆਂ ਹੋਈਆਂ ਹੁੰਦੀਆਂ ਸਨ। ਉਹਨਾਂ ਹਿਦਾਇਤਾਂ ਵਿਚ ਇਕ ਇਹ ਵੀ ਸੀ ਕਿ ਫਿਲਮੀ ਟਿਊਨ ਅਤੇ ਗੀਤ ਉਪਰ ਕੀਰਤਨ ਕਰਨਾ ਮਨ੍ਹਾ ਹੈ। ਓਦੋਂ 'ਟਿਊਨ' ਸ਼ਬਦ ਦੀ ਸਮਝ ਨਾ ਹੋਣ ਕਰਕੇ, ਇਸ ਨੂੰ 'ਟੀਨ' ਨਾਲ਼ ਹੀ ਜੋੜ ਕੇ ਇਸ ਦੇ ਅਰਥ ਦਾ ਕੁਝ ਅਟਕਲਪੱਚੂ ਜਿਹਾ ਲਾਇਆ ਕਰਦਾ ਸਾਂ ਕਿ ਸ਼ਾਇਦ ਟੀਨ ਉਪਰ ਵਜਾ ਕੇ ਕੀਰਤਨ ਨਾ ਕਰਨ ਲਈ ਆਖਦੇ ਹੋਣ!

ਥੋਹੜਾ ਹੀ ਸਮਾ ਹੋਇਆ ਕਿ ਅੰਮ੍ਰਿਤਸਰ ਦੇ ਬੀ.ਬੀ.ਕੇ. ਬੀਬੀਆਂ ਦੇ ਕਾਲਜ ਵਿਚ, ਸ. ਜਸਦੇਵ ਸਿੰਘ ਜੱਸੋਵਾਲ ਦੇ ਜਨਮ ਦਿਨ ਤੇ ਉਹਨਾਂ ਦੇ ਸਨਮਾਨ ਹਿਤ, ਇਕ ਸਮਾਗਮ ਰਚਿਆ ਗਿਆ ਸੀ। ਓਥੇ ਇਕ ਬੁਲਾਰੇ ਨੇ ਸਾਹਿਤਕ ਰੰਗਣ ਵਾਲ਼ੇ ਲਹਿਜ਼ੇ ਵਿਚ ਇਕ ਗੱਲ ਬੜੀ ਵਧਾ ਕੇ ਕੀਤੀ ਕਿ ਅੱਜ ਸ੍ਰੀ ਦਰਬਾਰ ਸਾਹਿਬ ਜਾਈਏ ਤਾਂ ਪਤਾ ਨਹੀਂ ਲੱਗਦਾ ਕਿ ਓਥੇ ਗੁਰਸਿੱਖਾਂ ਦਾ ਪ੍ਰਬੰਧ ਹੈ ਜਾਂ ਕਿ ਸਮੇ ਦੇ ਸਰਕਾਰੀ ਜ਼ਾਲਮਾਂ ਦਾ! ਉਸ ਵਿਦਵਾਨ ਸੱਜਣ ਨੇ ਧਾਰਮਿਕ ਸੂਝ ਤੋਂ ਖਾਲੀ ਹੋਣ ਕਰਕੇ, ਜੋ ਅਪਮਾਨ ਜਨਕ ਸ਼ਬਦ ਵਰਤੇ ਸਨ ਉਹ ਮੈਂ ਏਥੇ ਦੁਹਰਾਉਣੇ ਯੋਗ ਨਹੀਂ ਸਮਝਦਾ। ਉਸ ਦਾ ਇਸ਼ਾਰਾ ਸੀ ਕਿ ਕਈ ਵਾਰ ਰਾਗੀ ਸਿੰਘ ਫਿਲਮੀ ਤਰਜਾਂ ਉਪਰ ਕੀਰਤਨ ਕਰਦੇ ਸੁਣਾਈ ਦਿੰਦੇ ਹਨ। ਵੈਸੇ ਕਦੀ ਕਦੀ ਮੈਨੂੰ ਵੀ ਅਜਿਹਾ ਭੁਲੇਖਾ ਪੈ ਜਾਂਦਾ ਹੈ ਜਿਵੇਂ ਕਿ ਰਾਗੀ ਸਿੰਘ ਕਿਸੇ ਫਿਲਮੀ ਤਰਜ ਉਪਰ ਕੀਰਤਨ ਕਰ ਰਹੇ ਹੋਣ ਅਤੇ ਅਜਿਹਾ ਉਸ ਸਮੇ ਵੀ ਹੁੰਦਾ ਹੈ ਜਦੋਂ ਕਿ ਟੀ.ਵੀ. ਉਪਰ ਲਾਈਵ ਕੀਰਤਨ ਸਾਰੀ ਦੁਨੀਆ ਵਿਚ ਵੱਸਣ ਵਾਲ਼ੀ ਸੰਗਤ ਨੂੰ ਸੁਣਾਈ ਤੇ ਵਿਖਾਈ ਦੇ ਰਿਹਾ ਹੁੰਦਾ ਹੈ।

ਇਕ ਦਿਨ ਸਵੇਰੇ ਸਵੇਰੇ ਸ੍ਰੀ ਹਰਿਮੰਦਰ ਸਾਹਿਬ ਵਿਚੋਂ ਕਦੇ ਨਾ ਸੁਣੇ ਜਾਣ ਵਾਲ਼ੇ ਸ਼ਬਦ ਦਾ ਕੀਰਤਨ ਵੀ ਸੁਣਾਈ ਦਿਤਾ। ਅੰਮ੍ਰਿਤਸਰ ਵਿਚਲੇ ਪੜਾ ਸਮੇ, ਸਦਾ ਦੀ ਤਰ੍ਹਾਂ ਇਕ ਦਿਨ ਸਵੇਰੇ ਜਦੋਂ ਗਲਿਆਰੇ ਵਿਚ ਨਿਤਨੇਮ ਪੂਰਾ ਕਰਨ ਉਪ੍ਰੰਤ ਮੈਂ ਪ੍ਰਕਰਮਾਂ ਦੇ ਅੰਦਰ ਦਾਖਲ ਹੋ ਕੇ ਜਦੋਂ ਕੜਾਹ ਪ੍ਰਸ਼ਾਦ ਵਾਲ਼ੇ ਸਥਾਨ ਤੱਕ ਪਹੁੰਚਿਆ ਤਾਂ ਅੰਦਰੋਂ ਆਸਾ ਕੀ ਵਾਰ ਦੇ ਕੀਰਤਨ ਦੌਰਾਨ, "ਤੂੰਹੀ ਨਿਸ਼ਾਨੀ ਜਗਤ ਕੀ ਆਜ ਤੂੰ ਹੀ ਤਦਬੀਰ॥" ਦੀ ਧੁਨੀ ਰਾਗੀ ਸਿੰਘਾਂ ਦੀ ਰਸਨਾ ਤੋਂ ਸੁਣਾਈ ਦਿਤੀ। ਸਵੇਰੇ ਸਵੇਰੇ ਆਸਾ ਕੀ ਵਾਰ ਦੇ ਕੀਰਤਨ ਦੌਰਾਨ ਇਹ ਪੰਗਤੀ ਕੁਝ ਵੱਖਰੀ ਜਿਹੀ ਲੱਗੀ; ਸ਼ਾਇਦ ਇਸ ਕਰਕੇ ਕਿ ਪਹਿਲਾਂ ਕਦੀ ਰਾਗੀ ਸਿੰਘਾਂ ਪਾਸੋਂ ਇਸ ਦਾ ਕੀਰਤਨ ਸੁਣਿਆ ਨਹੀਂ ਸੀ। ਸੋਚ ਵੀ ਆਈ ਕਿ ਅੰਮ੍ਰਿਤ ਵੇਲ਼ੇ, ਆਸਾ ਕੀ ਵਾਰ ਦੇ ਕੀਰਤਨ ਵਿਚ ਇਸ ਦਾ ਉਚੇਚਾ ਉਚਾਰਨ ਕਰਨ ਦੀ ਕੀ ਜ਼ਰੂਰਤ ਸੀ! ਇਹ ਸ਼ਬਦ ਦਸਮ ਗ੍ਰੰਥ ਵਿਚੋਂ ਸਮਝਿਆ ਜਾਂਦਾ ਹੈ। ਇਸ ਗ੍ਰੰਥ ਦੀ ਜਿਲਦਬੰਦੀ ਦੇ ਸਮੇ ਤੋਂ ਹੀ ਪੰਥ ਵਿਚ ਇਸ ਵਿਚਲੀਆਂ ਬਾਣੀਆਂ ਬਾਰੇ ਮੱਤ ਭੇਦ ਚਲੇ ਆਉਂਦੇ ਹਨ। ਇਹਨੀਂ ਦਿਨੀਂ ਇੰਟਰਨੈਟ ਦੇ ਵਸੀਲੇ ਸਦਕਾ, ਇਸ ਬਾਰੇ ਵਾਹਵਾ ਹੀ ਵਾਦ ਵਿਵਾਦ ਚੱਲ ਰਿਹਾ ਹੈ। ਇਸ ਲਈ ਹੋ ਸਕਦਾ ਹੈ ਕਿ ਦਸਮ ਗ੍ਰੰਥ ਦੇ ਹਿਮਾਇਤੀ ਸੱਜਣਾਂ ਵੱਲੋਂ ਉਚੇਚੇ ਤੌਰ ਤੇ ਇਸ ਦੀਆਂ ਰਚਨਾਵਾਂ ਨੂੰ ਕੀਰਤਨ ਵਿਚ ਸ਼ਾਮਲ ਕਰਨ ਦਾ ਉਦਮ ਕੀਤਾ ਜਾ ਰਿਹਾ ਹੋਵੇ!

ਗੱਲ ਕਰ ਲਈਏ ਫਿਲਮੀ ਟਿਊਨਾਂ ਉਪਰ ਕੀਰਤਨ ਕਰਨ ਦੀ: ਮੈਂ ਇਸ ਗੱਲ ਦਾ ਮੁਕੰਮਲ ਤੌਰ ਤੇ ਵਿਰੋਧੀ ਨਹੀਂ। ਗੁਰੂ ਸਾਹਿਬਾਨ ਨੇ ਵੀ ਆਪਣੇ ਸਮੇ ਦੀਆਂ ਪ੍ਰਚੱਲਤ ਲੋਕ-ਸੰਗੀਤ ਦੀਆਂ ਧੁਨਾਂ ਉਪਰ ਬਾਣੀ ਰਚੀ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚੋਂ ਸਾਨੂੰ ਵੱਖ ਵੱਖ ਬਾਣੀਆਂ ਦੇ ਆਰੰਭ ਵਿਚ ਦਿਤੇ ਸਿਰਲੇਖਾਂ ਤੋਂ ਪਤਾ ਲੱਗਦਾ ਹੈ ਕਿ ਇਹ ਬਾਣੀ ਜਾਂ ਸ਼ਬਦ ਕਿਸ ਲੋਕ ਗੀਤ ਦੀ ਧੁਨ ਉਪਰ ਗਾਉਣਾ ਹੈ! ਜਿਵੇਂ ਬਾਰਹ ਮਾਹ, ਸਤਵਾਰੇ, ਵਾਰ, ਬਾਵਨ ਅਖਰੀ, ਘੋੜੀਆਂ, ਅਲਾਹਣੀਆਂ, ਥਿਤਾਂ, ਛੰਤ, ਰਹੋਏ ਕੇ ਛੰਤ, ਜੁਮਲਾ, ਏਕ ਸੁਆਨ ਕੈ ਘਰਿ ਗਾਵਣਾ ਆਦਿ। ਫਿਰ ਬਾਈ ਵਾਰਾਂ ਵਿਚੋਂ ਨੌਂ ਵਾਰਾਂ ਨੂੰ ਉਸ ਸਮੇ ਤੋਂ ਪਹਿਲਾਂ ਹੋ ਚੁੱਕੇ ਸੂਰਮਿਆਂ ਦੀ ਬਹਾਦਰੀ ਬਾਰੇ ਵਾਰਾਂ, ਜੋ ਢਾਡੀ/ਡੂਮ/ਮਰਾਸੀ ਆਦਿ ਗਵੱਈਏ ਗਾਇਆ ਕਰਦੇ ਸਨ, ਉਹਨਾਂ ਦੀਆਂ ਧੁਨਾਂ ਉਪਰ ਗਾਉਣ ਦੀ ਹਿਦਾਇਤ, ਖ਼ੁਦ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਕਰ ਗਏ ਹਨ। ਇਸ ਲਈ ਸਮੇ ਨਾਲ਼ ਪ੍ਰਚੱਲਤ ਪਾਪੂਲਰ ਸੰਗੀਤ ਦੀਆਂ ਧੁਨਾਂ ਉਪਰ ਕੀਰਤਨ ਕਰਨਾ, ਮੇਰੇ ਖਿਆਲ ਵਿਚ ਕੋਈ ਪਾਪ ਨਹੀਂ ਪਰ ਸਮੱਸਿਆ ਓਦੋਂ ਪੈਦਾ ਹੁੰਦੀ ਹੈ ਜਦੋਂ ਸ੍ਰੋਤਿਆਂ ਨੂੰ ਸ਼ਬਦ ਦੀ ਸਮਝ ਆਉਣ ਦੀ ਥਾਂ, ਉਸ ਗੀਤ ਨੂੰ ਗਾਏ ਜਾਣ ਸਮੇ, ਸਿਨਮੇ ਦੇ ਪਰਦੇ ਉਪਰ ਹੀਰੋਇਨ ਲੱਕ ਮਚਕੋੜਦੀ ਹੋਈ ਗਾਉਂਦੀ, ਸਰੋਤੇ ਦੀ ਸੋਚ ਵਿਚ ਉਭਰ ਆਉਂਦੀ ਹੈ। ਅਜਿਹੇ ਸਮੇ ਸ਼ਬਦ ਅਤੇ ਉਸ ਦੇ ਅਰਥ ਤਾਂ ਪਤਾ ਨਹੀਂ ਕਿਥੇ ਰਹਿ ਜਾਂਦੇ ਹਨ; ਪਰ ਉਸ ਹੀਰੋਇਨ ਬੀਬੀ ਦਾ ਹਾਰ ਸ਼ਿੰਗਾਰ ਵਿਚ ਜੜਤ ਸਰੀਰ ਜਰੂਰ ਸੋਚ ਵਿਚ ਉਭਰ ਆਉਂਦਾ ਹੈ।

ਮੈ ਆਪਣੀ ਗੱਲ ਦੱਸਦਾ ਹਾਂ। ਭਾਵੇਂ ਕਿ ਮੈਂ ਹੁਣ ਜਵਾਨ ਨਹੀ ਹਾਂ ਪਰ ਫਿਰ ਵੀ ਇਕ ਸਮੇ ਦਾ ਵਾਕਿਆ ਹੈ: ਵੈਸਾਖੀ ਤੇ ਅੰਮ੍ਰਿਤਸਰ ਵਿਚ ਭਾਈਆ ਜੀ ਕੁਝ ਸਮੇ ਲਈ ਘਰ ਨਾ ਆਏ ਤੇ ਸਾਡੀ ਭੈਣ ਨੂੰ ਫਿਕਰ ਹੋਇਆ ਕਿ ਏਨਾ ਚਿਰ ਘਰੋਂ ਬਾਹਰ ਰਹਿ ਸਕਣ ਦੀ ਭਾਈਆ ਜੀ ਦੀ ਸੇਹਤ, ਉਹਨਾਂ ਨੂੰ ਆਗਿਆ ਨਹੀਂ ਦਿੰਦੀ। ਉਹਨਾਂ ਨਾਲ਼ ਕਿਤੇ ਮਾੜੀ ਘਟਨਾ ਨਾ ਵਾਪਰ ਗਈ ਹੋਵੇ! ਮੈ ਉਹਨਾਂ ਨੂੰ,

ਘਰ ਦੇ ਨੇੜੇ ਵਾਲ਼ੇ ਗੁਰਦੁਆਰਾ ਸਾਹਿਬ ਵਿਚ ਸਜ ਰਹੇ, ਧਾਰਮਿਕ ਦੀਵਾਨ ਵਿਚੋਂ ਲਭਣ ਲਈ ਗਿਆ ਕਿ ਸ਼ਾਇਦ ਉਹ ਓਥੇ ਕੀਰਤਨ ਸੁਣ ਰਹੇ ਹੋਣ! ਉਸ ਦੀਵਾਨ ਵਿਚ ਗੁਰਮੁਖ ਪਹਿਰਾਵੇ ਵਿਚ ਸਜੀਆਂ ਨੌਜਵਾਨ ਬੱਚੀਆਂ ਕੀਰਤਨ ਕਰ ਰਹੀਆਂ ਸਨ ਤੇ ਸ਼ਬਦ ਤਰਜ ਕੇਹੜੀ ਉਪਰ ਗਾਇਆ ਜਾ ਰਿਹਾ ਸੀ, ਇਹ ਤਾਂ ਮੈਨੂੰ ਹੁਣ ਤੱਕ ਵੀ ਯਾਦ ਹੈ ਪਰ ਉਸ ਟਿਊਨ ਉਪਰ ਸ਼ਬਦ ਕੇਹੜਾ ਸੀ, ਕਦੋਂ ਦਾ ਭੁੱਲ ਚੁੱਕਿਆ ਹੈ। ਗਾਣਾ ਵੀ ਉਹ ਸੀ ਜਿਸ ਨੂੰ ਪਤਾ ਲੱਗਾ ਸੀ ਕਿ ਸੈਂਸਰ ਬੋਰਡ ਨੇ, ਅਸ਼ਲੀਲ ਸਮਝ ਕੇ ਫਿਲਮ ਵਿਚੋਂ ਕਟਵਾ ਦਿਤਾ ਹੋਇਆ ਸੀ।

ਇਸ ਕਰਕੇ ਪ੍ਰਚੱਲਤ ਫਿਲਮੀ ਗਾਣਿਆਂ ਦੀਆਂ ਧੁਨਾਂ ਉਪਰ ਕੀਰਤਨ ਕਰਨਾ ਅਮਲੀ ਤੌਰ ਤੇ ਵਾਜਬ ਨਹੀ। ਹਾਂ, ਜੇਕਰ ਕੋਈ ਏਨੀ ਪੁਰਾਣੀ ਕਿਤੇ ਸ਼ਾਸਤਰੀ ਰਾਗ ਦੀ ਧੁਨ ਹੋਵੇ, ਤੇ ਉਸ ਉਪਰ ਢੁਕਵਾਂ ਸ਼ਬਦ ਗਾਇਆ ਜਾ ਸਕੇ, ਜਿਸ ਗਾਣੇ ਦੀ ਸਰੋਤਿਆਂ ਨੂੰ ਸਮਝ ਨਾ ਹੋਵੇ ਤਾਂ ਕੋਈ ਪਾਪ ਵਾਲ਼ੀ ਗੱਲ ਨਹੀ।

ਪੰਜਾਹਵਿਆਂ ਵਾਲ਼ੇ ਦਹਾਕੇ ਦੌਰਾਨ ਬੰਬਈਆ ਫਿਲਮ 'ਨਾਗਨ' ਬੜੀ ਪ੍ਰਸਿਧ ਹੋਈ ਸੀ। ਇਸ ਦੇ ਗਾਣਿਆਂ ਦੀਆਂ ਜਿੰਨੀਆਂ ਧੁੰਮਾਂ ਪਈਆਂ ਸਨ ਉਸ ਦੇ ਬਰਾਬਰ ਅਜੇ ਤੱਕ ਕੋਈ ਹੋਰ ਫਿਲਮੀ ਗਾਣਾ ਨਹੀਂ ਅੱਪੜ ਸਕਿਆ। ਇਹ ਫਿਲਮ ਉਸ ਸਮੇ ਤਾਂ ਮੈਂ ਨਹੀ ਸੀ ਵੇਖ ਸਕਿਆ ਪਰ ਪੰਜਾਬ ਭਰ ਵਿਚ ਥਾਂ ਥਾਂ ਤੇ ਇਸ ਦੇ ਗਾਣਿਆਂ ਦੇ ਹੀ ਰਿਕਾਰਡ ਸੁਣਾਈ ਦਿਆ ਕਰਦੇ ਸਨ। ਇਸ ਦਾ ਇਕ ਗਾਣਾ, "ਮਨ ਡੋਲੇ ਮੇਰਾ ਤਨ ਡੋਲੇ ਮੇਰੇ ਦਿਲ ਕਾ ਗਿਆ ਕਰਾਰ ਰੇ ਕੌਨ ਬਜਾਵੇ ਬੰਸਰੀਆ।" ਤੇ ਇਸ ਦੇ ਨਾਲ਼ ਹੀ ਸੱਪ ਕੱਢਣ ਵਾਲ਼ਿਆਂ ਦੀ ਬੀਨ ਦੀ ਧੁਨ ਤਾਂ ਬੱਚੇ ਤੋਂ ਲੈ ਕੇ ਬੁਢੇ ਤੱਕ ਦੇ ਦਿਲ ਦਾ 'ਕਰਾਰ' ਵੀ ਖੋ ਦਿੰਦੀ ਹੁੰਦੀ ਸੀ। ਫਿਰ ਇਸ ਦੀ ਕੰਪੋਜ਼ਿੰਗ ਏਨੀ ਸਾਦੀ ਸੀ ਕਿ ਹਰ ਕੋਈ ਇਸ ਨੂੰ ਗੁਣਗੁਣਾ ਸਕਦਾ ਸੀ ਤੇ ਗੁਰਬਾਣੀ ਦਾ ਹਰੇਕ ਸ਼ਬਦ ਹੀ ਇਸ ਉਪਰ ਫਿੱਟ ਕਰ ਕੇ ਗਾਇਆ ਜਾ ਸਕਦਾ ਸੀ। ੨੦੧੧ ਦੇ ਨਵੰਬਰ ਮਹੀਨੇ ਵਿਚ ਹੀ ਪਰਥ ਸ਼ਹਿਰ ਦੇ ਇਕ ਗੁਰਦੁਆਰਾ ਸਾਹਿਬ ਵਿਖੇ ਬਹੁਤ ਸਾਰੀਆਂ ਸ਼ਬਦਾਂ ਦੀਆਂ ਸੀ.ਡੀਆਂ ਵਿਚੋਂ ਇਕ ਸੀ.ਡੀ. ਸੁਣਾਈ ਦਿਤੀ। ਬੜਾ ਸਮਾ ਸੋਚਣ ਪਿੱਛੋਂ ਇਹ ਤਾਂ ਪਤਾ ਲੱਗ ਗਿਆ ਕਿ ਇਹ ਸ਼ਬਦ ਵੀ ਸੁਰੀਲੇ ਗਾਇਕ ਨੇ, ਓਸੇ ਫਿਲਮ ਦੇ ਇਕ ਹੋਰ ਗਾਣੇ ਦੀ ਤਰਜ ਉਪਰ ਹੀ ਗਾਇਆ ਹੈ।

ਇਸ ਤੋਂ ਮੱਧ ਸੱਠਵਿਆਂ ਦਾ ਸਮਾ ਚੇਤੇ ਆ ਗਿਆ। ਮੈਂ ਪਟਿਆਲਾ ਵਿਚ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਰਾਗੀ ਦੀ ਸੇਵਾ ਕਰਦਾ ਸਾਂ। ਓਸੇ ਸਮੇ ਓਥੇ ਹੀ ਇਕ ਹੋਰ ਰਾਗੀ ਸਿੰਘ, ਭਾਈ ਸੰਤੋਖ ਸਿੰਘ ਸੰਧੂ ਨਾਮੀ ਵੀ ਸਨ। ਉਹ ਆਪਣੇ ਸਮੇ ਦੇ ਪਹਿਲੇ ਰਾਗੀ ਸਿੰਘ ਸਨ ਜੋ ਆਪਣੇ ਨਾਂ ਨਾਲ਼ ਆਪਣੀ ਗੋਤ ਦਾ ਨਾਂ ਵਰਤਣਾ ਫਖ਼ਰ ਸਮਝਦੇ ਸਨ। ਜ਼ਿਲ੍ਹਾ ਅੰਮ੍ਰਿਤਸਰ ਵਿਚਲਾ ਭਕਨਾ ਉਹਨਾਂ ਦਾ ਪਿੰਡ ਸੀ। ਉਹਨਾਂ ਦਾ ਕੱਦ ਮਧਰਾ ਤੇ ਸਰੀਰ ਕੁਝ ਭਾਰਾ ਸੀ ਪਰ ਬੜੇ ਬਣ ਸਵਰ ਕੇ ਰਿਹਾ ਕਰਦੇ ਸਨ ਤੇ ਸਰੀਰ ਵੀ ਉਹਨਾਂ ਦਾ ਐਕਟਿਵ ਸੀ। ਸ਼ਾਇਦ ਮੇਰੀ ਜਾਣਕਾਰੀ ਵਿਚ ਉਸ ਸਮੇ ਉਹ ਹੀ ਅਹਿਜੇ ਰਾਗੀ ਸਿੰਘ ਸਨ ਜੋ ਆਪਣੇ ਕੋਲ਼ ਲਾਇਸੈਂਸੀ ਦੋਨਾਲ਼ੀ ਬੰਦੂਕ ਵੀ ਰੱਖਦੇ ਸਨ। ਉਹਨਾਂ ਨੇ ਘੱਗੀ ਜਿਹੀ ਆਵਾਜ਼ ਵਿਚ ਨੀਵੀਂਆਂ ਜਿਹੀਆਂ ਸੁਰਾਂ ਉਪਰ ਅਜਿਹਾ ਖਿੱਚ ਪਾਊ ਕੀਰਤਨ ਕਰਨਾ ਕਿ ਸੰਗਤਾਂ ਨੇ ਬਾਕੀ ਦੂਸਰੇ ਰਾਗੀ ਸਿੰਘਾਂ ਨਾਲ਼ੋਂ ਉਹਨਾਂ ਦੇ ਕੀਰਤਨ ਦਾ ਵਧ ਆਨੰਦ ਮਾਨਣਾ। ਬਾਅਦ ਵਿਚ ਉਹਨਾਂ ਦੇ ਸਾਥੀਆਂ ਤੋਂ ਪਤਾ ਲੱਗਾ ਕਿ ਉਹ ਰਾਤ ਸਮੇ ਰੇਡੀਓ ਤੋਂ ਦੂਜੇ ਸੂਬਿਆਂ ਦੀਆਂ ਬੋਲੀਆਂ ਦੀਆਂ ਫਿਲਮਾਂ ਦੇ ਗਾਣੇ ਸੁਣ ਕੇ, ਉਹਨਾਂ ਦੀਆਂ ਧੁਨਾਂ ਉਪਰ ਸ਼ਬਦ ਫਿੱਟ ਕਰਕੇ, ਕੀਰਤਨ ਦੇ ਰੂਪ ਵਿਚ ਗਾਇਆ ਕਰਦੇ ਸਨ। ਬੰਗਾਲੀ, ਮਰਾਠੀ, ਗੁਜਰਾਤੀ, ਉੜੀਆ ਆਦਿ ਫਿਲਮਾਂ ਦੀਆਂ ਧੁਨਾਂ ਦਾ ਉਹ ਸੁਚੱਜਾ ਪ੍ਰਯੋਗ ਅਜਿਹੇ ਕਲਾਤਮਿਕ ਢੰਗ ਨਾਲ਼ ਕਰਿਆ ਕਰਦੇ ਸਨ ਕਿ ਸਰੋਤਿਆਂ ਨੂੰ ਕਦੀ ਸ਼ੰਕਾ ਹੀ ਨਹੀਂ ਸੀ ਹੁੰਦੀ ਕਿ ਉਹ ਫਿਲਮੀ ਧੁਨਾਂ ਦਾ ਪ੍ਰਯੋਗ ਕਰਦੇ ਹਨ। ਉਹ ਧੁਨਾਂ ਵੀ ਤਾਂ ਸੰਗੀਤ ਦੇ ਮਾਹਰ ਪ੍ਰੋਫ਼ੈਸ਼ਨਲ ਸੰਗੀਤਕਾਰਾਂ ਦੀਆਂ ਕੰਪੋਜ਼ ਕੀਤੀਆਂ ਹੁੰਦੀਆਂ ਹਨ। ਉਹਨਾਂ ਦਾ ਸੁਚੱਜਾ ਪ੍ਰਯੋਗ ਕਰਨ ਵਿਚ ਮੈਨੂੰ ਕੋਈ ਹਰਜ ਵੀ ਨਹੀਂ ਜਾਪਦਾ। ਫਿਰ ਸਭ ਤੋਂ ਵੱਧ ਚੰਗੀ ਗੱਲ ਇਹ ਹੁੰਦੀ ਸੀ ਕਿ ਪੰਜਾਬੀਆਂ ਨੇ ਨਾ ਉਹ ਫਿਲਮਾਂ ਵੇਖੀਆਂ ਹੁੰਦੀਆਂ ਸਨ, ਨਾ ਹੀ ਉਹ ਗਾਣੇ ਸੁਣੇ ਤੇ ਨਾ ਹੀ ਅਭਿਨੇਤਰੀਆਂ ਦੇ ਵਾਸ਼ਨਾ ਉਕਸਾਊ ਸੀਨ ਵੇਖੇ ਹੁੰਦੇ ਸਨ। ਇਸ ਕਰਕੇ ਸ੍ਰੋਤਿਆਂ ਦੀ ਸੁਰਤ ਓਧਰ ਨਹੀ ਸੀ ਜਾਂਦੀ ਤੇ ਉਹ ਸ਼ਬਦ ਦਾ ਆਨੰਦ ਮਾਣਦੇ ਸਨ।

ਇਹ ਵੀ ਉਹਨਾਂ ਦੇ ਪ੍ਰਸੰਸਕਾਂ ਪਾਸੋਂ ਸੁਣਿਆ ਹੈ ਕਿ ਸੰਤ ਬਾਬਾ ਅਤਰ ਸਿੰਘ ਜੀ ਮਸਤੂਆਣਾ ਸਾਹਿਬ ਵਾਲ਼ੇ, ਆਪਣੇ ਸਮੇ ਮਾਲਵੇ ਦੀਆਂ ਲੋਕ ਧੁਨਾਂ ਉਪਰ ਸੰਗਤਾਂ ਨੂੰ ਬਾਣੀ ਸੁਣਾਇਆ ਕਰਦੇ ਸਨ ਜਿਨ੍ਹਾਂ ਨੂੰ ਧਾਰਨਾਂ ਵਾਲ਼ਾ ਕੀਰਤਨ ਆਖਿਆ ਜਾਂਦਾ ਹੈ ਤੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਤੋਂ ਧਾਰਨਾਵਾਂ ਨੂੰ 'ਕੱਚੀ ਬਾਣੀ' ਆਖ ਕੇ ਅਜਿਹੇ ਕੀਰਤਨ ਦੀ ਮਨਾਹੀ ਕੀਤੀ ਗਈ ਹੋਈ ਹੈ। ਆਖਿਆ ਜਾਂਦਾ ਹੈ ਕਿ ਧਾਰਨਾ ਕੱਚੀ ਬਾਣੀ ਹੈ ਪਰ ਜਦੋਂ ਅਸੀਂ ਕੀਰਤਨ ਵਿਚ ਵਿਆਖਿਆ ਕਰਦੇ ਹਾਂ ਜਾਂ ਧੰਨ ਧੰਨ ਬਾਬਾ ਦੀਪ ਸਿੰਘ ਜੀ, ਜਾਂ ਧੰਨ ਧੰਨ ਸ੍ਰੀ ਗੁਰੂ ਨਾਨਕ ਦੇਵ ਜੀ ਜਾਂ ਵਾਹਿਗੁਰੂ ਵਾਹਿਗੁਰੂ ਆਦਿ ਦਾ ਉਚਾਰਨ ਕਰਦੇ ਹਾਂ ਤਾਂ ਉਹ ਵੀ ਤਾਂ ਸ਼ਬਦੋਂ ਬਾਹਰੀ ਰਚਨਾ ਹੀ ਹੁੰਦੀ ਹੈ। ਇਕ ਸੁਘੜ ਰਾਗੀ ਸਿੰਘ ਕੋਲ਼ੋਂ ਇਹ ਸ਼ੰਕਾ ਜ਼ਾਹਰ ਕਰਕੇ ਇਸ ਦਾ ਸਮਾਧਾਨ ਚਾਹਿਆ ਤਾਂ ਉਸ ਦੀ ਦਲੀਲ ਸੀ ਕਿ ਵਿਆਖਿਆ ਬਾਰੇ

ਸ੍ਰੋਤਿਆਂ ਨੂੰ ਪਤਾ ਹੁੰਦਾ ਹੈ ਕਿ ਇਹ ਵਿਆਖਿਆ ਹੈ ਕਿਉਂਕਿ ਉਹ ਵਾਰਤਕ ਵਿਚ ਹੁੰਦੀ ਹੈ ਪਰ ਧਾਰਨਾ ਦੀ ਲਾਈਨ ਕਵਿਤਾ ਵਿਚ ਹੋਣ ਕਰਕੇ ਸ੍ਰੋਤਿਆਂ ਨੂੰ ਉਸ ਦੇ ਬਾਣੀ ਹੋਣ ਬਾਰੇ ਭੁਲੇਖਾ ਲੱਗ ਸਕਦਾ ਹੈ। ਦਲ਼ੀਲ ਤਾਂ ਇਹ ਵਜ਼ਨਦਾਰ ਹੈ ਪਰ ਇਸ ਨਾ਼ਲ ਮੁਕੰਮਲ ਤੌਰ ਤੇ ਮੇਰੀ ਸ਼ੰਕਾ ਦੀ ਨਿਵਿਰਤੀ ਨਹੀਂ ਹੁੰਦੀ। ਸੰਤ ਮੱਤ ਦੇ ਕਈ ਸੁਘੜ ਕੀਰਤਨੀਏ ਧਾਰਨਾਂ ਉਪਰ ਕੀਰਤਨ ਕਰਦੇ ਹਨ ਤੇ ਸੰਗਤ ਸੁਣ ਕੇ ਆਨੰਦ ਮਾਣਦੀ ਹੈ।

ਬਹਾਨਾ ਚਾਹੇ ਕੋਈ ਵੀ ਬਣਿਆ ਅਤੇ ਇਸ ਪਿੱਛੇ ਇਕ ਵਿਸ਼ਾਲ ਇਤਿਹਾਸਕ ਘਟਨਾ ਦਾ ਜ਼ਿਕਰ ਸਿੱਖ ਇਤਿਹਾਸ ਵਿਚ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਮਹਾਂਰਾਜ ਦੀ ਕਿਰਪਾ ਨਾ਼ਲ, ਰਾਗ ਵਿੱਦਿਆ ਇਕ ਵਿਸ਼ੇਸ਼ ਸ਼੍ਰੇਣੀ ਦੀ ਮਨਾਪਲੀ ਨਾ ਰਹਿ ਕੇ ਜਨ ਸਾਧਾਰਣ ਸਿੱਖ ਸੰਗਤਾਂ ਦੀ ਪਹੁੰਚ ਅੰਦਰ ਹੋ ਗਈ ਹੈ ਜਿਸ ਕਰਕੇ ਇਸ ਸਮੇ ਹਰੇਕ ਗੁਰੂ ਕਾ ਸਿੱਖ/ਸਿੱਖਣੀ ਕੀਰਤਨ ਕਰਨ ਦਾ ਅਧਿਕਾਰੀ ਹੈ। ਸਾਡੇ ਵੇ਼ਲੇ ਤਾਂ ਬਹੁਤ ਕਰਕੇ ਰਾਗੀ ਸਿੰਘ ਅਨਪੜ੍ਹ ਜਾਂ ਅੱਧਪੜ੍ਹ ਜਿਹੇ ਹੁੰਦੇ ਸਨ ਜੋ ਕਿ ਰਾਗ, ਤਾਲ ਆਦਿ ਵਿਚ ਤਾਂ ਅੱਜ ਨਾ਼ਲੋਂ ਸ਼ਾਇਦ ਵਧ ਹੀ ਪ੍ਰਬੀਨ ਹੁੰਦੇ ਹੋਣਗੇ ਪਰ ਅਜੋਕੀ ਸਕੂਲੀ ਵਿਦਿਆ ਤੋਂ ਅਧੂਰੇ ਹੀ ਹੁੰਦੇ ਸਨ। ਇਸ ਤੋਂ ਇਲਾਵਾ ਸੱਬਰਕੱਤੀ ਗਿਣਤੀ ਵਿਚ ਰਾਗੀ ਸਿੰਘ ਅੱਖਾਂ ਤੋਂ ਅਧੂਰੇ ਹੁੰਦੇ ਸਨ। ਸਿੱਖ ਸੂਰਮੇ ਦਾ ਰਾਗੀ ਹੋਣ ਬਾਰੇ ਲੋਕਾਂ ਵਿਚ ਏਨਾ ਯਕੀਨ ਹੁੰਦਾ ਸੀ ਕਿ ਮਾਲਵੇ ਵਿਚ ਕਈ ਵਾਰ ਸੂਰਮੇ ਸਿੰਘ ਨੂੰ, ਭਾਵੇਂ ਉਹ ਰਾਗੀ ਨਾ ਵੀ ਹੋਵੇ, 'ਰਾਗਾ ਸਿੰਘ' ਕਰਕੇ ਸੰਬੋਧਨ ਕਰ ਲਿਆ ਜਾਂਦਾ ਸੀ। ਇਹਨੀਂ ਦਿਨੀਂ ਤਾਂ ਯੂਨੀਵਰਸਿਟੀ ਤੱਕ ਪੜ੍ਹੇ ਲਿਖੇ ਨੌਜਵਾਨ, ਕਈ ਡਾਕਟ੍ਰੇਟ ਤੱਕ ਦੀਆਂ ਡਿਗਰੀਆਂ ਵਾ਼ਲੇ ਵੀ ਰਾਗੀ ਸਿੰਘ ਹਨ। ਪਿਛਲੀ ਅੱਧੀ ਕੁ ਸਦੀ ਤੋਂ ਗੁਰਮਤਿ ਸੰਗੀਤ ਦੀ ਹਰੇਕ ਪੱਖੋਂ ਬਹੁਤ ਤਰੱਕੀ ਵੀ ਹੋਈ ਹੈ। ਕਾਲਜਾਂ ਅਤੇ ਯੂਨੀਵਰਸਿਟੀਆਂ ਵਿਚ ਸੰਗੀਤ ਵਿਭਾਗ ਵੀ ਖੁਲ੍ਹ ਗਏ ਹਨ ਅਤੇ ਕਈ ਥਾਂਈਂ, ਨਾ਼ਲ ਨਾ਼ਲ ਗੁਰਮਤਿ ਸੰਗੀਤ ਵਿਭਾਗ ਵੀ ਜਾਰੀ ਹਨ ਜਿਥੇ ਗੁਰਬਾਣੀ ਆਧਾਰਤ ਸੰਗੀਤ ਦੀ ਵਿੱਦਿਆ ਪ੍ਰਸਾਰੀ ਤੇ ਪ੍ਰਚਾਰੀ ਜਾ ਰਹੀ ਹੈ। ਮੌਜੂਦਾ ਸਮੇ ਕਈ ਸਫ਼ਲ ਕੀਰਤਨੀਏ ਸਿੰਘ ਇਸ ਤਰੀਕੇ ਨਾ਼ਲ ਸ਼ਬਦ ਦੀਆਂ ਧੁਨਾਂ ਕੰਪੋਜ਼ ਕਰਦੇ ਹਨ ਕਿ ਉਹ ਫਿਲਮੀ ਗਾਣਿਆਂ ਦੀਆਂ ਧੁਨਾਂ ਦਾ ਮੁਕਾਬਲਾ ਕਰਦੀਆਂ ਹਨ। ਇਸ ਕਰਕੇ ਗੁਰਮਤਿ ਸੰਗੀਤ ਸੰਸਾਰ, ਹੁਣ ਅਨਪੜ੍ਹਾਂ, ਅੱਧਪੜ੍ਹਾਂ ਜਾਂ ਸੂਰਮੇ ਸਿੰਘਾਂ ਦਾ ਹੀ ਖੇਤਰ ਨਾ ਰਹਿ ਕੇ ਇਕ ਵਿਸ਼ਾਲ ਸੰਸਾਰ ਦੇ ਰੂਪ ਵਿਚ ਸਿਰਜਿਆ ਜਾ ਚੁੱਕਾ ਹੈ।

# ਡਰ

ਡਰ, ਮਨੁਖ ਤਾਂ ਕੀ, ਸਰਬੱਤ ਸ੍ਰਿਸ਼ਟੀ ਵਿਚ ਵਿੱਦਮਾਨ ਹੈ। ਇਸ ਤੋਂ ਕੋਈ ਵੀ ਜੀਵ ਬਚਿਆ ਹੋਇਆ ਹੋਵੇ, ਅਸੰਭਵ ਜਿਹੀ ਬਾਤ ਜਾਪਦੀ ਹੈ। ਮਨੁਖ ਤਾਂ ਫਿਰ ਸਭ ਤੋਂ ਵਧ ਚੇਤੰਨ ਪਰਾਣੀ ਮੰਨਿਆ ਜਾਂਦਾ ਹੋਣ ਕਰਕੇ, ਦੂਜੇ ਜੀਵਾਂ ਨਾਲੋਂ ਇਸ ਦਾ ਸ਼ਿਕਾਰ ਵਧ ਹੀ ਹੋਵੇਗਾ! ਸ਼ੇਖ਼ ਫਰੀਦ ਜੀ ਨੇ ਤਾਂ ਇਨਸਾਨ ਨੂੰ ਮੋਟੇ ਤੌਰ ਤੇ ਪੰਜਾਹ ਕਿਸਮ ਦੇ ਡਰਾਂ ਅਧੀਨ ਵਿਚਰਦਾ ਦੱਸਿਆ ਹੈ:

ਸਰਵਰ ਪੰਖੀ ਹੇਕੜੋ ਫਾਹੀਵਾਲ ਪਚਾਸ॥੧੨੫॥ (ਪੰਨਾ ੧੩੮੪)

ਬਚਪਨ ਵਿਚ ਮੈਂ ਹਨੇਰੇ ਤੋਂ ਡਰਿਆ ਕਰਦਾ ਸਾਂ। ਕਮਾਦ ਵਿਚ ਗੰਨਾ ਭੰਨਣ ਲਈ ਇਕੱਲਾ ਜਾਣ ਤੋਂ ਤ੍ਰਹਿੰਦਾ ਸਾਂ। ਇਸ ਲਈ ਗੰਨੇ ਚੂਪਣ ਲਈ ਇਕੱਲਾ ਕਮਾਦ ਦੀ ਪੈਲ਼ੀ ਵਿਚ ਜਾਣ ਦਾ ਹੌਸਲਾ ਨਹੀਂ ਸਾਂ ਕਰਦਾ ਹੁੰਦਾ। ਸ਼ੁਰੂ ਤੋਂ ਹੀ ਮਿੱਠੇ ਦਾ ਲਾਲਚੀ ਹੋਣ ਕਰਕੇ, ਗੰਨੇ ਚੂਪਣ ਲਈ ਮੇਰਾ ਜੀ ਦੂਜੇ ਹਾਣ ਦੇ ਮੁੰਡਿਆਂ ਨਾਲ਼ੋਂ ਸ਼ਾਇਦ ਵਧ ਹੀ ਲਲਚਾਇਆ ਕਰਦਾ ਸੀ ਤੇ ਇਸ ਲਈ ਜਾਂ ਵੱਡੇ ਬਾਪੂ ਜੀ (ਪੜਦਾਦਾ ਜੀ) ਜਾਂ ਭਾਈਆ ਜੀ ਨੂੰ ਆਪਣੇ ਨਾਲ਼ ਕਮਾਦ ਵਿਚ ਜਾਣ ਲਈ ਮਜਬੂਰ ਕਰਿਆ ਕਰਦਾ ਸਾਂ। ਇਕ ਵਾਰੀ ਦੀ ਗੱਲ ਮੈਨੂੰ ਯਾਦ ਹੈ ਕਿ ਭਾਈਆ ਜੀ ਨੇ ਮੈਨੂੰ ਗੰਨਾ ਚੂਪਣ ਦੀ ਜਾਚ ਦੱਸਦਿਆਂ ਆਖਿਆ ਸੀ ਕਿ ਮੈ ਮੂੰਹ ਵਿਚਲੀ ਗੰਨੇ ਦੀ ਗੁਲੀ ਦੀ ਰਹੁ ਕੱਢਿਆਂ ਤੋਂ ਬਿਨਾ ਹੀ ਮੂੰਹ ਵਿਚੋਂ ਸੁਟੀ ਜਾਂਦਾ ਹਾਂ। ਮੈਨੂੰ ਹਰੇਕ ਗੁਲੀ ਚੰਗੀ ਤਰ੍ਹਾਂ ਚੂਪ ਕੇ ਹੀ ਬਾਹਰ ਸੁੱਟਣੀ ਚਾਹੀਦੀ ਹੈ। ਇਸ ਸਿੱਖਿਆ ਦਾ ਮੇਰੇ ਤੇ ਕਿੰਨਾ ਕੁ ਅਸਰ ਹੋਇਆ ਹੋਵੇਗਾ, ਹੁਣ ਯਾਦ ਨਹੀਂ।

ਗੰਨੇ ਚੂਪਣ ਤੋਂ ਇਕ ਹੋਰ ਗੱਲ ਯਾਦ ਆ ਗਈ। ਸਾਡੇ ਪਿੰਡ ਵਿਚ ਸਭ ਤੋਂ ਪਹਿਲਾਂ ਮਿਸ਼ਰੀ ਕਮਾਦ, ਜੋ ਚੂਪਣ ਵਿਚ, ਉਸ ਸਮੇ ਦੇ ਦੂਜੇ ਕਮਾਦਾਂ ਨਾਲ਼ੋਂ ਵਧੇਰੇ ਮਿੱਠਾ ਤੇ ਵਧੇਰੇ ਪੋਲਾ ਹੁੰਦਾ ਸੀ, ਅਸੀਂ ਹੀ ਬੀਜਿਆ ਸੀ। ਇਸ ਤੋਂ ਪਹਿਲਾਂ ਮੇਰੀ ਜਾਣਕਾਰੀ ਵਿਚ ਸਾਡੇ ਪਿੰਡ ਦੋ ਹੀ ਕਿਸਮ ਦਾ ਕਮਾਦ ਹੁੰਦਾ ਸੀ: ਇਕ ਦਾ ਨਾਂ ਪੰਜਾਸੀ ਹੁੰਦਾ ਸੀ ਤੇ ਦੂਜੇ ਦਾ ਨਾਂ ਕਾਠਾ। ਭਾਈਆ ਜੀ ਹੋਰਾਂ ਨੇ ਮੇਰੇ ਵੱਡੇ ਚਾਚੀ ਜੀ ਦੇ ਪੇਕਿਆਂ, ਵੈਰੋ ਨੰਗਲ ਤੋਂ ਉਸ ਦਾ ਬੀਜ ਲਿਆਂਦਾ ਸੀ। ਸਾਡਾ ਵਿਚਕਾਰਲਾ ਭਰਾ ਆਤਮਾ ਸਿੰਘ ਨਿੱਕਾ ਹੁੰਦਾ ਹੀ ਬਹੁਤ ਦਲੇਰ ਸੀ ਤੇ ਹੈ। ਨਿੱਕਾ ਹੁੰਦਾ ਹੀ ਉਹ ਘਰੋਂ ਬਾਹਰ ਜਿਧਰ ਮੂੰਹ ਆਇਆ ਤੁਰ ਜਾਇਆ ਕਰਦਾ ਸੀ ਤੇ ਕਈ ਵਾਰੀਂ ਸੜਕੇ ਸੜਕ ਜਾਂਦੇ ਨੂੰ ਰਾਹੀਆਂ ਨੇ, ਇਕੱਲਾ ਬੱਚਾ ਤੁਰਿਆ ਜਾਂਦਾ ਵੇਖ ਕੇ, ਫੜ ਕੇ ਤੇ ਪੁੱਛ ਪੁਛਾ ਕੇ, ਪਰਵਾਰ ਦੇ ਹਵਾਲੇ ਕਰਨਾ। ਉਹ ਆਪਣੇ ਨਿੱਕੇ ਨਿੱਕੇ ਹਾਣੀਆਂ ਦੀ ਢਾਣੀ ਨਾਲ ਵਿਚਰਿਆ ਕਰਦਾ ਸੀ ਤੇ ਸਾਰਿਆਂ ਨੂੰ ਨਾਲ਼ ਲੈ ਕੇ ਕਮਾਦ ਵਿਚ ਚਲਿਆ ਜਾਂਦਾ ਸੀ। ਇਕ ਦਿਨ ਵੱਡੇ ਚਾਚਾ ਜੀ ਨੇ ਉਸ ਨੂੰ ਡਰਾਉਣ ਲਈ ਆਖਿਆ, "ਕਮਾਦ ਵਿਚ ਐਡੇ (ਹੱਥਾਂ ਦੇ ਫੈਲਾ ਨਾਲ਼) ਵੱਡੇ ਮੂੰਹ ਵਾਲਾ ਬਾਘੜ ਬਿੱਲਾ ਰਹਿੰਦਾ; ਓਥੇ ਨਾ ਜਾਈਂ!" ਅਗਲੇ ਦਿਨ ਉਹ ਘਰ ਆ ਕੇ ਆਖਣ ਲੱਗਾ, "ਚਾਚਾ ਜੀ, ਮੈਂ ਤੇ ਸਾਰੇ ਮੂਏਂ ਫੋਲ ਫੋਲ ਕੇ ਵੇਖੇ ਆ। ਓਥੇ ਤੇ ਨਿੱਕੇ ਜਿਹੇ ਮੂੰਹ ਵਾਲ਼ੀ ਬਿੱਲੀ ਵੀ ਨਹੀ।" ਇਹ ਸੁਣ ਕੇ ਸਾਰੇ ਟੱਬਰ ਵਿਚ ਹਾਸਾ ਮਚ ਗਿਆ। ਦਾਦੀ ਮਾਂ ਜੀ ਆਂਹਦੇ, "ਲਓ, ਡਰਾ ਲਓ ਇਹਨੂੰ!"

ਬਹੁਤੀ ਵਾਰ ਮਨੁਖ ਨੂੰ ਕਿਸੇ ਡਰ ਦਾ ਪਤਾ ਨਾ ਹੋਣ ਕਰਕੇ ਉਹ ਡਰ ਤੋਂ ਬੇਖ਼ਬਰ ਵੀ ਰਹਿੰਦਾ ਹੈ। ਬਹੁਤੇ ਸਿਆਣੇ ਮਨੁਖ, ਘੱਟ ਸਿਆਣਿਆਂ ਨਾਲ਼ੋਂ ਵਧ ਡਰ ਦੇ ਅਧੀਨ ਵਿਚਰਦੇ ਹਨ ਕਿਉਂਕਿ ਉਹ ਆਮ ਲੋਕਾਂ ਨਾਲ਼ੋਂ ਕਿਸੇ ਘਟਨਾ ਬਾਰੇ ਵਧ ਅੰਦਾਜ਼ਾ ਲਾ ਕੇ, ਉਸ ਤੋਂ ਪੈਦਾ ਹੋਣ ਵਾਲ਼ੇ ਖ਼ਤਰੇ ਨੂੰ ਅਨੁਭਵ ਕਰਕੇ ਡਰ ਜਾਂਦੇ ਜਾਂ ਸੰਕੋਚ ਕਰ ਜਾਂਦੇ ਹਨ। ਜਿਸ ਵਿਚਾਰੇ ਸਾਧਾਰਨ ਵਿਅਕਤੀ ਨੂੰ ਪਤਾ ਹੀ ਨਾ ਹੋਵੇ ਕਿ ਇਹ ਡਰ ਦਾ ਕਾਰਨ ਹੈ, ਉਹ ਡਰੇਗਾ ਕਾਹਤੋਂ! ਗੁਰਬਾਣੀ ਬਹੁਤੇ ਸਿਆਣੇ ਬਾਰੇ ਵੀ ਫ਼ੁਰਮਾਉਂਦੀ ਹੈ:

ਬਹੁਤ ਸਿਆਪ ਜਮ ਕਾ ਭਉ ਬਿਆਪੈ॥

ਫਿਰ:

ਡਰ ਡਰ ਮਰਤੇ ਜਿਨ ਜਾਨਿਆ ਦੂਰ॥

ਡਰ ਤਾਂ ਹੀ ਹਟੇਗਾ ਜੇ ਅਸੀਂ:

ਡਰ ਚੂਕਾ ਦੇਖਿਆ ਭਰਪੂਰ॥

ਵਾਲ਼ੀ ਅਵਸਥਾ ਤੇ ਪੁੱਜ ਜਾਵਾਂਗੇ।

ਬਚਪਨ ਸਮੇ, ਪੰਜਾਹਵਿਆਂ ਵਾਲ਼ੇ ਦਹਾਕੇ ਦੌਰਾਨ, ਬਰਸਾਤਾਂ ਦੇ ਦਿਨੀਂ ਖੂਹਾਂ ਦਾ ਪਾਣੀ, ਮੀਹ ਪੈ ਕੇ ਹੋਈ ਸਲਾਭ ਕਾਰਨ ਉਪਰ ਤੱਕ ਆ ਜਾਇਆ ਕਰਦਾ ਸੀ। ਸਾਡੇ ਖੂਹ ਦੇ ਕਿਨਾਰੇ ਤੂਤ ਦਾ ਦਰੱਖ਼ਤ ਹੁੰਦਾ ਸੀ। ਅਸੀਂ ਉਸ ਦੇ ਉਪਰ ਚੜ੍ਹ ਕੇ ਖੂਹ ਵਿਚ ਛਾਲਾਂ ਮਾਰ ਮਾਰ ਨਹਾਇਆ ਕਰਨਾ। ਇਹ ਵੀ ਡਰ ਵਾਲੀ ਕੋਈ ਗੱਲ ਸੀ; ਇਸ ਦਾ ਓਦੋਂ ਪਤਾ ਹੀ ਨਹੀਂ ਸੀ ਹੁੰਦਾ। ਫਿਰ ਅੰਮ੍ਰਿਤਸਰ ਆਏ ਤਾਂ ਭਾਈਆ ਜੀ ਨੂੰ, ਸ਼੍ਰੋਮਣੀ ਕਮੇਟੀ ਦਾ ਮੁਲਾਜ਼ਮ ਹੋਣ ਕਰਕੇ, ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੇ ਪਿਛਵਾੜੇ, ਰਿਹਾਇਸ਼ ਵਾਸਤੇ ਕੁਆਰਟਰ ਮਿਲਿਆ ਹੋਇਆ ਸੀ। ਓਥੇ ਹੀ ਵਿਸ਼ਾਲ ਖੂਹ ਹੁੰਦਾ ਸੀ, ਜੋ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਆਪਣੀ ਹੱਥੀਂ ਲਵਾਇਆ ਸੀ ਤੇ ਉਸ ਦਾ ਨਾਂ ਵੀ 'ਸ੍ਰੀ ਅਕਾਲਸਰ' ਰੱਖਿਆ ਸੀ। ਹੁਣ ਉਹ ਖੂਹ ੧੯੮੬ ਵਿਚ, ਨਵੇਂ ਸਿਰੇ ਸ੍ਰੀ ਅਕਾਲ ਤਖ਼ਤ ਸਾਹਿਬ ਜੀ ਦੀ ਇਮਾਰਤ

ਉਸਾਰਨ ਸਮੇ, ਇਮਾਰਤ ਦੇ ਥੱਲੇ ਦੱਬ ਦਿਤਾ ਗਿਆ ਹੈ। ਇਸ ਤਰ੍ਹਾਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਹੱਥਾਂ ਦੀ ਇਕ ਮਹੱਤਵਪੂਰਨ ਨਿਸ਼ਾਨੀ, ਸੰਗਤਾਂ ਦੀਆਂ ਅੱਖਾਂ ਤੋਂ ਓਹਲੇ ਕਰ ਦਿਤੀ ਗਈ ਹੈ। ਪੰਜਾਹਵਿਆਂ ਸਮੇ, ਗਰਮੀਆਂ ਦੇ ਦਿਨਾਂ ਦੇ ਲੌਢੇ ਕੁ ਵੇਲ਼ੇ ਉਸ ਨਾਲ਼ ਇਕ ਕੱਟਾ ਜੋ ਕੇ, ਉਸ ਦਾ ਪਾਣੀ ਕਢ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਾਹਮਣੇ ਦੀ ਪ੍ਰਕਰਮਾ ਧੋ ਕੇ ਸਾਫ ਤੇ ਠੰਡੀ ਕੀਤੀ ਜਾਇਆ ਕਰਦੀ ਸੀ। ਉਸ ਦਾ ਪਾਣੀ ਹੀ ਨਲ਼ਕੇ ਰਾਹੀਂ ਕਢ ਕੇ, ਭਾਂਡੇ ਭਰ ਕੇ ਸਟਾਫ਼ ਵਾਲ਼ੇ ਆਪੋ ਆਪਣੇ ਘਰਾਂ ਵਿਚ ਲਿਜਾ ਕੇ ਵਰਤਿਆ ਕਰਦੇ ਸਨ। ਉਸ ਖੂਹ ਦੇ ਢੋਲ, ਝਵੱਕਲ਼ੀ, ਬੈੜ, ਟਿੰਡਾਂ ਆਦਿ ਜ਼ਮੀਨ ਤੋਂ ਇਕ ਮਨਜ਼ਲ ਉਪਰ ਹੋਇਆ ਕਰਦੇ ਸਨ। ਮੈ ਸ਼ਰਾਰਤ ਵਜੋਂ ਕਦੀ ਕਦੀ ਜਦੋਂ ਕੋਈ ਹੋਰ ਵੇਖਦਾ ਨਾ ਹੋਵੇ, ਉਸ ਦੇ ਬੈੜ ਵਿਚ ਲੱਤਾਂ ਫਸਾ ਕੇ ਤੇ ਆਪਣੇ ਹੱਥ ਛੱਡ ਕੇ, ਉਸ ਖੂਹ ਵਿਚ ਲਮਕਿਆ ਕਰਦਾ ਸਾਂ ਤੇ ਕਦੀ ਸੋਚ ਵਿਚ ਹੀ ਨਹੀਂ ਸੀ ਆਇਆ ਕਿ ਇਸ ਵਿਚ ਵੀ ਕੋਈ ਡਰਨ ਵਾਲ਼ੀ ਗੱਲ ਹੈ।

ਨਬਿਆਂ ਵਾਲ਼ੇ ਦਹਾਕੇ ਦੌਰਾਨ ਜਦੋਂ ਸਿਡਨੀ ਵਿਚ ਮੈਂ ਕਿਸੇ ਕੰਪਨੀ, ਫੈਕਟਰੀ ਜਾਂ ਦਫ਼ਤਰ ਵਿਚ ਕੋਈ ਕੰਮ ਲਭਣ ਵਾਸਤੇ ਥਾਂ ਥਾਂ ਫਰਮਾਂ ਦੇ ਦਫ਼ਤਰਾਂ ਵਿਚ ਫਾਰਮ ਭਰਿਆ ਕਰਦਾ ਸਾਂ ਤਾਂ ਇਕ ਥਾਂ ਫਾਰਮ ਵਿਚ ਬਹੁਤ ਸਾਰੇ ਹੋਰ ਖਾਨਿਆਂ ਦੇ ਨਾਲ਼ ਇਹ ਵੀ ਇਕ ਖਾਨਾ ਸੀ, ਜਿਸ ਵਿਚ ਪੁੱਛਿਆ ਗਿਆ ਸੀ ਕਿ ਕੀ ਤੁਹਾਨੂੰ ਉਚਾਈ ਤੋਂ ਡਰ ਲੱਗਦਾ ਹੈ? ਇਹ ਪੜ੍ਹ ਕੇ ਮੈਂ ਅੰਦਰ ਹੀ ਅੰਦਰ ਹੈਰਾਨੀ ਨਾਲ਼ ਮੁਸਕ੍ਰਾਇਆ ਕਿ ਲੈ ਇਹ ਵੀ ਕੋਈ ਡਰਨ ਵਾਲ਼ੀ ਗੱਲ ਹੈ! ਬਚਪਨ ਵਿਚ ਬਾਬਾ ਅਟੱਲ ਸਾਹਿਬ ਜੀ ਦੀ ਨੌਵੀਂ ਮਨਜ਼ਲ ਤੇ ਚੜ੍ਹ ਕੇ ਸਾਰੇ ਸ਼ਹਿਰ ਉਪਰ ਨਿਗਾਹ ਮਾਰ ਲਈਦੀ ਸੀ। ਡਰਨ ਵਾਲ਼ੀ ਕੋਈ ਗੱਲ ਹੀ ਨਹੀਂ ਸੀ। ਫਿਰ ਆਪਣੀ ਜਵਾਨੀ ਦੇ ਦਿਨਾਂ ਸਮੇ, ਸੰਸਾਰ ਭਰ ਦੇ ਵੱਖ ਵੱਖ ਮੁਲਕਾਂ ਦੇ ਵੱਖ ਵੱਖ ਸ਼ਹਿਰਾਂ ਵਿਚਲੀਆਂ, ਕਈ ਬਹੁ ਮੰਜ਼ਲੀ ਇਮਾਰਤਾਂ ਦੇ ਸਿਰਿਆਂ ਤੇ ਸਜੇ ਰੈਸਟੋਰੈਂਟਾਂ ਆਦਿ ਵਿਚ ਵੀ ਫੇਰਾ ਮਾਰ ਲਿਆ ਜਾਂਦਾ ਸੀ। ੧੯੭੮ ਵਾਲ਼ੀ ਨਿਊ ਯਾਰਕ ਦੀ ਪਹਿਲੀ ਫੇਰੀ ਸਮੇ, ਜੇਹੜਾ ਆਜ਼ਾਦੀ ਦੀ ਦੇਵੀ ਵਾਲ਼ਾ ਬੁੱਤ, ਜੋ ਫਰਾਂਸ ਵੱਲੋਂ ਅਮ੍ਰੀਕਾ ਨੂੰ, ਉਸ ਦੀ ਆਜ਼ਾਦੀ ਦੇ ਤੋਹਫੇ ਵਜੋਂ ਭੇਟਾ ਕੀਤਾ ਗਿਆ ਸੀ, ਉਸ ਦੇ ਧੁਰ ਅਖੀਰ ਤੱਕ ਵੀ, ਅੰਦਰ ਹੀ ਅੰਦਰ ਜਾ ਆਇਆ ਸਾਂ। ਅਜਿਹਾ ਕਦੀ ਖਿਆਲ ਹੀ ਨਹੀਂ ਸੀ ਆਇਆ ਕਿ ਇਹ ਵੀ ਡਰਨ ਵਾਲ਼ੀ ਗੱਲ ਹੈ। ਹੋ ਸਕਦਾ ਹੈ ਉਸ ਸਮੇ ਮੇਰੇ ਮੂੰਹ ਅਤੇ ਦਾਹੜੀ ਦਾ ਰੰਗ ਇਕੋ ਜਿਹਾ ਹੋਣ ਕਰਕੇ, ਮੈਂ ਹੁਣ ਨਾਲ਼ੋਂ ਜ਼ਿਆਦਾ ਦਲੇਰ ਹੋਵਾਂ! ਹੁਣ ਜਦੋਂ ਕਿ ਮੇਰੀ ਦਾਹੜੀ ਦਾ ਰੰਗ ਕਾਲ਼ੇ ਤੋਂ ਚਿੱਟਾ ਹੋ ਚੁੱਕਾ ਹੈ, ਲੋੜੋਂ ਵਧ ਸਿਆਣਾ ਹੋ ਗਿਆ ਹੋਵਾਂ! ਅਜਿਹਾ ਕੁਝ ਹੋਣ ਦਾ ਮੈਨੂੰ ਵਹਿਮ ਜਿਹਾ ਵੀ ਹੈ; ਪਰ ਅਣਜਾਣੇ ਹੀ ਉਸ ਸਮੇ ਤੋਂ ਮੈ ਉਚਾਈ ਤੋਂ ਡਰਨ ਲੱਗ ਪਿਆ ਹਾਂ। ਕਿਸੇ ਉਚੀ ਛੱਤ ਉਪਰ ਖਲੋਤਾ ਖਲੋਤਾ ਇਉਂ ਮਹਿਸੂਸ ਕਰਨ ਲੱਗ ਪੈਂਦਾ ਹਾਂ ਕਿ ਜਿਵੇਂ ਮੇਰੇ ਪੈਰ ਖਿਸਕ ਜਾਣਗੇ ਤੇ ਮੈਂ ਸਿਰ ਪਰਨੇ ਛੱਤ ਤੋਂ ਥੱਲੇ ਡਿਗ ਪਵਾਂਗਾ। ਇਕ ਵਾਰੀਂ ਅਜਿਹਾ ਹੋ ਵੀ ਗਿਆ। ੧੯੯੨ ਵਿਚ ਅਸੀਂ ਏਥੇ ਸਿਡਨੀ ਵਿਚ 'ਓਨਰ ਬਿਲਡਰ' ਵਜੋਂ ਆਪਣਾ ਮਕਾਨ ਬਣਵਾ ਰਹੇ ਸਾਂ ਤੇ ਮੈਂ ਉਸ ਦੀ ਛੱਤ ਉਪਰ ਪਤਾ ਨਹੀ ਕੀ ਕਰ ਰਿਹਾ ਸਾਂ ਕਿ ਮੇਰੇ ਪੈਰ ਆਪਣੀ ਥਾਂ ਤੋਂ ਫਿਸਲ ਗਏ ਤੇ ਮੈਂ ਮਕਾਨ ਦੀ ਖਪੜੈਲਾਂ ਵਾਲ਼ੀ ਟੇਢੀ ਛੱਤ ਤੋਂ ਥੱਲੇ ਨੂੰ ਰੇਹੜੇ ਪੈ ਗਿਆ। ਦੋ ਕੁ ਪਲਸੇਟੀਆਂ ਵੱਜਣ ਪਿੱਛੋਂ ਪਤਾ ਨਹੀ ਕਿਵੇਂ ਗਟਰ ਤੇ ਆ ਕੇ ਅਟਕ ਗਿਆ ਤੇ ਥੱਲੇ ਜ਼ਮੀਨ ਤੱਕ ਨਾ ਪਹੁੰਚਿਆ। ਸਮਝੋ ਕਿ ਜਿਵੇਂ, "ਆਸਮਾਨ ਤੋਂ ਟਪਕਿਆ ਤੇ ਖਜੂਰ ਤੇ ਅਟਕਿਆ।" ਵਾਲ਼ੀ ਹੀ ਮੇਰੇ ਨਾਲ਼ ਹੋਈ।

ਇਸ ਤੋਂ ਬਚਪਨ ਵਿਚ ਵਾਪਰੀ ਇਕ ਘਟਨਾ ਵੀ ਯਾਦ ਆਈ। ਸਿਆਲ਼ ਦੇ ਦਿਨ ਸਨ ਤੇ ਝੜੀਆਂ ਲੱਗੀਆਂ ਹੋਈਆਂ ਸਨ। ਰਾਤ ਸਮੇ ਸਾਰੇ ਪਿੰਡ ਦੇ ਲੋਕ ਆਪੋ ਆਪਣੇ ਜਵਾਕ ਜਲ਼ਿਆਂ ਸਮੇਤ ਆਪੋ ਆਪਣੇ ਅੰਦਰੀਂ ਜੁੱਲਿਆਂ ਵਿਚ ਦੜੇ ਹੋਏ ਸਨ। ਮੈਂ ਤੇ ਦਾਦੀ ਮਾਂ ਜੀ ਹਵੇਲੀ ਵਾਲ਼ੇ ਘਰ ਵਿਚ, ਇਕੋ ਮੰਜੇ ਉਪਰ ਪਏ ਹੋਏ ਸਾਂ। ਮੈਂ ਅਜੇ ਜਾਗਦਾ ਹੀ ਸਾਂ ਕਿ ਇਕ ਪਟਾਕਾ ਜਿਹਾ ਚੱਲਣ ਦਾ ਖੜਾਕ ਸੁਣਿਆ। ਗੱਲ ਆਈ ਗਈ ਹੋ ਗਈ। ਕੁਝ ਸਮਾ ਬੀਤਿਆ ਕਿ ਸਾਡੇ ਬੂਹੇ ਤੇ ਠਕੋਰ ਹੋ ਕੇ ਨਾਲ਼ ਹੀ ਵੱਡੇ ਚਾਚਾ ਜੀ ਦੀ ਆਵਾਜ਼ ਆਈ, "ਮੈਂ ਵਾਂ; ਬੂਹਾ ਖੋਹਲੋ!" ਜਦੋਂ ਮਾਂ ਜੀ ਨੇ ਬੂਹਾ ਖੋਹਲਿਆ ਤਾਂ ਚਾਚਾ ਜੀ, ਸਿਰ ਤੇ ਮੜਾਸਾ ਕਰੀ ਤੇ ਮੜਾਸੇ ਦੇ ਉਪਰ ਦੀ ਬੋਰੀ ਲਈ ਹੋਈ ਮੀਹ ਤੋਂ ਬਚਣ ਲਈ, ਖਲੋਤੇ ਸਨ। ਉਹਨਾਂ ਦੇ ਖੱਬੇ ਹੱਥ ਵਿਚ ਲਾਲਟੈਣ ਤੇ ਸੱਜੇ ਹੱਥ ਵਿਚ ਬਰਛਾ ਫੜਿਆ ਹੋਇਆ ਸੀ। ਮੀਂਹ ਨਾਲ਼ ਭਿੱਜੀ ਬੋਰੀ ਨੂੰ ਉਹਨਾਂ ਨੇ ਬਾਹਰ ਝਾੜਿਆ ਤੇ ਅੰਦਰ ਆ ਕੇ, ਸਾਡੀ ਰਜਾਈ ਵਿਚ ਵੜ ਕੇ, ਜਰਾ ਠਰ੍ਹੰਮੇ ਜਿਹੇ ਨਾਲ਼ ਬੋਲੇ, "ਮੋਹਣੇ ਮਲੱਟਰੀ ਨੇ ਗੋਲ਼ੀ ਚਲਾਈ ਸੀ ਤੇ ਮੈਂ ਸੋਚਿਆ ਕਿ ਤੁਸੀਂ ਡਰ ਰਹੇ ਹੋਵੋਗੇ; ਇਸ ਲਈ ਪਤਾ ਕਰਨ ਆਇਆ ਵਾਂ। "ਕਦੋਂ?" ਮਾਂ ਜੀ ਨੇ ਪੁੱਛਿਆ, "ਮੈਨੂੰ ਤੇ ਪਤਾ ਨਹੀ ਲੱਗਿਆ। ਸੱਖੋ (ਮੇਰਾ ਨਿੱਕਾ ਨਾਂ) ਆਂਹਦਾ ਸੀ ਕਿ ਪਟਾਕਾ ਚੱਲਣ ਵਰਗਾ ਖੜਾਕ ਹੋਇਆ। ਅਸੀਂ ਤੇ ਕੋਈ ਗੱਲ ਗੌਲ਼ੀ ਨਹੀ।" ਤਾਂ ਚਾਚਾ ਜੀ ਨੇ ਦੱਸਿਆ, "ਸਾਰਾ ਪਿੰਡ ਸਹਿਮਿਆਂ ਹੋਇਆ ਆਪੋ ਆਪਣੇ ਅੰਦਰੀਂ ਦੁਬਕਿਆ ਹੋਇਆ ਏ; ਕੋਈ ਕੁਸਕਦਾ ਨਹੀ। ਮੈਂ ਏਨਾ ਖ਼ਤਰਾ ਲੈ ਕੇ ਵਰ੍ਹਦੇ ਮੀਂਹ ਵਿਚ ਤੁਹਾਡਾ ਪਤਾ ਲੈਣ ਆਇਆ ਵਾਂ ਤੇ ਤੁਸੀਂ ਏਨੇ ਬੇਫਿਕਰ ਹੋ!"

ਇਸ ਤੋਂ ਸਾਬਤ ਹੋਇਆ ਕਿ ਡਰ ਵੀ, ਡਰ ਦੀ ਜਾਣਕਾਰੀ ਕਾਰਨ ਹੀ ਹੁੰਦਾ ਹੈ। ਬਾਕੀ ਪਿੰਡ ਵਾਲ਼ਿਆਂ ਨੂੰ ਪਤਾ ਸੀ ਕਿ ਕੀ ਗੱਲ ਹੈ ਤੇ ਉਹ ਡਰ ਕੇ ਅੰਦਰੀਂ ਵੜ ਕੇ ਦੜੇ ਹੋਏ ਸਨ ਤੇ ਅਸੀਂ ਦਾਦੀ ਪੋਤਾ ਭਾਵੇਂ ਕਿ ਸਾਂ ਤਾਂ ਅੰਦਰ ਹੀ ਪਰ ਸਾਨੂੰ ਡਰ ਕੋਈ ਨਹੀ ਸੀ ਲੱਗ ਰਿਹਾ ਕਿਉਂਕਿ ਅਸੀਂ ਅਸਲੀਅਤ ਤੋਂ ਬੇਖ਼ਬਰ ਸਾਂ।

"ਤੇਰਾ ਲੁੱਟਿਆ ਸ਼ਹਿਰ ਬਿਭੌਰ, ਸੱਸੀਏ ਬੇਖ਼ਬਰੇ!"

ਮੋਹਣੇ ਮਲੱਟਰੀ ਬਾਰੇ ਵੀ ਗੱਲ ਕਰ ਹੀ ਲਈਏ। ਇਹ ਸਾਡੇ ਪਿੰਡ ਦਾ ਦਲਿਤ (ਮਜ਼ਹਬੀ) ਪਰਵਾਰ ਵਿਚੋਂ ਦਲੇਰ ਕਿਸਮ ਦਾ ਸੱਜਣ ਸੀ। ਸ਼ਾਇਦ ਕਿਤੇ ਮਿਲਟਰੀ ਵਿਚ ਵੀ ਰਿਹਾ ਸੀ ਤੇ ਏਸੇ ਕਰਕੇ ਪਿੰਡ ਵਾਲੇ ਇਸ ਨੂੰ 'ਮੋਹਣਾ ਮਲੱਟਰੀ' ਆਖਿਆ ਕਰਦੇ ਸਨ। ਇਸ ਕੋਲ਼ ਨਾਜਾਇਜ਼ ਅਸਲਾ ਵੀ ਹੁੰਦਾ ਸੀ। ਇਹ ਗੱਲ ਉਹਨੀਂ ਦਿਨੀਂ ਬੜੀ ਵੱਡੀ ਤੇ ਦਲੇਰੀ ਵਾਲ਼ੀ ਸਮਝੀ ਜਾਂਦੀ ਸੀ। ਬਾਕੀ ਲੋਕਾਂ ਦੇ ਮਨਾਂ ਤੇ ਇਸ ਗੱਲ ਦਾ ਬੜਾ ਭੈ ਹੁੰਦਾ ਸੀ ਕਿ ਫਲਾਣੇ ਕੋਲ਼ ਬੰਦੂਕ ਜਾਂ ਪਸਤੌਲ ਹੈ। ਇਹ ਸੱਜਣ ਬਹੁਤਾ ਕਰਕੇ ਪੁਲਿਸ ਤੋਂ ਭਗੌੜਾ ਹੀ ਰਹਿੰਦਾ ਸੀ। ਇਕ ਵਾਰੀਂ ਅਸੀਂ ਨਾਥ ਦੀ ਖੂਹੀ ਵੱਲ, ਸੜਕ ਦੇ ਨੇੜੇ, ਮੈਰੇ ਵਿਚ ਡੰਗਰ ਚਾਰਦੇ ਸਾਂ ਤੇ ਇਸ ਦਾ ਮੁੰਡਾ ਵੀ ਸਾਡੇ ਨਾਲ਼ ਡੰਗਰ ਚਾਰਦਾ ਸੀ। ਇਹ ਸਾਡੇ ਕੋਲ਼ ਆਪਣੇ ਮੁੰਡੇ ਨੂੰ ਵੇਖਣ ਆਇਆ ਸੀ। ਉਹਨੀਂ ਦਿਨੀਂ ਇਹ ਜਰੂਰ ਹੀ ਭਗੌੜਾ ਹੋਵੇਗਾ। ਆਪਣੇ ਪੁੱਤਰ ਨੂੰ ਮਿਲ਼ਿਆ। ਉਸ ਵੱਲ ਵੇਖ ਕੇ ਮੁਸਕਰਾ ਰਹੇ ਦੀ ਤਸਵੀਰ ਅਜੇ ਵੀ ਮੇਰੀ ਯਾਦਦਾਸ਼ਤ ਵਿਚ ਸਾਂਭੀ ਪਈ ਹੈ। ਇਹ ਆਪਣੇ ਪੁੱਤਰ ਨੂੰ ਆਖ ਰਿਹਾ ਸੀ ਕਿ ਉਹ ਇਸ ਵਾਸਤੇ ਘਰੋਂ ਜਾ ਕੇ ਰੋਟੀ ਲਿਆਵੇ ਪਰ ਉਹ ਨਹੀਂ ਮੰਨਿਆਂ। ਇਸ ਦੇ ਇਕ ਤੋਂ ਵਧ ਕਾਰਨ ਵੀ ਹੋ ਸਕਦੇ ਸਨ। ਇਕ ਇਹ ਵੀ ਹੋ ਸਕਦਾ ਸੀ ਕਿ ਛੋਟਾ ਹੋਣ ਕਰਕੇ ਉਸ ਨੂੰ ਇਸ ਗੱਲ ਦੇ ਮਹੱਤਵ ਦਾ ਨਾ ਪਤਾ ਹੋਵੇ ਕਿ ਉਸ ਦਾ ਪਿਓ ਭੁੱਖਾ ਹੈ ਤੇ ਦੂਜਾ ਇਹ ਵੀ ਹੋ ਸਕਦਾ ਹੈ ਕਿ ਉਸ ਨੂੰ ਪਤਾ ਹੋਵੇ ਕਿ ਘਰ ਵਿਚ ਆਟਾ ਨਹੀ ਹੈ। ਉਸ ਦੀ ਮਾਂ ਰੋਟੀ ਕਿਥੋਂ ਪਕਾ ਕੇ ਦੇਵੇਗੀ!

ਇਸ ਦੇ ਭਗੌੜੇ ਹੋਣ ਦੇ ਦਿਨੀਂ ਹੀ ਇਕ ਵਾਰੀਂ ਮੇਰੇ ਸਾਹਮਣੇ ਪਿੰਡ ਵਿਚ ਪੁਲਸ ਆਈ ਤੇ ਨੰਬਰਦਾਰਾਂ ਦੇ ਪਸ਼ੂ ਬੰਨ੍ਹਣ ਵਾਲ਼ੇ ਥਾਂ ਮੰਜਿਆਂ ਉਪਰ ਬੈਠੀ ਹੋਈ ਸੀ। ਇਸ ਦੇ ਪੁੱਤਰ ਅਤੇ ਪਤਨੀ ਨੂੰ ਫੜ ਕੇ ਘਰੋਂ ਓਥੇ ਲੈ ਆਈ ਸੀ। ਪਤਨੀ ਇਕ ਪਾਸੇ ਭੁੰਜੇ ਬੈਠਾਈ ਹੋਈ ਸੀ ਤੇ ਇਸ ਦੇ ਪੁਤਰ ਨੂੰ ਪੁਲਿਸ ਵਾਲ਼ੇ ਕੁਟ ਕੇ ਪੁੱਛ ਰਹੇ ਸਨ ਕਿ ਦੱਸ ਤੇਰਾ ਪਿਓ ਕਿੱਥੇ ਹੈ! ਉਸ ਵਿਚਾਰੇ ਨੂੰ ਕੀ ਪਤਾ ਸੀ ਕਿ ਉਸ ਦਾ ਪਿਓ ਕਿੱਥੇ ਸੀ। ਮਾਂ ਇਸ ਦੌਰਾਨ ਬੇਵੱਸ ਆਪਣੇ ਪੁੱਤਰ ਨੂੰ ਪੁਲਿਸ ਹੱਥੋਂ ਕੁੱਟੀਂਦਾ ਵੇਖ ਰਹੀ ਸੀ ਪਰ ਕਰ ਕੁਝ ਨਹੀਂ ਸੀ ਸਕਦੀ। ਮੇਰੇ ਮਨ ਉਪਰ ਓਦੋਂ ਦਾ ਪੁਲਿਸ ਦਾ ਮਾੜਾ ਤੇ ਡਰਾਉਣਾ ਪ੍ਰਭਾਵ ਪਿਆ ਹੋਇਆ ਹੈ। ਹੁਣ ਭਾਵੇਂ ਆਪਣੇ ਰਿਸ਼ਤੇਦਾਰਾਂ ਵਿਚੋਂ ਹੀ ਕਈ ਪੁਲਿਸ ਅਫ਼ਸਰ ਹਨ ਪਰ ਫਿਰ ਵੀ ਬਚਪਨ ਦਾ ਮਨ ਤੇ ਪਿਆ ਹੋਇਆ ਪ੍ਰਭਾਵ ਪੂਰੀ ਤਰ੍ਹਾਂ ਨਹੀ ਜਾਂਦਾ।

# ਸ਼੍ਰੋਮਣੀ ਗੁ. ਪ੍ਰ. ਕਮੇਟੀ ਦਾ ਬਜਟ ਇਜਲਾਸ

ਇਸ ਵਾਰੀਂ ਮੈ ਓਹਨੀਂ ਦਿਨੀਂ ਆਪਣੀ 'ਬਾਤਾਂ ਬੀਤੇ ਦੀਆਂ' ਨਾਮੀ ਕਿਤਾਬ ਛਪਵਾਉਣ ਅਤੇ ਅਖਾਂ ਬਣਵਾਉਣ ਦੇ ਸਿਲਸਿਲੇ ਵਿਚ, ਅੰਮ੍ਰਿਤਸਰ ਵਿਖੇ ਹੀ ਸਾਂ। ਅੱਖਾਂ ਬਾਰੇ ਵੀ ਸੁਣ ਲਵੋ: ਲੋਕਾਂ ਨੂੰ ਅੱਖਾਂ ਵਿਖਾ ਵਿਖਾ ਕੇ ਕਮਜੋਰ ਕਰ ਲਈਆਂ। ਉਤੋਂ ਹੋਰ ਵਾਧਾ ਇਹ ਹੋਇਆ ਕਿ ਮੇਰੇ ਮੈਲਬਰਨ ਕਿਆਮ ਸਮੇ, ਇਕ ਨੌਜਵਾਨ ਧਰਮਿੰਦਰ ਸਿੰਘ ਨੇ, ਕਿਸੇ ਲਾਇਬ੍ਰੇਰੀ ਵਿਚੋਂ, ਸ. ਅਜਮੇਰ ਸਿੰਘ ਦੀ ਕਿਤਾਬ 'ਕਿਸ ਬਿਧ ਰੁਲੀ ਪਾਤਿਸ਼ਾਹੀ' ਲੈ ਆਂਦੀ। ਇਸ ਵਿਚ ਉਸ ਨੇ ਸਿੱਖ ਕੌਮ ਦੀ 'ਦੁਰਦਸ਼ਾ' ਨੂੰ ਬਿਆਨ ਕੀਤਾ ਹੈ। ਕਿਤਾਬ ਦੀ ਛਪਾਈ ਬਹੁਤ ਬਰੀਕ ਤੇ ਕਿਤਾਬ ਵੀ ਵਾਹਵਾ ਵੱਡੀ ਸਾਰੀ ਸੀ; ਮੈ ਵੀ ਉਸ ਨੂੰ ਛੇਤੀ ਮੁਕਾ ਲੈਣ ਦੇ ਲਾਲਚ ਵਿਚ, ਵਿਤੋਂ ਵਧ ਸਮਾ ਲਾ ਕੇ ਪੜ੍ਹੀ ਗਿਆ। ਕਿਤਾਬ ਤਾਂ ਮੈ ਮੁਕਾ ਲਈ ਪਰ ਜਦੋਂ ਰਾਤ ਨੂੰ ਦੋ ਤੋਂ ਚਾਰ ਵਾਲ਼ੀ, ਅਖੰਡਪਾਠ ਦੀ ਰੌਲ਼ ਤੇ ਬੈਠਾ ਤਾਂ ਏਨੇ ਮੋਟੇ ਅੱਖਰ ਹੋਣ ਦੇ ਬਾਵਜੂਦ ਵੀ ਮੈਨੂੰ ਪਾਠ ਪੜ੍ਹਨ ਵਿਚ ਖਾਸੀ ਦਿੱਕਤ ਆਵੇ। ਐਨਕਾਂ ਨੂੰ ਟੇਢਾ ਮੇਢਾ ਜਿਹਾ ਕਰਕੇ ਬਾਣੀ ਪੜ੍ਹਨ ਦਾ ਯਤਨ ਕਰਾਂ। ਇਸ ਜਦੋ ਜਹਿਦ ਵਿਚ ਮੈਂ ਇਕ ਘੰਟੇ ਦਾ ਪਾਠ ਮਸਾਂ ਹੀ ਦੋ ਘੰਟਿਆਂ ਵਿਚ ਪੂਰਾ ਕੀਤਾ। ਕਾਫੀ ਚਿਰ ਪਹਿਲਾਂ ਅੱਖਾਂ ਦੇ ਡਾਕਟਰ ਨੇ ਮੈਨੂੰ ਦੱਸਿਆ ਹੋਇਆ ਸੀ ਕਿ ਅੱਖਾਂ ਵਿਚ ਮੋਤੀਆ ਹੈ ਤੇ ਜਦੋਂ ਚਾਹਾਂ ਓਪ੍ਰੇਸ਼ਨ ਕਰਵਾ ਲਵਾਂ ਪਰ ਜੱਕੋ ਤੱਕਿਆਂ ਵਿਚ ਹਸਪਤਾਲ ਵਿਚ ਆਪਣਾ ਨਾਂ ਲਿਖਵਾਉਣ ਹੀ ਨਾ ਗਿਆ। ਸਾਡਾ ਪੇਂਡੂ ਪੰਜਾਬੀਆਂ ਦਾ ਸੁਭਾ ਹੀ ਹੈ ਕਿ ਠਾਣੇ, ਕਚਹਿਰੀ ਤੇ ਹਸਪਤਾਲ ਅਸੀਂ ਅਣਸਰਦੇ ਨੂੰ ਹੀ ਜਾਂਦੇ ਹਾਂ। ਜਦੋਂ ਚਾਰੇ ਬੰਨੇ ਹੋਰ ਕੋਈ ਚਾਰਾ ਨਾ ਹੀ ਚੱਲਦਾ ਦਿਸੇ ਤਾਂ ਭਾਵੇਂ ਅਣਮੰਨੇ ਜਿਹੇ ਮਨ ਨਾਲ਼, ਇਹਨਾਂ ਥਾਵਾਂ ਤੇ ਡਰਦੇ ਡਰਦੇ ਜਾ ਵੜੀਏ। ਲੱਗਦੀ ਵਾਹ ਅਸੀਂ ਇਹਨਾਂ ਤਿੰਨਾਂ ਥਾਵਾਂ ਤੇ ਜਾਣ ਤੋਂ, ਹਰ ਹੀਲਾ ਵਰਤ ਕੇ ਬਚਣਾ ਹੀ ਚਾਹੁੰਦੇ ਹਾਂ। ਵੈਸੇ ਵੀ ਕਿਸੇ ਚੰਗੇ ਸ਼ਾਇਰ ਨੇ, ਇਹਨਾਂ ਤਿੰਨਾਂ ਵਿਚੋਂ ਦੋ ਅਤੇ ਇਕ ਹੋਰ ਬਾਰੇ, ਅੱਲਾਹ ਨੂੰ ਬੇਨਤੀ ਕਰਕੇ, ਇਹਨਾਂ ਤੋਂ ਬਚੇ ਰਹਿਣ ਦੀ ਇੱਛਾ ਇਉਂ ਪਰਗਟ ਕੀਤੀ ਹੈ:

ਅੱਲਾਹ ਬਚਾਏ ਬਲਾਓਂ ਤੀਨੋ ਸੇ।
ਵਕੀਲੋਂ ਹਕੀਮੋ ਔਰ ਹਸੀਨੋ ਸੇ।

ਓਥੋਂ ਵੇਹਲਾ ਹੋ ਕੇ ਅੱਖਾਂ ਨੂੰ ਡਾਕਟਰਾਂ ਤੋਂ 'ਖੁਰਚਵਾਉਣ' ਲਈ, ਅੰਮ੍ਰਿਤਸਰ ਨੂੰ ਤਿਆਰੇ ਸੋਧ ਲਏ। ਏਥੇ ਸਿਡਨੀ ਵਿਚ, ਮੁਫ਼ਤ ਵਾਲ਼ੇ ਸਰਕਾਰੀ ਹਸਪਤਾਲ ਵਿਚ ਮੇਰੀ ਵਾਰੀ ਆਉਣ ਨੂੰ ਸਾਲ ਜਾਂ ਸਾਲ ਤੋਂ ਵਧ ਸਮਾ ਵੀ ਲੱਗ ਜਾਣਾ ਸੀ ਤੇ ਪੈਸਿਆਂ ਵਾਲ਼ਾ ਓਪ੍ਰੇਸ਼ਨ ਮੇਰੀ ਪਹੁੰਚ ਤੋਂ ਬਾਹਰ ਸੀ। ਭਾਵੇਂ ਵੱਡੇ ਪੁੱਤਰ ਸੰਦੀਪ ਸਿੰਘ ਨੇ ਆਖਿਆ ਵੀ ਕਿ ਅੱਖਾਂ ਉਪਰ ਹੋਣ ਵਾਲ਼ਾ ਸਾਰਾ ਖ਼ਰਚ, ਉਹ ਕਰ ਦੇਵੇਗਾ ਪਰ ਆਪਣੀ ਇਕ ਅੱਖ 'ਖੁਰਚਣ' ਦੇ ਕਾਰਜ ਉਪਰ ਹੀ ਚਾਰ ਹਜ਼ਾਰ ਡਾਲਰ ਬੱਚੇ ਦੇ ਲਵਾ ਦੇਣੇ ਮੈਂ ਉਚਿਤ ਨਾ ਜਾਣੇ। ਵਿਚਾਰ ਕੀਤਾ ਕਿ ਜਿੰਨਾ ਖ਼ਰਚ ਆਪਣੀ ਇਕ ਅੱਖ ਤੇ, ਏਥੇ ਸਿਡਨੀ ਵਿਚ ਕਰਨਾ ਹੈ; ਅੰਮ੍ਰਿਤਸਰ ਵਿਚ, ਲੱਗ ਪਗ ਓਨੇ ਖ਼ਰਚ ਨਾਲ਼ ਦੋਵੇਂ, ਇਕ ਅੱਖ ਦੀ ਸੁਧਾਈ, ਕਿਤਾਬ ਦੀ ਛਪਵਾਈ, ਦੇ ਕਾਰਜ ਵੀ ਰਾਸ ਆ ਜਾਣੇ ਸਨ। ਇਉਂ ਸੋਚ ਕੇ ਅੰਮ੍ਰਿਤਸਰ ਨੂੰ ਚਾਲੇ ਪਾ ਦਿਤੇ।

ਭਰਾ ਦੇ ਘਰ ਅੰਮ੍ਰਿਤਸਰ ਵਿਚ ਅਗਲੇ ਦਿਨ ਹੀ ਅਜੀਤ ਅਖ਼ਬਾਰ ਵਿਚੋਂ, ਡਾ. ਦਲਜੀਤ ਸਿੰਘ ਪਦਮ ਸ਼੍ਰੀ ਦਾ ਲੇਖ ਪੜ੍ਹਿਆ ਤੇ ਲੇਖ ਦੇ ਅੰਤ ਵਿਚ ਉਹਨਾਂ ਦਾ ਫ਼ੋਨ ਨੰਬਰ ਲਿਖਿਆ ਮਿਲ਼ ਗਿਆ। ਉਹਨਾਂ ਨੂੰ ਰਿੰਗ ਕਰਕੇ ਆਪਣੇ ਬਾਰੇ ਦੱਸਿਆ ਤੇ ਮਿਲ਼ਨ ਦੀ ਖਾਹਸ਼ ਪਰਗਟ ਕੀਤੀ। ਉਹਨਾਂ ਨੇ ਓਸੇ ਦਿਨ ਦੁਪਹਿਰ ਜਿਹੀ ਨੂੰ ਹਸਪਤਾਲ ਵਿਚ ਆ ਕੇ ਮਿਲ਼ਨ ਲਈ ਸਮਾ ਦੇ ਦਿਤਾ।

ਮੈਂ ਜਦੋਂ ਮਿਸਨਰੀ ਕਾਲਜ (੧੯੫੮-੧੯੬੦) ਵਿਚ ਗੁਰਮਤਿ ਸੰਗੀਤ ਦੀ ਵਿੱਦਿਆ ਪਰਾਪਤ ਕਰਦਾ ਸਾਂ ਤਾਂ ਉਸ ਸਮੇ ਡਾਕਟਰ ਸਾਹਿਬ ਜੀ, ਆਪਣੇ ਪਿਤਾ, ਪ੍ਰਿੰਸੀਪਲ ਸਾਹਿਬ ਸਿੰਘ ਜੀ, ਹੋਰਾਂ ਨਾਲ਼ ਹੀ ਓਥੇ ਰਹਿੰਦੇ ਸਨ ਤੇ ਉਚੇਰੀ ਡਾਕਟਰੀ ਦੀ ਪੜ੍ਹਾਈ ਕਰਦੇ ਸਨ। ਸੋ ਮੈਂ ਤਾਂ ਉਹਨਾਂ ਨੂੰ ਜਾਣਦਾ ਸੀ ਪਰ ਉਹਨਾਂ ਨੂੰ ਮੇਰੀ ਯਾਦ ਹੋਵੇ, ਇਹ ਸੰਭਵ ਨਹੀ ਸੀ।

ਉਹਨਾਂ ਪਾਸ ਮਿਲਣ ਜਾਣ ਲਈ ਤੁਰਨ ਸਮੇ, ਸਿੱਖ ਵਿਦਵਾਨ ਤੇ ਮੇਰੇ ਹਿਤੂ, ਗਿਆਨੀ ਜੋਗਿੰਦਰ ਸਿੰਘ ਆਜ਼ਾਦ ਜੀ ਦਾ ਫ਼ੋਨ ਆ ਗਿਆ। ਉਹਨਾਂ ਨੂੰ ਹਸਪਤਾਲ ਵਿਚ ਹੀ ਆ ਕੇ ਮਿਲਣ ਲਈ ਆਖ ਕੇ ਮੈਂ ਤੁਰ ਪਿਆ। ਜਾਂਦੇ ਨੂੰ ਹਸਪਤਾਲ ਦੇ ਬੂਹੇ ਅੱਗੇ ਗਿਆਨੀ ਆਜ਼ਾਦ ਜੀ ਖਲੋਤੇ ਮੈਨੂੰ ਉਡੀਕ ਰਹੇ ਮਿਲ਼ ਗਏ। ਦੋਵੇਂ ਅਸੀਂ ਡਾਕਟਰ ਜੀ ਕੋਲ਼ ਪਹੁੰਚ ਗਏ। ਸਹਾਇਕ ਬੀਬੀ ਨੇ ਸਾਨੂੰ ਕੁਰਸੀਆਂ ਤੇ ਸਜਾ ਦਿਤਾ ਤੇ ਡਾਕਟਰ ਜੀ ਨੂੰ ਸਾਡੇ ਬਾਰੇ ਦੱਸ ਦਿਤਾ। ਉਸ ਸਮੇ ਡਾਕਟਰ ਜੀ ਮਰੀਜ਼ਾਂ ਦੀ ਕਤਾਰ ਨੂੰ ਵਾਰੀ ਵਾਰੀ ਵੇਖ ਰਹੇ ਸਨ। ਇਸ ਲਈ ਸਾਨੂੰ ਕੁਝ ਸਮਾ ਉਡੀਕਣਾ ਪਿਆ ਪਰ ਇਹ ਉਡੀਕ ਕੋਈ ਬੋਰੀਅਤ ਵਾਲ਼ੀ ਨਹੀਂ ਸੀ। ਸਾਨੂੰ ਸਗੋਂ ਇਹ ਵੇਖ ਕੇ ਖ਼ੁਸ਼ੀ ਹੋ ਰਹੀ ਸੀ ਕਿਵੇਂ ਡਾਕਟਰ ਜੀ ਬੜੇ ਗਹੁ ਨਾਲ਼ ਮਰੀਜਾਂ ਨੂੰ ਵੇਖ ਰਹੇ ਸਨ ਤੇ ਲੋੜੀਂਦੀ ਕਾਰਵਾਈ ਕਰ/ਕਰਾ ਰਹੇ ਸਨ।

ਮਰੀਜ਼ਾਂ ਨੂੰ ਭੁਗਤਾ ਕੇ ਡਾਕਟਰ ਜੀ ਨੇ ਸਾਡੇ ਵੱਲ ਮੁਖ ਮੋੜਿਆ। ਮੈ ਆਪਣੀਆਂ ਤਿੰਨ ਕਿਤਾਬਾਂ ਉਹਨਾਂ ਦੀ ਭੇਟਾ ਕੀਤੀਆਂ ਤੇ ਖ਼ੁਦ ਨੂੰ ਉਹਨਾਂ ਦੇ ਪਿਤਾ ਜੀ ਦਾ ਸ਼ਾਗਿਰਦ ਹੋਣ ਬਾਰੇ ਦੱਸਿਆ। ਉਹ ਜਾਣ ਕੇ ਬੜੇ ਖ਼ੁਸ਼ ਹੋਏ ਤੇ ਕਿਤਾਬਾਂ ਦੇ ਵਰਕੇ ਬੜੇ ਗਹੁ ਨਾਲ਼ ਏਧਰੋਂ ਓਧਰ ਤੇ ਓਧਰੋਂ ਏਧਰ ਉਲ਼ਟ ਪਲ਼ਟ ਕੇ ਵੇਖੇ। ਫਿਰ "ਹੋਰ ਕੋਈ ਸੇਵਾ?" ਪੁੱਛੀ। ਮੈਂ ਕਿਹਾ, "ਮੇਰੀਆਂ ਅੱਖਾਂ ਵੇਖ ਲਵੋ।"

ਕਹਿੰਦੇ, "ਕੀ ਗੱਲ ਹੈ?" ਮੈਂ ਕਿਹਾ, "ਘਰ ਦੇ ਵੇਖਣੋ ਹਟ ਗਏ ਹਨ; ਇਸ ਲਈ ਹੁਣ ਡਾਕਟਰਾਂ ਨੂੰ ਹੀ ਵਿਖਾਉਣੀਆਂ ਪੈਂਦੀਆਂ ਨੇ।" ਮੇਰਾ ਵਿਅੰਗ ਸਮਝ ਕੇ ਡਾਕਟਰ ਸਾਹਿਬ ਖੂਬ ਹੱਸੇ। ਵੈਸੇ ਗੰਭੀਰ ਤੇ ਖਾਸ ਕਰਕੇ ਸਿਆਣੀ ਉਮਰ ਨੂੰ ਪਹੁੰਚ ਚੁੱਕੇ, ਪ੍ਰੋਫੈਸ਼ਨਲ ਵਿਅਕਤੀਆਂ ਤੋਂ ਏਨੀ ਛੇਤੀ ਵਿਅੰਗ ਨੂੰ ਸਮਝ ਕੇ, ਪ੍ਰਸੰਨ ਹੋਣ ਦੀ ਆਸ ਨਹੀ ਹੁੰਦੀ ਕਿਉਂਕਿ ਵਿਅੰਗ ਵੀ ਇਕ ਸਾਹਿਤਕ ਕਲਾ ਹੈ ਜਿਸ ਨੂੰ ਸਮਝਣ ਲਈ ਅਜਿਹੀ ਸਾਹਿਤਕ ਰਸਕਤਾ ਵਾਲ਼ੀ ਬਰੀਕ ਬੁਧੀ ਦੀ ਲੋੜ ਹੁੰਦੀ ਹੈ ਪਰ ਡਾਕਟਰ ਦਲਜੀਤ ਸਿੰਘ ਜੀ, ਅੱਖਾਂ ਦੇ ਸੰਸਾਰ ਪ੍ਰਸਿਧ ਮਾਹਰ ਹੋਣ ਦੇ ਨਾਲ਼ ਨਾਲ਼, ਕਵੀ, ਸਾਹਿਤਕਾਰ ਅਤੇ ਸਾਹਿਤ ਦੇ ਰਸੀਏ ਵੀ ਹਨ।

ਖੈਰ, ਅੱਖਾਂ ਵੇਖਣ ਤੋਂ ਬਾਅਦ ਕਹਿੰਦੇ, "ਮੋਤੀਆ ਹੈ।" ਮੈ ਕਿਹਾ, "ਖਿੱਚ ਦਿਓ।" ਕਹਿੰਦੇ, "ਕਦੋਂ?" ਮੈ ਕਿਹਾ, "ਜਿੰਨੀ ਛੇਤੀ ਹੋ ਸਕੇ।" ਕਹਿੰਦੇ, "ਅੱਜ ਹੀ ੨ ਵਜੇ?" ਮੈ ਕਿਹਾ, "ਠੀਕ ਹੈ।" "ਕੋਈ ਨਾਲ਼ ਹੈ?" ਪੁੱਛਣ ਤੇ ਮੈ ਦੱਸਿਆ ਕਿ ਇਹ ਗਿਆਨੀ ਜੀ ਹੀ ਇਹ ਸੇਵਾ ਨਿਭਾਉਣਗੇ। ਓਸੇ ਸਮੇ ਵੀ.ਆਈ.ਪੀ. ਕਾਗਜ਼ ਤਿਆਰ ਕਰਕੇ, ਇਕ ਸੇਵਕ ਨੂੰ ਨਾਲ਼ ਤੋਰਿਆ ਤੇ ਆਪਣੀ ਨੂੰਹ ਰਾਣੀ ਵੱਲ ਭੇਜ ਦਿਤਾ। ਉਸ ਬੇਟੀ ਨੇ ਸਾਰੀਆਂ ਪੜਤਾਲਾਂ ਕਰਨ ਉਪ੍ਰੰਤ ਮੈਨੂੰ, ਆਪਣੇ ਪਤੀ, ਡਾਕਟਰ ਕਰਨਬੀਰ ਸਿੰਘ ਜੀ ਦੇ ਹਵਾਲੇ ਕਰ ਦਿਤਾ ਤੇ ਉਹਨਾਂ ਨੇ ਓਪ੍ਰੇਸ਼ਨ ਥੀਏਟਰ ਵਿਚ ਲਿਜਾ ਕੇ, ਮੇਰੇ ਵੇਖਦਿਆਂ ਵੇਖਦਿਆਂ ਹੀ ਸੱਜੀ ਅੱਖ ਦਾ 'ਟੀਰ' ਕਢ ਕੇ ਅਹੁ ਮਾਰਿਆ ਤੇ ਕੁਝ ਮਿੰਟਾਂ ਵਿਚ ਹੀ ਮੈਨੂੰ ਬਾਹਰ ਕਢ ਦਿਤਾ। ਇਸ ਸਾਰੇ ਸਮੇ ਦੌਰਾਨ ਮੇਰੀ 'ਰਾਖੀ' ਦੀ ਸੇਵਾ ਗਿ. ਜੋਗਿੰਦਰ ਸਿੰਘ ਆਜ਼ਾਦ ਜੀ ਨੇ ਪ੍ਰਸੰਨਤਾ ਸਹਿਤ ਨਿਭਾ ਦਿਤੀ। ਇਹ ਵੱਖਰੀ ਗੱਲ ਹੈ ਕਿ ਬਾਅਦ ਵਿਚ ਦਵਾਈਆਂ ਅਤੇ ਹੋਰ ਰੱਖ ਰਖਾ ਆਦਿ ਲਈ, ਦੋ ਮਹੀਨੇ ਇਹਤਿਆਤ ਵਰਤਣੀ ਪਈ। ਮੈ ਪੜ੍ਹਨ ਵੀ ਲੱਗ ਪਿਆ ਤੇ ਵਿਰੋਧੀਆਂ ਨੂੰ ਅੱਖ ਵਿਖਾਉਣ ਵੀ ਲੱਗ ਪਿਆ; ਭਾਵੇਂ ਇਕੋ ਹੀ।

ਹਫ਼ਤੇ ਬਾਅਦ ਡਾਕਟਰ ਬੀਬਾ ਜੀ ਨੇ ਆਖਿਆ ਕਿ ਸੱਜੀ ਅੱਖ ਤਾਂ ਠੀਕ ਹੋ ਗਈ ਹੈ, ਮੈ ਖੱਬੀ ਅੱਖ ਦੀ 'ਮੁਰੰਮਤ' ਵੀ ਕਰਵਾ ਲਵਾਂ। ਹੁਣ ਮੈਨੂੰ ਦਿਸਣ ਤਾਂ ਲੱਗ ਹੀ ਪਿਆ ਸੀ ਤੇ ਨਾਲ਼ੇ ਦੋ ਮਹੀਨੇ ਵਾਸਤੇ ਇਹਤਿਆਤ ਰੱਖਣ ਦੀ ਸਮੱਸਿਆ ਕਰਕੇ, ਮੈਂ ਅਗਲੀ ਯਾਤਰਾ ਦੌਰਾਨ ਹੀ ਖੱਬੀ ਅੱਖ ਨੂੰ ਛੇੜਨਾ ਠੀਕ ਜਾਤਾ।

ਗੱਲ ਮੈ ਕਰਨ ਲੱਗਾ ਸੀ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ, ਮਾਰਚ, ੨੦੧੦ ਵਾਲ਼ੇ ਬਜਟ ਇਜਲਾਸ ਦੀ ਪਰ ਜਾ ਵੜਿਆ ਅੱਖ 'ਸੋਧਣ' ਦੇ ਪ੍ਰਸੰਗ ਵਿਚ। ਸਦਾ ਦੀ ਤਰ੍ਹਾਂ ਪੰਥਕ ਇਕੱਠਾਂ ਨੂੰ ਵੇਖਣ ਦੀ ਮੇਰੀ ਪ੍ਰਬਲ ਖਾਹਸ਼ ਦੇ ਅਸਰ ਅਧੀਨ, ਇਹ ਇਜਲਾਸ ਵੇਖਣ ਲਈ ਵੀ ਮੈਂ ਉਤਸ਼ਾਹ ਸਹਿਤ, ਸ਼੍ਰੋਮਣੀ ਕਮੇਟੀ ਦੇ ਦਫ਼ਤਰ, ਤੇਜਾ ਸਿੰਘ ਸਮੁੰਦਰੀ ਹਾਲ, ਨੂੰ ਚੱਲ ਪਿਆ। ਸੋਚਿਆ ਕਿ ਇਸ ਵਾਰੀ ਤਾਂ ਬਾਦਲ ਦਲ ਦਾ ਕੋਈ ਖਾਸ ਵਿਰੋਧੀ ਗਰੁਪ ਨਾ ਹੋਣ ਕਰਕੇ, ਇਜਲਾਸ ਵਿਚ ਜਾਣ ਲਈ ਕੋਈ ਦਿੱਕਤ ਨਹੀ ਆਵੇਗੀ। ੧੯ ਮਾਰਚ, ੧੯੯੯ ਵਾਲੇ, 'ਟੌਹੜਾ ਹਟਾਊ' ਇਜਲਾਸ ਸਮੇ ਵਰਗੇ ਹਾਲਾਤ ਇਸ ਸਮੇ ਨਹੀ ਹੋਣਗੇ ਤੇ ਆਸਾਨੀ ਨਾਲ਼ ਹੀ ਮੈ ਹਾਲ ਦੇ ਅੰਦਰ ਜਾ ਵੜਾਂਗਾ ਪਰ ਜਦੋਂ ਗਿਆ ਤਾਂ ਪਹਿਰੇਦਾਰਾਂ ਨੇ ਮੇਰੀ ਇਕ ਨਾ ਸੁਣੀ ਤੇ ਮੈਨੂੰ ਅੰਦਰ ਵੜਨੋ ਪੂਰੀ ਇਹਤਿਆਤ ਨਾਲ਼ ਰੋਕ ਦਿਤਾ। ੧੯੯੯ ਵਾਲ਼ੇ ਇਜਲਾਸ ਸਮੇ ਤਾਂ ਭਾਵੇਂ ਬਹੁਤ ਹੀ ਸਖ਼ਤ ਪ੍ਰਬੰਧ ਸਨ ਪਰ ਮੌਕੇ ਉਤੇ ਇਨਚਾਰਜ ਸੱਜਣ, ਸ. ਹਰਭਜਨ ਸਿੰਘ ਪੱਟੀ ਨੇ ਮੈਨੂੰ ਪਛਾਣ ਕੇ, ਸਤਿਕਾਰ ਸਹਿਤ ਅੰਦਰ ਲੰਘਾ ਦਿਤਾ ਪਰ ਇਸ ਵਾਰੀਂ ਪਹਿਰੇਦਾਰਾਂ ਵਿਚੋਂ ਮੈਨੂੰ ਜਾਨਣ ਵਾਲਾ ਕੋਈ ਨਹੀਂ ਸੀ। ਮੈਂ ਵੀ ਏਨੀ ਛੇਤੀ ਹੌਸਲਾ ਛੱਡਣਾ ਮੁਨਾਸਬ ਨਾ ਸਮਝਿਆ। ਇਕ ਆਪਣੇ ਚਿਰੋਕਣੇ ਵਾਕਫ਼, ਕਮੇਟੀ ਦੇ ਛੋਟੇ ਸਕੱਤਰ ਦੇ ਦਫ਼ਤਰ ਵਿਚ, ਇਸ ਆਸ ਨਾਲ਼ ਗਿਆ ਕਿ ਇਹ, ਮੈਨੂੰ ਇਜਲਾਸ ਵਾਲ਼ੇ ਹਾਲ ਦੇ ਅੰਦਰ ਲੰਘਾਉਣ ਵਾਲ਼ਾ, ਤਾਂ ਉਸ ਦੇ ਖੱਬੇ ਹੱਥ ਦਾ ਕੰਮ ਹੈ ਤੇ ਉਹ ਆਖੇਗਾ ਕਿ ਪਹਿਰੇਦਾਰਾਂ ਕੋਲ਼ ਮੇਰਾ ਨਾਂ ਲੈ ਦੇਹ ਤੇ ਉਹ ਤੈਨੂੰ ਅੰਦਰ ਲੰਘ ਜਾਣ ਦੇਣਗੇ ਪਰ ਉਸ ਨੇ ਵੀ ਨਾਂਹ ਵਿਚ ਸਿਰ ਫੇਰ ਦਿਤਾ। ਮੇਰੇ ਜੋਰ ਦੇਣ ਤੇ ਫਿਰ ਨਾਲ਼ ਬੈਠੇ ਇਕ ਸੱਜਣ ਵੱਲ ਮੂੰਹ ਕਰਕੇ ਆਖਣ ਲੱਗਾ, "ਤੂੰ ਇਹਨਾਂ ਨੂੰ ਆਪਣੇ ਨਾਲ਼ ਲੈ ਜਾਹ।" ਪਰ ਉਸ ਸੱਜਣ ਨੇ ਇਉਂ ਐਕਟ ਕੀਤਾ ਜਿਵੇਂ ਉਸ ਨੇ ਗੱਲ ਗੌਲ਼ੀ ਹੀ ਨਾ ਹੋਵੇ!

ਮੈਂ ਉਸ ਅਧੂਰੇ ਸਕੱਤਰ ਦੇ ਕਮਰੇ ਵਿਚੋਂ ਬਾਹਰ ਨਿਕਲਿਆ ਤਾਂ ਅੱਗੋਂ ਪੂਰੇ ਸਕੱਤਰ, ਸ. ਦਲਮੇਘ ਸਿੰਘ ਜੀ, ਇਜਲਾਸ ਹਾਲ ਵੱਲ ਨੂੰ ਜਾਂਦੇ ਹੋਏ, ਮਿਲ਼ ਗਏ। ਮੇਰੇ ਸਮਸਿਆ ਦੱਸਣ ਤੇ, ਤੁਰੇ ਤੁਰੇ ਜਾਂਦੇ ਕਹਿੰਦੇ, "ਮੇਰੇ ਪਿੱਛੇ ਪਿੱਛੇ ਆ ਜਾਓ।" ਮੈਂ ਉਹਨਾਂ ਦੇ ਮਗਰ ਤੁਰ ਪਿਆ। ਸਪੈਸ਼ਲ ਦਰਵਾਜੇ ਉਪਰ ਜਾ ਕੇ ਉਹਨਾਂ ਨੇ ਪਹਿਰੇਦਾਰਾਂ ਨੂੰ ਆਖਿਆ, "ਇਹਨਾਂ ਨੂੰ ਆਉਣ ਦਿਓ।" ਮੈ ਸੋਚਦਾ ਸੀ ਕਿ ਇਹ ਵੀ ਆਖਣ ਦੀ ਲੋੜ ਨਹੀਂ ਪਵੇਗੀ ਤੇ ਮੈਂ ਓਦਾਂ ਹੀ, ਕਮੇਟੀ ਦੇ ਸਭ ਤੋਂ ਵੱਡੇ ਅਧਿਕਾਰੀ ਦੇ ਮਗਰ, ਚੁੱਪ ਚਾਪ ਤੁਰਿਆ ਜਾਵਾਂਗਾ ਤੇ ਮੈਨੂੰ ਕੋਈ ਰੋਕੇਗਾ ਨਹੀ। ਹਾਲ ਵਾਲ਼ੀ ਮਨਜ਼ਲ ਉਪਰ ਸਾਹਮਣੇ ਵਾਲ਼ੇ ਖੁਲ੍ਹੇ ਸਥਾਨ ਤੇ, ਮੈਂਬਰ ਸਾਹਿਬਾਨ ਲੰਗਰ ਛਕ ਰਹੇ ਸਨ। ਮੈ ਤਾਂ ਸਿਧਾ ਹਾਲ ਦੇ ਅੰਦਰ ਹੀ ਲੰਘ ਗਿਆ ਤੇ ਇਕ ਨੁਕਰ ਜਿਹੀ ਵਿਚ ਜਾ ਕੇ ਬੈਠ ਗਿਆ। ਖੈਰ, ਅੰਦਰ ਗਿਆ ਤਾਂ ਹੌਲ਼ੀ ਹੌਲ਼ੀ ਸਾਰੇ ਮੈਂਬਰ ਸੱਜਣ ਵੀ ਹਾਲ ਅੰਦਰ ਆ ਕੇ ਸਜਣ ਲੱਗ ਪਏ। ਸਟੇਜ ਉਪਰ, ਜਿਥੇ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਸੀ, ਓਥੇ ਸਦਾ ਵਾਂਙ ਸਿੰਘ ਸਾਹਿਬਾਨ ਵੀ ਸਜੇ ਹੋਏ ਸਨ ਤੇ ਪ੍ਰਧਾਨ ਜੀ ਵੀ ਆਪਣੇ ਸਥਾਨ ਤੇ ਬੈਠ ਗਏ। ਅਪੋਜ਼ੀਸ਼ਨ ਵਾਲ਼ੇ ਪਾਸੇ ਮੈਂਬਰ ਤਾਂ ਕੋਈ ਨਹੀ ਸੀ ਦਿਸ ਰਿਹਾ, ਕੁਝ

ਮੀਡੀਆ ਵਾਲ਼ੇ ਬੈਠੇ ਹੋਏ ਸਨ।

ਸਕੱਤਰ, ਦਲਮੇਘ ਸਿੰਘ ਜੀ ਨੇ ਕਾਰਵਾਈ ਸ਼ੁਰੂ ਕੀਤੀ। ਜਨਰਲ ਸਕੱਤਰ ਸ. ਸੁਖਦੇਵ ਸਿੰਘ ਭੌਰ ਜੀ ਨੇ ਬਜਟ ਬਾਰੇ ਤਿਆਰ ਕਰਕੇ ਛਾਪੀ ਹੋਈ ਤਕਰੀਰ ਪੜ੍ਹਨੀ ਸ਼ੁਰੂ ਕਰ ਦਿਤੀ। ਉਹਨਾਂ ਦੀ ਸਪੀਚ ਦੌਰਾਨ ਹਰਿਆਣਾ ਤੋਂ ਇਕ ਮੈਂਬਰ ਉਠ ਕੇ, ਮਹਾਰਾਜ ਦੀ ਦੇ ਸਾਹਮਣੇ ਆ ਕੇ, ਵਿਚਕਾਰ ਖਲੋ ਗਿਆ ਤੇ ਕੁਝ ਬੋਲੀ ਜਾਵੇ। ਮੈਨੂੰ ਉਸ ਦੀ ਕਿਸੇ ਗੱਲ ਦੀ ਸਮਝ ਨਹੀਂ ਸੀ ਆਈ ਕਿ ਉਹ ਕੀ ਆਖ ਰਿਹਾ ਸੀ। ਬਹੁਤ ਸਮਾ ਉਹ ਖਲੋਤਾ ਹੋਇਆ, ਕੁਝ ਨਾ ਕੁਝ ਬੋਲੀ ਹੀ ਗਿਆ। ਸਾਰਿਆਂ ਨੇ ਉਸ ਨੂੰ ਬੈਠਣ ਲਈ ਆਖਿਆ। ਸਕੱਤਰ ਨੇ ਵੀ, ਪ੍ਰਧਾਨ ਨੇ ਵੀ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਨੇ ਵੀ; ਪਰ ਉਹ ਖਲੋਤਾ ਕੁਝ ਬੋਲੀ ਹੀ ਗਿਆ। ਇਸ ਦੌਰਾਨ ਬਾਦਲ ਵਿਰੋਧੀ ਮੈਂਬਰਾਂ ਨੇ ਕੁਝ ਪਰਚੇ ਜਿਹੇ ਵੀ ਵੰਡੇ। ਇਉਂ ਜਾਪਦਾ ਸੀ ਕਿ ਜਿਵੇਂ ਉਹ ਸੱਜਣ ਸਿਰਫ ਰੌਲ਼ਾ ਪਾ ਕੇ, ਮੀਡੀਆ ਦਾ ਧਿਆਨ ਆਪਣੇ ਵੱਲ ਖਿੱਚਣ ਦੇ ਮਕਸਦ ਨਾਲ਼ ਹੀ ਅਜਿਹਾ ਕਰ ਰਿਹਾ ਸੀ। ਸਿਆਣਪ ਕਰਕੇ, ਪ੍ਰਬੰਧਕ ਉਸ ਨੂੰ ਕੁਝ ਮਿੰਟ ਮਾਈਕ ਤੇ, ਆਪਣੀ ਗੱਲ ਕਹਿਣ ਲਈ, ਦੇ ਵੀ ਸਕਦੇ ਸਨ ਪਰ ਅਜਿਹਾ ਕਰਨਾ ਪ੍ਰਬੰਧਕਾਂ ਨੇ ਯੋਗ ਨਾ ਜਾਤਾ।

ਮੈਂ ਅਜੇ ਸੋਚ ਹੀ ਰਿਹਾ ਸਾਂ ਕਿ ਇਸ ਭਲੇ ਪੁਰਸ਼ ਨੂੰ ਕਿਉਂ ਨਹੀ ਹਾਲ ਵਿਚੋਂ ਉਸ ਤਰ੍ਹਾਂ ਬਾਹਰ ਕਰ ਦਿਤਾ ਜਾਂਦਾ ਜਿਵੇਂ ਅਸੈਂਬਲੀ ਤੇ ਪਾਰਲੀਮੈਂਟ ਵਿਚੋਂ, ਸਪੀਕਰ ਦਾ ਇਸ਼ਾਰਾ ਪਾ ਕੇ, ਮਾਰਸ਼ਲ ਬੇਲੋੜਾ ਰੌਲ਼ਾ ਪਾਉਣ ਵਾਲ਼ੇ ਮੈਂਬਰ ਨੂੰ ਚੁੱਕ ਕੇ, ਹਾਲੋਂ ਬਾਹਰ ਛੱਡ ਆਉਂਦਾ ਹੈ। ਤਾਂਹੀਓਂ ਮੈ ਕੀ ਵੇਖਦਾ ਹਾਂ ਕਿ ਪ੍ਰਧਾਨ ਜੀ ਦੀ ਆਗਿਆ ਪਾ ਕੇ, ਪੰਜ ਚਾਰ ਸੇਵਾਦਾਰ ਕ੍ਰਿਪਾਨਾਂ ਸਣੇ ਅੰਦਰ ਆ ਗਏ ਤੇ ਧੱਕਦੇ ਖਿੱਚਦੇ, ਉਸ ਰੌਲ਼ਾ ਪਾਊ ਮੈਂਬਰ ਨੂੰ, 'ਸਤਿਕਾਰ ਸਹਿਤ' ਹਾਲੋਂ ਬਾਹਰ ਛੱਡ ਆਏ ਜਿਥੇ ਉਹ ਹਾਲੋਂ ਬੇਹਾਲ ਹੁੰਦਾ ਰਿਹਾ ਹੋਵੇਗਾ!

ਖੈਰ, ਜਨਰਲ ਸਕੱਤਰ ਵੱਲੋਂ ਸਾਢੇ ਕੁ ਚਾਰ ਅਰਬ ਦੇ ਬਜਟ ਦੀ ਮੁਢਲੀ ਸਪੀਚ ਪੜ੍ਹ ਦਿਤੀ ਗਈ ਤੇ ਜੈਕਾਰਿਆਂ ਦੀ ਗੂੰਜ ਵਿਚ ਬਜਟ ਪਾਸ ਕਰਕੇ, "ਬੋਲੇ ਸੋ ਨਿਹਾਲ" ਕਰ ਦਿਤਾ ਗਿਆ। ਇਸ ਮਹਾਨ (ਮਿਨੀ ਨਹੀ, ਜੇ ਇਸ ਨੂੰ ਪਾਰਲੀਮੈਂਟ ਆਖਣਾ ਹੀ ਹੋਵੇ ਤਾਂ) ਸਿੱਖ ਪਾਰਲੀਮੈਂਟ ਦਾ ਸਾਲਾਨਾ ਬਜਟ, ਕੁਝ ਮਿੰਟਾਂ ਵਿਚ ਹੀ ਪਾਸ ਹੋ ਗਿਆ। ਨਾ ਕੋਈ ਵਿਚਾਰ, ਨਾ ਕੋਈ ਬਹਿਸ, ਨਾ ਕੋਈ ਇਤਰਾਜ਼ ਤੇ ਨਾ ਹੀ ਕੋਈ ਵਿਰੋਧ।   ਸੰਗਤਾਂ ਦੀ ਸ਼ਰਧਾ ਦਾ ਸਦਕਾ, ੨੦੧੧ ਵਿਚ, ਇਹ ਬਜਟ ਵਧ ਕੇ ਪੌਣੇ ਕੁ ਪੰਜ ਅਰਬ ਦਾ ਹੋ ਹੀ ਜਾਵੇਗਾ। ਵੈਸੇ ਇਸ ਸਮੇ, ਰੱਬ ਦੀ ਰਹਿਮਤ ਸਦਕਾ, ਇਹ ਬਜਟ ਨੌਂ ਅਰਬ ਤੋਂ ਵੱਧ ਦਾ ਹੋ ਗਿਆ ਹੈ।

ਗੱਲ ਕਰੀਏ ਸ਼੍ਰੋਮਣੀ ਕਮੇਟੀ ਦੇ ਮਾਇਕ ਵਸੀਲਿਆਂ ਦੀ। ਸੰਗਤਾਂ ਵੱਲੋਂ ਵੱਖ ਵੱਖ ਗੁਰਦੁਆਰਾ ਸਾਹਿਬਾਨ ਵਿਚ, ਸ਼ਰਧਾ ਸਹਿਤ ਰੋਜ਼ਾਨਾ ਚੜ੍ਹਾਏ ਜਾਂਦੇ ਚੜ੍ਹਾਵੇ ਹੀ, ਸ਼੍ਰੋਮਣੀ ਕਮੇਟੀ ਦੀ ਆਮਦਨ ਦਾ ਮੁਖ ਸੋਮਾ ਹਨ। ਸੰਸਾਰ ਭਰ ਦੇ ਸਿੱਖਾਂ ਵਿਚ ਇਹ ਪਰਾਪੇਗੰਡਾ ਆਮ ਹੀ ਹੈ ਕਿ ਸ਼੍ਰੋਮਣੀ ਕਮੇਟੀ ਨੂੰ, ਸਰਕਾਰ ਨਾਲ਼ੋਂ ਵਧ ਆਮਦਨ ਹੈ ਤੇ ਇਹ ਸਿੱਖਾਂ ਦੀ ਭਲਾਈ ਲਈ ਕੁਝ ਨਹੀਂ ਕਰਦੀ। ਸਭ ਅਕਾਲੀ ਖ਼ੁਦ ਹੀ ਖਾਈ ਜਾ ਰਹੇ ਹਨ। ਇਹ ਪਰਾਪੇਗੰਡਾ ਕਾਂਗਰਸੀਆਂ, ਕਮਿਊਨਿਸਟਾਂ ਤੇ ਹੋਰ ਸਭ ਪ੍ਰਕਾਰ ਦੇ ਸਿੱਖ ਪੰਥ ਦੇ ਵਿਰੋਧੀਆਂ ਵੱਲੋਂ ਕੀਤਾ ਜਾਂਦਾ ਹੈ ਜਿਸ ਕਰਕੇ ਸੁਹਿਰਦ ਤੇ ਸਮਝਦਾਰ ਸਿੱਖ ਵੀ ਇਸ ਦੇ ਅਸਰ ਹੇਠ ਆ ਜਾਂਦੇ ਹਨ।

ਸਮਾ ੧੯੭੦ ਦਾ ਹੋਵੇਗਾ। ਅਸੀਂ ਕੁਝ ਸੱਜਣ, ਸ੍ਰੀ ਗੁਰੂ ਰਾਮਦਾਸ ਸਰਾਂ ਤੋਂ ਬਾਹਰ, ਬ੍ਰਹਮਬੂਟਾ ਮਾਰਕੀਟ ਵਿਚ, ਵਾਲ਼ੀਏ ਹਲਵਾਈ ਦੀ ਦੁਕਾਨ ਤੇ ਬੈਠੇ ਚਾਹ ਪੀ ਰਹੇ ਸਾਂ। ਇਹਨੀਂ ਦਿਨੀਂ ਤਾਂ ਗੁਰੂ ਰਾਮਦਾਸ ਜੀ ਦੇ ਲੰਗਰ ਵਿਚੋਂ ਸਾਰਿਆਂ ਨੂੰ ਚਾਹ ਮਿਲ਼ ਜਾਂਦੀ ਹੈ ਪਰ ਉਸ ਸਮੇ ਚਾਹ ਬਾਹਰ ਹਲਵਾਈ ਦੀ ਦੁਕਾਨੋਂ ਹੀ, ਆਪਣੇ ਪੱਲਿਉਂ ਪੈਸੇ ਖ਼ਰਚ ਕੇ ਪੀਣੀ ਪੈਂਦੀ ਸੀ। ਪਰਲੋਕਵਾਸੀ ਗਿ. ਦਰਸ਼ਨ ਸਿੰਘ ਮਜਬੂਰ, ਅਜੀਤ ਸਿੰਘ ਮੌਲਵੀ ਅਤੇ ਹੋਰ ਵੀ ਕੁਝ ਮਿੱਤਰ ਸਨ ਜਿਨ੍ਹਾਂ ਦੇ ਨਾਂ ਇਸ ਸਮੇ ਯਾਦ ਨਹੀਂ। ਮਜਬੂਰ ਜੀ ਦਾ ਵਾਕਫ਼, ਇਕ ਵਾਹਵਾ ਪੜ੍ਹਿਆ ਲਿਖਿਆ ਨੌਜਵਾਨ ਵੀ ਸਾਡੇ ਵੱਲੋਂ ਚਾਹ ਪੀਣ ਦੀ ਸੁਲਾਹ ਮਾਰਨ ਤੇ, ਸਾਡੇ ਨਾਲ਼ ਆ ਬੈਠਾ। ਨਾਲ਼ੇ ਤਾਂ ਉਹ ਸਾਡੇ ਖ਼ਰਚ ਤੇ ਚਾਹ ਦੀਆਂ ਚੁਸਕੀਆਂ ਲਈ ਜਾਵੇ ਤੇ ਨਾਲ਼ੇ ਏਸੇ ਮਸਲੇ ਤੇ, ਸ਼੍ਰੋਮਣੀ ਕਮੇਟੀ ਤੇ ਤਵਾ ਲਈ ਜਾਵੇ। ਮਜਬੂਰ ਜੀ ਨੇ ਉਸ ਨੂੰ ਸਹੀ ਹਾਲਾਤ ਸਮਝੌਣ ਦਾ ਯਤਨ ਕੀਤਾ ਪਰ ਉਹ ਆਪਣੀਆਂ ਹੀ ਮਾਰੀ ਜਾਵੇ ਤੇ ਸਾਡਾ ਚਾਹ ਪੀਣ ਦਾ ਅਨੰਦ ਵੀ ਕਿਰਕਿਰਾ ਕਰੀ ਜਾਵੇ। ਅਖੀਰ ਮਜਬੂਰ ਜੀ ਨੇ, ਉਸ ਦੀ ਲਗਾਤਾਰ ਬੋਲੀ ਜਾ ਰਹੀ ਨਿਖੇਧਾਤਮਿਕ ਬੋਲੀ ਤੋਂ ਮਜਬੂਰ ਹੋ ਕੇ, ਆਪਣੀ ਜੇਬ ਵਿਚੋਂ ਇਕ ਰੁਪਏ ਦਾ ਨੋਟ ਕਢਿਆ ਤੇ ਉਸ ਨੂੰ ਮੁਖਾਤਬ ਹੁੰਦਿਆਂ ਆਖਿਆ, "ਕਮੇਟੀ ਦਾ ਬਜਟ ਤਕਰੀਬਨ ਇਕ ਕਰੋੜ ਹੈ ਤੇ ਇਕ ਕਰੋੜ ਦੇ ਕਰੀਬ ਹੀ ਸਿੱਖਾਂ ਦੀ ਆਬਾਦੀ ਹੈ। ਅਸੀਂ ਖ਼ਰਚ ਨਹੀ ਗਿਣਦੇ। ਤੇਰੇ ਹਿੱਸੇ ਕਰੋੜ ਵਿਚੋਂ ਇਕ ਰੁਪਈਆ ਆਉਂਦਾ ਹੈ, ਆਹ ਚੁੱਕ ਇਕ ਰੁਪਈਆ ਆਪਣਾ ਬਣਦਾ ਹਿੱਸਾ ਤੇ ਬੜ ਬੜ ਬੰਦ ਕਰ। ਸਾਨੂੰ ਚਾਹ ਪੀਣ ਦੇ!"

ਪਹਿਲਾਂ ਦੇਸ ਤੇ ਫਿਰ ਪਿਛਲੇ ਚਾਰ ਦਹਾਕਿਆਂ ਤੋਂ ਵੀ ਵਧੇਰੇ ਸਮੇ ਤੋਂ ਪਰਦੇਸਾਂ ਵਿਚ ਮੈ ਫਿਰ ਰਿਹਾ ਹਾਂ।ਤਕਰੀਬਨ ਹਰੇਕ ਥਾਂ ਇਹ ਮਸਲਾ ਮੇਰੇ ਸਾਹਮਣੇ ਆਉਂਦਾ ਹੈ। ਚੰਗੇ ਸੁਹਿਰਦ ਅਤੇ ਸਿਆਣੇ ਸਿੱਖ ਵੀ ਇਸ ਪਰਾਪੇਗੰਡੇ ਦਾ ਸ਼ਿਕਾਰ ਹੋਏ ਮਿਲ਼ਦੇ ਹਨ। ਮੇਰੇ ਵੱਲੋਂ ਦੱਸੀ ਗਈ ਅਸਲੀਅਤ ਉਹਨਾਂ ਦੇ ਮੰਨਣ ਵਿਚ ਨਹੀਂ ਆਉਂਦੀ। ਖ਼ੁਦ ਨੂੰ ਵੀ ਪੂਰੀ ਜਾਣਕਾਰੀ ਨਾ ਹੋਣ ਕਰਕੇ, ਮੈਂ ਸ਼੍ਰੋਮਣੀ ਕਮੇਟੀ ਵੱਲੋਂ ਚਲਾਏ ਜਾ ਰਹੇ ਅਦਾਰੇ ਅਤੇ ਉਹਨਾਂ ਉਪਰ ਹੋਣ ਵਾਲ਼ੇ ਖ਼ਰਚਾਂ ਬਾਰੇ, ਭਰੋਸੇ ਨਾਲ਼ ਨਹੀ ਦੱਸ ਸਕਦਾ। ਭਾਈ ਜੇ ਆਮਦਨ ਹੈ ਤਾਂ ਏਨੇ ਹਜ਼ਾਰ ਮੁਲਾਜ਼ਮ, ਏਨੇ ਸਕੂਲ, ਏਨੇ ਕਾਲਜ, ਏਨੇ ਹੋਰ ਧਾਰਮਿਕ ਅਦਾਰੇ, ਏਨੀਆਂ ਸਰਾਵਾਂ, ਏਨੇ ਲੰਗਰ, ਏਨੇ ਵਿਦਿਅਕ ਅਦਾਰੇ ਆਦਿ,

ਸ਼੍ਰੋਮਣੀ ਕਮੇਟੀ ਚਲਾ ਰਹੀ ਹੈ; ਉਹ ਸਾਰੇ ਇਸ ਚੜ੍ਹਾਵੇ ਵਾਲ਼ੀ ਮਾਇਆ ਨਾਲ਼ ਹੀ ਚੱਲਦੇ ਹਨ ਪਰ ਮੇਰੇ ਪਾਸ ਇਹਨਾਂ ਦੀ ਸਹੀ ਜਾਣਕਾਰੀ ਨਹੀਂ ਹੈ ਜੋ ਮੈ ਸ਼ੰਕਾ ਵਿਚ ਘਿਰੇ ਗੁਰਸਿੱਖਾਂ ਨੂੰ ਦੱਸ ਸਕਾਂ। ਹਰੇਕ ਵਾਰੀ ਦੀ ਅੰਮ੍ਰਿਤਸਰ ਫੇਰੀ ਦੌਰਾਨ, ਮੈਂ ਕਮੇਟੀ ਦੇ ਜੁੰਮੇਵਾਰ ਸੱਜਣਾਂ ਨੂੰ ਬੇਨਤੀ ਕਰਦਾ ਹਾਂ ਕਿ ਭਾਈ ਆਪਣੀਆਂ ਪ੍ਰਕਾਸ਼ਨਾਵਾਂ ਵਿਚ, ਵੇਰਵੇ ਸਹਿਤ ਲਿਖਿਆ ਕਰੋ ਕਿ ਭਈ ਟੋਟਲ ਬਜਟ ਵਿਚੋਂ ਏਨੇ ਪਰਸੈਂਟ ਮੁਲਾਜ਼ਮਾਂ ਦੀਆਂ ਤਨਖਾਹਵਾਂ ਤੇ ਖ਼ਰਚ ਹੁੰਦਾ ਹੈ। ਏਨਾ ਪ੍ਰਚਾਰ ਤੇ, ਏਨਾ ਵਿੱਦਿਆ ਤੇ, ਏਨਾ ਸਰਾਵਾਂ ਤੇ, ਏਨਾ ਹਸਪਤਾਲਾਂ ਤੇ, ਏਨਾ ਸਕੂਲਾਂ ਤੇ, ਏਨਾ ਕਾਲਜਾਂ ਤੇ, ਏਨਾ ਲੰਗਰਾਂ ਤੇ ..........। ਹਰੇਕ ਵਾਰੀ ਉਹ, ''ਹਾਂ ਜੀ, ਹਾਂ ਜੀ, ਕਰਾਂਗੇ, ਕਰਾਂਗੇ।'' ਆਖਦੇ ਹੋਏ, ਚਾਹ ਪਿਆ ਦਿੰਦੇ ਹਨ ਤੇ ਹਰੇਕ ਸਾਲ ਬਜਟ ਇਜਲਾਸ ਵਿਚ ਪੜ੍ਹੀ ਅਤੇ ਛਾਪੀ ਜਾਣ ਵਾਲ਼ੀ, ਜਨਰਲ ਸਕੱਤਰ ਦੀ ਤਕਰੀਰ ਦੀ ਕਾਪੀ ਮੈਨੂੰ ਦੇ ਕੇ ਤੋਰ ਦਿੰਦੇ ਹਨ। ਇਉਂ ਜੁੰਮੇਵਾਰ ਸੱਜਣ ਗੋਂਗਲੂਆਂ ਤੋਂ ਮਿੱਟੀ ਝਾੜ ਦਿੰਦੇ ਹਨ। ''ਪੰਚਾਂ ਦਾ ਕਿਹਾ ਸਿਰ ਮੱਥੇ ਪਰ ਪਰਨਾਲ਼ਾ ਓਥੇ ਦਾ ਓਥੇ।'' ਜੋ ਮੈਂ ਜਾਨਣਾ ਚਾਹੁੰਦਾ ਹਾਂ, ਉਹ ਉਸ ਸਪੀਚ ਤੋਂ ਨਹੀ ਜਾਣ ਸਕਦਾ। ਪਿਛਲੇ ਸਾਲ ਪੰਜਾਬ ਸਰਕਾਰ ਦੇ ਬਜਟ ਦੀ ਏਨੀ ਗ'ਲ ਸਮਝ ਵਿਚ ਆ ਗਈ ਸੀ ਕਿ ਭਈ ਕੁ'ਲ ਆਮਦਨ ੪੫ ਹਜਾਰ ਕਰੋੜ ਹੈ। ਉਸ ਕੁ'ਲ ਵਿਚੋਂ ੭੬ ਪਰਸੈਂਟ ਮੁਲਾਜ਼ਮਾਂ ਦੀਆਂ ਤਨਖਾਹਵਾਂ ਅਤੇ ਪੈਨਸ਼ਨਾਂ ਤੇ ਖ਼ਰਚ ਹੁੰਦਾ ਹੈ ਪਰ ਸ਼੍ਰੋਮਣੀ ਕਮੇਟੀ ਦੇ ਬਜਟ ਵਿਚੋਂ ਅਜੇ ਏਨਾ ਵੀ ਨਹੀ ਮੈ ਜਾਣ ਸਕਿਆ।

# ਮੇਰੀ ਪਾਕਿਸਤਾਨ ਦੀ ਚੌਥੀ ਯਾਤਰਾ

ਕੁਝ ਦਿਨਾਂ ਤੋਂ ਸੋਚ ਰਿਹਾ ਸਾਂ ਕਿ ਇਸ ਵਾਰੀਂ ਅੰਮ੍ਰਿਤਸਰ ਦੀ ਫੇਰੀ ਸਮੇ ਪਾਕਿਸਤਾਨ ਦਾ ਚੌਥਾ ਚੱਕਰ ਵੀ ਲਾ ਹੀ ਆਵਾਂ ਤੇ ਉਹ ਵੀ ਵੈਸਾਖੀ ਸਮੇ। ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਦੁਨੀਆ ਭਰ ਤੋਂ ਸਿੱਖ ਆਏ ਹੋਏ ਹੋਣਗੇ। ਨਾਲੇ ਤਾਂ ਉਹਨਾਂ ਦੇ ਦਰਸ਼ਨ ਹੋ ਜਾਣਗੇ ਤੇ ਨਾਲ਼ ਹੀ ਆਪਣੀਆਂ ਕਿਤਾਬਾਂ, ਪੰਜਾਬ ਅਤੇ ਸਿੱਖ ਸਾਹਿਤ ਵਿਚ ਦਿਲਸਚਪੀ ਰੱਖਣ ਵਾਲ਼ੇ ਸੱਜਣਾਂ ਦੇ ਹੱਥਾਂ ਤੱਕ ਪੁਜਦੀਆਂ ਕਰ ਦਿਆਂਗਾ। ਇਸ ਤਰ੍ਹਾਂ ਬਿਨਾ ਡਾਕ ਖ਼ਰਚ ਲਾਇਆਂ ਅਤੇ ਹੋਰ ਖੇਚਲ਼ ਦੇ, ਉਹਨਾਂ ਪਾਠਕਾਂ ਨੂੰ ਮਿਲ਼ ਜਾਣਗੀਆਂ। ਵੈਸੇ ਤਾਂ ਮੇਰਾ ਵਿਚਾਰ ਜਨਵਰੀ ਦੇ ਅੰਤ ਜਾਂ ਫਰਵਰੀ ਦੇ ਆਰੰਭ ਵਿਚ ਜਾਣ ਦਾ ਸੀ ਪਰ ਆਸਟ੍ਰੇਲੀਆ ਦੇ ਦੂਜੇ ਸ਼ਹਿਰਾਂ ਦੀ ਫੇਰੀ ਕਾਰਨ ਇਹ ਪ੍ਰੋਗਰਾਮ ਲਮਕਦਾ ਲਮਕਦਾ ਅਪ੍ਰੈਲ ਦੇ ਸ਼ੁਰੂ ਤੱਕ ਹੀ ਲਮਕ ਗਿਆ।

ਮੇਰੀ ਅੰਮ੍ਰਿਤਸਰ ਦੀ ਯਾਤਰਾ ਬਹੁਤੀ ਇਸ ਕਰਕੇ ਹੀ ਹੁੰਦੀ ਹੈ ਕਿ ਕੁਝ ਆਪਣੀ ਨਿਗਰਾਨੀ ਹੇਠ ਕਿਤਾਬਾਂ ਛਪਵਾ ਲਵਾਂ ਤੇ ਕੁਝ ਬਾਕੀ ਬਚੇ ਸੱਜਣਾਂ ਮਿੱਤਰਾਂ ਨਾਲ਼ ਮੇਲਾ ਗੇਲਾ ਵੀ ਹੋ ਜਾਵੇ। ਹੋਰ ਤਾਂ ਮੈਨੂੰ ਓਥੇ ਕੋਈ ਕੰਮ ਨਹੀ ਹੁੰਦਾ। ਦਾਦੀ ਮਾਂ ਜੀ, ਬੀਬੀ ਜੀ, ਭਾਈਆ ਜੀ ਗੁਰੂ ਚਰਨਾਂ ਵਿਚ ਜਾ ਬਿਰਾਜੇ ਹਨ ਤੇ ਉਹਨਾਂ ਦੀ ਪੀਹੜੀ ਵਿਚੋਂ ਸਿਰਫ ਇਕ ਭੂਆ ਜੀ ਹੀ ਆਪਣੇ ਪਰਵਾਰ ਸਮੇਤ, ਭਾਗੋਵਾਲ ਪਿੰਡ ਵਿਚ ਵੱਸਦੇ ਹਨ। ਬਾਕੀ ਸੱਜਣਾਂ ਵਿਚੋਂ ਵੀ ਕੋਈ ਵਿਰਲਾ ਹੀ ਮਿਲਾਪ ਰੱਖਣ ਵਾਸਤੇ ਸਮਾ ਕਢ ਸਕਣ ਵਾਲਾ ਰਹਿ ਗਿਆ ਹੈ।

ਸਾਨੂੰ ਆਸਟ੍ਰੇਲੀਆ ਦੇ ਵਾਸੀਆਂ ਨੂੰ ਪਾਕਿਸਤਾਨ ਦਾ ਵੀਜ਼ਾ ਏਥੋਂ ਹੀ ਲੈ ਕੇ ਜਾਣਾ ਪੈਂਦਾ ਹੈ। ਇਕ ਸੱਜਣ ਨੇ ਦੱਸਿਆ ਸੀ ਕਿ ਦਿੱਲੀ ਤੋਂ ਸਾਨੂੰ ਵੀਜ਼ੇ ਤੋਂ ਨਾਂਹ ਹੋ ਜਾਂਦੀ ਹੈ ਇਹ ਆਖ ਕੇ ਕਿ ਤੁਸੀਂ ਆਸਟ੍ਰੇਲੀਆ ਦੇ ਵਸਨੀਕ ਹੋ, ਓਥੋਂ ਹੀ ਵੀਜ਼ਾ ਲੈ ਕੇ ਆਓ। ਇਸ ਲਈ ਮੈ ਦਿੱਲੀ ਤੋਂ ਵੀਜ਼ਾ ਮੰਗਣ ਕਦੀ ਗਿਆ ਹੀ ਨਹੀ। ਸਦਾ ਦੀ ਤਰ੍ਹਾਂ ਸਿਡਨੀ ਸਥਿਤ ਪਾਕਿਸਤਾਨੀ ਕੌਂਸੂਲੇਟ ਪਾਸ ਵੀਜ਼ੇ ਲਈ ਅਪਲਾਈ ਕੀਤਾ। ਪਹਿਲਾਂ ਤਾਂ ਤਿੰਨੇ ਵਾਰ ਸਾਰੇ ਪਾਕਿਸਤਾਨ ਦਾ ਵੀਜ਼ਾ ਲਾ ਦਿੰਦੇ ਸੀ ਪਰ ਇਸ ਵਾਰੀ ਸਿਰਫ ਚਾਰ ਜ਼ਿਲ੍ਹਿਆਂ ਵਿਚ ਜਾ ਸਕਣ ਦੀ ਹੀ ਆਗਿਆ, ਪਾਸਪੋਰਟ ਉਪਰ ਹੱਥ ਨਾਲ਼ ਲਿਖ ਕੇ ਦਿਤੀ ਗਈ ਸੀ। ਓਥੇ ਜਾ ਕੇ ਪਤਾ ਲੱਗਾ ਕਿ ਪਾਕਿਸਤਾਨ ਦੇ ਬਹੁਤ ਸਾਰੇ ਇਲਾਕਿਆਂ ਵਿਚ ਅਮਨ ਕਾਨੂੰਨ ਦੀ ਹਾਲਤ ਬਹੁਤੀ ਚੰਗੀ ਨਾ ਹੋਣ ਕਾਰਨ ਸ਼ਾਇਦ ਇਹ ਪਾਬੰਦੀ ਲਾਈ ਗਈ ਹੋਵੇ ਤਾਂ ਕਿ ਮੈ ਕਿਤੇ ਖ਼ਤਰੇ ਵਾਲ਼ੇ ਥਾਂ ਨਾ ਜਾ ਸਕਾਂ। ਘਰੋਂ ਤੁਰਨ ਤੋਂ ਪਹਿਲੀ ਰਾਤ ਨੂੰ ਨੂੰਹ, ਪੁੱਤ ਤੇ ਪੋਤਰਾ ਮਿਲਣ ਆਏ। ਗੱਲਾਂ ਗੱਲਾਂ ਵਿਚ ਜਦੋਂ ਉਹਨਾਂ ਨੂੰ ਪਤਾ ਲੱਗਾ ਕਿ ਮੈਂ ਇਸ ਯਾਤਰਾ ਦੌਰਾਨ ਪਾਕਿਸਤਾਨ ਵੀ ਜਾ ਰਿਹਾ ਹਾਂ ਤਾਂ ਨੂੰਹ ਨੇ ਹੈਰਾਨੀ ਭਰੀ ਟੋਨ ਵਿਚ ਆਖਿਆ, "ਪਾਪਾ, ਤੁਸੀਂ ਪਾਕਿਸਤਾਨ ਵੀ ਜਾਓਗੇ?" ਮੇਰਾ ਜਵਾਬ ਸੀ, "ਖ਼ਤਰੇ ਵਾਲ਼ੀ ਮਾੜੀ ਘਟਨਾ ਤਾਂ ਪੁੱਤਰ ਜੀ, ਕਿਤੇ ਵੀ ਵਾਪਰ ਸਕਦੀ ਹੈ। ਪਾਕਿਸਤਾਨ ਵਿਚ ਵੀ ਕਰੋੜਾਂ ਲੋਕ ਵੱਸਦੇ ਹੀ ਹਨ; ਸਾਰੇ ਤਾਂ ਨਹੀ ਬੰਬਾਂ ਵਾਲ਼ੇ ਥਾਂ ਫਸ ਜਾਂਦੇ! ਵੈਸੇ ਦਿਨ ਮਾੜੇ ਹੋਣ ਤਾਂ ਊਠ ਤੇ ਬੈਠੀ ਨੂੰ ਵੀ ਕੁੱਤਾ ਵੱਢ ਜਾਂਦਾ ਹੈ। ਤੁਹਾਡੀ ਮਾਤਾ (ਸੱਸ) ਨਹੀਂ ਦਿਨ ਦਿਹਾੜੇ ਅੰਮ੍ਰਿਤਸਰ ਵਿਚ ਪਰਸ ਖੁਹਾ ਬੈਠੀ! ਮਾੜੀ ਘਟਨਾ ਕਿਸੇ ਨਾਲ਼, ਕਿਸੇ ਵੀ ਦੇਸ ਜਾਂ ਸ਼ਹਿਰ ਵਿਚ ਵਾਪਰ ਸਕਦੀ ਹੈ।"

ਚਾਰ ਅਪ੍ਰੈਲ ਨੂੰ ਸਿਡਨੀ ਤੋਂ ਚਾਲੇ ਪਾਏ। ਹਾਂਗ ਕਾਂਗ ਤੋਂ ਨਾਲ਼ ਲਗਵੀਂ ਫਲਾਈਟ ਤੇ ਹੀ ਸੀਟ ਮਿਲ਼ ਜਾਣ ਕਰਕੇ, ਮੈਂ ਪੰਜ ਨੂੰ ਹੀ ਦਿੱਲੀ ਤੇ ਦਿਲੀਉਂ ਬੱਸ ਰਾਹੀਂ ਜਲੰਧਰ ਤੇ ਅੱਗੋਂ ਰੋਡਵੇਜ਼ ਦੀ ਬੱਸ ਰਾਹੀਂ ਅੰਮ੍ਰਿਤਸਰ ਬੱਸ ਅੱਡੇ ਤੇ ਜਾ ਉਤਰਿਆ ਤੇ ਓਥੋਂ ਥ੍ਰੀ ਵ੍ਹੀਲਰ ਰਾਹੀਂ ਭਰਾ ਦੇ ਘਰ ਜਾ ਮੂੰਹ ਵਿਖਾਇਆ। ਪਿਛਲੀ ਵਾਰੀ ਵਾਂਗ ੩੬ ਘੰਟੇ ਹਾਂਗ ਕਾਂਗ ਏਅਰਪੋਰਟ ਤੇ ਨਹੀ ਰੁਕਣਾ ਪਿਆ।

ਅੰਮ੍ਰਿਤਸਰ ਜਾ ਕੇ ਪ੍ਰਕਾਸ਼ਕਾਂ ਨਾਲ਼ ਸੰਪਰਕ ਕਰਨ ਤੇ ਪਤਾ ਲੱਗਾ ਕਿ ਕੁਝ ਸੈਂਕੜੇ ਕਾਪੀਆਂ ਅਜੇ ਮੇਰੀਆਂ ਪੁਰਾਣੀਆਂ ਕਿਤਾਬਾਂ ਦੀਆਂ ਹੀ ਉਹਨਾਂ ਕੋਲ਼ ਪਈਆਂ ਹੋਈਆਂ ਹਨ, ਇਸ ਲਈ ਹੋਰ ਐਡੀਸ਼ਨਾਂ ਅਜੇ ਛਪਵਾਉਣ ਦੀ ਲੋੜ ਨਹੀ। ਪਹਿਲੀਆਂ ਐਡੀਸ਼ਨਾਂ ਦੀਆਂ ਹੀ ਅੱਸੀ ਕਾਪੀਆਂ ਮੈਂ ਆਪਣੇ ਨਾਲ਼ ਪਾਕਿਸਤਾਨ ਲਿਜਾਣ ਲਈ ਚੁੱਕ ਲਈਆਂ ਤਾਂ ਕਿ ਵੈਸਾਖੀ ਦੇ ਪੁਰਬ ਸਮੇ ਦੂਰ ਦੁਰਾਡੇ ਦੇਸ਼ਾਂ ਤੋਂ ਆਏ ਪਾਠਕਾਂ ਨੂੰ ਦਿਤੀਆਂ ਜਾ ਸਕਣ।

ਭਾਵੇਂ ਮੈਂ ਸੜਕ ਰਾਹੀਂ ਆਰਾਮ ਨਾਲ਼ ਪਾਕਿਸਤਾਨ ਜਾ ਸਕਦਾ ਸੀ ਪਰ ਤਜਰੱਬੇ ਵਜੋਂ ਇਸ ਵਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਜਥੇ ਨਾਲ਼ ਜਾਣ ਦਾ ਫੈਸਲਾ ਕਰ ਲਿਆ। ਜਥਾ ਤੁਰਨ ਸਮੇ ਮੈਂ ਸ਼੍ਰੋਮਣੀ ਕਮੇਟੀ ਦੇ ਦਫ਼ਤਰ, ਆਪਣੀਆਂ ਕਿਤਾਬਾਂ ਦਾ ਬੰਡਲ ਧੂੰਹਦਾ ਚਲਿਆ ਗਿਆ ਪਰ ਓਥੇ ਕੁਝ ਪਤਾ ਨਾ ਲੱਗਾ ਕਿ ਰੇਲਵੇ ਸਟੇਸ਼ਨ ਨੂੰ ਕਮੇਟੀ ਦੀ ਬੱਸ ਕਦੋਂ ਤੇ ਕਿਥੋਂ ਜਾਣੀ ਹੈ। ਆਗੂ ਲੋਕ ਫ਼ੋਟੋਆਂ ਖਿਚਵਾ ਰਹੇ ਸਨ। ਏਧਰ ਓਧਰ ਧਿਆਨ ਮਾਰਨ ਉਪ੍ਰੰਤ ਮੈ ਕਿਤਾਬਾਂ ਦਾ ਬੰਡਲ ਧੂੰਹਦਾ ਦਰਬਾਰ ਸਾਹਿਬ ਕੰਪਲੈਕਸ ਤੋਂ ਬਾਹਰ ਆ ਗਿਆ। ਅੱਗੇ ਬਹੁਤ ਸਾਰੇ ਮੇਰੇ ਵਰਗੇ ਯਾਤਰੂ ਟੈਕਸੀਆਂ, ਥ੍ਰੀ ਵ੍ਹੀਲਰਾਂ ਵਾਲ਼ਿਆਂ ਨਾਲ਼, ਸਟੇਸ਼ਨ ਜਾਂ ਅਟਾਰੀ ਜਾਣ ਵਾਸਤੇ 'ਸੌਦੇ' ਕਰ ਰਹੇ ਸਨ। ਮੈਂ ਵੇਖਿਆ ਕਿ ਅਕਾਲੀ ਜਿਹੇ ਦਿਸਦੇ ਕੁਝ ਮਲਵਈ ਸਿੰਘਾਂ ਨੇ ਇਕ ਥ੍ਰੀ ਵ੍ਹੀਲਰ ਅਟਾਰੀ ਜਾਣ ਵਾਸਤੇ ਕੀਤਾ। ਪਰ ਸਵਾਰੀ ਪੰਜਾਹ ਰੁਪਏ ਵਿਚ ਸੌਦਾ ਹੋਇਆ। ਮੈਂ ਵੀ ਉਹਨਾਂ ਦੇ ਨਾਲ਼ ਸ਼ਾਮਲ ਹੋ ਗਿਆ। ਅਟਾਰੀ ਪੁੱਜਣ ਤੇ ਇਕੋ ਜਥੇਦਾਰ ਟਾਈਪ ਸਿੰਘ ਨੇ ਸਾਰਿਆਂ ਦੇ ਪੈਸੇ ਦਿਤੇ। ਮੈਂ ਆਪਣਾ ਹਿੱਸਾ ਪੰਜਾਹ ਰੁਪਏ ਦੇ ਰਿਹਾ ਪਰ ਉਸ ਚੰਗੇ ਸੱਜਣ ਨੇ ਨਾ ਲਏ।

ਟੈਂਪੂ ਦੇ ਬਾਕੀ ਸਵਾਰ ਸਾਰੇ ਤਾਂ ਪੈਸੇ ਵਟਾਉਣ ਵਾਲ਼ੇ ਥਾਂ ਵੱਲ ਨੂੰ ਰੁਖ਼ ਕਰ ਗਏ ਪਰ ਮੈਂ ਸਿਧਾ ਹੀ ਸਟੇਸ਼ਨ ਨੂੰ ਹੋ ਤੁਰਿਆ। ਓਥੇ ਜਾ ਕੇ ਵੇਖਿਆ ਕਿ ਗੱਡੀ ਤਾਂ ਦੂਜੇ ਪਾਸੇ ਦੇ ਪਲੇਟਫਾਰਮ ਤੋਂ ਚੱਲਣੀ ਹੈ ਤੇ ਕਿਤਾਬਾਂ ਦਾ ਬੰਡਲ ਚੁੱਕ ਕੇ ਓਥੇ ਪਹੁੰਚਣਾ ਵੀ, ਭਵ ਸਾਗਰ ਤਰਨ ਦੇ ਨੇੜੇ ਤੇੜੇ ਪੁੱਜ ਜਾਂਦਾ ਸੀ। ਮੈ ਉਰਲੇ ਪਾਸੇ ਖਲੋਤੇ ਜਵਾਨ ਸਿਪਾਹੀ ਨੂੰ ਆਖਿਆ, "ਕਰ ਹਿੰਮਤ; ਪੁਚਾ ਮੈਨੂੰ ਉਸ ਪਾਸੇ। ਤੇਰੀ ਜਲ ਪਾਣੀ ਦੀ ਸੇਵਾ ਹੋ ਜਾਵੇਗੀ।" ਉਸ ਨੇ ਇਕ ਹੋਰ ਨੌਜਵਾਨ ਨੂੰ ਆਵਾਜ਼ ਮਾਰ ਕੇ ਮੇਰਾ ਬੰਡਲ ਚੁਕਾ ਦਿਤਾ ਤੇ ਉਹ ਮੈਨੂੰ ਸਮੇਤ ਬੰਡਲ ਦੇ, ਦੂਜੇ ਪਾਸੇ ਵਾਲ਼ੇ ਪਲੇਟਫਾਰਮ ਤੇ ਛੱਡ ਗਿਆ। ਮੈਂ ਉਸ ਨੂੰ ਮਗਰੋਂ ਆਵਾਜ਼ ਮਾਰਦਾ ਹੀ ਰਹਿ ਗਿਆ ਕਿ ਉਹ ਮੇਰੇ ਕੋਲ਼ੋਂ 'ਸੇਵਾ' ਲੈ ਜਾਵੇ ਪਰ ਉਹ ਨਾ ਰੁਕਿਆ। ਇਸ ਤਰ੍ਹਾਂ ਉਸ ਵਿਚਾਰੇ ਨੂੰ ਮੇਰੀ ਵਗਾਰ ਹੀ ਪਈ। ਅਟਾਰੀ ਤੋਂ ਏਧਰ ਦੇ ਇਮੀਗ੍ਰੇਸ਼ਨ ਦੀ ਕਾਰਵਾਈ ਪੂਰੀ ਕਰਕੇ ਹਿੰਦੁਸਤਾਨੀ ਗੱਡੀ ਉਪਰ ਬੈਠ ਕੇ ਅਸੀਂ ਵਾਹਗੇ ਜਾ ਪੁੱਜੇ ਪਰ ਰਸਤੇ ਵਿਚ ਦੋਹਾਂ ਦੇਸਾਂ ਵਿਚਲੀ ਤਾਰਾਂ ਵਾਲ਼ੀ ਹੱਦ ਤੱਕ ਹਿੰਦੁਸਤਾਨੀ ਘੋੜ ਸਵਾਰ ਸਿਪਾਹੀ ਗੱਡੀ ਦੇ ਨਾਲ਼ ਨਾਲ਼, ਦੋਹੀਂ ਪਾਸੀਂ ਭੱਜਦੇ ਰਹੇ ਤੇ ਤਾਰ ਵਾਲ਼ੀ ਹੱਦ ਤੋਂ ਪਾਕਿਸਤਾਨੀ ਸਿਪਾਹੀਆਂ ਨੇ ਉਹਨਾਂ ਦੀ ਥਾਂ ਲੈ ਲਈ। ਇਸ ਤਰ੍ਹਾਂ ਸਾਨੂੰ ਸਖ਼ਤ ਪਹਿਰੇ ਹੇਠ ਅਟਾਰੀ ਦੇ ਸਟੇਸ਼ਨ ਤੱਕ ਲਿਜਾਇਆ ਗਿਆ ਤੇ ਓਥੇ ਸਾਨੂੰ ਵਾਹਵਾ ਚਿਰ ਗੱਡੀ ਤੋਂ ਨਹੀਂ ਉਤਰਨ ਦਿਤਾ। ਪਲੇਟਫਾਰਮ ਤੇ ਸ. ਮਨਜੀਤ ਸਿੰਘ ਕਰਤਾਰਪੁਰ ਵਾਲ਼ੇ ਵੀ, ਸਵਾਰੀਆਂ ਦੇ ਸਵਾਗਤ ਵਜੋਂ ਘੁੰਮ ਰਹੇ ਸਨ। ਮੈ ਉਹਨਾਂ ਨੂੰ ਫ਼ਤਿਹ ਬੁਲਾਈ। ਜਵਾਬ ਤਾਂ ਉਹਨਾਂ ਨੇ ਪੂਰੇ ਸਤਿਕਾਰ ਨਾਲ਼ ਦਿਤਾ ਪਰ ਮੈਂ ਸਮਝ ਗਿਆ ਕਿ ਉਹਨਾਂ ਨੇ ਮੈਨੂੰ ਪਛਾਣਿਆ ਨਹੀ। ਇਸ ਗੱਲ ਦੀ ਤਸੱਲੀ ਪੰਜਾ ਸਾਹਿਬ ਵਿਖੇ ਸਜੇ ਦੀਵਾਨ ਸਮੇ ਹੋਈ ਜਿਥੇ ਮਿਲਣ ਤੇ ਪਛਾਣੇ ਜਾਣ ਕਰਕੇ ਉਹਨਾਂ ਨੇ ਮੇਰਾ ਬਣਦਾ ਢੁਕਵਾਂ ਮਾਣ ਕੀਤਾ/ਕਰਵਾਇਆ। ਮੇਰੀ ਪਿਛਲੀ ੨੦੦੮ ਵਾਲ਼ੀ ਕਰਤਾਰ ਪੁਰ ਦੀ ਯਾਤਰਾ ਸਮੇ ਉਹ ਮੈਨੂੰ ਮਿਲ਼ੇ ਸਨ। ਮੈਂ ਦੋ ਰਾਤਾਂ ਓਥੇ ਉਹਨਾਂ ਪਾਸ ਟਿਕਿਆ ਸਾਂ। ਓਥੋਂ ਉਹ ਲਾਹੌਰ ਆਪਣੀ ਕਾਰ ਤੇ ਲੈ ਕੇ ਗਏ ਸਨ ਤੇ ਲੰਚ ਸਮੇ ਕੁਝ ਬਾਰਸੂਖ਼ ਸੱਜਣਾਂ ਨਾਲ਼ ਮੇਰੀ ਮੁਲਾਕਾਤ ਵੀ ਕਰਵਾਈ ਸੀ।

ਹਜਾਰਾਂ ਦੀ ਗਿਣਤੀ ਵਿਚ ਯਾਤਰੂ ਸਨ ਤੇ ਸਾਰਿਆਂ ਨੂੰ ਇਕ ਤੰਗ ਦਰਵਾਜੇ ਰਾਹੀਂ ਵੱਡੇ ਹਾਲ ਵਿਚ ਵਾੜਿਆ ਜਾਂਦਾ ਸੀ ਜਿਥੇ ਪਾਕਿਸਤਾਨ ਵਾਲ਼ੇ ਪਾਸੇ ਇਮੀਗ੍ਰੇਸ਼ਨ ਤੇ ਕਸਟਮ ਦੀ ਕਾਰਵਾਈ ਪੂਰੀ ਕੀਤੀ ਜਾਂਦੀ ਸੀ। ਓਥੇ ਮਾਰ ਏਨੀ ਗਾਹੜ ਮਾਹੜ ਕਿ "ਮਾਵਾਂ ਪੁੱਤ ਨਾ ਸੰਭਾਲਣ" ਵਾਲ਼ੀ ਹਾਲਤ ਬਣੀ ਪਈ ਸੀ। ਕੋਈ ਲਾਈਨ ਨਹੀ; ਕੋਈ ਡਸਿਪਲਿਨ ਨਹੀ। ਸਭ ਇਕ ਦੂਜੇ ਦੇ ਉਤੋਂ ਦੀ ਕਾਹਲ਼ ਵਿਚ ਆਪਣਾ ਹੀ ਉਲੂ ਸਿਧਾ ਕਰਨ ਦੀ ਫਿਕਰ ਵਿਚ। ਜੇਹੜਾ ਮੇਰੇ ਵਰਗਾ ਬਾਹਰ ਦਾ ਗਿਝਿਆ ਹੋਇਆ ਕਿਸੇ 'ਲਾਈਨ' ਦੇ ਆਸਰੇ ਰੁਕ ਗਿਆ, ਉਹ ਬੈਠਾ ਵਾੜ ਵਿਚ ਫਸੇ ਬਿੱਲੇ ਵਾਂਙ ਝਾਕਦਾ ਰਿਹਾ ਤੇ ਉਸ ਦੀਆਂ ਹੈਰਾਨੀ ਭਰੀਆਂ ਅੱਖਾਂ ਦੇ ਸਾਹਮਣੇ ਹੀ 'ਹਿੰਮਤ' ਵਾਲ਼ੇ ਬੀਬੀਆਂ ਬਾਬੇ ਹਰ ਪਾਸੇ ਅੱਗੇ ਲੰਘਦੇ ਗਏ। ਮੈਂ ਤਾਂ ਲਾਈਨ ਵਿਚ ਹੀ ਲੱਗਾ ਖਲੋਤਾ ਰਿਹਾ। ਲੋਕੀਂ ਆਉਣ ਤੇ ਆਰਾਮ ਨਾਲ ਸਿਰਾਂ ਤੇ ਸਾਮਾਨ ਦੀਆਂ ਪੰਡਾਂ ਚੁੱਕੀ, ਬੜੇ ਭਰੋਸੇ ਨਾਲ਼ ਅੱਗੇ ਤੋਂ ਅੱਗੇ ਤੁਰੀ ਜਾਣ। ਮੈ ਸਮਝਾਂ ਕਿ ਇਹ ਲੋਕ ਗ਼ਲਤੀ ਕਰ ਰਹੇ ਹਨ। ਅੱਗੋਂ ਪੁਲਿਸ ਵਾਲ਼ੇ ਇਹਨਾਂ ਨੂੰ ਲਾਈਨ ਵਿਚ ਲੱਗਣ ਲਈ ਆਖ ਕੇ, ਪਿੱਛੇ ਨੂੰ ਮੋੜ ਦੇਣਗੇ ਪਰ ਇਹ ਕੁਝ ਨਾ ਵਾਪਰਿਆ। ਮੇਰੀ ਚੰਗੀ ਕਿਸਮਤ ਨੂੰ ਸ਼੍ਰੋਮਣੀ ਕਮੇਟੀ ਦੇ ਸਾਬਕਾ ਮੈਨੇਜਰ/ਚੀਫ਼ ਇੰਸਪੈਕਟਰ ਸ. ਕਸ਼ਮੀਰ ਸਿੰਘ ਪੱਟੀ ਨੇ ਮੈਨੂੰ ਵੇਖ ਲਿਆ। ਇਹ ਚੰਗੇ ਸੱਜਣ ਚਿਰ ਤੋਂ ਸਾਡੇ ਪਰਵਾਰਕ ਮਿੱਤਰ ਹਨ। ਇਹਨਾਂ ਨੇ ਮੇਰੀਆਂ ਕੁੱਲ ਸਮੱਸਿਆਵਾਂ ਹੱਲ ਕਰ ਦਿਤੀਆਂ। ਏਥੋਂ ਹੀ ਪਾਕਿਸਤਾਨ ਦੀ ਯਾਤਰਾ ਵਾਲੀ ਗੱਡੀ ਦੀਆਂ ਟਿਕਟਾਂ ਖ਼੍ਰੀਦਣੀਆਂ ਸਨ। ਇਸ ਟਿਕਟ ਉਪਰ ਹੀ ਵਾਹਗੇ ਤੋਂ ਲੈ ਕੇ ਪੰਜਾ ਸਾਹਿਬ, ਨਨਕਾਣਾ ਸਾਹਿਬ, ਲਾਹੌਰ ਤੇ ਮੁੜ ਵਾਹਗੇ ਤੱਕ ਦੀ ਇਕੱਠੀ ਟਿਕਟ ਸੀ। ਇਸ ਵਿਚ ਹੀ ਸਾਰੀ ਯਾਤਰਾ ਕਰਨੀ ਸੀ। ਏਥੇ ਹੀ ਪੰਜਾ ਸਾਹਿਬ ਵਿਖੇ ਰਿਹਾਇਸ਼ ਦੌਰਾਨ ਕਮਰਿਆਂ ਦੀ ਵੰਡ ਹੁੰਦੀ ਸੀ। ਦਸ ਜਣਿਆਂ ਨੂੰ ਇਕ ਕਮਰੇ ਦੀ ਚਾਬੀ ਪ੍ਰਬੰਧਕ ਦੇ ਰਹੇ ਸਨ। ਸ. ਕਸ਼ਮੀਰ ਸਿੰਘ ਜੀ ਦੇ ਜਥੇ ਦੇ ਕੁੱਲ ਛੇ ਮੈਂਬਰ ਸਨ ਪਰ ਆਪਣੇ ਰਸੂਖ਼ ਨਾਲ਼ ਉਹ ਇਕ ਕਮਰੇ ਦੀ ਚਾਬੀ ਲੈਣ ਵਿਚ ਸਫ਼ਲ ਹੋ ਗਏ। ਬਾਅਦ ਵਿਚ ਮੈਂ ਵੀ ਉਹਨਾਂ ਨਾਲ਼ ਸ਼ਾਮਲ ਹੋ ਕੇ, ਅਸੀਂ ਸਾਰੇ ਜਣੇ ਸੱਤ ਹੋ ਗਏ। ਰੇਲਵੇ ਦੀ ਟਿਕਟ ਆਦਿ ਖ਼੍ਰੀਦਣ ਵਰਗੇ ਸਾਰੇ ਕਾਰਜ ਮੇਰੇ ਵਾਸਤੇ ਵੀ ਸ. ਕਸ਼ਮੀਰ ਸਿੰਘ ਨੇ ਹੀ ਕਰ ਲਏ। ਉਹਨਾਂ ਦੇ ਜਥੇ ਵਿਚ ਉਹਨਾਂ ਦੀ ਸਿੰਘਣੀ, ਸਿੰਘਣੀ ਦੇ ਭਰਾ ਸ. ਹਰਪਾਲ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਸਾਬਕਾ ਮੈਨੇਜਰ ਸ. ਬਲਬੀਰ ਸਿੰਘ ਦੀ ਸਿੰਘਣੀ, ਇਕ ਸੇਵਾਦਾਰਨੀ ਬੀਬੀ ਅਤੇ ਇਕ ਪੋਲੀਸ ਅਫ਼ਸਰ ਦੀ ਸਿੰਘਣੀ ਅਤੇ ਫਿਰ ਸੱਤਵਾਂ ਮੈ ਨਾਲ਼ ਰਲ਼ ਗਿਆ। ਸਾਨੂੰ ਪਹਿਲੀ ਗੱਡੀ ਵਿਚ ਹੀ ਸੀਟਾਂ ਦੇ ਨੰਬਰ ਮਿਲ਼ ਗਏ ਅਤੇ ਅਸੀਂ ਆਪੋ ਆਪਣੀਆਂ ਸੀਟਾਂ ਉਪਰ ਜਾ ਸਜੇ। ਬੀਬੀਆਂ ਨੇ ਅੰਮ੍ਰਿਤਸਰੋਂ ਹੀ ਛਕਣ ਦਾ ਸਾਮਾਨ ਨਾਲ਼ ਲਿਆਂਦਾ ਹੋਇਆ ਸੀ; ਉਸ ਵਿਚੋਂ ਮੈਨੂੰ ਵੀ ਸੱਬਰਕੱਤਾ ਗੱਫਾ ਮਿਲ਼ ਗਿਆ। ਸਮੇ ਸਿਰ ਗੱਡੀ ਤੁਰ ਪਈ। ਪੁਲਸ ਦਾ ਸਖ਼ਤ ਪਹਿਰਾ ਗੱਡੀ ਦੇ ਨਾਲ ਸੀ। ਲਾਹੌਰ ਸਟੇਸ਼ਨ ਉਪਰ ਗੱਡੀ ਤਾਂ ਰੁਕੀ ਪਰ ਸਾਨੂੰ ਪਲੇਟਫਾਰਮ ਉਪਰ ਉਤਰਨ ਦਾ ਹੁਕਮ ਨਹੀ ਸੀ। ਅੱਧੀ ਕੁ ਰਾਤ ਤੋਂ ਕੁਝ ਸਮਾ ਪਹਿਲਾਂ ਗੱਡੀ ਸਾਨੂੰ ਹਸਲ ਅਬਦਾਲ ਦੇ ਸਟੇਸ਼ਨ ਤੇ ਲੈ ਗਈ। ਓਥੋਂ ਬੱਸਾਂ ਰਾਹੀਂ ਸਾਨੂੰ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਲੈ ਗਏ। ਗੁਰਦੁਆਰਾ ਸਾਹਿਬ ਦੇ ਅੰਦਰ ਦਾਖਲ ਹੋਣ ਲਈ ਸੈਕਿਉਰਟੀ ਚੈਕ ਹੁੰਦੀ ਸੀ। ਓਥੇ ਬਹੁਤ ਭੀੜ ਅਤੇ ਗਾਹੜ ਮਾਹੜ ਹੋਣ ਕਰਕੇ, ਇਕ ਦੂਜੇ ਨੂੰ ਧੱਕੇ ਵੱਜ ਰਹੇ ਸਨ। ਮੈਂ ਆਪਣੇ ਸਾਥੀਆਂ ਨਾਲ਼ੋਂ ਭੀੜ ਵਿਚ ਬਹੁਤ ਅੱਗੇ ਸਾਂ ਪਰ ਗੁਰਦੁਆਰਾ ਸਾਹਿਬ ਦੇ ਅੰਦਰ ਦਾਖ਼ਲ ਹੋਣ ਸਮੇ ਬਾਕੀ ਦੇ ਸਾਥੀ ਧੱਕਮ-ਧੱਕੇ ਵਿਚ ਮੇਰੇ ਨਾਲ਼ੋਂ ਵਾਹਵਾ ਦੂਰੀ ਬਣਾ ਗਏ ਅਤੇ ਮੈਂ ਉਹਨਾਂ ਤੋਂ ਪਿੱਛੇ ਰਹਿ ਗਿਆ। ਕਮਰੇ ਦੀ ਚਾਬੀ ਉਹਨਾਂ

ਪਾਸ ਸੀ ਤੇ ਮੈਂ ਕਮਰੇ ਦਾ ਨੰਬਰ ਵੀ ਨਾ ਲਿਆ। ਗੁਰਦੁਆਰਾ ਸਾਹਿਬ ਦੇ ਅੰਦਰ, ਹੋਰ ਸੱਜਣਾਂ ਨਾਲ਼ ਮੈ ਵੀ ਕੇਅਰ ਟੇਕਰ ਦੇ ਦਫ਼ਤਰ ਵਿਚ ਜਾ ਵੜਿਆ। ਉਸ ਨੇ ਆਖਿਆ ਕਿ ਜਿਨ੍ਹਾਂ ਪਾਸ ਕਮਰੇ ਦੀ ਪਰਚੀ ਨਹੀਂ ਉਹ ਉਸ ਦੇ ਪਿਛੇ ਚਲੇ ਜਾਣ; ਉਹ ਪ੍ਰਬੰਧ ਕਰੇਗਾ। ਉਹ ਸਾਨੂੰ ਸਾਰਿਆਂ ਨੂੰ ਘੇਰ ਕੇ ਗੁਰਦੁਆਰਾ ਸਾਹਿਬ ਦੇ ਥੱਲੇ ਬੇਸਮੈਂਟ ਵਿਚ ਲੈ ਗਿਆ। ਮੇਰੇ ਜਾਣ ਸਮੇ ਤੱਕ ਸਾਰਾ ਬੇਸਮੈਂਟ ਵੀ ਰੁਕ ਚੁੱਕਾ ਸੀ। ਅਖੀਰ ਤੇ ਇਕ ਨੁੱਕਰ ਵਿਚ ਥੋਹੜੀ ਜਿਹੀ ਥਾਂ ਖਾਲੀ ਵੇਖ ਕੇ ਅਸੀਂ ਤਿੰਨ 'ਸਿਆਣੇ' ਸੱਜਣਾਂ ਨੇ ਆਪਣਾ ਟਿੰਡ ਫਹੁੜੀ ਟਿਕਾ ਲਿਆ। ਦੂਜੇ ਦੋਵੇਂ ਸੱਜਣ ਕਿਸੇ ਕਾਰਨ ਬਾਹਰ ਉਪਰ ਜਾਣਾ ਚਾਹੁੰਦੇ ਸਨ। ਮੈ ਆਖਿਆ ਕਿ ਉਹ ਜਾ ਆਉਣ, ਮੈਂ ਉਹਨਾਂ ਦੇ ਸਾਮਾਨ ਅਤੇ ਸਥਾਨ ਦਾ ਧਿਆਨ ਰੱਖਾਂਗਾ। ਕੁਝ ਸਮੇ ਬਾਅਦ ਉਹ ਆ ਗਏ ਤੇ ਮੈਂ ਵੀ ਇਸ ਖਿਆਲ ਨਾਲ਼ ਬਾਹਰ ਗਿਆ ਕਿ ਸ਼ਾਇਦ ਸ. ਕਸ਼ਮੀਰ ਸਿੰਘ ਹੋਰਾਂ ਵਿਚੋਂ ਕੋਈ ਮੈਨੂੰ ਲਭਦਾ ਫਿਰਦਾ ਮਿਲ਼ ਜਾਵੇ ਪਰ ਕੋਈ ਨਾ ਮਿਲਿਆ। ਮੈਂ ਜਦੋਂ ਵਾਪਸ ਆਇਆ ਤਾਂ ਉਹ ਦੋਵੇਂ ਸਿਆਣੇ ਸੱਜਣ ਇਸ ਤਰੀਕੇ ਨਾਲ਼ ਸੌਂ ਗਏ ਕਿ ਮੇਰੇ ਲਈ ਥਾਂ ਨਾ ਬਚਿਆ। ਜੇਕਰ ਉਹ ਦੂਜੇ ਪਾਸੇ ਨੂੰ ਆਪਣੇ ਚਰਨ ਕਰਕੇ ਪੈਂਦੇ ਤਾਂ ਮੇਰੇ ਲਈ ਥਾਂ ਬਚ ਸਕਦਾ ਸੀ। ਉਹਨਾਂ ਨੂੰ ਉਠਾਲਣਾ ਮੈ ਯੋਗ ਨਾ ਜਾਤਾ ਤੇ ਕੁਝ ਸਮਾ ਇਕ ਥੜ੍ਹੇ ਉਪਰ ਬੈਠ ਕੇ ਕੱਟ ਲਿਆ ਤੇ ਫਿਰ ਜਦੋਂ ਵੇਖਿਆ ਕਿ ਦੋ ਵੱਜ ਗਏ ਹਨ ਤਾਂ ਮੈਂ ਬਾਹਰ ਜਾ ਕੇ ਇਕ ਨਲ਼ਕੇ ਦੀ ਟੂਟੀ ਖੋਹਲ ਕੇ, ਪਿੰਡਾਂ ਗਿੱਲਾ ਕਰਨ ਦਾ ਯਤਨ ਕੀਤਾ ਪਰ ਜਦੋਂ ਠੰਡਾ ਪਾਣੀ ਮੇਰੇ ਪਿੰਡੇ ਤੇ ਪਿਆ ਤਾਂ ਮੇਰਾ ਉਤਲਾ ਸਾਹ ਉਤੇ ਤੇ ਥੱਲੇ ਦਾ ਥੱਲੇ ਰਹਿ ਗਿਆ। ਕਿਸੇ ਤਰ੍ਹਾਂ ਬਚ ਬਚਾ ਹੋ ਗਿਆ ਤੇ ਮੈ ਛੇਤੀ ਛੇਤੀ ਝੱਗਾ ਪਜਾਮਾ ਪਾ ਕੇ ਪ੍ਰਕਰਮਾਂ ਵਿਚ ਵਿਚਰਦਿਆਂ ਨਿੱਤਨੇਮ ਵੀ ਕਰ ਲਿਆ। ਹੌਲ਼ੀ ਹੌਲ਼ੀ ਗੁਰਦੁਆਰਾ ਵੀ ਖੁਲ੍ਹ ਗਿਆ ਤੇ ਸੁਖਮਨੀ ਸਾਹਿਬ ਦੇ ਪਾਠ ਉਪ੍ਰੰਤ 'ਆਸਾ ਕੀ ਵਾਰ' ਦਾ ਕੀਰਤਨ ਹੋਣਾ ਸੀ। ਮੈ ਗ੍ਰੰਥੀ ਸਿੰਘ ਨੂੰ ਆਪਣੇ ਕੀਰਤਨ ਕਰਨ ਦੀ ਇੱਛਾ ਪਰਗਟ ਕੀਤੀ ਤਾਂ ਉਹਨਾਂ ਨੇ ਬੜੇ ਵਿਸ਼ਾਲ ਹਿਰਦੇ ਨਾਲ਼ ਇਸ ਦੀ ਆਗਿਆ ਦੇ ਦਿਤੀ। ਰਾਗੀ ਸਿੰਘ ਨੇ ਆਖਿਆ ਕਿ ਪਹਿਲੀ ਅਧੀ ਆਸਾ ਕੀ ਵਾਰ ਉਹਨਾਂ ਨੂੰ ਕਰ ਲੈਣ ਦਿਤੀ ਜਾਵੇ। ਮੈਂ ਖ਼ੁਸ਼ੀ ਨਾਲ ਇਹ ਮੰਨ ਲਿਆ। ਸੋ ਦੂਜਾ ਅੱਧ ਆਸਾ ਕੀ ਵਾਰ ਦਾ ਕੀਰਤਨ ਮੈਂ ਕੀਤਾ। ਕੀਰਤਨ ਸਮੇ ਜੋੜੀ ਉਪਰ, ਸਿਡਨੀ ਵਾਸੀ ਸ. ਹਰਮੋਹਨ ਸਿੰਘ ਵਾਲੀਆ ਜੀ ਨੇ, ਬੜੇ ਉਤਸ਼ਾਹ ਸਹਿਤ ਸਾਥ ਦਿਤਾ। ਗ੍ਰੰਥੀ ਸਿੰਘ ਜੀ ਦੇ ਹੱਥੋਂ ਸਾਨੂੰ ਦੋਹਾਂ ਨੂੰ ਸਿਰੋਪੇ ਦੀ ਬਖ਼ਸ਼ਿਸ਼ ਹੋਈ।

ਦਿਨ ਚੜ੍ਹੇ ਤੇ ਸ. ਕਸ਼ਮੀਰ ਸਿੰਘ ਹੋਰਾਂ ਵੀ ਮੈਨੂੰ ਲਭ ਲਿਆ। ਉਹਨਾਂ ਨੇ ਦੱਸਿਆ ਕਿ ਉਹ ਰਾਤ ਪ੍ਰਕਰਮਾਂ ਵਿਚ ਮੈਨੂੰ ਲਭਦੇ ਰਹੇ ਪਰ ਮੈ ਉਹਨਾਂ ਦੇ ਹੱਥ ਨਾ ਆਇਆ।

ਏਥੇ ਅਸੀਂ ਤਿੰਨ ਰਾਤਾਂ ਰਹੇ। ਵੈਸਾਖੀ ਦੇ ਉਤਸ਼ਵ ਨੂੰ ਉਤਸ਼ਾਹ ਸਹਿਤ ਮਾਣਿਆ। ਪਾਕਿਸਤਾਨ ਦੀਆਂ ਸੰਗਤਾਂ ਵੱਲੋਂ ਬਹੁਤ ਹੀ ਸ਼ਾਨਦਾਰ ਲੰਗਰ ਦਾ ਪ੍ਰਬੰਧ ਸੀ। ਕਈ ਪ੍ਰਕਾਰ ਦੇ ਭੋਜਨ ਮਿੱਠੇ, ਸਲੂਣੇ ਆਦਿ ਦਾ ਅਤੁੱਟ ਲੰਗਰ ਤਿੰਨੇ ਦਿਨ ਵਰਤਦਾ ਰਿਹਾ। ਸੰਗਤ ਨੇ ਲੰਗਰ ਛਕਣ ਦੇ ਸਮੇ ਵੀ ਭੀੜ ਭੜੱਕਾ ਪਾਈ ਰੱਖਿਆ। ਕੋਈ ਲਾਈਨ ਨਹੀ, ਕੋਈ ਤਰਤੀਬ ਨਹੀ, ਪਰ ਸ਼ਾਬਾਸ਼ ਸੇਵਾਦਾਰਾਂ ਦੇ ਤਹੱਮਲ ਦੇ, ਕਿਸੇ ਨੇ ਵੀ ਮੱਥੇ ਵੱਟ ਨਹੀ ਪਾਇਆ। ਤਿੰਨੇ ਦਿਨ ਸਦਾਵਰਤ ਲਾਈ ਰਖਿਆ। ਕਿਸੇ ਨੂੰ ਕਿਸੇ ਵੀ ਵਸਤੂ ਦੀ ਕਮੀ ਨਹੀਂ ਆਉਣ ਦਿਤੀ।

ਮੈਂ ਕਿਸੇ ਸੱਜਣ ਕੋਲ਼ ਖਾਹਸ਼ ਪਰਗਟ ਕੀਤੀ ਕਿ ਵਲੀ ਕੰਧਾਰੀ ਦੀ ਪਹਾੜੀ ਉਪਰ ਹੀ ਜਾ ਆਇਆ ਜਾਵੇ। ਉਸ ਨੇ ਕਿਹਾ, "ਕੀ ਕਰਨਾ ਉਸ ਦੇ ਥਾਂ ਤੇ ਜਾ ਕੇ, ਜੇਹੜਾ ਸਾਡੇ ਬਾਬੇ ਨੂੰ ਪੱਥਰ ਮਾਰਦਾ ਰਿਹਾ!" ਮੈ ਆਖਿਆ, "ਵੇਖੀਏ ਤੇ ਸਹੀ ਉਹ ਕੇਹੜਾ ਸੀ ਜੇਹੜਾ ਸਾਡੇ ਬਾਬੇ ਨੂੰ ਪੱਥਰ ਮਾਰਨ ਦੀ ਜੁਰਅਤ ਕਰਦਾ ਸੀ!" ਖੈਰ, ਗੱਲ ਹਾਸੇ ਵਿਚ ਟਲ਼ ਗਈ। ਦੂਜੇ ਦਿਨ ਮੈਂ ਵੇਖਿਆ ਕਿ ਗੁਰਦੁਆਰਾ ਸਾਹਿਬ ਦੇ ਗੇਟ ਤੋਂ ਬਾਹਰ ਸੰਗਤਾਂ ਇਕੱਤਰ ਹੋ ਰਹੀਆਂ ਸਨ। ਪੁੱਛਣ ਤੇ ਪਤਾ ਲੱਗਾ ਕਿ ਇਹ ਵਲੀ ਕੰਧਾਰੀ ਦੀ ਪਹਾੜੀ ਤੇ ਜਾਣ ਵਾਸਤੇ ਖੜ੍ਹੀਆਂ ਹਨ। ਪੁਲਸ ਵਾਲੇ ਆਖਦੇ ਹਨ ਕਿ ਸਾਰੇ ਇਕੱਠੇ ਹੋ ਜਾਓ ਫਿਰ ਸਾਰਿਆਂ ਨੂੰ ਉਹ ਆਪਣੀ ਰਖਵਾਲੀ ਹੇਠ ਲੈ ਕੇ ਜਾਣਗੇ। ਮੈਂ ਵੀ ਉਹਨਾਂ ਵਿਚ ਸ਼ਾਮਲ ਹੋ ਗਿਆ। ਵਾਹਵਾ ਚਿਰ ਸਾਨੂੰ ਧੁੱਪੇ ਖੜ੍ਹਾ ਕਰੀ ਰੱਖਿਆ। ਫਿਰ ਅੱਗੇ ਪਿੱਛੇ ਰਫ਼ਲਾਂ ਵਾਲੇ ਸਿਪਾਹੀ ਤੇ ਵਿਚਾਲ਼ੇ ਅਸੀਂ, ਪਹਾੜੀ ਉਪਰ ਚੜ੍ਹਨ ਲੱਗ ਪਏ। ਨੇੜੇ ਦਿਸਦੀ ਪਹਾੜੀ ਦੀ ਉਚਾਈ ਵਾਹਵਾ ਹੀ ਦੂਰ ਲੱਗੀ। ਮੈਂ ਖ਼ੁਦ ਤੇ ਹੈਰਾਨ ਸਾਂ ਕਿ ਤੇਰਾਂ ਸਾਲ ਪਹਿਲਾਂ ਮੈਂ ਦੋ ਰਾਤਾਂ ਪੰਜਾ ਸਾਹਿਬ ਵਿਖੇ ਰੁਕਿਆ ਪਰ ਪਹਾੜੀ ਤੇ ਚੜ੍ਹਨ ਦੀ ਜੁਰਅਤ ਨਾ ਕੀਤੀ ਤੇ ਹੁਣ ਸਰੀਰਕ ਪੱਖੋਂ ਹੋਰ ਕਮਜੋਰ ਹੋ ਜਾਣ ਤੇ ਵੀ, ਵੇਖੋ ਵੇਖੀ ਇਹ ਮੋਰਚਾ ਸਰ ਕਰ ਆਇਆ।

ਸਮਾਗਮਾਂ ਦੇ ਅੰਤਲੇ ਦਿਨ ਵਕਫ਼ ਬੋਰਡ ਦੇ ਪ੍ਰਬੰਧਕਾਂ ਅਤੇ ਦੇਸੋਂ ਗਏ ਜਥੇ ਦੇ ਆਗੂਆਂ ਦਾ ਇਕੱਠਾ ਸਦਭਾਵਨਾ ਸਮਾਗਮ ਹੋਇਆ ਜਿਸ ਵਿਚ ਸਿਰੋਪਿਆਂ ਦਾ ਆਦਾਨ ਪ੍ਰਦਾਨ ਕੀਤਾ ਗਿਆ। "ਵਿਚ ਸਾਡਾ ਵੀ ਨਾਂ ਬੋਲੇ" ਵਾਂਙ ਬਾਕੀ ਸਿਰਕਰਦਾ ਸੱਜਣਾਂ ਦੇ ਨਾਲ਼ ਮੈਨੂੰ ਵੀ ਸਿਰੋਪਾ ਬਖ਼ਸ਼ਿਆ ਗਿਆ। ਓਥੋਂ ਗੱਡੀ ਰਾਹੀਂ ਸਾਨੂੰ ਰਾਤ ਨੂੰ ਗੁਰਦੁਆਰਾ ਜਨਮ ਸਥਾਨ ਸ੍ਰੀ ਨਨਕਾਣਾ ਸਾਹਿਬ ਵਿਖੇ ਪੁਚਾਇਆ ਗਿਆ ਤੇ ਰੇਲਵੇ ਸਟੇਸ਼ਨ ਤੋਂ ਬੱਸਾਂ ਰਾਹੀਂ ਜਨਮ ਸਥਾਨ ਦੀਆਂ ਸਰਾਵਾਂ ਵਿਚ ਜਾ ਉਤਾਰਿਆ।

ਅਗਲੇ ਦਿਨ ਸਾਡੀ ਬਦਲੀ ਸਾਧਾਰਨ ਸਰਾਂ ਤੋਂ ਵੀ.ਆਈ.ਪੀ. ਸਰਾਂ ਵਿਚ ਹੋ ਗਈ। ਸਵੇਰ ਸਮੇ ਕਮਰੇ ਵਾਲ਼ੇ ਬਾਕੀ ਸਾਰੇ ਸੱਜਣ ਗੁਰਦੁਆਰਾ ਸਾਹਿਬ ਵਿਖੇ ਮੱਥਾ ਟੇਕਣ ਗਏ ਹੋਏ ਸਨ ਤੇ ਮੈਂ ਸਵੇਰੇ ਹੀ ਹਾਜਰੀ ਭਰ ਆਇਆ ਹੋਣ ਕਰਕੇ ਇਕੱਲਾ ਹੀ ਕਮਰੇ ਵਿਚ ਸਾਂ। ਕਮਰੇ ਦੇ ਅੱਧ ਖੁਲ੍ਹੇ ਬੂਹੇ ਦੀ ਝੀਥ ਥਾਣੀ ਇਕ ਨੌਜਵਾਨ ਦੀ ਨਿਗਾਹ ਮੇਰੇ ਉਪਰ ਪੈ ਗਈ। ਉਹ ਸੱਜਣ ਜਥੇ ਦੇ ਆਗੂ ਸ. ਅਮ੍ਰੀਕ ਸਿੰਘ

ਨੂੰ ਸਾਡੇ ਸਾਹਮਣੇ ਵਾਲ਼ੇ ਕਮਰੇ ਵਿਚ ਮਿਲਣ ਲਈ ਆਇਆ ਸੀ। ਮੈਨੂੰ ਪਛਾਣਦੇ ਹੋਏ ਉਸ ਨੇ ਮੇਰਾ ਨਾਂ ਪਤਾ ਪੁੱਛ ਕੇ ਆਖਿਆ ਕਿ ਉਹ ਕਲਿਆਣ ਸਿੰਘ ਹੈ। ਭਾਵੇਂ ਕਿ ੨੦੦੯ ਵਿਚ ਅਸੀਂ ਚੰਗੀ ਤਰ੍ਹਾਂ ਮਿਲ਼ੇ ਹੋਏ ਸਾਂ ਪਰ ਮੈਨੂੰ ਉਸ ਨੂੰ ਪਛਾਨਣ ਵਿਚ ਵਾਹਵਾ ਹੀ ਚਿਰ ਲੱਗ ਗਿਆ। ਨਾ ਪਛਾਨਣ ਦੇ ਕਾਰਨਾਂ ਵਿਚੋਂ ਇਕ ਇਹ ਵੀ ਸੀ ਕਿ ਪਿਛਲੇ ਚਾਰ ਸਾਲਾਂ ਵਿਚ ਉਹ ਪਹਿਲਾਂ ਨਾਲ਼ੋਂ ਕੁਝ ਮੋਟਾ ਹੋ ਗਿਆ ਹੋਇਆ ਸੀ। ਉਸ ਨੇ ਅੱਗੇ ਦੱਸਿਆ ਕਿ ਪਾਕਿਸਤਾਨ ਗੁਰਦੁਆਰਾ ਕਮੇਟੀ ਵੱਲੋਂ ਉਸ ਉਪਰ ਮੇਰੀ ਰਿਹਾਇਸ਼ ਦੇ ਪ੍ਰਬੰਧ ਕਰਨ ਦੀ ਜੁੰਮੇਵਾਰੀ ਲੱਗੀ ਹੋਈ ਸੀ ਤੇ ਉਹ ਮੇਰੇ ਸੜਕ ਰਾਹੀਂ ਆਉਣ ਬਾਰੇ ਸੋਚ ਕੇ ਮੈਨੂੰ ਲਭਦੇ ਰਹੇ। ਉਹਨਾਂ ਨੇ ਨਹੀਂ ਸੀ ਇਹ ਸੋਚਿਆ ਕਿ ਮੈਂ ਜਥੇ ਨਾਲ਼, ਰੇਲ ਰਾਹੀਂ ਖੱਜਲ਼ ਖੁਆਰ ਹੁੰਦਾ ਹੋਇਆ ਆਵਾਂਗਾ। ਇਹ ਚੰਗੇ ਸੁਲ਼ਝੇ ਹੋਏ ਪਾਕਿਸਤਾਨੀ ਨੌਜਵਾਨ ਸਿੰਘ ਹਨ ਜੋ ਕਿ ਪੰਜਾਬ ਯੂਨੀਵਰਸਿਟੀ ਲਾਹੌਰ ਤੋਂ, ਜਪੁ ਜੀ ਸਾਹਿਬ ਬਾਰੇ ਡਾਕਟ੍ਰੇਟ ਕਰ ਰਹੇ ਹਨ ਤੇ ਨਾਲ਼ ਹੀ ਉਹਨਾਂ ਦੀ ਨਿਯੁਕਤੀ ਕਾਲਜ ਲੈਕਚਰਾਰ ਵਜੋਂ ਗੁੱਜਰਾਂਵਾਲ਼ਾ ਵਿਖੇ ਵੀ ਹੋ ਚੁੱਕੀ ਸੀ ਪਰ ਅਜੇ ਉਹ ਕਿਸੇ ਕਾਰਨ ਵੱਸ ਡਿਊਟੀ ਤੇ ਹਾਜਰ ਨਹੀ ਸਨ ਹੋਏ। ਇਹ ਕਾਲਜ ਸਿੱਖਾਂ ਨੇ ਗੁਰੂ ਨਾਨਕ ਖ਼ਾਲਸਾ ਕਾਲਜ ਗੁਜਰਾਂਵਾਲ਼ਾ ਦੇ ਨਾਂ ਨਾਲ਼ ਸ਼ੁਰੂ ਕੀਤਾ ਸੀ। ਏਥੇ ਹੀ ਪ੍ਰੋ. ਸਾਹਿਬ ਸਿੰਘ, ਬਾਵਾ ਹਰਕਿਸ਼ਨ ਸਿੰਘ ਆਦਿ ਵਰਗੇ ਉਘੇ ਸਿੱਖ ਵਿੱਦਵਾਨ ਅਧਿਆਪਕ ਰਹੇ ਸਨ। ੧੯੪੭ ਤੋਂ ਬਾਅਦ ਇਸ ਦਾ ਨਾਂ ਬਦਲ ਕੇ, ਸ਼ਾਇਦ ਇਸਲਾਮੀਆ ਸਰਕਾਰੀ ਕਾਲਜ ਰੱਖ਼ ਲਿਆ ਗਿਆ ਹੈ। ਗੱਲ ਇਹ ਇਉਂ ਹੋਈ ਕਿ ਏਥੋਂ ਤੁਰਨ ਤੋਂ ਕੁਝ ਦਿਨ ਪਹਿਲਾਂ ਮੈਂ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਡੇਹਰਾ ਸਾਹਿਬ ਦੇ ਕੇਅਰ ਟੇਕਰ ਜਨਾਬ ਅਜ਼ਹਰ ਸ਼ਾਹ ਜੀ ਨੂੰ, ਈ-ਮੇਲ ਰਾਹੀਂ ਆਪਣੀ ਯਾਤਰਾ ਦੀ ਸੂਚਨਾ ਦੇ ਕੇ, ਰਹਿਣ ਲਈ ਕਮਰੇ ਦਾ ਪ੍ਰਬੰਧ ਕਰਨ ਲਈ ਬੇਨਤੀ ਕਰ ਭੇਜੀ ਸੀ ਪਰ ਉਹਨਾਂ ਵੱਲੋਂ ਜਵਾਬ ਨਾ ਆਇਆ। ਸ. ਕਲਿਆਣ ਸਿੰਘ ਨੇ ਦੱਸਿਆ ਕਿ ਇਹ ਜੁੰਮੇਵਾਰੀ ਕਮੇਟੀ ਨੇ ਉਹਨਾਂ ਦੀ ਲਾ ਦਿਤੀ ਸੀ ਕਿ ਉਹ ਮੇਰਾ ਪ੍ਰਬੰਧ ਕਰਨ ਅਤੇ ਇਸ ਦੀ ਸੂਚਨਾ ਵੀ ਮੈਨੂੰ ਦੇ ਦੇਣ। ਉਹਨਾਂ ਨੇ ਦੱਸਿਆ ਕਿ ਉਹਨਾਂ ਨੇ ਮੈਨੂੰ ਈ-ਮੇਲ ਰਾਹੀਂ ਜਵਾਬ ਭੇਜਿਆ ਸੀ ਪਰ ਮੈਨੂੰ ਨਹੀਂ ਸੀ ਮਿਲ਼ਿਆ। ਦੋ ਕੁ ਦਿਨ ਦੀ ਸੋਚ ਵਿਚਾਰ ਪਿੱਛੋਂ ਫਿਰ ਉਹਨਾਂ ਨੂੰ ਯਾਦ ਆਇਆ ਕਿ ਉਹਨਾਂ ਨੇ ਜਵਾਬ ਤਾਂ ਲਿਖਿਆ ਸੀ ਪਰ ਭੇਜਣ ਤੋਂ ਪਹਿਲਾਂ ਬਿਜਲੀ ਗੁੱਲ ਹੋ ਗਈ ਤੇ ਬਾਅਦ ਵਿਚ ਉਹ ਇਸ ਪ੍ਰਭਾਵ ਵਿਚ ਰਹੇ ਕਿ ਉਹਨਾਂ ਨੇ ਮੈਨੂੰ ਜਵਾਬ ਭੇਜ ਦਿਤਾ ਸੀ। ਖ਼ੈਰ, ਮੈਂ ਕਿਹਾ ਕਿ ਹੁਣ ਤਾਂ ਜਿੰਨਾ ਚਿਰ ਜਥਾ ਏਥੇ ਹੈ ਓਨਾ ਚਿਰ ਮੈਂ ਇਹਨਾਂ ਦੇ ਨਾਲ਼ ਹੀ ਰਹਾਂਗਾ। ਜਦੋਂ ਇਹ ਜਥਾ ਚਲਿਆ ਗਿਆ ਫਿਰ ਮੈਂ ਤੁਹਾਡੀ ਡਿਸਪੋਜ਼ਲ ਤੇ ਹੋਵਾਂਗਾ ਜਿਥੇ ਚਾਹੇ ਲੈ ਜਾਇਆ ਜੇ ਤੇ ਜੋ 'ਸੇਵਾ' ਕਰਨੀ ਚਾਹੋ ਕਰ ਲਿਓ। ਇਸ ਸਮੇ ਗੁਰਦੁਆਰਾ ਜਨਮ ਸਥਾਨ ਤੇ ਸਜੇ ਦੀਵਾਨ ਵਿਚ ਭਾਸ਼ਨ ਦੀ ਹਾਜਰੀ ਭਰੀ ਅਤੇ ਪ੍ਰਬੰਧਕਾਂ ਵੱਲੋਂ ਸਿਰੋਪੇ ਦੀ ਬਖ਼ਸ਼ਿਸ਼ ਹੋਈ।

ਇਸ ਕਿਆਮ ਦੌਰਾਨ ਹੀ ਸ੍ਰੀ ਨਨਕਾਣਾ ਸਾਹਿਬ ਵਿਖੇ ਬਾਰ ਕਲੱਬ ਵਿਚ ਪਾਕਿਸਤਾਨ ਦੇ ਸ਼ਾਇਰਾਂ ਵੱਲੋਂ ਸਾਲਾਨਾ ਵੈਸਾਖੀ ਮੁਸ਼ਾਇਰਾ ਰੱਖਿਆ ਗਿਆ ਸੀ। ਸ. ਕਲਿਆਣ ਸਿੰਘ ਜੀ ਮੈਨੂੰ ਵੀ ਓਥੇ ਲੈ ਗਏ। ਮੈਨੂੰ ਵੀ ਕਵਿਤਾ ਸੁਣਾਉਣ ਦਾ ਸਮਾ ਦੇ ਕੇ ਮਾਣ ਵਧਾਉਣ ਦਾ ਉਦਮ ਕੀਤਾ ਗਿਆ ਪਰ ਮੈਂ ਤਾਂ ਕਵੀ ਨਹੀ ਹਾਂ। ਸਟੇਜ ਉਪਰ ਕਵਿਤਾ ਨਾਲ਼ ਸਬੰਧਤ ਕੁਝ ਗੱਲਾਂ ਹੀ ਸੁਣਾ ਕੇ ਮੈਂ ਡੰਗ ਸਾਰ ਲਿਆ। ਫਿਰ ਸਾਰੇ ਜਥੇ ਨੂੰ ਸ੍ਰੀ ਨਨਕਾਣਾ ਸਾਹਿਬ ਤੋਂ ਲਾਹੌਰ ਲਿਆਂਦਾ ਗਿਆ। ਮੈਂ ਸਾਥੀਆਂ ਦੇ ਨਾਲ਼ ਹੀ ਗੁਰਦੁਆਰਾ ਸਿੰਘ ਸਿੰਘਣੀਆਂ ਵਿਖੇ ਮਿਲ਼ੇ ਕਮਰੇ ਵਿਚ ਹੀ ਨਿਵਾਸ ਰੱਖਿਆ। ਮੈਂ ਪੈਸੇ ਥੋਹੜੇ ਲੈ ਕੇ ਗਿਆ ਸਾਂ ਜੋ ਮੈਨੂੰ ਮੁੱਕਦੇ ਦਿਸੇ। ਸ. ਕਸ਼ਮੀਰ ਸਿੰਘ ਹੋਰਾਂ ਨੇ ਮੈਨੂੰ ਪੰਜ ਹਜਾਰ ਹੁਦਾਰ ਦੇ ਦਿਤੇ ਤੇ ਇਕ ਬੀਬੀ ਨੇ ਵੀ ਆਪਣੇ ਵਧੇ ਪਾਕਿਸਤਾਨੀ ਸਾਰੇ ਪੈਸੇ ਮੈਨੂੰ ਦੇ ਦਿਤੇ। ਇਹ ਸਾਰੇ ਪੈਸੇ ਮੈਂ ਅੰਮ੍ਰਿਤਸਰ ਪੁੱਜਦਿਆਂ ਹੀ ਉਹਨਾਂ ਨੂੰ ਭਾਰਤੀ ਕਰੰਸੀ ਵਿਚ ਵਾਪਸ ਕੀਤੇ। ਇਹ ਪੈਸੇ ਮਿਲਣ ਨਾਲ ਮੇਰਾ ਹੱਥ ਖੁਲ੍ਹਾ ਹੋ ਗਿਆ ਤੇ ਮੈਨੂੰ ਲਾਹੌਰ ਵਿਚ ਵਿਚਰਨ ਸਮੇ ਕੰਜੂਸੀ ਕਰਨ ਦੀ ਮਜਬੂਰੀ ਨਾ ਰਹੀ।

ਜਨਾਬ ਅਜ਼ਹਰ ਸ਼ਾਹ ਜੀ ਨੇ ਦੱਸਿਆ ਕਿ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਜਨਾਬ ਗੁਲਾਮ ਜ਼ਿਲਾਨੀ ਵੱਲੋਂ, ਜਥੇ ਦੇ ਆਗੂ ਮੁਲਾਕਾਤ ਅਤੇ ਦੁਪਹਿਰ ਦੇ ਖਾਣੇ ਵਾਸਤੇ ਬੁਲਾਏ ਗਏ ਸਨ ਅਤੇ ਅਸੀਂ ਤੁਹਾਨੂੰ ਵੀ ਨਾਲ਼ ਲੈ ਜਾਣ ਲਈ ਲਭਦੇ ਰਹੇ ਪਰ ਤੁਸੀਂ ਲਭੇ ਨਹੀਂ। ਮੈ ਕਿਹਾ ਕਿ ਚੰਗਾ ਸੀ ਜੇ ਮੈਂ ਵੀ ਚਲਿਆ ਜਾਂਦਾ ਤਾਂ ਮੈਨੂੰ ਬੜੀ ਖ਼ੁਸ਼ੀ ਹੁੰਦੀ ਪਰ ਨਹੀਂ ਜਾ ਸਕਿਆ ਤਾਂ ਕੋਈ ਗੱਲ ਨਹੀਂ। ਮੇਰੇ ਨਾ ਜਾਣ ਨਾਲ਼ ਕੋਈ ਫਰਕ ਨਹੀ ਪਿਆ। ਅਗਲੀ ਵਾਰੀ ਦੀ ਯਾਤਰਾ ਸਮੇ ਚਲਿਆ ਜਾਵਾਂਗਾ; ਕੇਹੜੀ ਸਾਰੰਗੀ ਟੁੱਟ ਗਈ ਆ ਕਿ ਰਾਤ ਮੁੱਕ ਗਈ ਆ!

ਇਸ ਠਹਿਰਾ ਸਮੇ ਸਾਨੂੰ 'ਦਿਆਲ ਸਿੰਘ ਰੀਸਰਚ ਐਂਡ ਕਲਚਰਲ ਫ਼ੋਰਮ' ਵਿਚ ਲਿਜਾਇਆ ਗਿਆ ਜਿਥੇ ਮੇਰਾ ਭਾਸ਼ਨ ਵੀ ਹੋਇਆ ਅਤੇ ਜਥੇ ਦੇ ਆਗੂ ਦੇ ਨਾਲ਼ ਨਾਲ਼ ਮੈਨੂੰ ਵੀ ਕਿਤਾਬਾਂ ਦਾ ਸੈਟ ਅਤੇ ਸਿਰੋਪਾ ਮਿਲ਼ਿਆ। ਫਿਰ ਸਾਨੂੰ ਸਾਈਂ ਮੀਆਂ ਮੀਰ ਜੀ ਦੇ ਮਜ਼ਾਰ ਉਪਰ ਲਿਜਾਇਆ ਗਿਆ। ਓਥੇ ਵੀ ਸਾਡਾ ਸਿਰੋਪੇ ਵਜੋਂ ਹਰੀਆਂ ਚਾਦਰਾਂ ਬਖ਼ਸ਼ ਕੇ ਸਵਾਗਤ ਕੀਤਾ ਗਿਆ। ਸ੍ਰੀ ਨਨਕਾਣਾ ਸਾਹਿਬ ਦੁਬਾਰਾ ਜਾਣ ਸਮੇ ਇਹ ਸਾਰਾ ਕੁਝ ਮੈਂ ਜਨਾਬ ਅਜ਼ਹਰ ਸ਼ਾਹ ਜੀ ਦੇ ਦਫ਼ਤਰ ਵਿਚ ਰੱਖ ਗਿਆ ਤਾਂ ਕਿ ਮੁੜ ਕੇ ਲੈ ਲਵਾਂਗਾ ਪਰ ਮੁੜਨ ਤੇ ਖਾਲੀ ਲਿਫਾਫਾ ਹੀ ਮੇਰੇ ਹੱਥ ਲੱਗਾ ਜਿਸ ਵਿਚ ਇਹ ਸਭ ਕੁਝ ਸੀ। ਸਮੇਤ ਚਾਦਰ ਦੇ ਕਿਤਾਬਾਂ ਅਲੋਪ ਸਨ। ਅਜ਼ਹਰ ਜੀ ਆਖਣ ਕਿ ਉਹ ਹੋਰ ਮੰਗਵਾ ਦਿੰਦੇ ਹਨ। ਮੈਂ ਕਿਹਾ ਕਿ ਸਿਰੋਪੇ ਮੰਗ ਕੇ ਨਹੀ ਲਏ ਜਾਂਦੇ ਇਹ ਤਾਂ ਦੇਣ ਵਾਲ਼ੀ ਚੰਗੀ ਸੰਸਥਾ ਦੀ ਪ੍ਰਸੰਨਤਾ ਉਪਰ

ਨਿਰਭਰ ਹੁੰਦਾ ਹੈ ਕਿ ਕਿਸ ਨੂੰ ਸਿਰੋਪਾ ਦੇਣਾ ਜਾਂ ਕਿਸ ਨੂੰ ਨਹੀ। ਖੈਰ, ਫ਼ੋਰਮ ਦੇ ਡਾਇਰੈਕਟਰ ਨੇ ਕਿਤਾਬਾਂ ਤਾਂ ਮੈਨੂੰ ਹੋਰ ਦੇ ਦਿਤੀਆਂ ਜਦੋਂ ਮੈਂ ਮਿਲਣ ਵਾਸਤੇ ਉਹਨਾਂ ਦੇ ਦਫ਼ਤਰ ਵਿਚ ਗਿਆ। ਇਕ ਰਾਤ ਨੂੰ ਲਾਹੌਰ ਟੀ.ਵੀ. ਉਪਰ ਜਥੇ ਦੇ ਆਗੂ ਦੇ ਨਾਲ਼ ਮੈਨੂੰ ਵੀ ਇੰਟਰਵਿਊ ਵਿਚ ਸ਼ਾਮਲ ਕੀਤਾ ਗਿਆ। ਇਹ ਇਟਰਵਿਊ ਸਿੱਖ ਨੌਜਵਾਨ ਨੇ ਹੋਸਟ ਕੀਤੀ। ਉਸ ਨੇ ਸਾਰਾ ਪ੍ਰੋਗਰਾਮ ਉਰਦੂ ਵਿਚ ਕੀਤਾ ਪਰ ਮੈਂ ਤੇ ਪਾਰਟੀ ਲੀਡਰ ਪੰਜਾਬੀ ਵਿਚ ਹੀ ਬੋਲਦੇ ਰਹੇ। ਪਹਿਲਾਂ ਕੁਝ ਸਮਾ ਵਕਫ਼ ਬੋਰਡ ਦੇ ਚੇਅਰਮੈਨ ਸਾਹਿਬ ਉਰਦੂ ਵਿਚ ਬੋਲੇ ਪਰ ਫਿਰ ਉਹ ਵੀ ਪੰਜਾਬੀ ਵਿਚ ਹੀ ਬੋਲਣ ਲੱਗ ਪਏ। ਨੌਜਵਾਨ ਸਿੱਖ ਸੀ ਅਤੇ ਪੰਜਾਬੀ ਵੀ ਬੜੀ ਸੋਹਣੀ ਬੋਲਦਾ ਸੀ ਪਰ ਉਸ ਨੇ ਦੱਸਿਆ ਕਿ ਕਿਉਂਕਿ ਇਹ ਪ੍ਰੋਗਰਾਮ ਸੰਸਾਰ ਪਧਰ ਤੇ ਜਾਣਾ ਹੁੰਦਾ ਹੈ, ਇਸ ਲਈ ਸਰਕਾਰ ਦੀ ਪਾਲਸੀ ਹੈ ਕਿ ਅਜਿਹੇ ਪਰੋਗਰਾਮ ਉਰਦੂ ਵਿਚ ਹੀ ਕੀਤੇ ਜਾਣ। ੨੦੦੯ ਵਿਚ ਡਾਕਟਰ ਚੀਮਾ ਜੀ ਨੇ ਇਹ ਪ੍ਰੋਗਰਾਮ ਬੜੀ ਸਫ਼ਲਤਾ ਸਹਿਤ, ਪੰਜਾਬੀ ਵਿਚ ਕੰਡਕਟ ਕੀਤਾ ਸੀ।

ਦਸ ਦਿਨ ਦੀ ਯਾਤਰਾ ਉਪ੍ਰੰਤ ਜਥੇ ਦੇ ਵਾਪਸ ਜਾਣ ਦੀ ਤਿਆਰੀ ਸੀ। ਬਾਕੀ ਸਾਥੀਆਂ ਦੇ ਨਾਲ਼ ਹੀ ਮੈਂ ਵੀ ਲਾਹੌਰ ਰੇਲਵੇ ਸਟੇਸ਼ਨ ਤੱਕ ਗਿਆ ਤਾਂ ਕਿ ਸਾਮਾਨ ਦੀ ਢੋਆ ਢੁਆਈ ਵਿਚ ਉਹਨਾਂ ਦੀ ਮਦਦ ਕੀਤੀ ਜਾ ਸਕੇ। ਓਥੇ ਤਾਂ ਪਹਿਲਾਂ ਵਾਲ਼ੀਆ ਥਾਂਵਾਂ ਨਾਲ਼ੋਂ ਵੀ ਬੁਰਾ ਹਾਲ ਸੀ। ਪਾਕਿਸਤਾਨ ਵਿਚੋਂ ਯਾਤਰੂਆਂ ਨੇ ਏਨਾ ਸਾਮਾਨ ਖ਼੍ਰੀਦਿਆ ਹੋਇਆ ਸੀ ਕਿ ਸਭ ਪਾਸੇ ਧੂਹਾ ਧੂਹੀ ਹੋ ਰਹੀ ਸੀ। ਲਾਈਨਾਂ ਵਾਲ਼ੇ ਲਾਈਨਾਂ ਵਿਚ ਲੱਗੇ ਰਹਿ ਗਏ ਤੇ 'ਤਜੱਰਬੇਕਾਰ' ਬੰਦੇ/ਬੰਦੀਆਂ ਆਰਾਮ ਨਾਲ਼ ਸਾਮਾਨ ਸਿਰਾਂ ਤੇ ਚੁ'ਕੀ ਤੁਰਦੇ ਹੋਏ ਗੇਟ ਦੇ ਨੇੜੇ ਪੁੱਜ ਗਏ ਜਿਥੇ ਗੇਟ ਖੁਲ੍ਹਣ ਤੇ ਧੁੱਸ ਦੇ ਕੇ ਇਕ ਦੂਜੇ ਦੇ ਉਤੋਂ ਦੀ ਖਿੱਚਾ ਧੂਹੀ ਕਰਨ ਲੱਗ ਪਏ। ਮੈ ਤਾਂ ਸਾਥੀਆਂ ਨਾਲ਼ ਲਾਈਨ 'ਚ ਲੱਗ ਕੇ ਉਹਨਾਂ ਦੇ ਸਾਮਾਨ ਦੀ ਧੱਕੋ ਧੱਕੀ ਵਿਚ ਸਹਾਇਤਾ ਕਰ ਰਿਹਾ ਸਾਂ। ਲਾਈਨ ਜੂੰ ਦੀ ਤੋਰੇ ਤੁਰ ਰਹੀ ਸੀ ਜਦੋਂ ਕਿ ਲਾਈਨੋ ਬਾਹਰਲੇ ਘੋੜੇ ਦੀ ਰਫ਼ਤਾਰ ਨਾਲ਼ ਅੱਗੇ ਵੱਲ ਵਧ ਰਹੇ ਸਨ। ਸਾਥੀਆਂ ਨੂੰ ਐਨ ਗੇਟ ਦੇ ਦਰਵਾਜ਼ੇ ਤੇ ਛੱਡ ਕੇ ਮੈਂ ਵਾਪਸ ਮੁੜ ਆਇਆ।

ਵੇਖਣ ਵਿਚ ਆਇਆ ਹੈ ਕਿ ਪਾਕਿਸਤਾਨ ਦੇ ਗੁਰਧਾਮਾਂ ਦੀ ਯਾਤਰਾ ਤੇ ਜਾਣ ਵਾਲ਼ੇ ਸਾਰੇ ਯਾਤਰੂ ਸਿਰਫ ਯਾਤਰਾ ਵਾਸਤੇ ਹੀ ਗੁਰਪੁਰਬਾਂ ਤੇ ਸ਼ਰਧਾਲੂ ਬਣ ਕੇ ਨਹੀ ਜਾਂਦੇ ਬਲਕਿ ਬਹੁਤ ਸਾਰੇ ਸੱਜਣ/ਸੱਜਣੀਆਂ ਏਧਰੋਂ ਓਧਰ ਤੇ ਓਧਰੋਂ ਏਧਰ ਸਾਮਾਨ ਦੀ ਢੋਆ ਢੁਆਈ ਵੱਲ ਯਾਤਰਾ ਨਾਲ਼ੋਂ ਵਧ ਕੇ ਧਿਆਨ ਦਿੰਦੇ ਹਨ। ਵਿਚਾਰ ਆਈ ਕਿ ਗੁਰਧਾਮਾਂ ਦੀ ਯਾਤਰਾ ਸਮੇ ਵਾਪਾਰਕ ਰੁਚੀ ਕਿਉਂ ਏਨੀ ਪ੍ਰਧਾਨ ਹੈ! ਫਿਰ ਆਪਣੀ ਵ'ਲ ਨਿਗਾਹ ਮਾਰੀ ਤਾਂ ਖ਼ੁਦ ਨੂੰ ਵੀ ਦੋਸ਼ੀ ਪਾਇਆ। ਇਹ ਠੀਕ ਹੈ ਕਿ ਬਾਕੀ ਯਾਤਰੂ ਆਪਣੇ ਰਿਸ਼ੇਤਦਾਰਾਂ ਮਿੱਤਰਾਂ ਨੂੰ ਖ਼ੁਸ਼ ਕਰਨ ਲਈ ਜਾਂ ਚਾਰ ਪੈਸੇ ਦੇ ਲਾਭ ਲਈ ਸਾਮਾਨ ਚੁੱਕੀ ਫਿਰਦੇ ਸਨ ਪਰ ਮੈਂ ਵੀ ਤਾਂ ਅੱਸੀ ਕਿਤਾਬਾਂ ਦਾ ਬੰਡਲ ਸਾਰੇ ਪਾਕਿਸਤਾਨ ਵਿਚ ਧੂਹੀ ਫਿਰਦਾ ਸਾਂ। ਭਾਵੇਂ ਕਿ ਮੇਰੇ ਸਾਹਮਣੇ ਨਿਸ਼ਾਨਾ ਨਕਦ ਪੈਸਾ ਨਹੀ ਸੀ ਪਰ ਮੇਰੀਆਂ ਲਿਖਤਾਂ ਦੁਨੀਆ ਭਰ ਦੇ ਪੰਜਾਬੀ ਪਾਠਕਾਂ ਦੇ ਹੱਥਾਂ ਤੱਕ, ਬਿਨਾ ਡਾਕ ਖ਼ਰਚ ਲਾਏ ਦੇ, ਪੁੱਜ ਜਾਣ ਦਾ ਲਾਲਚ ਤਾਂ ਮੈਨੂੰ ਹੈ ਹੀ ਸੀ। ਨਕਦੀ ਮਾਇਆ ਦਾ ਨਹੀਂ ਤਾਂ ਮਾਣ ਦੀ ਮਾਇਆ ਦਾ ਲਾਲਚ ਤਾਂ ਮੈਨੂੰ ਵੀ ਸੀ। ਸਿਆਣੇ ਠੀਕ ਹੀ ਆਖਦੇ ਨੇ ਕਿ ਜੇ ਇਕ ਉਂਗਲ਼ ਦੂਜੇ ਵੱਲ ਕਰੀਏ ਤਾਂ ਤਿੰਨ ਉਂਗਲ਼ਾਂ ਆਪਣੇ ਵੱਲ ਬਿਨਾ ਯਤਨ ਹੋ ਜਾਂਦੀਆਂ ਹਨ।

ਰੇਲਵੇ ਸਟੇਸ਼ਨ ਤੋਂ ਵਾਪਸੀ ਤੇ ਮੈ ਆਪਣਾ 'ਲਟਾ ਪਟਾ' ਚੁੱਕਿਆ ਤੇ ਭਾਈ ਸਾਹਿਬ ਜੀ ਨੂੰ ਫ਼ਤਿਹ ਬੁਲਾ ਕੇ ਗੁਰਦੁਆਰਾ ਸ੍ਰੀ ਡੇਹਰਾ ਸਾਹਿਬ ਆ ਡੇਰਾ ਲਾਇਆ। ਕੇਅਰ ਟੇਕਰ ਜਨਾਬ ਅਜ਼ਹਰ ਸ਼ਾਹ ਜੀ ਨੇ ਕਮਰਾ ਰਹਿਣ ਲਈ ਦੇ ਦਿਤਾ। ਜਥੇ ਦੇ ਤੁਰ ਜਾਣ ਮਗਰੋਂ ਹੁਣ ਮੈ ਸੁਤੰਤਰ ਸਾਂ ਅਤੇ ਸ. ਕਲਿਆਣ ਸਿੰਘ ਕੋਲ਼ ਵੀ ਰਿਹਾਇਸ਼ ਲਈ ਕਮਰਾ ਏਥੇ ਹੀ ਸੀ। ਉਹ ਮੈਨੂੰ ਆਪਣੇ ਨਾਲ਼ ਫਿਰ ਸ੍ਰੀ ਨਨਕਾਣਾ ਸਾਹਿਬ ਲੈ ਗਏ। ਓਥੇ ਮੇਰੀ ਰਿਹਾਇਸ਼ ਦਾ ਢੁਕਵਾਂ ਪ੍ਰਬੰਧ ਕਰ ਦਿਤਾ ਜਿਥੇ ਇੰਟਰਨੈਟ, ਗਰਮ ਪਾਣੀ, ਲੰਗਰ ਆਦਿ ਦੀ ਪੂਰੀ ਸਹੂਲਤ ਸੀ। ਉਹਨਾਂ ਦਾ ਆਪਣਾ ਘਰ ਵੀ ਸ੍ਰੀ ਨਨਕਾਣਾ ਸਾਹਿਬ ਵਿਖੇ ਹੀ ਹੈ। ਇਕ ਵਿਆਹ ਸਮੇ ਸੰਗਤਾਂ ਨੂੰ ਸੰਬੋਧਨ ਕਰਨ ਅਤੇ ਦੋ ਦਿਨ ਗੁਰਦੁਆਰਾ ਜਨਮ ਸਥਾਨ ਵਿਖੇ ਸ਼ਾਮ ਨੂੰ ਸਜਣ ਵਾਲ਼ੇ ਦੀਵਾਨ ਵਿਚ ਕਥਾ ਕਰਨ ਦਾ ਸੁਭਾਗ ਪਰਾਪਤ ਹੋਇਆ। ਤੀਜੇ ਦਿਨ ਐਵੇਂ ਢਿੱਲ ਵਿਚ ਹੀ ਹਾਜਰੀ ਭਰਨ ਤੋਂ ਮੈਂ ਘੇਸਲ਼ ਮਾਰ ਲਈ।

ਲਾਹੌਰ ਦੇ ਕਿਆਮ ਦੌਰਾਨ ਸ. ਕਲਿਆਣ ਸਿੰਘ ਨੇ ਦੋ ਦਿਨ ਮੇਰੀ ਯਾਤਰਾ ਲਾਹੌਰ ਯੂਨੀਵਰਸਿਟੀ ਵਿਚ ਕਰਵਾਈ ਜਿਥੇ ਵੱਖ ਵੱਖ ਵਿਦਵਾਨਾਂ ਨਾਲ ਮੁਲਾਕਾਤਾਂ ਹੋਈਆਂ। ਮੈ ਆਪਣੀਆਂ ਕਿਤਾਬਾਂ ਉਹਨਾਂ ਵਿਦਵਾਨਾਂ ਨੂੰ ਭੇਟਾ ਕੀਤੀਆਂ ਜੋ ਉਹਨਾਂ ਨੇ ਖ਼ੁਸ਼ੀ ਖ਼ੁਸ਼ੀ ਪ੍ਰਵਾਨ ਕੀਤੀਆਂ। ਫਿਰ ਵਾਪਸੀ ਦਾ ਵਿਚਾਰ ਬਣਿਆ ਤਾਂ ਕਲਿਆਣ ਸਿੰਘ ਨੇ ਆਖਿਆ ਕਿ ਉਹ ਮੈਨੂੰ ਵਾਹਗਾ ਬਾਰਡਰ ਤੱਕ ਕਾਰ ਤੇ ਛੱਡ ਆਉਣਗੇ। ਇਕ ਹੋਰ ਸਰਦਾਰ ਜੀ ਨੇ ਵੀ ਅਜਿਹੀ ਪੇਸ਼ਕਸ਼ ਕੀਤੀ ਪਰ ਮੇਰਾ ਵਿਚਾਰ ਲਾਹੌਰ ਅੰਮ੍ਰਿਤਸਰ ਵਿਚਾਲ਼ੇ ਚੱਲਣ ਵਾਲ਼ੀ ਬੱਸ ਰਾਹੀਂ ਮੁੜਨ ਦਾ ਬਣ ਗਿਆ। ਤੁਰਨ ਤੋਂ ਇਕ ਦਿਨ ਪਹਿਲਾਂ ਉਸ ਬੱਸ ਦੇ ਡਰਾਈਵਰ, ਸ. ਅਮ੍ਰੀਕ ਸਿੰਘ ਨਾਲ ਗੁਰਦੁਆਰਾ ਡੇਹਰਾ ਸਾਹਿਬ ਵਿਖੇ ਮੇਲ ਵੀ ਹੋ ਗਿਆ ਤੇ ਮੈਂ ਉਸ ਦੇ ਨਾਲ਼ ਜਾਣ ਦਾ ਪ੍ਰੋਗਰਾਮ ਬਣਾ ਲਿਆ। ਜਦੋਂ ਅਜ਼ਹਰ ਸ਼ਾਹ ਜੀ ਨੂੰ ਇਸ ਗੱਲ ਦਾ ਪਤਾ ਲੱਗਾ ਤਾਂ ਉਹਨਾਂ ਨੇ ਮੈਨੂੰ ਮਨਾਹ ਕਰਨ ਦੇ ਨਾਲ਼ ਵਾਹਗੇ ਤੱਕ ਪੁਚਾਉਣ ਦਾ ਇਕਰਾਰ ਵੀ ਕੀਤਾ ਪਰ ਮੈਂ ਆਪਣੇ ਫੈਸਲੇ ਉਪਰ ਕਾਇਮ ਹੀ ਰਿਹਾ। ਅਗਲੇ ਦਿਨ ਸ. ਕਲਿਆਣ ਸਿੰਘ ਅਤੇ ਇਕ ਹੋਰ ਨੌਜਵਾਨ ਮੈਨੂੰ ਗੁਲਬਰਗ ਆਬਾਦੀ, ਜਿਥੋਂ ਬੱਸ ਚੱਲਣੀ ਸੀ, ਕਾਰ ਉਪਰ ਛੱਡਣ ਗਏ। ਇਹ ਆਬਾਦੀ ਗੁਰਦੁਆਰਾ ਡੇਹਰਾ ਸਾਹਿਬ ਤੋਂ ਕਾਫੀ ਦੂਰ ਹੈ। ਬੱਸ ਦੇ ਡਰਾਈਵਰ ਸ. ਅਮ੍ਰੀਕ ਸਿੰਘ ਹੋਰੀਂ ਅਜੇ ਆਪਣੇ ਹੋਟਲ

ਵਿਚੋਂ ਓਥੇ ਪਹੁੰਚੇ ਨਹੀ ਸਨ। ਓਥੇ ਦੇ ਸਟਾਫ਼ ਨੇ ਆਸ ਤੋਂ ਉਲ਼ਟ ਸਾਡੇ ਨਾਲ਼ ਵਾਹਵਾ ਹੀ ਠੰਡਾ ਵਰਤਾ ਕੀਤਾ। ਮੇਰੇ ਨਾਲ਼ ਗਏ ਨੌਜਵਾਨਾਂ ਨੂੰ ਅੰਦਰ ਜਾਣ ਤੋਂ ਵੀ ਰੋਕਣ ਦਾ ਯਤਨ ਕੀਤਾ। ਪਤਾ ਲੱਗਾ ਕਿ ਜਿੱਦਣ ਭਾਰਤ ਵਾਲਿਆਂ ਦੀ ਬੱਸ ਜਾਣੀ ਹੋਵੇ ਉਸ ਦਿਨ ਇਹ ਯਾਤਰੂਆਂ ਨਾਲ਼ ਇਸ ਤਰ੍ਹਾਂ ਹੀ ਠੰਡੇ ਪੇਸ਼ ਆਉਂਦੇ ਹਨ। ਜਿਸ ਦਿਨ ਪਾਕਿਸਤਾਨ ਦੀ ਬੱਸ ਦੀ ਵਾਰੀ ਹੋਵੇ ਉਸ ਦਿਨ ਯਾਤਰੂਆਂ ਨਾਲ਼ ਨਿਘਾ ਵਰਤਾ ਕਰਦੇ ਹਨ। ਅਧਿਕਾਰੀਆਂ ਦੇ ਖੁਸ਼ਕ ਵਰਤਾ ਕਾਰਨ ਉਹ ਨੌਜਵਾਨ ਮੈਨੂੰ ਓਥੇ ਛੱਡ ਕੇ ਛੇਤੀ ਹੀ ਮੁੜ ਗਏ। ਖੈਰ, ਮੈ ਇਸ ਦਾ ਹੱਲ ਲਭ ਲਿਆ ਜਿਸ ਕਰਕੇ ਮੇਰੇ ਨਾਲ਼ ਸਟਾਫ਼ ਚੰਗੀ ਤਰ੍ਹਾਂ ਪੇਸ਼ ਆਉਣ ਲੱਗ ਪਿਆ। ਬੱਸ ਬੜੀ ਸ਼ਾਨਦਾਰ ਅਤੇ ਏ.ਸੀ. ਹੈ। ਬੱਸ ਦੇ ਇਕ ਅੱਗੇ ਅਤੇ ਇਕ ਪਿੱਛੇ, ਦੋ ਸੈਕਿਉਰਟੀ ਵਜੋਂ ਪੁਲਸ ਦੀਆਂ ਜੀਪਾਂ ਚੱਲਦੀਆਂ ਹਨ ਜੋ ਸੜਕ ਨੂੰ ਬਾਕੀ ਟ੍ਰੈਫਿਕ ਤੋਂ ਖਾਲੀ ਕਰਵਾਉਂਦੀਆਂ ਜਾਂਦੀਆਂ ਹਨ। ਇਸ ਤਰ੍ਹਾਂ ਉਹ ਬੱਸ ਨੂੰ ਵਾਹਗੇ ਤੱਕ ਛੱਡ ਕੇ ਮੁੜਦੀਆਂ ਹਨ ਤੇ ਓਥੋਂ ਅੱਗੇ ਭਾਰਤ ਦੀ ਪੁਲੀਸ ਵਾਲ਼ੇ ਇਹ ਡਿਊਟੀ ਸਾਂਭ ਲੈਂਦੇ ਹਨ ਤੇ ਅੰਮ੍ਰਿਤਸਰ ਜੀ.ਟੀ. ਰੋਡ ਉਪਰ ਵਾਕਿਆ, ਇਸ ਬੱਸ ਲਈ ਬਣੇ ਹੋਏ ਉਚੇਚੇ ਅੱਡੇ ਉਪਰ ਪੁਚਾ ਦਿੰਦੇ ਹਨ।

ਇਸ ਵਾਰੀ ਦੀ ਜਥੇ ਨਾਲ਼ ਕੀਤੀ ਗਈ ਯਾਤਰਾ ਤੋਂ ਕੁਝ ਵਿਚਾਰ ਆਏ ਹਨ ਜੋ ਕਿ ਪਾਠਕਾਂ ਅਤੇ ਜੁੰਮੇਵਾਰ ਸੱਜਣਾਂ ਨਾਲ਼ ਸੰਖੇਪ ਵਿਚ ਸਾਂਝੇ ਕਰ ਲੈਣੇ ਸ਼ਾਇਦ ਲਾਭਵੰਦੇ ਹੋਣ:

ਜਥੇ ਦੇ ਮੁਖੀ ਆਗੂ, ਜੋ ਕਿ ਪੰਥ ਦੀ ਸਿਰਮੌਰ ਜਥੇਬੰਦੀ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਦਾ ਕੋਈ ਨਾ ਕੋਈ ਪਤਵੰਤਾ ਸੱਜਣ ਹੀ ਥਾਪਿਆ ਜਾਂਦਾ ਹੈ; ਉਸ ਨੂੰ ਚਾਹੀਦਾ ਹੈ ਕਿ ਉਹ ਹੋਰ ਸਰਗਰਮੀ ਨਾਲ਼ ਜਥੇ ਦੀ ਅਗਵਾਈ ਕਰੇ। ਜਥੇ ਦੇ ਨਾਲ਼ ਜਾਵੇ ਤੇ ਜਥੇ ਦੇ ਨਾਲ਼ ਹੀ ਵਾਪਸ ਆਵੇ ਅਤੇ ਲੋੜ ਪੈਣ ਤੇ ਜਥੇ ਦੀ ਹਰ ਥਾਂ ਅਗਵਾਈ ਕਰੇ। ਇਹ ਠੀਕ ਹੈ ਕਿ ਓਥੇ ਪਾਕਿਸਤਾਨ ਵਕਫ਼ ਬੋਰਡ ਦੇ ਕੰਟਰੋਲ ਵਿਚ ਹੀ ਸਭ ਕੁਝ ਹੈ ਤੇ ਸ਼੍ਰੋਮਣੀ ਕਮੇਟੀ ਦੀ ਓਥੋਂ ਦੇ ਪ੍ਰਬੰਧ ਵਿਚ ਕੋਈ 'ਸੇ' ਨਹੀ ਪਰ ਫਿਰ ਵੀ ਯਾਤਰੂਆਂ ਨੂੰ ਇਸ ਗੱਲ ਦਾ ਹੌਸਲਾ ਰਹੇਗਾ ਕਿ ਉਹਨਾਂ ਦਾ ਮੁਖੀ ਉਹਨਾਂ ਦੇ ਨਾਲ਼ ਹੈ। ਫਿਰ ਹਰੇਕ ਥਾਂ ਉਹ ਆਪਣੇ ਸਹਿਕਰਮੀਆਂ ਅਤੇ ਸਟਾਫ਼ ਦੀ ਸਹਾਇਤਾ ਨਾਲ਼, ਜਥੇ ਵਿਚ ਡਸਿਪਲਿਨ ਰੱਖਣ ਵਿਚ, ਕਿਸੇ ਹੱਦ ਤੱਕ ਸਫ਼ਲ ਹੋ ਸਕਦਾ ਹੈ। ਵੇਖਣ ਵਿਚ ਆਇਆ ਹੈ ਕਿ ਜਥੇ ਦਾ ਮਾਨਯੋਗ ਆਗੂ ਆਪਣੇ ਸਹਾਇਕਾਂ ਸਮੇਤ ਕਾਰ ਰਾਹੀਂ ਪਾਕਿਸਤਾਨ ਚਲਿਆ ਜਾਂਦਾ ਹੈ ਤੇ ਓਥੇ ਯੋਗ ਢੁਕਵਾਂ ਮਾਣ ਸਨਮਾਨ ਵੀ ਹਰੇਕ ਥਾਂ ਪਰਾਪਤ ਕਰਦਾ ਹੈ ਪਰ ਜਥੇ ਦੇ ਮੈਂਬਰਾਂ ਨੂੰ ਨਹੀ ਪਤਾ ਹੁੰਦਾ ਕਿ ਉਹਨਾਂ ਦਾ ਜਥੇਦਾਰ ਕੌਣ ਹੈ ਤੇ ਉਹ ਸਾਰੀ ਯਾਤਰਾ ਦੇ ਦੌਰਾਨ ਕਿਥੇ ਰਹਿੰਦਾ ਹੈ। ਰਹੀ ਗੱਲ ਪਾਕਿਸਤਾਨ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਦੀ; ਉਸ ਬਾਰੇ ਤਾਂ ਇਕੋ ਹੀ ਮਿਸਾਲ ਕਾਫ਼ੀ ਹੋਵੇਗੀ ਕਿ ਜੇਹੜਾ ਮੈਂਬਰ ਰਿਹਾਇਸ਼ ਦਾ ਇਨਚਾਰਜ ਕਾਗਜ਼ਾਂ ਵਿਚ ਦਰਸਾਇਆ ਗਿਆ ਸੀ ਉਹ ਮੈਨੂੰ ਗੁਰਦੁਆਰਾ ਡੇਹਰਾ ਸਾਹਿਬ ਦੇ ਗ੍ਰੰਥੀ ਸਿੰਘ ਦੇ ਕਮਰੇ ਵਿਚ ਇਕ ਦਿਨ ਬੈਠਾ ਦਿਸਿਆ। ਉਸ ਦੇ ਆਪਣੇ ਕੋਲ ਨਾ ਕੋਈ ਕਮਰਾ ਤੇ ਨਾ ਕੋਈ ਦਫ਼ਤਰ ਸੀ। ਜਦੋਂ ਉਸ ਦੇ ਆਪਣੇ ਕੋਲ ਹੀ ਕੁਝ ਨਹੀ ਤਾਂ ਉਹ ਯਾਤਰੂਆਂ ਨੂੰ ਕੀ ਦੇਵੇਗਾ! ਵਕਫ਼ ਬੋਰਡ ਦੇ ਸੁਝਵਾਨ ਸੱਜਣ ਅਤੇ ਆਗੂ ਲਗਦੀ ਵਾਹ ਪੂਰਾ ਯਤਨ ਕਰਦੇ ਹਨ ਕਿ ਵਸੀਲਿਆਂ ਅਨੁਸਾਰ ਉਹ ਜਥੇ ਨੂੰ ਯਾਤਰਾ ਸਮੇ ਵਧ ਤੋਂ ਵਧ ਸਹੂਲਤਾਂ ਮੁਹਈਆ ਕਰਵਾਉਣ ਅਤੇ ਉਹ ਅਜਿਹਾ ਕਰਦੇ ਵੀ ਹਨ।

ਇਸ ਦੇ ਨਾਲ਼ ਹੀ ਵੱਡੇ ਜਥੇ ਵਿਚ ਜੋ ਮਿਨੀ ਜਥੇ ਹੁੰਦੇ ਹਨ ਉਹਨਾਂ ਦੇ ਜਥੇਦਾਰ ਵੀ ਆਪੋ ਆਪਣੇ ਜਥੇ ਦਾ ਉਚੇਚਾ ਧਿਆਨ ਰੱਖਣ ਜੋ ਕਿ ਉਹ ਰੱਖਦੇ ਵੀ ਹੋਣਗੇ ਜਿਵੇਂ ਸਾਡੇ ਜਥੇਦਾਰ, ਕਸ਼ਮੀਰ ਸਿੰਘ ਨੇ ਸਾਡਾ ਰੱਖਿਆ। ਇਸ ਤੋਂ ਇਲਾਵਾ ਉਹ ਆਪਣੇ ਜਥੇ ਨੂੰ ਥਾਂ ਪਰ ਥਾਂ ਲਾਈਨਾਂ ਵਿਚ ਖਲੋ ਕੇ ਆਪਣਾ ਕੰਮ ਭੁਗਤਾਉਣ ਲਈ ਵੀ ਅਗਵਾਈ ਦੇਣ। ਪਾਕਿਸਤਾਨ ਦੀ ਪੁਲਿਸ ਕਿਤੇ ਵੀ ਦਖ਼ਲ ਨਹੀ ਦਿੰਦੀ। ਅਜਿਹਾ ਵਰਤਾ ਉਹ ਪ੍ਰਾਹੁਣਾਚਾਰੀ ਦੇ ਲਿਹਾਜ ਕਾਰਨ ਵੀ ਕਰਦੇ ਹਨ। ਜਥੇ ਵਾਲ਼ੇ ਜਿਵੇਂ ਮਰਜੀ 'ਗੁੱਥਮ-ਗੁਥਾ' ਹੋਈ ਜਾਣ ਉਹ ਦੁਆਲੇ ਖਲੋਤੇ 'ਤਮਾਸ਼ਾ' ਵੇਖੀ ਜਾਂਦੇ ਹਨ ਪਰ ਕਿਸੇ ਨੂੰ ਆਖਦੇ ਕੁਝ ਨਹੀ। ਹਾਂ, ਮਿਲੀ ਹਿਦਾਇਤ ਅਨੁਸਾਰ ਉਹ 'ਰਾਮਕਾਰ' ਅਰਥਾਤ ਆਪਣੇ ਘੇਰੇ ਤੋਂ ਬਾਹਰ ਨਹੀ ਕਿਸੇ ਨੂੰ ਜਾਣ ਦਿੰਦੇ।

ਇਸ ਬੱਸ ਰਾਹੀਂ ਆਉਣ ਦਾ ਵਿਚਾਰ ਬਣਾ ਕੇ, ਜਥੇ ਨਾਲ਼ ਜਾਣ ਵਾਂਙ ਹੀ ਮੈਂ ਪੰਗਾ ਜਿਹਾ ਲੈ ਲਿਆ। ਦੋਹਾਂ ਦੇਸਾਂ ਦੇ ਕਸਟਮ ਤੇ ਇਮੀਗ੍ਰੇਸ਼ਨ ਵਾਲ਼ਿਆਂ ਨੇ ਪੁੱਛਣਾ ਕਿ ਮੈ ਬੱਸ ਰਾਹੀਂ ਆਇਆ ਹਾਂ ਜਾਂ ਕਿ ਵ'ਖਰਾ। ਮੇਰੇ ਬ'ਸ ਰਾਹੀਂ ਆਇਆ ਦ'ਸਣ ਤੇ ਉਹਨਾਂ ਨੇ ਮੈਨੂੰ ਵੀ ਬਾਕੀ ਸਵਾਰੀਆਂ ਵਿਚ ਸ਼ਾਮਲ ਕਰ ਲੈਣਾ ਤੇ ਇਸ ਤਰ੍ਹਾਂ ਬੇਲੋੜੀ ਦੇਰੀ ਦਾ ਕਾਰਨ ਬਣਨਾ। ਫਿਰ ਹੋਰ ਵੀ ਇਕ ਅਣਚਾਹੀ ਗ'ਲ ਹੋਈ ਕਿ ਇਕ ਸੱਜਣ ਨੇ ਕੁਝ ਤੇਲ ਜਿਹੇ ਦੀਆਂ ਬੋਤਲਾਂ ਆਪਣੇ ਨਾਲ਼ ਚੁੱਕ ਲਈਆਂ। ਉਹਨਾਂ ਨੂੰ ਪਹਿਲਾਂ ਤਾਂ ਮੇਰੀ ਸੀਟ ਦੇ ਮੋਹਰੇ ਪੈਰਾਂ ਵਾਲ਼ੀ ਖਾਲੀ ਥਾਂ ਤੇ ਟਿਕਾ ਦਿਤਾ। ਮੈ ਕੁਝ ਨਾ ਆਖਿਆ। ਫਿਰ ਕੁਝ ਸਮੇ ਪਿਛੋਂ ਰਾਹ ਵਿਚ ਆਖਣ ਲੱਗਾ ਕਿ ਇਹ ਫਲਾਣੇ ਸੰਤਾਂ ਵਾਸਤੇ ਸਪੈਸ਼ਲ ਤੇਲ ਹੈ ਤੇ ਇਹ ਤੁਹਾਡੇ ਨਾਂ ਤੇ ਹੀ ਖੜਨਾ ਹੈ। ਬੇਲੋੜੀ ਲਿਹਾਜੂ ਬਿਰਤੀ ਦਾ ਹੋਣ ਕਰਕੇ ਮੈ ਝੇਂਪ ਜਿਹੀ ਵਿਚ, ਨਾ ਚਾਹੁੰਦਿਆਂ ਹੋਇਆਂ ਵੀ, ਉਸ ਨੂੰ ਨਾਂਹ ਨਾ ਕਰ ਸਕਿਆ ਪਰ ਅੰਦਰੋਂ ਮੈ ਇਸ ਗੱਲ ਤੇ ਖ਼ੁਸ਼ ਨਹੀ ਸਾਂ। ਸੋਚਦਾ ਸਾਂ ਕਿ ਜੇ ਇਹ ਕੋਈ ਗ਼ਲਤ ਚੀਜ ਨਹੀਂ ਤਾਂ ਉਹ ਮੇਰੇ ਨਾਲ਼ੋਂ ਕਿਤੇ ਵਧ ਰਸੂਖ਼ ਦਾ ਮਾਲਕ ਹੈ, ਉਹ ਖ਼ੁਦ ਕਿਉਂ ਨਹੀਂ ਇਹਨਾਂ ਬੋਤਲਾਂ ਦਾ ਵਾਰਸ ਬਣ ਕੇ ਆਪਣੇ ਨਾਂ ਹੇਠ ਲਿਜਾਂਦਾ! ਮੈਂ ਹਮੇਸ਼ਾਂ ਹੀ ਦੂਜਿਆਂ ਨੂੰ ਇਹ ਮੱਤਾਂ ਦਿੰਦਾ ਰਹਿੰਦਾ ਹਾਂ ਕਿ ਇਕ ਦੇਸ਼ ਤੋਂ ਦੂਜੇ ਦੇਸ਼ ਵਿਚ ਦਾਖਲ ਹੋਣ ਸਮੇ ਕਿਸੇ ਦੀ ਕੋਈ ਚੀਜ ਆਪਣੇ ਹੱਥ 'ਚ ਨਹੀ ਫੜਨੀ ਪਰ ਆਪਣੇ ਅਜਿਹੇ ਸਮੇ ਮੈਨੂੰ ਕਿਸੇ ਨੂੰ ਨਾਂਹ ਕਰਨ ਦਾ ਚੇਤਾ ਹੀ ਭੁੱਲ ਜਾਂਦਾ ਹੈ। ਸ਼ਾਇਦ ਉਸ ਸੱਜਣ

ਦੀ ਮੇਰੇ ਬਾਰੇ ਵਿਅੰਗ ਵਿਚ ਆਖੀ ਇਹ ਗੱਲ ਸਹੀ ਹੀ ਹੋਵੇ! ਗੱਲ ਇਹ ਇਉਂ ਹੋਈ ਕਿ ਕੁਝ ਸਾਲ ਪਹਿਲਾਂ ਇਕ ਸੂਝਵਾਨ ਸੱਜਣ ਮੇਰੇ ਮੋਢਿਆਂ ਉਤੋਂ ਦੀ ਬਾਂਹ ਵਲ਼ਾ ਕੇ ਤੇ ਥੋਹੜਾ ਜਿਹਾ ਇਕ ਪਾਸੇ ਨੂੰ ਕਰਕੇ ਆਖਣ ਲੱਗਾ, "ਆਓ ਗਿਆਨੀ ਜੀ ਸਾਨੂੰ ਕੋਈ ਅਕਲ ਦੀ ਗੱਲ ਦੱਸੋ।" ਕੁਝ ਦੂਰੀ ਤੇ ਖਲੋਤਾ ਉਸ ਦਾ ਇਕ ਹੋਰ ਸਿਆਣਾ ਸਾਥੀ ਆਖਣ ਲੱਗਾ, "ਚਾਲ਼ੀ ਸਾਲ ਹੋ ਗਏ ਗਿਆਨੀ ਜੀ ਨੂੰ ਅਕਲ ਵੰਡਦਿਆਂ; ਇਹਨਾਂ ਕੋਲ਼ ਬਚੀ ਆ!" ਗੱਲ ਵਿਚ ਕੁਝ ਸਚਾਈ ਲੱਗਦੀ ਹੈ ਕਿ ਲੋਕਾਂ ਨੂੰ ਨਸੀਹਤਾਂ ਦੇਣ ਵਾਲਾ ਆਪ ਮੈਂ ਕਈ ਵਾਰ ਅਜਿਹੇ 'ਭੰਬਲ਼ਭੂਸੇ' ਜਿਹੇ ਵਿਚ ਫਸ ਚੁੱਕਾ ਹਾਂ। ਦੀਵਾ ਦੂਜਿਆਂ ਨੂੰ ਤਾਂ ਭਾਵੇਂ ਚਾਨਣਾ ਰਾਹ ਵਿਖਾ ਦਿੰਦਾ ਹੈ ਪਰ ਉਸ ਦੇ ਆਪਣੇ ਚਰਨਾਂ ਵਿਚ ਹਨੇਰਾ ਹੀ ਰਹਿੰਦਾ ਹੈ। ਇਹ ਵੱਖਰੀ ਗੱਲ ਹੈ ਕਿ ਰੱਬ ਦੀ ਰਹਿਮਤ ਸਦਕਾ ਅਜੇ ਤੱਕ ਇਸ ਪੱਖੋਂ ਮੈਨੂੰ ਕੋਈ ਸਮੱਸਿਆ ਨਹੀਂ ਆਈ ਪਰ ਕੀ ਪਤਾ ਕਦੋਂ ਕਿਥੇ ਕੀ ਹੋ ਜਾਵੇ! ਰੱਬ ਤੇ ਭਰੋਸਾ ਹੋਣਾ ਤਾਂ ਚੰਗੀ ਗੱਲ ਹੈ ਪਰ ਉਸ ਨੂੰ ਏਨੀ ਖੇਚਲ਼ ਵੀ ਨਹੀਂ ਦੇਣੀ ਚਾਹੀਦੀ। ਉਸ ਨੂੰ ਹੋਰ ਵੀ ਬਹੁਤ ਕੰਮ ਹਨ; ਉਹ ਕੇਵਲ ਸਾਡੇ ਲਈ ਹੀ ਨਹੀਂ ਵੇਹਲਾ ਬੈਠਾ। ਉਸ ਦੇ ਦਿਤੇ ਦਿਮਾਗ ਕੋਲ਼ੋਂ ਵੀ ਕੰਮ ਲੈ ਲੈਣਾ ਚਾਹੀਦਾ ਹੈ।

ਅੰਮ੍ਰਿਤਸਰ ਆ ਕੇ ਫਿਰ ਕਿਤਾਬਾਂ ਦੀ ਛਪਵਾਈ ਵਾਲ਼ੇ ਪਾਸੇ ਹੋਇਆ। 'ਬਾਤਾਂ ਬੀਤੇ ਦੀਆਂ' ਦੇ ਅੰਗ੍ਰੇਜ਼ੀ ਤਰਜਮੇ ਨੂੰ ਸ. ਗੁਰਸਾਗਰ ਸਿੰਘ ਹੋਰਾਂ ਨੇ ਹੋਰ ਸੋਧਣ ਦੀ ਲੋੜ ਦੱਸੀ। ਇਹ ਸਾਢੇ ਚਾਰ ਸੌ ਪੰਨਿਆਂ ਦੀ ਕਿਤਾਬ ਮੈ ਖ਼ੁਦ ਹੀ ਅੰਗ੍ਰੇਜ਼ੀ ਵਿਚ ਟਾਈਪ ਕੀਤੀ ਸੀ ਤੇ ਇਸ ਲਈ ਇਸ ਵਿਚ ਗ਼ਲਤੀਆਂ ਆਮ ਨਾਲ਼ੋਂ ਵਧ ਹੀ ਰਹਿ ਗਈਆਂ ਸਨ ਤੇ ਫਿਰ ਮੈਂ ਟਾਈਪ ਕੀਤੇ ਨੂੰ ਪੜ੍ਹ ਕੇ ਸੋਧਣ ਤੋਂ ਵੀ ਘੇਸਲ਼ ਮਾਰ ਛੱਡੀ। ਇਸ ਲਈ ਇਹ ਕਾਰਜ ਅੱਗੇ ਤੇ ਪੈ ਗਿਆ। ਇਸ ਨੂੰ ਮੈਂ ਪ੍ਰੋ ਮੋਹਨ ਸਿੰਘ ਜੀ ਹੋਰਾਂ ਦੇ ਹਵਾਲੇ ਕਰ ਆਇਆ ਤਾਂ ਕਿ ਉਹ 'ਸੋਧ' ਦੇਣ। ਪਹਿਲਾਂ ਛਪੀਆਂ ਦੋ ਕਿਤਾਬਾਂ ਦੀਆਂ ਕੁਝ ਸੈਂਕੜੇ ਕਾਪੀਆਂ ਪ੍ਰਕਾਸ਼ਕਾਂ ਕੋਲ਼ ਪਈਆਂ ਹੋਈਆਂ ਮਿਲ਼ ਜਾਣ ਕਰਕੇ, ਉਹਨਾਂ ਦੀਆਂ ਹੋਰ ਐਡੀਸ਼ਨਾਂ ਨੂੰ ਛਾਪਣ ਵਾਲਾ ਕੰਮ ਵੀ ਅੱਗੇ ਤੇ ਪਾ ਲਿਆ। ਹਾਂ, ਪੰਜਵੀਂ ਕਿਤਾਬ 'ਜੋ ਵੇਖਿਆ ਸੋ ਆਖਿਆ' ਦੀ ਵਧਾਈ ਹੋਈ ਦੂਜੀ ਐਡੀਸ਼ਨ ਸ. ਗੁਰਸਾਗਰ ਸਿੰਘ ਜੀ ਨੇ ਛਾਪ ਦਿਤੀ। ਪੰਜਾਬ ਭਾਸ਼ਾ ਵਿਭਾਗ ਅੰਮ੍ਰਿਤਸਰ ਦੇ ਇਨਚਾਰਜ ਡਾਕਟਰ ਭੁਪਿੰਦਰ ਸਿੰਘ ਮੱਟੂ ਜੀ ਦੇ ਉਦਮ ਨਾਲ਼, ਵਿਰਸਾ ਵਿਹਾਰ ਵਿਚ ਇਸ ਕਿਤਾਬ ਨੂੰ, ਮੇਰੇ ਵਾਸਤੇ ਰਚੇ ਗਏ ਰੂਬਰੂ ਸਮਾਗਮ ਸਮੇ, ਪ੍ਰਬੁੱਧ ਸਾਹਿਤਕਾਰਾਂ ਦੀ ਇਕੱਤਰਤਾ ਵਿਚ ਪਾਠਕਾਂ ਦੀ ਸੇਵਾ ਵਿਚ ਪੇਸ਼ ਕਰ ਦਿਤਾ ਗਿਆ।

ਸੋਚਿਆ ਕਿ ਇਸ ਕਿਤਾਬੜੀ ਦੀ ਦੂਜੀ ਛਾਪ ਲੈ ਕੇ, ਆਪਣੇ ਚਿਰਕਾਲੀ ਮਿੱਤਰ, ਉਚ ਦੁਮਾਲੜੇ ਸਾਹਿਤਕਾਰ, ਡਾ. ਵਰਿਆਮ ਸਿੰਘ ਸੰਧੂ ਨੂੰ, ਜਲੰਧਰ ਜਾ ਕੇ, 'ਦੇਸ਼ ਭਗਤ ਯਾਦਗਾਰ ਹਾਲ' ਵਿਚ ਭੇਟਾ ਕਰਕੇ 'ਥਾਪੜਾ' ਪ੍ਰਾਪਤ ਕਰਾਂਗਾ ਪਰ 'ਪਆਬ ਪ੍ਰਕਾਸ਼ਨ' ਵਾਲ਼ੇ, ਸ. ਕੇਸਰ ਸਿੰਘ ਤੋਂ ਡਾਕਟਰ ਸੰਧੂ ਸਾਹਿਬ ਦੇ 'ਅਤੇ-ਪਤੇ' ਬਾਰੇ ਜਾਨਣਾ ਚਾਹਿਆ ਤਾਂ ਉਹਨਾਂ ਨੇ ਦੱਸਿਆ ਕਿ ਡਾਕਟਰ ਜੀ ਤਾਂ ਕੈਨੇਡਾ ਨੂੰ ਦੌੜ ਗਏ ਹਨ। ਉਹਨਾਂ ਨੇ ਅੱਗੇ ਆਪਣਾ ਗੈਸ ਲਾਉਂਦਿਆਂ ਹੋਇਆਂ ਹੋਰ ਫੁਰਮਾਇਆ ਕਿ ਸ਼ਾਇਦ ਉਹਨਾਂ ਨੂੰ ਮੇਰੇ ਆਉਣ ਦੀ ਸੂਹ ਮਿਲ਼ ਗਈ ਹੋਵੇ ਤੇ ਮੇਰੇ ਲੰਮੇਰੇ ਭਾਸ਼ਨ ਨੂੰ ਸੁਣਨ ਦੀ ਮਜਬੂਰੀ ਤੋਂ ਬਚਣ ਲਈ, ਉਹਨਾਂ ਨੇ ਜਲੰਧਰ ਹੀ ਛੱਡ ਜਾਣਾ ਮੁਨਾਸਬ ਸਮਝਿਆ ਹੋਵੇ!

ਇਕ ਦਿਨ ਦੂਰ ਦਰਸ਼ਨ ਤੇ ਵੀ 'ਨਾਲ਼ੇ ਗੱਲਾਂ ਨਾਲ਼ੇ ਗੀਤ' ਪ੍ਰੋਗ੍ਰਾਮ ਵਿਚ ਹਾਜਰੀ ਭਰ ਆਇਆ। ਤਿੰਨ ਦਿਨ ਪਟਿਆਲੇ ਯੂਨੀਵਰਸਿਟੀ ਵਿਚ ਸੈਮੀਨਾਰਾਂ ਦਾ ਰੌਣਕ ਮੇਲਾ ਵੇਖਿਆ। ਨਾਲ ਹੀ ਸ. ਜਗਜੀਤ ਸਿੰਘ ਦਰਦੀ ਹੋਰਾਂ ਨੇ ਆਪਣੇ 'ਚੜ੍ਹਦੀਕਲਾ ਟਾਈਮ ਟੀ.ਵੀ.' ਤੇ ਇੰਟਰਵਿਊ ਪ੍ਰਸਾਰਤ ਕਰ ਦਿਤੀ। ਇਕ ਦਿਨ ਸੁਘੜ ਹੋਸਟ ਸਰਦਾਰ ਟਿਵਾਣਾ ਜੀ ਅਤੇ ਦੂਸਰੀ ਵਾਰ ਸੋਮ ਸਹੋਤਾ ਜੀ ਨਾਲ਼ ਕੀਤੀ ਗਈ ਇੰਟਰਵਿਊ, ਦੋ ਵਾਰੀਂ ਹਰਮਨ ਰੇਡੀਓ ਪਟਿਆਲਾ ਤੋਂ ਵੀ, ਦੁਨੀਆ ਭਰ ਵਿਚ ਵਸਦੇ ਇਸ ਦੇ ਸ੍ਰੋਤਿਆਂ ਦੇ ਸਨਮੁਖ ਹੋ ਗਈਆਂ। ਬਹਾਦਰਗੜ੍ਹ ਵਿਚ ਸਰਦਾਰ ਟੌਹੜਾ ਜੀ ਦੀ ਯਾਦ ਵਿਚ ਬਣੇ ਗੁਰਮਤਿ ਇਨਸਟੀਚਿਊਟ ਵਿਚ, ਇਸ ਦੀ ਡਾਇਰੈਕਟਰ ਬੀਬੀ ਡਾ. ਰਾਜਿੰਦਰਜੀਤ ਕੌਰ ਢੀਂਡਸਾ ਹੋਰਾਂ ਦੇ ਉਦਮ ਸਦਕਾ, ਵਿਦਿਆਰਥੀਆਂ ਅਤੇ ਸਟਾਫ਼ ਨਾਲ ਵਿਚਾਰ ਵਟਾਂਦਰਾ ਹੋਇਆ। ਓਥੋਂ ਹੀ ਪ੍ਰੋ. ਫੂਲ ਚੰਦ ਮਾਨਵ ਜੀ ਵੱਲੋਂ ਰਚੇ ਗਏ, 'ਸਾਹਿਤ ਸੰਗਮ ਜ਼ੀਰਕਪੁਰ' ਦੀ ਸਰਪ੍ਰਸਤੀ ਹੇਠ, 'ਕੰਫ਼ਰਟ ਬੈਂਕੁਇਟ ਹਾਲ਼' ਵਿਚ ਹਾਜਰੀ ਭਰੀ ਅਤੇ ਸਨਮਾਨ ਪਰਾਪਤ ਕੀਤਾ। ਇਸ ਸਾਰੀ ਯਾਤਰਾ ਦੌਰਾਨ ਉਭਰ ਰਹੇ ਨੌਜਵਾਨ ਲਿਖਾਰੀ ਸ. ਹਰਭਜਨ ਸਿੰਘ ਵਕਤਾ ਸੰਪਾਦਕ 'ਮੁਕਾਮ' ਅਤੇ ਸ. ਲਖਵਿੰਦਰ ਸਿੰਘ ਰਈਆ ਹਵੇਲੀਆਣਾ ਨੇ ਮੇਰਾ ਸਾਥ ਦਿਤਾ; ਸਮਾਗਮਾਂ ਵਿਚ ਵੀ ਅਤੇ ਰੇਡੀਉ ਅਤੇ ਟੀ.ਵੀ. ਉਪਰ ਵੀ।

ਕੁਝ ਹੋਰ ਸਮਾ ਪੰਜਾਬ ਵਿਚ ਵਿਚਰਨ ਦਾ ਵਿਚਾਰ ਸੀ ਪਰ ਇਕ ਜਰੂਰੀ ਪਰਵਾਰਕ ਕਾਰਜ ਕਾਰਨ ਇਕ ਦਮ ਵਾਪਸੀ ਚਾਲੇ ਪਾਉਣੇ ਪੈ ਗਏ। ਨੌਂ ਜੂਨ ਸ਼ਾਮ ਦੀ ਸ਼ਤਾਬਦੀ ਦੀ ਟਿਕਟ ਤਾਂ, ਸ੍ਰੀ ਦਰਬਾਰ ਸਾਹਿਬ ਜੀ ਦੇ ਇਨਫ਼ਰਮੇਸ਼ਨ ਦਫ਼ਤਰ ਵਾਲ਼ੇ ਨੌਜਵਾਨਾਂ ਦੇ ਰਸੂਖ਼ ਨਾਲ, ੪੭੦ ਰੁਪਏ ਦੀ ਮਿਲ਼ ਗਈ ਪਰ ਵੇਟਿੰਗ ਲਿਸਟ ਵਿਚ ੭੪ਵਾਂ ਸਥਾਨ ਸੀ। ਖ਼ੈਰ, ਮੈਂ ਇਸ ਗੱਲ ਦੀ ਪਰਵਾਹ ਕੀਤਿਆਂ ਬਿਨਾ ਹੀ ਗੱਡੀ ਚੜ੍ਹ ਗਿਆ। ਰਾਹ ਵਿਚ ਟੀ.ਟੀ. ਨਾਲ਼ ਗੱਲ ਕੀਤੀ। ਉਸ ਨੇ ਆਖਿਆ ਕਿ ਲੁਧਿਆਣੇ ਤੱਕ ਸੀਟਾਂ ਖਾਲੀ ਨੇ; ਬੈਠ ਜਾਓ। ਲੁਧਿਆਣੇ ਤੋਂ ਅਗਾਂਹ, "..... ਅੱਗੇ ਤੇਰੇ ਭਾਗ ਲੱਛੀਏ।" ਲੁਧਿਆਣੇ ਤੋਂ ਅੱਗੇ ਵੀ ਗੱਡੀ ਦੇ ਨਾਲ਼ ਡਿਊਟੀ ਤੇ ਜਾ ਰਹੇ ਪੁਲੀਸਮੈਨ ਰਾਹੀਂ 'ਜੁਗਾੜ' ਲਾਇਆਂ ਸੀਟ ਮਿਲ਼ ਗਈ।

ਨਵੀਂ ਦਿੱਲੀ ਸਟੇਸ਼ਨ ਤੇ ਪਹੁੰਚ ਕੇ ਕੁੱਲੀ ਨੂੰ ਕਿਤਾਬਾਂ ਵਾਲਾ ਬਕਸਾ ਚੁਕਵਾਇਆ ਤੇ ਪਲੇਟ ਫਾਰਮ ਤੋਂ ਹੀ ਇਕ ਟੈਕਸੀ ਵਾਲਾ ਨਾਲ਼ ਚੰਬੜ ਗਿਆ। ਉਸ ਨੇ ਖਹਿੜਾ ਹੀ ਨਹੀ ਛੱਡਿਆ। ਜਿਥੇ ੮੦ ਰੁਪਏ ਵਿਚ ਮੈਟਰੋ ਨੇ ਏਅਰ ਪੋਰਟ ਤੇ ਲੈ ਜਾਣਾ ਸੀ ਓਥੇ ਸਾਢੇ ਚਾਰ

ਸੌ 'ਚ ਗੱਲ ਕਰਕੇ, ਉਸ ਨੇ ਮੈਨੂੰ ਲੱਦ ਲਿਆ। ਓਥੇ ਜਾ ਕੇ ਉਹ ਜਿਦੇ ਪੈ ਗਿਆ ਕਿ ਸਾਢੇ ਚਾਰ ਸੌ ਨਹੀ ਸਾਢੇ ਛੇ ਸੌ 'ਚ ਗੱਲ ਹੋਈ ਸੀ। ਮੈਨੂੰ ਇਹ ਗੱਲ ਚੁਭੀ ਤਾਂ ਵਾਹਵਾ ਪਰ ਮੈਂ ਸਾਢੇ ਛੇ ਸੌ ਹੀ ਉਸ ਦੇ ਮੱਥੇ ਮਾਰਿਆ। ਜਿਥੇ ਅੰਮ੍ਰਿਤਸਰੋਂ ਦਿੱਲੀ ਤੱਕ ਸਵਾ ਛੇ ਘੰਟੇ ਦਾ ਹੂਟਾ ਮੈ ਚਾਰ ਸੌ ਦਸ 'ਚ ਲਿਆ ਅਤੇ ਪ੍ਰਸ਼ਾਦਾ ਪਾਣੀ ਵੀ ਛਕਿਆ, ਓਥੇ ਸਟੇਸ਼ਨ ਤੋਂ ਹਵਾਈ ਅੱਡੇ ਤੱਕ ਹੀ, ੧੧੫ ਕੁਲੀ ਦੇ ਤੇ ਸਾਢੇ ਛੇ ਸੌ ਟੈਕਸੀ ਦੇ, ਕੁੱਲ ੭੬੫ ਲੱਗ ਗਏ। ਠੀਕ ਹੈ ਕਿ ਜਦੋਂ ਅਸੀਂ ਡਾਲਰਾਂ ਵਿਚ ਗਿਣੀਏ ਤਾਂ ਇਹ ਰਕਮ ਨਿਗੂਣੀ ਹੀ ਲੱਗਦੀ ਹੈ ਪਰ 'ਲੁੱਟ' ਚੁਭਦੀ ਤਾਂ ਹੈ ਹੀ।

ਦਿੱਲੀਉਂ, ਆਸ ਤੋਂ ਉਲਟ, ਕੈਥੀ ਪੈਸਫਿਕ ਏਅਰ ਲਾਈਨ ਦੇ ਨੌਜਵਾਨ ਭਾਰਤੀ ਸਟਾਫ਼ ਨੇ ਹੱਦੋਂ ਵਧ ਚੰਗਾ ਵਰਤਾ ਕੀਤਾ। ਅਧੀ ਰਾਤ ਤੋਂ ਪਿੱਛੋਂ ੧.੧੦ ਵਜੇ ਵਾਲ਼ੀ ਫਲਾਈਟ ਤੇ ਮੈਨੂੰ ਸੀਟ ਦੇ ਦਿਤੀ। ਇਕਾਨਮੀ ਕਲਾਸ ਦੀ ਬਜਾਇ ਮੈਨੂੰ ਬਿਜ਼ਨਿਸ ਕਲਾਸ ਵਿਚ ਬੈਠਾਇਆ। ਬਿਜ਼ਨਿਸ ਕਲਾਸ ਦੀਆਂ ਸਹੂਲਤਾਂ ਦੇ ਪਹਿਲਾਂ ਤੋਂ ਗਿਝੇ ਹੋਏ ਨੇ ਮੈਂ ਸੋਚਿਆ ਕਿ ਏਥੇ ਮੇਰੀ ਵਾਹਵਾ ਸੇਵਾ ਹੋਵੇਗੀ। ਬੈਠਦਿਆਂ ਹੀ ਏਅਰ ਹੋਸਟੈਸ ਟਰੇ ਵਿਚ ਤਿੰਨ ਗਲਾਸ ਰੱਖ ਕੇ ਲੈ ਆਈ। ਇਕ ਪਾਣੀ ਦਾ, ਇਕ ਜੂਸ ਦਾ ਤੇ ਇਕ ਵਾਈਨ ਦਾ। ਮੈ ਜੂਸ ਦਾ ਗਲਾਸ ਚੁੱਕ ਕੇ ਪੀ ਲਿਆ ਤੇ ਫਿਰ ਮੈਨੂੰ ਨੀਂਦ ਆ ਗਈ ਕਿਉਂਕਿ ਸਵੇਰ ਦੇ ਦੋ ਕੁ ਵੱਜ ਚੁੱਕੇ ਸਨ। ਅਗਲੀ ਸਵੇਰ ਦੇ ੯ ਵਜੇ ਓਦੋਂ ਹੀ ਪਤਾ ਲਗਾ ਜਦੋਂ ਜਹਾਜ ਹਾਂਗ ਕਾਂਗ ਉਤਰਨ ਲਈ ਤਿਆਰੇ ਕੱਸ ਰਿਹਾ ਸੀ। ਉਡਾਣ ਸਮੇ ਆਮ ਵਾਂਗ ਹੀ ਮੈਨੂੰ ਸੁੱਤਾ ਵੇਖ ਕੇ ਉਹਨਾਂ ਨੇ ਕੁਝ ਖਾਣ ਪੀਣ ਲਈ ਨਾ ਉਠਾਇਆ। ਜੇ ਸਵਾਰੀ ਸੁੱਤੀ ਹੋਈ ਹੋਵੇ ਤਾਂ ਜਹਾਜ ਵਾਲੇ ਉਸ ਨੂੰ ਖਾਣ ਪੀਣ ਲਈ ਨਹੀਂ ਉਠਾਉਂਦੇ।

ਹਾਂਗ ਕਾਂਗ ਤੋਂ ਅਗਲਾ ਜਹਾਜ ਕਾਂਟਾਜ਼ (QANTAS) ਦਾ ਸਿਡਨੀ ਨੂੰ ਰਾਤ ਦੇ ਅੱਠ ਵਜੇ ਚੱਲਣਾ ਸੀ। ਇਸ ਦੌਰਾਨ ਯਾਰਾਂ ਘੰਟੇ ਹਵਾਈ ਅੱਡੇ ਤੇ ਹੀ ਗੁਜਾਰਨੇ ਸਨ। ਅਜਿਹੀਆਂ ਉਡੀਕਾਂ ਤਾਂ ਮੇਰੇ ਲਈ ਆਮ ਹੀ ਗੱਲ ਹੈ ਤੇ ਇਸ ਬਾਰੇ ਮੈਂ ਕਦੀ ਕਾਹਲ਼ਾ ਨਹੀ ਪਿਆ, ਸਗੋਂ ਹਵਾਈ ਅੱਡੇ ਦੀਆਂ ਰੌਣਕਾਂ ਦਾ ਅਨੰਦ ਮਾਣਦਾ ਹਾਂ। ਸ਼ਤਾਬਦੀ ਵਿਚਲੀ ਰਾਤ ਦੀ ਰੋਟੀ ਵਿਚੋਂ ਚੌਲ਼ਾਂ ਦੀਆਂ ਚਾਰ ਕੁ ਬੁਰਕੀਆਂ ਹੀ ਨਿਗਲ਼ੀਆਂ ਹੋਈਆਂ ਸਨ ਤੇ ਜਹਾਜ ਵਿਚ ਸੁੱਤਾ ਰਹਿ ਜਾਣ ਕਰਕੇ, ਖਾਣ ਪੀਣ ਲਈ ਕੁਝ ਨਾ ਮਿਲਿਆ। ਸ਼ਤਾਬਦੀ ਦੀ ਰੋਟੀ ਵਿਚੋਂ ਦੋ ਫੁਲਕੇ ਮੈਂ ਬਚਾ ਕੇ ਹੈਂਡ ਬੈਗ ਵਿਚ ਪਾ ਰੱਖੇ ਸਨ ਪਰ ਬੈਗ ਦੀ ਮੇਰੇ ਕੋਲੋਂ ਹੁਣ ਜ਼ਿੱਪ ਨਾ ਖੁਲ੍ਹੇ। ਸਾਰਾ ਜੋਰ ਲਾਉਣ ਪਿੱਛੋਂ ਮੈ ਪਹਿਰੇ ਉਪਰ ਖਲੋਤੇ ਪੁਲੀਸਮੈਨ ਨੂੰ ਸਹਾਇਤਾ ਲਈ ਪੁਕਾਰਿਆ। ਉਹ ਵੀ ਜੋਰ ਲਾ ਹਟਿਆ। ਫਿਰ ਮੈ ਉਸ ਨੂੰ ਜ਼ਿੱਪ ਤੋੜ ਸੁੱਟਣ ਲਈ ਆਖ ਦਿਤਾ। ਉਸ ਨੇ ਲਾਗਲੀ ਚੀਨਣ ਦੁਕਾਨਦਾਰਨ ਕੋਲ਼ੋਂ ਕੋਈ ਔਜ਼ਾਰ ਫੜਿਆ ਤੇ ਮੇਰਾ ਬੈਗ ਦੋਫਾੜ ਕਰ ਸੁੱਟਿਆ। ਖੈਰ, ਫੁਲਕੇ ਤਾਂ ਮੈਂ ਕਢ ਕੇ ਖਾ ਲਏ ਤੇ ਕਾਫੀ ਦਾ ਕੱਪ ਵੀ, ਆਸਟ੍ਰੇਲੀਅਨ ਡਾਲਰ ਤੁੜਾ ਕੇ ਦੁਕਾਨੋਂ ਪੀ ਲਿਆ। ਹਾਲਾਂਕਿ ਪਿਛਲੀਆਂ ਯਾਤਰਾਵਾਂ ਸਮੇ ਦੇ ਹਾਂਗ ਕਾਂਗ ਦੇ ਕੁਝ ਡਾਲਰ ਮੇਰੇ ਕੋਲ਼ ਪਏ ਹੋਏ ਵੀ ਸਨ ਪਰ ਉਹਨਾਂ ਦਾ ਮੈਨੂੰ ਚੇਤਾ ਹੀ ਭੁੱਲ ਗਿਆ ਸੀ। ਹੁਣ ਸਮੱਸਿਆ ਇਹ ਹੋਈ ਕਿ ਬੈਗ ਦਾ ਮੂੰਹ ਕਿਵੇਂ ਬੰਦ ਕੀਤਾ ਜਾਵੇ। ਸੋਚ ਸਾਚ ਕੇ ਉਸ ਦਾ ਹੱਲ ਇਹ ਕਢਿਆ ਕਿ ਆਪਣਾ ਪਜਾਮਾ ਉਸ ਦੇ ਦੁਆਲ਼ੇ ਵਲ੍ਹੇਟ ਕੇ ਗੰਢ ਮਾਰ ਲਈ। ਦੁਪਹਿਰ ਪਿੱਛੋਂ ਪਤਾ ਲੱਗਾ ਕਿ ਸਿਡਨੀ ਦੀ ਅੱਠ ਵਜੇ ਵਾਲੀ ਫਲਾਈਟ ਕੈਂਸਲ ਹੋ ਗਈ ਹੈ ਤੇ ਹੁਣ ਰਾਤ ਦੇ ੧੧.੩੦ ਵਜੇ ਅਗਲੀ ਫਲਾਈਟ ਜਾਣੀ ਹੈ। ਮੈਂ ਇਹ ਸੋਚ ਕੇ ਕਿ ਦੋ ਫਲਾਈਟਾਂ ਦੇ ਯਾਤਰੂਆਂ ਦੀ ਭੀੜ ਵਿਚ ਮੈਨੂੰ ਥਾਂ ਮਿਲਣੀ ਮੁਸ਼ਕਲ ਹੈ ਕਿਉਂਕਿ ਮੇਰੀ ਟਿਕਟ ਓ.ਕੇ. ਨਹੀਂ ਸੀ। ਮੇਰੀ ਵਾਰੀ ਓਸੇ ਸੂਰਤ ਵਿਚ ਆਉਣੀ ਸੀ ਜੇਕਰ ਦੂਜੇ ਯਾਤਰੂਆਂ ਤੋਂ ਕੋਈ ਸੀਟ ਬਚੀ ਰਹਿ ਜਾਂਦੀ। ਮੈ ਰਾਤ ਦੇ ੧੧ ਵਜੇ ਪਰਥ ਵਾਲ਼ੇ ਜਹਾਜ ਤੇ ਜਾਣ ਦਾ ਵਿਚਾਰ ਬਣਾ ਲਿਆ। ਉਹ ਜਹਾਜ ਰਾਤ ਨੂੰ ੧੧ ਵਜੇ ਚੱਲਿਆ। ਇਸ ਤਰ੍ਹਾਂ ਚੌਦਾਂ ਘੰਟੇ ਹਾਂਗ ਕਾਂਗ ਹਵਾਈ ਅੱਡੇ ਤੇ ਬਿਤਾਉਣ ਪਿੱਛੋਂ, ਇਹ ਜਹਾਜ ੧੧ ਜੂਨ ਸਵੇਰੇ ਸੱਤ ਵਜੇ ਮੈਨੂੰ ਆਸਟ੍ਰੇਲੀਆ ਦੇ ਪੱਛਮੀ ਕਿਨਾਰੇ ਉਪਰ ਮੌਜੂਦ ਸ਼ਹਿਰ, ਪਰਥ ਲੈ ਆਇਆ; ਜਾਣਾ ਭਾਵੇਂ ਮੈਂ ਪੂਰਬੀ ਕਿਨਾਰੇ ਉਪਰਲੇ ਸ਼ਹਿਰ ਸਿਡਨੀ ਵਿਚ ਸੀ। ਇਕ ਹਰਿਆਣਵੀ ਨੌਜਵਾਨ ਦਵਿੰਦਰ ਨੇ ਹਵਾਈ ਅੱਡੇ ਤੋਂ ਚੁੱਕ ਕੇ, ਮੈਨੂੰ ਬੇਸ ਵਾਟਰ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਸਿੰਘ, ਭਾਈ ਜਸਵਿੰਦਰ ਸਿੰਘ ਜੀ, ਹੋਰਾਂ ਕੋਲ਼ ਪੁਚਾ ਦਿਤਾ। ਭਾਈ ਜਸਵਿੰਦਰ ਸਿੰਘ ਜੀ ਹੋਰਾਂ ਦੇ ਪਰਵਾਰ ਵਿਚ ਮੈਂ ਦਸ ਦਿਨ ਰਿਹਾ ਜਿਥੇ ਉਹਨਾਂ ਦੇ ਸਾਰੇ ਪਰਵਾਰ, ਉਹਨਾਂ ਦੀ ਪਤਨੀ ਬੀਬਾ ਦਲਜੀਤ ਕੌਰ ਜੀ ਅਤੇ ਉਹਨਾਂ ਦੇ ਸੁਘੜ ਬੱਚਿਆਂ ਨੇ ਮੇਰੇ ਸੇਵਾ ਸਤਿਕਾਰ ਵਿਚ ਕੋਈ ਕਸਰ ਨਾ ਰਹਿਣ ਦਿਤੀ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਸਮੇ ਏਸੇ ਗੁਰਦੁਆਰਾ ਸਾਹਿਬ ਵਿਖੇ ਹਾਜਰੀ ਭਰੀ। ਸੱਜਣਾਂ ਮਿੱਤਰਾਂ ਨਾਲ਼ ਮੇਲੇ ਗੇਲੇ ਵੀ ਹੋਏ। ਇਸ ਦੌਰਾਨ ਕੁਝ ਨਾਲ਼ ਲਿਆਂਦੀਆਂ ਕਿਤਾਬਾਂ ਵੀ ਮੈਂ ਪਾਠਕਾਂ ਦੇ ਹੱਥਾਂ ਤੱਕ ਪੁਜਦੀਆਂ ਕਰਨ ਵਿਚ ਸਫ਼ਲ ਹੋ ਗਿਆ। ਫਿਰ ਏਥੋਂ ਜੈਟ ਸਟਾਰ ਦੀ ਇਕ ਹੋਰ ਟਿਕਟ ਲੈ ਕੇ ਸਿਡਨੀ ਪਹੁੰਚ ਗਿਆ।

ਇਉਂ ਮੇਰੀ ਇਸ, ਪਾਕਿਸਤਾਨ ਅਤੇ ਭਾਰਤੀ ਪੰਜਾਬ ਦੀ ਹੱਲਿਆਂ ਗੁੱਲਿਆਂ ਭਰਪੂਰ ਅਤੇ ਰੌਣਕ ਮੇਲੇ ਵਾਲ਼ੀ ਚੌਥੀ ਯਾਤਰਾ ਦੀ ਸਮਾਪਤੀ ਹੋਈ।

# ਜਿਉ ਮਧੁ ਮਾਖੀ ਤਿਉ ਸਠੋਰ ਰਸੁ ਜੋਰਿ ਜੋਰਿ ਧਨੁ ਕੀਆ॥

ਇਕ ਲੋਕ ਕਥਾ ਬਚਪਨ ਵਿਚ ਇਉਂ ਸੁਣੀ ਸੀ:

ਇਕ ਗਰੀਬ ਪੇਂਡੂ ਦੀ ਇਕ ਲੱਖ ਦੀ ਲਾਟਰੀ ਨਿਕਲ਼ ਆਈ। ਇਹ ਗੱਲ ਉਹਨਾਂ ਦਿਨਾਂ ਦੀ ਹੈ ਜਦੋਂ ਲੱਖ ਰੁਪਏ ਦਾ ਕੋਈ ਮੁੱਲ ਹੁੰਦਾ ਸੀ। ਚੜਿੱਕ ਪਿੰਡ ਦੇ ਵਸਨੀਕ, ਅਫ਼ਰੀਕਾ ਦੇ ਮੁਲਕ ਮਲਾਵੀ ਵਿਚ ਰਹਿ ਰਹੇ, ਪਰਲੋਕ ਵਾਸੀ ਸ. ਪੂਰਨ ਸਿੰਘ ਸਿਧੂ, ਨੇ ਵੀ ਇਕ ਗੱਲ ਸੁਣਾਈ ਸੀ ਕਿ ਉਸ ਦੇ ਪਿੰਡ ਦਾ ਧੰਮਾ ਸਿੰਘ, ਮੋਗੇ ਵਿਚ ਨਵਾਂ ਬਣਿਆ ਰੇਲਵੇ ਸਟੇਸ਼ਨ ਵੇਖ ਕੇ ਜਦੋਂ ਆਇਆ ਤੇ ਪਿੰਡ ਵਾਲ਼ਿਆਂ ਨੂੰ ਦੱਸਣ ਲੱਗਾ, "ਬੱਲੇ ਬਈ ਬੱਲੇ ਗਰੇਜ ਦੇ! ਉਹਨੇ ਤਾਂ ਟੇਸ਼ਣ ਤੇ ਈ ਸੌ ਰੁਪਈਆ ਲਾ ਸ਼ੱਡਿਆ ਵਾ!!" ਭਾਵ ਕਿ ਉਸ ਸਮੇ ਸੌ ਰੁਪਇਆ ਬੜੀ ਵੱਡੀ ਚੀਜ ਹੁੰਦੀ ਸੀ।

੧੯੫੮/੬੦ ਵਿਚ ਮੇਰੇ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸਮੇ, ਪ੍ਰਚਾਰਕ ਕਲਾਸ ਦਾ ਇਕ ਵਿਦਿਆਰਥੀ ਹੁੰਦਾ ਸੀ ਗੁਰਬਚਨ ਸਿੰਘ। ਪਿੱਛੋਂ ਤਾਂ ਉਹ ਜ਼ਿਲ੍ਹਾ ਲਾਹੌਰ ਤੋਂ ਉਜੜ ਕੇ ਆਏ ਸਨ ਪਰ ਵਸੇ ਹੋਏ ਸਨ ਜ਼ਿਲ੍ਹਾ ਫੀਰੋਜ਼ਪੁਰ, ਸ਼ਾਇਦ ਹੁਣ ਫਰੀਦਕੋਟ ਤੋਂ ਹੁੰਦਾ ਹੋਇਆ ਜ਼ਿਲ੍ਹਾ ਮੁਕਤਸਰ ਬਣ ਗਿਆ ਹੋਵੇ ਦੇ ਪਿੰਡ, ਵਾਦੀਆਂ ਵਿਚ। ਗੱਲਾਂ ਗੱਲਾਂ ਵਿਚ ਇਕ ਦਿਨ ਕੁਝ ਵਿਦਿਆਰਥੀਆਂ ਵੱਲੋਂ ਆਪੋ ਆਪਣੀਆਂ ਖਾਹਸ਼ਾਂ ਦੱਸਣ ਸਮੇ, ਉਸ ਨੇ ਆਪਣੀ ਇਹ ਖਾਹਸ਼ ਦੱਸੀ ਕਿ ਉਸ ਦੀ ਮਾਂ ਨੇ ਕਦੀ ਸੌ ਰੁਪਏ ਦਾ ਨੋਟ ਨਹੀਂ ਸੀ ਵੇਖਿਆ। ਉਹ ਤਾਂ ਕੋਰਸ ਦੀ ਪੂਰਨਤਾ ਉਪ੍ਰੰਤ ਨੌਕਰੀ ਤੇ ਲੱਗ ਕੇ, ਮਿਲ਼ਦੀ ਤਨਖਾਹ ਜੋੜ ਜੋੜ ਕੇ, ਇਕ ਸੌ ਰੁਪਏ ਦਾ ਨੋਟ ਲੈ ਕੇ ਆਪਣੀ ਮਾਂ ਨੂੰ ਦੇਵੇਗਾ। ਇਉਂ ਉਹਨਾਂ ਦਿਨਾਂ ਵਿਚ ਸੌ, ਹਜ਼ਾਰ, ਲੱਖ ਆਦਿ ਦਾ ਮਹੱਤਵ ਹੁੰਦਾ ਸੀ। ਉਹ ਆਪਣੇ ਬੈਚ ਵਿਚੋਂ ਸਭ ਵਿਦਿਆਰਥੀਆਂ ਚੋਂ ਅੱਵਲ ਆਇਆ ਸੀ ਤੇ ਸ਼੍ਰੋਮਣੀ ਕਮੇਟੀ ਵੱਲੋਂ ਬਹੁਤ ਸਮਾ ਜ਼ਿਲਾ ਫੀਰੋਜ਼ਪੁਰ ਵਿਚ ਪ੍ਰਚਾਰਕ ਰਿਹਾ, ਬਲਕਿ ਉਸ ਦੀ ਸੇਵਾ ਦੇ ਅਰੰਭ ਤੋਂ ਲੈ ਕੇ ਰਿਟਾਇਰ ਹੋਣ ਤੱਕ ਓਸੇ ਜ਼ਿਲ੍ਹੇ ਵਿਚ ਹੀ ਉਸ ਦੀ ਸੇਵਾ ਲੱਗੀ ਰਹੀ। ਇਹ ਵੀ ਆਪਣੇ ਆਪ ਵਿਚ ਇਕ ਰਿਕਾਰਡ ਹੈ; ਨਹੀਂ ਤਾ ਸਰਕਾਰੀ ਜੁਲਾਜ਼ਮਾਂ ਵਾਂਙ ਹੀ ਸ਼੍ਰੋਮਣੀ ਕਮੇਟੀ ਦੇ ਮੁਲਾਜ਼ਮਾਂ ਨੂੰ ਵੀ ਚੱਕਰ ਵਿਚ ਪਾਈ ਰੱਖਿਆ ਜਾਂਦਾ ਹੈ। ਸ਼ਾਇਦ ਇਹ ਸਮਝ ਕੇ ਕਿ ਇਕ ਥਾਂ ਬੈਠਿਆਂ ਉਹਨਾਂ ਦੇ ਥੱਲੇ ਨੂੰ ਉਲੀ ਨਾ ਕਿਤੇ ਲੱਗ ਜਾਵੇ! ਬੜੀ ਇਮਾਨਦਾਰੀ ਅਤੇ ਨਿਮਰਤਾ ਸਹਿਤ, ਦਹਾਕਿਆਂ ਤੱਕ ਉਸ ਨੇ ਪੰਥ ਦੀ ਸੇਵਾ ਕੀਤੀ। ਇਸ ਸਮੇ ਉਹ ਇਸ ਦੁਨੀਆ ਵਿਚ ਨਹੀਂ ਹੈ। ਇਹ ਨਹੀਂ ਮੈਂ ਪਤਾ ਕਰ ਸਕਿਆ ਕਿ ਉਹ ਆਪਣੇ ਮਾਤਾ ਜੀ ਨੂੰ ਸੌ ਰੁਪਏ ਦਾ ਨੋਟ ਵਿਖਾਉਣ ਵਿਚ ਸਫ਼ਲ ਹੋਇਆ ਸੀ ਜਾਂ ਕਿ ਨਹੀਂ!

ਇਸ ਸਮੇ ਤੋਂ ਵੀ ਪਹਿਲਾਂ ਉਸ ਪੇਂਡੂ ਵਿਚਾਰੇ ਲੱਖਾ ਸਿੰਘ ਦੀ ਲਾਟਰੀ ਇਕ ਲੱਖ ਰੁਪਏ ਦੀ ਨਿਕਲ਼ ਆਈ। ਪਿੰਡ ਦੇ ਸਿਆਣੇ ਬੰਦਿਆਂ ਨੂੰ ਪਤਾ ਲੱਗਾ ਤਾਂ ਉਹਨਾਂ ਨੂੰ ਫਿਕਰ ਪੈ ਗਿਆ ਕਿ ਕਿਤੇ ਲੱਖੂ ਇਹ ਖ਼ੁਸ਼ਖ਼ਬਰੀ ਸੁਣ ਕੇ, ਖ਼ੁਸ਼ੀ ਵਿਚ ਅਗਲੇ ਜਹਾਨ ਨੂੰ ਹੀ ਨਾ ਤੁਰ ਜਾਵੇ! ਇਸ ਗੱਲ ਦਾ ਉਪਾ ਸੋਚਦਿਆਂ ਹੋਇਆਂ ਉਹਨਾਂ ਨੇ ਵਿਚਾਰ ਕੀਤਾ ਕਿ ਉਸ ਨੂੰ ਸ਼ਹਿਰ ਕਿਸੇ 'ਸਿਆਣੇ' ਕੋਲ਼ ਲਿਜਾਇਆ ਜਾਵੇ। ਓਦੋਂ ਪੇਂਡੂ ਲੋਕ ਵੈਦ, ਹਕੀਮ, ਡਾਕਟਰ ਵਗੈਰਾ ਨੂੰ ਸਿਆਣਾ ਹੀ ਆਖਿਆ ਕਰਦੇ ਸਨ। ਇਸ ਲਈ ਉਹ ਸ਼ਹਿਰ ਵਿਚ ਇਕ ਸਿਆਣਾ ਸਮਝੇ ਜਾਂਦੇ ਵਿਅਕਤੀ ਕੋਲ਼ ਉਸ ਨੂੰ ਲੈ ਗਏ ਤਾਂ ਕਿ ਉਹ ਸਿਆਣਾ ਆਪਣੀ ਸਿਆਣਪ ਵਰਤ ਕੇ, ਸਿਆਣਪ ਨਾਲ਼ ਉਸ ਦੇ ਲਾਭ ਵਾਲ਼ੀ ਗੱਲ ਉਸ ਨੂੰ ਸਮਝਾਵੇ। ਸਿਆਣੇ ਨੇ ਉਸ ਨੂੰ ਕੁਰਸੀ ਉਪਰ ਬੈਠਾ ਕੇ, ਕੁਝ ਏਧਰ ਓਧਰ ਦੀਆਂ ਗੱਲਾਂ ਮਾਰਨ ਪਿੱਛੋਂ ਪੁੱਛਿਆ ਕਿ ਕੀ ਕਦੀ ਉਸ ਨੇ ਲਾਟਰੀ ਪਾਈ ਹੈ! ਲੱਖਾ ਸਿੰਘ ਨੇ ਦੱਸਿਆ ਕਿ ਇਕ ਵਾਰੀ ਉਹ ਇਕ ਰੁਪਈਆ ਲੈ ਕੇ ਮੇਲਾ ਵੇਖਣ ਗਿਆ ਸੀ ਤੇ ਓਥੇ ਉਸ ਦੇ ਨਾਲ਼ਦਿਆਂ ਨੇ ਬਦੋ ਬਦੀ ਉਸ ਦਾ ਰੁਪਈਆ ਖੋਹ ਕੇ ਇਕ ਕਾਗਜ਼ ਦਾ ਟੁਕੜਾ ਜਿਹਾ ਉਸ ਨੂੰ ਫੜਾ ਦਿਤਾ ਸੀ ਤੇ ਆਂਹਦੇ ਸੀ ਕਿ ਉਹ ਲਾਟਰੀ ਦਾ ਟਿਕਟ ਹੈ; ਸ਼ਾਇਦ ਓਹੋ ਹੀ ਹੋਵੇ! ਸਿਆਣੇ ਨੇ ਆਖਿਆ, "ਕੀ ਪਤਾ ਲੱਖਾ ਸਿਹਾਂ ਤੇਰੀ ਲਾਟਰੀ ਨਿਕਲ਼ ਈ ਆਵੇ!" "ਸਾਡੇ ਕਿਥੇ ਅਜਿਹੇ ਕਰਮ ਡਾਕਦਾਰ ਜੀ!" ਲੱਖਾ ਸਿੰਘ ਦਾ ਕੁਝ ਨਿਰਾਸਾ ਜਿਹਾ ਬਚਨ ਸੀ। ਸਿਆਣੇ ਨੇ ਫਿਰ ਆਖਿਆ, "ਕੀ ਪਤਾ ਹੁੰਦਾ, ਕਦੋਂ ਰੱਬ ਮੇਹਰਬਾਨ ਹੋ ਜਾਵੇ! ਫਰਜ਼ ਕਰੋ ਤੇਰੀ ਪੰਜ ਹਜ਼ਾਰ ਦੀ ਲਾਟਰੀ ਨਿਕਲ਼ ਆਵੇ ਤਾਂ!" "ਉਹ ਡਾਕਦਾਰ ਸਾ੍ਬ ਤੁਹਾਡੇ ਮੂੰਹ ਵਿਚ ਘੇ ਸੱਕਰ। ਜੇ ਅਜਿਹਾ ਹੋ ਜਾਵੇ ਤਾਂ ਫਿਰ ਜਿੰਨੇ ਪੈਸੇ ਮਿਲਣ ਉਹਨਾਂ 'ਚੋਂ ਅੱਧੇ ਤੁਹਾਡੇ ਰਹੇ।" ਹੌਲ਼ੀ ਹੌਲ਼ੀ ਕਰਕੇ ਸਿਆਣਾ ਲਾਟਰੀ ਦੀ ਰਕਮ ਵਧਾਈ ਜਾਵੇ ਤੇ ਲੱਖਾ ਸਿੰਘ ਸਿਆਣੇ ਨੂੰ ਅੱਧ ਦੇ ਦੇਣ ਦਾ ਇਕਰਾਰ ਕਰੀ ਜਾਵੇ। ਜਦੋਂ ਸਿਆਣੇ ਨੇ ਇਕ ਲੱਖ ਦੀ ਲਾਟਰੀ ਨਿਕਲ਼ ਜਾਣ ਦੀ ਸੰਭਾਵਨਾ ਬਾਰੇ ਆਖਿਆ ਤੇ ਲੱਖਾ ਸਿੰਘ ਨੇ ਫਿਰ ਵੀ ਸਿਆਣੇ ਨੂੰ ਰਕਮ ਦਾ ਅੱਧਾ ਹਿੱਸਾ ਦੇ ਦੇਣ ਲਈ ਆਖ ਦਿਤਾ ਤਾਂ ਸਿਆਣਾ ਖ਼ੁਦ ਕੁਰਸੀ ਤੋਂ ਭੁੰਜੇ ਡਿਗ ਪਿਆ।

ਅਜਿਹੀ ਸਾਰੀ ਸਿਖਿਆ ਦੇ ਗਿਆਤਾ ਹੋਣ ਦੇ ਬਾਵਜੂਦ ਮੈਂ ਖ਼ੁਦ ਵੀ ਇਸ ਜਾਲ਼ ਵਿਚ ਫਸ ਗਿਆ। ਹੋਇਆ ਇਹ ਇਉਂ ਕਿ ਕੁਝ ਪੈਨਸ਼ਨ ਵਿਚੋਂ ਕੰਜੂਸੀ ਸਹਿਤ ਕੀਤੀ ਬਚਤ, ਕੁਝ ਪੰਜਾਬੀ ਪਾਠਕਾਂ ਵੱਲੋਂ ਮੇਰੀਆਂ ਕਿਤਾਬਾਂ ਦੀ ਛਪਾਈ ਤੇ ਢੁਆਈ ਹਿਤ ਕੀਤੇ ਗਏ ਖ਼ਰਚ ਵਿਚ ਪਾਏ ਹਿੱਸੇ ਵਿਚੋਂ ਅਤੇ ਕੁਝ ਏਧਰੋਂ ਓਧਰੋਂ ਡਾਲਰ ਡਾਲਰ ਜੋੜ ਕੇ ਮੈ ਇਕੱਠਾ ਕੀਤਾ ਸੀ ਦਸ ਹਜਾਰ ਡਾਲਰ। ਇਹ ਸੋਚ ਸੀ ਕਿ ਅੰਮ੍ਰਿਤਸਰ ਜਾਵਾਂਗਾ ਤੇ ਤਿੰਨ ਕਿਤਾਬਾਂ ਛਪਵਾਵਾਂਗਾ, ਹਿੰਦੁਸਤਾਨ, ਪਾਕਿਸਤਾਨ ਤੇ ਬੰਗਲਾ ਦੇਸ਼ ਦੇ ਗੁਰਧਾਮਾਂ ਦੀ ਯਾਤਰਾ ਕਰਾਂਗਾ, ਜਿਨ੍ਹਾਂ ਸਥਾਨਾਂ ਨੂੰ ਮੇਰੇ ਸਤਿਗੁਰਾਂ ਨੇ ਆਪਣੇ ਪਵਿਤਰ ਚਰਨਾਂ ਦੀ ਛੋਹ ਲਾ ਕੇ ਸੁਭਾਗੇ ਬਣਾਇਆ ਹੋਇਆ ਹੈ। ਜੇਕਰ ਇਹਨਾਂ ਕਾਰਜਾਂ ਤੋਂ

ਕੁਝ ਮਾਇਆ ਬਚ ਗਈ ਤਾਂ ਆਪਣੇ ਪਿੰਡ ਦੇ ਗੁਰਦੁਆਰਾ ਸਾਹਿਬ ਵਿਖੇ, ਭਾਈਆ ਜੀ ਦੀ ਯਾਦ ਵਿਚ, ਯਾਤਰੂਆਂ ਦੇ ਰੈਣ ਬਸੇਰੇ ਲਈ ਇਕ ਕਮਰਾ ਬਣਵਾ ਦਿਆਂਗਾ; ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਬਚਨ, "ਨਰ ਚਾਹਤ ਕਛੁ ਅਉਰ ਅਉਰੈ ਕੀ ਅਉਰੈ ਭਈ॥ (ਪੰਨਾ ੧੪੨੮) ਅਨੁਸਾਰ, ਦਸ ਹਜ਼ਾਰ ਪੂਰੇ ਦਾ ਪੂਰਾ ਹੱਥੋਂ ਕਿਧਰੇ ਖਿਸਕ ਗਿਆ। ਸਿਆਣੇ ਆਖਦੇ ਨੇ ਕਿ ਇਸ ਦੌਲਤ ਦੀਆਂ ਦੋ ਲੱਤਾਂ ਹੁੰਦੀਆਂ ਨੇ। ਇਕ ਲੱਤ ਇਕ ਕੋਲ਼ ਤੇ ਦੂਜੀ ਕਿਸੇ ਹੋਰ ਕੋਲ਼ ਹੁੰਦੀ ਹੈ। ਸ਼ਾਇਦ ਮਾਇਆ ਨੇ ਸੋਚਿਆ ਹੋਵੇਗਾ ਕਿ ਇਸ ਕੰਜੂਸ ਨੇ ਤਾਂ ਮੈਨੂੰ ਵਰਤਣਾ ਨਹੀਂ; ਚਲੋ, ਕਿਸੇ ਹੋਰ ਸ਼ਾਹ-ਖ਼ਰਚ ਵਿਅਕਤੀ ਕੋਲ਼ ਹੀ ਚੱਲਦੇ ਹਾਂ। ਕਬੀਰ ਜੀ ਦਾ ਫੁਰਮਾਨ ਵੀ ਹੈ, "ਸੂਮਹਿ ਧਨੁ ਰਾਖਨ ਕਉ ਦੀਆ ਮੁਗਧੁ ਕਹੈ ਧਨੁ ਮੇਰਾ॥ (ਪੰਨਾ ੪੭੯)। ਮੈ ਉਹਨਾਂ ਡਾਲਰਾਂ ਨੂੰ ਆਪਣਾ ਸਮਝ ਕੇ ਜੱਫਾ ਮਾਰੀ ਰੱਖਿਆ। ਨਾ ਕਿਸੇ ਬੱਚੇ ਨੂੰ ਤੇ ਨਾ ਹੀ ਘਰ ਵਾਲ਼ੀ ਨੂੰ ਇਸ ਦਾ ਭੇਤ ਦਿਤਾ ਕਿ ਮੇਰੇ ਕੋਲ਼ ਕੁਝ ਹੈ। ਨਾ ਹੀ ਬੈਂਕ ਅਕਾਊਂਟ ਵਿਚ ਰੱਖਿਆ ਤਾਂ ਕਿ ਕਿਸੇ ਹੋਰ ਨੂੰ ਨਾ ਇਸ ਦਾ ਪਤਾ ਲੱਗ ਜਾਵੇ ਤੇ ਮੇਰੇ ਸੋਚੇ ਹੋਏ ਕਾਰਜਾਂ ਵਿਚ ਕਿਸੇ ਤਰ੍ਹਾਂ ਦਾ ਵਿਘਨ ਨਾ ਪੈ ਜਾਵੇ। ਇਸ ਲਈ, "ਨਾ ਚੋਰ ਲੱਗੇ ਤੇ ਨਾ ਕੁੱਤਾ ਭੌਂਕੇ।" ਅਰਥਾਤ ਨਾ ਕਿਸੇ ਨੂੰ ਪਤਾ ਲੱਗੇ ਕਿ ਮੇਰੇ ਕੋਲ਼ ਕੁਝ ਹੈ ਤੇ ਨਾ ਹੀ ਕੋਈ ਮੰਗੇ।

ਮੇਰੇ ਸੂਮਤਾਈ ਵਾਲ਼ੇ ਸੁਭਾ ਤੋਂ ਵੀ ਗੱਲ ਚੇਤੇ ਆ ਗਈ। ਮੇਰੇ ਪਰਵਾਰਕ ਮੈਂਬਰ ਮੈਨੂੰ ਕੰਜੂਸ ਹੀ ਸਮਝਦੇ ਹਨ। ਪਟਿਆਲਾ ਯੂਨੀਵਰਸਿਟੀ ਦੇ ਧਾਰਮਿਕ ਵਿਭਾਗ ਦੇ ਹੈਡ, ਡਾ. ਸਰਬਜਿੰਦਰ ਸਿੰਘ ਹੋਰਾਂ ਨੇ ਤਾਂ ਮੇਰਾ ਨਾਂ ਹੀ 'ਤਾਇਆ ਕੰਜੂਸ' ਪਾਇਆ ਹੋਇਆ ਹੈ। ਫਿਰ ਏਨੇ ਲੋਕਾਂ ਦੇ ਵਿਚਾਰ ਗ਼ਲਤ ਕਿਵੇਂ ਹੋ ਸਕਦੇ ਹਨ! ਮੰਨਣਾ ਹੀ ਪਵੇਗਾ ਕਿ ਉਹਨਾਂ ਵਿਚ ਕੁਝ ਨਾ ਕੁਝ ਸਚਾਈ ਦਾ ਅੰਸ਼ ਹੋਵੇਗਾ ਹੀ! ਵੈਸੇ ਮੈਂ ਸੰਜਮੀ ਹੋਣਾ ਗੁਰਮਤਿ ਅਨੁਸਾਰੀ ਸਮਝਦਾ ਹਾਂ। ਕਿਰਪਨ (ਕੰਜੂਸ) ਨੂੰ ਤਾਂ ਗੁਰਬਾਣੀ ਵਿਚ ਨਿਖੇਧਿਆ ਗਿਆ ਹੈ। "ਰੋਵਹਿ ਕਿਰਪਨ ਸੰਚਹਿ ਧਨੁ ਜਾਇ॥" (ਪੰਨਾ ੯੫੦) ਆਖ ਕੇ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੰਜੂਸਾਂ ਬਾਰੇ ਆਖਿਆ ਹੈ ਕਿ ਉਹ ਓਦੋਂ ਰੋਂਦੇ ਹਨ ਜਦੋਂ ਉਹਨਾਂ ਦਾ ਫੂਹੀ ਫੂਹੀ ਕਰਕੇ ਜੋੜਿਆ ਹੋਇਆ ਧਨ ਜ਼ਾਇਆ ਹੋ ਜਾਂਦਾ ਹੈ। ਮੇਰੀ ਮਾਇਆ ਗਵਾਚਣ ਦੀ ਗੱਲ ਨੇ ਕੁਝ ਇਸ ਪ੍ਰਕਾਰ ਹੋਣਾ ਕੀਤਾ:

ਆਪਣੇ ਪੁਰਾਣੇ ਤਿੰਨ ਬੈਡ ਰੂਮਾਂ ਵਾਲ਼ੇ ਘਰ ਵਿਚੋਂ ਮੈਂ ਇਕੋ ਬੈਡ ਰੂਮ ਹੀ ਪ੍ਰਯੋਗਦਾ ਹਾਂ। ਓਸੇ ਵਿਚ ਕੰਪਿਊਟਰ, ਮੰਜਾ, ਕਿਤਾਬਾਂ ਤੇ ਕੱਪੜੇ ਹੁੰਦੇ ਹਨ। ਹੌਲ਼ੀ ਹੌਲ਼ੀ ਜੋੜ ਜੋੜ ਕੇ ਇਕੱਠਾ ਕੀਤਾ ਦਸ ਹਜ਼ਾਰ, ਸੌ ਸੌ ਅਤੇ ਪੰਜਾਹ ਪੰਜਾਹ ਦੇ ਨੋਟਾਂ ਦੀ ਦੱਥੀ ਬਾਰੀ ਵਿਚ ਹੀ ਸੁੱਟ ਛੱਡੀ ਹੋਈ ਸੀ। ਇਕ ਵਾਰੀਂ, ਕਵੀਨਜ਼ਲੈਂਡ ਦੇ ਸ਼ਹਿਰ ਕੇਨਜ਼ ਨੂੰ ਜਾਣ ਸਮੇ, ਐਵੇਂ ਵਿਚਾਰ ਆਇਆ ਕਿ ਪਿੱਛੋਂ ਕਿਤੇ ਕੋਈ ਇਸ ਉਪਰ ਹੱਥ ਹੀ ਨਾ ਸਾਫ ਕਰ ਜਾਵੇ; ਮੈ ਨਾਲ਼ ਹੀ ਚੁੱਕ ਲਵਾਂ! ਇਕ ਕਾਲੇ ਰੰਗ ਦੇ ਪਲਾਸਟਕ ਦੇ ਲਫਾਫੇ ਵਿਚ ਪਾ ਕੇ, ਆਪਣੀ ਜਾਣੇ ਮੈਂ ਕਿਤਾਬਾਂ ਵਾਲ਼ੇ ਅਟੈਚੀਕੇਸ ਵਿਚ ਸੁੱਟ ਲਏ। ਕਿਤਾਬਾਂ ਵਾਲਾ ਅਟੈਚੀ ਬਿਨਾ ਜਿੰਦਰੇ ਤੋਂ ਆਉਣ ਜਾਣ ਸਮੇ ਏਅਰ ਲਾਈਨ ਵਾਲ਼ਿਆਂ ਨੇ ਹੈਂਡਲ ਕੀਤਾ। ਫਿਰ ਤਿੰਨ ਰਾਤਾਂ ਕੇਨਜ਼ ਦੇ ਇਕ ਹੋਟਲ ਵਿਚ ਰਿਹਾ। ਤਿੰਨ ਹਫ਼ਤੇ ਗੁਰਦੁਆਰੇ ਵਿਚ ਵੀ ਇਹ ਅਟੈਚੀ ਪਿਆ ਰਿਹਾ ਤੇ ਮੁੜਦੇ ਸਮੇ ਇਕ ਰਾਤ ਫਿਰ ਹੋਟਲ ਵਿਚ ਰਿਹਾ। ਜਿੰਦਰਾ ਤੇ ਹੈ ਕੋਈ ਨਹੀਂ ਸੀ ਉਸ ਨੂੰ। ਕੀ ਪਤਾ ਕਿੱਥੇ ਕੀ ਹੋ ਗਿਆ! ਮਹੀਨੇ ਪਿੱਛੋਂ ਵਾਪਸੀ ਤੇ ਜਦੋਂ ਉਸ ਵਿਚੋਂ ਨਿਕ ਸੁਕ ਕਢਿਆ ਤਾਂ ਡਾਲਰਾਂ ਵਾਲ਼ਾ ਲਫਾਫਾ ਨਾ ਦਿਸਿਆ। ਸੋਚਿਆ ਕਿ ਜੇ ਮੈਂ ਨਾਲ਼ ਨਹੀਂ ਲੈ ਕੇ ਗਿਆ ਤਾਂ ਜਿਥੇ ਮੈ ਰੱਖਦਾ ਹੁੰਦਾ ਹਾਂ ਓਥੇ ਪਿਆ ਹੋਵੇਗਾ। ਨਾਲ਼ ਖੜਨਾ ਭੁੱਲ ਗਿਆ ਹੋਵਾਂਗਾ! ਵੇਖਿਆ ਤਾਂ ਓਥੇ ਵੀ ਨਹੀਂ ਸੀ। ਸੋਚਿਆ ਕਿ ਪਿੱਛੋਂ ਕਿਤੇ ਘਰ ਵਾਲ਼ੀ ਆਈ ਹੋਵੇਗੀ ਏਧਰ ਤੇ ਉਸ ਨੇ ਪਏ ਵੇਖ ਕੇ ਸਾਂਭ ਲਏ ਹੋਣਗੇ। ਪੁੱਛਣ ਤੇ ਉਸ ਨੇ ਨਾਂਹ ਵਿਚ ਸਿਰ ਹਿਲਾ ਦਿਤਾ। ਫਿਰ ਸੋਚਿਆ ਕਿ ਵੱਡੀ ਬੱਚੀ ਕਿਤੇ ਸਫ਼ਾਈ ਕਰਨ ਲਈ ਆਈ ਨੇ ਸਾਂਭ ਲਿਆ ਹੋਵੇਗਾ! ਓਥੋਂ ਵੀ ਨਾਹ ਹੀ ਮਿਲ਼ੀ। ਫਿਰ ਛੋਟੇ ਪੁੱਤਰ ਨੂੰ ਪੁੱਛਿਆ, ਉਸ ਨੇ ਵੀ ਅਣਜਾਣਤਾ ਪਰਗਟ ਕਰ ਦਿਤੀ। ਫਿਰ ਆਪੇ ਹੀ ਸੋਚਿਆ ਕਿ ਮੈਂ ਕਿਤੇ ਨਾਲ਼ ਖੜਨ ਦੀ ਬਜਾਇ ਗ਼ਲਤੀ ਨਾਲ਼ ਕਿਤਾਬਾਂ ਵਿਚ ਰੱਖ ਗਿਆ ਹੋਣਾ ਵਾਂ ਤੇ ਹੁਣ ਚੇਤਾ ਨਹੀਂ ਆ ਰਿਹਾ ਕਿ ਕਿਸ ਥਾਂ ਰੱਖਿਆ ਸੀ। ਚਲੋ, ਕੋਈ ਗੱਲ ਨਹੀ, ਹੌਲ਼ੀ ਹੌਲ਼ੀ ਲਭ ਜਾਵੇਗਾ। ਮੈ ਕੇਹੜਾ ਹੁਣੇ ਹੀ ਅੰਮ੍ਰਿਤਸਰ ਨੂੰ ਤੁਰਿਆ ਹੋਇਆ ਹਾਂ। ਜਦੋਂ ਜਾਣ ਦਾ ਸਬੱਬ ਬਣਿਆ ਓਦੋਂ ਤੱਕ ਲਭ ਹੀ ਜਾਊ! ਬੱਚਿਆਂ ਨੂੰ ਆਖ ਦਿਤਾ ਕਿ ਜਦੋਂ ਵੀ ਉਹਨਾਂ ਕੋਲ਼ ਕੁਝ ਸਮਾ ਹੋਵੇ ਤਾਂ ਇਕ ਪਾਸਿਉਂ ਮੇਰੀਆਂ ਕਿਤਾਬਾਂ ਨੂੰ ਹੌਲ਼ੀ ਹੌਲ਼ੀ ਫੋਲ ਕੇ, ਡਾਲਰਾਂ ਵਾਲ਼ਾ ਲਫਾਫਾ ਲਭਣ ਦਾ ਯਤਨ ਕਰਨ। ਉਹਨਾਂ ਨੇ ਖਪ ਖਪਾਈ ਕੀਤੀ ਵੀ ਪਰ ਕੁਝ ਹੱਥ ਨਾ ਆਇਆ। ਆਸ ਅਜੇ ਵੀ ਸੀ ਕਿ ਕਿਤੇ ਕਮਰੇ ਵਿਚਲੀਆਂ ਕਿਤਾਬਾਂ ਦੇ ਢੇਰ ਵਿਚ ਹੀ ਏਧਰ ਓਧਰ ਪਿਆ ਹੋਵੇਗਾ! ਕਈ ਮਹੀਨਿਆਂ ਪਿੱਛੋਂ ਜਦੋਂ ਮੈਂ ਮੈਲਬਰਨ ਵਿਚ ਸਾਂ ਤਾਂ ਪੱਕਾ ਯਕੀਨ ਹੋ ਗਿਆ ਕਿ ਉਹ ਮਾਇਆ ਕਾਲ਼ੇ ਰੰਗ ਦੇ ਲਫਾਫੇ ਵਿਚ ਸਵਾਰ ਹੋ ਕੇ ਕਮਰੇ ਤੋਂ ਬਾਹਰ ਜਾ ਚੁੱਕੀ ਹੈ ਤੇ ਹੁਣ ਉਸ ਨੂੰ ਭੁੱਲ ਜਾਣ ਵਿਚ ਹੀ ਭਲਾ ਹੈ। ਘਰੋਂ ਬਾਹਰ ਜਾਣ ਸਮੇ ਮੈਂ ਆਪਣੇ ਕਮਰੇ ਨੂੰ ਜਿੰਦਰਾ ਮਾਰ ਕੇ ਜਾਂਦਾ ਹਾਂ ਤੇ ਫਿਰ ਘਰ ਨੂੰ ਵੀ ਜਿੰਦਰਾ ਵੱਜਾ ਹੁੰਦਾ ਹੈ। ਵੈਸੇ ਜਿੰਦਰੇ ਤਾਂ ਸਾਧਾਂ ਲਈ ਹੁੰਦੇ ਨੇ; ਚੋਰਾਂ, ਡਾਕੂਆਂ, ਲੁਟੇਰਿਆਂ ਅੱਗੇ ਜਿੰਦਰੇ ਵਿਚਾਰੇ ਦੀ ਕੀ ਵਟੀਦੀ ਹੈ! ਕੁਝ ਸਾਲ ਪਹਿਲਾਂ ਏਸੇ ਘਰ ਅਤੇ ਏਸੇ ਕਮਰੇ ਵਿਚੋਂ ਹੀ, ਦਿਨ ਦੀਵੀਂ ਮੋਹਰਲਾ ਬੂਹਾ ਭੰਨ ਕੇ, ਚੋਰ ਜੀ ਮਹਾਂਰਾਜ ਮੇਰਾ ਲੈਪ ਟੌਪ ਲੈ ਗਏ ਸਨ। ਇਸ ਵਾਰੀਂ ਜਦੋਂ ਮੈ ਕੇਨਜ਼ ਤੋਂ ਵਾਪਸ ਆਇਆ ਸੀ ਤਾਂ ਕਮਰੇ ਦਾ ਬੂਹਾ ਵੀ ਖੁਲ੍ਹਾ ਸੀ ਤੇ ਪਿਛਲੇ ਪਾਸਿਉਂ ਰਸੋਈ ਵਾਲ਼ਾ ਬਾਹਰਲਾ ਬੂਹਾ ਵੀ ਖੁਲ੍ਹਾ ਸੀ। ਉਹ ਲਫਾਫਾ ਪਤਾ ਨਹੀ ਮੈਂ ਕਿਤੇ ਬਾਹਰ ਸੁੱਟ ਆਇਆ ਜਾਂ ਪਿੱਛੋਂ ਘਰ ਵਿਚੋਂ ਕੋਈ ਸੱਜਣ ਮੇਰਾ ਭਾਰ ਹੌਲ਼ਾ ਕਰ ਗਿਆ! ਇਸ ਸਚਾਈ ਦਾ

ਪੂਰਨ ਗਿਆਨ ਹੋਣ ਵਿਚ ਕੁਝ ਮਹੀਨੇ ਦਾ ਸਮਾ ਲੱਗ ਗਿਆ ਤੇ ਇਸ ਘਾਟੇ ਲਈ ਮੈਂ ਨਾਲ਼ੋ ਨਾਲ਼ ਮਾਨਸਿਕ ਤੌਰ ਤੇ ਤਿਆਰ ਵੀ ਹੋਈ ਗਿਆ। ਇਕ ਦਮ ਅਸਲੀਅਤ ਦਾ ਸਾਹਮਣਾ ਹੋ ਜਾਣ ਤੇ ਸ਼ਾਇਦ ਮੇਰਾ ਵੀ ਹਾਲ ਉਸ 'ਸਿਆਣੇ' ਵਰਗਾ ਹੀ ਹੋ ਜਾਂਦਾ ਜੇਹੜਾ ਲੱਖਾ ਸਿੰਘ ਵੱਲੋਂ, ਉਸ ਦੀ ਲਾਟਰੀ ਵਿਚੋਂ ਅੱਧ ਅਰਥਾਤ ਪੰਜਾਹ ਹਜ਼ਾਰ ਦੇ ਦੇਣ ਦਾ ਬਚਨ ਸੁਣ ਕੇ ਹੋਇਆ ਸੀ।

ਤਰਨ ਤਾਰਨ ਰਹਿੰਦੇ ਆਪਣੇ ਮਿੱਤਰ ਸ. ਕੁਲਜੀਤ ਸਿੰਘ ਨਾਲ਼ ਫੋਨ ਤੇ ਗੱਲ ਕੀਤੀ ਤਾਂ ਉਸ ਨੇ ਆਖਿਆ, "ਪੰਜਾਹ ਹਜ਼ਾਰ ਰੁਪਏ ਹੀ ਬਣਦੇ ਨੇ ਕਿ! ਫਿਰ ਕੀ ਹੋਇਆ?" ਫਿਰ ਕੁਝ ਸੋਚ ਕੇ ਆਪੇ ਹੀ ਆਖਿਆ, "ਨਹੀਂ ਓਇ, ਇਹ ਤਾਂ ਪੰਜ ਲੱਖ ਤੋਂ ਵੀ ਵਧ ਬਣ ਜਾਂਦੇ ਨੇ!" ਇਕ ਦਿਨ ਸਿੰਘ ਬ੍ਰਦਰਜ਼ ਵਾਲ਼ੇ ਸ. ਗੁਰਸਾਗਰ ਸਿੰਘ ਹੋਰਾਂ ਕੋਲ਼ ਕਿਤਾਬਾਂ ਦੀ ਛਪਾਈ ਸਬੰਧੀ ਵਿਚਾਰ ਵਟਾਂਦਰਾ ਕਰਦਿਆਂ, ਪ੍ਰਸੰਗ ਵੱਸ ਸਹਿਜ ਸੁਭਾ ਗੱਲ ਚੱਲੀ ਤਾਂ ਮੈ ਇਸ ਘਟਨਾ ਦਾ ਜ਼ਿਕਰ ਕਰਦਿਆਂ ਆਖਿਆ ਕਿ ਸਤਿਗੁਰਾਂ ਦੀ ਕਿਰਪਾ ਸਦਕਾ ਕਿਤਾਬਾਂ ਵਾਲ਼ਾ ਕਾਰਜ ਤਾਂ ਹੋ ਗਿਆ ਪਰ ਬਾਕੀ ਦੇ ਦੋ ਰਹਿ ਗਏ। ਉਹਨਾਂ ਦੇ ਪੁੱਛਣ ਤੇ ਜਦੋਂ ਸੰਖੇਪ ਵਿਚ ਮੈਂ, ਮੇਰੇ ਨਾਲ਼ ਇਹ ਨੁਕਸਾਨ ਵਾਲ਼ਾ ਭਾਣਾ ਵਰਤ ਜਾਣ ਵਾਲ਼ੀ ਗੱਲ ਦੱਸੀ ਤਾਂ ਉਹਨਾਂ ਨੇ ਹੈਰਾਨੀ ਨਾਲ਼ ਅੱਖਾਂ ਕੁਝ ਆਮ ਨਾਲ਼ੋਂ ਵਧ ਖੋਹਲ ਕੇ ਆਖਿਆ, "ਰੀਅਲੀ?" ਮੇਰੇ "ਸੱਚੀਂ" ਆਖਣ ਤੇ ਉਹ ਕੁਝ ਹੈਰਾਨੀ ਜਿਹੀ ਨਾਲ਼ ਚੁੱਪ ਕਰ ਗਏ; ਜਿਵੇਂ ਉਹਨਾਂ ਨੂੰ ਯਕੀਨ ਜਿਹਾ ਨਾ ਆਇਆ ਹੋਵੇ! ਕੁਝ ਪਲ ਰੁਕ ਕੇ ਮੈਨੂੰ ਯਾਦ ਆਇਆ ਤੇ ਮੈਂ ਸਹਿਜ ਸੁਭਾ ਹੀ ਆਖਿਆ ਕਿ ਜੇ ਕਿਸੇ ਦਾ ਨੁਕਸਾਨ ਹੋ ਜਾਵੇ ਤਾਂ ਸੱਜਣ, ਮਿੱਤਰ, ਰਿਸ਼ਤੇਦਾਰ, ਵਾਕਫ਼ਕਾਰ ਉਸ ਨਾਲ਼ ਅਫ਼ਸੋਸ ਪਰਗਟ ਕਰਦੇ ਹਨ ਭਾਵੇਂ ਕਿ ਇਸ ਨਾਲ਼ ਪਰਗਟ ਤੌਰ ਤੇ ਉਸ ਨੁਕਸਾਨੇ ਗਏ ਸੱਜਣ ਨੂੰ ਲਾਭ ਕੋਈ ਨਹੀਂ ਹੁੰਦਾ ਪਰ ਬੰਦਾ ਜਦੋਂ ਸੋਚਦਾ ਹੈ ਕਿ ਏਨੇ ਲੋਕ ਮੇਰੇ ਨੁਕਸਾਨ ਤੋਂ ਹੋਏ ਦੁਖ ਵਿਚ ਭਾਈਵਾਲ਼ ਹਨ ਤਾਂ ਉਸ ਨੂੰ ਆਪਣੇ ਅੰਦਰੋਂ ਕੁਝ ਸਕੂਨ ਜਿਹਾ ਮਹਿਸੂਸ ਹੁੰਦਾ ਹੈ। ਮੈਨੂੰ ਤੇ ਨਾ ਕਿਸੇ ਘਰ ਦੇ ਜੀ ਨੇ ਤੇ ਨਾ ਹੀ ਕਿਸੇ ਸੱਜਣ ਮਿੱਤਰ ਨੇ ਅਫ਼ਸੋਸ ਦੇ ਚੰਦ ਸ਼ਬਦ ਆਖੇ। ਉਹਨਾਂ ਨੇ ਅੱਗੋਂ ਆਖਿਆ, "ਤੁਸੀਂ ਤਾਂ ਇਹ ਘਟਨਾ ਇਉਂ ਸੁਣਾਉਂਦੇ ਹੋ ਜਿਵੇਂ ਚੁਟਕਲਾ ਸੁਣਾਈਦਾ ਹੈ; ਅਫ਼ਸੋਸ ਤੁਹਾਡੇ ਨਾਲ਼ ਕੋਈ ਕੀ ਕਰੇ!"

ਮੈਂ ਸੋਚਦਾ ਹਾਂ ਕਿ ਸ਼ਾਇਦ ਸਤਿਗੁਰਾਂ ਨੂੰ ਮੇਰੀਆਂ ਕਮਲ਼ੀਆਂ ਰਮਲ਼ੀਆਂ ਅਜੇ ਕੁਝ ਸਮਾ ਹੋਰ ਸੁਣਦੇ ਰਹਿਣ ਦੀ ਇੱਛਾ ਹੈ ਤੇ ਇਸ ਨੂੰ ਮੁਖ ਰੱਖਦਿਆਂ ਹੋਇਆਂ ਉਹਨਾਂ ਨੇ ਇਹ ਕੌਤਕ ਵਰਤਾਇਆ ਕਿ ਮੈਨੂੰ ਵਾਹਵਾ ਸਮਾ ਮਾਇਆ ਲਭ ਜਾਣ ਦੀ ਹੁੜਕ ਜਿਹੀ ਲੱਗੀ ਰਹੀ ਤੇ ਮੈ ਖੋਤੇ ਅੱਗੇ ਬੱਧੀ ਗਾਜਰ ਮੂੰਹ ਵਿਚ ਪੈ ਜਾਣ ਦੀ ਆਸ ਉਤੇ ਤੁਰਿਆ ਰਿਹਾ; ਨਹੀਂ ਤਾਂ ਸ਼ਾਇਦ ਅਚਾਨਕ ਏਨਾ ਨੁਕਸਾਨ ਹੋ ਜਾਣ ਦੀ ਇਕ ਦਮ ਸਮਝ ਆਉਣ ਤੇ ਮੇਰੀ ਭਿਆਂ ਹੀ ਬੋਲ ਜਾਂਦੀ।

ਗੁਰ ਫੁਰਮਾਨ ਹੈ:

ਸੰਚਤ ਸੰਚਤ ਥੈਲੀ ਕੀਨੀ॥
ਪ੍ਰਭਿ ਉਸ ਤੇ ਡਾਰਿ ਅਵਰ ਕਉ ਦੀਨੀ॥੧॥ (੩੯੨)

# ਤੇਰਾ ਵਿਕਦਾ ਜੈ ਕੁਰੇ ਪਾਣੀ

ਇਹ ਪੂਰੀ ਲੋਕ ਬੋਲੀ ਇਉਂ ਹੈ:

ਤੇਰਾ ਵਿਕਦਾ ਜੈ ਕੁਰੇ ਪਾਣੀ
ਲੋਕਾਂ ਦਾ ਨਾ ਦੁਧ ਵਿਕਦਾ।

ਉਪ੍ਰੋਕਤ ਲੋਕ ਬੋਲੀ ਵਿਚ 'ਜੈ ਕੁਰੇ' ਦਾ ਮਤਲਬ ਹੈ, ਜੈ ਕੌਰ ਨਾਮੀ ਉਹ ਇਸਤਰੀ ਪਾਤਰ ਜਿਸ ਦੀ ਮੌਜੂਦਗੀ ਅਕਸਰ ਹੀ ਮਲਵਈ ਲੋਕ ਗੀਤਾਂ ਵਿਚ ਦ੍ਰਿਸ਼ਟੀਗੋਚਰ ਹੁੰਦੀ ਹੈ।

"ਹਕੂਮਤ ਗਰਮੀ ਦੀ, ਉਗ੍ਰਾਹੀ ਬੇਸ਼ਰਮੀ ਦੀ" ਦੇ ਨਾਲ਼ ਹੀ "ਹੱਟੀ ਨਰਮੀ ਦੀ" ਦੀ ਸਿਆਣਿਆਂ ਦਾ ਕਥਨ ਹੈ। ਇਹ ਹੈ ਵੀ ਠੀਕ ਕਿ ਸੁੰਦਰ ਮੁਖੜੇ ਵਿਚੋਂ ਨਿਕਲ਼ੇ ਸਤਿਕਾਰ ਭਰੇ ਮਿੱਠੇ ਬੋਲ ਆਮ ਤੌਰ ਤੇ ਚੰਗੀ ਸੋਚ ਵਾਲ਼ੇ ਵਿਅਕਤੀਆਂ ਨੂੰ ਪ੍ਰਭਾਵਤ ਕਰਕੇ ਆਪਣੇ ਵੱਲ ਖਿੱਚਦੇ ਹਨ। ਇਸ ਪ੍ਰਥਾਇ ਨੀਤੀ ਵਾਕ ਵੀ ਹੈ:

ਕਊਆ ਕਾ ਕਉ ਧਨ ਹਰੇ ਕੋਇਲ ਕਾ ਕਉ ਧਨ ਦੇਤ?
ਮੀਠੇ ਬਚਨ ਸੁਨਾਇਕੇ ਜ'ਗ ਅਪਨਾ ਕਰ ਲੇਤ।

ਨਾ ਤਾਂ ਕੋਇਲ ਕਿਸੇ ਨੂੰ ਗੱਫੇ ਬਖ਼ਸ਼ਦੀ ਹੈ ਤੇ ਨਾ ਹੀ ਕਾਂ ਕਿਸੇ ਕੁਝ ਵਿਗਾੜਦਾ ਹੈ। ਕੋਇਲ ਦੀ ਸੁਰੀਲੀ ਆਵਾਜ਼ ਹਰੇਕ ਦੇ ਮਨ ਨੂੰ ਲੁਭਾਉਂਦੀ ਹੈ ਅਤੇ ਇਸ ਦੇ ਉਲਟ ਕਾਂ ਦੀ "ਕਾਂ ਕਾਂ' ਕੰਨਾਂ ਨੂੰ ਅਣਸੁਖਾਵੀਂ ਲੱਗਦੀ ਹੈ।

ਏਸੇ ਤਰ੍ਹਾਂ ਸੋਹਣਾ ਮੁਖੜਾ ਮਿੱਠੇ ਤੇ ਅਪਣੱਤ ਭਰੇ ਬਚਨਾਂ ਨਾਲ਼ ਗਾਹਕਾਂ ਨੂੰ ਆਪਣੇ ਵੱਲ ਖਿੱਚਦਾ ਹੈ ਤੇ ਨਾ ਚਾਹੁੰਦਿਆਂ ਹੋਇਆਂ ਵੀ ਵਿਅਕਤੀ ਸੋਚਦਾ ਹੈ ਕਿ ਇਸ ਪਾਸੋਂ ਜਰੂਰ ਕੁਝ ਖ਼੍ਰੀਦਣਾ ਚਾਹੀਦਾ ਹੈ। ਜੇਕਰ "ਬਾਬਾ ਵੀ ਗਰਮ ਤੇ ਬਾਬੇ ਦੀਆਂ ਗੋਲ਼ੀਆਂ ਵੀ ਗਰਮ।" ਵਾਲ਼ੀ ਗੱਲ ਹੋਵੇ ਤਾਂ ਗਾਹਕ ਉਸ ਦੀ ਹੱਟੀ ਤੇ ਕਿਉਂ ਜਾਊ! ਹਾਂ, ਇਹ ਵੱਖਰੀ ਗੱਲ ਹੈ ਕਿ ਜੇਕਰ ਕਿਸੇ ਅਜਿਹੀ ਚੀਜ ਦੀ ਲੋੜ ਪਵੇ ਜੋ ਉਸ 'ਗਰਮ ਬਾਬੇ' ਦੀ ਹੱਟੀ ਤੋਂ ਬਿਨਾ ਹੋਰ ਕਿਤੇ ਨਾ ਮਿਲ਼ਦੀ ਹੋਵੇ ਤਾਂ ਮਜਬੂਰੀ ਵੱਸ ਉਸ ਪਾਸ ਜਾਣਾ ਹੀ ਪੈਂਦਾ ਹੈ। ਇਸ ਲਈ ਇਹ ਕੁਦਰਤੀ ਬਾਤ ਹੈ ਕਿ ਜੇ ਜੈ ਕੌਰ ਆਪਣੀ ਦਿਲਕਸ਼ ਸ਼ਖ਼ਸੀਅਤ ਅਤੇ ਮਿੱਠੇ ਬੋਲਾਂ ਰਾਹੀਂ ਲੋਕਾਂ ਨੂੰ ਪਾਣੀ ਮਿਲ਼ਿਆ ਦੁਧ ਵੀ ਵੇਚੀ ਜਾਵੇ ਤਾਂ ਕੋਈ ਅਣਹੋਣੀ ਬਾਤ ਨਹੀਂ। ਅੰਮ੍ਰਿਤਸਰ ਦੇ ਕਈ ਦੁਕਾਨਦਾਰ ਸਮਰਥਾਵਾਨ ਗਾਹਕ ਨੂੰ ਵੇਖ ਕੇ ਬੜੀ ਖ਼ੁਸ਼ਾਮਦ ਭਰੀ ਬੋਲੀ ਵਿਚ ਦੁਕਾਨ ਦੇ ਅੰਦਰ ਬੈਠਾ ਕੇ, ਚਾਹ ਜਾਂ ਠੰਡਾ ਨਾਂਹ ਨਾਂਹ ਕਰਦਿਆਂ ਵੀ ਬਦੋ ਬਦੀ ਗਾਹਕ ਦੀਆਂ ਨਾਸਾਂ ਵਿਚ ਤੁੰਨ ਦੇਣਗੇ। ਫਿਰ ਗਾਹਕ ਵੀ ਬਿਨਾ ਕੁਝ ਖ਼੍ਰੀਦਿਆਂ ਉਠਣ ਵਿਚ ਸ਼ਰਮਿੰਦਗੀ ਮਹਿਸੂਸ ਕਰਦਾ ਹੈ। ਇਹ ਉਹਨਾਂ ਦੁਕਾਨਦਾਰਾਂ ਦਾ ਗਾਹਕਾਂ ਨੂੰ ਫਸਾਉਣ ਦਾ ਟ੍ਰਿੱਕ ਹੈ।

ਜਿਉਂ ਹੋਸ਼ ਸੰਭਾਲ਼ੀ ਹੈ ਏਹੋ ਹੀ ਸੁਣਦੇ ਆ ਰਹੇ ਹਾਂ ਕਿ ਘਿਓ ਤੇ ਦੁਧ ਸ਼ੁਧ ਨਹੀਂ ਮਿਲ਼ਦੇ। ਇਸ ਬਾਰੇ ਗਾਹਕ ਸਾਰੇ ਯਤਨ ਕਰਨ ਦੇ ਬਾਵਜੂਦ ਵੀ ਤਸੱਲੀ ਅਨਭਵ ਨਹੀਂ ਕਰਦੇ ਕਿ ਇਹ ਦੋਵੇਂ ਵਸਤੂਆਂ ਉਹਨਾਂ ਨੂੰ ਸ਼ੁਧ ਰੂਪ ਵਿਚ ਪਰਾਪਤ ਹੋ ਗਈਆਂ ਹਨ। ਪਾਣੀ ਮਿਲਾਉਣ, ਰਾਤ ਨੂੰ ਖੁਲ੍ਹੇ ਭਾਂਡੇ ਵਿਚ ਪਾ ਕੇ ਰੱਖਣ ਉਪ੍ਰੰਤ, ਉਸ ਉਪਰ ਆਈ ਕਰੀਮ, ਗਾਹਕਾਂ ਨੂੰ ਦੇਣ ਤੋਂ ਪਹਿਲਾਂ ਲਾਹ ਲੈਣ, ਸਪਰੇਟਾ ਦੁਧ ਮਿਲਾਉਣ ਵਰਗੀਆਂ ਘਟਨਾਵਾਂ ਸੁਣਦੇ ਆ ਰਹੇ ਹਾਂ। ਫਿਰ ਇਹ ਵੀ ਸੁਣਨ ਵਿਚ ਆਇਆ ਕਿ ਦੁਧ ਦਾ ਸੰਘਣਾਪਣ ਕਾਇਮ ਰੱਖ ਕੇ ਗਾਹਕਾਂ ਨੂੰ ਧੋਖਾ ਦੇਣ ਲਈ, ਕੁਝ ਦੋਧੀ ਛੱਪੜ ਦੇ ਸੰਘਣੇ ਪਾਣੀ ਦਾ ਪ੍ਰਯੋਗ ਵੀ ਕਰਦੇ ਹਨ। ਅਜਿਹੇ ਦੋਧੀ ਵੱਲੋਂ ਇਕ ਗਾਹਕ ਦੇ ਭਾਂਡੇ ਵਿਚ ਦੁਧ ਪਾਉਣ ਸਮੇ ਦੁਧ ਵਿਚੋਂ ਡੱਡੀ ਭੁੜਕ ਕੇ ਜਦੋਂ ਬਾਹਰ ਆਈ ਤਾਂ ਗਾਹਕ ਨੇ ਦੁਧ ਵਿਚੋਂ ਡੱਡੀ ਨਿਕਲਣ ਦੀ ਸ਼ਿਕਾਇਤ ਕੀਤੀ ਤਾਂ ਸ਼ਰਮਿੰਦਾ ਹੋਣ ਦੀ ਬਜਾਇ ਦੋਧੀ ਨੇ ਆਖਿਆ, "ਹੋਰ ਪਾਈਆ ਦੁਧ ਵਿਚੋਂ ਮੱਝ ਥੋਹੜੀ ਨਿਕਲਣੀ ਸੀ!" ਇਹ ਤਾਂ ਓਹੋ ਗੱਲ ਹੋਈ ਕਿ ਇਕ ਮਰੀਜ਼ ਦੰਦਾਂ ਦੇ ਡਾਕਟਰ ਕੋਲ਼ ਆਪਣਾ ਦੁਖਦਾ ਦੰਦ ਪੁਟਵਾਉਣ ਲਈ ਗਿਆ। ਡਾਕਟਰ ਨੇ ਦੁਖਦੇ ਦੰਦ ਦੇ ਨਾਲ਼ ਦਾ ਦੰਦ ਪੁੱਟ ਘੱਤਿਆ। ਮਰੀਜ਼ ਦੇ ਸ਼ਿਕਾਇਤ ਕਰਨ ਤੇ ਆਪਣੀ ਗ਼ਲਤੀ ਮੰਨਣ ਦੀ ਥਾਂ ਡਾਕਟਰ ਨੇ ਆਖਿਆ ਕਿ ਇਸ ਦੰਦ ਤੇ ਖਲੋ ਕੇ ਕੀੜਾ ਦੁਖਦੇ ਦੰਦ ਉਪਰ ਛਾਲ ਮਾਰਦਾ ਸੀ ਜਿਸ ਕਰਕੇ ਉਹ ਦੰਦ ਦੁਖਦਾ ਸੀ; ਇਸ ਲਈ ਇਸ ਦੰਦ ਦਾ ਪੁੱਟਣਾ ਬਹੁਤ ਜਰੂਰੀ ਸੀ।

ਦੁਧ ਦੀ ਗੱਲ ਫਿਰ ਕਰੀਏ। ਸਾਬਕਾ ਵਾਈਸ ਚਾਂਸਲਰ ਸ. ਸਰਦਾਰਾ ਸਿੰਘ ਜੌਹਲ ਨੇ ਤਾਂ ਆਪਣੀ ਜੀਵਨੀ 'ਰੰਗਾਂ ਦੀ ਗਾਗਰ' ਵਿਚ ਇਕ ਦੋਧੀ ਦੀ ਅਜਿਹੀ ਘਿਨਾਉਣੀ ਝਾਕੀ ਦਾ ਜ਼ਿਕਰ ਕੀਤਾ ਹੈ ਜਿਸ ਤੋਂ ਪਿੱਛੋਂ ਉਹਨਾਂ ਨੇ ਦੁਧ ਵਰਤਣਾ ਹੀ ਤਿਆਗ ਦਿਤਾ। ਪੰਜਾਹ ਕੁ ਸਾਲ ਪਹਿਲਾਂ ਮਝ ਨੂੰ ਚੋਣ ਲਈ ਇਕ ਟੀਕਾ ਲਾਇਆ ਜਾਂਦਾ ਸੀ ਜੋ ਕਿ ਹੁਣ ਸਬਜ਼ੀਆਂ ਦੇ ਬੂਟਿਆਂ ਨੂੰ ਵੀ ਲਾਇਆ ਜਾਂਦਾ ਸੁਣੀਦਾ ਹੈ। ਇਕ ਅਖ਼ਬਾਰ ਵਿਚ ਕਦੀ ਕਿਸੇ ਵਿਦਵਾਨ ਦਾ ਲੇਖ ਪੜ੍ਹਿਆ ਸੀ ਕਿ ਅਜਿਹੇ ਟੀਕੇ ਲੱਗਣ ਵਾਲ਼ੇ ਡੰਗਰਾਂ ਦੇ ਮਰਨ ਉਪ੍ਰੰਤ ਉਹਨਾਂ ਦਾ ਮਾਸ ਖਾਣ ਕਰਕੇ, ਇੱਲਾਂ ਦੀ ਜਣਨ ਸ਼ਕਤੀ ਖ਼ਤਮ ਹੋ ਗਈ ਹੈ ਤੇ ਇਸ ਕਰਕੇ ਪੰਜਾਬ ਵਿਚੋਂ ਉਹਨਾਂ ਦਾ ਖ਼ਾਤਮਾ ਹੋ ਰਿਹਾ ਹੈ। ਜੇ ਇਹ ਗੱਲ ਸੱਚ ਹੈ ਤਾਂ ਫਿਰ ਭਾਰਤ ਵਿਚਲੀ ਮਨੁਖੀ ਆਬਾਦੀ ਵੀ ਘਟਣੀ ਚਾਹੀਦੀ ਸੀ ਕਿਉਂਕਿ ਉਹ ਅਜਿਹਾ ਟੀਕਾ ਲਾ ਕੇ ਚੋਏ ਗਏ ਦੁਧ ਨੂੰ ਪੀਂਦੇ ਹਨ ਪਰ ਉਹ ਤਾਂ ਦਿਨ ਦੂਣੀ ਤੇ ਰਾਤ ਚੌਗਣੀ ਛੜੱਪੇ ਮਾਰ ਮਾਰ ਵਧ ਰਹੀ ਹੈ।

ਹੁਣ ਕੁਝ ਸਾਲਾਂ ਤੋਂ ਪਤਾ ਲਗਾ ਹੈ ਕਿ ਖੇਤਾਂ ਵਿਚ ਫਸਲਾਂ ਨੂੰ ਕੁਦਰਤੀ ਸਮੇ ਨਾਲ਼ੋਂ ਪਹਿਲਾਂ ਵਡੇਰਾ ਕਰਨ ਲਈ ਪਾਈ ਜਾਣ ਵਾਲੀ ਯੂਰੀਆ ਖਾਦ ਦਾ ਦੁਧ ਬਣਾ ਕੇ ਦੇਸ ਵਿਚ ਵੇਚਿਆ ਜਾ ਰਿਹਾ ਹੈ। ਇਕ ਦਿਨ ਅੰਮ੍ਰਿਤਸਰ ਵਿਚ ਆਪਣੇ ਛੋਟੇ ਭਰਾ ਸ. ਦਲਬੀਰ ਸਿੰਘ ਨਾਲ਼ ਇਸ ਨਵੀ ਕਾਢ ਦਾ ਜ਼ਿਕਰ ਹੋਇਆ ਤਾਂ ਉਸ ਦਾ ਵਿਚਾਰ ਇਹ ਸੀ ਕਿ ਏਨੇ ਸਾਲਾਂ ਤੋਂ ਅਸੀਂ ਯੂਰੀਆ ਖਾਦ ਦਾ ਬਣਿਆ ਦੁਧ ਪੀਂਦੇ ਆ ਰਹੇ ਹਾਂ ਤੇ ਸਾਡਾ ਕੁਝ ਨਹੀਂ ਵਿਗੜਿਆ; ਨਾ ਅਸੀਂ ਹਸਪਤਾਲ ਵਿਚ ਪਏ ਹਾਂ ਤੇ ਨਾ ਹੀ ਅਜੇ ਮੜ੍ਹੀਆਂ ਵਿਚ ਪੁੱਜੇ ਹਾਂ; ਤਾਂ ਇਸ ਦਾ ਮਤਲਬ ਹੈ ਕਿ ਅਜਿਹਾ ਦੁਧ ਸਾਡੇ ਲਈ ਕੋਈ ਹਾਨੀਕਾਰਕ ਨਹੀਂ। ਮਨ ਵਿਚ ਉਸ ਦੀ ਇਹ ਦਲੀਲ ਸੁਣ ਕੇ ਵਿਚਾਰਿਆ ਕਿ ਜਦੋਂ ਏਹੀ ਯੂਰੀਆ ਖਾਦ ਖੇਤ ਵਿਚ ਪੈ ਕੇ, ਮਝਾਂ ਦਾ ਚਾਰਾ ਉਗਾਉਂਦੀ ਹੈ ਤੇ ਉਹ ਚਾਰਾ ਖਾ ਕੇ ਮਝ ਦੁਧ ਦਿੰਦੀ ਹੈ; ਤੇ ਜੇ ਇਹ ਯੂਰੀਆ ਖਾਦ, ਉਹਨਾਂ ਕਾਰਖਾਨੇਦਾਰਾਂ ਦੀ ਕਿਰਪਾ ਨਾਲ਼, ਨਕਲੀ ਦੁਧ ਦੇ ਰੂਪ ਵਿਚ, ਸਿਧੀ ਸਾਡੇ ਅੰਦਰ ਜਾਂਦੀ ਹੈ ਤਾਂ ਸਾਡੇ ਲਈ ਨੁਕਸਾਨ ਦੀ ਥਾਂ ਸ਼ਕਤੀ ਵਰਧਕ ਦਾ ਕਾਰਜ ਹੀ ਕਰਦੀ ਹੋਵੇਗੀ! ਇਸ ਬਾਰੇ ਏਨਾ ਵਾ-ਵੇਲ਼ਾ ਕਰਨ ਦੀ ਕੀ ਲੋੜ ਹੈ! ਫਿਰ ਪ੍ਰੈਸ ਵਿਚ ਇਹ ਖ਼ਬਰ ਵੀ ਪੜ੍ਹੀ ਸੀ ਕਿ ਦੇਸ ਵਿਚ ੬੭% ਦੁਧ ਇਸ ਪ੍ਰਕਾਰ ਨਕਲੀ ਹੀ ਤਿਆਰ ਕਰਕੇ ਵੇਚਿਆ ਜਾ ਰਿਹਾ ਹੈ। ਫ਼ਰਜ਼ ਕਰੋ ਜੇ ਅਜਿਹਾ ਨਕਲੀ ਦੁਧ ਬੰਦ ਹੋ ਜਾਵੇ ਤਾਂ ਲੋਕ ਚਾਹ, ਸ. ਸਰਦਾਰਾ ਸਿੰਘ ਜੌਹਲ ਵਾਂਗ, ਮਾਰੂ ਹੀ ਪੀਣ ਲਈ ਮਜਬੂਰ ਹੋਣਗੇ! ਮੈਂ ਤਾਂ ਅਜਿਹਾ ਦੁਧ ਆਪਣੇ ਅੰਦਰ ਲੰਘਾਉਣ ਦਾ ਹੌਸਲਾ ਨਹੀਂ ਕਰ ਸਕਿਆ। ਸਿਡਨੀ ਤੋਂ ਅੰਮ੍ਰਿਤਸਰ ਜਾਣ ਸਮੇ ਏਥੋਂ ਦੇ ਦੁਧ ਦੇ ਪਾਊਡਰ ਦਾ ਇਕ ਡੱਬਾ ਆਪਣੇ ਨਾਲ਼ ਚੁੱਕ ਖੜਦਾ ਹਾਂ। ਜਦੋਂ ਅੰਮ੍ਰਿਤਸਰ ਵਿਚ ਛੋਟੇ ਭਰਾ ਸੇਵਾ ਸਿੰਘ ਦੇ ਘਰ ਚਾਹ ਪੀਵਾਂ ਤਾਂ ਇਕ ਕੱਪ ਚਾਹ ਵਿਚ ਓਥੋਂ ਦੇ ਯੂਰੀਆਈ ਦੁਧ ਦੀ ਥਾਂ ਇਕ ਚਿਮਚਾ ਉਸ ਪਾਊਡਰ ਦਾ ਪਾ ਲੈਂਦਾ ਹਾਂ ਪਰ ਜਦੋਂ ਕਿਸੇ ਰਿਸ਼ਤੇਦਾਰ ਜਾਂ ਸੱਜਣ ਨੂੰ ਮਿਲਣ ਜਾਣਾ ਹੋਵੇ ਤਾਂ ਚਾਹ ਤਾਂ ਜਿਵੇਂ ਓਥੇ ਬਣੀ ਹੋਵੇ ਓਵੇਂ ਹੀ ਪੀਣੀ ਪੈਂਦੀ ਹੈ। ਉਹ ਤਾਂ ਉਹਨਾਂ ਨੇ ਪਿਆਉਣੀ ਹੀ ਪਿਆਉਣੀ ਹੁੰਦੀ ਹੈ ਭਾਵੇਂ ਕਿੰਨੀ ਵੀ ਨਾਂਹ ਨੁਕਰ ਕਰੀਏ। ਜਿੰਨਾ ਚਿਰ ਚਾਹ ਡੱਫ਼ ਨਾ ਲਈਏ ਓਨਾ ਚਿਰ ਉਹਨਾਂ ਨੇ ਕੋਈ ਹੋਰ ਗੱਲ ਕਰਨ ਹੀ ਨਹੀਂ ਦੇਣੀ। ਅਸੀਂ ਬਾਹਰੋਂ ਲੱਖਾਂ ਕਿਰਾਏ ਦੇ ਖ਼ਰਚ ਕੇ ਦੇਸ ਵਿਚ ਮਿੱਤਰ ਪਿਆਰਿਆਂ ਨੂੰ ਮਿਲਣ, ਰਾਜੀ ਖੁਸੀ ਦੱਸਣ ਪੁੱਛਣ ਜਾਂਦੇ ਹਾਂ ਤੇ ਸਾਡੇ ਪਾਸ ਸਮਾ ਵੀ ਥੋਹੜਾ ਹੁੰਦਾ ਹੈ। ਉਸ ਥੋਹੜੇ ਸਮੇ ਵਿਚ ਹੀ ਅਸੀਂ ਵਧ ਤੋਂ ਵਧ ਸੱਜਣਾਂ ਸਨੇਹੀਆਂ ਨੂੰ ਉਹਨਾਂ ਦੇ ਘਰੀਂ ਜਾਂ ਦਫ਼ਤਰਾਂ ਵਿਚ ਜਾ ਕੇ ਮਿਲਣ ਦਾ ਯਤਨ ਕਰਦੇ ਹਾਂ ਪਰ ਫਿਰ ਵੀ ਕਈਆਂ ਨੂੰ ਮਿਲ਼ਿਆਂ ਬਿਨਾ ਹੀ ਵਾਪਸ ਮੁੜਨਾ ਪੈਂਦਾ ਹੈ। ਫਿਰ ਜਿਸ ਨੂੰ ਵੀ ਮਿਲ਼ਣ ਜਾਈਏ ਉਸ ਨੇ ਚਾਹ ਪਿਆਉਣੀ ਹੀ ਪਿਆਉਣੀ ਹੈ। ਇਹ ਤਾਂ ਹੋ ਨਹੀਂ ਸਕਦਾ ਕਿ ਠਹਿਰੋ, ਮੈ ਆਪਣੇ ਝੋਲ਼ੇ ਵਿਚੋਂ ਦੁਧ ਦਾ ਪਾਊਡਰ ਕਢ ਕੇ ਪਾ ਲਵਾਂ। ਫਿਰ ਇਹ ਵੀ ਨਹੀਂ ਹੁੰਦਾ ਕਿ ਉਹ ਚਾਹ ਬਣਾਉਣ ਤੋਂ ਪਹਿਲਾ ਉਹ ਪੁਛਣ। ਉਹ ਤਾਂ ਉਹਨਾਂ ਨੇ ਬਿਨਾ ਪੁੱਛਿਆਂ ਹੀ ਲਿਆ ਅੱਗੇ ਧਰਨੀ ਹੁੰਦੀ ਹੈ। ਸੋਚੋ, ਇਕ ਬੰਦਾ ਇਕ ਦਿਨ ਵਿਚ ਕਿੰਨੀ ਕੁ ਵਾਰ ਚਾਹ ਪੀ ਸਕਦਾ ਹੈ!

ਲੇਖ ਦੇ ਸ਼ੁਰੂ ਵਿਚ ਘਿਓ ਦਾ ਜ਼ਿਕਰ ਵੀ ਆਇਆ ਸੀ। ਇਸ ਬਾਰੇ ਵੀ ਚੰਦ ਸ਼ਬਦ ਏਥੇ ਦੁਹਰਾ ਹੀ ਲਈਏ। ਪੰਜਾਬ ਵਿਚ ਦੁਧ ਵਾਂਙ ਹੀ ਘਿਓ ਬਾਰੇ ਵੀ ਬੇਇਤਬਾਰੀ ਦਾ ਹੀ ਪ੍ਰਗਟਾਵਾ ਹੁੰਦਾ ਸੁਣਦੇ ਆ ਰਹੇ ਹਾਂ। ਸ਼ੁਧ ਦੁਧ ਵਾਂਙ ਹੀ ਸ਼ੁਧ ਘਿਓ ਲਭਣਾ ਵੀ ਮੁਸ਼ਕਲ ਸਮਝਿਆ ਜਾਂਦਾ ਹੈ। ਗੁਰਦੁਆਰਾ ਸਾਹਿਬਾਨ ਵਿਚ ਹਮੇਸ਼ਾਂ ਕੜਾਹ ਪ੍ਰਸ਼ਾਦ (ਪ੍ਰਸ਼ਾਦਿ ਨਹੀਂ) ਦੇਸੀ ਘਿਓ ਦਾ ਹੀ ਬਣਾਇਆ ਜਾਂਦਾ ਸੀ ਤੇ ਹੈ। ਇਹ ਗੱਲ ਵੱਖਰੀ ਹੈ ਕਿ ਦੇਸੀ ਘਿਓ ਦੇ ਨਾਂ ਤੇ ਮੁਰਦਾ ਡੰਗਰਾਂ ਦੀ ਚਰਬੀ ਵੇਚੀ ਜਾਂਦੀ ਹੈ। ਸਭ ਤੋਂ ਪਹਿਲਾਂ ਇਸ ਗੱਲ ਦਾ ਪ੍ਰਗਟਾਵਾ, ੧੯੬੬ ਵਿਚ ਧਰਮਵੀਰ ਦੇ ਗਵਰਨਰੀ ਰਾਜ ਸਮੇ ਹੋਇਆ ਸੀ ਕਿ ਜਿਥੇ ਕਾਰਖਾਨੇਦਾਰ ਸਾਨੂੰ ਗਰਮ ਮਸਾਲੇ ਦੇ ਨਾਂ ਤੇ ਖੋਤਿਆਂ ਦੀ ਲਿੱਦ ਖਵਾਉਂਦੇ ਹਨ ਓਥੇ ਦੇਸੀ ਘਿਓ ਦੇ ਨਾਂ ਤੇ ਮੁਰਦਾ ਡੰਗਰਾਂ ਦੀ ਚਰਬੀ ਵੀ ਛਕਾਉਂਦੇ ਹਨ। ਭਾਵੇਂ ਕਿ ਧਰਮਵੀਰ ਜੀ ਕਿਸੇ ਮਨੁਖ ਦੋਖੀ ਨੂੰ ਸਜਾ ਤੇ ਨਾ ਦਿਵਾ ਸਕੇ ਕਿਉਂਕਿ ਉਹ ਸਿਰਫ ਛੇ ਮਹੀਨੇ ਹੀ ਇਸ ਪਦਵੀ ਉਪਰ ਰਹੇ ਸਨ ਪਰ ਇਕ ਵਾਰੀ ਇਹਨਾਂ ਭੱਦਰ ਪੁਰਸ਼ਾਂ ਦੇ ਮੂੰਹ ਕਾਲ਼ੇ ਕਰਵਾ ਕੇ, ਬਾਜ਼ਾਰਾਂ ਵਿਚ ਜਲੂਸ ਦੇ ਰੂਪ ਵਿਚ ਮਾਰਚ ਜਰੂਰ ਕਰਵਾ ਗਏ ਸਨ।

ਦੇਸੀ ਘਿਓ ਦੇ ਨਾਂ ਤੇ ਅਜਿਹੀਆਂ ਠੱਗੀਆਂ ਹੁੰਦੀਆਂ ਵੇਖ ਸੁਣ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਤਤਕਾਲੀ ਪ੍ਰਧਾਨ, ਸੰਤ ਚੰਨਣ ਸਿੰਘ ਜੀ ਨੇ ਗੁਰਦੁਆਰਾ ਸਾਹਿਬਾਨ ਵਿਖੇ ਬਣਨ ਵਾਲ਼ੇ ਕੜਾਹ ਪ੍ਰਸ਼ਾਦ ਵਾਸਤੇ, ਸਮੇਤ ਸ੍ਰੀ ਦਰਬਾਰ ਸਾਹਿਬ ਦੇ, ਖਜੂਰ ਦੀ ਫੋਟੋ ਵਾਲਾ ਮੋਹਰ ਬੰਦ ਡੱਬਿਆਂ ਵਾਲ਼ਾ ਡਾਲਡਾ ਘਿਓ ਵਰਤਣਾ ਸ਼ੁਰੂ ਕਰਵਾ ਦਿਤਾ ਸੀ। ੧੯੬੭ ਦੇ ਜਨਰਲ ਇਜਲਾਸ ਸਮੇ ਵਿਰੋਧੀ ਧਿਰ ਦੇ, ਅੰਮ੍ਰਿਤਸਰ ਤੋਂ ਚੁਣੇ ਹੋਏ ਮੈਂਬਰ, ਸਰਦਾਰ ਖੁਰਾਣਾ ਜੀ ਨੇ ਉਸ ਇਜਲਾਸ ਵਿਚ ਇਹ ਸਵਾਲ ਉਠਾ ਦਿਤਾ। ਸੰਗਤਾਂ ਵਿਚ ਰੌਲ਼ਾ ਪੈਣ ਤੋਂ ਪਹਿਲਾਂ ਹੀ ਚੁਪ ਚਾਪ ਫਿਰ ਦੇਸੀ ਘਿਓ ਦੇ ਨਾਂ ਤੇ ਜੋ ਕੁਝ ਮਿਲ਼ਦਾ ਸੀ, ਓਹੀ ਵਰਤਣਾ ਸ਼ੁਰੂ ਦਿਤਾ। ਫਿਰ ੧੯੯੩ ਵਿਚ ਬਠਿੰਡੇ ਸ਼ਹਿਰ ਵਿਚ ਇਕ ਬਾਣੀਏ ਦਾ ਅਜਿਹਾ ਕਾਰਖਾਨਾ ਫੜਿਆ ਗਿਆ ਜੋ ਹੱਡਾਰੋੜੀ ਵਿਚ ਡੰਗਰਾਂ ਦੀ ਖੱਲ ਲਾਹੁਣ ਵਾਲ਼ਿਆਂ ਨਾਲ਼ ਗਿੱਟ ਮਿੱਟ ਕਰਕੇ, ਓਥੋਂ ਚਰਬੀ ਮੰਗਵਾਉਣ ਦੇ ਨਾਲ਼ ਨਾਲ਼ ਉਸ ਕਾਰਖਾਨੇਦਾਰ ਨੇ ਇਕ ਬਹੁਤ ਵੱਡਾ ਹੰਬਲਾ ਹੋਰ ਮਾਰਿਆ। ਸਾਬਣ ਵਿਚ ਵਰਤਣ ਦਾ ਬਹਾਨਾ ਲਾ ਕੇ ਆਸਟ੍ਰੇਲੀਆ ਤੋਂ ਗਾਈਆਂ ਦੀ ਚਰਬੀ ਮੰਗਵਾ ਕੇ, ਉਸ ਦਾ ਘਿਓ ਬਣਾ ਕੇ ਵੇਚਦਾ ਰਿਹਾ ਜਿਸ ਘਿਓ ਦੀ ਬੜੀ ਮੰਗ ਹੁੰਦੀ ਸੀ। ਭੇਦ ਖੁਲ੍ਹਣ ਤੇ ਪੜਤਾਲ ਸ਼ੁਰੂ ਹੋਈ ਤਾਂ ਜੋ ਪੜਤਾਲੀਆ ਅਫ਼ਸਰ ਉਸ ਦੀ ਮਰਜੀ ਅਨੁਸਾਰ ਪੜਤਾਲ ਨਹੀਂ ਸੀ ਕਰ ਰਿਹਾ, ਉਸ ਨੂੰ ਫੌਰਨ ਬਦਲਵਾ ਕੇ, ਆਪਣੀ ਮਰਜੀ ਦਾ ਪੜਤਾਲੀਆ ਅਫ਼ਸਰ ਲਵਾ ਲਿਆ। ਇਸ ਘਿਨਾਉਣੇ ਗੁਨਾਹ ਦੀ ਕਿਸੇ ਨੂੰ ਕੋਈ ਸਜਾ

ਹੋਈ ਹੋਵੇ, ਸੁਣਨ ਵਿਚ ਨਹੀਂ ਆਈ। ਘਿਓ ਬਾਰੇ ਅਜਿਹੀਆਂ ਗੱਲਾਂ ਸੁਣ ਕੇ ਹੀ ਸੰਤ ਜੀ ਨੇ ਡਾਲਡਾ ਵਰਤਣਾ ਸ਼ੁਰੂ ਕਰਵਾ ਦਿਤਾ ਸੀ। ਇਸ ਨਾਲ ਇਹ ਤਾਂ ਪਤਾ ਲੱਗਦਾ ਸੀ ਕਿ ਕੜਾਹ ਪ੍ਰਸ਼ਾਦ ਵਿਚ ਕੀ ਖਾਧਾ ਜਾ ਰਿਹਾ ਹੈ। ਦੇਸੀ ਘਿਓ ਵਾਂਙ ਨਹੀਂ ਕਿ ਡੰਗਰਾਂ ਦੀ ਚਰਬੀ ਦੇਸੀ ਘਿਓ ਦੇ ਭੁਲੇਖੇ ਖਾਧੀ ਜਾ ਰਹੀ ਹੈ।

ਨਕਲੀ ਦੁਧ ਘਿਓ ਵਰਗਾ ਹੀ ਹਾਲ ਕੁਝ ਨਕਲੀ ਧਰਮੀਆਂ ਦਾ ਹੈ। ਆਏ ਦਿਨ ਸਿੱਖਾਂ ਵੱਲੋਂ ਪ੍ਰੈਸ ਵਿਚ ਦੁਹਾਈ ਪਾਈ ਜਾ ਰਹੀ ਹੈ ਕਿ ਫਲਾਣੇ ਸਾਧ ਨੇ ਆਹ ਕਰ ਦਿਤਾ; ਢਿਮਕੇ ਸਾਧ ਨੇ ਅਹੁ ਕਰ ਦਿਤਾ। ੧੯੭੮ ਤੋਂ ਗਾਹੇ ਬਗਾਹੇ ਇਹਨਾਂ ਡੇਰੇਦਾਰਾਂ ਨਾ਼ਲ ਹਥਿਆਰ ਬੰਦ ਟੱਕਰਾਂ ਵੀ ਹੁੰਦੀਆਂ ਆ ਰਹੀਆਂ ਹਨ। ਅਜਿਹੀਆਂ ਮੁੱਠ ਭੇੜਾਂ ਵਿਚ ਜੋਸ਼ੀਲੇ ਗਭਰੂ ਜੋਸ਼ ਵਿਚ ਆ ਕੇ ਆਪਣੀਆ ਜਾਨਾਂ ਵੀ ਗਵਾ ਬੈਠਦੇ ਹਨ ਪਰ ਉਹਨਾਂ ਨੂੰ ਚੁੱਕ ਕੇ ਬ਼ਲਦੀ ਦੇ ਬੁੱਥੇ ਦੇਣ ਵਾ਼ਲੇ ਆਗੂ ਆਪ ਸੁਰੱਖਿਅਤ ਰਹਿੰਦੇ ਹਨ ਤੇ ਨਾ ਹੀ ਆਪਣੇ ਟੱਬਰ ਦੇ ਜੀਆਂ ਨੂੰ ਤੱਤੇ ਥਾਂ ਪੈਰ ਰੱਖਣ ਦਿੰਦੇ ਹਨ। ਪੰਜਾਬ ਅਤੇ ਸਿੱਖ ਕੌਮ ਦੀ ਤ੍ਰਾਸਦੀ ਦਾ ਕਾਰਨ ਵੀ ੧੯੭੮ ਵਾ਼ਲੀ ਖ਼ੂਨੀ ਝੜਪ ਹੀ ਬਣੀ ਸੀ ਜਿਸ ਨੇ ਸਵਾ ਦਹਾਕਾ ਪੰਜਾਬੀਆਂ ਨੂੰ ਆਮ ਕਰਕੇ ਅਤੇ ਸਿਖਾਂ ਨੂੰ ਖਾਸ ਕਰਕੇ ਸੂ਼ਲਾਂ ਦੀ ਸੇਜ ਤੇ ਪਾਈ ਰੱਖਿਆ। ਸ਼ਾਇਦ ਏਨਾ ਧਾਰਮਿਕ, ਸਮਾਜਕ, ਆਰਥਿਕ, ਇਖਲਾਕੀ, ਸਿਆਸੀ ਪੱਖੋਂ ਸਿੱਖ ਕੌਮ ਦਾ ਘਾਣ, ਅਠਾਰਵੀਂ ਸਦੀ ਦੌਰਾਨ, ਮੁਗਲਾਂ ਦੀ ਹਕੂਮਤ ਸਮੇ ਵੀ ਨਾ ਹੋਇਆ ਹੋਵੇ ਜਿੰਨਾ ਇਸ ਸਮੇ ਦੌਰਾਨ ਹੋਇਆ।

ਆਏ ਦਿਨ ਸਿੱਖਾਂ ਨਾ਼ਲ ਸ਼ਰਾਰਤ ਹੁੰਦੀ ਹੀ ਰਹਿੰਦੀ ਹੈ। ਕਦੀ ਫਿਲਮਾਂ ਵਿਚ ਸਿੱਖਾਂ ਦੀ ਕਿਰਦਾਰ ਕੁਸ਼ੀ ਕੀਤੀ ਜਾਂਦੀ ਹੈ ਤੇ ਕਦੀ ਮੀਡੀਆ ਵਿਚ। ਪਤਾ ਨਹੀ ਕਿੰਨੇ ਕੁ ਡੇਰੇ ਤੇ ਸੰਪਰਦਾਵਾਂ ਵੱਲੋਂ ਸਰਕਾਰੀ ਸ਼ਹਿ ਨਾ਼ਲ, ਮੁਖ ਪੰਥਕ ਧਾਰਾ ਤੋਂ ਸਿੱਖ ਜਨਤਾ ਨੂੰ ਤੋੜ ਕੇ, ਆਪੋ ਆਪਣੇ 'ਬਾਬਿਆਂ' ਦੀ ਸੇਵਕ ਬਣਾਇਆ ਜਾ ਰਿਹਾ ਹੈ। ਸਿੱਖਾਂ ਕੋ਼ਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦਲ ਵਰਗੀਆਂ, ਸਮੇ ਦੀਆਂ ਹਾਣੀ ਜਥੇਬੰਦੀਆਂ ਹੋਣ ਦੇ ਬਾਵਜੂਦ ਵੀ ਕਰੋੜਾਂ ਦੀ ਗਿਣਤੀ ਵਿਚ ਸਿੱਖ ਜਨਤਾ, ਇਹਨਾਂ ਡੇਰਿਆਂ ਦੇ ਆਗੂਆਂ ਦੀ ਸ਼ਕਲ ਸਿੱਖਾਂ ਵਰਗੀ ਹੋਣ ਕਰਕੇ, ਇਹਨਾਂ ਦੇ ਸ਼ਰਧਾਲੂ ਬਣ ਰਹੇ ਹਨ। ਇਕ ਡੇਰੇ ਦਾ ਮਸਲਾ ਹੱਲ ਹੁੰਦਾ ਨਹੀਂ ਤੇ ਦੂਜਾ ਸ਼ੁਰੂ ਹੋ ਜਾਂਦਾ ਹੈ। ਨਿਰੰਕਾਰੀਆਂ ਦਾ ਸੱਤਰਵਿਆਂ ਤੋਂ ਚੱਲਿਆ ਆ ਰਿਹਾ ਝਗੜਾ ਅਜੇ ਠੰਡਾ ਨਹੀਂ ਸੀ ਪਿਆ ਤਾਂ ਭਨਿਆਰੇ ਵਾ਼ਲਾ ਚੱਲ ਪਿਆ। ਉਸ ਦੇ ਨਾ਼ਲ ਹੀ ਅਸ਼ੁਤੋਸ਼ ਵਾ਼ਲਾ ਸ਼ੁਰੂ ਹੋ ਗਿਆ। ਉਹ ਅਜੇ ਅਧ ਅਸਮਾਨੇ ਹੀ ਲਟਕਿਆ ਹੋਇਆ ਹੈ ਤੇ ਸਿਰਸੇ ਵਾਲੇ ਨੇ ਗੁਰੂ ਗੋਬਿੰਦ ਸਿੰਘ ਜੀ ਦਾ ਸਵਾਂਗ ਰਚ ਕੇ ਨਵਾਂ ਦੁਫੇੜ ਖੜ੍ਹਾ ਕਰ ਦਿਤਾ। ਸਾਨੂੰ ਆਪਣੇ ਅੰਦਰ ਵੀ ਝਾਤੀ ਮਾਰਨ ਦੀ ਲੋੜ ਹੈ ਕਿ ਕਿਤੇ ਸਾਡੀਆਂ ਆਗੂ ਜਥੇਬੰਦੀਆਂ ਦੇ ਕਰਿੰਦਿਆਂ ਦੇ ਵਤੀਰੇ ਵਿਚ ਤਾਂ ਕੋਈ ਘਾਟ ਨਹੀ! ਜੇਕਰ ਕਰੋੜਾਂ ਦੀ ਗਿਣਤੀ ਵਿਚ ਇਕ 'ਸੰਤ' ਦੇ ਮਗਰ ਦੁਨੀਆ ਲੱਗ ਤੁਰਦੀ ਹੈ ਤਾਂ ਕੁਝ ਤਾਂ ਉਸ ਪਾਸ ਹੋਵੇਗਾ ਹੀ! ਉਹਨਾਂ ਦੇ ਮਗਰ ਦੁਨੀਆ ਕੇਵਲ ਲੱਗਦੀ ਹੀ ਨਹੀ ਬਲਕਿ ਸਭ ਕੁਝ ਉਹਨਾਂ ਤੋਂ ਵਾਰ ਦੇਣ ਲਈ ਵੀ ਤਿਆਰ ਰਹਿੰਦੀ ਹੈ। ਇਸ ਦੀ ਇਕ ਮਿਸਾਲ ਮੈ ਦਿੰਦਾ ਹਾਂ। ਤੁਸੀਂ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਜਾਂ ਕਿਸੇ ਹੋਰ ਕਮੇਟੀ ਦੇ ਪ੍ਰਬੰਧ ਵਾ਼ਲੇ ਗੁਰਦੁਆਰੇ ਜਾਉ ਤਾਂ ਓਥੋਂ ਦੇ ਸੇਵਕਾਂ ਦੇ ਵਤੀਰੇ ਤੋਂ ਤੁਹਾਨੂੰ ਪਤਾ ਲੱਗ ਜਾਏਗਾ ਕਿ ਉਹ ਆਏ ਸ਼ਰਧਾਲੂਆਂ ਨਾ਼ਲ ਕਿਵੇਂ ਪੇਸ਼ ਆਉਂਦੇ ਹਨ! ਇਸ ਦੇ ਉ਼ਲਟ ਆਪਣੇ ਨਾ਼ਲ ਥੋਹੜਾ ਹੀ ਸਮਾ ਹੋਇਆ ਵਾਪਰੀ ਘਟਨਾ ਦੱਸਦਾ ਹਾਂ। ਮੈ ਸਿਡਨੀ ਦੇ ਗੁਰਦੁਆਰਾ ਸਾਹਿਬ ਦੇ ਲੰਗਰ ਹਾਲ ਵਿਚ ਬੈਠਾ ਹੋਇਆ ਸਾਂ। ਇਕ ਕਲੀਨਸ਼ੇਵਨ ਨੌਜਵਾਨ ਮੇਰੇ ਪਾਸ ਆਇਆ। ਉਸ ਨੇ ਆਪਣਾ ਨਾਂ ਰੋਸ਼ਨ ਲਾਲ ਦੱਸਿਆ ਤੇ ਖਲੋਤੇ ਖਲੋਤੇ ਨੇ ਮੇਰੀ ਲਿਖਤ ਦੀ ਪ੍ਰਸੰਸਾ ਕੀਤੀ। ਚੱਲਦੀ ਗੱਲ ਵਿਚ ਮੇਰੇ ਮੂੰਹੋਂ ਨਿਕ਼ਲ ਗਿਆ ਕਿ ਮੈਂ ਦੇਸ ਜਾ ਰਿਹਾ ਹਾਂ। ਉਸ ਨੇ ਆਖਿਆ, ''ਓਥੇ ਸਰਕਾਰੀ ਇਲੈਕਟ੍ਰੌਨਿਕ ਮੀਡੀਆ ਵਿਚ ਮੇਰੇ ਪਿਤਾ ਜੀ ਉਚ ਅਹੁਦੇ ਉਪਰ ਕੰਮ ਕਰਦੇ ਹਨ। ਉਹਨਾਂ ਨੂੰ ਮਿ਼ਲਿਉ; ਉਹ ਤੁਹਾਨੂੰ ਮਿ਼ਲ ਕੇ ਬੜੇ ਖ਼ੁਸ਼ ਹੋਣਗੇ।'' ਮੇਰੇ ਹਾਂ ਕਰਨ ਤੇ ਉਸ ਨੇ ਮੈਨੂੰ ਆਪਣੇ ਪਿਤਾ ਦਾ ਫ਼ੋਨ ਨੰਬਰ ਦੇ ਦਿਤਾ। ਇਕ ਦਿਨ ਓਸੇ ਮੀਡੀਆ ਤੇ ਮੇਰਾ ਇੰਟਰਵਿਊ ਸੀ। ਓਥੇ ਹੀ ਮੀਡੀਆ ਕੰਪਲੈਕਸ ਵਿਚ ਉਸ ਚੰਗੇ ਸੱਜਣ ਦਾ ਘਰ ਵੀ ਸੀ। ਮੇਰੇ ਫ਼ੋਨ ਤੇ ਬੜੀ ਅਪਣੱਤ ਨਾ਼ਲ ਬੋ਼ਲਿਆ। ਘਰ ਆਉਣ ਲਈ ਸੱਦਾ ਦਿਤਾ। ਦੱਸੇ ਸਿਰਨਾਵੇਂ ਉਪਰ ਜਦੋਂ ਮੈਂ ਉਸ ਦੇ ਘਰ ਗਿਆ ਤਾਂ ਮੇਰੇ ਅੰਦਰ ਵੜਦਿਆਂ ਹੀ ਦੋਹਾਂ ਜੀਆਂ ਨੇ ਦਰਵਾਜ਼ੇ ਉਪਰ ਹੀ ਮੈਨੂੰ ''ਜੀ ਆਇਆਂ'' ਆਖਿਆ। ਚਮਨ ਲਾਲ ਜੀ ਤਪਾਕ ਨਾ਼ਲ ਹੱਥ ਮਿ਼ਲਾ ਕੇ ਮਿ਼ਲੇ ਅਤੇ ਚੰਗੀ ਬੀਬੀ ਮੈਨੂੰ ਇਸ ਤਰ੍ਹਾਂ ਜੱਫੀ ਪਾ ਕੇ ਮਿ਼ਲੀ ਜਿਵੇਂ ਚਿਰੀਂ ਵਿਛੁੰਨੇ ਵੱਡੇ ਭਰਾ ਨੂੰ ਛੋਟੀ ਭੈਣ ਮਿ਼ਲਦੀ ਹੈ। ਸੋਫ਼ੇ ਉਪਰ ਬੈਠਦਿਆਂ ਹੀ ਖੱਬੇ ਹੱਥ ਕੰਧ ਉਪਰ ਲੱਗੀ ਫੋਟੋ ਵੇਖ ਕੇ ਮੈਂ ਸਮਝ ਗਿਆ ਕਿ ਇਹ ਉਸ ਸੰਪਰਦਾ ਦਾ ਸ਼ਰਧਾਲੂ ਪਰਵਾਰ ਹੈ ਜਿਸ ਨਾ਼ਲ ਵਰਤਣ ਦੀ ਸਾਡੇ ਧਾਰਮਿਕ ਮੁਖੀਆਂ ਵੱਲੋਂ ਮਨਾਹੀ ਕੀਤੀ ਹੋਈ ਹੈ ਪਰ, ''ਫਸੀ ਨੂੰ ਫਟਕਣ ਕੀ!'' ਮੈਂ ਉਹਨਾਂ ਨਾ਼ਲ ਓਵੇਂ ਹੀ ਸੁਹਿਰਦਤਾ ਨਾ਼ਲ ਪੇਸ਼ ਆਇਆ ਜਿਵੇਂ ਉਹ ਮੇਰੇ ਨਾ਼ਲ ਆ ਰਹੇ ਸਨ। ਚਾਹ ਪਾਣੀ ਵਾਸਤੇ ਪੂਰਾ ਉਚੇਚ ਕੀਤਾ ਹੋਇਆ ਸੀ। ਚਾਹ ਪੀਣ ਪਿੱਛੋਂ ਸੁਹਿਰਦ ਦੰਪਤੀ ਨੇ ਰਾਤ ਦੀ ਰੋਟੀ ਲਈ ਵੀ ਪੂਰਾ ਜੋਰ ਲਾਇਆ ਪਰ ਮੈਂ ਆਖਿਆ ਕਿ ਮੇਰੀ ਸਿੰਘਣੀ ਦੇ ਵੱਡੇ ਭੈਣ ਜੀ ਸ਼ਾਮ ਨੂੰ ਆਪਣੀ ਬੇਟੀ ਨਾ਼ਲ ਆ ਰਹੇ ਹਨ। ਉਹਨਾਂ ਦੀ ਬੇਟੀ ਨੇ ਅੱਜ ਮੀਡੀਆ ਉਪਰ ਇਕ ਪ੍ਰੋਗਰਾਮ ਨੂੰ ਐਂਕਰ ਕਰਨਾ ਹੈ। ਮੈਂ ਉਹਨਾਂ ਦੇ ਨਾ਼ਲ ਹੀ ਵਾਪਸ ਜਾਣਾ ਹੈ। ਉਹਨਾਂ ਦੇ ਆਏ ਤੇ, ਉਹਨਾਂ ਨੂੰ ਪੁੱਛ ਕੇ ਹੀ ਮੈਂ ਰਾਤ ਦੇ ਪ੍ਰਸ਼ਾਦੇ ਬਾਰੇ ਹਾਂ ਜਾਂ ਨਾਂਹ ਕਰ ਸਕਦਾ ਹਾਂ। ਫਿਰ ਉਸ ਚੰਗੇ ਸੱਜਣ ਨੇ ਨਾ਼ਲ ਫਿਰ ਕੇ ਮੈਨੂੰ ਮੀਡੀਆ ਦਾ ਸਾਰਾ ਕੰਪਲੈਕਸ ਵਿਖਾਇਆ। ਸ਼ਾਮ ਪੈ ਗਈ ਤੇ ਮੈ ਆਖਿਆ ਕਿ ਤੁਸੀਂ ਵੀ ਘਰ ਦਾ ਚੱਕਰ ਲਾ ਆਵੋ ਤੇ ਮੈਂ ਵੀ ਨਾ਼ਲੇ ਤਾਂ ਰਹਰਾਸਿ ਸਾਹਿਬ ਦਾ

ਪਾਠ ਕਰ ਲਵਾਂ ਤੇ ਨਾਲ਼ੇ ਨੇੜੇ ਦੇ ਗੁਰਦੁਆਰਾ ਸਾਹਿਬ ਦੀ ਯਾਤਰਾ ਕਰ ਆਵਾਂ। ਫਿਰ ਪ੍ਰੋਗਰਾਮ ਸਮੇ ਮਿਲਦੇ ਹਾਂ। ਮੇਰੀ ਭਣੇਵੀ ਵਾਲ਼ੇ ਪ੍ਰੋਗਰਾਮ ਵਿਚ। ਉਸਨੇ ਸਾਡੇ ਬੈਠਣ ਵਾਸਤੇ ਦੋ ਕਰਸੀਓ ਦਾ ਉਚੇਚਾ ਪ੍ਰਬੰਧ ਕਰਵਾ ਦਿਤਾ। ਪ੍ਰੋਗਰਾਮ ਸ਼ੁਰੂ ਹੋਣ ਵੇਲ਼ੇ ਜਦੋਂ ਅਸੀਂ ਗਏ ਤਾਂ ਉਹ ਕੁਰਸੀਆਂ ਮੱਲੀਆਂ ਜਾ ਚੁੱਕੀਆਂ ਸਨ। ਫਿਰ ਉਸ ਨੇ ਹੋਰ ਦੋ ਕੁਰਸੀਆਂ ਦਾ ਪ੍ਰਬੰਧ ਕੀਤਾ। ਪ੍ਰੋਗਰਾਮ ਦੀ ਸਮਾਪਤੀ ਤੱਕ ਸਾਡੇ ਨਾਲ਼ ਰਿਹਾ ਤੇ ਫਿਰ ਰਾਤ ਦੀ ਰੋਟੀ ਵਾਸਤੇ ਆਖਿਆ ਪਰ ਮੇਰੀ ਭਣੇਵੀ ਨੇ, "ਲੇਟ ਹੁੰਦੇ ਹਾਂ" ਆਖ ਕੇ, ਛੁੱਟੀ ਲੈ ਲਈ। ਉਸ ਨੇ ਵੀ ਪੰਜਾਬੀਆਂ ਦੇ ਸੁਭਾ ਦੇ ਉਲ਼ਟ ਬੇਲੋੜੀ ਜਿਦ ਨਹੀਂ ਕੀਤੀ।

# ਮੈਂ ਵੀ ਕੰਪਿਊਟਰ ਨੂੰ ਕੁਤਕਤਾਰੀਆਂ ਕਢਣੀਆਂ ਸਿੱਖ ਗਿਆ

ਇਹ ਛੇਵੇਂ ਦਹਾਕੇ ਦੀ ਗੱਲ ਹੈ ਜਦੋਂ ਕਿ ਮੈਂ ਅੰਮ੍ਰਿਤਸਰ ਵਿਚ ਸੁਣਿਆ ਸੀ ਕਿ ਕੋਈ ਨਵੀਂ ਮਸ਼ੀਨ ਜਿਹੀ ਬਣੀ ਹੈ ਜਿਸ ਦਾ, ਇਸ ਦੇ ਕਾਢੂਆਂ ਵੱਲੋਂ ਨਾਂ ਕੰਪਿਊਟਰ ਰੱਖਿਆ ਗਿਆ ਹੈ, ਪਰ ਵੇਖੀ ਨਹੀਂ ਸੀ।

ਸੱਤਰਵਿਆਂ ਵਾਲ਼ੇ ਦਹਾਕੇ ਦੇ ਮੁਢਲੇ ਸਾਲਾਂ ਸਮੇ, ਅੰਮ੍ਰਿਤਸਰ ਵਿਚ ਜਦੋਂ ਮੈ ਫੁਹਾਰੇ ਵਾਲ਼ੇ ਚੌਂਕ ਵਿਚ, ਸ. ਅਮਰੀਕ ਸਿੰਘ ਦੀ ਡਰਾਈ ਕਲੀਨ ਵਾਲ਼ੀ ਦੁਕਾਨ ਤੇ, ਕਦੀ ਕਦਾਈਂ ਗਰਮ ਕੱਪੜੇ ਡਰਾਈ ਕਲੀਨ ਕਰਵਾਉਣ ਜਾਇਆ ਕਰਦਾ ਸਾਂ ਤੇ ਓਥੇ ਰੀਸੈਪਸ਼ਨਿਸਟ ਲੜਕੀ, ਗਾਹਕਾਂ ਤੋਂ ਪੈਸੇ ਲੈਣ ਸਮੇ ਇਕ ਮਸ਼ੀਨ ਵਰਤਿਆ ਕਰਦੀ ਸੀ। ਮੈਂ ਸੋਚਦਾ ਸਾਂ ਕਿ ਸ਼ਾਇਦ ਉਹ ਕੰਪਿਊਟਰ ਹੋਵੇ ਕਿਉਂਕਿ ਮੈਂ ਇਹ ਵੀ ਸੁਣ ਰੱਖਿਆ ਸੀ ਕਿ ਕੰਪਿਊਟਰ ਹਿਸਾਬ ਬਹੁਤ ਛੇਤੀ ਕਰਦਾ ਹੈ। ਬਹੁਤ ਸਮਾ ਪਿੱਛੋਂ ਏਥੇ ਆਸਟ੍ਰੇਲੀਆ ਆ ਕੇ ਪਤਾ ਲੱਗਾ ਕਿ ਮੇਰਾ ਵਿਚਾਰ ਸਹੀ ਨਹੀਂ ਸੀ। ਉਹ ਕੰਪਿਊਟਰ ਨਹੀਂ, ਕੈਲਕੂਲੇਟਰ ਸੀ।

ਕਈ ਸਾਲ ਗੁਜਰ ਗਏ; ਇਸ ਪਾਸੇ ਕਦੀ ਧਿਆਨ ਈ ਨਾ ਗਿਆ। ੧੯੮੯ ਵਿਚ ਮੈਨੂੰ ਕਿਸੇ ਨੇ ਦੱਸਿਆ ਕਿ ਬਲੈਕ ਟਾਊਨ 'ਸਕਿੱਲ ਸ਼ੇਅਰ' ਵਿਚ ਕੰਪਿਊਟਰ ਸਿਖਾਉਣ ਵਾਸਤੇ ਇਕ ਕੋਰਸ ਸ਼ੁਰੂ ਹੋਇਆ ਹੈ। ਮੈਂ ਉਸ ਕੋਰਸ ਵਿਚ ਦਾਖ਼ਲਾ ਲੈ ਲਿਆ। ਕੰਪਿਊਟਰ ਸੀ 'ਐਪਲ ਮੈਕਿਨਤੋਸ਼।' ਥੋਹੜੇ ਹੀ ਦਿਨਾਂ ਵਿਚ ਮੈ, ਮਾਊਸ ਦੀ ਸਹਾਇਤਾ ਨਾਲ਼, ਅੰਗ੍ਰੇਜ਼ੀ ਵਿਚ ਲੇਖ ਲਿਖ ਕੇ, ਉਸ ਨੂੰ ਸੋਧ ਕੇ, ਵਾਧ ਘਾਟ ਕਰਕੇ ਲੇਜ਼ਰ ਪ੍ਰਿੰਟਰ ਤੇ ਛਾਪਣ ਦੇ ਯੋਗ ਹੋ ਗਿਆ। ਇਸ 'ਕਾਮਯਾਬੀ' ਨੇ ਮੈਨੂੰ ਏਨਾ ਖ਼ੁਸ਼ ਕਰ ਦਿਤਾ ਕਿ ਮੈਂ ਅੱਗੇ ਹੋਰ ਕੁਝ ਸਿੱਖਣ ਤੋਂ ਆਕੀ ਹੋ ਬੈਠਾ, ਇਸ ਡਰ ਤੋਂ ਕਿ ਹੋਰ ਅੱਗੇ ਸਿੱਖਣ ਦੇ ਯਤਨ ਵਿਚ ਮੈਂ ਕਿਤੇ ਇਹ ਕੁਝ ਵੀ ਆਪਣੇ 'ਡਮਾਕ' ਵਿਚੋਂ ਨਾ ਗਵਾ ਬਹਾਂ! ਮੈਂ ਆਪਣੇ ਪੰਜਾਬੀ ਦੇ 'ਸਿੱਖ ਸਮਾਚਾਰ' ਨਾਮੀ ਮਾਸਕ ਪੱਤਰ ਵਾਸਤੇ ਅੰਗ੍ਰੇਜ਼ੀ ਵਿਚ ਲੇਖ, ਖ਼ਬਰਾਂ ਆਦਿ ਛਾਪਣ ਲੱਗ ਪਿਆ।

ਕੰਪਿਊਟਰ ਨਾਲ਼ ਮੇਰਾ ਪੰਗਾ ਓਦੋਂ ਪਿਆ ਜਦੋਂ ੧੯੯੦ ਵਿਚ ਮੈਂ ਆਸਟ੍ਰੇਲੀਅਨ ਪਬਲਿਕ ਸਰਵਿਸ ਬੋਰਡ ਦੇ ਇਮਤਿਹਾਨ ਵਿਚ ਬੈਠਾ ਤੇ ਕੁਝ ਹਫ਼ਤਿਆਂ ਬਾਅਦ ਉਹਨਾਂ ਵੱਲੋਂ ਨਤੀਜੇ ਦੀ ਚਿੱਠੀ ਆਈ ਜਿਸ ਵਿਚ ਦੱਸਿਆ ਗਿਆ ਸੀ ਕਿ ਇਮਤਿਹਾਨ ਵਿਚ ਮੇਰੀ ਪਰਫੌਰਮੈਂਸ ਏਨੀ ਵਧੀਆ ਨਹੀਂ ਸੀ ਰਹੀ ਕਿ ਮੇਰੀ ਵਾਰੀ ਨੌਕਰੀ ਵਾਸਤੇ ਮੈਰਿਟ ਲਿਸਟ ਵਿਚ ਆ ਸਕੇ ਪਰ ਜੇਕਰ ਮੈਂ ਕੀ ਬੋਰਡ, ਵਰਡ ਪ੍ਰੋਸੈਸਿੰਗ ਜਾਂ ਕੰਪਿਊਟਰ ਵਿਚੋਂ, ਕਿਸੇ ਇਕ ਜਾਂ ਇਕ ਤੋਂ ਵਧ ਬਾਰੇ ਕੁਝ ਜਾਣਦਾ ਹਾਂ ਤਾਂ ਮੇਰਾ ਨਾਂ ਮੈਰਿਟ ਲਿਸਟ ਵਿਚ ਸ਼ਾਮਲ ਕੀਤਾ ਜਾ ਸਕਦਾ ਹੈ।

ਫਿਰ ਮੈਂ ਇਹ 'ਗੁੱਸਾ ਚੜ੍ਹਾਊ' ਕਾਰਜ ਸਿੱਖਣ ਦੇ ਮਗਰ ਜਾਣੋ ਕਿ ਹੱਥ ਧੋ ਕੇ ਹੀ ਪੈ ਗਿਆ। ਕਿਉਂਕਿ ਮੇਰੇ ਪਾਸ ਆਪਣਾ ਕੰਪਿਊਟਰ ਨਹੀਂ ਸੀ ਅਤੇ 'ਬੇਕਾਰ' ਹੋਣ ਕਰਕੇ ਖ਼ਰੀਦਣ ਲਈ ਮਾਇਕ ਪਹੁੰਚ ਵੀ ਮੇਰੇ ਕੋਲ਼ ਨਹੀਂ ਸੀ, ਇਸ ਲਈ ਕਿਸੇ ਹੋਰ ਕੋਰਸ ਵਿਚ ਦਾਖ਼ਲਾ ਲੈਣਾ ਹੀ ਯੋਗ ਜਾਤਾ ਤਾਂ ਕਿ ਨਾਲ਼ੇ ਤਾਂ ਇਸ ਬਾਰੇ ਕੁਝ ਹੋਰ ਜਾਣਕਾਰੀ ਮਿਲ਼ੇਗੀ ਤੇ ਨਾਲ਼ੇ ਕੰਪਿਊਟਰ ਵਰਤਣ ਲਈ ਕਲਾਸ ਦੇ ਸਮੇ, ਸਮਾ ਮਿਲ਼ੇਗਾ। ਏਧਰ ਓਧਰ ਹੱਥ ਪੱਲਾ ਮਾਰਨ ਨਾਲ਼ ਇਕ ਕੋਰਸ ਮੇਰੇ ਹੱਥ ਚੜ੍ਹ ਗਿਆ। ਕੋਰਸ ਦਾ ਨਾਂ ਸੀ 'ਆਫ਼ਿਸ ਸਕਿੱਲ' ਅਤੇ ਇਹ ਛਠਓਛ ਇਨਸਟੀਚਿਊਟ ਸਿਡਨੀ ਵਿਚ ਸੀ। ਇਸ ਕੋਰਸ ਵਿਚ ਸਾਨੂੰ ਦਫ਼ਤਰੀ ਅੰਗ੍ਰੇਜ਼ੀ, ਕੁਝ ਟਾਈਪਿੰਗ, ਕੰਪਿਊਟਰ ਅਤੇ ਵਰਡ ਪ੍ਰੋਸੈਸਿੰਗ ਸਿਖਾਉਣ ਦਾ ਯਤਨ ਕੀਤਾ ਗਿਆ। ਕੰਪਿਊਟਰ, ਟਾਈਪਿੰਗ, ਵਰਡ ਪ੍ਰੋਸੈਸਿੰਗ ਸਾਨੂੰ ਿਭੰ ਉਤੇ ਸਿਖਾਇਆ ਜਾਂਦਾ ਸੀ ਅਤੇ ਇਸ ਕਾਰਜ ਲਈ ੌਰਦਫਰਡਏਚਟ ੫.੧ ਪੈਕੇਜ ਵਰਤਿਆ ਜਾਂਦਾ ਸੀ। ਅੱਗੇ ਹੋਰ ਸਮੱਸਿਆ ਇਹ ਹੋਈ ਕਿ ਏਥੇ ਮਾਊਸ ਨਹੀਂ ਸੀ ਵਰਤਿਆ ਜਾਂਦਾ ਤੇ ਇਸ ਲਈ ਸਾਰੀਆਂ ਕਮਾਂਡਾਂ ਜਬਾਨੀ ਹੀ ਯਾਦ ਕਰਨੀਆਂ ਪੈਂਦੀਆਂ ਸਨ। ਮਾੜੀ ਜਾਂ ਚੰਗੀ ਕਿਸਮਤ ਕਰਕੇ, ਅਸੀਂ ਅੱਧ ਵਿਚਾਲ਼ੇ ਹੀ ਸਾਂ ਕਿ ਉਹ ਕੰਪਨੀ ਫੇਹਲ ਹੋ ਗਈ ਜੋ ਇਸ ਸੰਸਥਾ ਨੂੰ ਚਲਾਉਂਦੀ ਸੀ ਅਤੇ ਇਸ ਨਾਲ਼ ਸਾਡਾ ਇਨਸੀਚਿਊਟ ਵੀ ਬੰਦ ਹੋ ਗਿਆ। ਇਸ ਕਰਕੇ ਸਾਡਾ ਕੋਰਸ ਅੱਧ ਵਿਚਾਲ਼ੇ ਹੀ ਲਟਕਦਾ ਰਹਿ ਗਿਆ।

ਫਿਰ ਸਾਨੂੰ ਕੁਝ ਦਿਨਾਂ ਬਾਅਦ ਸਰਕਾਰ ਨੇ ਸਿਡਨੀ ਦੀ ਇਕ ਹੋਰ ਸੰਸਥਾ ਵਿਚ ਦਾਖ਼ਲ ਕਰਾ ਦਿਤਾ ਜਿਸ ਦਾ ਨਾਂ ਸੀ ਖਏ ਿਨਟਏਰਨਓਟੋਿਨਓਲ ਭੁਸਨਿਏਸਸ ਛੋਲਲਏਗਏ. ਕੋਰਸ ਦੇ ਅੰਤ ਉਪਰ ਇਕ ਲੇਡੀ ਅਜਿਹੀ ਆਈ ਜਿਸ ਨੇ ਸਾਡੀ ਪ੍ਰਾਪਤੀ ਨੂੰ ਜਾਂਚਿਆ। ਉਸ ਨੇ ਇਸ ਗੱਲ ਤੇ ਹੈਰਾਨੀ ਪਰਗਟ ਕੀਤੀ ਕਿ ਅਸੀਂ ਵਰਡ ਪ੍ਰੋਸੈਸਿੰਗ ਵਿਚ ਜਿੰਨੇ ਕਾਮਯਾਬ ਹੋਣੇ ਚਾਹੀਦੇ ਸਾਂ ਓਨੇ ਨਹੀ ਸੀ ਹੋਏ। ਮੈਂ ਉਸ ਨੂੰ ਪੁੱਛਿਆ ਕਿ ਪਹਿਲਾਂ ਕਿਉਂ ਨਹੀਂ ਉਸ ਦੇ ਸਾਨੂੰ ਦਰਸ਼ਨ ਹੋਏ! ਤਾਂ ਉਸ ਦਾ ਜਵਾਬ ਸੀ ਕਿ ਉਹ ਛੁੱਟੀ ਤੇ ਸੀ, ਇਸ ਵਾਸਤੇ ਹੀ ਅਸੀਂ ਏਨੇ ਪਛੜ ਗਏ ਸਾਂ। ਇਸ ਕੋਰਸ ਦੌਰਾਨ ਇਕ ਛੋਟੇ ਕੱਦ, ਪਤਲੇ ਸਰੀਰ ਅਤੇ ਸਖ਼ਤ ਸੁਭਾ ਵਾਲ਼ੀ, ਫ਼ਿਲਪੀਨੋ ਟੀਚਰ ਦੀ ਸਖ਼ਤੀ ਕਾਰਨ ਮੈ ਹੌਲ਼ੀ ਹੌਲ਼ੀ ਅੰਗ੍ਰੇਜ਼ੀ ਟਾਈਪਣ ਲੱਗ ਪਿਆ। ਇਹ ਬੀਬੀ ਵਿਆਹ ਦੀ ਉਮਰੋਂ ਟੱਪ ਚੁੱਕੀ ਸੀ। ਪਤਾ ਨਹੀਂ ਇਸ ਨੇ ਵਿਆਹ ਕਰਵਾਇਆ ਨਹੀਂ ਸੀ ਜਾਂ ਕਿ ਉਸ ਦੀ ਛੱਡ ਛਡਾਈ ਹੋਈ ਹੋਈ ਸੀ; ਅਜਿਹਾ ਨਾ ਕਿਸੇ ਨੂੰ ਜਾਨਣ ਦੀ ਲੋੜ ਸੀ ਤੇ ਨਾ ਹੀ ਉਸ ਨੇ ਕਲਾਸ ਵਿਚ ਕਿਸੇ ਨੂੰ ਦੱਸਿਆ ਸੀ। ਹਾਂ, ਇਕ ਦਿਨ ਉਸ ਨੇ ਬੜੀ ਖ਼ੁਸ਼ੀ ਨਾਲ਼ ਹੁੱਬ ਕੇ ਕਲਾਸ ਵਿਚ ਇਹ ਖ਼ਬਰ ਸੁਣਾਈ ਕਿ ਉਹ ਨਾਨੀ ਬਣ ਗਈ ਹੈ। ਇਸ ਖ਼ਬਰ ਦਾ ਅੱਗੇ ਵਿਸਥਾਰ ਉਸ ਨੇ ਇਉਂ ਕੀਤਾ ਕਿ ਉਸ ਦੀ ਪਾਲ਼ੀ ਹੋਈ ਤੋਤੀ ਨੇ ਆਂਡਾ ਦਿਤਾ ਹੈ। ਉਸ ਨੇ ਨਿੱਕੇ ਨਿੱਕੇ ਤੋਤਿਆਂ ਦਾ ਇਕ ਜੋੜਾ ਪਾਲ਼ ਰੱਖਿਆ ਸੀ ਅਤੇ ਉਹਨਾਂ ਨੂੰ ਉਹ ਆਪਣੇ ਬੱਚੇ ਸਮਝਦੀ ਸੀ, ਇਸ ਲਈ ਉਹ ਖ਼ੁਦ ਨੂੰ ਨਾਨੀ ਬਣ ਜਾਣ ਦੀ

ਖ਼ੁਸ਼ੀ ਮਾਣ ਰਹੀ ਸੀ।

ਟਾਈਪਣ ਵਾਲ਼ੇ ਬਿਜ਼ਨਿਸ ਵਿਚ ਕੁਝ ਕਾਰਨਾਂ ਕਰਕੇ ਦੂਜੇ ਵਿਦਿਆਰਥੀਆਂ ਨਾਲ਼ੋਂ ਖ਼ੁਦ ਨੂੰ ਮੈਂ ਪਛੜਿਆ ਹੋਇਆ ਸਮਝਦਾ ਸਾਂ। ਇਕ ਤਾਂ ਉਮਰ ਵਡੇਰੀ, ਉਪਰੋਂ ਵਿਸ਼ਾ ਅਤਿ ਖ਼ੁਸ਼ਕ ਕਿਉਂਕਿ ਮੈਨੂੰ ਆਪਣੀ ਰੁਚੀ ਤੋਂ ਉਲ਼ਟ ਕੰਮ ਕਰਨਾ ਬੜਾ ਮੁਸ਼ਕਲ ਮਹਿਸੂਸ ਹੁੰਦਾ ਹੈ ਤੇ ਤੀਜਾ ਇਹ ਕਿ ਪੰਜਾਬੀ ਦੀ ਟਾਈਪ, ਬਿਨਾ ਕਿਸੇ ਉਸਤਾਦ ਦੀ ਸਹਾਇਤਾ ਜਾਂ ਅਗਵਾਈ ਦੇ, ੧੯੯੫ ਤੋਂ ਖ਼ੁਦ ਹੀ ਠੋਹ ਟੋਹ ਕੇ ਅੱਖਰ ਲਭ ਲਭ ਕੇ, ਬੇਤਰਤੀਬੀ ਜਿਹੀ ਟਾਈਪ ਕਰਨ ਕਰਕੇ, ਮੇਰੀ ਆਦਤ ਵਿਗੜੀ ਹੋਈ ਸੀ। ਇਹ ਟਾਈਪ ਰਾਈਟਰ ਮੈਂ ੧੯੯੬ ਦੇ ਆਰੰਭ ਵਿਚ, ਆਪਣੀ ਅੰਮ੍ਰਿਤਸਰ ਦੀ ਯਾਤਰਾ ਸਮੇ ਲੈ ਆਇਆ ਸਾਂ। ਫਿਰ ਮੈਕਿਨਤੋਸ਼ ਸਿੱਖਣ ਸਮੇ ਅੰਗ੍ਰੇਜ਼ੀ ਟਾਈਪ ਵੀ ਉਘੜ ਦੁੱਘੜੀ ਹੀ ਕਰਦਾ ਸਾਂ। ਇਸ ਵਿਗੜੀ ਹੋਈ ਆਦਤ ਨੂੰ ਪਹਿਲਾਂ ਸੁਧਾਰਨ ਦੀ ਲੋੜ ਸੀ। ਅਜਿਹੀਆਂ ਪਾਣੀ ਮਾਰਵੀਆਂ ਜਿਹੀਆਂ ਗੱਲਾਂ ਦਾ ਬਹਾਨਾ ਬਣਾ ਕੇ ਮੈਂ ਸਮਝਦਾ ਸਾਂ ਕਿ ਇਹ ਕੰਮ ਮੇਰੀ ਪਹੁੰਚ ਤੋਂ ਪਰੇ ਹੈ। ਇਸ ਕਰਕੇ ਮੇਰੀ ਦੋਹਾਂ ਭਾਸ਼ਾਵਾਂ ਵਿਚ ਹੀ ਬੇਤਰਤੀਬੀ ਨਾਲ਼ ਟਾਈਪ ਕਰਨ ਸਮੇ ਵਿਗੜੀ ਹੋਈ ਆਦਤ ਕਰਕੇ, ਮੈਂ ਇਸ ਨੂੰ ਸਹੀ ਤਰੀਕੇ ਨਾਲ਼ ਸਿੱਖਣ ਦਾ ਵਿਚਾਰ ਛੱਡ ਦਿਤਾ ਹੋਇਆ ਸੀ ਪਰ ਉਸ ਟੀਚਰ ਨੇ ਮੇਰਾ ਕੋਈ ਬਹਾਨਾ ਸੁਣਨ ਤੋਂ ਨਾਂਹ ਕਰ ਦਿਤੀ ਤੇ ਮੈਨੂੰ ਇਉਂ ਅਹਿਸਾਸ ਕਰਵਾ ਦਿਤਾ ਕਿ ਕਲਾਸ ਵਿਚ ਉਸ ਦੀ ਮਰਜੀ ਚੱਲੇਗੀ, ਮੇਰੀ ਨਹੀਂ। ਉਸ ਦੀ ਸਖ਼ਤੀ ਕਰਕੇ ਮੈਂ ਹੌਲ਼ੀ ਹੌਲ਼ੀ ਕੀ ਬੋਰਡ ਨੂੰ ਕੁਤਕਤਾਰੀਆਂ ਜਿਹੀਆਂ ਕੱਢਣ ਲੱਗ ਹੀ ਪਿਆ। ਇਹ ਜਾਣ ਕੇ ਵੀ ਪਾਠਕ ਹੈਰਾਨ ਹੋਣਗੇ ਕਿ ਕਈ ਦਿਨ ਟਾਈਪ ਸਿਖਦਿਆਂ ਨੂੰ ਹੋ ਗਏ ਤਾਂ ਇਕ ਦਿਨ ਕਲਾਸ ਵਿਚ, ਨਾਲ਼ ਬੈਠੀ ਲੇਡੀ ਨੂੰ ਮੈਂ ਪੁੱਛਿਆ ਕਿ ਸਾਨੂੰ ਕੀ ਬੋਰਡ ਕਦੋਂ ਸਿਖਾਉਣਗੇ! ਉਸ ਨੇ ਦੱਸਿਆ ਕਿ ਇਹੋ ਹੀ ਤਾਂ ਕੀ ਬੋਰਡ ਹੈ ਜੋ ਅਸੀਂ ਰੋਜ ਸਿੱਖ ਰਹੇ ਹਾਂ! ਮੈਨੂੰ ਓਦੋਂ ਤੱਕ ਨਹੀਂ ਸੀ ਪਤਾ ਕਿ ਟਾਈਪ ਰਾਈਟਰ ਨੂੰ ਹੀ ਕੀ ਬੋਰਡ ਆਖਿਆ ਜਾਂਦਾ ਹੈ। ਮੈਂ ਇਸ ਤੋਂ ਕਿਸੇ ਵੱਡੀ, ਕੰਪਲੀਕੇਟਡ ਅਤੇ ਮਹੱਤਵਪੂਰਣ ਵਸਤੂ ਨੂੰ, ਕੀ ਬੋਰਡ ਵਜੋਂ, ਆਪਣੀ ਕਲਪਣਾ ਦੇ ਸੰਸਾਰ ਵਿਚ ਵਸਾਈ ਬੈਠਾ ਸਾਂ।

ਇਸ ਕੋਰਸ ਦੀ ਸਮਾਪਤੀ ਤੇ ਅਸੀਂ ਤਕਰੀਬਨ ਸਾਰੇ, ਵਿਦਿਆਰਥੀ ਵੀ ਅਤੇ ਉਸਤਾਦ ਵੀ, ਇਸ ਨਤੀਜੇ ਉਪਰ ਪਹੁੰਚੇ ਕਿ ਹਰੇਕ ਟੀਚਰ ਆਪਣੇ ਤਰੀਕੇ ਨਾਲ ਵੱਖ ਵੱਖ ਪੈਕੇਜਾਂ ਰਾਹੀਂ ਸਾਨੂੰ ਇਹ ਕੁਝ ਸਿਖਾਉਣ ਦਾ ਯਤਨ ਕਰਦਾ ਰਿਹਾ। ਇਸ ਕਰ ਕੇ ਅਸੀਂ ਕਿਸੇ ਵੀ ਇਕ ਪੈਕੇਜ ਨੂੰ ਵਰਤਣ ਦੀ ਤਸੱਲੀ ਬਖ਼ਸ਼ ਯੋਗਤਾ ਨਾ ਹਾਸਲ ਕਰ ਸਕੇ। ਵਾਹਿਗੁਰੂ ਦੀ ਕਿਰਪਾ ਨਾਲ਼ ਅਸੀਂ ਇਸ ਕੋਰਸ ਨੂੰ ਪੂਰਾ ਕਰ ਲੈਣ ਦੇ ਸਰਟੀਫੀਕੇਟ ਲੈ ਕੇ ਬੜੀ ਸ਼ਾਨ ਨਾਲ਼ ਘਰਾਂ ਨੂੰ ਮੁੜ ਆਏ ਅਤੇ ਆਪਣੀਆਂ ਪੱਕੀਆਂ ਨੌਕਰੀਆਂ ਉਪਰ ਡਟ ਗਏ; ਸਾਡੀਆਂ ਪੱਕੀਆਂ ਨੌਕਰੀਆਂ ਸਨ, ਨੌਕਰੀਆਂ ਲਭਣੀਆਂ।

ਮੈਂ ਉਸ ਟੀਚਰ ਨੂੰ ਆਪਣੀ ਵਰਡ ਪ੍ਰੋਸੈਸਿੰਗ ਦੀ ਯੋਗਤਾ ਜਾਂ ਅਯੋਗਤਾ ਬਾਰੇ ਨਿਜੀ ਤੌਰ ਤੇ ਪੁੱਛਿਆ ਤਾਂ ਉਸ ਦਾ ਉਤਰ ਹਾਂ ਪੱਖੀ ਸੀ। ਹੌਂਸਲਾ ਵਧਾਊ ਜਵਾਬ ਸੁਣ ਕੇ ਮੈਂ ਇਸ ਖੇਤਰ ਵਿਚ ਆਪਣੀ ਯੋਗਤਾ ਨੂੰ ਹੋਰ ਵਧਾਉਣ ਵਾਸਤੇ, ਬਲੈਕਟਾਊਨ ਦੇ ਟੈਫ਼ ਠਅਦਓ ਵਿਚ ਦਾਖਲ ਹੋਣ ਦਾ ਵਿਚਾਰ ਬਣਾ ਲਿਆ। ਕੋਰਸ ਦਾ ਨਾਂ ਸੀ ਓਜ਼ਫ ਛੋਮਪੁਟਏਰ ਫਰੋਗਰਓਮਮਨਿਗ. ਅਸੀਂ ਕਲਾਸ ਵਿਚ ਕੁੱਲ ੧੪ ਵਿਦਿਆਰਥੀ ਸਾਂ। ਤਕਰੀਬਨ ਸਾਰੇ ਹੀ ਮੈਚਿਉਰ ਉਮਰ ਦੇ ਅਤੇ ਆਪੋ ਆਪਣੇ ਦਾਇਰਿਆਂ ਵਿਚ ਕਾਫ਼ੀ ਹੱਦ ਤੱਕ ਸਫ਼ਲਤਾ ਪਰਾਪਤੀ ਵਾਲ਼ੇ ਸਾਂ ਪਰ ਨਵੇਂ ਮੁਲਕ ਵਿਚ ਆ ਕੇ 'ਅਨਪੜ੍ਹ' ਹੋ ਗਏ ਸਾਂ। ਪੂਰੀ ਤਰ੍ਹਾਂ ਏਥੇ ਢੁਕਦੀ ਤਾਂ ਭਾਵੇਂ ਨਹੀਂ ਪਰ ਸ਼ਾਇਦ ਦਿਲਚਸਪ ਲੱਗੇ ਪਾਤਰ ਦੀ ਇਹ ਪੰਗਤੀ:

ਪਿੰਡੀਂ ਜਿਨ੍ਹਾਂ ਦੇ ਗੱਡੇ ਚੱਲਣ, ਨਾਲ਼ ਚੱਲੇ ਸਰਦਾਰੀ।
ਸ਼ਹਿਰੀਂ ਆ ਕੇ ਬਣ ਜਾਂਦੇ ਨੇ, ਬੱਸ ਦੀ ਇਕ ਸਵਾਰੀ।

ਇਸ ਤੋਂ ਇਲਾਵਾ ਦੁਨੀਆ ਦੇ ਦੂਰ ਦੁਰਾਡੇ, ਵੱਖ ਵੱਖ ਇਲਾਕਿਆਂ ਤੋਂ ਆਸਟ੍ਰੇਲੀਆ ਵਿਚ ਆ ਕੇ ਨਵੇਂ ਵੱਸੇ ਹੋਏ ਸਾਂ। ਸਾਰੇ ਹੀ ਗੁਜ਼ਾਰੇ ਜੋਗੇ ਹਾਸਰਸੀ ਸੁਭਾ ਦੇ ਮਾਲਕ ਵੀ ਸਾਂ। ਮੇਰੇ ਤੋਂ ਇਲਾਵਾ ਪਾਕਿਸਤਾਨ ਤੋਂ ਮਹਿਮੂਦ ਚੀਮਾ ਡਬਲ ਐਮ.ਏ. ਐਲ.ਐਲ.ਬੀ., ਫਿਲਪਾਈਨ ਤੋਂ ਇਕ ਇਨਜੀਨੀਅਰ, ਬੰਗਲਾ ਦੇਸ਼ ਤੋਂ ਮੀਆਂ ਬੀਵੀ: ਮੀਆਂ ਇਨਜੀਨੀਅਰ ਅਤੇ ਬੀਵੀ ਪ੍ਰੋਫ਼ੈਸ਼ਨਲ ਕਲਾਸੀਕਲ ਸੰਗੀਤਕਾਰ, ਇਕ ਵੀਅਤਨਾਮ ਤੋਂ ਕੰਪਿਊਟਰ ਦੇ ਹਾਰਡਵੇਅਰ ਦਾ ਇਨਜੀਨੀਅਰ, ਹਾਂਗ ਕਾਂਗ ਤੋਂ ਇਕ ਲੇਡੀ, ਇਕ ਮੁਕਾਬਲਤਨ ਜਵਾਨ ਅਤੇ ਚੁਲਬਲੀ ਲੜਕੀ, ਹੁਣ ਯਾਦ ਨਹੀਂ ਕਿ ਕੇਹੜੇ ਮੁਲਕ ਤੋਂ ਸੀ। ਫਿਲਪੀਨੋ ਇਨਜੀਨੀਅਰ ਇਸ ਉਪਰ ਡੋਰੇ ਪਾਉਣ ਦੇ ਯਤਨਾਂ ਵਿਚ ਰਹਿੰਦਾ ਸੀ। ਸਿਡਨੀ ਵਾਸੀ ਲੋਹੇ ਦੇ ਪੁਰਜ਼ਿਆਂ ਦੇ ਸਫ਼ਲ ਵਾਪਾਰੀ, ਸ. ਗੁਰਮੀਤ ਸਿੰਘ ਦਾ ਛੋਟਾ ਭਰਾ, ਅੰਮ੍ਰਿਤਧਾਰੀ ਨੌਜਵਾਨ ਮਨਜੀਤ ਸਿੰਘ ਸੀ ਜੋ ਕਿ ਆਮ ਤੌਰ ਤੇ ਚੁੱ ਹੀ ਰਹਿੰਦਾ ਸੀ। ਇਹ ਪੰਜਾਬ ਦੇ ਇਕ ਉਘੇ ਅਕਾਲੀ ਵਰਕਰ ਦਾ ਪੁੱਤਰ ਸੀ। ਕੁਝ ਸਮੇ ਬਾਅਦ ਇਸ ਵਿਚਾਰੇ ਗੁਰਸਿੱ ਨੌਜਵਾਨ ਦੀ ਟਰੈਜਿਕ ਮੌਤ ਹੋ ਗਈ ਸੀ। ਇਕ ਹੋਰ ਮੇਰੇ ਇਕ ਮਿੱਤਰ ਦੀ ਪਤਨੀ ਜੋਤੀ ਵੀ ਸੀ। ਇਕ ਹੋਰ ਲੇਡੀ ਵੀ ਇੰਡੋ ਏਸ਼ੀਅਨ ਏਰੀਏ ਦੇ ਕਿਸੇ ਮੁਲਕ ਵਿਚੋਂ ਸੀ, ਜੋ ਇਸ ਵਿਚਾਰ ਨਾਲ਼ ਇਸ ਕਲਾਸ ਵਿਚ ਦਾਖ਼ਲ ਹੋਈ ਸੀ ਕਿ ਉਹ ਆਪਣੀ ਹਾਈ ਸਕੂਲ ਵਿਚ ਪੜ੍ਹ ਰਹੀ ਧੀ ਦੀ, ਕੰਪਿਊਟਰ ਦੀ ਪੜ੍ਹਾਈ ਦੇ ਕਾਰਜ ਵਿਚ ਸਹਾਇਤਾ ਕਰ ਸਕੇ। ਚਾਹ ਦੀ ਬਰੇਕ ਸਮੇ ਉਹ ਮੋਹਰੇ ਹੋ ਕੇ ਸਾਰਾ ਪ੍ਰਬੰਧ ਕਰਦੀ ਸੀ ਤੇ ਇਸ ਲਈ ਰਾਸ਼ਨ ਵੀ ਓਹੋ ਹੀ ਖ਼ਰੀਦ ਕੇ ਲਿਆਉਂਦੀ ਸੀ, ਭਾਵੇਂ ਕਿ ਬਾਅਦ ਵਿਚ ਹਿੱਸੇ ਆਉਂਦੇ ਪੈਸੇ ਉਹ

ਸਾਰਿਆਂ ਪਾਸੋਂ ਲੈ ਲੈਂਦੀ ਸੀ। ਮੈਨੂੰ ਉਸ ਤੋਂ ਹੀ ਪਤਾ ਲੱਗਾ ਕਿ ਬਦਾਮਾਂ ਦਾ ਪਾਊਡਰ ਵੀ ਹੁੰਦਾ ਹੈ ਤੇ ਉਸ ਨੂੰ ਚਾਹ ਚਿੱਟੀ ਕਰਨ ਲਈ ਦੁਧ ਦੇ ਥਾਂ ਵਰਤਿਆ ਵੀ ਜਾ ਸਕਦਾ ਹੈ। ਇਕ ਕਰੋਸ਼ੀਆ ਤੋਂ ਲੇਡੀ ਸੀ ਜੋ ਕਿ ਸਰਬੀਆ ਦੇ ਚੁੰਗਲ ਵਿਚੋਂ ਆਪਣੇ ਦੇਸ਼, ਕਰੋਸ਼ੀਆ ਦੀ ਆਜ਼ਾਦੀ ਦੀ ਲੜਾਈ ਦੌਰਾਨ, ਇਨਕਲਾਬੀ ਸਰਗਰਮੀਆਂ ਵਿਚ ਸਰਗਰਮ ਰਹੀ ਸੀ। ਇਹ ਲੇਡੀ ਦੁਨੀਆਂ ਦੀ ਰਾਜਨੀਤੀ ਅਤੇ ਗ਼ੁਲਾਮ ਕੌਮਾਂ ਦੀਆਂ ਆਜ਼ਾਦੀ ਹਿਤ ਕੀਤੀਆਂ ਜਾ ਰਹੀਆਂ ਜਦੋ ਜਹਿਦਾਂ ਬਾਰੇ ਚੋਖਾ ਗਿਆਨ ਰੱਖਦੀ ਸੀ। ਚੀਮਾ ਇਸ ਲੇਡੀ ਦਾ ਵਾਹਵਾ ਹੀ 'ਪ੍ਰਸੰਸਕ' ਸੀ। ਜਦੋਂ ਇਕ ਤਾਮਲ ਲੇਡੀ ਦੀ ਕੁਰਬਾਨੀ ਨਾਲ਼ ਰਾਜੀਵ ਪਰਲੋਕ ਸਿਧਾਰਿਆ, ਤਾਂ ਸਿੱਖ ਵਿਰੋਧੀ ਹੋਣ ਕਰਕੇ, ਹਿੰਦੁਸਤਾਨੀ ਮੀਡੀਏ ਦੀ ਹਰੇਕ ਖ਼ਬਰ ਦਾ ਪ੍ਰਤੱਖ ਇਸ਼ਾਰਾ ਸਿੱਖਾਂ ਵੱਲ ਸੀ। ਉਹਨਾਂ ਦਾ ਸਾਰਾ ਜੋਰ ਸਿੱਖਾਂ ਨੂੰ ਇਸ ਕਤਲ ਦਾ 'ਕਰੈਡਿਟ' ਦੇਣ ਤੇ ਹੀ ਲੱਗਾ ਹੋਇਆ ਸੀ। ਉਸ 'ਗਰਮਾ ਗਰਮੀ' ਦੇ ਦਿਨੀਂ ਇਕ ਦਿਨ ਟੀ ਬਰੇਕ ਸਮੇ ਇਹ ਕਰੋਸ਼ੀਅਨ ਲੇਡੀ ਮੈਨੂੰ ਪੁੱਛਣ ਲੱਗੀ, "ਤੁਸੀਂ ਮਾਰਿਆ?" ਮੈਂ ਪੂਰੇ ਭਰੋਸੇ ਨਾਲ਼ ਆਖਿਆ, "ਨਹੀਂ, ਅਸੀਂ ਨਹੀਂ ਮਾਰਿਆ।" ਉਸ ਦਾ ਕਹਿਣਾ ਸੀ, "ਇਹ ਤਾਂ ਮੰਨ ਲਿਆ ਕਿ ਤੂੰ ਨਹੀਂ ਮਾਰਿਆ ਪਰ ਸਵਾ ਦੋ ਕਰੋੜ ਲੋਕਾਂ ਦੀ ਜੁੰਮੇਵਾਰੀ ਤੂੰ ਏਨੇ ਭਰੋਸੇ ਨਾਲ਼ ਕਿਵੇਂ ਚੁੱਕ ਸਕਦਾ ਹੈਂ! ਕੀ ਹਰੇਕ ਸਿੱਖ ਤੇਰੇ ਤੋਂ ਪੁੱਛ ਕੇ ਹੀ ਕੰਮ ਕਰਦਾ ਹੈ? ਹੋ ਸਕਦਾ ਹੈ ਕਿਸੇ ਨੇ ਮਾਰ ਦਿਤਾ ਹੋਵੇ!" ਮੈਂ ਆਖਿਆ, "ਜਿੰਨੀ ਸਿਆਣਪ ਭਰੀ ਸਕੀਮ ਨਾਲ ਉਸ ਨੂੰ ਮਾਰਿਆ ਗਿਆ ਹੈ ਓਨੀ ਸਮਝ ਅਜੇ ਸਾਡੇ ਵਿਚ ਨਹੀਂ ਆਈ।" ਮੇਰਾ ਇਹ ਜਵਾਬ ਸੁਣ ਕੇ ਸਾਰੇ ਹੱਸ ਪਏ। ਉਸ ਨੇ ਆਖਿਆ, "ਏਨੀ ਮਾਰ ਖਾ ਕੇ ਸ਼ਾਇਦ ਕਿਸੇ ਨੂੰ ਏਨੀ ਸਮਝ ਆ ਹੀ ਗਈ ਹੋਵੇ!"

ਸਾਡੀ ਇਸ ਕਲਾਸ ਵਿਚ ਇਕ ਆਸਟ੍ਰੇਲੀਅਨ ਗੋਰਾ ਸੱਜਣ ਵੀ ਦਾਖ਼ਲ ਹੋਇਆ ਸੀ ਜੋ ਥੋਹੜੇ ਹੀ ਦਿਨਾਂ ਬਾਅਦ ਵਿਚੇ ਹੀ ਛੱਡ ਗਿਆ। ਇਕ ਗੋਰਾ ਜੋੜਾ ਵੀ ਸੀ; ਉਹ ਵੀ ਵਿਚਾਲੇ ਹੀ ਛੱਡ ਗਿਆ। ਸ਼ਾਇਦ ਇਸ ਕਲਾਸ ਵਿਚ ਏਸ਼ੀਅਨ ਲੋਕਾਂ ਦੀ ਭਰਮਾਰ ਹੋਣ ਕਰਕੇ, ਉਹਨਾਂ ਨੂੰ ਚੰਗਾ ਨਾ ਲੱਗਾ ਹੋਵੇ ਤੇ ਫਿਰ ਸਭ ਤੋਂ ਵਧ ਮੋਹਰੇ ਹੋ ਕੇ ਰੌਲ਼ਾ ਪਾਉਣ ਵਾਲਾ ਵੀ ਮੈਂ ਹੀ ਸਾਂ, ਜਿਸ ਦੀ ਪੰਜਾਬੀ ਨੁਮ੍ਹਾ 'ਬਰੋਕਨ ਇੰਗਲਿਸ਼' ਕੁਝ ਲਈ ਮਨੋਰੰਜਨ ਪਰ ਕੁਝ ਲਈ ਅਕਾਊ ਸੀ। ਸਾਡੇ ਵਿਚੋਂ ਮੈਜਾਰਟੀ ਉਹਨਾਂ ਲੋਕਾਂ ਦੀ ਸੀ ਜਿਨ੍ਹਾਂ ਉਪਰ, "ਤਾਲੋਂ ਘੁੱਥੀ ਡੂਮਣੀ, ਗਾਵੇ ਆਲ ਬੇਤਾਲ।" ਵਾਲ਼ੀ ਲੋਕੋਕਤੀ ਲਾਗੂ ਹੁੰਦੀ ਸੀ। ਭਾਵ ਕਿ ਭਾਵੇਂ ਅਸੀਂ ਸਾਰੇ ਹੀ ਆਪੋ ਆਪਣੇ ਖੇਤਰ ਵਿਚ ਖਾਸੀ ਮੁਹਾਰਤ ਰੱਖਦੇ ਸਾਂ ਪਰ ਉਹ ਮੁਹਾਰਤ ਆਪੋ ਆਪਣੇ ਦੇਸ਼ਾਂ ਵਿਚ ਹੀ ਕੰਮ ਆ ਸਕਦੀ ਸੀ; ਏਥੇ ਅਸੀਂ ਸਾਰੇ ਅਨਪੜ੍ਹ ਬਣ ਗਏ ਸਾਂ। ਜੇਹੜੇ ਤਾਂ ਜਵਾਨ ਉਮਰ ਵਿਚ ਅਨਪੜ੍ਹ ਜਾਂ "ਯੂ, ਮੀ" ਕਰਨ ਜੋਗੀ ਹੀ ਅੰਗ੍ਰੇਜ਼ੀ ਦਾ ਗਿਆਨ ਰੱਖਦੇ ਹਨ, ਉਹ ਤਾਂ ਫੈਕਟਰੀਆਂ ਜਾਂ ਖੇਤਾਂ ਵਿਚ ਆ ਕੇ ਪੈਸੇ ਕਮਾ ਲੈਂਦੇ ਹਨ ਪਰ ਜੇਹੜੇ ਸਾਡੇ ਵਰਗੇ ਇਸ ਸੋਸਾਇਟੀ ਵਿਚ ਸ਼ਾਮਲ ਹੋਣ ਲਈ, ਵਡੇਰੀ ਉਮਰ ਵਿਚ ਆ ਕੇ, ਏਥੋਂ ਦੀ ਪੜ੍ਹਾਈ ਕਰਕੇ, ਇਸ ਸੋਸਾਇਟੀ ਵਿਚ ਬਰਾਬਰ ਦੇ ਬਣਨ ਵਾਸਤੇ, ਖ਼ੁਦ ਨੂੰ 'ਰੀ-ਸਾਈਕਲ' ਕਰਨ ਦੇ ਚੱਕਰਾਂ ਵਿਚ ਫਸਦੇ ਹਨ, ਉਹਨਾਂ ਦਾ ਸਾਡੇ ਵਰਗਾ ਹੀ ਹਾਲ ਹੁੰਦਾ ਹੈ। ਹਾਂ, ਜਿਨ੍ਹਾਂ ਨੇ ਆਪਣੀ ਪੁਰਾਣੀ 'ਭੜਾਈ' ਭੁਲਾ ਕੇ, ਸਿਰਫ਼ ਪੈਸਾ ਕਮਾਉਣ ਵੱਲ ਹੀ ਧਿਆਨ ਦਿਤਾ, ਉਹ ਚੰਗੇ ਗੁਜ਼ਾਰੇ ਵਾਲ਼ੇ ਬਣ ਗਏ। ਇਕ ਦਿਨ ਮੈਂ ਆਪਣੇ ਚੰਗੇ ਮਿੱਤਰ, ਸ. ਹਰਜਿੰਦਰ ਪਾਲ ਸਿੰਘ ਮਾਨ ਨੂੰ ਪੁੱਛਿਆ ਕਿ ਉਹ ਆਪਣੇ ਦੇਸ ਪੰਜਾਬ ਵਿਚ ਇੰਜੀਨੀਅਰ ਬਣਿਆ। ਉਸ ਨੇ ਆਪਣੀ ਉਮਰ ਦਾ ਚੰਗੇਰਾ ਤੇ ਵਡੇਰਾ ਭਾਗ ਪ੍ਰੋਫ਼ੈਸ਼ਨਲ ਬਣਨ ਲਈ ਖ਼ਰਚ ਕਰ ਦਿਤਾ। ਕੀ ਉਸ ਨੂੰ ਹੁਣ ਵਾਈਨਰੀ ਵਿਚ ਕੰਮ ਕਰਦਿਆਂ ਕਦੀ ਘਾਟ ਨਹੀਂ ਮਹਿਸੂਸ ਹੁੰਦੀ! ਇਹ ਕੰਮ ਤਾਂ ਇਕ ਦਸਵੀਂ ਪਾਸ ਜਾਂ ਫੇਹਲ ਬੰਦਾ ਵੀ ਕਰ ਸਕਦਾ ਹੈ ਜੋ ਉਹ ਕਰਦਾ ਹੈ! ਉਸ ਦਾ ਜਵਾਬ ਸੀ ਕਿ ਗੁਰੂ ਨਾਨਕ ਇੰਜੀਨੀਅਰਿੰਗ ਕਾਲਜ ਵਿਚੋਂ ਲਈ ਡਿਗਰੀ ਨੇ ਮੇਮ ਦਾ ਕੰਮ ਕਰ ਦਿਤਾ ਹੈ। ਅਰਥਾਤ ਉਸ ਡਿਗਰੀ ਨੇ ਇਸ ਦੇਸ ਦੀ ਇਮੀਗ੍ਰੇਸ਼ਨ ਦੁਆ ਦਿਤੀ ਹੈ ਜੇਹੜੀ ਕਿ ਏਥੋਂ ਦੀ ਮੇਮ ਨਾਲ਼ ਝੂਠਾ/ਸੱਚਾ ਵਿਆਹ ਕਰਕੇ ਲੈਣੀ ਸੀ। ਹੁਣ ਡਿਗਰੀ ਨੂੰ ਬਾਰੀ ਵਿਚ ਬੰਦ ਕਰਕੇ ਮੈਂ ਰਾਤ ਦਿਨ ਪੈਸੇ ਕਮਾ ਰਿਹਾ ਹਾਂ; ਇਸ ਲਈ ਪਛਤਾਵਾ ਕਾਹਦਾ!

ਅਸੀਂ ਸਾਰਿਆਂ ਨੇ ਇਸ ਵਿਚਾਰ ਨਾਲ਼ ਇਸ ਕੋਰਸ ਵਿਚ ਦਾਖ਼ਲਾ ਲਿਆ ਸੀ ਕਿ ਅਸੀਂ ਕੰਪਿਊਟਰ ਸਿੱਖਾਂਗੇ। ਤਿੰਨ ਹਫ਼ਤਿਆਂ ਪਿੱਛੋਂ ਮੈਨੂੰ ਅਹਿਸਾਸ ਹੋਇਆ ਇਹ ਉਹ ਕੋਰਸ ਨਹੀਂ ਹੈ ਜੋ ਮੈਂ ਕਲਪ ਕੇ ਇਸ ਵਿਚ ਦਾਖ਼ਲਾ ਲਿਆ ਸੀ। ਜਦੋਂ ਮੈਂ ਦੂਸਰੇ ਸਾਥੀਆਂ ਨਾਲ਼ ਇਹ ਵਿਚਾਰ ਵਿਚਾਰਿਆ ਤਾਂ ਉਹ ਵੀ ਸਾਰੇ ਦੇ ਸਾਰੇ ਮੇਰੇ ਨਾਲ਼ ਸਹਿਮਤ ਸਨ। ਮੇਰੇ ਪਾਸ ਏਨੀ ਯੋਗਤਾ, ਧੀਰਜ, ਇੱਛਾ, ਪ੍ਰੇਰਨਾ ਸ਼ਕਤੀ ਨਹੀਂ ਸੀ ਕਿ ਮੈਂ ਕੰਪਿਊਟਰ ਪ੍ਰੋਗਰਾਮਰ ਬਣਾਂ। ਮੈਂ ਤਾਂ ਸਿਰਫ਼ ਵਰਡ ਪ੍ਰੋਸੈਸਿੰਗ ਨੂੰ ਵਰਤ ਕੇ ਏਨਾ ਹੀ ਜਾਨਣਾ ਚਾਹੁਦਾ ਸਾਂ ਕਿ ਜਿਵੇਂ ਮੈਂ ਮੈਕਿਨਤੋਸ਼ ਉਪਰ ਡਾਕੂਮੈਂਟ ਬਣਾ ਲੈਨਾਂ, ਉਸ ਵਰਗਾ ਡਾਕੂਮੈਂਟ ਇੰਭ ਕੰਪਿਊਟਰ ਉਪਰ ਵੀ ਬਣਾ ਸਕਾਂ। ਇਵੇਂ ਅਹਿਸਾਸ ਹੁੰਦਾ ਸੀ ਕਿ ਜਿਵੇਂ ਅਸੀਂ ਤਾਂ ਇਸ ਕਲਾਸ ਵਿਚ ਕਿਤਾਬ ਪੜ੍ਹਨ ਦੀ ਜਾਚ ਸਿੱਖਣ ਲਈ ਦਾਖਲ ਹੋਏ ਹੋਈਏ ਪਰ ਸਾਨੂੰ ਸਿਖਾਇਆ ਜਾ ਰਿਹਾ ਹੋਵੇ ਕਿ ਕਿਤਾਬ ਲਿਖਣੀ ਕਿਵੇਂ ਹੈ!

ਮੈਨੂੰ ਟੀਚਰ ਵੀ ਪਸੰਦ ਸਨ ਅਤੇ ਸਾਥੀ ਵਿਦਿਆਰਥੀ ਵੀ। ਇਸ ਤੋਂ ਇਲਾਵਾ ਮੈਂ ਆਪਣੀ ਕੰਪਿਊਟਰੀ ਸ਼ਬਦਾਵਲੀ ਵਿਚ ਵੀ ਵਾਧਾ ਕਰ ਰਿਹਾ ਸਾਂ। ਜਿਵੇਂ ਕਿ PC, CU, CPU, ALU, WYSIWYG, Boot, Hardware, Software, 'Cuddlyware', LAN, Mainframe, Desktop, Laptop, Modem, Bits, Byts, Bugs, Virus, RAM, ROM, MSDOS, Configure, Application, Package, Scanner, SpreadSheet, Input-Output, Joystick, Light Pen, Touch Screen, Hard disk, FD, CD, CAT,

Mouse, Monitor, Memory, driver, Vairus etc. ਇਹ ਸਾਰਾ ਕੁਝ ਕਰਦਿਆਂ ਮੇਰੀ ਬੋਲ-ਚਾਲ ਵਾਲ਼ੀ ਅੰਗ੍ਰੇਜ਼ੀ ਵਿਚ ਵੀ ਵਾਧਾ ਹੋ ਰਿਹਾ ਸੀ ਪਰ ਮੈਂ ਪ੍ਰੋਗਰਾਮਿੰਗ ਵਾਲ਼ੇ ਬੇਲੋੜੇ ਬਿਜ਼ਨਿਸ ਵਿਚ ਆਪਣਾ ਸਮਾ ਨਹੀਂ ਸੀ ਗਵਾਉਣਾ ਚਾਹੁੰਦਾ ਕਿਉਂਕਿ ਮੇਰੇ ਪਾਸ ਨਾ ਤਾਂ ਅਜਿਹੇ ਵਸੀਲੇ ਸਨ ਕਿ ਮੈਂ ਕੰਪਿਊਟਰ ਪ੍ਰੋਗਰਾਮਰ ਬਣ ਸਕਾਂ ਤੇ ਨਾ ਹੀ ਮੈਨੂੰ ਇਸ ਵਿੱਦਿਆ ਦੀ ਲੋੜ ਹੀ ਸੀ।

ਮੈਂ ਆਪਣੀ ਇਹ ਸਮੱਸਿਆ ਹੈਡ ਟੀਚਰ, ਮਿਸਟਰ ਗੋਲਡ ਕੋਲ਼ ਲੈ ਗਿਆ। ਸਾਰੀ ਮੇਰੀ ਗੱਲ ਸੁਣਨ ਪਿੱਛੋਂ ਉਸ ਨੇ ਆਖਿਆ ਕਿ ਜੇ ਮੈਂ ਬਾਕੀ ਕਲਾਸ ਨੂੰ ਡਿਸਟਰਬ ਨਾ ਕਰਾਂ ਤਾਂ ਉਹ ਮੈਨੂੰ ਕਲਾਸ ਦੇ ਇਕ ਕੋਨੇ ਵਿਚ ਚੁੱਪ ਚਾਪ ਆਪਣੀ ਟਾਈਪ ਦੀ ਪ੍ਰੈਕਟਿਸ ਕਰਦੇ ਰਹਿਣ ਦੀ ਆਗਿਆ ਦੇ ਸਕਦਾ ਹੈ। ਸੋ ਮੈਂ ਇਕ ਕੋਨੇ ਵਿਚ ਠਬ ਉਪਰ ਟਾਈਪਿੰਗ ਦੀ ਪ੍ਰੈਕਟਿਸ ਕਰਦਾ ਰਹਿਣਾ ਜਦੋਂ ਕਿ ਬਾਕੀ ਦੇ ਵਿਦਿਆਰਥੀ ਆਪਣਾ ਸਮਾ ਪ੍ਰੋਗਰਾਮਿੰਗ ਵਿਚ ਬਿਤਾਉਂਦੇ ਰਹੇ। ਇਸ ਅਭਿਆਸ ਸਦਕਾ ੪੯ ਸ਼ਬਦਾਂ ਤੱਕ ਇਕ ਮਿੰਟ ਦੇ ਹਿਸਾਬ ਨਾਲ਼ ਮੈਂ ਟਾਈਪ ਵੀ ਕਰਨ ਲੱਗ ਪਿਆ।

ਸ਼ਾਇਦ ਪਾਠਕਾਂ ਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਇਸ ਕੋਰਸ ਦਾ ਇਹ ਪਹਿਲਾ ਹੀ ਸੈਸ਼ਨ ਸੀ ਤੇ ਇਸ ਤੋਂ ਬਾਅਦ ਇਸ ਨੂੰ ਬੰਦ ਕਰਨ ਦਾ ਫੈਸਲਾ ਕਰ ਲਿਆ ਗਿਆ ਕਿਉਂਕਿ ਇਸ ਕੋਰਸ ਨੇ ਸਿਖਾਂਦਰੂਆਂ ਨੂੰ ਕੋਈ ਲਾਭ ਨਹੀਂ ਸੀ ਪੁਚਾਇਆ।

ਮੈਂ ਅਜੇ ਵੀ ਕੰਪਿਊਟਰ ਵਰਤਣ ਦੇ ਕਾਬਲ ਨਹੀਂ ਸਾਂ ਹੋ ਸਕਿਆ, ਇਸ ਲਈ ਇਕ ਹੋਰ ਕੋਰਸ ਵਿਚ ਦਾਖ਼ਲ ਹੋ ਗਿਆ। ਏਥੇ ਪ੍ਰੋਗਰਾਮਿੰਗ ਦੀ ਤੇ ਕੋਈ ਸਮੱਸਿਆ ਨਹੀਂ ਸੀ ਪਰ ਹੋਰ ਤਰ੍ਹਾਂ ਦੀ, ਉਸ ਤੋਂ ਵੀ ਵੱਡੀ ਸਮੱਸਿਆ ਏਥੇ ਇਹ ਸੀ ਕਿ ਹਰੇਕ ਟੀਚਰ ਆਪਣੇ ਹੀ ਪੈਕੇਜ ਰਾਹੀਂ ਸਾਨੂੰ ਵਰਡ ਪ੍ਰੋਸੈਸਿੰਗ ਸਿਖਾਉਣਾ ਚਾਹੁੰਦਾ ਸੀ। ਵਧ ਪੈਕੇਜ ਅਤੇ ਵਧ ਟੀਚਰ ਹੀ ਸਾਡੀ ਵੱਡੀ ਸਮੱਸਿਆ ਸੀ। ਇਕ ਟੀਚਰ ਨੇ WordCraft ਸਿਖਾਉਣਾ ਤੇ ਦੂਜੇ ਨੇ ਆ ਕੇ ਆਪਣੇ ਪੀਰੀਅਡ ਵਿਚ WordStar ਸਿਖਾਉਣਾ ਸ਼ੁਰੂ ਕਰ ਦੇਣਾ। ਤੀਜੇ ਨੇ Mr.Ed ਤੇ ਚੌਥੇ ਨੇ, ਜੋ ਕਿ ਇਕ ਲੇਡੀ ਸੀ, Mrs.Ed ਖੁਲ੍ਹਵਾ ਲੈਣਾ। ਪੰਜਵੇਂ ਨੇ ਆ ਕੇ WordPerfext 5.0 ਤੇ ਛੇਵੇਂ ਨੇ ਆ ਕੇ WordPerfect 5.1 ਖੋਹਲਣ ਲਈ ਹੁਕਮ ਚਾਹੜ ਦੇਣਾ। TAFE ਦੀ ਬਿਲਡਿੰਗ ਦੇ ਇਕ ਪਾਸੇ MSDOS ਪਰ ਸੜਕ ਤੋਂ ਦੂਜੇ ਪਾਸੇ Lotus 1-2-3 ਪ੍ਰੋਗਰਾਮ, ਪੈਕੇਜ ਜਾਂ ਜੋ ਵੀ ਤੁਸੀਂ ਇਸ ਨੂੰ ਆਖਣਾ ਚਾਹੋ ਆਖ ਸਕਦੇ ਹੋ, ਟੀਚਰ ਨੇ ਵਰਤਣ ਲਈ ਸ਼ੁਰੂ ਕਰਵਾ ਲੈਣਾ।

ਦੋ ਦਿਲਚਸਪ ਗੱਲਾਂ ਇਸ ਕੋਰਸ ਦੌਰਾਨ ਹੋਈਆਂ: ਇਕ ਭਾਰੇ ਕੱਦ ਅਤੇ ਬੇਢੱਬੇ ਜਿਹੇ ਲਿਬਾਸ ਵਾਲ਼ਾ ਟੀਚਰ ਪਹਿਲੇ ਦਿਨ ਕਲਾਸ ਵਿਚ ਆਇਆ। ਉਸ ਨੇ ਕੱਪੜੇ ਇਹੋ ਜਿਹੇ ਪਾਏ ਹੋਏ ਸਨ ਜਿਵੇਂ ਕਬਾੜੀਆਂ ਪਾਸੋਂ ਸਭ ਤੋਂ ਸਸਤੇ ਖ਼ਰੀਦੇ ਹੋਏ ਹੋਣ! ਉਸ ਦੀ ਜਰਸੀ ਇਕ ਮੋਢੇ ਤੋਂ ਵਾਹਵਾ ਥੱਲੇ ਨੂੰ ਢਿਲਕਵੀਂ ਸੀ ਤੇ ਜਰਸੀ ਦੀਆਂ ਬਾਹਵਾਂ ਉਸ ਦੇ ਗੁੱਟਾਂ ਤੋਂ ਖਾਸੀਆਂ ਨੀਵੀਆਂ ਸਨ। ਇਉਂ ਜਾਪਦਾ ਸੀ ਕਿ ਜਿਵੇਂ ਉਹ ਜਾਣ ਬੁਝ ਕੇ ਆਪਣੇ ਲੋੜੋਂ ਵਧ ਮੋਟੇ ਸਰੀਰ ਉਪਰ ਬੇਢੱਬਾ ਜਿਹਾ ਲਿਬਾਸ ਪਾਉਣ ਦਾ ਆਦੀ ਹੋਵੇ। ਉਹ ਪਹਿਲੇ ਦਿਨ ਵਿਦਿਆਰਥੀਆਂ ਦਾ ਹੌਸਲਾ ਵਧਾਉਣ ਲਈ ਦਿਤੇ ਜਾ ਰਹੇ ਲੈਕਚਰ ਵਿਚ ਆਖਣ ਲੱਗਾ, "ਇਫ਼ ਐਨੀ ਡੌਂਕੀ, ਐਨੀ ਡੌਂਕੀ, ਲਾਈਕ ਮੀ, ਕੈਨ ਲਰਨ ਕੰਪਿਊਟਰ ਦੈਨ ਐਨੀ ਬਾਡੀ, ਐਨੀ ਬਾਡੀ ਕੈਨ ਲਰਨ ਇਟ। ਇਟ ਇਸ ਰੱਬਿਸ਼ ਟੂ ਸੇ ਦੈਟ ਵੁਈ ਨੀਡ ਸਪੈਸ਼ਲ ਸਕਿੱਲ ਇਨ ਮੈਥ ਓਰ ਸਾਇੰਸ ਟੂ ਲਰਨ ਕੰਪਿਊਟਰ।" ਅਰਥਾਤ ਜੇ ਮੇਰੇ ਵਰਗਾ ਖੋਤਾ ਆਦਮੀ ਕੰਪਿਊਟਰ ਸਿੱਖ ਸਕਦਾ ਹੈ ਤਾਂ ਹਰੇਕ ਹੀ ਸਿੱਖ ਸਕਦਾ ਹੈ। ਇਸ ਨੂੰ ਸਿੱਖਣ ਲਈ ਹਿਸਾਬ ਜਾਂ ਵਿਗਿਆਨ ਦੇ ਵਿਸ਼ਿਆਂ ਵਿਚ ਖਾਸ ਮੁਹਾਰਤ ਦੀ ਲੋੜ ਨਹੀਂ।

ਦੂਜੀ ਗੱਲ ਇਉਂ ਹੋਈ ਕਿ ਇਕ ਦਿਨ ਕਲਾਸ ਵਿਚ ਸਾਰੇ ਵਿਦਿਆਰਥੀਆਂ ਨੂੰ ਦਸਾਂ ਉਂਗਲ਼ਾਂ ਨਾਲ਼ ਟਾਈਪ ਕਰਦਿਆਂ ਵੇਖ ਕੇ, ਅੰਦਰੋਂ ਖ਼ੁਸ਼ੀ ਨਾਲ਼ ਪਰ ਬਾਹਰੋਂ ਨਕਲੀ ਜਿਹੇ ਗੁੱਸੇ ਦਾ ਵਿਖਾਵਾ ਕਰਦੇ ਹੋਏ, ਹੈਡ ਟੀਚਰ ਮਿਸਟਰ ਗੋਲਡ ਇਉਂ ਬੋਲਿਆ, "ਐਵਰੀ ਬਾਡੀ ਬਲੱਡੀ ਟਾਈਪਸ ਵਿਧ ਟੈਨ ਫਿੰਗਰਜ਼! ਆਈ ਲਾਈਕ ਟੂ ਬਰੇਕ ਦੇਅਰ ਫਿੰਗਰਜ਼। ਬਲੱਡੀ ਆਈ ਕਾਂਟ ਟਾਈਪ ਲਾਈਕ ਦਿਸ!" ਅਰਥਾਤ ਸਾਰੇ ਦਸਾਂ ਉਂਗਲ਼ਾਂ ਨਾਲ਼ ਟਾਈਪ ਕਰਦੇ ਨੇ। ਮੇਰਾ ਜੀ ਕਰਦਾ ਮੈਂ ਸਾਰਿਆਂ ਦੀਆਂ ਉਂਗਲ਼ਾਂ ਭੰਨ ਸੁਟਾਂ। ਮੇਰੇ ਕੋਲ਼ੋਂ ਨਹੀਂ ਦਸਾਂ ਉਗਲ਼ਾਂ ਨਾਲ਼ ਟਾਈਪ ਹੁੰਦਾ! ਯਾਦ ਰਹੇ ਕਿ ਉਹ ਖ਼ੁਦ ਦੋ ਉਂਗਲ਼ਾਂ ਨਾਲ ਹੀ ਟਾਈਪ ਕਰਦਾ ਸੀ ਕਿਉਂਕਿ ਉਸ ਨੇ ਕੰਪਿਊਟਰ ਸਿੱਖਣ ਤੋਂ ਪਹਿਲਾਂ ਠੀਕ ਤਰੀਕੇ ਨਾਲ਼ ਟਾਈਪ ਕਰਨੀ ਨਹੀਂ ਸੀ ਸਿੱਖੀ ਜਿਵੇਂ ਕਿ ਬਹੁਸੰਮਤੀ ਰਾਗੀ ਸਿੰਘ ਕੀਰਤਨ ਤਾਂ ਸਿੱਖ ਲੈਂਦੇ ਹਨ ਪਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਦੀ ਉਹਨਾਂ ਨੇ ਸੰਥਿਆ ਨਹੀਂ ਲਈ ਹੁੰਦੀ।

ਫਿਰ ਮੈਂ ਚੌਥੇ ਕੋਰਸ ਵਿਚ ਦਾਖ਼ਲਾ ਲੈ ਲੈਣ ਬਾਰੇ ਸੋਚਿਆ। ਇਸ ਕੋਰਸ ਵਿਚ ਦਾਖ਼ਲੇ ਸਮੇ ਵੀ ਇਕ ਦਿਲਚਸਪ ਘਟਨਾ ਵਾਪਰੀ: ਜਦੋਂ ਮੈਂ ਇਸ ਕੋਰਸ ਵਿਚ ਦਾਖ਼ਲ ਹੋਣ ਲਈ ਬਲ਼ੈਕ ਟਾਊਨ TAFE ਵਿਚ ਗਿਆ ਤਾਂ ਦਾਖ਼ਲ ਹੋਣ ਵਾਲ਼ਿਆਂ ਦੀ ਬਹੁਤ ਲੰਮੀ ਕਤਾਰ ਮੇਰੇ ਜਾਣ ਤੋਂ ਪਹਿਲਾ ਹੀ ਲੱਗੀ ਹੋਈ ਸੀ। ਦਾਖ਼ਲਾ ਸਿਰਫ਼, ਕਤਾਰ ਦੇ ਮੂਹਰਲੇ ਚੌਦਾਂ ਵਿਦਿਆਰਥੀਆਂ ਨੂੰ ਹੀ ਮਿਲਣਾ ਸੀ। ਮੈਂ ਨਿਰਾਸ ਹੋ ਕੇ ਮੁੜਨ ਬਾਰੇ ਸੋਚ ਹੀ ਰਿਹਾ ਸਾਂ ਕਿ ਦਾਖ਼ਲੇ ਲਈ ਇੰਟਰਵਿਊ ਲੈਣ ਵਾਲ਼ੇ ਟੀਚਰ ਮਿਸਟਰ ਗੋਲਡ ਨੇ ਮੈਨੂੰ ਖਲੋਤੇ ਨੂੰ ਵੇਖ ਲਿਆ। ਮਿਸਟਰ ਗੋਲਡ ਨੇ ਹੀ ਇੰਟਰਵਿਊ ਲੈਣੀ ਸੀ ਤੇ ਉਹ ਮੈਨੂੰ ਪਿਛਲੀ ਪ੍ਰੋਗਰਾਮਿੰਗ ਵਾਲੀ ਕਲਾਸ ਤੋਂ ਜਾਣਦਾ ਸੀ। ਏਸੇ ਤੋਂ ਹੀ ਪ੍ਰੋਗਰਾਮਿੰਗ ਤੋਂ ਛੁਟਕਾਰਾ ਹਾਸਲ ਕਰਨ ਲਈ ਮੈਂ ਆਗਿਆ ਪਰਾਪਤ ਕੀਤੀ ਸੀ। ਇਹ ਉਸ ਕਲਾਸ ਦਾ ਵੀ ਹੈਡ ਸੀ ਤੇ ਹੁਣ ਅਗਲੀ ਕਲਾਸ ਦਾ ਵੀ ਹੈਡ ਇਹੋ ਹੀ ਹੋਣਾ ਸੀ ਤੇ ਏਸੇ ਕਰਕੇ ਇੰਟਰਵਿਊ ਵੀ ਏਸੇ ਨੇ ਕਰਨਾ ਸੀ। ਉਸ ਨੇ ਮੈਨੂੰ ਆਵਾਜ਼ ਮਾਰ ਕੇ ਆਪਣੇ ਨਾਲ਼

ਬੈਂਚ, ਕੁਰਸੀਆਂ ਆਦਿ ਨੂੰ ਥਾਂ ਸਿਰ ਕਰਨ ਕਰਵਾਉਣ ਲਈ ਲਾ ਲਿਆ। ਇਹ ਕੁਝ ਕਰਨ ਪਿੱਛੋਂ ਮੈ ਦਾਖ਼ਲੀਆਂ ਦੀ ਕਤਾਰ ਦੇ ਸਭ ਤੋਂ ਮੋਹਰੇ ਖਲੋ ਗਿਆ। ਲਾਈਨ ਵਿਚ ਖਲੋਤਿਆਂ ਵਿਚੋਂ ਕਿਸੇ ਨੇ ਇਤਰਾਜ਼ ਨਾ ਕੀਤਾ। ਸ਼ਾਇਦ ਉਹਨਾਂ ਨੇ ਇਉਂ ਸਮਝਿਆ ਹੋਵੇ ਕਿ ਮੈਂ ਵੀ ਪ੍ਰਬੰਧਕਾਂ ਵਿਚੋਂ ਹਾਂ। ਇਸ ਕੋਰਸ ਦੇ ਦਾਖਲੇ ਵਿਚ ਹੋਣ ਸਮੇ ਵੀ ਮੇਰੇ ਕੰਪਿਊਟਰ ਬਾਰੇ ਗਿਆਨ ਵਿਚ ਕੋਈ ਵਾਧਾ ਨਾ ਹੋਇਆ। ਜਦੋਂ ਮੈਂ ਇਸ ਕੋਰਸ ਵਿਚ ਦਾਖਲ ਹੋਇਆ ਸਾਂ ਜਿੰਨਾ ਕੁ ਗਿਆਨ ਮੈਨੂੰ ਓਦੋਂ ਸੀ ਕੰਪਿਊਟਰ ਬਾਰੇ ਓਨਾ ਕੁ ਹੀ ਇਸ ਕੋਰਸ ਸਮੇ ਹੋਇਆ। ਇਸ ਤੋਂ ਇਲਾਵਾ ਵਧ ਭੰਬਲ਼ਭੂਸਿਆਂ ਵਿਚ ਪੈ ਗਿਆ। ਕਿਸੇ ਇਕ ਪੈਕੇਜ ਦਾ ਪ੍ਰਯੋਗ ਕਰਕੇ ਵੀ ਮੈਂ ਆਪਣੀ ਪਸੰਦ ਦਾ ਡਾਕੂਮੈਂਟ ਤਿਆਰ ਕਰ ਸਕਣ ਦੇ ਕਾਬਲ ਨਾ ਹੋ ਸਕਿਆ ਜਿਹੋ ਜਿਹਾ ਪਹਿਲਾਂ ਹੀ ਮੈਕਿਨਤੋਸ਼ ਉਪਰ, ਮਾਊਸ ਦੀ ਸਹਾਇਤਾ ਨਾਲ਼ ਕਰ ਸਕਦਾ ਸਾਂ। ਮੈਨੂੰ ਇਹੋ ਜਿਹੇ ਅੱਕੀਂ ਪਲਾਹੀਂ ਹੱਥ ਮਾਰਦਿਆਂ, ਅਰਥਾਤ ਆਏ ਦਿਨ ਕਿਸੇ ਨਾ ਕਿਸੇ ਕੋਰਸ ਵਿਚ ਦਾਖ਼ਲਾ ਲੈਂਦਿਆਂ ਨੂੰ ਵੇਖ ਕੇ, ਇਕ ਦਿਨ ਘਰ ਵਾਲ਼ੀ ਆਖਣ ਲੱਗੀ, "ਕਰੀ ਜਾਓ ਕੋਰਸ; ਸ਼ਾਇਦ ਧਰਮ ਰਾਜ ਦੀ ਦਰਗਾਹ ਵਿਚ ਕੋਈ ਚੰਗੀ ਨੌਕਰੀ ਮਿਲ਼ ਜਾਵੇ!"

ਵਿਡੰਬਨਾ ਇਹ ਸੀ ਕਿ ਹਰੇਕ ਕੋਰਸ ਵਿਚ ਸਾਨੂੰ ਥੋਹੜਾ ਬਹੁਤਾ Wordperfect 5.1 ਸਿਖਾਇਆ ਜਾਂਦਾ ਰਿਹਾ ਪਰ ਮੈਂ ਬਿਨਾ ਕਿਸੇ ਦੀ ਸਹਾਇਤਾ ਦੇ, ਇਸ ਪੈਕੇਜ ਨੂੰ ਵਰਤ ਕੇ, ਇਸ ਯੋਗ ਨਾ ਹੋ ਸਕਿਆ ਕਿ ਤਸੱਲੀ ਨਾਲ਼ ਕੋਈ ਡਾਕੂਮੈਂਟ ਤਿਆਰ ਕਰ ਸਕਦਾ। ਫਿਰ ਮੈਂ ਆਪਣੇ ਬੱਚਿਆਂ ਵਾਸਤੇ IBM ਕੰਪਿਊਟਰ ਖਰੀਦ ਲਿਆ। ਉਸ ਵਿਚ ਕੁਝ ਹੋਰ ਪੈਕੇਜਾਂ ਦੇ ਨਾਲ਼ WordPerfect 5.1 ਵੀ ਹੈ ਸੀ ਤੇ ਮੈਂ ਵੇਹਲੇ ਵੇਲ਼ੇ ਘਰ ਵਿਚ ਇਸ ਨਾਲ਼ 'ਛੇੜ ਛਾੜ' ਵੀ ਕਰਦੇ ਰਹਿਣਾ। ਮੇਰਾ ਪੁੱਤਰ ਸੰਦੀਪ ਸਿੰਘ ਸਿਡਨੀ ਯੂਨੀਵਰਸਿਟੀ ਤੋਂ ਕੰਪਿਊਟਰ ਸਾਇੰਸ ਦੀ ਡਿਗਰੀ ਕਰ ਰਿਹਾ ਸੀ। ਉਸ ਦੀ ਸਹਾਇਤਾ ਨਾਲ਼ ਮੈ WordPerfect 5.1 ਨਾਲ਼ ਕੁਝ ਮਗ਼ਜ਼ਮਾਰੀ ਕਰ ਕਰ ਕੇ, 'ਚਿੱਠੀ ਚਪੱਠੀ' ਕਰਨ ਜੋਗਾ ਗਿਆਨ ਹਾਸਲ ਕਰ ਹੀ ਲਿਆ ਪਰ ਦੂਜੇ ਸਾਰੇ ਪੈਕੇਜ ਡਮਾਕ ਚੋਂ ਨਿਕਲ਼ ਗਏ। ਫਿਰ ਸੰਦੀਪ ਨੇ ਕੰਪਿਊਟਰ ਵਿਚ MSWord ਇਨਸਟਾਲ ਕਰ ਦਿਤਾ ਤੇ ਮੈਂ ਹੁਣ ਆਪਣੀਆਂ ਸਾਰੀਆਂ ਕਿਤਾਬਾਂ, ਕਾਲ਼ੇ ਲੇਖ ਿਸ਼ੌਰਦ ਰਾਹੀਂ, ਆਪਣੇ ਲੈਪ ਟੌਪ ਤੇ ਝਰੀਟ ਲੈਂਦਾ ਹਾਂ ਤੇ ਈ-ਮੇਲਾਂ ਵੀ ਮੇਲ਼ ਲੈਂਦਾ ਹਾਂ। ਅਖ਼ਬਾਰਾਂ ਪੜ੍ਹਨ ਦਾ ਝਸ ਵੀ ਪੂਰਾ ਕਰ ਲੈਂਦਾ ਹਾਂ ਪਰ ਹੋਰ ਕੁਝ ਕਰਨਾ ਨਹੀਂ ਆਉਂਦਾ। ਮੈਨੂੰ ਤਾਇਆ ਆਖ ਕੇ ਮਾਣ ਦੇਣ ਵਾਲ਼ੇ, ਗੁਰਵਿੰਦਰ ਸਿੰਘ ਢੱਟ ਔਕਲੈਂਡ ਵਾਲ਼ੇ ਨੇ, ਬਹੁਤ ਸਾਰੇ ਲਾਭ ਦੱਸ ਕੇ, ਮੇਰੇ ਤੋਂ ਹਾਂ ਕਰਵਾ ਕੇ, ਮੇਰੀ ਫੇਸ ਬੁੱਕ ਬਣਾ ਧਰੀ। ਫਿਰ ਮੇਰੀ ਗ਼ਲਤੀ ਨਾਲ਼ ਉਸ ਰਾਹੀਂ ਮੈਨੂੰ ਏਨੇ ਸੁਨੇਹੇ ਆਉਣ ਲੱਗ ਪਏ ਕਿ ਰੋਜ ਉਹਨਾਂ ਨੂੰ ਡੀਲੀਟਣਾ ਪੈਣਾ। ਸੰਦੀਪ ਨੂੰ ਆਖ ਕੇ ਬੰਦ ਕਰਵਾਇਆ। ਉਸ ਨੇ ਆਖਿਆ ਵੀ ਕਿ ਉਹ ਸੋਚ ਰਿਹਾ ਸੀ ਕਿ ਪਾਪਾ ਇਸ ਪੰਗੇ 'ਚ ਕਿਉਂ ਫਸ ਗਏ!

ਮੈਨੂੰ ਇਸ ਗੱਲ ਦੀ ਸਮਝ ਨਹੀਂ ਆ ਰਹੀ ਕਿ ਜੇਹੜਾ ਕੰਪਿਊਟਰ ਵਾਲ਼ਾ ਕੰਮ ਹੋਰ ਲੋਕ ਏਨੀ ਛੇਤੀ ਸਿੱਖ ਜਾਂਦੇ ਨੇ ਉਸ ਉਪਰ ਮੇਰਾ ਏਨਾ ਸਮਾ ਤੇ ਜੋਰ ਕਿਉ ਲੱਗ ਗਿਆ! ਫਿਰ ਅਜੇ ਵੀ ਮੈਂ ਬਿਨਾ ਕਿਸੇ ਦੀ ਸਹਾਇਤਾ ਦੇ, ਇਸ 'ਮੈਜਿਕ ਬਾਕਸ' ਉਪਰ ਬਹੁਤਾ ਕੁਝ ਨਹੀਂ ਕਰ ਸਕਦਾ। ਕੰਪਿਊਟਰ ਸਿੱਖਣ ਵਾਲ਼ੀ ਇਸ ਆਪੇ ਪਾਈ 'ਘੜਮੱਸ ਚੌਂਦੇਂ" ਦਾ ਦੋਸ਼ ਮੈਂ ਕਿਸ ਨੂੰ ਦੇਵਾਂ? ਇਹ ਮੇਰੀ ਮੂਰਖਤਾ ਹੈ ਜਾਂ ਸੁਸਤੀ, ਜਾਂ ਚਾਹਨਾ ਦੀ ਘਾਟ, ਜਾਂ ਵਡੇਰੀ ਉਮਰ ਕਰਕੇ ਮੇਰੀ ਸਮਝਣ ਸ਼ਕਤੀ ਕਮਜੋਰ ਹੈ। ਜਾਂ ਅੰਗ੍ਰੇਜ਼ੀ ਭਾਸ਼ਾ ਵੱਲੋਂ ਹੱਥ ਤੰਗ ਹੋਣਾ ਹੈ। ਜਾਂ ਫਿਰ ਆਸਟ੍ਰੇਲੀਆ ਦੇ ਵਿਦਿਅਕ ਢਾਂਚੇ ਵਿਚ ਕੋਈ ਸਪੈਸ਼ਲ ਤਰੀਕਾ ਹੈ ਸਿਖਾਉਣ ਦਾ ਜਿਸ ਦੀ ਮੈਨੂੰ ਸਮਝ ਨਹੀਂ ਆ ਰਹੀ। ਜਾਂ ਫਿਰ ਇਕ ਟੀਚਰ ਦੀ ਸੋਚ ਅਨੁਸਾਰ 'ਐਪਲ ਮੈਕਿਨਤੋਸ਼' ਨੇ ਮੇਰੀ ਆਦਤ ਵਿਗਾੜ ਦਿਤੀ ਹੈ ਤੇ ਮੈਂ ਉਸ ਤੋਂ ਔਖਾ ਤਰੀਕਾ ਕੋਈ ਅਪਨਾ ਨਹੀਂ ਰਿਹਾ। ਜਾਂ ਇਹ ਵੀ ਹੋ ਸਕਦਾ ਹੈ ਕਿ ਮੈਂ ਕੁਝ ਸਿੱਖਣ ਦੀ ਬਜਾਇ ਬੇਲੋੜਾ ਬੋਲ ਬੋਲ ਕੇ ਦੂਜਿਆਂ ਨੂੰ ਸਿਖਾਉਣ ਦੇ ਯਤਨ ਵਿਚ ਰਹਿੰਦਾ ਹਾਂ।

ਇਸ ਗੱਲ ਨਾਲ਼ ਮੈਂ ਪੂਰਨ ਤੌਰ ਤੇ ਸਹਿਮਤ ਹਾਂ ਕਿ ਡੰਗ ਟਪਾਊ ਕੰਮ ਤਾਂ ਚਾਹੇ ਜਿੰਨੇ ਮਰਜੀ ਸਿੱਖ ਲਏ ਜਾਣ ਪਰ ਘਟ ਤੋਂ ਘਟ ਇਕ ਕੰਮ ਵਿਚ ਤਾਂ ਬੰਦੇ ਨੂੰ ਮਾਹਰ ਹੋਣਾ ਹੀ ਚਾਹੀਦਾ ਹੈ।

ਮੁਢਲੇ ਤੌਰ ਤੇ ਇਹ ਲੇਖ, ੧੯੯੧ ਵਿਚ, ਕਲਾਸ ਅਸਾਈਨਮੈਂਟ ਵਜੋਂ, ਅੰਗ੍ਰੇਜ਼ੀ ਵਿਚ ਲਿਖਿਆ ਸੀ। ਸੋਚਿਆ ਕਿ ਚਲੋ, ਵੇਹਲੇ ਬੈਠੇ ਇਸ ਦੀ ਪੰਜਾਬੀ ਹੀ ਬਣਾ ਧਰੀਏ!

# ਗੱਲ ਚੱਲੀ ਗੁਰਮੁਖੀ ਵਿਚ ਤਿੰਨ ਹੋਰ ਚਿੰਨ੍ਹਾਂ ਦੀ

ਗੱਲ ਇਹ ੧੯੫੮ ਦੀਆਂ ਮਈ ਮਹੀਨੇ ਦੀ ਹੈ। ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਸੰਗੀਤ ਕਲਾਸ ਵਿਚ, ਸਾਨੂੰ ਪ੍ਰੋਫ਼ੈਸਰ ਰਾਜਿੰਦਰ ਸਿੰਘ ਜੀ ਭੈਰਉਂ ਰਾਗ ਵਿਚ ਦਾਦਰਾ ਤਾਲ ਦਾ ਸ਼ਬਦ ਸਿਖਾ ਰਹੇ ਸਨ। ਸ਼ਬਦ ਸੀ, ''ਗੁਰ ਕੀ ਮੂਰਤਿ ਮਨ ਮਹਿ ਧਿਆਨੁ॥' ਜਦੋਂ ਅੰਤਰੇ ਵਿਚ ਇਹ ਤੁਕ ਆਈ, ''ਗੁਰ ਪ੍ਰਸਾਦਿ ਊਰਧ ਕਮਲ ਬਿਗਾਸ॥'' ਤਾਂ ਬੋਰਡ ਉਪਰ ਇਸ ਦੀ ਨੋਟੇਸ਼ਨ ਲਿਖਣ ਸਮੇ ਜਦੋਂ 'ਊਰਧ' ਪਦ ਆਇਆ ਤਾਂ ਇਹਨਾਂ ਤਿੰਨਾਂ ਅੱਖਰਾਂ ਨੂੰ ਤਾਰ ਸਪਤਕ ਦੇ 'ਸਾਂ' ਦੀਆਂ ਦੋ ਮਾਤਰਾਂ ਵਿਚ ਬੋਲਣਾ ਸੀ। ਇਸ ਨੁਕਤੇ ਨੂੰ ਸਮਝਾਉਣ ਲਈ ਉਹ ਦੱਸਣ ਕਿ ਜਿਸ ਤਰ੍ਹਾਂ ਅੰਗ੍ਰੇਜ਼ੀ ਦਾ ਲਫ਼ਜ਼ 'ਆਰਟ' ਬੋਲਣਾ ਹੈ, ਕੀਰਤਨ ਕਰਦੇ ਸਮੇ ਓਸੇ ਤਰ੍ਹਾਂ ਇਸ ਲਫ਼ਜ਼ 'ਊਰਧ' ਨੂੰ ਬੋਲਣਾ ਹੈ। ਅਰਥਾਤ 'ਊ' ਅਤੇ 'ਧ' ਦੇ ਵਿਚਕਾਰਲੇ 'ਰ' ਨੂੰ ਇਸ ਤਰ੍ਹਾਂ ਬੋਲਣਾ ਹੈ ਕਿ ਇਸ ਦੀ ਮਾਤਰਾ ਵੱਖਰੀ ਨਾ ਲੱਗੇ ਜਿਵੇਂ 'ਆਰਟ' ਸ਼ਬਦ ਵਿਚ ੍ਰ ਬੋਲਣੀ ਹੈ; ਏਥੇ ਵੀ ਰ ਨੂੰ ਉਸ ੍ਰ ਵਾਂਙ ਹੀ ਬੋਲਣਾ ਹੈ। ਹੋਰ ਕਿਸੇ ਵਿਦਿਆਰਥੀ ਨੂੰ ਇਸ ਗੱਲ ਦੀ ਸਮਝ ਆਈ ਹੋਵੇ ਚਾਹੇ ਨਾ ਪਰ ਮੇਰੇ ਖਾਨੇ ਵਿਚ ਤਾਂ ਇਹ ਗੱਲ ਓਦੋਂ ਬਿਲਕੁਲ ਨਹੀਂ ਸੀ ਵੜੀ।

ਇਹ ਤਾਂ ਆਪਾਂ ਸਾਰੇ ਜਾਣਦੇ ਹੀ ਹਾਂ ਕਿ ਸੰਸਾਰ ਦੀ ਕੋਈ ਵੀ ਲਿੱਪੀ ਮਨੁਖ ਦੇ ਹਰੇਕ ਭਾਵ ਨੂੰ ਪਰਗਟ ਕਰਨ ਵਿਚ ਪੂਰੀ ਤਰ੍ਹਾਂ ਸਫ਼ਲ ਨਹੀਂ ਹੈ। ਮਨੁਖ ਨੂੰ ਬਹੁਤ ਕੁਝ ਆਪਣੇ ਹਾਵਾਂ ਭਾਵਾਂ ਨਾਲ਼ ਹੀ ਦਰਸਾਉਣਾ ਪੈਂਦਾ ਹੈ ਜੋ ਅੱਖਰਾਂ ਰਾਹੀਂ ਨਹੀਂ ਪ੍ਰਗਟਾਇਆ ਜਾ ਸਕਦਾ। ਪੁਰਾਤਨ ਪੰਜਾਬੀ ਉਚਾਰਣ ਅਨੁਸਾਰ ਗੁਰਮੁਖੀ ਲਿੱਪੀ ਦੇ ਅੱਖਰ ਤਕਰੀਬਨ ਸੰਪੂਰਨ ਹਨ। ਪੰਜਾਬੀ ਭਾਸ਼ਾ ਹੋਰ ਕਿਸੇ ਵੀ ਲਿੱਪੀ ਵਿਚ, ਗੁਰਮੁਖੀ ਨਾਲ਼ੋਂ ਵਧੇਰੇ ਢੁਕਵੇਂ ਤਰੀਕੇ ਨਾਲ਼ ਨਹੀਂ ਲਿਖੀ ਜਾ ਸਕਦੀ। ਪੰਜਾਬੀ ਵਾਸਤੇ ਸਭ ਤੋਂ ਢੁਕਵੀਂ ਲਿੱਪੀ ਸਿਰਫ਼ ਗੁਰਮੁਖੀ ਹੀ ਹੈ। ਜੇਹੜੀਆਂ ਆਵਾਜ਼ਾਂ ਪਹਿਲਾਂ ਪੰਜਾਬੀ ਬੋਲੀ ਵਿਚ ਨਹੀਂ ਸਨ ਤੇ ਬਾਅਦ ਵਿਚ ਅਰਬੀ, ਫ਼ਾਰਸੀ ਬੋਲੀਆਂ ਵਿਚੋਂ ਪੰਜਾਬੀ ਵਿਚ ਆਏ ਕੁਝ ਸ਼ਬਦਾਂ ਵਿਚਲੀਆਂ ਆਵਾਜ਼ਾਂ ਨੂੰ ਦਰਸਾਉਣ ਲਈ, ਉਹਨਾਂ ਦੇ ਨੇੜੇ ਤੇੜੇ ਬੋਲੇ ਜਾਣ ਵਾਲ਼ੇ ਅੱਖਰਾਂ ਦੇ ਪੈਰੀਂ ਬਿੰਦੀ ਲਾ ਕੇ, ਪੰਜ ਹੋਰ ਅੱਖਰਾਂ ਦਾ ਵਾਧਾ ਕੀਤਾ ਗਿਆ ਸੀ। ਫਿਰ ਪੰਜਾਬੀ ਦੇ ਇਕ ਹੋਰ ਅੱਖਰ ਲ ਦਾ ਤਾਲ਼ਵੀ ਉਚਾਰਣ ਵੀ ਹੁੰਦਾ ਹੈ, ਜਿਸ ਨੂੰ ਪਹਿਲਾਂ ਗੁਰਮੁਖੀ ਵਿਚ ਨਹੀਂ ਸ਼ਾਮਲ ਕੀਤਾ ਗਿਆ ਸੀ ਪਰ ਪੌਣੀ ਕੁ ਸਦੀ ਪਹਿਲਾਂ, ਪਟਿਆਲ਼ੇ ਤੋਂ ਡਾ. ਗੁਰਚਰਨ ਸਿੰਘ ਨੇ, ਆਪਣੀ ਕਿਤਾਬ 'ਆਧੁਨਿਕ ਪੰਜਾਬੀ ਲੇਖ' ਦੀ ਭੂਮਿਕਾ ਵਿਚ, ਲ ਦੇ ਪੈਰ ਵਿਚ ਬਿੰਦੀ ਲਾ ਕੇ, ਇਸ ਨੂੰ ਲ਼ ਬਣਾ ਕੇ, ਵਰਤਣ ਦਾ ਸੁਝਾ ਦਿਤਾ ਜੋ ਕਿ ਮੇਰੇ ਖਿਆਲ ਵਿਚ ਓਵੇਂ ਹੀ ਇਹ ਗੱਲ ਵੀ ਜਚਦੀ ਹੈ ਜਿਵੇਂ ਦੂਜੇ ਅੱਖਰਾਂ ਦੇ ਪੈਰਾਂ ਵਿਚ ਬਿੰਦੀਆਂ ਲਾ ਕੇ ਬਣਾਏ ਗਏ ਲੋੜੀਂਦੇ ਅੱਖਰਾਂ ਬਾਰੇ ਢੁਕਦੀ ਹੈ। ਪੰਜਾਬੀ ਵਿਚ ਬਹੁਤ ਸਾਰੇ ਸ਼ਬਦ ਹਨ ਜਿਨ੍ਹਾਂ ਵਿਚ ਲ ਦਾ ਉਚਾਰਣ ਤਾਲ਼ੂ ਵਿਚ ਹੁੰਦਾ ਹੈ; ਉਦਾਹਰਣ ਵਜੋਂ: ਗਲ਼, ਮਲ਼, ਭਲ਼, ਹਲ਼, ਤਾਲ਼ੂ, ਕਚਾਲ਼ੂ, ਪੰਜਾਲ਼ੀ, ਜੂਲ਼ਾ, ਮੈਲ਼, ਮੇਲ਼, ਵਾਲ਼ਾ, ਕਾਲ਼ਾ, ਮਾਲ਼ਾ, ਸਾਲ਼ਾ, ਘਾਲ਼ਾ, ਭੰਬਲ਼ਭੂਸਾ ਆਦਿ। ਗੁਜਰਾਤੀ ਵਿਚ ਇਸ ਉਚਾਰਣ ਵਾਸਤੇ ਸੁਤੰਤਰ ਅੱਖਰ ਹੈ ਪਰ ਪੰਜਾਬੀ/ਹਿੰਦੀ ਵਿਚ ਨਹੀਂ। ਥੋਹੜੀ ਗਿਣਤੀ ਵਿਚ ਪੰਜਾਬੀ ਦੇ ਲਿਖਾਰੀ ਬਜਿਦ ਹਨ ਕਿ ਅਜਿਹਾ ਉਚਾਰਣ ਲੱਲੇ ਦੇ ਪੈਰ ਵਿਚ ੍ਹ ਲਾ ਕੇ ਲਿਖਣਾ ਚਾਹੀਦਾ ਹੈ, ਜੋ ਕਿ ਬਿਲਕੁਲ ਹੀ ਗ਼ਲਤ ਹੈ; ਕਿਉਂਕਿ ਜਦੋਂ ਅਸੀਂ ਗਲ਼ (ਗਲ਼ਾ) ਨੂੰ ਪੈਰੀਂ ੍ਹ ਲਾ ਕੇ ਲਿਖਾਂਗੇ ਤਾਂ ਉਹ ਗਲ੍ਹ ਬਣ ਜਾਵੇਗਾ, ਗਲ਼ ਨਹੀਂ। ਇਸ ਤਰ੍ਹਾਂ ਹੀ ਕੁਝ ਹੋਰ ਸ਼ਬਦਾਂ ਬਾਰੇ ਵੀ ਭੁਲੇਖਾ ਪੈ ਸਕਦਾ ਹੈ। ਇਸ ਲਈ ਲੱਲੇ ਦੇ ਪੈਰਾਂ ਵਿਚ ੍ਹ ਪਾ ਕੇ ਇਸ ਆਵਾਜ਼ ਨੂੰ ਪਰਗਟ ਕਰਨਾ ਕਤਈ ਗ਼ਲਤ ਤਰੀਕਾ ਹੈ।

ਫਿਰ ਮੁੜੀਏ ਅੰਗ੍ਰੇਜ਼ੀ ਸ਼ਬਦਾਂ ਦੇ ਵਿਚਕਾਰਲੇ ਆਰ ੍ਰ ਵੱਲ। ਅੰਗ੍ਰੇਜ਼ੀ ਦੇ ਬਹੁਤ ਸਾਰੇ ਸ਼ਬਦ ਅਜਿਹੇ ਹਨ ਜਿਨ੍ਹਾਂ ਦੇ ਵਿਚਕਾਰ ਜਾਂ ਅੰਤ ਵਿਚ ਆਈ ਆਰ ਨੂੰ ਪੂਰਾ ਨਹੀਂ ਬੋਲਿਆ ਜਾਂਦਾ; ਜਿਵੇਂ ਕਿ ਆਰਟ, ਸਮਾਰਟ, ਚਾਰਟ, ਕਾਰਟ, ਪਾਰਟ, ਹਾਰਟ, ਕਾਰਡ ਆਦਿ ਪਰ ਉਹਨਾਂ ਨੇ ਅੰਗ੍ਰੇਜ਼ੀ ਦੀ ਵਰਣਮਾਲਾ ਵਿਚ ਅਜਿਹੀ ਆਵਾਜ਼ ਲਈ ਕੋਈ ਚਿੰਨ੍ਹ ਨਹੀਂ ਚਿਤਵਿਆ। ਉਹ ਖ਼ੁਦ ਹੀ ਜਾਣਦੇ ਹਨ ਕਿ ਇਸ ੍ਰ ਦਾ ਪੂਰਾ ਉਚਾਰਣ ਕਿੱਥੇ ਕਰਨਾ ਹੈ ਤੇ ਕਿੱਥੇ ਨਹੀਂ ਕਰਨਾ। ਇਸ ਤਰ੍ਹਾਂ ਸ਼ਬਦ ਦੇ ਵਿਚਕਾਰ ਆਉਣ ਵਾਲ਼ੀ ਲ਼ ਨੂੰ ਵੀ ਉਹ ਪੂਰੀ ਤਰ੍ਹਾਂ ਨਹੀਂ ਬੋਲਦੇ; ਜਿਵੇਂ ਕਿ ਚਾਕ, ਵਾਕ, ਟਾਕ, ਚਾਈਲਡ, ਮਾਇਲਡ ਆਦਿ।

ਅੰਗ੍ਰੇਜ਼ਾਂ ਦੀ ਤਾਂ, ''ਮਥਰਾ (ਈ) ਤੀਨ ਲੋਕ ਸੇ ਨਿਆਰੀ'' ਹੈ। ਉਹ ਤਾਂ ਛੱਬੀ ਅੱਖਰਾਂ ਨਾਲ਼ ਹੀ ਤਕਰੀਬਨ ਅੱਧੀ ਦੁਨੀਆ ਨੂੰ ਗਧੀ ਗੇੜੇ ਪਾਈ ਫਿਰਦੇ ਹਨ।

ਅੰਗ੍ਰੇਜ਼ੀ ਸ਼ਬਦਾਂ ਨੂੰ ਹਿੰਦੀ ਵਿਚ ਲਿਖਣ ਸਮੇ, ਸ਼ਬਦ ਦੇ ਵਿਚਕਾਰ ਆਉਣ ਵਾਲ਼ੀ ੍ਰ ਵਾਲ਼ੇ ਥਾਂਵਾਂ ਤੇ ਪੂਰਾ ਰ ਲਿਖਣ ਦੇ ਥਾਂ, ਉਸ ਤੋਂ ਅਗਲੇ ਅਖਰ ਉਪਰ ਟੇਢੀ ਜਿਹੀ ਟਿਪੀ ਲਾ ਕੇ, ਇਕ ਚਿੰਨ੍ਹ ਬਣਾਇਆ ਜਾਂਦਾ ਹੈ ਤੇ ਸ਼ਬਦ ਦੇ ਵਿਚਕਾਰ ਆਉਣ ਵਾਲ਼ੇ ਪੂਰੇ ਲੱਲੇ ਦੀ ਥਾਂ ਅੱਧਾ ਲੱਲਾ ਵਰਤਿਆ ਜਾਂਦਾ ਹੈ। ਗੁਰਮੁਖੀ ਵਿਚ ਅਜਿਹਾ ਕੋਈ ਪ੍ਰਬੰਧ ਨਹੀਂ ਹੈ। ਇਸ ਲਈ ਕੋਈ ਹਰਜ ਨਹੀਂ ਜੇ ਅਸੀਂ ਵੀ ਹਿੰਦੀ ਵਾਲ਼ੇ ਤਰੀਕੇ ਅਨੁਸਾਰ ਹੀ, ਓਸੇ ਟੇਢੀ ਜਿਹੀ ਟਿੱਪੀ ਨੂੰ ਵਰਤ ਕੇ, ਅੰਗ੍ਰੇਜ਼ੀ ਸ਼ਬਦਾਂ ਦੇ ਵਿਚਕਾਰ ਆਉਣ ਵਾਲ਼ੇ 'ਰ' ਨੂੰ ਦਰਸਾ ਸਕੀਏ।

ਪਿਛਲੀਆਂ ਦੋ ਸਦੀਆਂ ਦੇ ਸਮੇ ਦੌਰਾਨ ਅੰਗ੍ਰੇਜ਼ੀ ਭਾਸ਼ਾ ਦੇ ਬਹੁਤ ਸਾਰੇ ਸ਼ਬਦ ਪੰਜਾਬੀ ਵਿਚ ਘੁਲ਼ ਮਿਲ਼ ਗਏ ਹਨ ਜਿਵੇਂ ਕਿ ਅਰਬੀ, ਫ਼ਾਰਸੀ ਆਦਿ ਦੇ ਪਹਿਲਾਂ ਹੀ ਪੰਜਾਬੀ ਵਿਚ ਮੌਜੂਦ ਹਨ ਤੇ ਉਹ ਹੁਣ ਪੰਜਾਬੀ ਦੇ ਹੀ ਬਣ ਚੁੱਕੇ ਹਨ; ਉਹਨਾਂ ਨੂੰ ਕੋਈ ਵਖਰਿਆ

ਨਹੀਂ ਸਕਦਾ। ਜਿਵੇਂ ਕਿ ਟੈਸ, ਮੈਸ, ਟੈਲ, ਐਸ, ਗੈਸ, ਹੈਲ, ਚੈਕ, ਪੈਗ ਆਦਿ। ਇਹਨਾਂ ਸਾਰੇ ਸ਼ਬਦਾਂ ਦੇ ਪਹਿਲੇ ਅੱਖਰ ਉਪਰਲੀਆਂ ਦੋਲਾਵਾਂ ਦੇ ਨਾਲ਼ ਅੱਧਕ ਵੀ ਬੋਲਦਾ ਹੈ ਪਰ ਪੰਜਾਬੀ ਲਿਖਤ ਵਿਚ ਜੇ ਲਾਂ, ਦੁਲਾਵਾਂ, ਹੋੜਾ, ਕਨੌੜਾ ਦੇ ਨਾਲ਼ ਅੱਧਕ ਜਾਂ ਟਿੱਪੀ ਲੱਗੀ ਹੋਈ ਹੋਵੇ ਤਾਂ ਉਹ ਸ਼ਬਦ ਦੇ ਲਿਖਤੀ ਰੂਪ ਦੀ ਸੋਭਾ ਘਟਾਉਂਦੀ ਹੈ। ਸ਼ਾਇਦ ਏਸੇ ਕਰਕੇ ਹੀ ਸਿਆਣਿਆਂ ਨੇ ਸ਼ੁਰੂ ਵਿਚ ੳ ਉਪਰ ਅੱਧਕ ਜਾਂ ਟਿਪੀ ਲਾਉਣੀ ਯੋਗ ਨਹੀਂ ਸੀ ਸਮਝੀ। ਜਦੋਂ ਕਿ ਬਾਕੀ ਅੱਖਰਾਂ ਦੇ ਔਂਕੜ, ਦੁਲੈਂਕੜੇ ਆਦਿ ਨਾਲ਼ ਟਿੱਪੀ ਲਾਈ ਜਾਂਦੀ ਹੈ ਪਰ ਜਦੋਂ ੳ ਦੀ ਵਾਰੀ ਆਉਂਦੀ ਹੈ ਤਾਂ ਉਸ ਨਾਲ਼ ਟਿੱਪੀ ਦੇ ਥਾਂ ਬਿੰਦੀ ਹੀ ਲਾਈ ਜਾਂਦੀ ਹੈ; ਟਿੱਪੀ ਨਹੀਂ ਲਾਈ ਜਾਂਦੀ। ਇਸ ਕਰਕੇ ਅੰਗ੍ਰੇਜ਼ੀ ਦੇ ਅਜਿਹੇ ਸ਼ਬਦਾਂ ਵਿਚ ਅੱਧਕ ਬੋਲਣ ਦੇ ਬਾਵਜੂਦ ਵੀ ਲਿਖਤ ਵਿਚ ਲੱਗਾ ਹੋਇਆ ਸੋਭਦਾ ਨਹੀਂ। ਇਸ ਲਈ ਪੰਜਾਬੀ ਵਿਚ ਇਸ ਭਾਵ ਨੂੰ ਦਰਸਾਉਣ ਲਈ ਇਕ ਨਵਾਂ ਚਿੰਨ੍ਹ ਸਿਰਜਣ ਦੀ ਲੋੜ ਹੈ। ਮੇਰੇ ਖਿਆਲ ਵਿਚ ਜੇ ਦੁਲਾਵਾਂ ਦਾ ਪਿਛਲਾ ਅੰਤ ਆਪਸ ਵਿਚ ਜੋੜ ਕੇ, ਅਜਿਹਾ ਚਿੰਨ੍ਹ ਸਿਰਜ ਲਿਆ ਜਾਵੇ ਤਾਂ ਇਸ ਵਿਚ ਕੋਈ ਹਰਜ ਨਹੀਂ; ਜਾਂ ਫਿਰ ਵਿਦਵਾਨ ਸੱਜਣ ਕੋਈ ਹੋਰ ਤਰੀਕਾ ਵਰਤ ਲੈਣਾ ਵੀ ਯੋਗ ਸਮਝ ਸਕਦੇ ਹਨ।

**ਇਹਨੀਂ ਦਿਨੀਂ ਪੰਜਾਬੀ ਪੱਤਰਕਾਰੀ ਵਿਚ ਬਹੁਤ, ਥਾਂਵਾਂ ਤੇ ੳ ਉਪਰ ਵੀ ਅੱਧਕ ਲਾ ਕੇ, ਸ਼ਬਦ ਦੇ ਲਿਖਤੀ ਸਰੂਪ ਨੂੰ ਵਿਗਾੜਿਆ ਜਾਂਦਾ ਹੈ।**

ਫਿਰ ਅੰਗ੍ਰੇਜ਼ੀ ਭਾਸ਼ਾ ਵਿਚ ਕਨੌੜੇ ਤੇ ਕੰਨੇ ਦੇ ਵਿਚਕਾਰਲੀ ਇਕ ਆਵਾਜ਼ ਹੈ; ਜਿਵੇਂ ਕਿ ਡੌਟ, ਸ਼ੌਪ, ਸਟੌਪ, ਨੌਲਜ, ਕੌਲਜ ਆਦਿ। ਇਹ ਆਵਾਜ਼ ਪਹਿਲਾਂ ਹਿੰਦੀ/ਪੰਜਾਬੀ ਵਿਚ ਨਹੀਂ ਸੀ ਹੁੰਦੀ। ਹਿੰਦੀ ਵਾਲ਼ਿਆਂ ਨੇ ਚਿਰੋਕਣਾ ਹੀ ਇਸ ਦਾ ਹੱਲ ਕਢ ਲਿਆ ਹੋਇਆ ਹੈ। ਉਹ ਕੰਨੇ ਦੇ ਉਪਰ ਅੱਧਕ ਲਾ ਕੇ, ਇਸ ਆਵਾਜ਼ ਨੂੰ ਦਰਸਾ ਦਿੰਦੇ ਹਨ। ਇਸ ਲਈ ਸਾਨੂੰ ਇਹ ਕੰਨੇ ਉਪਰ ਅੱਧਕ ਲਾਉਣ ਵਾਲ਼ਾ, ਸੌਖਾ ਜਿਹਾ ਤਰੀਕਾ ਹੀ ਅਪਨਾ ਲੈਣਾ ਚਾਹੀਦਾ ਹੈ।

ਯਾਦ ਰਹੇ ਕਿ ਬੋਲੀ, ਲਿੱਪੀ ਗੁਰਬਾਣੀ ਵਾਂਙ ਕੋਈ ''ਖਸਮ ਕੀ ਬਾਣੀ'' ਨਹੀਂ ਹਨ ਕਿ ਸਮੇ ਸਮੇ ਲੋੜ ਅਨੁਸਾਰ ਇਹਨਾਂ ਵਿਚ, ਉਚਾਰਣ ਨੂੰ ਮੁਖ ਰੱਖ ਕੇ, ਵਾਧਾ ਜਾਂ ਸੁਧਾਰ ਨਹੀਂ ਹੋ ਸਕਦਾ ਬਲਕਿ ਸਮੇ ਸਮੇ ਇਹਨਾਂ ਵਿਚ ਵਾਧਾ ਤੇ ਸੁਧਾਰ ਹੁੰਦੇ ਆਏ ਹਨ। ਸਭ ਤੋਂ ਪਹਿਲਾਂ ਇਸ ਵਿਚ ਸੁਧਾਰ ਸ੍ਰੀ ਗੁਰੂ ਅੰਗਦ ਦੇਵ ਜੀ ਮਹਾਂਰਾਜ ਨੇ ਕੀਤਾ ਸੀ ਅਤੇ ਗੁਰਬਾਣੀ ਤੇ ਸਿੱਖ ਇਤਿਹਾਸ ਨੂੰ ਇਸ ਲਿੱਪੀ ਵਿਚ ਲਿਖਵਾਇਆ ਜਿਸ ਕਰਕੇ ਇਸ ਦਾ ਨਾਂ ਗੁਰਮੁਖੀ ਪ੍ਰਸਿਧ ਹੋਇਆ। ਕੁਝ ਸੱਜਣਾਂ ਨੇ ਇਉਂ ਵੀ ਸਮਝ ਲਿਆ ਕਿ ਗੁਰਮੁਖੀ ਅੱਖਰ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਬਣਾਏ ਸਨ ਤੇ ਇਸ ਲਈ ਹੀ ਇਹਨਾਂ ਨੂੰ ਗੁਰਮੁਖੀ ਆਖਿਆ ਜਾਂਦਾ ਹੈ। ਖੋਜੀਆਂ ਨੇ ਸਾਬਤ ਕਰ ਦਿਤਾ ਹੈ ਕਿ ਅਜਿਹੇ ਜਾਂ ਇਹਨਾਂ ਨਾਲ਼ ਮਿਲਦੇ ਜੁਲਦੇ ਅੱਖਰ ਬ੍ਰਹਮੀ, ਸ਼ਾਰਦਾ, ਮਹਾਜਨੀ, ਟਾਕਰੀ ਆਦਿ ਲਿੱਪੀਆਂ ਵਿਚ, ਗੁਰੂ ਸਾਹਿਬਾਨ ਤੋਂ ਬਹੁਤ ਸਮਾ ਪਹਿਲਾਂ ਹੀ ਮੌਜੂਦ ਸਨ। ਦੂਜੇ ਗੁਰੂ ਜੀ ਤੋਂ ਪਹਿਲਾਂ ਇਹਨਾਂ ਅੱਖਰਾਂ ਦੀ ਮੌਜੂਦਗੀ ਦੀ ਗਵਾਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਤੋਂ ਵੀ ਮਿਲ਼ਦੀ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਆਸਾ ਰਾਗ ਅੰਦਰ 'ਪਟੀ ਲਿਖੀ' (ਪੰਨਾ ੪੩੨) ਨਾਮੀ ਬਾਣੀ ਜੋ ਲਿਖੀ ਹੈ ਉਸ ਵਿਚ ਇਹ ਅੱਖਰ ਵਰਤੇ ਹਨ। ਇਸ ਦੇ ਨਾਲ਼ ਲੱਗਵੀਂ ਹੀ, ਪੰਨਾ ੪੩੪ ਉਪਰ ਸ੍ਰੀ ਗੁਰੂ ਅਮਰਦਾਸ ਜੀ ਦੀ ਬਾਣੀ 'ਪਟੀ' ਵੀ ਦਰਜ ਹੈ। ਫਿਰ ਪਹਿਲੇ ਗੁਰੂ ਜੀ ਦੇ ਸਮਕਾਲੀ ਭਗਤ ਕਬੀਰ ਜੀ ਨੇ ਵੀ ਗਉੜੀ ਰਾਗ ਅੰਦਰ ਉਚਾਰੀ 'ਬਾਵਨ ਅੱਖਰੀ' ਨਾਮੀ ਬਾਣੀ, ਜੋ ਪੰਨਾ ੩੪੦ ਉਪਰ ਅੰਕਤ ਹੈ, ਵਿਚ ਵੀ ਗੁਰਮੁਖੀ ਅੱਖਰਾਂ ਨੂੰ ਹੀ ਵਰਤਿਆ ਹੈ। ਯਾਦ ਰਹੇ ਕਿ ਸੰਸਕ੍ਰਿਤ ਦੀ ਲਿੱਪੀ ਦੇ ਬਵੰਜਾ ਅੱਖਰ ਹੁੰਦੇ ਹਨ। ਇਹ ਹੈਰਾਨੀ ਦੀ ਗੱਲ ਹੈ ਕਿ ਕਾਂਸ਼ੀ ਵਿਚ ਰਹਿਣ ਵਾਲ਼ੇ ਭਗਤ ਕਬੀਰ ਜੀ ਵੀ ਗੁਰਮੁਖੀ ਵਾਲ਼ੇ ਅੱਖਰਾਂ ਦਾ ਹੀ ਵਰਨਣ ਕਰਦੇ ਹਨ, ਜੋ ਕਿ ਇਕ ੜ ਅਤੇ ੲ ਨੂੰ ਛੱਡ ਕੇ, ਬਾਕੀ ਸਾਰੇ ਸ੍ਰੀ ਗੁਰੂ ਨਾਨਕ ਦੇਵ ਜੀ ਵਾਂਙ ਹੀ ਅਜੋਕੀ ਗੁਰਮੁਖੀ ਲਿੱਪੀ ਦੇ ਅੱਖਰ ਹਨ। ਹਾਂ, ਇਹ ਗੱਲ ਜਰੂਰ ਹੈ ਕਿ ਮੌਜੂਦਾ ਤਰਤੀਬ ਇਹਨਾਂ ਅੱਖਰਾਂ ਨੂੰ, ਦੂਜੇ ਗੁਰੂ ਜੀ ਨੇ ਹੀ ਦੇ ਕੇ, ਇਸ ਦਾ ਪ੍ਰਚਾਰ ਅਤੇ ਪ੍ਰਸਾਰ ਕੀਤਾ।

ਇਹਨਾਂ ਅੱਖਰਾਂ ਨੂੰ 'ਸੇਕਰਡ ਕਾਉ' (ਪਵਿਤਰ ਗਊ) ਬਣਾ ਕੇ, ਸੰਸਕ੍ਰਿਤ ਵਾਂਙ, ਮਨੁਖੀ ਸਮੂੰਹ ਦੀ ਸਮਝੋਂ ਬਾਹਰ ਕਰਕੇ, ਵਾਧੂ ਭੰਬਲ਼ਭੂਸੇ ਪੈਦਾ ਕਰਨ ਦੀ ਕੋਈ ਲੋੜ ਨਹੀਂ। ਬੋਲੀ ਇਕ ਮਨੁਖ ਦਾ ਗਿਆਨ ਦੂਜੇ ਮਨੁਖ/ਮਨੁਖਾਂ ਤੱਕ ਬੋਲ ਕੇ ਪੁਚਾਉਣ ਦਾ ਕੇਵਲ ਸਾਧਨ ਮਾਤਰ ਹੈ ਅਤੇ ਲਿੱਪੀ ਇਸ ਗਿਆਨ ਨੂੰ ਲਿਖਤ ਵਿਚ ਲਿਆਉਣ ਦਾ ਵਸੀਲਾ; ਇਸ ਕਰਕੇ ਸਮੇ ਦੀ ਲੋੜ ਅਨੁਸਾਰ ਜੇ ਗੁਰਮੁਖੀ ਲਿੱਪੀ ਵਿਚ ਇਹਨਾਂ ਤਿੰਨ ਚਿੰਨ੍ਹਾਂ ਦਾ ਹੋਰ ਵਾਧਾ ਕਰ ਲਿਆ ਜਾਵੇ ਤਾਂ ਇਹ ਸੰਪੂਰਨਤਾ ਵੱਲ ਇਕ ਹੋਰ ਕਦਮ ਹੋਵੇਗਾ ਨਾ ਕਿ ਕੋਈ ਪਾਪ ਕਰਮ।

ਇਸ ਪ੍ਰਥਾਇ ਵਿਦਵਾਨਾਂ ਦੇ ਵਿਚਾਰਾਂ ਦਾ ਸਵਾਗਤ ਹੈ।

# ਗੁਰਦੁਆਰਾ ਗੁਰੂ ਨਾਨਕ ਦਰਬਾਰ,ਐਡੀਲੇਡ

ਭਾਈ ਕਾਹਨ ਸਿੰਘ ਨਾਭਾ ਜੀ ਆਪਣੇ ਵਿਸ਼ਾਲ ਗ੍ਰੰਥ 'ਮਹਾਨ ਕੋਸ਼' ਵਿਚ ਲਿਖਦੇ ਹਨ:

ਸਿੱਖਾਂ ਦਾ ਧਰਮ ਮੰਦਰ। ਉਹ ਅਸਥਾਨ, ਜਿਸ ਨੂੰ ਦਸ ਸਤਿਗੁਰਾਂ ਵਿਚੋਂ ਕਿਸੇ ਨੇ ਧਰਮ ਪ੍ਰਚਾਰ ਲਈ ਬਣਾਇਆ ਅਥਵਾ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੁੰਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਤੱਕ, ਸਿੱਖ ਧਰਮ ਮੰਦਰ ਦਾ ਨਾਂ 'ਧਰਮਸ਼ਾਲਾ' ਰਿਹਾ ਹੈ। ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਭ ਤੋਂ ਪਹਿਲਾਂ ਅੰਮ੍ਰਿਤ ਸਰੋਵਰ ਦੇ ਧਰਮ ਮੰਦਰ ਦੀ 'ਹਰਿਮੰਦਰ' ਸੰਗਿਆ ਥਾਪੀ ਅਰ ਸ੍ਰੀ ਗੁਰੂ ਹਰਿ ਗੋਬਿੰਦ ਜੀ ਦੇ ਸਮੇ ਧਰਮਸਾਲਾ ਦੀ 'ਗੁਰਦੁਆਰਾ' ਸੰਗਿਆ ਹੋਈ ਹੈ।

ਸਿੱਖਾਂ ਦਾ ਗੁਰਦੁਆਰਾ ਵਿਦਿਆਰਥੀਆਂ ਲਈ ਸਕੂਲ, ਆਤਮ ਜਗਿਆਸਾ ਵਾਲ਼ਿਆਂ ਲਈ ਗਿਆਨ ਉਪਦੇਸ਼ਕ ਆਚਾਰੀਆ, ਰੋਗੀਆਂ ਲਈ ਸ਼ਫ਼ਾਖ਼ਾਨਾ, ਭੁੱਖਿਆਂ ਲਈ ਅੰਨਪੂਰਣਾ, ਇਸਤਰੀ ਜਾਤੀ ਦੀ ਪਤ ਰੱਖਣ ਲਈ ਲੋਹਮਈ ਦੁਰਗ ਅਤੇ ਮੁਸਾਫ਼ਰਾਂ ਲਈ ਬਿਸਰਾਮ ਦਾ ਅਸਥਾਨ ਹੈ।

ਭਾਈ ਕਾਹਨ ਸਿੰਘ ਜੀ ਦੁਆਰਾ ਉਪ੍ਰੋਕਤ ਅਤੀ ਸੰਖੇਪ ਵਿਆਖਿਆ ਹੈ ਗੁਰਦਆਰੇ ਦੀ। ਅੱਜ ਵੀ ਦੇਸ ਅਤੇ ਪਰਦੇਸਾਂ ਵਿਚ ਜਿਥੇ ਜਿਥੇ ਵੀ ਗੁਰਦੁਆਰਾ ਸਾਹਿਬ ਦੀ ਸਥਾਪਨਾ ਹੈ ਓਥੇ ਓਥੇ ਹੀ ਪ੍ਰਬੰਧਕਾਂ ਵੱਲੋਂ, ਆਈਆਂ ਸੰਗਤਾਂ ਵਾਸਤੇ, ਯਥਾਸ਼ਕਤਿ ਸੇਵਾਵਾਂ ਮੁਹਈਆ ਕਰਵਾਉਣ ਦਾ ਯਤਨ ਕੀਤਾ ਜਾਂਦਾ ਹੈ।

ਸਤਿਗੁਰੂ ਨਾਨਕ ਸਾਹਿਬ ਜੀ ਦੇ ਸਮੇ ਤੋਂ ਹੀ, ਥਾਂ ਥਾਂ ਸਿੱਖ ਸੰਗਤਾਂ ਦੀ ਇਕਤਰਤਾ ਵਾਸਤੇ, ਇਕ ਸਾਂਝੇ ਧਰਮ ਸਥਾਨ ਦੀ ਕਾਇਮੀ ਦੀ ਮਰਯਾਦਾ ਚਲੀ ਆ ਰਹੀ ਹੈ। ਆਦਿ ਗੁਰੂ, ਸ੍ਰੀ ਗੁਰੂ ਨਾਨਕ ਦੇਵ ਜੀ ਨੇ, ਜਗਤ ਜਲੰਦੇ ਦੇ ਉਧਾਰ ਵਾਸਤੇ ਆਪਣੀਆਂ ਯਾਤਰਾਵਾਂ, ਜਿਨ੍ਹਾਂ ਨੂੰ ਜਨਮ ਸਾਖੀਆਂ ਵਿਚ 'ਉਦਾਸੀਆਂ' ਆਖਿਆ ਗਿਆ ਹੈ, ਦੌਰਾਨ ਜਿਥੇ ਜਿਥੇ ਵੀ ਗਏ ਓਥੇ ਜੋ ਉਹਨਾਂ ਦੇ ਉਪਦੇਸ਼ ਤੋਂ ਪ੍ਰਭਾਵਤ ਹੋ ਕੇ ਸ਼ਰਧਾਲੂ ਬਣੇ, ਉਹਨਾਂ ਦੀ ਸੰਗਤ ਥਾਪ ਕੇ, ਉਹਨਾਂ ਵਿਚੋਂ ਇਕ ਯੋਗ ਵਿਅਕਤੀ ਦੀ ਸੇਵਾ ਆਗੂ ਵਜੋਂ ਲਾਈ ਜਾਂਦੀ ਸੀ। ਜਿਥੇ ਤੇ ਆਪ ਜੀ ਵਧ ਸਮਾ ਰੁਕੇ ਓਥੇ ਤਾਂ ਆਪਣੀ ਦੇਖ ਰੇਖ ਹੇਠ ਧਰਮਸਾਲਾ ਦੀ ਉਸਾਰੀ ਕਰਵਾਈ ਅਤੇ ਜਿਥੋਂ ਛੇਤੀ ਹੀ ਉਹਨਾਂ ਨੂੰ ਅੱਗੇ ਜਾਣਾ ਪਿਆ ਓਥੇ ਦੀ ਸੰਗਤ ਨੂੰ ਧਰਮਸਾਲ ਦੀ ਉਸਾਰੀ ਵਾਸਤੇ ਆਗਿਆ ਕਰ ਗਏ। ਇਹ ਵੀ ਆਗਿਆ ਕਰਕੇ ਗਏ ਕਿ ਇਸ ਧਰਮਸਾਲਾ ਵਿਚ ਦੋਵੇਂ ਵੇਲ਼ੇ ਪ੍ਰਭੂ ਦੀ ਸਿਫ਼ਤਿ ਸਲਾਹ ਹੋਵੇ ਅਤੇ ਸੰਗਤ ਦੀ ਸਾਂਝੀ ਭਲਾਈ ਵਾਸਤੇ ਵਿਚਾਰ ਵਿਚਾਰੇ ਅਤੇ ਉਹਨਾਂ ਦੀ ਪੂਰਤੀ ਹਿਤ ਉਦਮ ਕੀਤੇ ਜਾਣ। ਸਤਿਗੁਰੂ ਜੀ ਨੇ ਆਪਣੇ ਜੀਵਨ ਦੇ ਅਖੀਰਲੇ ਪੌਣੇ ਦੋ ਕੁ ਦਹਾਕਿਆਂ ਦੇ ਸਮੇ ਦੀ ਸਰੀਰਕ ਮੌਜੂਦਗੀ ਦੌਰਾਨ, ਰਾਵੀ ਦਰਿਆ ਦੇ ਸੱਜੇ ਕਿਨਾਰੇ ਉਪਰ, ਕਰਤਾਰ ਪੁਰ ਨਾਮੀ ਨਗਰ ਵਸਾ ਕੇ, ਓਥੇ ਧਰਮਸਾਲ ਉਸਾਰੀ। ਜਿਸ ਬਾਰੇ ਭਾਈ ਗੁਰਦਾਸ ਜੀ ਨੇ ਇਉਂ ਬਿਆਨਿਆ ਹੈ:

ਧਰਮਸਾਲ ਕਰਤਾਰ ਪੁਰ
ਸਾਧ ਸੰਗਤਿ ਸਚਖੰਡ ਵਸਾਇਆ॥

ਫਿਰ ਓਥੇ:

ਸੋਦਰੁ ਆਰਤੀ ਗਾਵੀਐ
ਅੰਮ੍ਰਿਤ ਵੇਲੈ ਜਾਪੁ ਉਚਾਰਾ॥

ਆਖ ਕੇ ਉਸ ਸਥਾਨ ਦੀ ਧਾਰਮਿਕ ਮਰਯਾਦਾ ਬਾਰੇ ਇਸ਼ਾਰਾ ਕੀਤਾ ਹੈ।

ਇਸ ਲਈ ਜਿਥੇ ਜਿਥੇ ਗੁਰੂ ਪਿਆਰੇ ਗੁਰਸਿੱਖ ਗਏ ਹਨ ਓਥੇ ਓਥੇ ਹੀ, ਆਪਣੇ ਕਾਰ ਵਿਹਾਰ ਅਤੇ ਪਰਵਾਰ ਦੇ ਪ੍ਰਬੰਧ ਤੋਂ ਉਪ੍ਰੰਤ, ਉਹਨਾਂ ਨੇ ਗੁਰਦੁਆਰਾ ਸਾਹਿਬ ਦੇ ਉਸਾਰਨ ਲਈ ਉਦਮ ਕੀਤਾ ਅਤੇ ਕਰ ਰਹੇ ਹਨ। ਜਿਵੇਂ ਕਿ ਜੁਲਾਈ ੧੯੬੯ ਵਿਚ ਨੀਲ ਆਰਮ ਸਟਰਾਂਗ ਦੇ ਚੰਨ ਉਪਰ ਪੈਰ ਪਾਉਣ ਸਮੇ, ਪੰਜਾਬ ਦੀ ਇਕ ਸਿੱਖ ਵਿਰੋਧੀ ਅਖ਼ਬਾਰ ਨੇ, ਇਕ ਝੂਠਾ ਚੁਟਕਲਾ ਛਾਪਿਆ ਸੀ ਕਿ ਓਥੇ ਵੀ ਜਦੋਂ ਨੀਲ਼ ਆਰਮ ਸਟਰਾਂਗ ਨੇ ਇਕ ਸਿੱਖ ਨੂੰ ਵੇਖਿਆ ਤਾਂ ਉਸ ਨੇ ਉਸ ਸਿੱਖ ਨੂੰ ਹੈਰਾਨੀ ਨਾਲ਼ ਪੁੱਛਿਆ, "ਤੁਸੀਂ ਸਰਦਾਰ ਜੀ ਏਥੇ ਕਿਵੇ?" ਤਾਂ ਸਰਦਾਰ ਜੀ ਦਾ ਅੱਗੋਂ ਉਤਰ ਸੀ, "ਅਸੀਂ ਤਾਂ ਜੀ ੪੭ ਵੇਲ਼ੇ ਸਿਧੇ ਏਧਰ ਹੀ ਆ ਗਏ ਸੀ।" ੧੯੪੭ ਦੀ ਦੇਸ਼ ਵੰਡ ਸਮੇ ਤਕਰੀਬਨ ੪੦% ਦੇ ਕਰੀਬ ਸਿੱਖ ਕੌਮ, ਆਪਣੇ ਘਰਾਂ ਤੋਂ ਉਜੜ ਕੇ ਦੂਰ ਦੁਰਾਡੇ ਥਾਵਾਂ ਉਪਰ, ਜਿਥੇ ਕਿਸੇ ਦੇ ਸਿੰਙ ਸਮਾਏ ਜਾ ਟਿਕੀ। ਇਸ ਤਰ੍ਹਾਂ ਰਹਿੰਦੀ ਕਸਰ ਇੰਦਰਾ ਗਾਂਧੀ ਦੀ 'ਕਿਰਪਾ' ਨੇ ੧੯੮੪ ਵਿਚ ਕਢ ਦਿਤੀ। ਉਸ ਦੀ 'ਕਿਰਪਾ ਦ੍ਰਿਸ਼ਟੀ' ਸਿੱਖ ਕੌਮ ਤੇ ਪਈ ਤਾਂ ਬਹੁਤ ਸਾਰੀ ਸਿੱਖ ਜਵਾਨੀ, ਪੰਜਾਬ ਪੁਲ਼ਸ ਅਤੇ ਹਿੰਦੁਸਤਾਨੀ ਫੌਜ ਦੇ ਜ਼ੁਲਮਾਂ ਤੋਂ ਬਚਣ ਲਈ, ਦੁਨੀਆਂ ਦੇ ਵੱਖ ਵੱਖ ਦੇਸਾਂ ਵਿਚ ਜਾ ਵਸੀ। ਮੇਰੀਆਂ ਯੂਰਪ ਦੀਆਂ ਪਹਿਲੀਆਂ ਦੋ ਯਾਤਰਾਵਾਂ (੧੯੭੫ ਅਤੇ ੧੯੭੭) ਸਮੇ, ਜਦੋਂ ਕਿ ਨੈਰੋਬੀ ਤੋਂ ਬਾਅਦ ਕੇਵਲ ਲੰਡਨ

ਵਿਚ ਹੀ ਗੁਰਦੁਆਰਾ ਸੀ, ਯੂਰਪ ਦੇ ਕਿਸੇ ਵੀ ਮੁਲਕ ਵਿਚ ਨਹੀਂ ਸੀ, ਓਥੇ ਹੁਣ ਯੂਰਪ ਦੇ ਤਕਰੀਬਨ ਹਰੇਕ ਦੇਸ ਦੇ ਹਰੇਕ ਸ਼ਹਿਰ ਵਿਚ, ਇਕ ਤੋਂ ਵਧ ਗੁਰਦੁਆਰਾ ਸਾਹਿਬ ਸਥਾਪਤ ਹੋ ਚੁੱਕੇ ਹਨ। ਅਜਿਹਾ ਕੇਵਲ ਹਿੰਦ ਸਰਕਾਰ ਦੇ ਜ਼ੁਲਮੀ ਚੱਕਰ ਤੋਂ ਬਚ ਕੇ ਆਏ ਕੁਝ ਸਿੱਖ ਨੌਜਵਾਨਾਂ ਦੀ ਬਦੌਲਤ ਹੀ ਹੋ ਸਕਿਆ ਹੈ।

ਅਜਿਹੇ ਕੌਮੀ ਕਾਰਜਾਂ ਦੀ ਪੂਰਤੀ ਹਿਤ, ਬਾਕੀ ਸਥਾਨਾਂ ਵਾਂਙ ਹੀ, ਸਾਊਥ ਆਸਟ੍ਰੇਲੀਆ ਦੀ ਰਾਜਧਾਨੀ ਐਡੀਲੇਡ ਵਿਖੇ ਵੀ, ਸਮੇ ਦੀ ਲੋੜ ਨੂੰ ਮੁਖ ਰੱਖ ਕੇ, ਇਕ ਹੋਰ ਗੁਰਸਥਾਨ ਦੀ ਸਥਾਪਨਾ ਦੀ ਲੋੜ ਸਮਝੀ ਗਈ। ਉਹਨਾਂ ਸਾਲਾਂ ਵਿਚ ਏਥੇ ਬਹੁਤ ਸਾਰੇ ਵਿਦਿਆਰਥੀ ਪੰਜਾਬ ਤੋਂ ਆਏ ਹੋਏ ਸਨ। ਉਹਨਾਂ ਦੀ ਨਵੀਨਤਾ ਅਤੇ ਬਹੁਲਤਾ ਕਾਰਨ ਕੰਮ ਸਾਰਿਆਂ ਨੂੰ ਨਹੀਂ ਸਨ ਮਿਲ ਰਹੇ। ਫਿਰ ਦੇਸੋਂ ਨਵੇਂ ਆਏ ਹੋਣ ਕਰਕੇ ਉਹਨਾਂ ਨੂੰ ਘਰਾਂ ਦੀ ਯਾਦ ਵੀ ਸਤਾਉਂਦੀ ਸੀ। ਉਹਨਾਂ ਨੂੰ ਘਰੋਗੀ ਵਾਤਾਵਰਣ, ਸਿੱਖੀ, ਪੰਜਾਬੀ ਭੋਜਨ ਅਤੇ ਪੰਜਾਬੀ ਵਾਤਾਵਰਣ ਦੇਣ ਦੀ ਲੋੜ ਨੂੰ ਤੀਬਰਤਾ ਨਾਲ਼ ਮਹਿਸੂਸ ਕਰਦਿਆਂ ਹੋਇਆਂ, ਸ. ਮਹਾਂਬੀਰ ਸਿੰਘ ਗਰੇਵਾਲ ਨੇ, ਆਪਣੇ ਪਰਵਾਰਕ ਮੈਂਬਰਾਂ ਅਤੇ ਕੁਝ ਸਾਂਝੀ ਸੋਚ ਵਾਲ਼ੇ ਸੱਜਣਾਂ ਦੇ ਸਹਿਯੋਗ ਨਾਲ਼, ਇਸ ਪਾਸੇ ਉਦਮ ਆਰੰਭਿਆ। ਭਾਵੇਂ ਕਿ ਪਹਿਲਾਂ ਇਕ ਗੁਰਦੁਆਰਾ ਸਾਹਿਬ ੧੯੮੮ ਤੋਂ ਇਸ ਸ਼ਹਿਰ ਵਿਚ ਮੌਜੂਦ ਸੀ ਪਰ ਕਈ ਮਜਬੂਰੀਆਂ ਕਰਕੇ ਉਸ ਸਥਾਨ ਤੋਂ ਅਜਿਹੀਆਂ ਸੇਵਾਵਾਂ ਪ੍ਰਦਾਨ ਨਾ ਕੀਤੇ ਜਾ ਸਕਣ ਕਾਰਨ, ਇਸ ਸ਼ਹਿਰ ਵਿਚ ਇਕ ਹੋਰ ਸਾਂਝੇ ਗੁਰਸਥਾਨ ਦੀ ਸਥਾਪਨਾ ਦੀ ਲੋੜ ਸਮਝੀ ਗਈ ਜਿਸ ਦੁਆਰਾ ਅਜਿਹੀਆਂ ਸੇਵਾਵਾਂ ਮੁਹਈਆ ਕਰਵਾਈਆਂ ਜਾ ਸਕਣ। ਦੇਸੋਂ ਆਏ ਸਿੱਖ ਬੱਚੇ/ਬੱਚੀਆਂ ਦੀ ਸਹੂਲਤ ਨੂੰ ਮੁਖ ਰੱਖਦਿਆਂ ਹੋਇਆਂ, ਇਸ ਕਾਰਜ ਦੀ ਪੂਰਤੀ ਲਈ 'ਗੁਰੂ ਨਾਨਕ ਸੋਸਾਇਟੀ ਆਫ਼ ਆਸਟ੍ਰੇਲੀਆ' ਨਾਂ ਦੀ ਜਥੇਬੰਦੀ ਰਜਿਸਟਰ ਕਰਵਾ ਲਈ ਗਈ। ਇਸ ਕਾਰਜ ਨੂੰ ਅਮਲੀ ਰੂਪ ਦੇਣ ਲਈ, ਜੁਲਾਈ ੨੦੦੫ ਵਿਚ, $੪੫੭੦੦੦.੦੦ ਦੀ ਕੀਮਤ ਵਾਲ਼ੀ, ਸਾਊਥ ਆਸਟ੍ਰੇਲੀਆ ਦੀ ਰਾਜਧਾਨੀ ਐਡੀਲੇਡ ਦੇ ਸਬਅਰਬ, ਐਲਨਬੀ ਗਾਰਡਨ ਵਿਚ, ਇਕ ਪੁਰਾਣੇ ਚਰਚ ਦੀ ਬਿਲਡਿੰਗ ਖਰੀਦ ਲਈ ਗਈ ਜਿਸ ਦਾ ਸਿਰਨਾਵਾਂ ਹੈ:

7A ਬਰਾਹਮ ਸਟਰੀਟ, ਐਲਨਬੀ ਗਾਰਡਨਜ਼ 5009।

੧੧ ਨਵੰਬਰ ੨੦੦੫ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸ਼ੁਭ ਆਗਮਨ ਦਿਵਸ ਉਪਰ, ਸਾਊਥ ਆਸਟ੍ਰੇਲੀਆ ਦੇ ਪ੍ਰੀਮੀਅਰ ਦੇ ਨੁਮਾਇੰਦੇ, ਆਨਰੇਬਲ ਮਾਈਕਲ ਐਟਕਿਨਸਨ ਐਮ.ਪੀ. ਦੁਆਰਾ, ਸੋਸਾਇਟੀ ਅਤੇ ਗੁਰਦੁਆਰਾ 'ਗੁਰੂ ਨਾਨਕ ਦਰਬਾਰ' ਦਾ ਸ਼ੁਭ ਆਰੰਭ ਕਰ ਲਿਆ ਗਿਆ।

ਸਾਰਾ ਸਮਾ ਗੁਰਦੁਆਰਾ ਸਾਹਿਬ ਵਿਖੇ ਹਾਜਰੀ ਅਤੇ ਹਰ ਪ੍ਰਕਾਰ ਦੀਆਂ ਧਾਰਮਿਕ ਸੇਵਾਵਾਂ ਨਿਭਾਉਣ ਵਾਸਤੇ ਯੋਗ ਗ੍ਰੰਥੀ ਸਿੰਘ ਦੀ ਲੋੜ ਹੁੰਦੀ ਹੈ। ਇਸ ਕਾਰਜ ਲਈ ਸਰਦਾਰ ਗਰੇਵਾਲ ਜੀ ਨੇ, ਸੰਗਰੂਰ ਦੇ ਵਸਨੀਕ, ਯੋਗ ਰਾਗੀ ਸਿੰਘ ਅਤੇ ਸਿੱਖ ਵਿਦਵਾਨ, ਗਿਆਨੀ ਪੁਸ਼ਪਿੰਦਰ ਸਿੰਘ ਜੀ ਦੀਆਂ ਸੇਵਾਵਾਂ ਪਰਾਪਤ ਕਰ ਲਈਆਂ। ਗਿਆਨੀ ਜੀ ਉਸ ਸਮੇ ਮਲੇਸ਼ੀਆ ਵਿਖੇ ਗ੍ਰੰਥੀ ਸਿੰਘ ਦੀ ਸੇਵਾ ਨਿਭਾ ਰਹੇ ਸਨ। ਉਹਨਾਂ ਨੂੰ ਗ੍ਰੰਥੀ ਸਿੰਘ ਦੇ ਰੂਪ ਵਿਚ ਏਥੇ ਲਿਆਉਣ ਲਈ ਆਸਟ੍ਰੇਲੀਆ ਦੀ ਇਮੀਗ੍ਰੇਸ਼ਨ ਵਾਸਤੇ ਅਪਲਾਈ ਕੀਤਾ ਗਿਆ। ਇਸ ਦੌਰਾਨ ਕੁਝ ਸਮੇ ਲਈ ਰਿਵਰਲੈਂਡ ਤੋਂ ਭਾਈ ਰਵਿੰਦਰ ਸਿੰਘ ਜੀ ਦੀਵਾਨ ਸਮੇ ਸੇਵਾ ਨਿਭਾਉਣ ਲਈ ਆਉਂਦੇ ਰਹੇ। ਗਿ. ਪੁਸ਼ਪਿੰਦਰ ਸਿੰਘ ਜੀ ਦੀ ਇਮੀਗ੍ਰੇਸ਼ਨ ਦੀ ਕਾਰਵਾਈ ਸਿਰੇ ਚੜ੍ਹਨ ਵਿਚ ਦੇਰੀ ਲੱਗਦੀ ਵੇਖ ਕੇ, ਕੁਝ ਸਮੇ ਲਈ ਲੋਕਲ ਗੁਰਸਿਖਾਂ ਨੇ ਇਹ ਸੇਵਾ ਨਿਭਾਈ। ਪ੍ਰਬੰਧਕਾਂ ਦੇ ਲਗਾਤਾਰ ਯਤਨਾਂ ਕਰਕੇ ਆਖਰ ਗਿਆਨੀ ਪੁਸ਼ਪਿੰਦਰ ਸਿੰਘ ਜੀ ਆ ਗਏ ਅਤੇ ਉਹਨਾਂ ਨੇ ਗੁਰਦੁਆਰਾ ਸਾਹਿਬ ਦੀ ਸੇਵਾ ਸੁਚੱਜਤਾ ਸਹਿਤ ਸੰਭਾਲ਼ ਲਈ।


ਗੁਰਦੁਆਰਾ ਸਾਹਿਬ ਦੀ ਆਰੰਭਤਾ ਦੇ ਸਮੇ ਤੋਂ ਹੀ ਸ. ਮਹਾਂਬੀਰ ਸਿੰਘ ਗਰੇਵਾਲ਼ ਨੇ ਸੰਗਤਾਂ ਨੂੰ ਬੇਨਤੀ ਕਰ ਦਿਤੀ ਸੀ ਕਿ ਉਹ ਐਡੀਲੇਡ ਤੋਂ ਬਹੁਤ ਦੂਰ, ਪੋਰਟ ਅਗੱਸਤਾ ਵਿਖੇ ਰਹਿ ਰਹੇ ਹੋਣ ਕਰਕੇ, ਹਰੇਕ ਸਮੇ ਏਥੇ ਹਾਜਰ ਨਹੀਂ ਰਹਿ ਸਕਦੇ ਪਰ ਗੁਰਦੁਆਰਾ ਸਾਹਿਬ ਹਫ਼ਤੇ ਦੇ ਸਾਰੇ ਦਿਨ ਖੁਲ੍ਹਾ ਰਹੇਗਾ ਅਤੇ ਸੰਗਤਾਂ ਹਰ ਰੋਜ ਆ ਕੇ ਮੱਥਾ ਟੇਕ ਸਕਦੀਆਂ ਹਨ ਅਤੇ ਲੰਗਰ ਤਿਆਰ ਕਰਕੇ ਛਕ ਸਕਦੀਆਂ ਹਨ। ਸਮੇ ਅਤੇ ਦਿਨ ਦੀ ਕੋਈ ਪਾਬੰਦੀ ਨਹੀਂ। ਸੰਗਤਾਂ ਗਿਆਨੀ ਜੀ ਦੀ ਅਗਵਾਈ ਹੇਠ ਭਾਵੇਂ ਹਰ ਰੋਜ ਤਿੰਨੋ ਵੇਲੇ ਲੰਗਰ ਸਜਾਉਣ, ਖ਼ੁਦ ਛਕਣ ਅਤੇ ਬਾਕੀ ਸੰਗਤਾਂ ਨੂੰ ਵੀ ਛਕਾਉਣ। ਸੰਗਤ ਵਾਸਤੇ ਲੰਗਰ ਦੀ ਤਿਆਰੀ ਲਈ ਜੋ ਰਾਸ਼ਨ ਸਟੋਰ ਵਿਚ ਹੈ ਉਹ ਬਿਨਾ ਰੋਕ ਵਰਤ ਲਿਆ ਜਾਵੇ ਤੇ ਜੋ ਕੁਝ ਸਟੋਰ ਵਿਚ ਨਾ ਹੋਵੇ ਅਤੇ ਲੰਗਰ ਵਾਸਤੇ ਲੋੜੀਂਦਾ ਹੋਵੇ, ਉਹ ਬਾਜਾਰ ਤੋਂ ਖ਼ਰੀਦ ਲਿਆ ਜਾਵੇ ਅਤੇ ਡੌਕਟ ਲਿਆ ਕੇ, ਉਸ ਦੇ ਬਣਦੇ ਪੈਸੇ ਗ੍ਰੰਥੀ ਜੀ ਪਾਸੋਂ ਪਰਾਪਤ ਕਰ ਲਏ ਜਾਇਆ ਕਰਨ। ਉਸ ਸਮੇ ਦੇਸੋਂ ਆਉਣ ਵਾਲ਼ੇ ਪੰਜਾਬੀ ਨੌਜਵਾਨ ਵਿਦਿਆਰਥੀ ਬੱਚੇ/ਬੱਚੀਆਂ ਵਾਸਤੇ ਇਹ ਬੜੀ ਭਾਰੀ ਬਹੁ ਪੱਖੀ ਸਹਾਇਤਾ ਸੀ। ਏਥੇ ਉਹ ਧਾਰਮਿਕ ਵਾਤਾਵਰਣ ਵਿਚ, ਗੁਰੂ ਘਰ ਦੀ ਛਤਰ ਛਾਇਆ ਅੰਦਰ, ਆਪਣੇ ਹੱਥੀਂ ਹਰ ਪ੍ਰਕਾਰ ਦੀ ਸੇਵਾ ਵਿਚ ਹਿੱਸਾ ਲੈ ਸਕਦੇ ਸਨ। ਉਹਨਾਂ ਨਵੇਂ ਆਏ ਨੌਜਵਾਨਾਂ ਨੂੰ, ਗੁਰਦੁਆਰਾ ਸਾਹਿਬ ਦੀ ਛਤਰ ਛਾਇਆ ਅਤੇ ਸੁਘੜ ਗ੍ਰੰਥੀ ਸਿੰਘਾਂ ਦੀ ਆਗਵਾਈ ਅੰਦਰ, ਆਪਣੇ ਵਰਗੇ ਹੋਰ ਨੌਜਵਾਨਾਂ ਦੀ ਸੰਗਤ ਅਤੇ ਸਾਂਝ ਦਾ ਅਨੰਦ ਮਾਨਣ ਦਾ ਮੌਕਾ ਮਿਲਣ ਲੱਗ ਪਿਆ। ਇਸ ਸਭ ਕਾਸੇ ਦੀ ਉਸ ਸਮੇ ਬਹੁਤ ਲੋੜ ਸੀ। ਅੱਜ ਭਾਵੇਂ ਕੁਝ ਕਾਰਨਾਂ ਕਰਕੇ ਅਜਿਹੀ ਲੋੜ ਏਨੀ ਤੀਬਰਤਾ ਨਾਲ਼ ਮਹਿਸੂਸ ਨਹੀਂ ਕੀਤੀ ਜਾਂਦੀ।

ਇਸ ਤੋਂ ਇਲਾਵਾ, ਸਿੱਖ ਸਮਾਜ ਦੀ ਇਕ ਹੋਰ ਪੱਖ ਤੋਂ ਭਲਾਈ ਨੂੰ ਵਿਚਾਰ ਵਿਚ ਰੱਖਦਿਆਂ ਹੋਇਆਂ, ਗੁਰਦੁਆਰਾ ਸਾਹਿਬ ਜੀ ਦੇ ਆਰੰਭ ਤੋਂ ਹੀ ਗਰੇਵਾਲ ਜੀ ਦਾ ਵਿਚਾਰ ਸੀ ਕਿ ਇਸ ਗੁਰਦੁਆਰਾ ਸਾਹਿਬ ਜੀ ਸੇਵਾ ਲਈ, ਇਕ ਨਹੀਂ ਪੰਜ ਗ੍ਰੰਥੀ ਸਿੰਘਾਂ ਦੀ ਸੇਵਾ ਪਰਾਪਤ ਕੀਤੀ ਜਾਵੇਗੀ ਕਿਉਂਕਿ ਇਕੋ ਗ੍ਰੰਥੀ ਸਿੰਘ ਸਾਰੇ ਸਮੇ ਲਈ ਸਾਰੀਆਂ ਸੇਵਾਵਾਂ ਨਹੀਂ ਨਿਭਾ ਸਕਦਾ। ਇਸ ਕਾਰਜ ਲਈ ਦੇਸ ਤੋਂ, ਜਿਥੇ ਕਿ ਸਿੱਖ ਵਿਦਵਾਨਾਂ ਅਤੇ ਧਾਰਮਿਕ ਸੇਵਾਦਾਰਾਂ ਦੀ ਬਹੁਲਤਾ ਹੈ, ਓਥੋਂ ਹੀ ਗ੍ਰੰਥੀ ਸਿੰਘ, ਪਰਵਾਰਾਂ ਸਮੇਤ ਪੱਕੇ ਤੌਰ ਤੇ ਏਥੇ ਇਮੀਗ੍ਰੇਸ਼ਨ ਦੁਆ ਕੇ ਲਿਆਂਦੇ ਜਾਣ। ਉਹਨਾਂ ਦੇ ਪਰਵਾਰਾਂ ਦੀ ਉਪਜੀਵਕਾ ਵਾਸਤੇ ਗੁਰਦੁਆਰਾ ਸਾਹਿਬ ਜੀ ਦੇ ਬਜਟ ਵਿਚੋਂ ਯੋਗ ਤਨਖਾਹਵਾਂ ਦਿਤੀਆਂ ਜਾਣ ਤਾਂ ਕਿ ਹੋਰ ਕਈ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘਾਂ ਵਾਂਙ, ਉਹਨਾਂ ਨੂੰ ਗੁਰਦੁਆਰਾ ਸਾਹਿਬ ਤੋਂ ਬਾਹਰ ਜਾ ਕੇ, ਆਪਣੀ ਉਪਜੀਵਕਾ ਕਮਾਉਣ ਦੀ ਮਜਬੂਰੀ ਨਾ ਹੋਵੇ ਤੇ ਉਹ ਰੋਜ਼ੀ ਤੋਂ ਬੇਫਿਕਰ ਹੋ ਕੇ, ਆਪਣਾ ਸਾਰਾ ਸਮਾ ਸੰਗਤਾਂ ਦੀ ਸੇਵਾ ਵਿਚ ਹਾਜਰ ਰਹਿ ਸਕਣ। ਫਿਰ ਕੌਮੀ ਭਲਾਈ ਦੀ ਲੰਮੇਰੀ ਸੋਚ ਹੋਣ ਸਦਕਾ, ਗੁਰਦੁਆਰਾ ਗੁਰੂ ਨਾਨਕ ਦਰਬਾਰ ਦੇ ਪ੍ਰਬੰਧਕਾਂ ਦਾ ਇਹ ਵਿਚਾਰ ਸੀ ਅਤੇ ਅਜੇ ਵੀ ਹੈ ਅਤੇ ਉਹ ਇਸ ਸਬੰਧੀ ਕਰਮਸ਼ੀਲ ਵੀ ਹਨ ਕਿ ਗੁਰਦੁਆਰਾ ਸਾਹਿਬ ਦੀ ਸੇਵਾ ਦੌਰਾਨ, ਗ੍ਰੰਥੀ ਸਿੰਘ ਆਪਣੀ ਰੁਚੀ ਅਤੇ ਯੋਗਤਾ ਅਨੁਸਾਰ, ਜੋ ਵੀ ਅਗਲੇਰੀ ਕਿੱਤਾ ਮੁਖੀ ਵਿਦਿਆ ਪਰਾਪਤ ਕਰਨੀ ਚਾਹੁਣ ਉਹ ਅਜਿਹਾ ਕਰਨ ਲਈ ਪੂਰਨ ਤੌਰ ਤੇ ਆਜ਼ਾਦ ਹੋਣਗੇ। ਪ੍ਰਬੰਧਕਾਂ ਵੱਲੋਂ ਇਸ ਕਾਰਜ ਵਿਚ ਕਿਸੇ ਕਿਸਮ ਦੀ ਰੁਕਾਵਟ ਪਾਉਣ ਦੀ ਬਜਾਇ, ਉਹਨਾਂ ਦੇ ਇਸ ਪਾਸੇ ਕੀਤੇ ਜਾਣ ਵਾਲ਼ੇ ਉਦਮ ਵਿਚ, ਉਹਨਾਂ ਨੂੰ ਯੋਗ ਸਹਾਇਤਾ ਅਤੇ ਅਗਵਾਈ ਦਿਤੀ ਜਾਵੇਗੀ। ਉਹ ਚਾਹੁਣ ਤਾਂ ਖ਼ੁਦ ਨੂੰ ਇਸ ਦੇਸ਼ ਦੇ ਸਿੱਖ ਸਮਾਜ ਦੀਆਂ ਲੋੜਾਂ ਦੇ ਹਾਣੀ ਬਣਾਉਣ ਲਈ, ਆਪਣੇ ਅੰਗ੍ਰੇਜ਼ੀ ਦੇ ਗਿਆਨ ਵਿਚ ਵਾਧਾ ਕਰਨ ਦੇ ਨਾ਼ਲ ਨਾ਼ਲ ਇਸ ਦੇਸ਼ ਦੇ ਕਾਨੂੰਨ, ਰਹਿਣ ਸਹਿਣ, ਟੀਚਿੰਗ ਆਦਿ ਦੀ ਸਿਖਲਾਈ ਪਰਾਪਤ ਕਰ ਸਕਦੇ ਹਨ ਤਾਂ ਕਿ ਉਹ ਸਮਾਜ ਦੇ ਹਾਣੀ ਬਣ ਕੇ, ਏਥੋਂ ਦੇ ਵਸਨੀਕ, ਸਿੱਖ ਪਰਵਾਰਾਂ ਦੇ ਬੱਚਿਆਂ ਤੋਂ ਲੈ ਕੇ ਬਜ਼ੁਰਗਾਂ ਤੱਕ ਦੀ ਯੋਗ ਅਗਵਾਈ ਕਰ ਸਕਣ। ਸਿੱਖਾਂ ਦੇ ਬੱਚਿਆਂ ਨੂੰ ਗੁਰਮੁਖੀ, ਪੰਜਾਬੀ, ਗੁਰਮਤਿ ਸੰਗੀਤ, ਕੀਰਤਨ ਆਦਿ ਦੀ ਸਿਖਲਾਈ ਕਰਵਾਉਣ ਵਾਸਤੇ, ਯੋਗ ਸਿੱਖ ਵਿਦਵਾਨਾਂ ਦੀ ਇਸ ਦੇਸ਼ ਵਿਚ ਬਹੁਤ ਲੋੜ ਹੈ। ਇਸ ਲੋੜ ਦੀ ਪੂਰਤੀ ਵਾਸਤੇ ਗੁਰਦੁਆਰਾ ਸਾਹਿਬਾਨ ਦੇ ਗ੍ਰੰਥੀ ਸਿੰਘ ਬੜੇ ਸਹਾਈ ਹੋ ਸਕਦੇ ਹਨ। ਇਸ ਕਾਰਜ ਨੂੰ ਸਫ਼ਲਤਾ ਸਹਿਤ ਨਿਭਾਉਣ ਵਾਸਤੇ ਉਹਨਾਂ ਨੂੰ ਇਸ ਦੇਸ਼ ਦੇ ਰਸਮੋ ਰਿਵਾਜ਼ ਦੀ ਜਾਣਕਾਰੀ ਹੋਣੀ ਵੀ ਬੜੀ ਜ਼ਰੂਰੀ ਹੈ।

ਗਰੇਵਾਲ ਸਾਹਿਬ ਦੀ ਅਜਿਹੀ ਕੌਮੀ ਭਲਾਈ ਦੀ ਦੂਰ ਦ੍ਰਿਸ਼ਟੀ ਕਾਬਲੇ ਤਾਰੀਫ਼ ਹੈ ਅਤੇ ਇਹ ਦੂਜੇ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਵਾਸਤੇ ਰੀਸ ਕਰਨ ਯੋਗ ਵੀ ਹੈ। ਮੈਂ ੧੯੮੯ ਦੇ ਅਕਤੂਬਰ ਮਹੀਨੇ ਵਿਚ ਜਦੋਂ ਆਸਟ੍ਰੇਲੀਆ ਵਿਚ ਆਇਆ ਸੀ ਤੇ ਉਸ ਸਮੇ ਤੋਂ ਹੀ ਕੁਝ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕ, ਜਿਨ੍ਹਾਂ ਵਿਚੋਂ ਕੁਝ ਬਾਰੇ ਮੇਰੀ ਜਾਣਕਾਰੀ ਹੈ, ਏਸੇ ਫਿਕਰ ਵਿਚ ਹੀ ਰਹਿੰਦੇ ਰਹੇ ਨੇ ਕਿ ਜੇਕਰ ਗ੍ਰੰਥੀ ਸਿੰਘ ਨੂੰ ਪੱਕਾ ਕਰਵਾ ਦਿਤਾ ਤਾਂ ਉਹ ਗੁਰਦੁਆਰਾ ਸਾਹਿਬ ਦੀ ਸੇਵਾ ਛੱਡ ਕੇ, ਬਾਹਰ ਚਲਿਆ ਜਾਵੇਗਾ। ਜੇ ਕਿਸੇ ਸਮੇ ਗ੍ਰੰਥੀ ਸਿੰਘ ਨੂੰ ਪੱਕਾ ਕਰਵਾਉਣ ਲਈ ਕੋਈ ਮਨੁਖਤਾ ਦਾ ਹਮਦਰਦੀ ਸੂਝਵਾਨ ਸੱਜਣ ਅਜਿਹੀ ਬੇਨਤੀ ਪ੍ਰਬੰਧਕਾਂ ਨੂੰ ਕਰਦਾ ਵੀ ਸੀ ਤਾਂ ਉਹਨਾਂ ਵੱਲੋਂ ਝੂਠਾ ਬਿਆਨ ਦੇ ਕੇ, ਉਸ ਨੂੰ ਚੁੱਪ ਕਰਵਾ ਦਿਤਾ ਜਾਂਦਾ ਸੀ। ਉਹ ਬਿਆਨ ਇਹ ਹੁੰਦਾ ਸੀ ਕਿ ਜੇ ਗ੍ਰੰਥੀ ਸਿੰਘ ਨੂੰ ਪਕਾ ਕਰਵਾ ਦਿਤਾ ਤਾਂ ਉਹ ਗੁਰਦੁਆਰੇ ਦੀ ਸੇਵਾ ਛਡ ਕੇ, ਬਾਹਰ ਨੌਕਰੀ ਕਰ ਲਵੇਗਾ ਅਤੇ ਫਿਰ ਅਸੀਂ ਏਨਾ ਚੰਗਾ ਗ੍ਰੰਥੀ ਸਿੰਘ ਹੋਰ ਕਿਥੋਂ ਲਭਾਂਗੇ? ਪਰ ਪਰਦੇ ਵਿਚ ਗੱਲ ਇਹ ਹੁੰਦੀ ਸੀ ਕਿ ਕਿਸੇ ਹੋਰ ਸਿੱਖ ਪਰਵਾਰ ਦਾ ਭਲਾ ਨਾ ਹੋ ਜਾਵੇ। ਪਰਦੇ ਵਿਚ ਇਕ ਇਹ ਵੀ ਘਟੀਆ ਸੋਚ ਕੰਮ ਕਰ ਰਹੀ ਹੁੰਦੀ ਸੀ ਕਿ ਜੇਕਰ ਗ੍ਰੰਥੀ ਸਿੰਘ ਪੱਕਾ ਹੋ ਗਿਆ ਤਾਂ ਉਹ ਅਸਾਡੀ ਈਨ ਦੇ ਅਧੀਨ ਨਹੀਂ ਰਹੇਗਾ ਸਗੋਂ ਸਵੈਮਾਨ ਸਹਿਤ ਆਪਣੀ ਆਜ਼ਾਦਾਨਾ ਸੋਚ ਅਨੁਸਾਰ ਸੇਵਾ ਨਿਭਾਉਣੀ ਸ਼ੁਰੂ ਕਰ ਦੇਵੇਗਾ। ਇਹ ਹਾਲਤ ਘਟੀਆ ਸੋਚ ਵਾਲੇ ਪ੍ਰਬੰਧਕਾਂ ਨੂੰ ਨਹੀਂ ਭਾਉਂਦੀ। ਇਹ ਸੋਚ ਕੁਝ ਪ੍ਰਬੰਧਕਾਂ ਦੀ ਸੋਚ ਉਪਰ ਏਥੋਂ ਤੱਕ ਹਾਵੀ ਹੋ ਚੁੱਕੀ ਸੀ ਅਤੇ ਹੈ ਕਿ ਉਹਨਾਂ ਨੇ ਪੱਕਾ ਗ੍ਰੰਥੀ ਸਿੰਘ ਰੱਖਣ ਦੀ ਬਜਾਇ, ਦੇਸ ਤੋਂ ਕੁਝ ਮਹੀਨਿਆਂ ਲਈ ਰਾਗੀ ਜਥੇ ਹੀ ਮੰਗਵਾਉਣੇ ਸ਼ੁਰੂ ਕਰ ਦਿਤੇ ਹਨ। ਸੋ "ਨਾ ਨੱਕ ਰਹੇ ਤੇ ਨਾ ਮੱਖੀ ਬਹੇ।" ਨਾ ਕੋਈ ਗ੍ਰੰਥੀ ਸਿੰਘ ਲੰਮੇ ਸਮੇ ਲਈ ਪੱਕੇ ਤੌਰ ਤੇ ਰੱਖਣ ਦੀ ਲੋੜ ਪਏ ਅਤੇ ਨਾ ਹੀ ਉਹ ਆਪਣੀ ਸਹੀ ਧਾਰਮਿਕ ਸੋਚ ਸਦਕਾ ਪ੍ਰਬੰਧਕਾਂ ਲਈ ਸਿਰਦਰਦੀ ਬਣ ਸਕੇ। ਇਉਂ ਗ੍ਰੰਥੀਆਂ ਤੋਂ ਪੈਦਾ ਹੋਣ ਵਾਲ਼ੀਆਂ ਸਮੱਸਿਆਵਾਂ ਦਾ ਸਦਾ ਲਈ 'ਕੀਰਤਨ ਸੋਹਿਲਾ' ਪੜ੍ਹ ਦਿਤਾ ਗਿਆ।

ਇਸ ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਵੱਲੋਂ, ਸਮੇ ਸਮੇ ਪੰਜਾਬ ਤੋਂ ਧਾਰਮਿਕ ਸ਼ਖ਼ਸੀਅਤਾਂ, ਰਾਗੀ ਜਥਿਆਂ, ਢਾਡੀ ਜਥਿਆਂ, ਕਥਾਕਾਰਾਂ ਆਦਿ ਨੂੰ ਬੁਲਾ ਕੇ, ਧਰਮ ਪ੍ਰਚਾਰ ਵਾਸਤੇ ਉਚੇਚੇ ਉਦਮ ਕੀਤੇ ਜਾਂਦੇ ਹਨ। ਬੱਚਿਆਂ ਵਿਚ ਸਿੱਖੀ ਸਿੱਖਿਆ ਦਾ ਸੰਚਾਰ ਕਰਨ ਦਾ ਉਦਮ ਵੀ ਕੀਤਾ ਜਾਂਦਾ ਹੈ। ਇਸ ਸਮੇ ਗੁਰਦੁਆਰਾ ਸਾਹਿਬ ਵਿਖੇ ਮਾਨਤਾ ਪਰਾਪਤ ਪੰਜਾਬੀ ਸਕੂਲ ਵੀ ਚੱਲਦਾ ਹੈ ਅਤੇ ਹਰੇਕ ਹਫ਼ਤੇ ਪੰਜਾਬੀ ਸੀਨੀਅਰ ਸਿਟੀਜ਼ਨਜ਼ ਨੂੰ, ਉਹਨਾਂ ਦੇ ਘਰਾਂ ਤੋਂ ਵੈਨ ਉਪਰ ਸਵਾਰ ਕਰਾ ਕੇ, ਬਾਹਰ ਵੱਖ ਵੱਖ ਸਥਾਨਾਂ ਉਪਰ ਪਿਕਨਿਕ ਵਾਸਤੇ ਵੀ ਲਿਜਾਇਆ ਜਾਂਦਾ ਹੈ। ਪ੍ਰਬੰਧਕਾਂ ਵੱਲੋਂ ਇਸ ਤੋਂ ਇਲਾਵਾ ਵੀ, ਸਿੱਖ ਸਮਾਜ ਦੀ ਭਲਾਈ ਵਾਸਤੇ ਹੋਰ ਲਾਭਦਾਇਕ ਸਕੀਮਾਂ ਨੂੰ ਸਮੇ ਸਮੇ, ਪਰਾਪਤ ਹੋਣ ਵਾਲ਼ੇ ਵਸੀਲਿਆਂ ਅਨੁਸਾਰ, ਚਾਲੂ ਕਰਨ ਬਾਰੇ ਵਿਚਾਰ ਹੈ। ਪ੍ਰਬੰਧਕਾਂ ਦੀ ਸੋਚ ਅਨੁਸਾਰ, ਉਹਨਾਂ ਨੂੰ ਭਾਵੇਂ ਇਸ ਕਾਰਜ ਵਿਚ, ਮਨ ਇੱਛਤ ਸਫਲਤਾ ਨਹੀਂ ਮਿਲ ਸਕੀ ਪਰ ਉਹਨਾਂ ਨੇ ਆਪਣਾ ਇਹ ਚੰਗਾ ਵਿਚਾਰ ਤਿਆਗਿਆ ਨਹੀਂ।ਇਸ ਸਮੇ ਸਾਊਥ

ਆਸਟ੍ਰੇਲੀਆ ਦੀ ਰਾਜਧਾਨੀ ਦੇ ਸ਼ਹਿਰ, ਐਡੀਲੇਡ ਵਿਚ ਤਿੰਨ ਗੁਰਦੁਆਰਾ ਸਾਹਿਬ, ਸਿੱਖੀ ਦੇ ਪ੍ਰਚਾਰ ਅਤੇ ਪ੍ਰਸਾਰ ਵਿਚ ਭਰਪੂਰ ਹਿੱਸਾ ਪਾ ਰਹੇ ਹਨ। ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ, ਸਾਬਕਾ ਜਥੇਦਾਰ ਤਖ਼ਤ ਸ੍ਰੀ ਦਮਦਮਾ ਸਾਹਿਬ ਤਲਵੰਡੀ ਸਾਬੋ ਵਾਲ਼ਿਆਂ ਦੀ ਪ੍ਰੇਰਨਾ ਸਦਕਾ, ਤਿੰਨੋ ਹੀ ਗੁਰਦੁਆਰਾ ਸਾਹਿਬਾਨ ਦੇ ਸੂਝਵਾਨ ਪ੍ਰਬੰਧਕਾਂ ਵੱਲੋਂ, ਸਾਂਝੇ ਕੌਮੀ ਕਾਰਜਾਂ ਲਈ ਮਿਲ਼ ਕੇ ਉਦਮ ਕਰਨ ਵਾਲ਼ੇ ਪਾਸੇ ਯਤਨ ਕੀਤੇ ਜਾ ਰਹੇ ਹਨ। ਰੱਬ ਦੀ ਰਹਿਮਤ ਹੋਵੇ ਤੇ ਇਹ ਕਾਰਜ ਹੋਰ ਵੀ ਸੁਚਾਰੂ ਰੂਪ ਵਿਚ ਅਤੇ ਤੇਜੀ ਨਾਲ਼ ਅਮਲ ਵਿਚ ਲਿਆਂਦੇ ਜਾ ਸਕਣ। (ਜਨਵਰੀ ੨੦੧੩)



# ਆਰਤੀ

## ਜਦੋਂ ਸੰਤਾਂ ਨੇ ਮੈਨੂੰ ਵਾਹਣੀਂ ਪਾਇਆ

**ਧਨਾਸਰੀ ਮਹਲਾ ੧ ਆਰਤੀ ੧ੴ ਸਤਿਗੁਰ ਪ੍ਰਸਾਦਿ॥**
**ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ॥**
**ਧੂਪੁ ਮਲਿਆਨਲੋ ਪਵਣੁ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ॥**

ਸਾਰਾ ਆਕਾਸ਼ ਮਾਨੋ ਥਾਲ ਹੈ; ਸੂਰਜ ਤੇ ਚੰਦ ਇਸ ਥਾਲ ਵਿਚ ਦੀਵੇ ਬਣੇ ਹੋਏ ਹਨ; ਤਾਰਿਆਂ ਦੇ ਸਮੂਹ ਥਾਲ ਵਿਚ ਮੋਤੀ ਰੱਖੇ ਹੋਏ ਹਨ। ਮਲਯ ਪਰਬਤ ਵੱਲੋਂ ਆਉਣ ਵਾਲ਼ੀ ਹਵਾ ਮਾਨੋ ਧੂਪ ਧੁਖ ਰਿਹਾ ਹੈ। ਹਵਾ ਚੌਰ ਕਰ ਰਹੀ ਹੈ। ਸਾਰੀ ਬਨਾਸਪਤੀ ਜੋਤਿ ਰੂਪ ਪ੍ਰਭੂ ਦੀ ਆਰਤੀ ਲਈ ਫੁੱਲ ਦੇ ਰਹੀ ਹੈ॥੧॥

**ਕੈਸੀ ਆਰਤੀ ਹੋਇ ਭਵ ਖੰਡਨਾ ਤੇਰੀ ਆਰਤੀ॥**
**ਅਨਹਤਾ ਸ਼ਬਦ ਵਾਜੰਤ ਭੇਰੀ॥੧ਰਹਾਉ॥**

ਹੇ ਜੀਵਾਂ ਦੇ ਜਨਮ ਮਰਨ ਕਰਨ ਵਾਲ਼ੇ, ਕੁਦਰਤਿ ਵਿਚ ਤੇਰੀ ਕੈਸੀ ਸੁੰਦਰ ਆਰਤੀ ਹੋ ਰਹੀ ਹੈ! ਸਭ ਜੀਵਾਂ ਵਿਚ ਰੁਮਕ ਰਹੀ ਇਕ ਰਸ ਜੀਵਨ-ਰੌ ਮਾਨੋ ਤੇਰੀ ਆਰਤੀ ਵਾਸਤੇ ਨਗਾਰੇ ਵੱਜ ਰਹੇ ਹਨ॥੧॥ਰਹਾਉ॥

**ਸਹਸ ਤਵ ਨੈਨ ਨਨ ਨੈਨ ਹਹਿ ਤੋਹਿ ਕਉ ਸਹਸ ਮੂਰਤਿ ਨਨਾ ਏਕ ਤੋਹੀ॥**
**ਸਹਸ ਪਦ ਬਿਮਲ ਨਨ ਏਕ ਪਦ ਬੰਧ ਬਿਨੁ ਸਹਸ ਤਵ ਗੰਧ ਇਵ ਚਲ ਮੋਹੀ॥੨॥**

ਸਭ ਜੀਵਾਂ ਵਿਚ ਵਿਆਪਕ ਹੋਣ ਕਰਕੇ ਹਜ਼ਾਰਾਂ ਤੇਰੀਆਂ ਅੱਖਾਂ ਹਨ ਪਰ ਨਿਰਾਕਾਰ ਹੋਣ ਕਰਕੇ ਹੇ ਪ੍ਰਭੂ, ਤੇਰੀਆਂ ਕੋਈ ਅੱਖਾਂ ਨਹੀ। ਹਜ਼ਾਰਾਂ ਤੇਰੀਆਂ ਸ਼ਕਲਾਂ ਹਨ ਪਰ ਤੇਰੀ ਕੋਈ ਭੀ ਸਕਲ ਨਹੀ ਹੈ। ਹਜ਼ਾਰਾਂ ਤੇਰੇ ਸੋਹਣੇ ਪੈਰ ਹਨ ਪਰ ਨਿਰਾਕਾਰ ਹੋਣ ਕਰਕੇ ਤੇਰਾ ਇਕ ਭੀ ਪੈਰ ਨਹੀ। ਹਜ਼ਾਰਾਂ ਤੇਰੇ ਨੱਕ ਹਨ ਪਰ ਤੂੰ ਨੱਕ ਤੋਂ ਬਿਨਾ ਹੀ ਹੈਂ। ਤੇਰੇ ਅਜਿਹੇ ਕੌਤਕਾਂ ਨੇ ਮੈਨੂੰ ਹੈਰਾਨ ਕੀਤਾ ਹੋਇਆ ਹੈ॥੨॥

**ਸਭ ਮਹਿ ਜੋਤਿ ਜੋਤਿ ਹੈ ਸੋਇ॥ ਤਿਸ ਕੈ ਚਾਨਣਿ ਸਭ ਮਹਿ ਚਾਨਣੁ ਹੋਇ॥**
**ਗੁਰ ਸਾਖੀ ਜੋਤਿ ਪਰਗਟੁ ਹੋਇ॥ ਹੋ ਤਿਸੁ ਭਾਵੈ ਸੁ ਆਰਤੀ ਹੋਇ॥੩॥**

ਸਾਰੇ ਜੀਵਾਂ ਵਿਚ ਇਕੋ ਓਹੀ ਪਰਮਾਤਮਾ ਦੀ ਜੋਤਿ ਵਰਤ ਰਹੀ ਹੈ। ਉਸ ਜੋਤਿ ਪ੍ਰਕਾਸ਼ ਨਾਲ਼ ਸਾਰੇ ਜੀਵਾਂ ਵਿਚ ਚਾਨਣ ਹੈ। ਪਰ ਇਸ ਜੋਤਿ ਦਾ ਗਿਆਨ ਗੁਰੂ ਦੀ ਸਿੱਖਿਆ ਨਾਲ਼ ਹੀ ਹੁੰਦਾ ਹੈ। ਗੁਰੂ ਦੀ ਰਾਹੀਂ ਇਹ ਸਮਝ ਪੈਂਦੀ ਹੈ ਕਿ ਹਰੇਕ ਦੇ ਅੰਦਰ ਪਰਮਾਤਮਾ ਦੀ ਜੋਤਿ ਹੈ। ਇਸ ਸਰਬ ਵਿਆਪਕ ਜੋਤਿ ਦੀ ਆਰਤੀ ਇਹ ਹੈ ਕਿ ਜੋ ਕੁਝ ਉਸ ਦੀ ਰਜ਼ਾ ਵਿਚ ਹੋ ਰਿਹਾ ਹੈ ਉਹ ਜੀਵ ਨੂੰ ਚੰਗਾ ਲੱਗੇ। ਪ੍ਰਭੂ ਦੀ ਰਜ਼ਾ ਵਿਚ ਤੁਰਨਾ ਪ੍ਰਭੂ ਦੀ ਆਰਤੀ ਕਰਨੀ ਹੈ॥੩॥

**ਹਰਿ ਚਰਣ ਕਮਲ ਮਕਰੰਦ ਲੋਭਿਤ ਮਨੋ ਅਨਦਿਨੋ ਮੋਹਿ ਆਹੀ ਪਿਆਸਾ॥**
**ਕ੍ਰਿਪਾ ਜਲੁ ਦੇਹਿ ਨਾਨਕ ਕਉ ਹੋਇ ਜਾ ਤੇ ਤੇਰੈ ਨਾਮਿ ਵਾਸਾ॥੪॥੧॥੭॥੯॥**

ਹੇ ਹਰੀ, ਤੇਰੇ ਚਰਨ ਰੂਪ ਕੌਲ ਫੁੱਲਾਂ ਦੇ ਸਰ ਲਈ ਮੇਰਾ ਮਨ ਲਲਚਾਉਂਦਾ ਹੈ। ਰੋਜ਼ ਮੈਨੂੰ ਰਸ ਦੀ ਪਿਆਸ ਲੱਗੀ ਹੋਈ ਹੈ। ਮੈਨੂੰ ਨਾਨਕ ਪਪੀਹੇ ਨੂੰ ਆਪਣੀ ਮੇਹਰ ਦਾ ਜਲ ਦੇਹ ਜਿਸਦੀ ਬਰਕਤਿ ਨਾਲ਼ ਮੈਂ ਤੇਰੇ ਨਾਮ ਵਿਚ ਟਿਕਿਆ ਰਹਾਂ॥੪॥੧॥੭॥੯॥

੧੯੫੮ ਤੋਂ ਜਦੋਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਵਿਚ ਦਾਖ਼ਲੇ ਦੇ ਸਮੇ ਪ੍ਰਿੰ. ਸਾਹਿਬ ਸਿੰਘ ਜੀ ਦੀ ਸੰਗਤ ਪ੍ਰਾਪਤ ਹੋਈ ਤਾਂ ਆਰਤੀ ਬਾਰੇ ਮੇਰੇ ਵਿਚਾਰ ਇਸ ਸ਼ਬਦ ਦੇ ਉਹਨਾਂ ਵੱਲੋਂ ਕੀਤੇ ਗਏ ਅਰਥਾਂ ਨਾਲ ਇਸ ਤਰ੍ਹਾਂ ਦੇ ਬਣੇ ਹੋਏ ਸਨ ਕਿ ਨਿਰੰਕਾਰ ਦੀ ਆਰਤੀ ਨਿਰੰਤਰ ਹੋਈ ਜਾ ਰਹੀ ਹੈ ਤੇ ਇਸ ਲਈ ਉਸ ਨੂੰ ਦੀਵੇ ਜਗਾ ਕੇ ਤੇ ਹੋਰ ਕਿਸੇ ਤਰ੍ਹਾਂ ਦੇ ਆਡੰਬਰ ਕਰਕੇ, ਉਸ ਦੀ ਆਰਤੀ ਉਤਾਰਨ ਦੀ ਕੋਈ ਲੋੜ ਨਹੀਂ। ਇਸ ਬਾਰੇ ਇਕ ਨਿਹੰਗ ਸਿੰਘ ਦੇ ਬਚਨ ਵੀ ਕੁਝ ਇਸ ਤਰ੍ਹਾਂ ਦੇ ਸੁਣ ਰੱਖੇ ਸਨ: ਇਕ ਵਾਰੀਂ ਭਗਤਾਂ ਨੂੰ ਇਸ ਤਰ੍ਹਾਂ ਪ੍ਰੰਪਰਾਗਤ ਤਰੀਕੇ ਨਾਲ ਆਰਤੀ ਉਤਾਰਦਿਆਂ ਵੇਖ ਕੇ, ਸਿੰਘ ਜੀ ਨੇ ਹੈਰਾਨੀ ਨਾਲ਼ ਕਿਸੇ ਤੋਂ ਪੁਛਿਆ, "ਇਹ ਕੀ ਹੋ ਰਿਹਾ ਹੈ?" ਉਤਰ ਮਿਲ਼ਿਆ ਕਿ ਭਗਤ ਜਨ ਆਰਤੀ ਉਤਾਰ ਰਹੇ ਹਨ। "ਪਹਿਲਾਂ ਪਤੰਦਰਾਂ ਨੇ ਚੜ੍ਹਨ ਹੀ ਕਿਉਂ ਦਿਤੀ ਜੋ ਹੁਣ ਏਨੇ ਲੋਹੇ ਲਾਖੇ ਹੋ ਰਹੇ ਨੇ ਉਸ ਨੂੰ ਉਤਾਰਨ ਲਈ!"

ਅਜਿਹੇ ਵਿਚਾਰ ਹੀ ਆਪਣੀ ਸੋਚ ਵਿਚ ਮੈਂ ਲਈ ਫਿਰਦਾ ਹੁੰਦਾ ਸਾਂ ਕਿ ਇਕ ਵਾਕਿਆ ਮੇਰੇ ਨਾਲ ਵੀ ਵਰਤ ਗਿਆ। ਗੱਲ ਇਹ ੧੯੬੯ ਦੇ ਨਵੰਬਰ ਮਹੀਨੇ ਦੀ ਹੈ। ਦੇਸ ਤੇ ਪਰਦੇਸਾਂ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਪੰਜ ਸੌ ਸਾਲਾ ਆਗਮਨ ਦਿਵਸ ਮਨਾਇਆ ਜਾ ਰਿਹਾ ਸੀ। ਸਭ ਜਥੇਬੰਦੀਆਂ ਤੇ ਅਦਾਰੇ ਆਪਣੇ ਆਪਣੇ ਤੌਰ ਤੇ ਇਸ ਨੂੰ ਬੜੇ ਉਤਸ਼ਾਹ ਨਾਲ ਮਨਾਉਣ ਲਈ ਸਮਾਗਮ ਰਚ ਰਹੇ ਸਨ।

ਚੱਬੇਵਾਲ਼ ਜਿਆਣ ਦੇ ਹਾਇਰ ਸੈਕੰਡਰੀ ਸਕੂਲ਼ ਦੇ ਨੌਜਵਾਨ ਤੇ ਬਸਤਰਾਂ ਤੋਂ ਬੜੇ ਪੜ੍ਹੇ ਲਿਖੇ ਦਿਸਣ ਵਾਲੇ ਪ੍ਰਿੰਸੀਪਲ ਜੀ ਨੇ ਮੈਨੂੰ ਵੀ ਉਸ ਮੌਕੇ ਬੋਲਣ ਲਈ ਦਾਅਵਤ ਦੇ ਦਿਤੀ। "ਅੰਨ੍ਹਾ ਕੀ ਭਾਲੇ, ਦੋ ਅੱਖਾਂ!" ਮੈਂ ਖ਼ੁਸ਼ੀ ਨਾਲ ਹਾਂ ਕਰ ਦਿਤੀ। ਨਿਸਚਿਤ ਦਿਨ ਓਥੇ ਮੈ ਪਹੁੰਚ ਗਿਆ। ਤਿੰਨਾਂ ਦਿਨਾਂ ਤੋਂ ਗੁਰਬਾਣੀ ਦੇ ਚੱਲ ਰਹੇ ਅਖੰਡਪਾਠ ਦਾ ਭੋਗ ਪਾਇਆ ਗਿਆ। ਇਹ ਸਾਰੀ ਮਰਯਾਦਾ ਕਿਸੇ ਡੇਰੇ ਦੇ ਉਦਾਸੀ ਸੰਤ ਜੀਆਂ ਦਾ ਜਥਾ ਨਿਭਾ ਰਿਹਾ ਸੀ। ਉਹਨਾਂ ਨੇ ਹੀ ਪੂਰੀ ਸਨਾਤਨੀ ਮਰਯਾਦਾ ਅਨੁਸਾਰ ਸਾਰਾ ਅਖੰਡਪਾਠ ਸੰਪੂਰਨ ਕੀਤਾ ਤੇ ਭੋਗ ਸਮੇ, ਮੰਦਰਾਂ ਵਾਂਗ ਪੂਰੀ ਮਰਯਾਦਾ ਅਨੁਸਾਰ ਜੋਰ ਸ਼ੋਰ ਨਾਲ਼ ਉਪਰਲਾ, ਆਰਤੀ ਵਾਲ਼ਾ ਸ਼ਬਦ ਗਾਉਣ ਦੇ ਨਾਲ਼ ਨਾਲ਼, ਦੀਵੇ ਜਗਾ ਕੇ, ਰਣਸਿੰਘੇ, ਘੜਿਆਲ, ਸੰਖ, ਖੜਤਾਲਾਂ ਆਦਿ ਸਾਜਾਂ ਦੀ ਘਣਘੋਰ ਵਿਚ ਪੂਰੀ ਤਨਦੇਹੀ ਨਾਲ਼ ਆਰਤੀ ਉਤਾਰੀ। ਆਰਤੀ ਦੀ ਸਮਾਪਤੀ ਦੇ ਨਾਲ਼ ਹੀ ਬੋਲਣ ਲਈ ਮੇਰਾ ਨਾਂ ਲੈ ਦਿਤਾ ਗਿਆ। ਮੈ ਓਦੋਂ ਨਵਾਂ ਨਵਾਂ ਹੀ ਪ੍ਰਚਾਰਕ ਬਣਿਆ ਸਾਂ। ਜਿਵੇਂ ਨਵਾਂ ਬਣਿਆ ਮੁਸਲਮਾਨ ਦੂਜਿਆਂ ਨਾਲ਼ੋਂ ਵਧ ਉਚੀ ਬਾਂਗ ਦਿੰਦਾ ਹੈ ਤੇ ਜ਼ਿਆਦਾ ਕੱਟੜਤਾ ਵਿਖਾਉਂਦਾ ਹੈ; ਏਸੇ ਤਰ੍ਹਾਂ ਮੇਰੇ ਸਿਰ ਤੇ ਵੀ ਸੁਧਾਰਾਂ ਦਾ ਭੂਤ ਸਵਾਰ ਸੀ। ਓਦੋਂ ਅਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਮੁਖੋਂ ਉਚਾਰੇ ਗਏ ਇਸ ਇਲਾਹੀ ਹੁਕਮ ਦੀ ਮੈਨੂੰ ਸਮਝ ਨਹੀ ਸੀ:

ਤਾ ਕਉ ਸਮਝਾਵਣ ਜਾਈਐ ਜੇ ਕੋ ਭੂਲਾ ਹੋਈ॥

# ਵਿਦਵਾਨ ਪ੍ਰਧਾਨ ਜੀ

ਵੈਸੇ ਤਾਂ ਅਫ੍ਰੀਕਨ ਮੁਲਕਾਂ ਦੀ ਇਸ ਯਾਤਰਾ ਸਬੰਧੀ ਓਦੋਂ ਇਕ ਲੇਖ ਲਿਖਿਆ ਸੀ ਅਤੇ ਉਹ ਮੇਰੀ ਕਿਤਾਬ 'ਬਾਤਾਂ ਬੀਤੇ ਦੀਆਂ' ਵਿਚ ਛਪ ਵੀ ਚੁੱਕਾ ਹੈ ਪਰ ਇਸ ਲੇਖ ਵਿਚ ਇਕੋ ਮੁਲਕ ਵਿਚਲੇ ਗੁਰਦੁਆਰਾ ਸਾਹਿਬ ਵਿਖੇ ਹੋਏ ਦੀਵਾਨ ਸਮੇ ਦੀ ਬਾਤ ਹੀ ਪਾਉਣੀ ਹੈ। ਹੋ ਸਕਦਾ ਹੈ ਕਿ ਉਸ ਲੇਖ ਵਿਚ ਆਈਆਂ ਕੁਝ ਗੱਲਾਂ ਦਾ ਜ਼ਿਕਰ ਇਸ ਲੇਖ ਵਿਚ ਵੀ ਆ ਗਿਆ ਹੋਵੇ!

ਗੱਲ ਇਹ ਦਸੰਬਰ ੧੯੯੬ ਦੀ ਹੈ। ਜਾਪਾਨ, ਕੈਨੇਡਾ ਅਤੇ ਅਮ੍ਰੀਕਾ ਦੀ ਯਾਤਰਾ ਤੋਂ ਮੁੜਨ 'ਤੇ, ਐਵੇਂ ਇਕ ਦਿਨ ਕੰਪਿਊਟਰ ਦੇ ਕੀ ਬੋਰਡ ਉਪਰ ਕੁਤਕਤਾਰੀਆਂ ਜਿਹੀਆਂ ਕਢਦਿਆਂ ਵਿਚਾਰ ਆ ਗਿਆ ਕਿ ਕਿਉਂ ਨਾ ਅਫ਼੍ਰੀਕਾ ਦੇ ਮੁਲਕ ਮਲਾਵੀ ਦਾ ਇਕ ਚੱਕਰ ਹੀ ਲਾ ਲਿਆ ਜਾਵੇ; ਜਿਥੋਂ ਵੀਹ ਸਾਲ ਪਹਿਲਾਂ, ਸਾਢੇ ਕੁ ਤਿੰਨ ਸਾਲ ਰਹਿ ਕੇ ਮੁੜਿਆ ਸਾਂ। ਓਥੇ ਰਹਿ ਗਏ ਇਕਾ ਦੁਕਾ ਪੁਰਾਣੇ ਕੁਝ ਸੱਜਣਾਂ ਨਾਲ਼ ਮੇਲ ਮਿਲਾਪ ਦੇ ਨਾਲ਼ ਨਾਲ਼, ਉਸ ਸਮੇ ਕੁਝ ਰਹਿ ਗਏ ਹੋਰ ਗਵਾਂਢੀ ਮੁਲਕਾਂ, ਜਿਨ੍ਹਾਂ ਦਾ ਉਸ ਸਮੇ ਚੱਕਰ ਨਹੀਂ ਸੀ ਲੱਗ ਸਕਿਆ, ਦੀ ਯਾਤਰਾ ਵੀ ਕਰ ਲਈ ਜਾਵੇ। ਕੰਪਿਊਟਰ ਦੇ ਸਕਰੀਨ ਤੋਂ ਮੂੰਹ ਭੁਆਂ ਕੇ ਮੈਂ 'ਮਾਲਕਣ' ਨੂੰ ਇਉ ਸੰਬੋਧਿਆ, "ਕਿਉਂ ਨਾ ਮੈਂ ਭੱਜ ਕੇ ਮਲਾਵੀ ਦਾ ਹੀ ਇਕ ਚੱਕਰ ਲਾ ਆਵਾਂ!" "ਲਾ ਆਓ **ਭੱਜ ਕੇ**।" ਭੱਜ ਕੇ ਉਪਰ ਉਸ ਨੇ ਇਉਂ ਜੋਰ ਦਿਤਾ ਜਿਵੇਂ ਕਿ ਮੈਂ ਸਚੀਂ ਮੁਚੀਂ ਭ ੱਜ ਕੇ ਹੀ ਜਾਣ ਦੀ ਰਾਜਧਾਨੀ ਹਰਾਰੇ ਤੋਂ ਵਾਪਸੀ ਟਿਕਟ ਕਟਾ ਕੇ ਤੁਰ ਪਿਆ।

ਸਾਊਥ ਅਫ਼੍ਰੀਕਾ ਦੇ ਸ਼ਹਿਰ, ਜੌਹਨਜ਼ਬਰਗ ਵਿਚ, ਇਕ ਪਰਵਾਰ ਗੋਰੇ ਸਿੰਘਾਂ ਦਾ ਰਹਿੰਦਾ ਸੀ। ਅਗਲੇ ਹੀ ਦਿਨ ਉਸ ਬੀਬੀ ਨੇ ਮੈਨੂੰ ਖ਼ਤਰਨਾਕ ਸੜਕ ਤੇ ਤੁਰੇ ਫਿਰਦੇ ਨੂੰ ਵੇਖ ਕੇ, ਆਪਣੇ ਘਰ ਲੈ ਕੇ ਜਾਣ ਲਈ ਆਖਿਆ। ਜਿੰਨ੍ਹਾਂ ਦੇ ਘਰ ਵਿਚ ਠਹਿਰਿਆ ਹੋਇਆ ਸਾਂ, ਉਹਨਾਂ ਪਾਸੋਂ ਆਗਿਆ ਪ੍ਰਾਪਤ ਕਰਨ ਲਈ ਆਖ ਦਿਤਾ। ਉਸ ਨੇ ਆਪਣੀ ਕਾਰ ਵਿਚ ਬੈਠਾਇਆ ਤੇ ਮੈਨੂੰ ਉਹਨਾਂ ਦੇ ਘਰ ਲੈ ਗਈ। ਉਹ ਦੋਵੇਂ ਬੀਬੀਆਂ ਇਕ ਦੂਜੀ ਨੂੰ ਜਾਣਦੀਆਂ ਸਨ। ਆਪਸ ਵਿਚ ਹੋਏ ਫੈਸਲੇ ਅਨੁਸਾਰ, ਉਹ ਜੋੜਾ, ਮੈਨੂੰ ਅਗਲੇਰੇ ਦਿਨ ਉਹਨਾਂ ਦੇ ਘਰ ਛੱਡ ਆਇਆ। ਜਿਸ ਗੁਜਰਾਤੀ ਨੌਜਵਾਨ ਜੋੜੇ ਦੇ ਘਰ ਮੈਨ ਰੁਕਿਆ ਹੋਇਆ ਸਾਂ, ਮੇਰੇ ਵੱਡੇ ਪੁੱਤਰ ਸੰਦੀਪ ਸਿੰਘ ਦੇ ਮਿੱਤਰ ਦੇ ਰਿਸ਼ਤੇਦਾਰ ਸਨ। ਉਸ ਗੋਰੇ ਸਿੰਘਾਂ ਦੇ ਘਰ ਵਿਚ, ਦੋਵੇਂ ਜੀ ਉਹ ਜੋੜਾ, ਉਹਨਾਂ ਦਾ ਇਕ ਸੱਤ ਅੱਠ ਸਾਲਾਂ ਦਾ ਪੁੱਤਰ ਅਤੇ ਇਕ ਅਮ੍ਰੀਕਾ ਤੋਂ ਆਈ ਹੋਈ ਲੜਕੀ, ਕੁੱਲ ਚਾਰ ਜੀ ਰਹਿ ਰਹੇ ਸਨ। ਉਹਨਾਂ ਦੇ ਘਰ ਰਹਿੰਦਿਆਂ ਇਕ ਦਿਨ ਮੈਂ ਆਪਣੀ ਆਦਤ ਅਨੁਸਾਰ, ਜੋ ਕਿ ਛੋਟੇ ਬੱਚਿਆਂ ਪ੍ਰਤੀ ਮੇਰੇ ਮੋਹ ਕਾਰਨ ਹੈ, ਉਸ ਬੱਚੇ ਦਾ, ਲਾਡ ਨਾਲ਼, ਪਹਿਲਾਂ ਆਪਣੇ ਸੱਜੇ ਹੱਥ ਨਾਲ਼ ਖੱਬਾ ਕੰਨ ਖਿੱਚਿਆ, ਫਿਰ ਵਾਰੀ ਵਾਰੀ ਉਸ ਦੀਆਂ ਗਲ੍ਹਾਂ ਉਪਰ, ਦੋਹੀਂ ਪਾਸੀਂ, ਨਰਮ ਨਰਮ ਚਪੇੜਾਂ ਮਾਰੀਆਂ ਤੇ ਫਿਰ ਉਸ ਦਾ ਨੱਕ ਫੜ ਕੇ ਏਧਰ ਓਧਰ ਘੁਮਾਇਆ। ਖਿੱਚਣਾ ਤਾਂ ਮੈਂ ਉਸ ਦਾ ਸੱਜਾ ਕੰਨ ਵੀ ਸੀ ਪਰ ਐਵੇਂ ਮੇਰੇ ਸਜੇ ਹੱਥ ਤੋਂ ਥੋਹੜਾ ਕੁ ਦੂਰ ਹੋਣ ਕਰਕੇ, ਮੈਂ ਖਿੱਚਣ ਤੋਂ ਘੌਲ਼ ਈ ਕਰ ਗਿਆ। "ਹਵਾਟ ਫਾਰ ਦਿਸ?" ਉਸ ਨੇ ਹੈਰਾਨੀ ਨਾਲ਼ ਸਵਾਲ ਕੀਤਾ ਕਿ ਇਹ ਕਾਹਦੇ ਲਈ? "ਦਿਸ ਇਜ਼ ਮਾਈ ਸਪੈਸ਼ਲ ਵੇ ਟੂ ਸ਼ੋ ਇਫੈਕਸ਼ਨ ਟੂ ਨਾਈਸ ਚਿਲਡਰਨ, ਲਾਈਕ ਯੂ।" ਇਹ ਸਪੈਸ਼ਲ ਤਰੀਕਾ ਹੈ ਸਨੇਹ ਵਿਖਾਉਣ ਦਾ ਮੇਰਾ, ਤੇਰੇ ਵਰਗੇ ਚੰਗੇ ਬੱਚਿਆਂ ਲਈ। ਇਹ ਜਵਾਬ ਮੇਰਾ ਸੁਣਦਿਆਂ ਹੀ ਉਸ ਨੇ ਆਪਣੇ ਸੱਜੇ ਕੰਨ ਨੂੰ ਆਪਣੇ ਸੱਜੇ ਹੱਥ ਦੀਆਂ ਉਂਗਲ਼ਾਂ ਵਿਚ ਫੜ ਕੇ, ਬੜੀ ਚੁਸਤੀ ਅਤੇ ਫੁਰਤੀ ਨਾਲ਼ ਆਖਿਆ, "ਦੈਨ ਯੂ ਮਿਸਡ ਦਿਸ ਵੰਨ।" ਤਾਂ ਤੂੰ ਇਹ ਕੰਨ ਛੱਡ ਦਿਤਾ ਹੈ।

ਇਕ ਥਾਂ ਤੇ ਤਾਂ ਮੈਂ ਰੁਕਣਾ ਨਹੀਂ ਸੀ। ਵਧ ਤੋਂ ਵਧ ਦੇਸਾਂ ਤੇ ਸਥਾਨਾਂ ਦੀ ਯਾਤਰਾ ਕਰਨੀ ਹੀ ਮੇਰਾ ਉਦੇਸ਼ ਸੀ। ਦੋ ਕੁ ਦਿਨਾਂ ਦੀ, ਜੌਹਨਜ਼ਬਰਗ ਸ਼ਹਿਰ ਦੇ ਆਲ਼ੇ ਦੁਆਲ਼ੇ ਦੀ ਯਾਤਰਾ ਤੋਂ ਬਾਅਦ ਮੈਂ ਉਹਨਾਂ ਨੂੰ ਆਖਿਆ ਕਿ ਉਹ ਮੈਨੂੰ ਗਵਾਂਢੀ ਦੇਸ ਬੋਟਸਵਾਨਾ ਦੀ ਰਾਜਧਾਨੀ, ਗੈਬਰੌਨ ਨੂੰ ਜਾਣ ਵਾਲ਼ੀ ਬੱਸ ਦੇ ਅੱਡੇ ਉਪਰ ਛੱਡ ਆਉਣ ਪਰ ਉਹ ਮੈਨੂੰ ਬੱਸ ਅੱਡੇ ਤੱਕ ਛੱਡਣ ਦੀ ਬਜਾਇ, ਚਾਰੇ ਜਣੇ ਕਾਰ ਉਪਰ, ਗੈਬਰੌਨ ਤੱਕ ਛਡਣ ਲਈ ਹੀ ਤਿਆਰ ਹੋ ਗਏ। ਯਾਦ ਰਹੇ ਕਿ ਸਾਊਥ ਅਫ਼੍ਰੀਕਾ, ਜ਼ਿੰਬਾਬਵੇ ਦੇ ਗਵਾਂਢੀ ਮੁਲਕ ਦਾ ਨਾਂ ਅੰਗ੍ਰੇਜ਼ਾਂ ਦੇ ਰਾਜ ਵੇਲ਼ੇ 'ਬੁਚਵਾਨਾ ਲੈਂਡ' ਹੁੰਦਾ ਸੀ ਜੋ ਕਿ ਆਜ਼ਾਦ ਹੋ ਕੇ 'ਬੋਟਸਵਾਨਾ' ਬਣ ਗਿਆ। ਓਥੇ ਉਹਨਾਂ ਦੇ ਇਕ ਸਿੱਖ ਪਰਵਾਰ ਨਾਲ ਸੱਜਣਤਾਈ ਵਾਲ਼ੇ ਸਬੰਧ ਹੋਣ ਕਰਕੇ, ਅਸੀਂ ਉਹਨਾਂ ਦੇ ਘਰ ਜਾ ਕੇ ਰੁਕੇ ਪਰ ਮੈਂ ਗੁਰਦੁਆਰਾ ਸਾਹਿਬ ਵਿਖੇ ਜਾਣ ਲਈ ਕਾਹਲ਼ਾ ਸਾਂ। ਅਗਲੇ ਦਿਨ ਐਤਵਾਰ ਨੂੰ ਗੁਰਦੁਆਰਾ ਸਾਹਿਬ ਵਿਖੇ, ਦੀਵਾਨ ਸਮੇ ਅਸੀਂ ਗਏ ਤੇ ਸਕੱਤਰ ਸਾਹਿਬ ਨੂੰ ਮੈਂ ਆਪਣੇ ਬਾਰੇ ਜਾਣਕਾਰੀ ਦਿਤੀ। ਆਪਣੇ ਓਥੇ ਆਉਣ ਦਾ ਮਨੋਰਥ ਵੀ ਦੱਸਿਆ ਅਤੇ ਇਹ ਵੀ ਆਖਿਆ ਕਿ ਮੈਂ ਅਗਲੇ ਐਤਵਾਰ ਤੱਕ ਵੀ ਰਹਾਂਗਾ ਅਤੇ ਉਸ ਦਿਨ ਵੀ ਸੰਗਤਾਂ ਨੂੰ ਸੰਬੋਧਨ ਕਰਾਂਗਾ। ਸਕੱਤਰ ਜੀ ਨੇ ਮੇਰੇ ਬਾਰੇ ਅਨਾਊਂਸ ਵੀ ਕੀਤਾ ਅਤੇ ਮੈਨੂੰ ਸਮਾ ਵੀ ਬੋਲਣ ਵਾਸਤੇ ਦਿਤਾ। ਇਸ ਦੇ ਨਾਲ਼ ਉਹਨਾਂ ਨੇ ਇਹ ਵੀ ਸੂਚਨਾ ਦਿਤੀ ਕਿ ਅਗਲੇ ਐਤਵਾਰ ਪ੍ਰਧਾਨ ਜੀ ਵੀ ਭਾਸ਼ਨ ਕਰਨਗੇ ਤੇ ਉਹਨਾਂ ਦੇ ਭਾਸ਼ਨ ਦਾ ਵਿਸ਼ਾ ਹੋਵੇਗਾ, ਦਸ ਗੁਰੂ ਸਾਹਿਬਾਨ ਦਾ ਆਪਸੀ ਪਰਵਾਰਕ ਰਿਸ਼ਤਾ। ਮੈਂ ਦਿਲ ਵਿਚ ਸੋਚਿਆ ਕਿ ਗ੍ਰੰਥੀ ਸਿੰਘ ਜੀ ਨੇ ਕੀਰਤਨ ਵੀ ਕਰਨਾ ਹੈ ਤੇ ਫਿਰ ਪ੍ਰਧਾਨ ਸਾਹਿਬ ਜੀ ਨੇ ਵੀ ਆਪਣਾ ਤਿਆਰ ਕੀਤਾ ਹੋਇਆ ਭਾਸ਼ਨ ਪੜ੍ਹਨਾ ਹੈ। ਮੇਰਾ ਭਾਸ਼ਨ ਸੁਣਨ ਵਾਸਤੇ ਸੰਗਤ ਏਨੇ ਚਿਰ ਵਾਸਤੇ ਕੀ ਬੈਠੀ ਰਹੇਗੀ! ਫਿਰ ਆਪੇ ਹੀ ਸੋਚਿਆ ਕਿ ਕਿਉਂਕਿ ਪ੍ਰਧਾਨ ਸਾਹਿਬ ਵਿਦਵਾਨ ਅਤੇ ਕੁਆਲੀਫਾਈਡ ਇੰਜੀਨੀਅਰ ਹਨ। ਉਹ ਖ਼ੁਦ ਹੀ ਵਿਚਾਰ ਕਰ ਲੈਣਗੇ ਤੇ ਅਗਲੇ ਐਤਵਾਰ ਦੀ ਬਜਾਇ ਆਪਣਾ ਭਾਸ਼ਨ ਅਗਲੇਰੇ ਐਤਵਾਰ ਲਈ ਅੱਗੇ ਪਾ ਲੈਣਗੇ।

ਦੀਵਾਨ ਦੀ ਸਮਾਪਤੀ ਉਪ੍ਰੰਤ ਸਕੱਤਰ ਜੀ ਨੇ ਮੈਨੂੰ ਆਖਿਆ ਕਿ ਉਹ ਮੇਰੇ ਰੁਕਣ ਵਾਸਤੇ ਕਮਰੇ ਦੀ ਸਫਾਈ ਕਰ/ਕਰਵਾ ਦੇਣਗੇ। ਇਸ ਲਈ ਉਸ ਦਿਨ ਮੈਂ ਉਹਨਾਂ ਸੱਜਣਾਂ ਦੇ ਘਰ ਹੀ ਰੁਕਾਂ ਜਿਥੇ ਰੁਕਿਆ ਹੋਇਆ ਹਾਂ। ਅਗਲੇ ਦਿਨ ਸੋਮਵਾਰ ਨੂੰ ਏਥੇ ਕਮਰੇ ਵਿਚ ਆ ਜਾਵਾਂ।

ਅਗਲੇ ਦਿਨ ਮੈਂ ਗੁਰਦੁਆਰਾ ਸਾਹਿਬ ਗਿਆ ਤਾਂ ਗ੍ਰੰਥੀ ਸਿੰਘ ਜੀ ਵਾਹਵਾ ਹੀ ਰੁੱਖੇ ਜਿਹੇ ਢੰਗ ਨਾਲ਼ ਪੇਸ਼ ਆਏ। ਮੇਰੇ ਵਾਸਤੇ ਇਹ ਕੋਈ ਨਵੀਂ ਗੱਲ ਨਹੀਂ ਸੀ। ਇਹੋ ਜਿਹੀਆਂ ਮੈਂ ਬਥੇਰੀਆਂ ਖਾਧੀਆਂ ਪੀਤੀਆਂ ਹੋਈਆਂ ਹਨ। ਮੇਰੇ ਕਮਰੇ ਬਾਰੇ ਪੁੱਛਣ ਤੇ ਉਹਨਾਂ ਨੇ ਕਿਹਾ ਕਿ ਇਕੋ ਹੀ ਕਮਰਾ ਹੈ ਤੇ ਓਥੇ ਦੂਸਰੇ ਸ਼ਹਿਰ ਤੋਂ ਆ ਕੇ ਇਕ ਟੀਚਰ ਰੁਕਦਾ ਹੈ। ਮੇਰੇ ਇਹ ਪੁੱਛਣ ਤੇ ਕਿ ਉਹ ਟੀਚਰ ਕਦੋਂ ਆਉਂਦਾ ਹੈ ਤਾਂ ਉਹਨਾਂ ਨੇ ਕਿਹਾ ਛਨਿਛਰਵਾਰ ਨੂੰ। ਮੈਂ ਆਖਿਆ ਕਿ ਅੱਜ ਸੋਮਵਾਰ ਹੈ ਤੇ ਛਨਿਛਰਵਾਰ ਨੂੰ ਜਦੋਂ ਉਹ ਆਵੇਗਾ ਤਾਂ ਅਸੀਂ ਦੋਵੇਂ ਉਸ ਕਮਰੇ ਵਿਚ ਦੋ ਰਾਤਾਂ ਕੱਟ ਲਵਾਂਗੇ। ਸੋਮਵਾਰ ਨੂੰ ਤਾਂ ਮੈਂ ਅੱਗੇ ਨੂੰ ਤੁਰ ਜਾਣਾ ਹੈ। ਜੇਕਰ ਉਸ ਨੂੰ ਮੇਰੇ ਨਾਲ਼ ਇਕ ਕਮਰੇ ਵਿਚ ਇਕ ਰਾਤ ਕੱਟਣੀ ਪਸੰਦ ਨਾ ਹੋਈ ਤਾਂ ਮੈਂ ਬਾਹਰ ਸੌਂ ਜਾਵਾਂਗਾ। ਤੁਸੀਂ ਹੁਣ ਕਿਰਪਾ ਕਰਕੇ ਕਮਰਾ ਖੋਹਲ ਦਿਓ। ਅਣਮੰਨੇ ਜਿਹੇ ਮਨ ਨਾਲ਼ ਉਸ ਨੇ ਕਮਰਾ ਖੋਹਲ ਦਿਤਾ। ਕਮਰੇ ਦੇ ਅੰਦਰ ਜਾ ਕੇ ਜਦੋਂ ਵੇਖਿਆ ਤਾਂ ਉਸ ਨੂੰ ਵੇਖ ਕੇ ਇਉਂ ਲੱਗਾ ਕਿ ਜਿਵੇਂ ਦਹਾਕਿਆਂ ਤੋਂ ਉਹ ਕਮਰਾ ਖੋਹਲਿਆ ਨਾ ਗਿਆ ਹੋਵੇ। ਹਾਲਾਂ ਕਿ ਸਕੱਤਰ ਜੀ ਆਖ ਗਏ ਸਨ ਕਿ ਸੋਮਵਾਰ ਤੱਕ ਉਹ ਕਮਰੇ ਦੀ ਸਫਾਈ ਕਰ/ਕਰਵਾ ਦੇਣਗੇ। ਮੈਂ ਕਿਹਾ, ''ਕੀ ਇਸ ਕਮਰੇ ਵਿਚ ਟੀਚਰ ਆ ਕੇ ਰਹਿੰਦਾ ਹੈ? ਇਸ ਹਾਲਤ ਵਿਚ ਉਹ ਏਥੇ ਕਿਵੇਂ ਸੌਂਦਾ ਹੋਵੇਗਾ? ਜਾਨਵਰ ਵੀ ਬਹਿਣ ਤੋਂ ਪਹਿਲਾਂ ਜ਼ਮੀਨ ਤੇ ਆਪਣੀ ਪੂਛ ਮਾਰ ਲੈਂਦਾ ਹੈ।'' ਗ੍ਰੰਥੀ ਜੀ ਆਖਣ ਲੱਗੇ, ''ਅਸੀਂ ਕੁੱਤਿਆਂ ਤੋਂ ਵੀ ਭੈੜੇ ਹਾਂ।'' ਉਹਨਾਂ ਦੇ ਇਹ ਬਚਨ ਮੈਨੂੰ ਪ੍ਰਸੰਗੋਂ ਬਾਹਰੇ ਲੱਗੇ।

ਖੈਰ, ਮੈਂ ਬਾਲਟੀ ਫੜ ਕੇ ਚੰਗਾ ਸਮਾ ਤੇ ਦਿਲ ਲਾ ਕੇ ਕਮਰੇ ਦੀਆਂ ਕੰਧਾਂ ਸਮੇਤ ਫਰਸ਼ ਧੋ ਲਿਆ। ਸਮਾ ਗਰਮੀਆਂ ਦਾ ਹੋਣ ਕਰਕੇ, ਅਜਿਹਾ ਕਰਦਿਆਂ ਮੈਨੂੰ ਕਿਸੇ ਕਿਸਮ ਦੀ ਤਕਲੀਫ ਦੀ ਥਾਂ ਸਗੋਂ ਅਨੰਦ ਅਨੁਭਵ ਹੋ ਰਿਹਾ ਸੀ। ਪੱਖਾ ਕਮਰੇ ਵਿਚ ਲੱਗਾ ਹੋਇਆ ਸੀ। ਮੈਂ ਫਰਸ਼ ਧੋਣ ਪਿਛੋਂ ਪੱਖਾ ਪੂਰੀ ਰਫ਼ਤਾਰ ਤੇ ਛੱਡ ਦਿਤਾ ਅਤੇ ਆਪਣਾ ਟਿੰਡ ਫਹੁੜੀ ਕਮਰੇ ਵਿਚ ਟਿਕਾ ਲਿਆ। ਫਿਰ ਗ੍ਰੰਥੀ ਜੀ ਵੀ ਹੌਲ਼ੀ ਹੌਲ਼ੀ ਆਣ ਕੇ ਮੇਰੇ ਸਾਹਮਣੇ ਜਿਹੇ ਬੈਠ ਗਏ। ਧੀਰੇ ਧੀਰੇ ਉਹਨਾਂ ਨੇ ਮੇਰੇ ਨਾਲ ਵਾਕਫ਼ੀ ਕੱਢੀ। ਪਿਛੋਂ ਉਹ ਪਟਿਆਲੇ ਦੇ ਰਹਿਣ ਵਾਲ਼ੇ ਸਨ। ਫਿਰ ਮੈਨੂੰ ਚੇਤਾ ਆਇਆ ਕਿ ਜਦੋਂ ਮੈਂ ੧੯੬੪/੬੫/੬੬ ਵਿਚ ਪਟਿਆਲੇ ਸਾਂ ਤਾਂ ਉਹਨਾਂ ਨੂੰ ਦਿਨ ਵੇਲ਼ੇ ਕਦੀ ਕਦੀ ਮਾਲ ਰੋਡ ਉਪਰ ਸਾਈਕਲ ਤੇ ਜਾਂਦਿਆਂ ਵੇਖਿਆ ਕਰਦਾ ਸਾਂ ਪਰ ਸਾਡੀ ਗੁਫ਼ਤਗੂ ਕਦੀ ਨਹੀਂ ਸੀ ਹੋਈ। ਓਦੋਂ ਉਹਨਾਂ ਦੀ ਦਾਹੜੀ ਕਾਲ਼ੀ ਹੁੰਦੀ ਸੀ ਤੇ ਇਸ ਸਮੇ ਮੁਕੰਮਲ ਤੌਰ ਤੇ ਚਿੱਟੀ ਹੋਣ ਕਰਕੇ ਮੈਂ ਉਹਨਾਂ ਨੂੰ ਪਛਾਣ ਨਾ ਸਕਿਆ; ਉਹਨਾਂ ਤਾਂ ਮੈਨੂੰ ਕੀ ਪਛਾਨਣਾ ਸੀ! ਆਪਣੇ ਬਾਰੇ ਜਾਣਕਾਰੀ ਦਿੰਦੇ ਹੋਏ ਉਹਨਾਂ ਨੇ ਦੱਸਿਆ ਕਿ ਉਹ ਭਾਈ ਵਰਿਆਮ ਸਿੰਘ ਟੌਹੜਾ ਦੇ ਰਾਗੀ ਜਥੇ ਵਿਚ ਜੋੜੀ ਵਜਾਉਣ ਦੀ ਸੇਵਾ ਕਰਿਆ ਕਰਦੇ ਸਨ ਜਦੋਂ ਕਿ ਸ. ਗੁਰਚਰਨ ਸਿੰਘ ਟੌਹੜਾ ਉਹਨਾਂ ਦੇ ਸਹਾਇਕ ਵਜੋਂ ਰਾਗੀ ਜਥੇ ਵਿਚ ਸ਼ਾਮਲ ਸਨ। ਉਹਨਾਂ ਨੇ ਦੱਸਿਆ ਕਿ ਇਕ ਵਾਰੀਂ ਕਲਕੱਤੇ ਵਿਚ ਕਿਸੇ ਗੁਰਪੁਰਬ ਸਮੇ, ਓਥੋਂ ਦੀ ਕਮੇਟੀ ਦੇ ਸੱਦੇ ਉਪਰ, ਉਹਨਾਂ ਦਾ ਜਥਾ ਕੀਰਤਨ ਕਰਨ ਗਿਆ ਸੀ ਤੇ ਓਥੇ ਕੀਰਤਨ ਦੀ ਚੌਂਕੀ ਤੋਂ ਇਲਾਵਾ, ਸ. ਗੁਰਚਰਨ ਸਿੰਘ ਟੌਹੜਾ ਨੇ ਖਲੋ ਕੇ ਇਕ ਕਵਿਤਾ ਪੜ੍ਹੀ। ਉਹਨਾਂ ਦੇ ਕਵਿਤਾ ਪੜ੍ਹਨ ਦੇ ਅੰਦਾਜ਼ ਤੋਂ ਪ੍ਰਭਾਵਤ ਹੋ ਕੇ, ਭਾਈ ਵਰਿਆਮ ਸਿੰਘ ਟੌਹੜਾ ਨੇ ਆਖਿਆ, ''ਗੁਰਚਰਨ ਸਿੰਘ, ਤੇਰੇ ਵਿਚ ਤਾਂ ਲੀਡਰ ਬਣਨ ਦੇ ਗੁਣ ਹਨ। ਇਕ ਦਿਨ ਤੂੰ ਬਹੁਤ ਸਫ਼ਲ ਲੀਡਰ ਬਣ ਸਕਦਾ ਹੈਂ।'' ਸਮਾ ਪਾ ਕੇ ਇਹ ਬਚਨ ਸੱਚੇ ਸਾਬਤ ਹੋਏ। ਸ. ਗੁਰਚਰਨ ਸਿੰਘ ਟੌਹੜਾ ਆਪਣੇ ਸਮੇ ਦੇ ਬਹੁਤ ਕਾਮਯਾਬ ਸਿੱਖ ਲੀਡਰ ਹੋਏ ਹਨ। ਜਿੰਨਾ ਸਮਾ ਉਹ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਅਤੇ ਨਾਲ਼ ਨਾਲ਼ ਹੀ ਐਮ.ਪੀ. ਰਹੇ; ਇਸ ਰੀਕਾਰਡ ਨੂੰ ਅੱਜ ਤੱਕ ਹੋਰ ਕੋਈ ਸਿੱਖ ਲੀਡਰ ਨਹੀਂ ਪਹੁੰਚ ਸਕਿਆ।

ਹੌਲ਼ੀ ਹੌਲ਼ੀ ਗੱਲ ਖੁਲ੍ਹਣ ਤੇ ਗ੍ਰੰਥੀ ਜੀ ਤੋਂ ਪਤਾ ਲੱਗਾ ਕਿ ਮੇਰੇ ਨਾਲ ਉਹਨਾਂ ਵੱਲੋਂ ਕੀਤੇ ਗਏ ਰੁੱਖੇ ਵਰਤਾ ਦਾ ਕਾਰਨ ਇਹ ਸੀ ਕਿ ਉਹਨਾਂ ਨੂੰ ਇਹ ਭੁਲੇਖਾ ਲੱਗ ਗਿਆ ਸੀ ਕਿ ਮੈਨੂੰ ਸ਼ਾਇਦ ਓਥੇ ਰਹਿਣ ਵਾਲ਼ੇ ਇਕ ਟੀਚਰ, ਸ. ਗੁਰਚਰਨ ਸਿੰਘ ਸੱਗੂ ਨੇ ਸੱਦਿਆ ਹੈ ਅਤੇ ਮੈਨੂੰ ਉਹਨਾਂ ਦੀ ਥਾਂ ਗ੍ਰੰਥੀ ਲਵਾਉਣ ਅਤੇ ਉਹਨਾਂ ਨੂੰ ਓਥੋਂ ਭਜਾਉਣ ਦਾ ਪ੍ਰੋਗਰਾਮ ਹੈ; ਪਰ ਜਦੋਂ ਮੇਰੇ ਇਸ ਤਰ੍ਹਾਂ ਸੰਸਾਰ ਵਿਚ ਭੌਂਦੇ ਫਿਰਨ ਦੇ ਮਨੋਰਥ ਦਾ ਉਹਨਾਂ ਨੂੰ ਪਤਾ ਲੱਗਾ ਤਾਂ ਤਸੱਲੀ ਹੋਈ ਕਿ ਮੇਰੇ ਤੋਂ ਉਹਨਾਂ ਦੀ ਗੱਦੀ ਨੂੰ ਕੋਈ ਖ਼ਤਰਾ ਨਹੀਂ ਤਾਂ ਮੇਰੇ ਨਾਲ਼ ਉਹਨਾਂ ਦਾ ਰਵਈਆ ਨਿਘਾ ਹੋ ਗਿਆ। ਫਿਰ ਉਹਨਾਂ ਨੇ ਆਪਣੀਆਂ ਨਿਜੀ ਯਾਦਾਂ ਵੀ ਮੇਰੇ ਨਾਲ਼ ਸਾਂਝੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਪਟਿਆਲਵੀ ਰਾਜ ਘਰਾਣੇ ਦੇ ਰੰਗੀਨ ਪ੍ਰਸੰਗ ਵੀ ਚੰਗੀ ਰੁਚੀ ਨਾਲ਼ ਮੈਨੂੰ ਸੁਣਾਉਣੇ। ਇਸ ਸਮੇ ਇਉਂ ਲੱਗਣਾ ਜਿਵੇ ਕੋਈ ਪ੍ਰਤੱਖ ਦਰਸ਼ੀ ਘਟਨਾ ਦਾ ਵਰਨਣ ਕਰ ਰਿਹਾ ਹੈ। ਇਕ ਦਿਨ ਮਿੱਤਰਤਾ ਲੱਗਣ ਸਮੇ ਅਤੇ ਟੁੱਟਣ ਸਮੇ ਦੇ ਫਰਕ ਬਾਰੇ ਵੀ ਉਹਨਾਂ ਨੇ ਇਕ ਕਾਵਿਕ ਟੋਟਕਾ ਇਉਂ ਸੁਣਾਇਆ:

ਲੱਗਣ ਲੱਗੀ ਯਾਰੀ, ਅੰਦਰੇ ਘੋੜਾ ਬੰਨ੍ਹ,
ਮੇਰਾ ਜੀਉ ਚਾਹੁੰਦਾ।

ਟੁੱਟਣ ਲੱਗੀ ਯਾਰੀ, ਕੰਧੇ ਸੂਈ ਨਾ ਟੰਗ,

ਜਾਣੀ ਲੇਉ ਲਹਿੰਦਾ।

ਫਿਰ ਉਹਨਾਂ ਨੇ ਇਕ ਹੋਰ ਟੋਟਕਾ ਵੀ ਸੁਣਾਇਆ:

ਦਈਏ ਮੱਤ ਜੇ ਮੂਰਖਾਂ ਮਿੱਤਰਾਂ ਨੂੰ

ਅੱਗੋਂ ਛੇੜ ਬਹਿੰਦੇ ਉਲ਼ਟੇ ਰੱਟਿਆਂ ਨੂੰ।

ਨਾ ਤਾਂ ਕਿਸੇ ਉਸਤਾਦ ਦੀ ਮਾਰ ਖਾਧੀ

ਅਕਲ ਦਏ ਕੀ ਡੂੰਨ ਵੱਟਿਆਂ ਨੂੰ।

ਕਰਮ ਕਾਂਡ ਵਿਚ ਉਲ਼ਝਦੇ ਰਹਿਣ ਜੇਹੜੇ

ਮਰ ਜਾਣਗੇ ਪੂਜਦੇ ਵੱਟਿਆਂ ਨੂੰ।

ਕਵੀ ਸਿੰਘਾ ਨਾ ਕਿਸੇ ਨੇ ਦੁਧ ਚੋਇਆ

ਘਰ ਪਾਲ਼ ਕੇ ਕੱਲੇ ਹੀ ਕੱਟਿਆਂ ਨੂੰ।

ਉਹਨਾਂ ਪਾਸੋਂ, ਆਮ ਤੌਰ ਤੇ ਕੀਰਤਨ ਦੀ ਸਮਾਪਤੀ ਸਮੇ ਪੜ੍ਹਿਆ ਜਾਣ ਵਾਲ਼ਾ ਸਲੋਕ "ਪਵਣੁ ਗੁਰੂ ਪਾਣੀ ਪਿਤਾ ....." ਵੀ ਮੈਂ ਵਾਜੇ ਨਾਲ਼, ਸੁਰ ਤਾਲ ਵਿਚ ਗਾਉਣਾ ਸਿਖਿਆ ਜੋ ਕਿ ਹੁਣ ਭੁੱਲ ਗਿਆ ਹੈ।

ਗੁਰਦੁਆਰਾ ਸਾਹਿਬ ਦੇ ਵੇਹੜੇ ਵਿਚ ਇਕ ਅੰਬ ਦਾ ਦਰੱਖ਼ਤ ਸੀ ਤੇ ਉਸ ਦੇ ਅੰਬ ਵੀ ਸਪੈਸ਼ਲ ਕਿਸਮ ਦੇ ਅਤੇ ਅਤੀ ਮਿੱਠੇ ਸਨ; ਉਹ ਵੀ ਉਹਨਾਂ ਨੇ ਤੋੜ ਕੇ ਮੇਰੇ ਲਈ ਸਾਂਭ ਛੱਡਣੇ ਅਤੇ ਵਾਪਸ ਮੁੜਨ ਸਮੇ ਮੈਨੂੰ ਦੇਣੇ। ਇਕ ਹਫ਼ਤਾ ਅਸੀਂ ਬੜੇ ਖ਼ੁਸ਼ਗਵਾਰ ਮਾਹੌਲ ਵਿਚ ਗੁਜ਼ਾਰਿਆ। ਗੱਲ ਕੀ, ਅਸੀਂ ਯਾਰ ਬਣ ਗਏ ਕਿ!

ਗੁਰਦੁਆਰੇ ਦੇ ਪਿਛਵਾੜੇ ਬੁੱਚੜਖਾਨਾ ਵੀ ਸੀ ਜਿਥੋਂ ਕਦੀ ਕਦਾਈਂ ਕੋਈ ਹੱਡੀ ਵਗੈਰਾ ਵੀ ਗੁਰਦੁਆਰੇ ਵਿਚ ਪੰਛੀਆਂ ਦੀ 'ਕਿਰਪਾ' ਨਾਲ਼ ਆ ਡਿੱਗਦੀ ਸੀ; ਵਾਸ਼ਨਾ ਤਾਂ ਹਰ ਸਮੇ ਹਵਾ ਹੀ ਲੈ ਆਉਂਦੀ ਸੀ।

ਸਾਰਾ ਹਫ਼ਤਾ ਮੈਂ ਏਧਰ ਓਧਰ ਦੀ 'ਗਰਦੌਰੀ' ਕਰਦਾ ਰਿਹਾ ਤੇ ਅਖੀਰ ਐਤਵਾਰ ਆ ਗਿਆ ਪਰ ਕਮਰੇ ਵਿਚ ਰਹਿਣ ਵਾਲ਼ੇ ਟੀਚਰ ਜੀ ਨਾ ਆਏ। ਐਤਵਾਰ ਦਾ ਦੀਵਾਨ ਸਜ ਗਿਆ। ਮੈਂ, ਗ੍ਰੰਥੀ ਜੀ ਦੁਆਰਾ ਕੀਤੇ ਗਏ ਸੁਰੀਲੇ ਆਸਾ ਦੀ ਵਾਰ ਦੇ ਕੀਰਤਨ ਦੀ ਸਮਾਪਤੀ ਪਿੱਛੋਂ, ਉਠ ਕੇ ਕਮਰੇ ਵਿਚ ਆਇਆ ਤਾਂ ਮੇਰੇ ਮੰਜੇ ਉਪਰ ਸ. ਗੁਰਚਰਨ ਸਿੰਘ ਸੱਗੂ ਜੀ ਲੇਟੇ ਹੋਏ ਸਨ। ਮੈਂ ਪੁੱਛਿਆ ਕਿ ਉਹ ਦੀਵਾਨ ਵਿਚ ਕਿਉਂ ਨਹੀਂ ਆਏ ਤਾਂ ਉਹਨਾਂ ਨੇ ਮਾਯੂਸੀ ਭਰੀ ਸੁਰ ਵਿਚ ਜਵਾਬ ਦਿਤਾ ਕਿ ਉਹਨਾਂ ਨੂੰ ਪ੍ਰਬੰਧਕਾਂ ਨੇ ਆਖ ਦਿਤਾ ਹੈ ਕਿ ਉਹਨਾਂ ਨੂੰ ਅੱਜ ਕੀਰਤਨ ਕਰਨ ਲਈ ਸਮਾ ਨਹੀਂ ਮਿਲ਼ੇਗਾ ਕਿਉਂਕਿ ਪ੍ਰਧਾਨ ਜੀ ਦੇ ਭਾਸ਼ਨ ਤੋਂ ਬਾਅਦ ਆਸਟ੍ਰੇਲੀਆ ਵਾਲ਼ੇ ਗਿਆਨੀ ਜੀ ਨੇ ਪੰਦਰਾਂ ਮਿੰਟ ਬੋਲਣਾ ਹੈ। ਮੈਂ ਉਹਨਾਂ ਨੂੰ ਆਖਿਆ ਕਿ ਉਹ ਦੀਵਾਨ ਵਿਚ ਆ ਕੇ ਬੈਠਣ; ਮੇਰੇ ਵਾਲ਼ੇ ਪੰਦਰਾਂ ਮਿੰਟ ਉਹ ਕੀਰਤਨ ਕਰਨ ਤੇ ਮੈਂ ਜੇਹੜਾ ਸੰਦੇਸ਼ ਦੇਣਾ ਹੈ ਉਹ ਕੜਾਹ ਪ੍ਰਸ਼ਾਦ ਵਰਤਦੇ ਸਮੇ ਹੀ ਸੰਗਤ ਨੂੰ ਸੁਣਾ ਦੇਵਾਂਗਾ। ਮੇਰੀ ਗੱਲ ਸੁਣ ਕੇ ਉਹ ਕੁਝ ਖ਼ੁਸ਼ ਤਾਂ ਹੋਏ ਪਰ ਲਗਦਾ ਸੀ ਕਿ ਅਜੇ ਉਹਨਾਂ ਨੂੰ ਇਸ ਗੱਲ ਦਾ ਯਕੀਨ ਜਿਹਾ ਨਹੀਂ ਸੀ ਆ ਰਿਹਾ ਕਿ ਇਉਂ ਹੋ ਜਾਵੇਗਾ; ਅਰਥਾਤ ਪ੍ਰਬੰਧਕ ਉਹਨਾਂ ਨੂੰ ਕੀਰਤਨ ਕਰਨ ਲਈ ਸਮਾ ਸੱਚੀਂ ਮੁੱਚੀਂ ਹੀ ਦੇ ਦੇਣਗੇ। ਉਹ ਦੀਵਾਨ ਵਿਚ ਆ ਗਏ। ਮੇਰੇ ਵੱਲੋਂ ਪ੍ਰਬੰਧਕਾਂ ਨੂੰ ਬੇਨਤੀ ਕਰਨ ਤੇ, ਉਹਨਾਂ ਨੇ ਇਉਂ ਕਰਨਾ ਮੰਨ ਲਿਆ। ਗ੍ਰੰਥੀ ਜੀ ਦੇ ਕੀਰਤਨ ਉਪ੍ਰੰਤ ਪ੍ਰਧਾਨ ਜੀ ਨੇ ਆਪਣਾ ਤਿਆਰ ਕੀਤਾ ਲੰਮਾ ਭਾਸ਼ਨ ਪੜ੍ਹਿਆ। ਸੱਗੂ ਜੀ ਨੇ ਕੀਰਤਨ ਕੀਤਾ ਅਤੇ ਅਰਦਾਸ ਹੋ ਕੇ ਮੁੱਖ ਵਾਕ ਲੈ ਲਿਆ ਗਿਆ। ਪ੍ਰਸ਼ਾਦ ਵਰਤਣਾ ਸ਼ੁਰੂ ਹੋ ਗਿਆ ਤਾਂ ਮੈਂ ਉਠ ਕੇ ਸੰਗਤਾਂ ਨੂੰ ਸਿਡਨੀ ਵਿਚ ਗੁਰਦੁਆਰਾ ਸਾਹਿਬ ਦੀ ਬਣ ਰਹੀ ਨਵੀਂ ਅਤੇ ਵਿਸ਼ਾਲ ਬਿਲਡਿੰਗ ਬਾਰੇ ਜਾਣਕਾਰੀ ਦੇਣ ਦੇ ਨਾਲ਼ ਨਾਲ਼, ਸਤੰਬਰ ੨੦੦੦ ਵਿਚ ਹੋ ਰਹੀਆਂ ਓਲੰਪਕ ਖੇਡਾਂ ਸਮੇ, ਸਿਡਨੀ ਆਉਣ ਦਾ ਸੱਦਾ ਦਿਤਾ ਅਤੇ ਦੱਸਿਆ ਕਿ ਆਈਆਂ ਸੰਗਤਾਂ ਵਾਸਤੇ, ਗੁਰਦੁਆਰਾ ਸਾਹਿਬ ਵਿਖੇ ਲੰਗਰ ਅਤੇ ਰਿਹਾਇਸ਼ ਦਾ ਪ੍ਰਬੰਧ ਕੀਤਾ ਜਾਵੇਗਾ ਅਤੇ ਕੁਝ ਹੋਰ ਸਹੂਲਤਾਂ ਦਾ ਵੀ ਜ਼ਿਕਰ ਕੀਤਾ। ਨਾਲ਼ੇ ਇਹ ਵੀ ਆਖਿਆ ਕਿ ਜੇ ਕੋਈ ਸੱਜਣ ਇਸ ਸੇਵਾ ਵਿਚ ਹਿੱਸਾ ਪਾਉਣਾ ਚਾਹੇ ਤਾਂ ਪਾ ਸਕਦਾ ਹੈ।

ਮੇਰੇ ਕਮਰੇ ਵਿਚ ਆ ਕੇ ਬਹੁਤ ਸਾਰੇ ਪ੍ਰੇਮੀਆਂ ਨੇ ਇੱਛਾ ਅਨੁਸਾਰ ਮਾਇਆ ਦਿਤੀ ਜਿਨ੍ਹਾਂ ਦੀ ਮੈਂ ਨਾਲ਼ੋ ਨਾਲ਼ ਰਸੀਦ ਕੱਟ ਕੇ ਉਹਨਾਂ ਨੂੰ ਦਈ ਗਿਆ। ਇਹ ਰਸੀਦ ਬੁੱਕ ਮੈਨੂੰ ਗੁਰਦੁਆਰਾ ਕਮੇਟੀ ਨੇ ਸਿਡਨੀ ਤੋਂ ਤੁਰਨ ਸਮੇ ਦੇ ਦਿਤੀ ਸੀ। ਓਥੋਂ ਅਤੇ ਹੋਰ ਮੁਲਕਾਂ ਵਿਚੋਂ ਇਕੱਠੀ ਕੀਤੀ ਸਾਰੀ ਮਾਇਆ ਲਿਆ ਕੇ ਮੈਂ ਗੁਰਦੁਆਰਾ ਸਾਹਿਬ ਦੇ ਖ਼ਜ਼ਾਨੇ ਵਿਚ ਜਮ੍ਹਾ ਕਰਵਾ ਦਿਤੀ।

ਵਿਚਾਰ ਆਇਆ ਕਿ ਗੁਰਦੁਆਰਾ ਸਾਹਿਬ ਦੇ ਪ੍ਰਧਾਨ ਜੀ ਏਨੇ ਸਿਆਣੇ ਤੇ ਪੜ੍ਹੇ ਲਿਖੇ ਸੱਜਣ ਸਨ। ਇਕ ਬੰਦਾ ਸਮੁੰਦਰ ਪਾਰ ਤੋਂ ਉਚੇਚਾ ਸੰਗਤਾਂ ਨਾਲ਼ ਬਚਨ ਕਰਨ ਵਾਸਤੇ ਆਇਆ ਹੈ। ਪ੍ਰਧਾਨ ਜੀ ਨੇ ਤਾਂ ਓਥੇ ਹੀ ਰਹਿਣਾ ਸੀ ਤੇ ਨਾਲ਼ੇ ਸੰਸਥਾ ਦਾ ਪ੍ਰਧਾਨ ਹੋਣ ਦੇ

ਨਾਤੇ ਉਹਨਾਂ ਦੀ ਪੁਜ਼ੀਸ਼ਨ ਘਰ ਦੇ ਮੁਖੀ ਵਾਂਙ ਸੀ, ਤੇ ਮੇਰੀ ਬਾਹਰੋਂ ਆਉਣ ਕਰਕੇ, ਘਰ ਆਏ ਪਰਦੇਸੀ ਸਮਾਨ ਸੀ। ਉਹ ਸਮਝਦਾਰੀ ਕਰਦੇ ਤਾਂ ਆਪਣਾ ਭਾਸ਼ਨ ਅਗਲੇ ਐਤਵਾਰ ਤੱਕ ਰੋਕ ਸਕਦੇ ਸੀ ਤੇ ਮੇਰੇ ਵਾਸਤੇ ਏਨਾ ਸਮਾ ਛੱਡ ਦਿੰਦੇ ਕਿ ਮੈਂ ਪੂਰੀ ਤਰ੍ਹਾਂ ਸੰਗਤਾਂ ਤੱਕ ਆਪਣਾ ਸੰਦੇਸ਼ ਪੁੱਜਦਾ ਕਰ ਸਕਦਾ। ਪ੍ਰਧਾਨ ਜੀ ਦੇ ਸੰਗਤ ਨੂੰ ਇਹ ਸ਼ਬਦ ਆਖਣ ਨਾਲ਼ ਕਿ ਗਿਆਨੀ ਜੀ ਦੂਰੋਂ ਆਏ ਹਨ ਤੇ ਅੱਜ ਅਸੀਂ ਇਹਨਾਂ ਦੇ ਵਿਚਾਰ ਸੁਣ ਲਈਏ ਤੇ ਮੈਂ ਅਗਲੇ ਐਤਵਾਰ ਆਪਣਾ ਭਾਸ਼ਨ ਕਰ ਲਵਾਂਗਾ। ਇਉਂ ਸਗੋਂ ਉਹਨਾਂ ਦੇ ਸਤਿਕਾਰ ਵਿਚ ਵਾਧਾ ਹੀ ਹੋਣਾ ਸੀ। ਪ੍ਰਧਾਨ ਜੀ ਦੇ ਅਜਿਹੇ ਵਰਤਾ ਤੋਂ ਮੈਨੂੰ ਯੂਨੀਵਰਸਿਟੀ ਦੇ ਇਕ ਸਾਬਕਾ ਪ੍ਰੋਫ਼ੈਸਰ ਜੀ ਦੇ ਬਚਨ ਯਾਦ ਆ ਗਏ। ਉਹ ਪ੍ਰੋਫ਼ੈਸਰ ਸਾਹਿਬ ਕਦੀ ਕਦੀ ਗੁਰਦੁਆਰੇ ਦੇ ਪ੍ਰਬੰਧਕਾਂ ਪਾਸੋਂ ਲੈਕਚਰ ਕਰਨ ਵਾਸਤੇ ਸਮਾ ਲੈ ਕੇ, ਹਫ਼ਤਿਆਂ ਤੱਕ ਬਹੁਤ ਖੋਜ ਅਤੇ ਏਧਰੋਂ ਓਧਰੋਂ ਪੁੱਛ ਪੜਤਾਲ ਕਰਕੇ, ਅੱਧੇ ਘੰਟੇ ਦਾ ਵਿਦਵਤਾ ਭਰਪੂਰ ਲੈਕਚਰ ਤਿਆਰ ਕਰਕੇ, ਦੀਵਾਨ ਵਿਚ ਆਉਂਦੇ ਸਨ ਤਾਂ ਕੀਰਤਨ ਦੀ ਸਮਾਪਤੀ ਉਪ੍ਰੰਤ ਸਟੇਜ ਸਕੱਤਰ ਨੇ, "ਹੁਣ ਦਸ ਮਿੰਟ ਵਾਸਤੇ ਡਾਕਟਰ ਸਾਹਿਬ ਜੀ ਆਪਣੇ ਵਿਚਾਰ ਦੱਸਣਗੇ।" ਆਖ ਦੇਣਾ। ਪ੍ਰੋਫ਼ੈਸਰ ਸਾਹਿਬ ਨੂੰ ਪਤਾ ਨਾ ਲੱਗਣਾ ਕਿ ਉਹ ਆਪਣੇ ਲਿਖਤੀ ਭਾਸ਼ਨ ਵਿਚੋਂ ਕੀ ਛੱਡਣ ਤੇ ਕੀ ਰੱਖਣ ਜਿਸ ਨਾਲ਼ ਉਹਨਾਂ ਦੀ ਮੇਹਨਤ ਨਾਲ਼ ਕੀਤੀ ਗਈ ਖੋਜ ਸੰਗਤਾਂ ਨਾਲ਼ ਸਾਂਝੀ ਕੀਤੀ ਜਾ ਸਕੇ। ਇਸ ਹਫ਼ੜਾ ਦਫ਼ੜੀ ਵਿਚ ਉਹਨਾਂ ਦਾ ਭਾਸ਼ਨ ਪ੍ਰਭਾਵਸ਼ਾਲੀ ਨਾ ਹੋ ਸਕਣਾ।

ਇਕ ਦਿਨ, ਖ਼ੁਦ ਨੂੰ ਬਹੁਤ ਸਿਆਣਾ ਸਮਝਣ ਦੀ ਗ਼ਲਤੀ ਕਰਦਿਆਂ ਹੋਇਆਂ ਮੈਂ ਆਪਣੇ ਵੱਲੋਂ, ਬਿਨਾ ਉਹਨਾਂ ਦੇ ਪੁੱਛਿਆਂ ਹੀ, ਉਹਨਾਂ ਨੂੰ ਇਸ ਸੰਕਟ ਦਾ ਸਮਾਧਾਨ ਦੱਸਣ ਲੱਗ ਪਿਆ। ਮੈਂ ਬੜੇ ਪ੍ਰੇਮ ਨਾਲ਼ ਇਕਾਂਤ ਸਮੇ ਉਹਨਾਂ ਨੂੰ ਆਖਿਆ, "ਡਾਕਟਰ ਸਾਹਿਬ ਜੀ, ਤੁਹਾਡਾ ਭਾਸ਼ਨ ਬਹੁਤ ਮੇਹਨਤ ਕਰਕੇ ਤਿਆਰ ਕੀਤਾ ਹੁੰਦਾ ਹੈ ਤੇ ਹੁੰਦਾ ਵੀ ਵਿਦਵਤਾ ਭਰਪੂਰ ਹੈ। ਸਕੱਤਰ ਸਾਹਿਬ ਤੁਹਾਡੀ ਇਸ ਮੇਹਨਤ ਤੋਂ ਅਣਜਾਣ ਹਨ। ਜਦੋਂ ਉਹ ਤੁਹਾਡਾ ਸਮਾ ਦਸ ਮਿੰਟ ਅਨਾਊਂਸ ਕਰਦੇ ਹੁੰਦੇ ਹਨ ਤਾਂ ਤੁਸੀਂ ਉਸ ਦਿਨ ਆਪਣਾ ਲੈਕਚਰ ਨਾ ਦਿਆ ਕਰੋ। ਇਹ ਆਖੋ ਕਿ ਮੇਰਾ ਲੈਕਚਰ ਤੀਹ ਮਿੰਟ ਦਾ ਹੈ ਤੇ ਮੈਂ ਇਸ ਨੂੰ ਦਸ ਮਿੰਟਾਂ ਵਿਚ ਨਹੀਂ ਪੂਰਾ ਪੜ੍ਹ ਸਕਦਾ। ਇਸ ਲਈ ਜੇ ਅੱਜ ਤੀਹ ਮਿੰਟ ਦਾ ਸਮਾ ਨਹੀਂ ਹੈ ਤਾਂ ਮੈਂ ਉਸ ਦਿਨ ਆਪਣਾ ਭਾਸ਼ਨ ਪੜ੍ਹ ਲਵਾਂਗਾ ਜਿਸ ਦਿਨ ਤੀਹ ਮਿੰਟ ਦਾ ਸਮਾ ਹੋਵੇਗਾ। ਸਕੱਤਰ ਸਾਹਿਬ ਨੂੰ ਮੇਰੀ ਬੇਨਤੀ ਹੈ ਕਿ ਅਗਲੇ ਦੀਵਾਨ ਵਿਚ ਮੇਰੇ ਵਾਸਤੇ ਤੀਹ ਮਿੰਟ ਦਾ ਸਮਾ ਰੱਖਿਆ ਜਾਵੇ। ਉਸ ਦਿਨ ਮੈਂ ਆਪਣਾ ਲੈਕਚਰ ਸੁਣਾ ਦਿਆਂਗਾ।" ਮੇਰਾ ਇਹ ਸੁਝਾ ਸੁਣ ਕੇ ਉਹ ਇਕ ਦਮ ਬੋਲੇ, "ਫਿਰ ਮੇਰਾ ਤਿਆਰ ਕੀਤਾ ਹੋਇਆ ਲੈਕਚਰ ਮੇਰਾ ਤਾਲ਼ੂ ਪਾੜ ਕੇ ਨਾ ਨਿਕਲ਼ ਜਾਊ?"

ਸ਼ਾਇਦ ਏਥੇ ਪ੍ਰਧਾਨ ਜੀ ਵੀ ਅਜਿਹਾ ਹੀ ਮਹਿਸੂਸ ਕਰਦੇ ਹੋਣ ਕਿ ਉਹ ਜੋ ਆਪਣਾ ਲੈਕਚਰ ਤਿਅਰ ਕਰਕੇ ਲਿਆਏ ਸਨ ਉਹ ਅਗਲੇ ਦੀਵਾਨ ਤੱਕ ਉਡੀਕ ਨਹੀਂ ਕਰ ਸਕਦਾ।

ਗੱਲ ਸ. ਗੁਰਚਰਨ ਸਿੰਘ ਸੱਗੂ ਜੀ ਬਾਰੇ ਵੀ ਥੋਹੜੀ ਜਿਹੀ ਕਰ ਲਈਏ। ਇਹਨਾਂ ਦੇ ਦਰਸ਼ਨ ਮੈਨੂੰ ਸੱਠਵਿਆਂ ਵਾਲ਼ੇ ਦਹਾਕੇ ਦੌਰਾਨ, ਪਟਿਆਲੇ ਵਿਖੇ ਹੋਏ ਸਨ। ਉਹਨੀਂ ਦਿਨੀਂ ਇਹ ਜਲੰਧਰ ਰੇਡੀਉ ਤੋਂ, ਭਾਈ ਬਖ਼ਸ਼ੀਸ਼ ਸਿੰਘ ਜੀ ਨਾਲ਼ ਕੀਰਤਨ ਵਿਚ ਸਾਥ ਦਿਆ ਕਰਦੇ ਸਨ ਤੇ ਏਸੇ ਸਿਲਸਿਲੇ ਵਿਚ ਉਹਨਾਂ ਨੂੰ ਪਟਿਆਲੇ ਮਿਲਣ ਵਾਸਤੇ ਆਏ ਸਨ। ਮੈਂ ਉਹਨੀਂ ਦਿਨੀਂ ਕਿਸੇ ਗਿਣਤੀ ਵਿਚ ਨਾ ਹੋਣ ਕਰਕੇ, ਇਹਨਾਂ ਨਾਲ਼ ਸ਼ਬਦੀ ਸਾਂਝ ਤਾਂ ਨਾ ਪਾ ਸਕਿਆ ਪਰ ਭਾਈ ਬਖ਼ਸ਼ੀਸ਼ ਸਿੰਘ ਜੀ ਦੇ ਨਾਲ਼ ਇਹਨਾਂ ਦੇ ਦਰਸ਼ਨ ਜ਼ਰੂਰ ਕਰ ਲਏ। ਮੈਂ ਵੀ ਉਹਨੀਂ ਦਿਨੀਂ ਭਾਈ ਬਖ਼ਸ਼ੀਸ਼ ਸਿੰਘ ਜੀ ਦੇ ਜਥੇ ਵਿਚ, ਗੁਰਦੁਆਰਾ ਸ੍ਰੀ ਦੂਖ ਨਿਵਾਰਨ ਸਾਹਿਬ ਵਿਖੇ ਕੀਰਤਨ ਦੀ ਸੇਵਾ ਕਰਦਾ ਸਾਂ। ਫਿਰ ਆਪਣੇ ਮਲਾਵੀ ਕਿਆਮ ਦੌਰਾਨ ਮੈਂ ਜੂਨ ੧੯੭੪ ਵਿਚ, ਇਕ ਦਿਨ ਇਕ ਸੁਹਿਰਦ ਅਫ਼ਰੀਕਨ ਟਰੱਕ ਡਰਾਈਵਰ ਨਾਲ, ਉਸ ਦੇ ਟਰੱਕ ਵਿਚ ਬੈਠ ਕੇ, ਗਵਾਂਢੀ ਮੁਲਕ ਜ਼ੈਂਬੀਆ ਦੀ ਰਾਜਧਾਨੀ ਲੁਸਾਕਾ ਚਲਿਆ ਗਿਆ। ਉਹਨੀਂ ਦਿਨੀਂ ਸੱਗੂ ਸਾਹਿਬ ਓਥੇ ਇਕ ਸਕੂਲ ਵਿਚ ਟੈਕਨੀਕਲ ਡਰਾਇੰਗ ਦੇ ਟੀਚਰ ਸਨ। ਮੇਰੇ ਨਾਲ਼ ਇਹਨਾਂ ਨੇ ਬਹੁਤ ਚੰਗਾ ਵਰਤਾ ਕੀਤਾ। ਮੇਰੇ ਓਥੇ ਜਾਣ ਦੇ ਮਾਣ ਵਜੋਂ, ਹਰੇਕ ਰਾਤ ਦਾ ਪ੍ਰਸ਼ਾਦਾ ਕਿਸੇ ਨਾ ਕਿਸੇ ਸੱਜਣ ਦੇ ਘਰ ਵਿਚ ਹੁੰਦਾ ਸੀ ਜਿਥੇ ਹੋਰ ਵੀ ਪਰਵਾਰ ਬੁਲਾਏ ਗਏ ਹੁੰਦੇ ਸਨ। ਇਕ ਰਾਤ ਆਪਣੇ ਘਰ ਰਾਤ ਦੇ ਪ੍ਰਸ਼ਾਦੇ ਉਪਰ ਵੀ ਸੱਦਿਆ ਜਿਥੇ ਹੋਰ ਵੀ ਮੁਖੀ ਪਰਵਾਰ ਸੱਦੇ ਹੋਏ ਸਨ। ਓਥੇ ਇਕ ਦਿਲਚਸਪ ਗੱਲ ਹੋਈ। ਇਹਨਾਂ ਦੀ ਪਤਨੀ ਨੇ ਮੈਨੂੰ ਪੁੱਛਿਆ, "ਭਰਾ ਜੀ, ਮਲਾਵੀ ਵਿਚ ਸੋਨਾ ਕੀ ਭਾ ਏ?" ਮੇਰੇ ਬੋਲਣ ਤੋਂ ਪਹਿਲਾਂ ਹੀ ਸੱਗੂ ਸਾਹਿਬ ਬੋਲ ਪਏ, "ਜੇ ਓਥੇ ਸੋਨਾ ਸਸਤਾ ਹੁੰਦਾ ਤਾਂ ਇਹਨਾਂ ਦੇ ਨਾ ਕੁਝ ਪਾਇਆ ਹੋਇਆ ਹੁੰਦਾ!" ਛੋਟਾ ਜਿਹਾ ਹਾਸੇ ਦਾ ਦੌਰ ਹੋਇਆ। ਸੱਗੂ ਜੀ ਦੇ ਇਸ ਜਵਾਬ ਤੋਂ ਬਾਅਦ ਮੇਰੇ ਬੋਲਣ ਦੀ ਗੁੰਜਾਇਸ਼ ਈ ਨਾ ਰਹੀ। ਮੇਰੇ ਗੁੱਟ ਵਿਚ ਸਿਵਾਏ ਇਕ ਲੋਹੇ ਦੇ ਕੜੇ ਤੋਂ ਹੋਰ ਕੁਝ ਨਹੀਂ ਹੁੰਦਾ। ਇਹ ਕੜਾ ਵੀ ਸ਼ਾਇਦ ਇਸ ਕਰਕੇ ਹੀ ਮੈਂ ਪਾਉਂਦਾ ਹਾਂ ਕਿ ਸਿੱਖ ਹੋਣ ਕਰਕੇ ਇਹ ਲਾਜ਼ਮੀ ਕਕਾਰ ਹੈ; ਨਹੀਂ ਤਾਂ ਸ਼ਾਇਦ ਇਹ ਵੀ ਨਾ ਪਾਉਂਦਾ!

ਮੇਰੀ ਇਸ ਜਨਵਰੀ ੧੯੯੭ ਵਾਲ਼ੀ ਯਾਤਰਾ ਸਮੇ ਵੀ, ਇਹ ਗੈਬਰੋਨ ਵਿਚਲੇ ਸਰਕਾਰੀ ਸਕੂਲ ਵਿਚ ਟੈਕਨੀਕਲ ਡਰਾਇੰਗ ਦੇ ਟੀਚਰ ਸਨ। ਕੀਰਤਨ ਏਨਾ ਸੁੰਦਰ ਕਰਦੇ ਸਨ ਕਿ ਸੁਣਨ ਦੇ ਲਾਇਕ ਹੁੰਦਾ ਸੀ। ਬਜ਼ੁਰਗ ਵੀ ਹੋ ਗਏ ਸਨ ਤੇ ਕੀਰਤਨ ਸੰਗਤ ਨੂੰ ਸੁਣਾਉਣ ਦੀ ਆਦਤ ਵੀ ਪੱਕ ਚੁੱਕੀ ਹੋਣ ਕਰਕੇ, ਹਰੇਕ ਦੀਵਾਨ ਵਿਚ ਕੀਰਤਨ ਕਰਨਾ ਚਾਹੁੰਦੇ ਸਨ। ਇਹ ਮੁਖੀ ਕਾਰਨ ਸੀ ਕਿ ਪ੍ਰਬੰਧਕ ਅਤੇ ਗ੍ਰੰਥੀ ਸਿੰਘ ਇਹਨਾਂ ਨੂੰ, ਲੱਗਦੀ ਵਾਹ ਕਿਸੇ ਨਾ ਕਿਸੇ ਬਹਾਨੇ, ਗੁਰਦੁਆਰਾ ਸਾਹਿਬ ਦੀ ਸਟੇਜ ਤੋਂ ਦੂਰ ਹੀ ਰੱਖਣਾ ਚਾਹੁੰਦੇ ਸਨ।

ਅਜਿਹੇ ਪ੍ਰਚਾਰਕਾਂ, ਕਥਾਕਾਰਾਂ, ਕੀਰਤਨੀਆਂ ਆਦਿ ਦੇ ਸਬੰਧ ਗ੍ਰੰਥੀਆਂ ਤੇ ਪ੍ਰਬੰਧਕਾਂ ਨਾਲ਼ ਆਮ ਤੌਰ ਤੇ ਸੁਖਾਵੇਂ ਨਹੀਂ ਹੁੰਦੇ। ਇਸ ਦੇ ਕਈ ਕਾਰਨ ਹਨ ਜਿਨ੍ਹਾਂ ਬਾਰੇ ਏਥੇ ਚਰਚਾ ਕਰਨ ਨਾਲ਼ ਲੇਖ ਲੰਮਾ ਹੋ ਜਾਵੇਗਾ। ਲੇਖ ਬਧਨ ਤੇ ਅਧਿਕ ਡਰਾਊਂ।

ਇਸ ਵਾਕਿਆ ਤੋਂ ਇਸ ਗੱਲ ਦੀ ਵੀ ਪੁਸ਼ਟੀ ਹੋਈ। ਰੱਬ ਵੱਲੋਂ ਸਾਨੂੰ ਬਖ਼ਸ਼ਿਆ ਪੋਤਰਾ ਜੋਸ਼ ਸਿੰਘ, ਨਿੱਕਾ ਹੁੰਦਾ ਕੀਰਤਨ ਸੁਣ ਕੇ ਬੜਾ ਪ੍ਰਸੰਨ ਹੁੰਦਾ ਸੀ। ਟੀਵੀ ਲੱਗਾ ਹੋਣਾ ਤਾਂ ਉਸ ਨੇ ਆਖਣਾ, "ਬਾਬਾ ਜੀ ਲਾਓ।" ਅਰਥਾਤ ਕੀਰਤਨ ਦੀ ਟੇਪ ਲਾਓ। ਉਸ ਨੇ ਉਠ ਕੇ ਟੀਵੀ ਬੰਦ ਕਰ ਦੇਣਾ। ਫਿਰ ਕਦੀ ਕਦੀ ਆਖਣਾ, "ਗੁਰਦੁਆਰੇ ਜਾਣਾ, ਪ੍ਰਸ਼ਾਦ ਖਾਣਾ।" ਆਦਿ ਧਾਰਮਿਕ ਪ੍ਰਵਿਰਤੀ ਵਾਲ਼ੀਆਂ ਗੱਲਾਂ ਕਰਨੀਆਂ। ਉਸ ਦੇ ਜਨਮ ਦੀ ਕਿਰਿਆ ਦੌਰਾਨ ਮੇਰੀ ਨੋਂਹ ਅਰਥਾਤ ਉਸ ਦੀ ਮਾਂ ਵੀ ਕੀਰਤਨ ਸੁਣਿਆ ਕਰਦੀ ਸੀ। ਫਿਰ ਉਹਨੀਂ ਦਿਨੀਂ ਉਸ ਨੇ ਵੀ ਕੜਾਹ ਅਤੇ ਦਹੀਂ ਖਾਣ ਦੀ ਰੁਚੀ ਪ੍ਰਗਟਾਉਣੀ। ਇਸ ਪ੍ਰਕਾਰ ਦੀਆਂ ਰੁਚੀਆਂ ਹੀ ਪੋਤਰੇ ਵਿਚ ਪਰਗਟ ਹੋ ਗਈਆਂ ਸਨ। ਇਸ ਤੋਂ ਮਹਾਂਭਾਰਤ ਦੇ ਅਭਿਮੰਨੂ ਵਾਲ਼ੀ ਕਥਾ ਮੈਨੂੰ ਵੀ ਸੱਚੀ ਹੀ ਲੱਗਣ ਲੱਗ ਪਈ। ਉਸ ਨੇ ਚੱਕਰਵਿਊ ਵਿਚ ਵੜਨਾ ਤਾਂ ਜਾਣ ਲਿਆ ਪਰ ਉਸ ਦੀ ਮਾਤਾ ਦੇ ਸੌਂ ਜਾਣ ਕਰਕੇ, ਉਸ ਵਿਚੋਂ ਨਿਕਲ਼ ਸਕਣ ਦੀ ਜਾਚ ਨਾ ਸਿੱਖ ਸਕਿਆ। ਹੋ ਸਕਦਾ ਹੈ ਪੇਟ ਵਿਚਲੇ ਬੱਚੇ ਅੰਦਰ ਉਸ ਦੀ ਮਾਤਾ ਵਾਲੀ ਰੁਚੀ ਅਤੇ ਗਿਆਨ ਪ੍ਰਵੇਸ਼ ਕਰ ਜਾਂਦਾ ਹੋਵੇ! ਇਹ ਕੁਝ ਵਾਪਰਦਾ ਮੈਂ ਆਪਣੇ ਪਰਵਾਰ ਵਿਚ ਵੇਖ ਲਿਆ।

ਪੋਤਰੇ ਦੀਆਂ ਅਜਿਹੀਆਂ ਰੁਚੀਆਂ ਵੇਖ ਕੇ ਮੈਂ ਕਦੀ ਕਦਾਈਂ ਪਰਵਾਰ ਵਿਚ ਆਖਣਾ ਕਿ ਜੋਸ਼ ਨੂੰ ਧਾਰਮਿਕ ਅਤੇ ਕੀਰਤਨ ਦੀ ਵਿੱਦਿਆ ਜਰੂਰ ਦਿਵਾਉਣੀ। ਮੇਰੀ ਇਸ ਗੱਲ ਦੀ ਨੋਂਹ ਵੱਲੋਂ ਤਾਂ ਹਾਮੀ ਭਰੀ ਜਾਣੀ ਪਰ ਬਾਕੀ ਜੀਆਂ ਨੇ ਮੇਰੇ ਇਸ ਉਪਦੇਸ਼ ਤੇ ਚੁੱਪ ਰਹਿਣਾ। ਫਿਰ ਨੋਂਹ ਪੁੱਤਰ ਆਪਣੇ ਘਰ ਵਿਚ ਚਲੇ ਗਏ। ਇਕ ਦਿਨ ਉਹਨਾਂ ਦੇ ਘਰ ਬੈਠਿਆਂ ਵੀ ਮੈਂ ਏਹੀ ਉਪਦੇਸ਼ ਦੇਣਾ ਸ਼ੁਰੂ ਕਰ ਲਿਆ। ਕਈ ਕਾਰਨਾਂ ਕਰਕੇ ਮੈਂ ਆਪਣੀਆਂ ਗੱਲਾਂ ਨੂੰ ਮੁੜ ਮੁੜ ਦੂਸਰਿਆਂ ਨੂੰ ਸੁਣਾਉਂਦਾ ਰਹਿੰਦਾ ਹਾਂ। ਇਸ ਦਾ ਵੱਡਾ ਕਾਰਨ ਤਾਂ ਇਹ ਹੈ ਕਿ ਵਡੇਰੀ ਉਮਰ ਕਾਰਨ ਮੈਨੂੰ ਭੁੱਲ ਜਾਂਦਾ ਹੈ ਕਿ ਇਹ ਗੱਲ ਮੈਂ ਪਹਿਲਾਂ ਵੀ ਆਖੀ ਹੋਈ ਹੈ। ਮੇਰੀ ਅਗਲੀ ਪੀਹੜੀ ਮੇਰੀ ਇਸ ਭੈੜੀ ਵਾਦੀ ਤੋਂ ਬਹੁਤ ਦੁਖੀ ਹੈ ਅਤੇ ਮੈਂ ਵੀ ਇਸ ਦੋਸ਼ ਦੀ ਬਹੁਤ ਭਾਰੀ ਸਜਾ ਭੁਗਤ ਚੁੱਕਾ ਹਾਂ ਅਤੇ ਅਜੇ ਵੀ ਇਸ ਸਜਾ ਤੋਂ ਪੂਰੀ ਤਰ੍ਹਾਂ ਉਬਰਿਆ ਨਹੀ; ਭਾਵੇਂ ਕਿ ਸਮਾ ਪਾ ਕੇ ਇਸ ਦੀ ਕਸਕ ਬਹੁਤ ਘੱਟ ਗਈ ਹੈ।

ਮੇਰੇ ਇਸ ਉਪਦੇਸ਼ ਸਮੇ ਨੋਂਹ ਤਾਂ ਅਜੇ ਚੁੱਪ ਹੀ ਸੀ ਪਰ ਪੋਤੇ ਦੀ ਦਾਦੀ ਇਕ ਦਮ ਬੋਲ ਪਈ, "ਅਸੀਂ ਨਹੀਂ ਇਸ ਨੂੰ ਇਹ ਕੁਝ ਸਿਖਾਉਣਾ।" ਮੈਂ ਵਾਹਵਾ ਠਰੰਮੇ ਜਿਹੇ ਨਾਲ਼ ਵਿਆਖਿਆ ਕਰਨੀ ਸ਼ੁਰੂ ਕੀਤੀ ਕਿ ਸਕੂਲ ਅਤੇ ਪ੍ਰੋਫ਼ੈਸਨਲ ਪੜ੍ਹਾਈ ਤਾਂ ਇਸ ਨੇ ਆਪਣੇ ਪਿਓ ਸੰਦੀਪ ਸਿੰਘ ਵਾਂਙ ਕਰਨੀ ਹੀ ਹੈ ਅਤੇ ਉਸ ਪੜ੍ਹਾਈ/ਸਿਖਲਾਈ ਅਨੁਸਾਰ ਉਪਜੀਵਕਾ ਹਿਤ ਕੰਮ ਵੀ ਇਹ ਹੋਰ ਕਰੇਗਾ ਹੀ। ਇਹ ਧਾਰਮਿਕ ਵਿੱਦਿਆ ਤਾਂ ਰੁਚੀ ਅਤੇ ਸਿੱਖ ਹੋਣ ਕਰਕੇ ਗੁਰਬਾਣੀ ਦਾ ਗਿਆਨ, ਸਿੱਖ ਇਤਿਹਾਸ ਦੀ ਜਾਣਕਾਰੀ, ਕੀਰਤਨ ਦੀ ਵਿੱਦਿਆ ਆਦਿ ਤਾਂ ਵੈਸੇ ਸ਼ੌਕ ਤੇ ਸੇਵਾ ਵਜੋਂ ਹੀ ਸਿੱਖਣੇ ਹਨ। ਮੇਰੇ ਲੰਮੇ ਭਾਸ਼ਨ ਤੋਂ ਪਿੱਛੋਂ ਉਸ ਦੀ ਦਾਦੀ ਨੇ ਆਖਿਆ ਕਿ ਜਿਸ ਨੂੰ ਕਥਾ, ਕੀਰਤਨ ਆਦਿ ਕਰਨਾ ਆ ਜਾਵੇ ਉਹ ਫਿਰ ਭਰਵੇਂ ਦੀਵਾਨ ਸਮੇ ਸੰਗਤ ਵਿਚ ਸੁਣਾਉਣਾ ਚਾਹੁੰਦਾ ਹੈ; ਇਸ ਨਾਲ਼ ਜੇਹੜੇ ਪ੍ਰੋਫ਼ੈਸ਼ਨਲ ਗ੍ਰੰਥੀ, ਰਾਗੀ ਤੇ ਗਿਆਨੀ ਸਿੰਘ ਇਸ ਸੇਵਾ ਲਈ ਪੂਰੇ ਸਮੇ ਵਾਸਤੇ ਨਿਯੁਕਤ ਹੁੰਦੇ ਹਨ, ਉਹ ਸਮਝਦੇ ਹਨ ਕਿ ਅਜਿਹੇ 'ਪ੍ਰੇਮੀ ਵਿਦਵਾਨਾਂ' ਦੇ ਕਾਰਨ, ਉਹਨਾਂ ਦਾ ਹੱਕ ਮਾਰਿਆ ਜਾਂਦਾ ਹੈ। ਇਸ ਲਈ ਉਹ ਅਜਿਹੇ 'ਵਿਦਵਾਨਾਂ' ਨਾਲ਼ ਨਫ਼ਰਤ ਕਰਨ ਲੱਗ ਪੈਂਦੇ ਹਨ। ਉਸ ਦੀ ਇਹ ਗੱਲ ਮੇਰੇ ਮੰਨਣ ਵਿਚ ਆ ਗਈ ਤੇ ਫਿਰ ਮੈਂ ਅਜਿਹਾ 'ਉਪਦੇਸ਼' ਦੇਣਾ ਬੰਦ ਕਰ ਦਿਤਾ।

ਏਥੇ ਗੈਬਰੌਨ ਵਿਚ ਇਹ ਕੁਝ ਅਮਲੀ ਤੌਰ ਤੇ ਵਾਪਰਦਾ ਮੈਂ ਪ੍ਰਤੱਖ ਵੇਖ ਲਿਆ। ਲੈਕਚਰ ਕਰਨ ਦੀ ਯੋਗਤਾ ਰੱਖਣ ਵਾਲ਼ੇ ਪ੍ਰਧਾਨ ਜੀ ਅਗਲੇ ਐਤਵਾਰ ਤੱਕ ਆਪਣਾ ਲੈਕਚਰ ਨਹੀਂ ਰੋਕ ਸਕੇ ਅਤੇ ਕੀਰਤਨ ਕਰਨ ਵਾਲ਼ੇ ਸੱਜਣ ਨੂੰ ਜਦੋਂ ਪਤਾ ਲੱਗਾ ਕਿ ਉਸ ਦਿਨ ਉਸ ਨੂੰ ਕੀਰਤਨ ਲਈ ਸਮਾ ਨਹੀਂ ਮਿਲਣਾ ਤਾਂ ਉਹ ਸੰਗਤ ਵਿਚ ਬੈਠਣ ਜੋਗੀ ਹਿੰਮਤ ਵੀ ਛੱਡ ਬੈਠਾ ਤੇ ਕਮਰੇ ਵਿਚ ਆ ਕੇ ਮੰਜੇ ਉਪਰ ਲੰਮਾ ਪੈ ਗਿਆ; ਹਾਲਾਂ ਕਿ ਇਹ ਕੁਝ ਕਰਨ ਨਾਲ਼ ਉਹਨਾਂ ਦੋਹਾਂ ਨੂੰ ਕਿਸੇ ਪ੍ਰਕਾਰ ਵੀ ਮਾਇਅਕ ਲਾਭ ਦੀ ਕੋਈ ਵੀ ਚਾਹਨਾ ਜਾਂ ਆਸ ਨਹੀਂ ਸੀ।

# ਮਹਾਰਾਜ ਜੀ ਦੇ ਅੱਗਿਉਂ ਭਾਨ ਲੈਣਾ

ਵੈਸੇ ਤਾਂ ਜੁਲਾਈ ੧੯੭੫ ਤੋਂ ਲੈ ਕੇ ਯੂਰਪੀ ਮੁਲਕਾਂ ਦੀਆਂ ਹੁਣ ਤੱਕ ਕਈ ਯਾਤਰਾਵਾਂ ਹੋ ਚੁੱਕੀਆਂ ਨੇ ਪਰ ਇਸ ਵਾਰੀ ਦੀ ਯਾਤਰਾ ਦੌਰਾਨ ਕੁਝ ਨਵੇ ਤੇ ਹੈਰਾਨੀ ਭਰੇ ਤਜਰਬੇ ਵੀ ਹੋ ਗਏ।

ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਦੇ ਸਟੇਜ ਸਕੱਤਰ ਸ. ਸੁਖਜੀਤ ਸਿੰਘ ਜੀ ਨੇ ਦੋ ਹਫ਼ਤਿਆਂ ਵਾਸਤੇ ਕਥਾ ਲਈ ਮੇਰਾ ਸਮਾ ਨਿਸਚਤ ਕਰ ਦਿਤਾ ਤੇ ਮੈਂ ਸਮੇ ਸਿਰ ਓਥੇ ਪਹੁੰਚ ਵੀ ਗਿਆ। ਕੁੱਲ ਪੰਜ ਹਫ਼ਤੇ ਵਲੈਤ ਵਿਚ ਰੁਕਿਆ। ਇਕ ਸੱਜਣ ਦੇ ਬੱਚੇ ਦਾ ਵਿਆਹ ਸੀ, ਓਥੇ ਸ਼ਾਮਲ ਹੋਏ ਤੇ ਇਕ ਹਫ਼ਤੇ ਦੌਰਾਨ, ਸ. ਮੋਤਾ ਸਿੰਘ ਜੀ ਦੀ ਅਗਵਾਈ ਹੇਠ, ਪੰਜਾਬੀ ਸੱਥ ਵੱਲੋਂ, ਵਾਲਸਾਲ ਵਿਚ, ਮੇਰੀ ਧਾਰਮਿਕ ਲੇਖਾਂ ਦੀ ਕਿਤਾਬ 'ਸਚੇ ਦਾ ਸਚਾ ਢੋਆ' ਦੀ ਪੰਜਵੀਂ ਐਡੀਸ਼ਨ ਦਾ ਪਾਠਕ ਅਰਪਣ ਸਮਾਰੋਹ ਸੀ, ਜੋ ਕਿ ਵਿਦਵਾਨਾਂ ਦੀ ਹਾਜਰੀ ਵਿਚ, ਸਫ਼ਲਤਾ ਸਹਿਤ ਨੇਪਰੇ ਚੜ੍ਹਿਆ। ਚਾਰ ਪੰਜ ਟੀ.ਵੀ. ਅਤੇ ਰੇਡੀਉ ਉਪਰ ਇੰਟਰਵਿਊਜ਼ ਵੀ ਹੋ ਗਈਆਂ। ਸਭ ਤੋਂ ਮਹਤਵਪੂਰਨ ਇਹ ਗੱਲ ਹੋਈ ਕਿ ੧੯੭੭ ਤੋਂ ਪਿੱਛੋਂ, ਗੁਰਮੁਖ ਪਿਆਰੇ ਭਾਈ ਸਾਹਿਬ ਮਹਿੰਦਰ ਸਿੰਘ ਜੀ, ਮੁਖੀ ਨਿਸ਼ਕਾਮ ਸੇਵਕ ਜਥੇ ਨਾਲ਼ ਖੁਲ੍ਹਾ ਵਿਚਾਰ ਵਟਾਂਦਰਾ ਹੋਇਆ। ਇਹਨਾਂ ਗੁਰਮੁਖ ਪਿਆਰਿਆਂ ਨਾਲ਼, ੧੯੭੪ ਦੇ ਜੂਨ ਮਹੀਨੇ ਤੋਂ, ਜ਼ੈਂਬੀਆ ਦੀ ਰਾਜਧਾਨੀ, ਲੁਸਾਕਾ ਦੇ ਕਿਆਮ ਦੌਰਾਨ ਮੇਲ ਮਿਲਾਪ ਅਤੇ ਸਹਿਚਾਰ ਸੀ ਪਰ ਚਿਰਕਾਲ ਤੋਂ, ਆਪਣੇ ਬਾਰੇ ਲੋੜੀਂਦੇ ਚੜ੍ਹਦੀਕਲਾ ਵਾਲੇ ਵਿਚਾਰ ਨਾ ਹੋਣ ਕਾਰਨ, ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਦਾ ਹੌਸਲਾ ਨਾ ਕਰ ਸਕਿਆ। ਸਿੱਖ ਚੈਨਲ ਉਪਰ ਇੰਟਰਵਿਊ ਦੇਣ ਜਾਣ ਸਮੇ, ਭਾਈ ਸਾਹਿਬ ਜੀ ਦੇ ਦਰਸ਼ਨ ਕਰਨ ਵਾਸਤੇ ਹੌਸਲਾ ਕਰ ਹੀ ਲਿਆ। ਭਾਈ ਸਾਹਿਬ ਜੀ ਨੇ ਬੜੀ ਖੁਲ੍ਹ ਦਿਲੀ ਨਾਲ਼, ਬਹੁਤ ਲੰਮਾ ਸਮਾ ਆਪਣੇ ਮਨੋਹਰ ਬਚਨ ਸੁਣਾਉਣ ਦੇ ਨਾਲ਼ ਨਾਲ਼ ਪੁਰਾਣੀਆਂ ਯਾਦਾਂ ਨੂੰ ਵੀ ਤਾਜ਼ਾ ਕੀਤਾ। ਇਹ ਉਹਨਾਂ ਦੀ ਵਡਿਆਈ ਹੈ।

ਲੰਡਨੋ ਹਵਾਈ ਜਹਾਜ ਰਾਹੀਂ, ਸ. ਯਾਦਵਿੰਦਰ ਸਿੰਘ ਜੀ ਕੋਲ਼, ਪੋਲੈਂਡ ਦੀ ਰਾਜਧਾਨੀ, ਵਾਰਸਾ ਪਹੁੰਚ ਗਿਆ। ਇਹ ਨੌਜਵਾਨ ਵਾਹਵਾ ਸਾਲਾਂ ਤੋਂ ਮੇਰੀ ਲਿਖਤ ਦੇ ਪ੍ਰਸੰਸਕ ਹਨ ਤੇ ਆਖ ਰਹੇ ਸਨ ਕਿ ਪਹਿਲਾਂ ਤਾਂ ਮੈਂ ਹਮੇਸ਼ਾਂ ਪੱਛਮੀ ਯੂਰਪ ਦੇ ਦੇਸਾਂ ਦੀ ਯਾਤਰਾ ਕਰਕੇ ਹੀ ਮੁੜ ਜਾਂਦਾ ਰਿਹਾ ਹਾਂ; ਇਸ ਵਾਰੀ ਰੂਸ ਦੇ 'ਜੱਟ ਜੱਫੇ' ਵਿਚੋਂ ਨਿਕਲ਼ੀ ਦੁਨੀਆਂ ਦੇ ਦੀਦਾਰੇ ਵੀ ਕਰਦਾ ਜਾਵਾਂ। ਪੋਲੈਂਡ ਦੀ ਇਕ ਹਫ਼ਤੇ ਦੀ ਯਾਤਰਾ ਦੌਰਾਨ, ਯਾਦਵਿੰਦਰ ਸਿੰਘ ਜੀ ਨੇ ਹਿਟਲਰ ਦੀਆਂ ਕਤਲਗਾਹਾਂ ਦੀ ਸੋਗਮਈ ਯਾਤਰਾ ਵੀ ਕਰਵਾ ਦਿਤੀ। ਪੜ੍ਹਦੇ ਸੁਣਦੇ ਤਾਂ ਦਹਾਕਿਆਂ ਤੋਂ ਆ ਰਹੇ ਸਾਂ ਪਰ ਹਿਟਲਰ ਦੇ ਮਨੁਖਤਾ ਦੇ ਵਿਰੁਧ ਜ਼ੁਲਮਾਂ ਦੀ ਦਾਸਤਾਨ ਵਾਲ਼ੇ ਕੈਂਪਾਂ ਦੀ ਪ੍ਰਤੱਖ ਯਾਤਰਾ ਨੇ ਤਾਂ ਇਹ ਅਹਿਸਾਸ ਵੀ ਕਰਵਾ ਦਿਤਾ ਕਿ ਮਨੁਖ ਜਦੋਂ ਰੱਬ ਨੂੰ ਭੁੱਲ ਜਾਂਦਾ ਹੈ ਤਾਂ ਸਾਥੀ ਮਨੁਖਾਂ ਉਪਰ ਕਿੰਨਾ ਜ਼ੁਲਮ ਕਰ ਸਕਦਾ ਹੈ, ਇਹ ਸਾਧਾਰਣ ਵਿਅਕਤੀ ਦੀ ਸੋਚ ਦੇ ਦਾਇਰੇ ਤੋਂ ਵੀ ਅੱਗੇ ਵਧ ਜਾਂਦਾ ਹੈ। ਸੱਚ ਹੀ ਸਿਆਣਿਆਂ ਨੇ ਆਖਿਆ ਹੈ, "ਸ਼ਕਤੀ ਮਨੁਖ ਨੂੰ ਭ੍ਰਿਸ਼ਟ ਕਰਦੀ ਹੈ; ਸੰਪੂਰਣ ਸ਼ਕਤੀ ਸੰਪੂਰਣਤਾ ਸਹਿਤ।" ਤੁਲਸੀ ਦਾਸ ਜੀ ਵੀ ਆਖਦੇ ਨੇ:

ਐਸੋ ਕੋ ਜਨਮਿਉਂ ਜਗ ਮਾਹਿ।
ਪ੍ਰਭਤਾ ਪਾਇ ਜਾਸ ਮਦ ਨਾਹਿ।

ਸ਼ਕਤੀ ਨਾਲ਼ ਮਨੁਖ ਵਿਚ ਅਹੰਕਾਰ ਆ ਜਾਂਦਾ ਹੈ ਤੇ ਫਿਰ ਇਸ ਦੇ ਅਧੀਨ ਹੋ ਕੇ ਮਨੁਖ ਕੋਈ ਵੀ ਜ਼ੁਲਮ ਕਰ ਸਕਦਾ ਹੈ।

ਯਾਤਰਾ ਤਾਂ ਇਹ ਖਾਸੀ ਲੰਮੇਰੀ ਹੈ ਅਤੇ ਅਜੇ ਜਾਰੀ ਵੀ ਹੈ। ਸਮੇ ਸਮੇ ਇਸ ਵਿਚਲੀਆਂ ਲਾਭਦਾਇਕ ਖਾਸ ਖਾਸ ਘਟਨਾਵਾਂ ਦੀ ਸਾਂਝ ਪਾਠਕਾਂ ਨਾਲ਼ ਪਾਈ ਜਾਂਦੀ ਰਹੇਗੀ। ਇਸ ਯਾਤਰਾ ਦੌਰਾਨ ਹੀ ਜਦੋਂ ਮੈਂ ਜਰਮਨੀ ਦੀ ਰਾਜਧਾਨੀ ਬਰਲਿਨ ਤੋਂ ਹੋ ਕੇ, ਰੂਸੀ ਅਧਿਕਾਰ ਤੋਂ ਆਜ਼ਾਦੀ ਪਰਾਪਤ ਇਲਾਕੇ ਦੇ ਸ਼ਹਿਰ ਲਾਇਪਜ਼ਿਗ ਵਿਚ, ਬੀਬਾ ਗੁਰਦੀਸ਼ ਪਾਲ ਕੌਰ ਅਤੇ ਸ. ਬਲਦੇਵ ਸਿੰਘ ਬਾਜਵਾ ਜੀ ਪਾਸ ਠਹਿਰਿਆ ਹੋਇਆ ਸਾਂ ਤਾਂ ਮੇਰੇ ਇਕ ਵਲੈਤੀ ਮਿੱਤਰ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਹੈਵਲਕ ਰੋਡ, ਸਾਊਥਾਲ ਦੇ ਮੁੱਖ ਗ੍ਰੰਥੀ, ਗਿਆਨੀ ਅਮ੍ਰੀਕ ਸਿੰਘ ਜੀ ਵੱਲੋਂ, ਮੇਰੇ ਨਾਂ ਤੇ ਸਾਢੇ ਅੱਠ ਸੌ ਯੂਰੋ (ਇਕ ਲੱਖ ਰੁਪਏ ਦੇ ਕਰੀਬ) ਦੀ ਠੱਗੀ ਖਾ ਜਾਣ ਦੀ ਘਟਨਾ ਵੀ ਵਾਪਰ ਗਈ। ਇਸ ਬਾਰੇ ਜਾਣਕਾਰੀ ਵੱਖਰੀ ਚਿੱਠੀ ਦੇ ਰੂਪ ਵਿਚ ਅੰਕਤ ਹੈ ਜੋ ਕਿ ਇਸ ਲੇਖ ਦੇ ਨਾਲ਼ ਹੀ ਸ਼ਾਮਲ ਹੈ। ਲਾਇਪਜ਼ਿਗ ਵਿਚ, ਸ. ਬਲਦੇਵ ਸਿੰਘ ਬਾਜਵਾ ਅਤੇ ਉਹਨਾਂ ਦੀ ਜੀਵਨ ਸਾਥਣ, ਬੀਬਾ ਗੁਰਦੀਸ਼ ਪਾਲ ਕੌਰ ਬਾਜਵਾ ਜੀ ਦੀ ਸੁਭਾਗ ਜੋੜੀ ਇਸ ਇਲਾਕੇ ਵਿਚ, ਸਿੱਖ ਸੰਸਾਰ ਦੀ ਸਰਬ ਪੱਖੀ ਉਨਤੀ ਵਿਚ ਭਰਪੂਰ ਹਿੱਸਾ ਪਾ ਰਹੀ ਹੈ। ਵਿਸ਼ਾਲ ਗੁਰਦੁਆਰਾ ਸਾਹਿਬ ਦੀ ਸਥਾਪਨਾ ਦੇ ਨਾਲ਼ ਨਾਲ਼ 'ਮੀਡੀਆ ਪੰਜਾਬ' ਨਾਮੀ ਰੇਡੀਉ, ਟੀ.ਵੀ. ਅਤੇ ਅਖ਼ਬਾਰ ਵੀ ਚਲਾ ਰਹੇ ਹਨ। ਪੰਜਾਬੀ ਸਾਹਿਤ ਅਤੇ ਸਭਿਆਚਾਰ ਵਿਚ ਆਪਣੀ ਹੈਸੀਅਤ ਅਨੁਸਾਰ ਯੋਗਦਾਨ ਪਾ ਰਹੇ ਹਨ। ਇਕ ਦਿਨ ਮੈਂ ਬਾਜਵਾ ਜੀ ਨੂੰ ਪੁੱਛ ਲਿਆ ਕਿ ਸੰਗਤ ਤਾਂ ਏਥੇ ਸਵਾਈ ਹੀ ਹੈ ਤੇ ਗ੍ਰੰਥੀ ਸਿੰਘ ਤੁਸੀਂ ਤੀਜਾ ਵੀ ਰੱਖ ਲਿਆ ਹੈ; ਏਨਾ ਖ਼ਰਚ ਕਿਵੇਂ ਕਰੋਗੇ? ਉਹਨਾਂ ਦਾ ਜਵਾਬ ਸੀ ਕਿ ਗੁਰਦੁਆਰਾ ਸਾਹਿਬ ਦੇ ਬਜਟ ਵਿਚ, ਹਫ਼ਤੇ ਦੀ ਇਕ ਸੌ ਯੂਰੋ ਦੀ ਆਮਦਨ, ਖ਼ਰਚ ਤੋਂ ਵਧ ਹੈ। ਅਸੀਂ ਏਨੀ ਤਨਖਾਹ ਤੇ ਇਕ ਗ੍ਰੰਥੀ ਸਿੰਘ ਹੀ ਹੋਰ ਰੱਖ ਲਿਆ ਹੈ ਤਾਂ ਕਿ ਨਾ ਸੰਸਥਾ ਕੋਲ਼ ਵਾਧੂ ਧਨ ਜਮ੍ਹਾ ਹੋਵੇ ਤੇ ਨਾ ਉਸ ਧਨ ਤੇ ਕਬਜਾ ਕਰਨ ਲਈ ਲੜਾਈ ਹੋਵੇ। ਗੁਰਦੁਆਰਾ ਸਾਹਿਬਾਨ ਵਿਚ ਲੜਾਈ ਹੀ ਇਸ ਦੇ ਧਨ

ਅਤੇ ਵਸੀਲਿਆਂ ਉਪਰ ਕਬਜ਼ਾ ਕਰਨ ਲਈ ਹੁੰਦੀ ਹੈ। ਮੈਨੂੰ ਬਾਜਵਾ ਜੀ ਦੀ ਇਹ ਦਲੀਲ ਸੁਣ ਕੇ ਖੁਸ਼ੀ ਭਰੀ ਹੈਰਾਨੀ ਹੋਈ। ਬਾਜਵਾ ਦੰਪਤੀ ਨੇ ਆਪਣੀ ਵਿਸ਼ਾਲ ਸੋਚ ਅਨੁਸਾਰ, ਮੇਰੇ ਨਾਂ ਉਤੇ, ਮੇਰੇ ਮਿੱਤਰ ਨਾਲ਼ ਵੱਜੀ ਠੱਗੀ ਸਮੇ, ਮੇਰੇ ਉਪਰ ਹਾਵੀ ਹੋਈ ਮਾਯੂਸੀ ਨੂੰ, ਆਪਣੀ ਸਿਆਣਪ, ਸਨੇਹ ਅਤੇ ਅਮਲੀ ਸਹਾਇਤਾ ਨਾਲ, ਖਾਸੀ ਹੱਦ ਤੱਕ ਦੂਰ ਕਰ ਦਿਤਾ।

ਪਾਠਕ ਜਾਣਦੇ ਹੀ ਹਨ ਕਿ ਸਿੱਖ ਧਾਰਮਿਕ ਦੀਵਾਨਾਂ ਸਮੇ ਸਟੇਜ ਉਪਰ ਕਥਾ, ਕੀਰਤਨ, ਵਿਖਿਆਨ, ਕਵਿਤਾ, ਬੋਲਣ ਵਾਲ਼ੇ ਤੇ ਢਾਡੀ, ਕਵੀਸ਼ਰਾਂ ਆਦਿ ਨੂੰ ਸੰਗਤਾਂ ਮਾਇਆ ਵੀ ਭੇਟਾ ਕਰਦੀਆਂ ਹਨ। ਸੰਗਤਾਂ ਦੀ ਇਸ ਦਰਿਆ ਦਿਲੀ ਨਾਲ਼ ਸਟੇਜੀ ਵਿਦਵਾਨਾਂ ਦਾ ਖ਼ਰਚ ਪੂਰਾ ਹੋ ਜਾਂਦਾ ਹੈ ਤੇ ਦੀਵਾਨ ਦੇ ਪ੍ਰਬੰਧਕਾਂ ਉਪਰ ਵੀ ਜ਼ਿਆਦਾ ਮਾਇਕ ਬੋਝ ਨਹੀਂ ਪੈਂਦਾ। ਅੱਧੀ ਕੁ ਸਦੀ ਪਹਿਲਾਂ ਜਦੋਂ ਕੋਈ ਸਰੋਤਾ ਸੰਗਤ ਵਿਚੋਂ ਉਠ ਕੇ ਬੁਲਾਰੇ ਨੂੰ ਰੁਪਇਆ ਦਿੰਦਾ ਸੀ ਤਾਂ ਉਹ ਆਪਣਾ ਪ੍ਰਸੰਗ ਵਿਚੇ ਛੱਡ ਕੇ, ਉਸ ਵਿਅਕਤੀ ਦਾ ਨਾਂ ਬੜੇ ਵਿਸੇਸ਼ਣਾਂ ਨਾਲ਼ ਲਿਆ ਕਰਦਾ ਸੀ। ਜੇ ਕੋਈ ਪੰਜ ਰੁਪਏ ਦਿੰਦਾ ਸੀ ਤਾਂ ਉਸ ਦੇ ਨਾਂ ਦਾ ਜੈਕਾਰਾ ਬੁਲਾਇਆ ਜਾਂਦਾ ਸੀ। ਮੈਨੂੰ ਇਹ ਵਰਤਾਰਾ ਸੋਭਾ ਦਿੰਦਾ ਨਹੀਂ ਸੀ ਮਹਿਸੂਸ ਹੁੰਦਾ। ਮੈਨੂੰ ਇਸ ਸਮੇ ਉਹ ਸਮਾ ਯਾਦ ਆ ਜਾਣਾ ਜਦੋਂ ਮੇਰੇ ਬਹੁਤ ਹੀ ਛੋਟੀ ਉਮਰ ਸਮੇ, ਸਾਡੇ ਪਿੰਡ ਵਿਚ ਬਾਜੀਗਰਾਂ ਨੇ ਬਾਜੀ ਪਾਈ ਸੀ। ਜਦੋਂ ਉਹਨਾਂ ਨੂੰ ਕੋਈ ਬਾਜੀ ਵੇਖਣ ਵਾਲ਼ਾ ਪਿੰਡ ਵਾਸੀ ਰੁਪਇਆ ਦਿੰਦਾ ਸੀ ਤਾਂ ਉਹ ਉਸ ਦਾ ਨਾਂ ਲੈ ਕੇ, ਬੜੀ ਉਚੀ ਅਤੇ ਲਮਕਵੀਂ ਆਵਾਜ਼ ਵਿਚ ''ਸਰਦਾਰ ਫਲਾਣਾ ਸਿੰਘ ਦੀ ਵੇਲ਼ ਈ ਵੇਲ!'' ਆਖ ਕੇ ਵਡਿਆਇਆ ਕਰਦੇ ਸਨ। ਜਦੋਂ ਕੋਈ ਬੁਲਾਰਾ ਸਟੇਜ ਤੋਂ, ''ਸਰਦਾਰ ਸਾਹਿਬ ਸਰਦਾਰ ਫਲਾਣਾ ਸਿੰਘ ਸਾਹਿਬ ਜੀ ਬਹਾਦਰ ਸਵਾ ਲੱਖ ਦਮੜਾ ਅਰਦਾਸ ਕਰਵਾਉਂਦੇ ਹਨ ............।'' ਆਖਿਆ ਕਰਦਾ ਸੀ ਤਾਂ ਇਹ ਸੁਣ ਕੇ ਮੈਨੂੰ ਬਚਪਨ ਵਿਚ ਬਾਜੀਗਰ ਜਥੇ ਦੇ ਆਗੂ ਦੀ 'ਵੇਲ' ਯਾਦ ਆ ਜਾਣੀ। ਇਸ ਲਈ ਸਟੇਜ ਉਪਰ ਵਿਖਿਆਨ ਕਰਦੇ ਸਮੇ ਮੈਨੂੰ ਜਦੋਂ ਸੰਗਤ ਵਿਚੋਂ ਕੋਈ ਮਾਇਆ ਰਖਿਆ ਕਰਦਾ ਸੀ ਤਾਂ ਬਹੁਤੀ ਪ੍ਰਸੰਨਤਾ ਨਹੀਂ ਸੀ ਅਨੁਭਵ ਹੋਇਆ ਕਰਦੀ। ਵੈਸੇ ਅਜ ਕਲ੍ਹ ਸਟੇਜ ਉਪਰ ਮਾਇਆ ਦੇਣ ਵਾਲ਼ੇ ਦਾ ਨਾਂ ਬੋਲਣ ਦਾ ਰਿਵਾਜ਼ ਨਹੀਂ ਰਿਹਾ। ਇਹ ਚੰਗੀ ਪਿਰਤ ਹੈ।

ਮੇਰਾ ਇਸ ਰਿਵਾਜ ਬਾਰੇ ਵਿਚਾਰ ਓਦੋਂ ਬਦਲਿਆ ਜਦੋਂ ਜੂਨ ੧੯੮੦ ਵਿਚ ਮੈਨੂੰ ਮਜਬੂਰੀ ਵੱਸ, ਨਿਊਜ਼ੀਲੈਂਡ ਦੇ ਸ਼ਹਿਰ ਔਕਲੈਂਡ ਦੇ ਇਕ ਹੋਟਲ ਵਿਚ ਕੁਝ ਰਾਤਾਂ ਕੱਟਣੀਆਂ ਪਈਆਂ। ਮੈਨੂੰ ਅੱਗੇ ਫਿਜੀ ਨੂੰ ਜਾਣ ਵਾਸਤੇ ਕੋਈ ਜਹਾਜ ਨਾ ਚੁੱਕੇ; ਇਸ ਲਈ ਮਜਬੂਰੀ ਵਿਚ ਹੋਟਲ ਵਿਚ ਹੀ ਰੁਕਣਾ ਪੈ ਗਿਆ ਕਿਉਂਕਿ ਓਦੋਂ ਔਕਲੈਂਡ ਵਿਚ ਕੋਈ ਗੁਰਦੁਆਰਾ ਨਹੀਂ ਸੀ ਹੁੰਦਾ। ਵੈਸੇ ਮੈਂ ਆਪਣੀਆਂ ਯਾਤਰਾਵਾਂ ਦੌਰਾਨ ਦੋ ਖ਼ਰਚਾਂ ਤੋਂ ਲੱਗਦੀ ਵਾਹ ਬਚਾ ਕਰਦਾ ਹਾਂ: ਇਕ ਹੋਟਲ ਦਾ ਅਤੇ ਦੂਜਾ ਟੈਕਸੀ ਦਾ ਖ਼ਰਚ। ਓਥੇ ਰੁਕਣ ਦੇ ਕਾਰਨਾਂ ਬਾਰੇ ਮੈਂ ਸ਼ਾਇਦ ਕਿਸੇ ਹੋਰ ਲੇਖ ਵਿਚ ਜ਼ਿਕਰ ਕਰ ਚੁੱਕਾ ਹਾਂ; ਇਸ ਲਈ ਉਸ ਦੇ ਵਿਸਥਾਰ ਦੀ ਏਥੇ ਲੋੜ ਨਹੀਂ।

ਇਕ ਸ਼ਾਮ ਨੂੰ ਮੈਂ ਹੋਟਲ ਤੋਂ ਬਾਹਰ ਬਾਜ਼ਾਰ ਵਿਚ ਨਿਕਲ਼ਿਆ ਤਾਂ ਇਕ ਦੂਸਰੇ ਹੋਟਲ ਦੇ ਅੱਗੇ ਲੱਕੜ ਦੇ ਬੋਰਡ ਉਪਰ ਲਿਖਿਆ ਹੋਇਆ ਸੀ ਕਿ ਉਸ ਸ਼ਾਮ ਨੂੰ, ਅਮ੍ਰੀਕਾ ਤੋਂ ਆਏ ਇਕ 'ਥਿਉਸਾਫ਼ੀਕਲ ਸੋਸਾਇਟੀ' ਦੇ ਵਿਦਵਾਨ ਦਾ ਲੈਕਚਰ ਹੋਵੇਗਾ। ਮੈਨੂੰ ਇਹੋ ਜਿਹਾ ਮੌਕਾ ਰੱਬ ਦੇਵੇ! ਉਸ ਬੋਰਡ ਉਪਰ ਵਿਦਵਾਨ ਦਾ ਨਾਂ, ਸਮਾ ਆਦਿ ਸਭ ਕੁਝ ਲਿਖਿਆ ਹੋਇਆ ਸੀ। ਮੈਂ ਸਮੇ ਤੋਂ ਕੁਝ ਮਿੰਟ ਪਹਿਲਾਂ ਹੀ ਉਸ ਹੋਟਲ ਦੇ ਬੇਸਮੈਂਟ ਵਾਲ਼ੇ ਹਾਲ਼ ਵਿਚ ਡੱਠੀਆਂ ਕੁਰਸੀਆਂ ਵਿਚੋਂ ਪਿੱਛਲੀ ਇਕ ਕੁਰਸੀ ਉਪਰ ਜਾ ਬੈਠਾ। ਸਮੇ ਸਿਰ ਉਹ ਵਿਦਵਾਨ, ਸੋਸਾਇਟੀ ਦੀ ਨਿਊਜ਼ੀਲੈਂਡ ਵਾਲ਼ੀ ਬਰਾਂਚ ਦੀ ਮੁਖੀ ਬੀਬੀ ਅਤੇ ਸ਼ਹਿਰ ਦਾ ਮੇਅਰ ਜਾਂ ਅਜਿਹੇ ਚੰਗੇ ਰੁਤਬੇ ਵਾਲ਼ਾ ਕੋਈ ਵਿਅਕਤੀ ਸਟੇਜ ਉਪਰ ਲੱਗੀਆਂ ਕੁਰਸੀਆਂ ਉਪਰ ਸਜ ਗਏ। ਪਹਿਲਾਂ ਉਸ ਮੁਖੀ ਬੀਬੀ ਨੇ ਵਿਦਵਾਨ ਬਾਰੇ ਜਾਣਕਾਰੀ ਦਿਤੀ ਤੇ ਉਸ ਨੂੰ ''ਜੀ ਆਇਆਂ'' ਆਖਿਆ। ਉਹ ਵਿਦਵਾਨ ਪੀਐਚ.ਡੀ. ਤੱਕ ਪੜ੍ਹਿਆ ਹੋਇਆ ਸੀ ਤੇ ਵੀਹ ਕਿਤਾਬਾਂ ਦਾ ਕਰਤਾ ਸੀ। ਉਸ ਨੇ ਆਪਣਾ ਤਿਆਰ ਕੀਤਾ ਹੋਇਆ ਲੈਕਚਰ ਖਲੋ ਕੇ ਪੜ੍ਹਿਆ। ਫਿਰ ਮੁਖੀ ਬੀਬੀ ਨੇ ਉਸ ਦਾ ਧੰਨਵਾਦ ਕੀਤਾ ਤੇ ਨਾਲ਼ ਹੀ ਸਰੋਤਿਆਂ ਨੂੰ ਅਪੀਲ ਕੀਤੀ ਕਿ ਇਸ ਵਿਦਵਾਨ ਦੇ ਏਥੇ ਆ ਕੇ ਲੈਕਚਰ ਦੇਣ ਵਾਸਤੇ, ਕੀਤੇ ਗਏ ਖ਼ਰਚ ਵਿਚ ਹਿੱਸਾ ਪਾਓ। ਫਿਰ ਇਕ ਸੱਜਣ ਡੱਬਾ ਜਿਹਾ ਲੈ ਕੇ ਹਰੇਕ ਸਰੋਤੇ ਤੱਕ ਗਿਆ ਤੇ ਮੇਰੇ ਤੋਂ ਬਿਨਾ ਕਿਸੇ ਨੇ ਵੀ ਉਸ ਡੱਬੇ ਵਿਚ ਨੋਟ ਨਹੀਂ ਪਾਇਆ। ਮੈਂ ਹੀ ਇਕ ਡਾਲਰ ਦਾ ਨੋਟ ਪਾਇਆ; ਬਾਕੀ ਸਾਰਿਆਂ ਨੇ ਭਾਨ ਹੀ ਪਾਇਆ। ਇਹ ਵੇਖ ਕੇ ਮੈਨੂੰ ਸਿੱਖ ਧਾਰਮਿਕ ਦੀਵਾਨਾਂ ਵਿਚ ਸੰਗਤਾਂ ਦੇ ਮਾਇਆ ਭੇਟ ਕਰਨ ਸਬੰਧੀ ਉਤਸ਼ਾਹ ਨੂੰ ਯਾਦ ਕਰਕੇ, ਇਕ ਖ਼ੁਸ਼ੀ ਭਰੀ 'ਝੁਣਝਣੀ' ਜਿਹੀ ਆ ਗਈ। ਮਨ ਵਿਚ ਸ਼ਬਦ ਭੇਟ ਬਾਰੇ ਸੰਗਤਾਂ ਦੇ ਹਿਰਦੇ ਦੀ ਵਿਸ਼ਾਲਤਾ ਨੂੰ ਯਾਦ ਕਰਕੇ ਦਿਲ ਗ਼ਦ ਗ਼ਦ ਹੋ ਗਿਆ। ਉਸ ਘਟਨਾ ਤੋਂ ਬਾਅਦ ਜੇਕਰ ਸੰਗਤ ਮੇਰੇ ਵਿਖਿਆਨ ਸਮੇ ਜਾਂ ਕੀਰਤਨ ਸਮੇ ਕੋਈ ਸ਼ਬਦ ਭੇਟ ਰੱਖੇ ਤਾਂ ਮੈਂ ਇਸ ਨੂੰ ਸਿਰੋਪਾ ਸਮਝ ਕੇ ਸਵੀਕਾਰਦਾ ਹਾਂ ਅਤੇ ਸਤਿਗੁਰਾਂ ਦੇ ਸ਼ੁਕਰਾਨੇ ਵਿਚ ਸਿਰ ਝੁਕ ਜਾਂਦਾ ਹੈ। ਉਹ ਏਨਾ ਵਿਦਵਾਨ, ਲੇਖਕ, ਦੂਜੇ ਦੇਸੋਂ ਆਇਆ ਤੇ ਜਿਸ ਦੀ ਸਹਾਇਤਾ ਵਾਸਤੇ ਸਟੇਜ ਤੋਂ ਅਪੀਲ ਵੀ ਕੀਤੀ ਗਈ ਤੇ ਇਸ ਦੇ ਬਾਵਜੂਦ ਵੀ ਕਿਸੇ ਨੇ ਭਾਨ ਤੋਂ ਅੱਗੇ ਵਧ ਕੇ ਕੋਈ ਹਿੱਸਾ ਨਾ ਪਾਇਆ ਤੇ ਕਿਥੇ ਗੁਰੂ ਕੀਆਂ ਸੰਗਤਾਂ! ਬਿਨ ਮੰਗਿਆਂ ਹੀ ਮਾਇਆ ਭੇਟ ਕਰੀ ਜਾਂਦੀਆਂ ਹਨ; ਭਾਵੇਂ ਕੋਈ ਬੁਲਾਰਾ ਵਿਦਵਾਨ ਹੈ ਜਾਂ ਨਹੀਂ; ਬੱਸ, ਗੁਰੂ ਜੀ ਦੇ ਹਜ਼ੂਰ, ਗੁਰੂ ਦੀ ਗੱਲ ਜਾਂ ਗੁਰੂ ਦਾ ਸ਼ਬਦ ਸੁਣਾ ਰਿਹਾ ਹੋਵੇ, ਸ਼ਰਧਾ ਸਹਿਤ ਭੇਟਾ ਰੱਖਣ ਵਾਸਤੇ ਸੰਗਤਾਂ ਲਈ ਏਨਾ ਹੀ ਕਾਫੀ ਹੈ। ਆਪਣੇ ਅਫ਼੍ਰੀਕਾ ਦੇ ਮੁਲਕ ਮਲਾਵੀ ਵਿਚਲੇ ਕਿਆਮ ਦੌਰਾਨ, ਗੁਜਰਾਤੀ ਹਿੰਦੂ ਘਰਾਂ ਵਿਚ ਸੱਤ

ਨਾਰਾਇਣ ਦੀ ਕਥਾ ਦੇ ਭੋਗ ਸਮੇ ਪੰਡਿਤ ਜੀ ਨੇ ਜੋਤ ਵਾਲ਼ੀ ਥਾਲ਼ੀ ਸੰਗਤ ਵਿਚ ਫੇਰਨੀ ਤਾਂ ਸੰਗਤਾਂ ਨੇ ਉਸ ਵਿਚ ਸਿੱਕੇ ਹੀ ਪਾਉਣੇ। ਚਰਚਾਂ ਵਿਚ ਵੀ ਡੱਬਾ ਫੇਰਨ ਸਮੇ ਹਾਜਰ ਲੋਕ ਸਿੱਕੇ ਹੀ ਪਾਉਂਦੇ ਵੇਖੇ ਪਰ ਸਿੱਖ ਧਾਰਮਿਕ ਦੀਵਾਨ ਸਮੇ, ਸਤਿਗੁਰਾਂ ਦੀ ਕਿਰਪਾ ਸਦਕਾ, ਬਿਨਾ ਅਨਾਊਂਸਮੈਂਟ, ਬਿਨਾ ਆਖਿਆਂ, ਸੰਗਤਾਂ ਵਧ ਤੋਂ ਵਧ ਮਾਇਆ ਅਰਪਣ ਕਰਦੀਆਂ ਹਨ।

ਗੱਲ ਤਾਂ ਮੈਂ ਗੁਰਦੁਆਰਾ ਸਾਹਿਬਾਨ ਦੇ ਪ੍ਰਬੰਧਕਾਂ ਅਤੇ ਪਾਠਕਾਂ ਨਾਲ਼ ਇਹ ਸਾਂਝੀ ਕਰਨ ਲਈ ਇਹ ਲੇਖ ਲਿਖ ਰਿਹਾ ਹਾਂ ਜਿਸ ਨੇ ਮੈਨੂੰ ਇਕ 'ਸੱਜਣ ਪੁਰਸ਼' ਦੀ ਲਗਾਤਾਰ ਦਲੇਰੀ ਨੇ ਹੈਰਾਨੀ ਵਿਚ ਪਾ ਦਿਤਾ। ਉਹ ਇਸ ਪ੍ਰਕਾਰ ਹੈ ਕਿ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ, ਪਾਰਕ ਐਵੇਨਿਊ, ਸਾਊਥਾਲ ਵਿਖੇ, ਮੈਂ ਦੁਪਹਿਰ ਦੇ ਸਮੇ ਧਾਰਮਿਕ ਵਿਖਿਆਨ ਕਰ ਰਿਹਾ ਸਾਂ ਕਿ ਇਕ ਸੱਜਣ, ਜਿਸ ਨੇ ਆਪਣੀ ਕਾਲ਼ੀ ਦਾਹੜੀ ਫਿਕਸੋ ਆਦਿ ਨਾਲ਼ ਸਜਾ ਕੇ ਬੰਨ੍ਹੀ ਹੋਈ ਸੀ, ਨੇ ਸੰਗਤ ਵੱਲੋਂ ਭੇਟਾ ਕੀਤੇ ਗਏ ਸਟੇਜ ਉਪਰ ਪਏ ਕੁਝ ਪੌਂਡਾਂ ਦੇ ਸਿੱਕਿਆਂ ਵਿਚ, ਕੁਝ ਰੱਖ ਕੇ ਇਕ ਸਿੱਕਾ ਚੁੱਕ ਲਿਆ। ਉਸ ਸਮੇ ਸਹਿਜ ਸੁਭਾ ਹੀ ਉਸ ਉਪਰ ਮੇਰੀ ਨਿਗਾਹ ਪੈ ਗਈ। ਸਹਿਜੇ ਹੀ ਇਹ ਵਿਚਾਰ ਆਇਆ ਕਿ ਉਸ ਨੇ ਦੋ ਪੌਂਡ ਦਾ ਸਿੱਕਾ ਰੱਖ ਕੇ ਇਕ ਪੌਂਡ ਦਾ ਸਿੱਕਾ ਚੁੱਕ ਲਿਆ ਹੋਵੇਗਾ ਪਰ ਜਦੋਂ ਦੀਵਾਨ ਦੀ ਸਮਾਪਤੀ ਉਪ੍ਰੰਤ ਦਫ਼ਤਰ ਵਿਚ ਜਾ ਕੇ ਵੇਖਿਆ ਤਾਂ ਸਾਰੇ ਸਿੱਕਿਆਂ ਵਿਚ ਦੋ ਪੌਂਡ ਦਾ ਸਿੱਕਾ ਹੀ ਕੋਈ ਨਾ। ਮਨ ਵਿਚ ਕੁਝ ਸ਼ੰਕਾ ਜਿਹੀ ਪੈਦਾ ਹੋਈ। ਅਗਲੇ ਦਿਨ ਕਥਾ ਦੌਰਾਨ ਉਸ ਸੱਜਣ ਨੇ ਅੱਧੇ ਪੌਂਡ ਦਾ ਸਿੱਕਾ ਰੱਖ ਕੇ ਇਕ ਪੌਂਡ ਦਾ ਸਿੱਕਾ ਚੁੱਕ ਲਿਆ। ਇਹ ਤਾਂ ਸਪੱਸ਼ਟ ਹੀ ਦਿਸ ਪਿਆ। ਫਿਰ ਮੈਂ ਗ੍ਰੰਥੀ ਸਿੰਘਾਂ ਨਾਲ਼ ਇਹ ਵਿਚਾਰ ਕੀਤੀ ਕਥਾ ਦੌਰਾਨ ਇਕ ਗ੍ਰੰਥੀ ਸਿੰਘ ਉਚੇਚਾ ਧਿਆਨ ਰੱਖਣ ਲਈ ਸਟੇਜ ਦੇ ਨੇੜੇ ਬੈਠ ਗਿਆ। ਇਸ ਦਿਨ, ਸ਼ਾਇਦ ਓਸੇ ਸੱਜਣ ਨੇ ਹੀ, ਇਕ ਨੋਟ ਰੱਖ ਕੇ ਵਾਹਵਾ ਸਾਰੇ ਸਿੱਕੇ ਸਟੇਜ ਤੋਂ ਚੁੱਕ ਲਏ। ਸਹਿਜੇ ਹੀ ਇਹ ਵਿਚਾਰ ਸੀ ਕਿ ਉਸ ਨੇ ਪੰਜ ਪੌਂਡ ਦਾ ਨੋਟ ਰੱਖ ਕੇ ਚਾਰ ਚੁੱਕ ਲਏ ਹੋਣਗੇ! ਮੇਰੀ ਕਥਾ ਦੀ ਸਮਾਪਤੀ ਤੇ ਗ੍ਰੰਥੀ ਸਿੰਘ ਨੇ ਮੈਨੂੰ ਪੁੱਛਿਆ, "ਅੱਜ ਨਹੀਂ ਉਹ ਸੱਜਣ ਆਇਆ?" ਮੈਂ ਹੱਸਦੇ ਹੋਏ ਕਿਹਾ ਕਿ ਸ਼ਾਇਦ ਉਹ ਸ਼ਾਇਦ ਉਹ ਫੜੇ ਜਾਣ ਦੇ ਡਰੋਂ, ਅੱਜ ਨਾਗਾ ਪਾ ਗਿਆ ਹੋਵੇ ਜਾਂ ਕਿਸੇ ਹੋਰ ਦੀਵਾਨ ਵਿਚ ਚਲਿਆ ਗਿਆ ਹੋਵੇ! ਦਫ਼ਤਰ ਵਿਚ ਜਾ ਕੇ ਜਦੋਂ ਮੈਂ ਨੇ ਵੇਖਿਆ ਤਾਂ ਹੈਰਾਨੀ ਦੇ ਨਾਲ਼ ਮੈਨੂੰ ਹਾਸਾ ਵੀ ਆਇਆ। ਉਸ ਚੁਸਤ ਸੱਜਣ ਨੇ ਸਕਾਟਲੈਂਡ ਦਾ ਇਕ ਪੌਂਡ ਦਾ ਨੋਟ ਰੱਖ ਕੇ ਵਾਹਵਾ ਸਾਰੇ ਪੌਂਡ ਦੇ ਸਿੱਕੇ ਸਟੇਜ ਤੋਂ ਚੁੱਕ ਲਏ ਸਨ। ਦਰਸ਼ਕ ਏਹੀ ਸਮਝਣ ਕਿ ਇਸ ਨੇ ਪੰਜ ਪੌਂਡ ਦਾ ਸਿੱਕਾ ਰੱਖ ਕੇ ਹੀ ਬਚਦਾ ਭਾਨ ਚੁੱਕਿਆ ਹੋਵੇਗਾ! ਯਾਦ ਰਹੇ ਕਿ ਇੰਗਲੈਂਡ ਵਿਚ ਪੰਜ ਪੌਂਡ ਤੋਂ ਘੱਟ ਦਾ ਨੋਟ ਨਹੀਂ ਹੁੰਦਾ ਪਰ ਸਕਾਟਲੈਂਡ ਦਾ ਇਕ ਪੌਂਡ ਦਾ ਨੋਟ ਅਜੇ ਵੀ ਚੱਲਦਾ ਹੈ ਜੋ ਕਿ ਇੰਗਲੈਂਡ ਦੇ ਇਕ ਪੌਂਡ ਦੇ ਸਿੱਕੇ ਦੇ ਬਰਾਬਰ ਮੁੱਲ ਦਾ ਹੀ ਹੁੰਦਾ ਹੈ।

ਵੈਸੇ ਧਾਰਮਿਕ ਸਥਾਨਾਂ ਵਿਚਲੇ ਫੰਡਾਂ ਦਾ ਦੁਰਉਪਯੋਗ, ਹੇਰਾਫੇਰੀਆਂ, ਚੋਰੀਆਂ, ਬੇਈਮਾਨੀਆਂ ਆਦਿ ਦੇ ਕਈ ਪ੍ਰਕਾਰ ਦੇ ਕਿੱਸੇ ਬਚਪਨ ਤੋਂ ਸੁਣਨ ਵਿਚ ਆ ਰਹੇ ਸਨ ਤੇ ਹਨ ਪਰ ਇਸ ਪ੍ਰਕਾਰ ਦੀ ਦੀਦਾ ਦਲੇਰੀ ਪਹਿਲੀ ਵਾਰ ਹੀ, ਜੁਲਾਈ ੨੦੧੩ ਵਿਚ, ਵੇਖਣ ਨੂੰ ਮਿਲ਼ੀ। ਕੋਈ ਸੱਜਣ ਪੁਰਸ਼ ਏਨਾ ਦਲੇਰ ਵੀ ਹੋ ਸਕਦਾ ਹੈ ਕਿ ਸਾਰੀ ਸੰਗਤ ਦੇ ਸਾਹਮਣੇ ਹੀ, ਕਥਾ ਕੀਰਤਨ ਕਰ ਰਹੇ ਦੇ ਅੱਗੋਂ, ਸਟੇਜ ਉਪਰੋਂ ਮਾਇਆ ਚੁੱਕ ਲੈਣ ਦੀ 'ਹਿੰਮਤ' ਕਰ ਸਕਦਾ ਹੈ! ਆਮ ਹੀ ਗੁਰਦੁਆਰਾ ਸਾਹਿਬ ਵਿਖੇ ਭਰੇ ਦੀਵਾਨਾਂ ਸਮੇ ਕਈ ਸੱਜਣ ਗੋਲਕ ਵਿਚੋਂ ਅਤੇ ਸਟੇਜ ਤੋਂ ਭਾਨ ਚੁੱਕਣ ਲੱਗ ਪੈਂਦੇ ਹਨ। ਇਹ ਬਹੁਤ ਹੀ ਗ਼ਲਤ ਅਤੇ ਦੀਵਾਨ ਵਿਚ ਵਿਘਨ ਪਾਊ ਕਾਰਜ ਹੁੰਦਾ ਹੈ। ਇਸ ਗ਼ਲਤ ਪ੍ਰਥਾ ਨੂੰ ਪ੍ਰਬੰਧਕਾਂ ਵੱਲੋਂ ਸਖ਼ਤੀ ਨਾਲ਼ ਰੋਕ ਦੇਣਾ ਚਾਹੀਦਾ ਹੈ। ਜਿਸ ਪ੍ਰੇਮੀ ਨੇ ਜਿੰਨੀ ਮਾਇਆ ਦਾ ਮੱਥਾ ਟੇਕਣਾ ਹੋਵੇ ਜਾਂ ਸਟੇਜ ਉਪਰ ਭੇਟਾ ਕਰਨੀ ਹੋਵੇ ਉਹ ਓਨੀ ਮਾਇਆ ਘਰੋਂ ਲੈ ਕੇ ਆਵੇ ਜਾਂ ਪ੍ਰਬੰਧਕਾਂ ਪਾਸੋਂ ਪਹਿਲਾਂ ਹੀ ਪਰਾਪਤ ਕਰ ਲਵੇ। ਚੱਲਦੇ ਦੀਵਾਨ ਵਿਚ ਗੋਲਕ ਤੋਂ ਜਾਂ ਸਟੇਜ ਉਪਰੋਂ ਗਿਣਤੀ ਕਰਨ ਨਾ ਬੈਠ ਜਾਵੇ। ਗੋਲਕ ਤੋਂ ਭਾਨ ਦਾ ਵਿਖਾਵਾ ਕਰਕੇ ਮਾਇਆ ਚੁੱਕਣ ਦੀਆਂ ਤਾਂ ਵਾਹਵਾ ਸਾਰੀਆਂ ਚਲਾਕੀ ਭਰੀਆਂ ਘਟਨਾਵਾਂ ਸੁਣਨ ਵਿਚ ਅਕਸਰ ਹੀ ਆਉਂਦੀਆਂ ਰਹਿੰਦੀਆਂ ਹਨ ਪਰ ਸਟੇਜ ਵਾਲੀ ਇਹ ਘਟਨਾ ਤਾਂ ਕਿਆਸੋਂ ਵੀ ਬਾਹਰੀ ਹੀ ਹੋਈ।

ਇਹ ਗੱਲ ਕਰਦਿਆਂ ਯਾਦ ਆਇਆ ਕਿ ਜਦੋਂ ਮੈਂ, ੧੯੫੩ ਵਿਚ, ਪਹਿਲੀ ਵਾਰ ਅੰਮ੍ਰਿਤਸਰ ਆਇਆ ਤਾਂ ਓਥੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਬੰਧ ਵਾਲ਼ੇ ਗੁਰਦੁਆਰਾ ਸਾਹਿਬਾਨ ਦੀਆਂ ਗੋਲਕਾਂ ਦੇ ਨੇੜੇ ਲਿਖ ਕੇ ਲਾਇਆ ਹੋਇਆ ਹੁੰਦਾ ਸੀ ਕਿ ਏਥੋਂ ਭਾਨ ਲੈਣ ਦੀ ਮਨਾਹੀ ਹੈ। ਸ਼ਾਇਦ ਉਸ ਸਮੇ ਹੀ ਪ੍ਰਬੰਧਕਾਂ ਨੂੰ ਇਸ ਭਾਨ ਲੈਣ ਦੀ ਆੜ ਹੇਠ, ਕਿਸੇ ਹੇਰਾਫੇਰੀ ਦੇ ਹੋ ਜਾਣ ਦੀ ਸ਼ੰਕਾ ਹੋਵੇ ਤੇ ਉਹਨਾਂ ਨੂੰ ਅਜਿਹਾ ਨਾ ਕਰਨ ਦੀ ਮਨਾਹੀ ਲਿਖ ਕੇ ਲਾਉਣੀ ਪੈਂਦੀ ਹੋਵੇ।

# ਮੇਰੇ ਸੁਹਿਰਦ ਮਿੱਤਰ ਮੇਰੇ ਨਾਂ ਤੇ ਲੁੱਟੇ ਗਏ

ਇਹਨੀਂ ਦਿਨੀਂ ਮੈਂ ਯੂਰਪ ਦੇ ਦੇਸਾਂ ਵਿਚ ਵਿਚਰ ਰਿਹਾ ਹਾਂ ਤੇ ਇਹ ਚਿੱਠੀ ਲਿਖਣ ਸਮੇ ਜਰਮਨੀ ਦੇ ਸ਼ਹਿਰ ਨਿਊਰਨਬਰਗ ਵਿਚ ਹਾਂ।

ਪੰਜ ਹਫ਼ਤੇ ਓਥੇ ਦੇ ਟਿਕਾ ਸਮੇ, ਸ੍ਰੀ ਗੁਰੂ ਸਿੰਘ ਸਭਾ ਹੈਵਲਾਕ ਰੋਡ, ਸਾਊਥਾਲ (ਯੂ.ਕੇ.) ਵਾਲ਼ੇ ਗੁਰਦੁਆਰਾ ਸਾਹਿਬ ਦੇ ਮੁਖ ਗ੍ਰੰਥੀ, ਗਿਆਨੀ ਅਮ੍ਰੀਕ ਸਿੰਘ ਜੀ ਨਾਲ ਵਾਹਵਾ ਪਿਆਰ ਤੇ ਇਤਬਾਰ ਬਣ ਗਿਆ। ਓਥੋਂ ਮੈਂ ਪੋਲੈਂਡ ਤੋਂ ਹੋ ਕੇ, ਜਰਮਨੀ ਦੇ ਸ਼ਹਿਰ ਬਰਲਿਨ ਵਿਚ ਰੁਕ ਕੇ, ਲਾਇਪਸ਼ਿਗ ਵਿਚ, ਸ. ਬਲਦੇਵ ਸਿੰਘ ਬਾਜਵਾ ਜੀ ਕੋਲ਼ ਠਹਿਰਿਆ ਹੋਇਆ ਸਾਂ। ਆਪਣਾ ਬੇਇਤਬਾਰਾ ਜਿਹਾ ਫ਼ੋਨ ਮੈਂ ਬਰਲਿਨ ਵਿਚ ਹੀ ਭੁੱਲ ਆਇਆ ਸਾਂ। ਅਜਿਹਾ ਕੁਝ ਮੇਰੇ ਨਾਲ਼ ਪਹਿਲੀ ਵਾਰ ਨਹੀਂ ਹੋਇਆ। ਇਸ ਬਾਰੇ ਕੁਝ ਜਾਣਕਾਰੀ 'ਹਾਇ ਮੇਰਾ ਮੋਬਾਇਲ' ਨਾਮੀ ਲੇਖ ਵਿਚ ਵੀ ਮੈਂ ਦੱਸ ਚੁੱਕਾ ਹਾਂ।

ਵੀਰਵਾਰ, ੨੨ ਅਗਸਤ ਸਵੇਰ ਤੋਂ ਮੇਰਾ ਈ-ਮੇਲ ਖੁਲ੍ਹਣੋ ਬੰਦ ਹੋ ਗਿਆ। ਦੁਪਹਿਰ ਤੱਕ ਮੈਂ ਖੋਹਲਣ ਦਾ ਯਤਨ ਕਰਦਾ ਰਿਹਾ ਪਰ ਨਾ ਖੁਲ੍ਹ ਸਕਿਆ। ਦੁਪਹਿਰ ਤੋਂ ਪਿਛੋਂ ਸਿਡਨੀ ਤੋਂ ਵੱਡੇ ਪੁੱਤਰ ਸੰਦੀਪ ਸਿੰਘ ਦੀ ਈ-ਮੇਲ ਆਈ ਕਿ ਕਿਸੇ ਹੈਕਰ ਨੇ ਨਾਇਜੀਰੀਆ ਤੋਂ ਮੇਰਾ ਈ-ਮੇਲ ਹੈਕ ਕਰ ਲਿਆ ਹੈ ਤੇ ਮੈਂ ਈ-ਮੇਲ ਦਾ ਪਾਸ ਵਰਡ ਬਦਲ ਕੇ ਇਸ ਨੂੰ ਫਿਰ ਤੋਂ ਚਾਲੂ ਕਰ ਦਿਤਾ ਹੈ, ਇਸ ਲਈ ਹੁਣ ਮੈਂ ਆਪਣਾ ਈ-ਮੇਲ ਵਰਤ ਸਕਦਾ ਹਾਂ। ਫਿਰ ਨਵਾਂ ਪਾਸ ਵਰਡ ਵਰਤ ਕੇ ਮੈਂ ਆਪਣਾ ਈ-ਮੇਲ ਖੋਹਲਿਆ ਤਾਂ ਸਾਊਥਾਲ (ਯੂ.ਕੇ.) ਤੋਂ ਮੇਰੇ ਭਤੀਜੇ, ਰਮਨਦੀਪ ਸਿੰਘ ਖ਼ਾਲਸਾ ਦਾ ਸੁਨੇਹਾ ਸੀ ਕਿ ਉਹਨਾਂ ਨੂੰ ਗਿਆਨੀ ਅਮ੍ਰੀਕ ਸਿੰਘ ਜੀ ਤੋਂ ਪਤਾ ਲੱਗਾ ਹੈ ਕਿ ਮੈਂ (ਉਸ ਦਾ ਤਾਇਆ) ਸਾਈਪਰਸ ਵਿਚ ਬਿਪਤਾ ਵਿਚ ਹਾਂ। ਮੈਂ ਫੌਰਨ ਜਵਾਬ ਦਿਤਾ ਕਿ ਮੈਂ ਤਾਂ ਗੁਰੂ ਜੀ ਦੀ ਕਿਰਪਾ ਨਾਲ਼, ਏਥੇ ਜਰਮਨੀ ਦੇ ਸ਼ਹਿਰ ਲਾਇਪਸ਼ਿਗ ਵਿਚ ਬੈਠਾ ਹਾਂ। ਉਸ ਦਾ ਮੁੜਦੀ ਡਾਕੇ ਜਵਾਬ ਆਇਆ ਕਿ ਗਿਆਨੀ ਜੀ ਤਾਂ ਵੈਸਟਰਨ ਯੂਨੀਅਨ ਰਾਹੀਂ ਸਾਢੇ ਅੱਠ ਸੌ (੮੫੦) ਯੂਰੋ ਮੈਨੂੰ ਭੇਜ ਵੀ ਚੁੱਕੇ ਹਨ। ਮੈਂ ਇਸ ਨੂੰ ਮਖੌਲ ਹੀ ਸਮਝਿਆ ਤੇ ਪੁੱਛਿਆ ਕਿ ਕਿਸ ਨੂੰ ਤੇ ਕਿੱਥੇ ਭੇਜੇ ਹਨ? ਮੁੜਦੀ ਚਿੱਠੀ ਰਾਹੀਂ ਉਹਨਾਂ ਨੇ ਰਸੀਦ ਦੀ ਕਾਪੀ ਵੀ ਸਕੈਨ ਕਰਕੇ ਮੈਨੂੰ ਭੇਜ ਦਿਤੀ। ਪੈਸੇ ਵਸੂਲ ਵੀ ਹੋ ਗਏ ਸਨ ਤੇ ਮੇਰੇ ਵੱਲੋਂ, ਉਸ ਹੈਕਰ ਨੇ ਧੰਨਵਾਦ ਦੀ ਚਿੱਠੀ ਵੀ ਭੇਜ ਦਿਤੀ ਸੀ ਤੇ ੧੦੦੦ (ਇਕ ਹਜ਼ਾਰ) ਯੂਰੋ ਹੋਰ ਮੰਗ ਲਏ ਸਨ ਪਰ ਗਿਆਨੀ ਜੀ ਨੇ ਹੋਰ ਪੈਸੇ ਨਹੀਂ ਸੀ ਭੇਜੇ। ਸ਼ੁਕਰ ਹੈ!

ਕਾਰਨ ਇਹ ਹੋਇਆ ਕਿ ਹੈਕਰ ਨੇ, ਫੌਰਨ ਹੀ ਮੇਰੇ ਕੰਪਿਊਟਰ ਵਿਚਲੇ ਸਾਰੇ ਐਡਰੈਸਾਂ ਨੂੰ, ਮੇਰੇ ਬਿਪਤਾ ਵਿਚ ਫਸੇ ਹੋਣ ਦੀ ਝੂਠੀ ਖ਼ਬਰ ਦੱਸ ਕੇ, ਪੈਸੇ ਭੇਜਣ ਲਈ ਲਿਖ ਦਿਤਾ। ਗਿਆਨੀ ਜੀ ਨੇ ਪਿਆਰ ਤੇ ਇਤਬਾਰ ਵਿਚ ਆ ਕੇ ਯਤਨ ਕੀਤਾ ਮੈਨੂੰ ਫ਼ੋਨ ਰਾਹੀਂ ਸੰਪਰਕ ਕਰਨ ਦਾ ਪਰ ਮੇਰੇ ਪਾਸ ਫ਼ੋਨ ਹੀ ਨਹੀਂ ਸੀ ਤੇ ਉਹ ਸਮਝ ਰਹੇ ਸਨ ਕਿ ਮੈਂ ਸਾਈਪਰਸ ਵਿਚ ਫਸਿਆ ਪਿਆ ਹਾਂ। ਇਸ ਲਈ ਉਹਨਾਂ ਨੇ ਓਸੇ ਵੇਲ਼ੇ ਹੀ ਪੈਸੇ ਸਾਈਪਰਸ ਨੂੰ ਭੇਜ ਦਿਤੇ; ਕੁਝ ਆਪਣੇ ਕੋਲ਼ੋਂ ਤੇ ਕੁਝ ਮੇਰੇ ਭਤੀਜੇ ਕੋਲ਼ੋਂ ਹੁਦਾਰ ਲੈ ਕੇ। ਕੁਝ ਹੋਰ ਸੱਜਣਾਂ ਵੱਲੋਂ ਵੀ ਮੈਨੂੰ ਇਸ ਬਾਰੇ ਈ-ਮੇਲਾਂ ਆਈਆਂ ਕਿ ਕਿੰਨੇ ਪੈਸੇ ਭੇਜੀਏ! ਫਿਰ ਅਸੀਂ ਸੰਭਲ਼ ਚੁਕੇ ਸਾਂ। ਆਸ ਕੀਤੀ ਜਾ ਸਕਦੀ ਹੈ ਕਿ ਹੋਰ ਕੋਈ ਸੱਜਣ ਵੀ ਮੇਰੇ ਨਾਂ ਤੇ ਉਸ ਠੱਗ ਦੀ ਠੱਗੀ ਵਿਚ ਨਹੀਂ ਫਸਿਆ ਹੋਵੇਗਾ ਪਰ ਅਜੇ ਪਤਾ ਨਹੀਂ ਲੱਗ ਰਿਹਾ ਕਿਉਂਕਿ ਮੇਰੀਆਂ ਭੇਜੀਆਂ ਜਾ ਰਹੀਆਂ ਈ-ਮੇਲਾਂ ਵਾਪਸ ਮੁੜ ਰਹੀਆਂ ਹਨ। ਹੋ ਸਕਦਾ ਹੈ ਕਿ ਉਹਨਾਂ ਦੀਆਂ ਵੀ ਮੇਰੇ ਤੱਕ ਨਾ ਪੁਜਦੀਆਂ ਹੋਣ!

ਏਨੇ ਪੈਸੇ ਵੀ ਸਾਡੇ ਗਿਆਨੀਆਂ ਵਾਸਤੇ ਕੋਈ ਰਕਮ ਘਟ ਨਹੀਂ। ਮੈਂ ਪੈਨਸ਼ਨ ਤੇ ਹਾਂ ਅਤੇ ਦੂਜੇ ਗਿਆਨੀ ਜੀ ਗੁਰੂ ਘਰ ਦੀ ਸੇਵਾ ਵਿਚ ਹਨ ਪਰ ਸਭ ਤੋਂ ਵਧ ਦੁੱਖ ਆਪਸ ਵਿਚਲੀ ਬੇਇਤਬਾਰੀ ਦਾ ਹੈ ਕਿਉਂਕਿ ਮੇਰਾ ਭਤੀਜਾ ਅਤੇ ਗਿਆਨੀ ਜੀ ਸਮਝ ਰਹੇ ਹਨ ਕਿ ਪੈਸੇ ਮੈਂ ਹੀ ਪਰਾਪਤ ਕੀਤੇ ਹਨ ਤੇ ਹੁਣ ਸ਼ਾਇਦ ਮੈਂ ਵਾਪਸ ਦੇਣ ਤੋਂ ਮੁਕਰ ਰਿਹਾ ਹਾਂ। ਮੇਰੀਆਂ ਦਿਤੀਆਂ ਜਾ ਰਹੀਆਂ ਸਫਾਈਆਂ ਦਾ ਸ਼ਾਇਦ ਉਹਨਾਂ ਉਪਰ ਬਹੁਤਾ ਅਸਰ ਨਹੀਂ ਹੋ ਰਿਹਾ। ਮੈਂ ਹਰੇਕ ਈ-ਮੇਲ ਵਿਚ ਲਿਖ ਰਿਹਾ ਹਾਂ ਕਿ ਫਿਕਰ ਨਾ ਕਰੋ; ਆਪਾਂ ਤੁਹਾਨੂੰ ਨੁਕਸਾਨ ਨਹੀਂ ਹੋਣ ਦਿਆਂਗੇ। ਮੇਰੇ ਬੱਚਿਆਂ ਨੂੰ ਵੀ ਉਹਨਾਂ ਨੇ ਕਾਂਟੈਕਟ ਕੀਤਾ ਹੈ ਸਿਡਨੀ ਵਿਚ। ਬੱਚਿਆਂ ਵੱਲੋਂ ਵੀ ਗਿਆਨੀ ਜੀ ਨੂੰ ਭਰੋਸਾ ਦਿਵਾਇਆ ਗਿਆ ਹੈ ਪਰ ਉਹਨਾਂ ਨੂੰ ਭਰੋਸਾ ਹੋਇਆ ਕਿ ਨਹੀਂ, ਇਸ ਦਾ ਪਤਾ ਤਾਂ, ਤਾਂ ਹੀ ਲੱਗੇ ਜੇ ਮੇਰੀ ਮੇਲ ਦਾ ਉਹਨਾਂ ਵੱਲੋਂ ਜਵਾਬ ਆਵੇ! ਫਿਰ ਵਾਪਸ ਲੰਡਨ ਜਾਣ ਤੇ ਗਿਆਨੀ ਅਮ੍ਰੀਕ ਸਿੰਘ ਜੀ ਨਾਲ ਵਿਚਾਰ ਵਟਾਂਦਰਾ ਕਰਨ ਕਰਕੇ, ਉਹਨਾਂ ਨੂੰ ਅਸਲੀਅਤ ਦਾ ਪਤਾ ਲੱਗ ਗਿਆ ਕਿ ਇਹ ਵਾਕਿਆ ਹੀ ਸਾਡੇ ਨਾਲ਼ ਕਿਸੇ ਨੇ ਠੱਗੀ ਕੀਤੀ ਹੈ।

ਮੇਰੇ ਫ਼ੋਨ ਬਾਰੇ ਕੁਝ ਨਾ ਪੁਛੋ। ਇਹ ਬਹੁਤ ਵੱਡਾ ਮੇਰੇ ਵਾਸਤੇ ਐਕਸਪਲੇਨ ਕਰਨ ਦਾ ਝਮੇਲਾ ਹੈ। ਅੱਜ (੨੯ ਅਗਸਤ) ਮੈਂ ਯਤਨ ਕਰਾਂਗਾ ਕਿ ਏਥੇ ਨਿਊਰਨਬਰਗ, ਜਰਮਨੀ ਵਿਚ ਫ਼ੋਨ ਦਾ ਪ੍ਰਬੰਧ ਕਰਾਂ। ਫਿਰ ਗਿਆਨੀ ਜੀ ਨੂੰ ਬਾਜਵਾ ਜੀ ਦੇ ਫ਼ੋਨ ਤੋਂ ਰਿੰਗ ਕੀਤਾ ਵੀ ਸੀ ਪਰ ਉਹ ਚੁੱਕ ਨਹੀਂ ਸਨ ਸਕੇ। ੩੦ ਅਗਸਤ ਸ਼ੁਕਰਵਾਰ ਨੂੰ, ਆਸ ਹੈ ਕਿ ਮੈਂ ਏਥੋਂ ਅਗਲੇ ਕਿਸੇ ਸ਼ਹਿਰ ਨੂੰ ਤੁਰ ਪਵਾਂਗਾ।

ਪੈਸਿਆਂ ਦੀ ਤਾਂ ਖਾਧੀ ਕੜ੍ਹੀ। ਇਸ ਤੋਂ ਕਿਤੇ ਵਧ ਤੇ ਕਈ ਵਾਰ ਨੁਕਸਾਨ ਉਠਾਏ ਪਰ ਮੇਰੇ ਨਾਂ ਤੇ ਕਿਸੇ ਮਿੱਤਰ ਦਾ ਧੋਖੇ ਵਿਚ

ਫਸ ਜਾਣਾ ਤੇ ਫਿਰ ਪਰਸਪਰ ਬੇਇਤਬਾਰੀ ਹੋ ਜਾਣੀ; ਵਧੇਰੇ ਦੁਖਦਾਇਕ ਹੈ। ਮੈਂ ਵੀਰਵਾਰ (੨੨ ਅਗਸਤ) ਦੁਪਹਿਰ ਤੋਂ ਪਿੱਛੋਂ ਤੋਂ ਲੈ ਕੇ ਹੁਣ ਤੱਕ, ਤਕਰੀਬਨ ਬਹੁਤਾ ਸਮਾ ਇਸ ਉਪਰ ਹੀ ਖ਼ਰਚ ਕਰ ਰਿਹਾ ਹਾਂ ਤਾਂ ਕਿ ਬਾਕੀ ਸੱਜਣ ਇਸ ਧੋਖੇ ਤੋਂ ਬਚ ਜਾਣ। ਮੈਂ ਸਾਰਿਆਂ ਦੇ ਨੁਕਸਾਨ ਦੀ ਪੂਰਤੀ ਕਰਨ ਦੀ ਹਾਲਤ ਵਿਚ ਨਹੀਂ ਹਾਂ। ਖ਼ੁਦ ਨੂੰ ਬਥੇਰਾ ਹੌਸਲਾ ਦੇ ਰਿਹਾ ਹਾਂ ਪਰ ਮਨ ਢਹਿੰਦੀਕਲਾ ਵਿਚ ਹੀ ਜਾ ਰਿਹਾ ਹੈ। ੭੧ ਸਾਲ ਦੀ ਉਮਰ, ਮੁੱਦਤਾਂ ਤੋਂ ਸ਼ੂਗਰ ਦਾ ਮਰੀਜ਼ ਸਰੀਰ ਹੋਣ ਕਰਕੇ, ਇਸ ਘਟਨਾ ਦਾ, ਮਨ ਅਤੇ ਤਨ ਤੇ ਮਾੜਾ ਅਸਰ ਪੈ ਰਿਹਾ ਹੈ। ਕੁਝ ਸਾਲ ਪਹਿਲਾਂ ਇਕੱਠਾ ਹੀ ਦਸ ਹਜ਼ਾਰ ਡਾਲਰ ਗਵਾਚ ਗਿਆ ਸੀ ਤੇ ਮੈਂ ਇਸ ਨੁਕਸਾਨ ਨੂੰ ਵੀ ਚੁਟਕਲਾ ਹੀ ਬਣਾ ਕੇ ਪਰਵਾਰ ਅਤੇ ਸੱਜਣਾਂ ਨੂੰ ਦੱਸਦਾ ਸਾਂ ਤੇ ਹਰੇਕ ਸੁਣਨ ਵਾਲ਼ਾ ਇਸ ਨੂੰ ਸਿਰਫ਼ ਚੁਟਕਲਾ ਹੀ ਸਮਝ ਕੇ ਮੁਸਕਰਾ ਦਿੰਦਾ ਸੀ ਤੇ ਮੇਰੇ ਮਨ ਤੇ ਵੀ ਇਸ ਨੁਕਸਾਨ ਦਾ ਕੋਈ ਮਾੜਾ ਅਸਰ ਨਹੀਂ ਸੀ। ਇਸ ਸਾਰੀ ਘਟਨਾ ਬਾਰੇ ਮੈਂ ਲੇਖ ਵੀ ਲਿਖ ਦਿਤਾ ਸੀ: 'ਦਸ ਹਜ਼ਰ ਦਾ ਘਾਟਾ'। ਇਹ ਲੇਖ 'ਸਿੱਖ ਮਾਰਗ ਡਾਟ ਕੌਮ' ਸਕਿਹਮੌਰਗ.ਚੋਮ ਤੇ ਵੀ ਪੜ੍ਹਿਆ ਜਾ ਸਕਦਾ ਹੈ। ਪਤਾ ਨਹੀਂ ਹੁਣ ਕਿਉਂ ਏਨਾ ਮਾੜਾ ਅਸਰ ਮਨ ਤੇ ਪੈ ਰਿਹਾ ਹੈ! ਓਦੋਂ ਤੋਂ ਨਾ ਭੁੱਖ ਲੱਗ ਰਹੀ ਹੈ ਤੇ ਨਾ ਮਨ ਨੂੰ ਚੈਨ ਆ ਰਿਹਾ ਹੈ। ਸ਼ਾਇਦ ਇਸ ਢਹਿੰਦੀਕਲਾ ਵਿਚ ਇਸ ਗੱਲ ਦਾ ਵੀ ਭਾਰਾ ਹਿੱਸਾ ਹੋਵੇ ਕਿ ਇਕ ਮਿੱਤਰ ਦਾ ਮੇਰੇ ਵਿਚ ਯਕੀਨ ਨਹੀਂ ਰਿਹਾ!

ਅਜਿਹੀਆਂ ਲੋਟੂ ਈ-ਮੇਲਾਂ ਤਾਂ ਮੈਨੂੰ ਕਈ ਸਾਲਾਂ ਤੋਂ ਆ ਰਹੀਆਂ ਹਨ। ਮੈਂ ਉਹਨਾਂ ਨੂੰ ਪੜ੍ਹਨ ਤੋਂ ਬਿਨਾ ਹੀ ਡੀਲੀਟ ਕਰ ਦਿੰਦਾ ਹਾਂ। ਸਭ ਤੋਂ ਪਹਿਲਾਂ, ੨੦੦੪ ਵਿਚ, ਮੈਨੂੰ ਮੇਰੇ ਮਿੱਤਰ ਡਾ. ਮਨਜੀਤ ਸਿੰਘ ਬੱਲ, ਰਾਜਿੰਦਰਾ ਹਸਪਤਾਲ ਪਟਿਆਲਾ, ਵੱਲੋਂ ਆਈ ਕਿ ਉਹ ਨਾਇਜੀਰੀਆ ਦੇ ਹੋਟਲ ਵਿਚ ਫਸ ਗਏ ਹਨ ਤੇ ਮੈਂ ਉਹਨਾਂ ਨੂੰ ੨੫੦੦ ਢਾਈ ਹਜ਼ਾਰ ਡਾਲਰ ਫੌਰਨ ਵੈਸਟਰਨ ਯੂਨੀਅਨ ਰਾਹੀਂ ਭੇਜਾਂ। ਉਸ ਸਮੇ ਮੈਂ ਫੌਰਨ ਭੇਜਣ ਲਈ ਤਿਆਰ ਹੋ ਗਿਆ ਪਰ ਘਰ ਤੋਂ ਚਾਰ ਹਜ਼ਾਰ ਮੀਲ ਦੂਰ, ਪਰਥ ਸ਼ਹਿਰ ਵਿਚ ਹੋਣ ਕਰਕੇ, ਮੇਰੇ ਪਾਸ ਪੈਸੇ ਨਹੀਂ ਸਨ। ਮੈਂ ਆਪਣੇ ਪੁੱਤਰ ਸੰਦੀਪ ਸਿੰਘ ਨੂੰ ਆਖਿਆ ਕਿ ਉਹ ਹੁਣੇ ਹੀ ਪੈਸੇ ਭੇਜ ਦੇਵੇ। ਉਸ ਨੇ ਦੱਸਿਆ ਕਿ ਇਹ ਠੱਗੀ ਹੈ। ਫਿਕਰ ਨਾ ਕਰੋ। ਪੈਸੇ ਨਹੀਂ ਭੇਜਣੇ। ਪਰ ਮੈਨੂੰ ਚੈਨ ਨਾ ਆਇਆ ਤੇ ਮੈਂ ਪਟਿਆਲੇ ਸ. ਕੁਲਦੀਪ ਸਿੰਘ ਹੋਰਾਂ ਨੂੰ ਫ਼ੋਨ ਰਾਹੀਂ ਕਿਹਾ ਕਿ ਉਹ ਓਸੇ ਸਮੇ ਹੀ ਡਾਕਟਰ ਸਾਹਿਬ ਦੇ ਘਰ ਜਾ ਕੇ, ਪਤਾ ਕਰਕੇ ਮੈਨੂੰ ਦੱਸਣ। ਉਹਨਾਂ ਦਾ ਕੁਝ ਘੰਟਿਆਂ ਬਾਅਦ ਹੀ ਜਵਾਬ ਆ ਗਿਆ ਕਿ ਡਾਕਟਰ ਸਾਹਿਬ ਜੀ ਤਾਂ ਆਪਣੇ ਘਰ ਵਿਚ ਆਰਾਮ ਸਹਿਤ ਹਨ; ਤੁਸੀਂ ਬੇਫਿਕਰ ਹੋਵੋ।

ਇਸ ਤਰ੍ਹਾਂ ਮੈਂ ਤਾਂ, ਮੇਰੇ ਕੋਲ਼ ਉਸ ਸਮੇ ਪੈਸੇ ਨਾ ਹੋਣ ਕਰਕੇ, ਬਚ ਗਿਆ ਪਰ ਮੇਰੇ ਮਿੱਤਰ ਗਿਆਨੀ ਅਮ੍ਰੀਕ ਸਿੰਘ ਜੀ ਇਮਾਨਦਾਰੀ ਕਰਕੇ ਫਸ ਗਏ।

ਸਿਡਨੀ ਤੋਂ ਇਕ ਹੋਰ ਸੁਹਿਰਦ ਸੱਜਣ ਗਿਆਨੀ ਇਕਬਾਲ ਸਿੰਘ ਜੀ ਨੇ ਪੁੱਛਿਆ ਹੈ ਕਿ ਕਿੰਨੇ ਪੈਸੇ ਭੇਜਾਂ। ਮੇਰੇ ਪੁੱਤਰ ਨੇ ਉਸ ਨੂੰ ਰੋਕਿਆ। ਲੂਟਨ (ਯੂ.ਕੇ.) ਤੋਂ ਗਿਆਨੀ ਜਗਜੀਤ ਸਿੰਘ ਅਨੰਦ ਜੀ ਨੇ, ਕਿਸੇ ਤਰ੍ਹਾਂ 'ਮੀਡੀਆ ਪੰਜਾਬ' ਵਾਲ਼ੇ ਬਾਜਵਾ ਜੀ ਦਾ ਫ਼ੋਨ ਲਭ ਕੇ, ਮੈਨੂੰ ਰਿੰਗ ਕਰ ਲਿਆ ਤੇ ਬਚ ਗਏ। ਹੋਰ ਪਤਾ ਨਹੀਂ ਸਾਰੇ ਸੰਸਾਰ ਵਿਚ ਕਿੰਨੇ ਮੇਰੇ ਸੱਜਣ ਤੇ ਸਹਾਇਕ, ਇਹ ਈ-ਮੇਲ ਪੜ੍ਹ ਕੇ, ਤੜਫ਼ ਰਹੇ ਹੋਣਗੇ ਜਾਂ ਠੱਗ ਦੀ ਠੱਗੀ ਵਿਚ ਆ ਗਏ ਹੋਣਗੇ, ਅਜੇ ਪਤਾ ਨਹੀਂ ਲੱਗ ਰਿਹਾ। ਮੇਰੀਆਂ ਈ-ਮੇਲਾਂ ਉਹਨਾਂ ਨੂੰ ਨਹੀਂ ਜਾ ਰਹੀਆਂ ਤੇ ਨਾ ਹੀ ਉਹਨਾਂ ਵੱਲੋਂ ਮੈਨੂੰ ਆ ਰਹੀਆਂ ਹਨ।

ਆਸਟ੍ਰੇਲੀਆ ਵਿਚ ਥੋਹੜੇ ਦਿਨ ਹੋਏ ਨੇ ਮੇਰੇ ਇਕ ਮਿੱਤਰ, ਇਨਕਮ ਟੈਕਸ ਮਹਿਕਮੇ ਦੇ ਨਾਂ ਤੇ, ੧੫੦੦੦ ਪੰਦਰਾਂ ਹਜ਼ਾਰ ਦੀ ਠੱਗੀ ਖਾ ਚੁੱਕੇ ਹਨ। ਐਡੀਲੇਡ ਤੋਂ ਇਕ ਨੌਜਵਾਨ ਗਿਆਨੀ ਜੀ ਏਸੇ ਤਰ੍ਹਾਂ ਦੀ ਠੱਗੀ ਵਿਚ ਫਸ ਚੱਲੇ ਸਨ ਪਰ ਠੱਗ ਦੀ ਬਦਕਿਸਮਤੀ ਕਿ ਉਹ ਫਸਣ ਤੋਂ ਪਹਿਲਾਂ ਮੈਨੂੰ ਦੱਸ ਬੈਠੇ। ਮੈਂ ਬੜੇ ਹੀ ਯਤਨਾਂ ਨਾਲ਼ ਉਹਨਾਂ ਨੂੰ, ਇਸ ਠੱਗੀ ਵਿਚ ਫਸਣ ਤੋਂ, ਬਚਾ ਸਕਿਆ ਕਿਉਂਕਿ ਉਹਨਾਂ ਨੂੰ ਯਕੀਨ ਹੀ ਨਹੀਂ ਸੀ ਆ ਰਿਹਾ ਕਿ ਇਹ ਠੱਗੀ ਹੈ। ਉਹ ਸਗੋਂ ਦਲੀਲਾਂ ਦੇ ਦੇ ਕੇ ਮੈਨੂੰ ਸਮਝਾਉਂਦੇ ਰਹੇ।

ਭਾਵੇਂ ਕਿ ਇਹ 'ਸਿਖਿਆ' ਹੁਣ, ਸੱਪ ਨਿਕਲ਼ ਜਾਣ ਪਿੱਛੋਂ ਲਕੀਰ ਨੂੰ ਕੁੱਟਣ ਵਾਂਙ ਹੀ ਹੈ ਪਰ ਸ਼ਾਇਦ ਫਿਰ ਵੀ ਕਿਸੇ ਦੇ ਕੰਮ ਆ ਜਾਵੇ!

ਇਹ ਜਾਣ ਲਵੋ ਕਿ ਅਜਿਹੀਆਂ ਸਹਾਇਤਾ ਵਾਸਤੇ ਈ-ਮੇਲਾਂ ਮੁੱਦਤਾਂ ਤੋਂ ਆ ਰਹੀਆਂ ਹਨ ਪਰ ਅੱਜ ਤੱਕ ਇਹਨਾਂ ਵਿਚੋਂ ਇਕ ਵੀ ਸੱਚੀ ਨਹੀਂ ਹੋਈ। ਸਭ ਝੂਠੀਆਂ ਹੁੰਦੀਆਂ ਹਨ। ਕਦੀ ਵੀ ਕਿਸੇ ਵੱਲੋਂ ਸਹਾਇਤਾ ਮੰਗਣ, ਲਾਟਰੀ ਨਿਕਲਣ, ਇਨਕਮ ਟੈਕਸ ਵੱਲੋਂ ਪੈਸੇ ਦੇਣ, ਹਿੱਸਾ ਦੇਣ ਦਾ ਲਾਲਚ ਦੇ ਕੇ ਤੁਹਾਡਾ ਬੈਂਕ ਅਕਾਊਂਟ ਵਰਤਣ ਵਾਸਤੇ, ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਲਾਲਚ ਦੀ ਈ-ਮੇਲ ਆਵੇ ਤਾਂ ਬਿਨਾ ਪੜ੍ਹੇ ਹੀ ਉਸ ਨੂੰ ਡੀਲੀਟ ਕਰ ਦਿਓ। ਕੁਝ ਵੀ ਹੋਰ ਸੋਚਣ ਦੀ ਲੋੜ ਨਹੀਂ। ਇਸ ਵਿਚ ਬਿਨਾ ਠੱਗੀ ਤੋਂ ਹੋਰ ਕੁਝ ਨਹੀਂ ਹੁੰਦਾ।

ਹੈਕਰ ਨੇ ਮੇਰੇ ਈ-ਐਡਰੈਸ ਵਿਚ ਦੋ ਤਬਦੀਲੀਆਂ ਕਰਕੇ, ਨਵਾਂ ਈ ਐਡਰੈਸ ਬਣਾ ਕੇ ਭੇਜਣਾ ਸ਼ੁਰੂ ਕਰ ਦਿਤਾ ਸੀ। ਮੇਰਾ ਸਹੀ ਈ-ਐਡਰੈਸ ਉਪਰ ਮੇਰੇ ਨਾਂ ਥੱਲੇ ਹੈ ਅਤੇ ਉਸ ਨੇ ਜੋ ਬਦਲ ਕੇ ਮੇਰੇ ਨਾਂ ਤੇ ਐਡਰੈਸ ਬਣਾਇਆ ਹੈ, ਉਹ ਇਉਂ ਹੈ:

**gianisantokhsingh1@yahoo.com**

ਇਸ ਵਿਚ ਉਸ ਨੇ ਦੋ ਤਬਦੀਲੀਆਂ ਕਰ ਦਿਤੀਆਂ ਹਨ। ਸਿੰਘ ਦੇ ਪਿਛੇ 1 ਲਾ ਦਿਤਾ ਹੈ ਤੇ ਅਖੀਰ ਵਾਲ਼ਾ au ਉਡਾ ਦਿਤਾ ਹੈ।
੨੬.੮.੧੩

ਮੇਰੇ ਪੁਤਰ ਦੇ ਯਤਨ ਕਰਨ ਕਰਕੇ ਈ-ਮੇਲ ਮੇਰਾ ਖੁਲ੍ਹ ਗਿਆ ਹੈ ਤੇ ਕਈ ਸੱਜਣਾਂ ਵੱਲੋਂ ਚਿੱਠੀਆਂ ਆਈਆਂ ਸਨ ਜਿਨ੍ਹਾਂ ਨੇ ਪੈਸੇ ਕਿੰਨੇ ਭੇਜਣ ਬਾਰੇ ਪੁੱਛਿਆ ਹੈ। ਮੈਂ ਸਭਨਾਂ ਨੂੰ ਪੈਸੇ ਨਾ ਭੇਜਣ ਬਾਰੇ ਜਵਾਬ ਦਈ ਜਾ ਰਿਹਾ ਹਾਂ। ਸ਼ੁਕਰ ਹੈ ਕਿ ਅਜੇ ਤੱਕ ਹੋਰ ਕਿਸੇ ਸੱਜਣ ਵੱਲੋਂ ਇਸ ਠੱਗੀ ਵਿਚ ਫਸਣ ਦੀ ਖ਼ਬਰ ਨਹੀਂ ਆਈ।

ਕਿਰਪਾ ਕਰਕੇ ਮੇਰੇ ਸਾਰੇ ਜਾਣੂੰ ਸੱਜਣ ਇਹ ਭਲੀ ਭਾਂਤ ਜਾਣ ਲੈਣ ਕਿ ਮੈਂ ਆਰਥਿਕ ਤੌਰ ਤੇ ਇਸ ਅਵਸਥਾ ਵਿਚ ਨਹੀਂ ਹਾਂ ਕਿ ਸਾਰੇ ਸੁਹਿਰਦ ਸੱਜਣਾਂ ਦੇ ਮਾਇਕ ਘਾਟੇ ਦੀ ਪੂਰਤੀ ਕਰ ਸਕਾਂ। ਇਸ ਲਈ ਅੱਗੇ ਤੋਂ ਸਾਵਧਾਨੀ ਵਰਤਣ।

Dear Giani ji,

I deleted that "SCAM" email.

Regarding you, I am aware of the following and please tell all your friends:

"If Giani Santokh Singh gets robbed and even loses all his clothes, he is still capable of looking after himself.

And will never ask for help via email."

There is Russian Mafia also known as Nigerian scam which does that.

People must not send money via Western Union.

Any money sent by Western Union is only by number and not any other identification.

Regards,

Harcharan Singh Grewal

myrI ic`TI dw pRo. virAwm isMG jI v`loN A`gy iliKAw auqr AwieAw:

Sent: Friday, 30 August 2013 12:20 PM

swad ta'n c j mere ton vadh d thaggi khande. lakh d tusi khadhi lakh d mai'n. ih ta'n brabar da hisab hoiya. tuhade vadde giani hon da ki faiada je tuhada 'thaggi standarad' sade hamatara'n varga e hona e ta'?

khair! iss mahine da parcha ta chhapan ja chukka e. hun october de parche ch vekhi jaoo. Waryam Singh

ਡਾਕਟਰ ਸਾਹਿਬ ਜੀ ਨੂੰ ਮੇਰਾ ਜਵਾਬ

Ha!! ha! ha! Ji!

Tuhage verge uch dumalrhe sahikar nal mere verge da ki mukabla?

Hansan naal tateehri kion sake dourhi?

Kithe raja bhoj te kithe ganga teli?

ਸਾਵਧਾਨ!

ਉਹ ਹੈਕਰ ਅਜੇ ਵੀ ਪੈਸੇ ਮੰਗੀ ਜਾ ਰਿਹਾ ਹੈ ਕਿਉਂਕਿ ਉਸ ਨੇ ਮੇਰੇ ਮਿੱਤਰਾਂ ਦੇ ਸਿਰਨਾਵੇਂ ਕਾਪੀ ਕਰ ਲਏ ਹਨ ਤੇ ਮੇਰੇ ਈ-ਐਡਰੈਸ ਵਿਚ ਤਬਦੀਲੀ ਕਰਕੇ, ਮੇਰੇ ਮਿੱਤਰਾਂ ਨੂੰ ਲਿਖੀ ਜਾ ਰਿਹਾ ਹੈ।

ਮੇਰੀ ਬੇਨਤੀ ਹੈ ਕਿ ਕਿਸੇ ਨੂੰ ਵੀ ਪੈਸੇ ਨਾ ਭੇਜੋ।

ਪਿਆਰੇ ਡਾਕਟਰ ਵਰਿਆਮ ਸਿੰਘ ਜੀ

ਤੁਹਾਡੇ ਮਿੱਤਰਾਂ ਵਾਂਗ ਹੀ, ਮੇਰੇ ਮਿੱਤਰ ਪਿਆਰੇ ਵੀ, ਇਸ ਠੱਗੀ ਦੇ ਜਾਲ਼ ਵਿਚ ਫਸ ਗਏ ਪਰ ਸਮੇ ਸਿਰ ਕਾਰਵਾਈ ਕਰਨ ਨਾਲ, ਇਕ ਤੋਂ ਬਿਨਾ, ਬਾਕੀ ਬਹੁਤ ਸਾਰੇ ਬਚ ਗਏ।

ਉਹ ਏਨਾ ਜਿਦੀ ਠੱਗ ਹੈ ਕਿ ਅਜੇ ਵੀ ਮੇਰੇ ਮਿੱਤਰਾਂ ਪਾਸੋਂ ਪੈਸੇ ਮੰਗੀ ਜਾ ਰਿਹਾ ਹੈ। ਬਹੁਤ ਸਾਰੇ ਸਨੇਹੀਆਂ ਵੱਲੋਂ ਅਜੇ ਵੀ ਚਿੱਠੀਆਂ ਆਈ ਜਾ ਰਹੀਆਂ ਹਨ ਕਿ ਦੱਸੋ ਪੈਸੇ ਕਿੰਨੇ ਭੇਜੀਏ!

ਮੈਂ ਹੈਰਾਨ ਹਾਂ ਕਿ ਮੇਰੇ ਮਿੱਤਰ ਏਨੇ ਸਿੱਧਰੇ ਹਨ ਕਿ ਉਹ ਅਜਿਹੀ ਹਰ ਰੋਜ ਵਾਪਰਨ ਵਾਲ਼ੀ ਠੱਗੀ ਤੋਂ ਵੀ ਅਣਜਾਣ ਹਨ, ਜਿਸ ਠੱਗੀ ਤੋਂ ਮੈਂ ਆਪਣੇ ਬੱਚਿਆਂ ਦੀ ਸਹਾਇਤਾ ਨਾਲ਼, ੨੦੦੪ ਤੋਂ ਹੀ ਜਾਣੂ ਹੋ ਕੇ ਬਚ ਚੁੱਕਾ ਹਾਂ! ਠੀਕ ਹੀ ਕਿਸੇ ਨੇ ਆਖਿਆ ਸੀ, ''ਸਭ ਭੈੜੇ ਭੈੜੇ ਯਾਰ ਮੇਰੀ ਫੱਤੋ ਦੇ।'' ਇਸ ਕੇਸ ਵਿਚ, ''ਸਭ ਸਿਧੜ ਸਿਧੜ ਯਾਰ ਮੇਰੇ ਗਿਆਨੀ ਦੇ।''

'ਸੀਰਤ' ਲਈ ਕੁਝ ਨਵਾਂ ਨਹੀਂ ਲਿਖ ਸਕਿਆ। ਕੁਝ ਸਫ਼ਰ ਕਰਕੇ, ਕੁਝ ਦਲਿੱਦਰ ਕਰਕੇ ਅਤੇ ਕੁਝ ਇਸ ਠੱਗੀ ਵਾਲੇ ਚੱਕਰ ਕਰਕੇ। ਅਜਿਹੀ ਠੱਗੀ ਤੋਂ ਬਚਣ ਲਈ, ਇਸ ਜਾਣਕਾਰੀ ਭਰਪੂਰ ਪੱਤਰ ਨੂੰ ਛਾਪ ਸਕੋ ਤਾਂ ਅਹੋ ਭਾਗ! 'ਸੀਰਤ' ਦੇ ਅਗਲੇ ਨੰਬਰ ਲਈ ਜਰੂਰ ਹੀ ਕੁਝ ਝਰੀਟਾਂਗਾ ਜੀ। ਜਵਾਬ ਭਾਵੇਂ ਇਕ ਅੱਖਰੀ ਹੀ ਹੋਵੇ, ਜਰੂਰ ਦੇਣਾ ਜੀ। ਇਸ ਸਾਰੀ 'ਘਾਣੀ' ਬਾਰੇ ਸਿਡਨੀ ਤੋਂ ਇਕ ਸੱਜਣ ਨੇ ਇਹ ਚੁਟਕੀ ਵੀ ਲਈ:

''ਚਲੋ, ਇਸ ਬਹਾਨੇ ਸਾਨੂੰ ਪਤਾ ਲੱਗ ਗਿਆ ਕਿ ਸਾਡੇ ਗਿਆਨੀ ਤੋਂ ਕੋਈ ਉਸ ਦਾ ਮਿੱਤਰ ਇਕ ਲੱਖ ਰੁਪਇਆ ਵਾਰ ਵੀ ਸਕਦਾ ਹੈ। ਯਾਦ ਰਹੇ ਕਿ ਹਾਥੀ ਜੀਂਦੇ ਦਾ ਇਕ ਲੱਖ ਹੀ ਮੁੱਲ ਹੁੰਦਾ ਹੈ। ਸਵਾ ਲੱਖ ਦਾ ਹੋਣ ਲਈ ਉਸ ਨੂੰ ਪਹਿਲਾਂ ਮਰਨਾ ਪੈਂਦਾ ਹੈ। ਰੱਬ ਕਰੇ, ਸਾਡਾ ਗਿਆਨੀ ਚਿੱਟਾ ਹਾਥੀ ਨਾ ਸਾਬਤ ਹੋਵੇ!

ਸ਼ੁਭਚਿੰਤਕ

ਸੰਤੋਖ ਸਿੰਘ

ਨਿਊਰਨਬਰਗ, ਜਰਮਨੀ ਤੋਂ

ਇਸ ਰਕਮ ਦਾ ਵੱਡਾ ਭਾਗ ਮੈਂ ਸਾਊਥਹਾਲੋਂ ਤੁਰਨ ਤੋਂ ਪਹਿਲਾਂ ਗਿਆਨੀ ਅਮ੍ਰੀਕ ਸਿੰਘ ਜੀ ਨੂੰ ਦੇ ਆਇਆ ਸਾਂ ਤੇ ਬਾਕੀ ਬਚਦਾ ਭਾਗ ਵੀ, ਪੰਜਾਬ ਪਹੁੰਦਿਆਂ ਹੀ, ਆਪਣੇ ਚਚੇਰੇ ਭਰਾ, ਸ. ਹਰਬੰਸ ਸਿੰਘ ਨਾਲ਼ ਹਿਸਾਬ ਕਰਕੇ, ਸਾਊਥਾਲ ਵਿਚ, ਗਿਆਨੀ ਅਮ੍ਰੀਕ ਸਿੰਘ ਜੀ ਦੇ ਨਾਲ਼ ਹੀ ਰਹਿ ਰਹੇ, ਉਸ ਦੇ ਸਪੁੱਤਰ ਕਾਕਾ ਰਮਨਦੀਪ ਸਿੰਘ ਖ਼ਾਲਸਾ ਰਾਹੀਂ, ਗਿਆਨੀ ਜੀ ਨੂੰ ਅੱਪੜਦੇ ਕਰ ਦਿਤੇ ਹਨ। ਇਸ ਤਰ੍ਹਾਂ ਆਪਣੇ ਮਿੱਤਰ ਵੱਲੋਂ, ਪਿਆਰ ਤੇ ਇਤਬਾਰ ਵਿਚ ਖਾਧੇ ਗਏ ਧੋਖੇ 'ਚੋਂ, ਇਕ ਰੁਪਏ ਦਾ ਵੀ ਉਹਨਾਂ ਨੂੰ ਨੁਕਸਾਨ ਨਹੀਂ ਹੋਣ ਦਿਤਾ। ਸਾਰੇ ਦਾ ਸਾਰਾ ਨੁਕਸਾਨ ਮੈਂ ਆਪਣੇ ਸਿਰ ਲੈ ਕੇ ਉਹਨਾਂ ਦਾ ਘਾਟਾ ਪੂਰਾ ਕਰ ਦਿਤਾ, ਜੋ ਕਿ ਇਕ ਲੱਖ ਰੁਪਏ ਦੇ ਕਰੀਬ ਬਣਦਾ ਸੀ।

# ਗ੍ਰਿਫ਼ਿਥ ਦੀਆਂ ਅਠਾਰਵੀਆਂ ਸਿੱਖ ਖੇਡਾਂ

ਸੋਚ ਰਿਹਾ ਸਾਂ ਕਿ ਇਸ ਵਾਰੀ ਗ੍ਰਿਫ਼ਿਥ ਦੇ ਸਾਲਾਨਾ ਸ਼ਹੀਦੀ ਟੂਰਨਾਮੈਂਟ ਵਿਚ ਸ਼ਾਮਲ ਹੋਣ ਲਈ ਜਾਵਾਂ ਕਿ ਨਾ। ਬੁੱਢੇ ਵਾਰੇ ਇਹ ਮੈਨੂੰ ਖ਼ਫ਼ਤ ਜਿਹਾ ਹੀ ਹੋ ਗਿਆ ਹੈ ਕਿ ਗੁਰਮੁਖੀ ਅੱਖਰਾਂ ਵਿਚ ਅਤੇ ਸਮਝ ਆਉਣ ਵਾਲ਼ੀ ਪੰਜਾਬੀ ਬੋਲੀ ਵਿਚ ਲਿਖੀਆਂ ਆਪਣੀਆਂ ਕਿਤਾਬਾਂ ਨੂੰ, ਇਸ ਜਹਾਨੋ ਕੂਚ ਕਰਨ ਤੋਂ ਪਹਿਲਾਂ ਪਹਿਲਾਂ, ਵਧ ਤੋਂ ਵਧ ਪਾਠਕਾਂ ਦੇ ਹੱਥਾਂ ਤੱਕ ਪੁਚਾ ਸਕਾਂ। ਇਸ ਕਾਰਜ ਲਈ ਅਜਿਹੇ ਮੇਲਿਆਂ ਤੋਂ ਚੰਗੇਰਾ ਹੋਰ ਮੌਕਾ ਕੇਹੜਾ ਮਿਲ਼ ਸਕਦਾ ਹੈ, ਜਿਥੇ ਕਿ ਦੂਰ ਦੁਰਾਡੇ ਸ਼ਹਿਰਾਂ ਤੋਂ ਆਏ ਪਾਠਕਾਂ ਦੇ ਹੱਥਾਂ ਵਿਚ ਇਹ ਕਿਤਾਬਾਂ ਇਕੋ ਥਾਂ ਤੋਂ ਹੀ ਪੁਚਾਈਆਂ ਜਾ ਸਕਦੀਆਂ ਹਨ। ਇਸ ਤਰ੍ਹਾਂ ਕਰਨ ਨਾਲ਼ ਵੱਖ ਵੱਖ ਸ਼ਹਿਰਾਂ ਵਿਚ ਜਾਣ ਵਾਲ਼ੇ ਸਫ਼ਰ ਅਤੇ ਕਰਾਏ ਦੇ ਖ਼ਰਚ ਦੀ ਬੱਚਤ ਹੋ ਜਾਂਦੀ ਹੈ; ਪਰ ਦੂਜੇ ਪਾਸੇ ਪਾਲ਼ੇ ਤੋਂ ਵੀ ਡਰਦਾ ਸਾਂ। ਪਰਥ ਵਾਲ਼ੀਆਂ ਗੇਮਾਂ ਸਮੇ, ਜਦੋਂ ਇਹ ਐਲਾਨ ਹੋਇਆ ਕਿ ਅਗਲੇ ਸਾਲ ਇਹ ਖੇਡਾਂ ਵੂਲਗੂਲਗੇ ਵਿਖੇ ਹੋਣਗੀਆਂ ਤਾਂ ਮੈਂ ਆਖਿਆ ਕਿ ਮੈਂ ਵੀ ਓਥੇ ਉਸ ਸਮੇ ਆਵਾਂਗਾ। ਲਾਗੋਂ ਹੀ ਅਮਨਦੀਪ ਸਿਧੂ ਨੇ ਝੱਟ ਚੁਟਕੀ ਲਈ, "ਜੇ ਤੂੰ ਸਿਆਲ਼ ਕੱਢ ਗਿਆ, ਤਾਇਆ ਤਾਂ!" ਗੱਲ ਤਾਂ ਭਤੀਜ ਦੀ ਠੀਕ ਹੀ ਸੀ। ਪੰਗਾ ਲੈ ਲਿਆ ਮੈਲਬਰਨ ਤੋਂ ਪਰਥ ਕਾਰ ਰਾਹੀਂ ਜਾਣ ਦਾ। ਜਾਂਦੇ ਸਮੇ ਤਾਂ ਪਹੁੰਚ ਗਏ ਪਰ ਮੁੜਦਿਆਂ ਰਸਤੇ ਵਿਚ ਮੈਂ ਪੈਂਚਰ (ਕਾਰ ਨਹੀਂ, ਮੈਂ ਖ਼ੁਦ) ਹੋ ਗਿਆ। ਸੋਚਿਆ ਕਿ ਠੀਕ ਹੋ ਜਾਵਾਂਗਾ ਪਰ ਗਰੌਸਪ (ਰਿਵਰਲੈਂਡ) ਟਾਊਨ ਵਿਚ ਇਹ ਯਾਤਰਾ ਰੋਕਣੀ ਹੀ ਪਈ। ਨਾਲ਼ਦਿਆਂ ਨੂੰ ਆਖਿਆ ਕਿ ਉਹ ਮੈਲਬਰਨ ਨੂੰ ਚਾਲੇ ਪਾਉਣ ਅਤੇ ਮੈਨੂੰ ਮੇਰੇ ਹਾਲ ਤੇ ਛੱਡ ਦੇਣ। ਓਥੇ ਫਿਰ ਸੱਜਣਾਂ ਨੇ ਸੇਵਾ ਸੰਭਾਲ਼ ਕਰਕੇ ਮੈਨੂੰ ਇਸ ਸੰਸਾਰ ਦੇ ਵਿਚ ਹੀ ਰੱਖ ਲਿਆ। ਐਵੇਂ ਜਾਹ ਜਾਂਦੀ ਹੋਣ ਲੱਗੀ ਸੀ!

ਗੱਲ ਤਾਂ ਕਰਨ ਲੱਗੇ ਸੀ ਗ੍ਰਿਫ਼ਿਥ ਦੇ ਸ਼ਹੀਦੀ ਟੂਰਨਾਮੈਂਟ ਦੀ ਪਰ ਜਾ ਵੜੇ ਹੋਰ ਹੀ ਪਾਸੇ। ਕਿਤਾਬਾਂ ਤੇ ਪਾਲ਼ੇ ਦੀ ਉਧੇੜ-ਬੁਣ ਜਿਹੀ ਦੌਰਾਨ ਹੀ ਗ੍ਰਿਫ਼ਿਥ ਤੋਂ ਸ. ਸਰਵਨ ਸਿੰਘ ਜੀ ਦਾ ਫ਼ੋਨ ਆ ਗਿਆ ਕਿ ਮੈਂ ਆਵਾਂ ਤੇ ਪਹਿਲਾਂ ਵਾਂਙ ਹੀ, ਖੇਡਾਂ ਦੌਰਾਨ, ਮਾਈਕ ਦੀ ਸੇਵਾ ਨਿਭਾਵਾਂ। ਫਿਰ ਤਾਂ ਦੁਚਿਤੀ ਵਾਲ਼ੀ ਕੋਈ ਗੱਲ ਹੀ ਨਹੀਂ ਸੀ ਰਹਿਣੀ; ਜਾਣਾ ਹੀ ਜਾਣਾ ਸੀ। ਮਾਈਕ ਦੇ ਹੀ ਤਾਂ ਬਹੁਤੇ ਝਗੜੇ ਨੇ। ਗੁਰਦੁਆਰਾ ਸਾਹਿਬਾਨ ਵਿਚ ਚਾਰ ਹੀ ਤਾਂ ਵਸਤੂ ਹੁੰਦੀਆਂ ਨੇ: ਕੁਣਕਾ ਤੇ ਫੁਲਕਾ; ਮਾਈਕ ਤੇ ਮਾਇਆ। ਕੁਣਕਾ ਤੇ ਫੁਲਕਾ ਸੰਗਤਾਂ ਵਾਸਤੇ ਅਤੇ ਮਾਈਕ ਤੇ ਮਾਇਆ ਆਗੂਆਂ ਵਾਸਤੇ। ਇਸ ਮਾਈਕ ਵਾਸਤੇ ਤਾਂ ਏਡੇ ਵੱਡੇ ਲੀਡਰ, ੧੯੮੪ ਵਾਲੇ ਘੱਲੂਘਾਰੇ ਦੀ ਯਾਦ ਵਾਲ਼ੇ ਦੀਵਾਨ ਸਮੇ, ਹਰ ਵਾਰੀਂ ਸ੍ਰੀ ਅਕਾਲ ਤਖ਼ਤ ਉਪਰ ਜਾ ਕੇ, ਮਾਈਕ ਖੋਹਣ ਦੇ ਯਤਨਾਂ ਵਿਚ ਹੰਗਾਮਾ ਕਰ ਦਿੰਦੇ ਹਨ। ਫਿਰ ਮਾਈਕ ਤੇ ਮਾਇਆ ਦੋਹਾਂ ਵਿਚੋਂ ਸਮਝਦਾਰ ਬੰਦਾ ਤਾਂ ਮਾਇਆ ਨੂੰ ਕੰਟ੍ਰੋਲ ਕਰਦਾ ਹੈ ਤੇ ਮੇਰੇ ਵਰਗਾ, ਜਿਸ ਦੇ ਸਿਰ ਵਿਚਲਾ ਕੋਈ ਸਕਰੂ ਢਿੱਲਾ ਹੁੰਦਾ ਹੈ, ਉਹ ਭੱਜ ਕੇ ਮਾਈਕ ਨੂੰ ਪੈਂਦਾ ਹੈ। ਇਸ ਵਿਚ ਖਾਣ ਪੀਣ ਨੂੰ ਕੁਝ ਨਹੀਂ ਤੇ ਨੁਕਤਾਚੀਨੀ ਦਾ ਸਾਹਮਣਾ ਸਾਰੇ ਪਾਸਿਆਂ ਤੋਂ ਕਰਨਾ ਪੈਂਦਾ ਹੈ।

ਸਦਾ ਵਾਂਙ ਇਸ ਵਾਰੀ ਵੀ ਭਾਵੇਂ ਕਿ ਸ. ਮਹਿੰਗਾ ਸਿੰਘ ਖੱਖ ਵਲੋਂ ਕਾਰ ਤੇ ਆਪਣੇ ਨਾਲ਼ ਲੈ ਜਾਣ ਦੀ ਪੇਸ਼ਕਸ਼ ਤਾਂ ਹੋ ਗਈ ਸੀ ਪਰ ਫਿਰ ਸੋਚਿਆ ਕਿ ਮੈਂ ਕਿਤਾਬਾਂ ਵਾਲਾ ਵੱਡਾ ਸਾਰਾ ਅਟੈਚੀ ਆਪਣੇ ਨਾਲ਼ ਧੂਹਣਾ ਹੈ; ਇਸ ਲਈ ਕਾਹਨੂੰ ਕਾਰ ਵਿਚ ਬੇਲੋੜਾ ਭਾਰ ਪਾਉਣਾ ਹੈ। ਸਵੇਰੇ ਛੇ ਵਜੇ ਹੀ ਘਰੋਂ ਨਿਕਲ਼ ਪਿਆ ਤੇ ਸ਼ਾਮ ਤੱਕ ਰਿੜ੍ਹਦਾ ਖਿੜ੍ਹਦਾ ਆਖਰ ਗ੍ਰਿਫ਼ਿਥ ਅੱਪੜ ਹੀ ਗਿਆ। ਅੱਗੋਂ ਸਟੇਸ਼ਨ ਤੋਂ ਸ. ਸਰਵਨ ਸਿੰਘ ਨੇ ਆਪਣੀ ਵੱਡੀ ਸਾਰੀ ਕਾਰ ਵਿਚ ਚੁੱਕ ਕੇ ਮੈਨੂੰ ਗੁਰਦੁਆਰਾ ਸਾਹਿਬ ਵਿਖੇ ਜਾ ਜਮ੍ਹਾ ਕਰਵਾਇਆ। ਜਦੋਂ ਗੁਰਦੁਆਰਾ ਸਾਹਿਬ ਵਿਚ ਦਾਖਲ ਹੋਇਆ ਤਾਂ ਓਥੇ ਗਹਿਮਾ ਗਹਿਮ, ਰੌਣਕ ਮੇਲਾ। ਬੀਬੇ, ਬੀਬੀਆਂ, ਬੱਚੇ, ਬੱਚੀਆਂ ਖੇਡਾਂ ਵਿਚ ਸ਼ਾਮਲ ਹੋਣ ਲਈ ਬਾਹਰੋਂ ਆ ਰਹੀਆਂ ਸੰਗਤਾਂ ਵਾਸਤੇ, ਕਈ ਪ੍ਰਕਾਰ ਦੀਆਂ ਮਿਠਿਆਈਆਂ ਅਤੇ ਬਹੁ ਪ੍ਰਕਾਰੀ ਭੋਜਨ ਤਿਆਰ ਕਰਨ ਵਿਚ ਰੁੱਝੀਆਂ ਹੋਈਆਂ ਸਨ। ਪਤਾ ਲੱਗਾ ਕਿ ਹਫ਼ਤਿਆਂ ਤੋਂ ਹੀ ਹਰ ਸਾਲ ਗ੍ਰਿਫ਼ਿਥ ਦੀਆਂ ਸੰਗਤਾਂ ਭੋਜਨ ਸਮੱਗਰੀ ਤਿਆਰ ਕਰ ਰਹੀਆਂ ਹਨ। ਫਿਰ ਅਧੀ ਰਾਤ ਤੋਂ ਲੱਗ ਕੇ ਦਿਨ ਚੜ੍ਹਨ ਤੱਕ ਬੱਚੇ ਬੱਚੀਆਂ ਸਮੇਤ ਤਾਜੇ ਫੁਲਕੇ ਬਣਾਉਣ ਦੀ ਸੇਵਾ ਵਿਚ, ਸ਼ਰਧਾ ਸਹਿਤ ਲੱਗੀਆਂ ਹੋਈਆਂ, ਨਾਲ ਨਾਲ਼ ਬਾਣੀ ਦਾ ਪਾਠ ਕਰਦੀਆਂ ਸਨ।

ਸਿੱਖ ਧਰਮ ਵਿਚ ਖੇਡਾਂ ਦਾ ਵਾਹਵਾ ਹੀ ਮਹੱਤਵ ਹੈ। ਸਿੱਖ ਇਤਿਹਾਸ ਪੜ੍ਹਿਆਂ ਸਾਨੂੰ ਪਤਾ ਲੱਗਦਾ ਹੈ ਕਿ ਸ੍ਰੀ ਗੁਰੂ ਅੰਗਦ ਦੇਵ ਜੀ, ਖਡੂਰ ਸਾਹਿਬ ਵਿਖੇ ਰੋਜ਼ਾਨਾ ਬੱਚਿਆਂ ਅਤੇ ਨੌਜਵਾਨਾਂ ਦੇ ਘੋਲ਼ ਕਰਵਾਇਆ ਕਰਦੇ ਸਨ। ਇਕ ਸਮੇ ਅਜਿਹਾ ਵੀ ਹੋਇਆ ਕਿ ਬੱਚਿਆਂ ਦੇ ਘੋਲ਼ ਸਮੇ ਬਾਦਸ਼ਾਹ ਹਿਮਾਯੂੰ ਵੀ ਸ਼ੇਰ ਸ਼ਾਹ ਸੂਰੀ ਤੋਂ ਹਾਰ ਖਾ ਕੇ ਆਇਆ ਤਾਂ ਵੀ ਗੁਰੂ ਜੀ ਨੇ ਖੇਡਾਂ ਵੱਲੋਂ ਧਿਆਨ ਨਾ ਹਟਾਇਆ। ਇਸ ਦੀ ਯਾਦ ਵਿਚ, ਓਥੇ ਇਸ ਸਮੇ ਗੁਰਦੁਆਰਾ ਸ੍ਰੀ ਮੱਲ ਅਖਾੜਾ ਸਾਹਿਬ ਸੁਸ਼ੋਭਤ ਹੈ। ਉਹ ਗੁਰਦੁਆਰਾ ਅਸਾਨੂੰ ਗੁਰੂ ਸਾਹਿਬ ਜੀ ਦਾ ਕੌਮ ਦੇ ਬੱਚਿਆਂ ਦੀ ਸਰੀਰਕ ਸੇਹਤ ਵਾਸਤੇ, ਖੇਡਾਂ ਦੁਆਰਾ ਸੁਚੱਜੇ ਉਦਮ ਦੀ ਯਾਦ ਦਿਵਾਉਂਦਾ ਹੈ।

ਫਿਰ, ਸਤਿਗੁਰੂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਆਪਣੇ ਸਿੱਖਾਂ ਨੂੰ ਜਿਥੇ ਸ਼ਸ਼ਤਰ ਵਿੱਦਿਆ ਦੇ ਨਾਲ਼ ਨਾਲ਼ ਸ਼ਿਕਾਰ, ਘੋੜ ਸਵਾਰੀ ਆਦਿ ਮਾਰਸ਼ਲ ਖੇਡਾਂ ਵਾਸਤੇ ਉਤਸ਼ਾਹਤ ਕਰਦੇ ਸਨ ਓਥੇ ਉਹਨਾਂ ਨੇ ਘੋਲ਼ ਵਾਸਤੇ ਅਖਾੜੇ ਵੀ ਬਣਾਏ। ਸ੍ਰੀ ਅਕਾਲ ਤਖ਼ਤ ਸਾਹਿਬ

ਅਤੇ ਦਰਸ਼ਨੀ ਡਿਉੜੀ ਦੇ ਵਿਚਕਾਰ ਜੋ ਖੁਲ੍ਹਾ ਸਥਾਨ ਹੈ, ਏਥੇ ਘੋਲ਼, ਗਤਕਾ ਆਦਿ ਖੇਡਾਂ, ਗੁਰੂ ਸਾਹਿਬਾਨ ਦੇ ਸਮੇ ਅਤੇ ਬਾਅਦ ਵਿਚ, ਦਲ ਖ਼ਾਲਸਾ ਅਤੇ ਮਿਸਲਾਂ ਵੇਲ਼ੇ ਖੇਡੀਆਂ ਜਾਇਆ ਕਰਦੀਆਂ ਸਨ। ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ ਆਪ ਵੀ ਅਖਾੜੇ ਵਿਚ ਘੁਲ਼ਿਆ ਕਰਦੇ ਸਨ। ਇਤਿਹਾਸ ਤੋਂ ਪਤਾ ਲੱਗਦਾ ਹੈ ਕਿ ਸਤਿਗੁਰੂ ਜੀ ਸਰੀਰਕ ਤੌਰ ਤੇ ਏਨੇ ਬਲੀ ਸਨ ਕਿ ਇਕ ਪੈਂਦੇ ਖਾਨ ਤੋਂ ਬਿਨਾ ਹੋਰ ਕੋਈ ਆਪ ਜੀ ਦਾ ਅਖਾੜੇ ਵਿਚ ਜੋਰ ਨਹੀਂ ਸੀ ਕਰਵਾ ਸਕਦਾ।

ਸਤਿਗੁਰੂ ਕਲਗੀਧਰ ਪਾਤਿਸ਼ਾਹ ਨੇ ਤਾਂ ਪਹਿਲੇ ਗੁਰੂ ਸਾਹਿਬਾਨ ਦੀ ਪ੍ਰੰਪਰਾ ਨੂੰ ਚਾਲੂ ਰੱਖਣ ਦੇ ਨਾਲ਼ ਨਾਲ਼, ਹਿੰਦੁਸਤਾਨ ਦੇ ਇਕ ਮੌਸਮੀ ਤਿਉਹਾਰ ਹੋਲੀਆਂ ਨੂੰ ਵੀ ਮਾਰਸ਼ਲ ਰੂਪ ਵਿਚ ਬਦਲ ਦਿਤਾ। ਲੋਕਾਂ ਨੂੰ ਇਸ ਸਮੇ ਅਸ਼ਲੀਲ ਤੇ ਗੰਦੀਆਂ ਹਰਕਤਾਂ ਤੋਂ ਛੁਟਕਾਰਾ ਦਿਵਾ ਕੇ, ਗੁਰੂ ਜੀ ਨੇ ਉਸ ਤਿਉਹਾਰ ਨੂੰ ਹੋਲੇ ਮਹੱਲੇ ਦੇ ਰੂਪ ਵਿਚ ਮਨਾਉਣਾ ਸ਼ੁਰੂ ਕੀਤਾ। ਬਜਾਇ ਨਸ਼ੇ ਵਰਤ ਕੇ ਇਕ ਦੂਜੇ ਉਪਰ ਗੰਦ ਉਛਾਲਣ ਅਤੇ ਬੇਢੱਬੀਆਂ ਹਰਕਤਾਂ ਕਰਨ ਦੇ, ਉਹਨਾਂ ਨੇ ਇਸ ਸਮੇ ਗਤਕੇ ਦੇ ਜੌਹਰ ਵਿਖਾਉਣ, ਮਸਨੂਈ ਯੁਧ, ਦੁਸ਼ਮਣ ਤੇ ਚੜ੍ਹਾਈ, ਘੋੜ ਸਵਾਰੀ ਸਮੇ ਦੇ ਕਰਤਬ ਆਦਿ ਜੁਝਾਰੂ ਖੇਡਾਂ ਨੂੰ ਉਤਸ਼ਾਹਤ ਕੀਤਾ। ਅੱਜ ਵੀ ਸਿੱਖ ਪੰਥ ਵਿਚ ਇਹ ਪ੍ਰੰਪਰਾ ਚੱਲਦੀ ਆ ਰਹੀ ਹੈ ਤੇ ਇਸ ਦਾ ਸਭ ਤੋਂ ਵਿਸ਼ੇਸ਼ ਪ੍ਰਗਟਾਵਾ, ਹਰੇਕ ਸਾਲ ਮਾਰਚ ਮਹੀਨੇ ਸਮੇ ਸ੍ਰੀ ਅਨੰਦਪੁਰ ਸਾਹਿਬ ਵਿਖੇ ਹੁੰਦਾ ਹੈ।

ਏਸੇ ਪਿਛੋਕੜ ਨੂੰ ਅੱਗੇ ਤੋਰਦੇ ਹੋਏ, ਜਿਸ ਵੀ ਦੇਸ਼ ਵਿਚ ਸਿੱਖ ਗਏ ਹਨ, ਓਥੇ ਖੇਡਾਂ ਲਈ, ਆਪਣੇ ਵਸੀਲਿਆਂ ਅਨੁਸਾਰ, ਉਦਮ ਕਰਦੇ ਹਨ। ਏਥੇ ਆਸਟ੍ਰੇਲੀਆ ਵਿਚ ਵੀ, ਸਾਊਥ ਆਸਟ੍ਰੇਲੀਆ ਦੀ ਰਾਜਧਾਨੀ ਐਡੀਲੇਡ ਤੋਂ ੧੯੮੮ ਦੇ ਈਸਟਰ ਦੇ ਸਮੇ ਤੋਂ ਸ਼ੁਰੂ ਕਰਕੇ, ਹਰ ਸਾਲ ਸਾਰੇ ਆਸਟ੍ਰੇਲੀਆ ਵਿਚ ਵਸਦੇ ਸਿੱਖਾਂ ਵੱਲੋਂ, ਵੱਡੇ ਪੈਮਾਨੇ ਉਪਰ ਖੇਡ ਮੇਲਾ ਕਰਾਇਆ ਜਾਂਦਾ ਹੈ। ਇਸ ਸਾਲ ਵੈਸਟਰਨ ਆਸਟ੍ਰੇਲੀਆ ਦੀ ਰਾਜਧਾਨੀ, ਪਰਥ ਵਿਖੇ ਛੱਬਵੀਆਂ ਖੇਡਾਂ ਹੋ ਕੇ ਹਟੀਆਂ ਹਨ ਤੇ ਨਾਲ਼ ਹੀ ਅਗਲੇ ਸਾਲ ਵਾਸਤੇ ਵੀ, ਮਿਨੀ ਪੰਜਾਬ, ਵੂਲਗੂਲਗੇ ਦੀਆਂ ਗੇਮਾਂ ਵਾਸਤੇ ਤਿਆਰੀਆਂ ਜਾਰੀ ਹਨ। ਇਹਨਾਂ ਵੱਡੀਆਂ ਸਾਲਾਨਾ ਖੇਡਾਂ ਤੋਂ ਇਲਾਵਾ ਕੁਝ ਸਥਾਨਕ ਤੌਰ ਤੇ ਵੀ ਸਿੱਖ ਖੇਡਾਂ ਕਰਵਾਈਆਂ ਜਾਂਦੀਆਂ ਹਨ ਜਿਨ੍ਹਾਂ ਵਿਚੋਂ ਗ੍ਰਿਫ਼ਿਥ ਦੀਆਂ ਸਿੱਖ ਖੇਡਾਂ ਆਪਣਾ ਨਿਵੇਕਲਾ ਸਥਾਨ ਰੱਖਦੀਆਂ ਹਨ। ਇਹ ਖੇਡਾਂ ਹਰੇਕ ਸਾਲ ਜੂਨ ਦੇ ਪਹਿਲੇ ਹਫ਼ਤੇ ਦੇ ਲੌਂਗ ਵੀਕਐਂਡ ਉਪਰ ਹੁੰਦੀਆਂ ਹਨ। ਇਸ ਸਮੇ ੭ ਤੇ ੮ ਜੂਨ ਨੂੰ ਹੋਈਆਂ ਹਨ। ਇਹ ਖੇਡਾਂ ੧੯੯੫ ਵਿਚ, ਸ. ਰਣਜੀਤ ਸਿੰਘ ਸ਼ੇਰਗਿੱਲ ਨੇ, ਕੁਝ ਸਾਥੀਆਂ ਦੇ ਸਹਿਯੋਗ ਨਾਲ਼, ਪੰਜਾਬ ਪੁਲਿਸ ਵੱਲੋਂ, ਤਸੀਹੇ ਦੇਣ ਉਪ੍ਰੰਤ, ਸ਼ਹੀਦ ਕਰ ਕੇ ਲਾਪਤਾ ਕੀਤੇ ਗਏ ਆਪਣੇ ਵੱਡੇ ਭਰਾ, ਸ. ਅਜਮੇਰ ਸਿੰਘ ਦੀ ਯਾਦ ਵਿਚ ਸ਼ੁਰੂ ਕੀਤੀਆਂ ਸਨ। ਸ਼ਹੀਦ ਅਜਮੇਰ ਸਿੰਘ ਜੀ ਕਬੱਡੀ ਦੇ ਹੋਣਹਾਰ ਖਿਡਾਰੀ ਸਨ; ਇਸ ਲਈ ਪਹਿਲੇ ਸਾਲ ਉਹਨਾਂ ਅਤੇ ਬਾਕੀ ਸ਼ਹੀਦਾਂ ਦੀ ਯਾਦ ਵਿਚ ਸਿਰਫ਼ ਕਬੱਡੀ ਦਾ ਮੈਚ ਹੀ ਕੀਤਾ ਗਿਆ ਸੀ। ਦੋ ਸਾਲ ਦੇ ਵਕਫ਼ੇ ਪਿੱਛੋਂ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਦੀ ਕਮੇਟੀ ਦੀ ਸੁਚੱਜੀ ਅਗਵਾਈ ਹੇਠ ਹਰੇਕ ਸਾਲ, ਹਿੰਦੁਸਤਾਨ ਦੀ ਸਰਕਾਰ ਵੱਲੋਂ ਕੀਤੇ ਗਏ ਸਿੱਖ ਸ਼ਹੀਦਾਂ ਦੀ ਯਾਦ ਨੂੰ ਇਹ ਸਮੱਰਪਤ ਖੇਡਾਂ, ਜੂਨ ੧੯੮੪ ਦੇ ਸ਼ਹੀਦਾਂ ਨੂੰ ਸ਼ਰਧਾਂਜਲੀ ਦੇਣ ਅਤੇ ਉਸ ਸਾਕੇ ਦੀ ਯਾਦ ਨੂੰ ਕਾਇਮ ਰੱਖਣ ਵਾਸਤੇ ਕਰਵਾਈਆਂ ਜਾਂਦੀਆਂ ਹਨ।

ਹੋਰ ਵੀ ਖ਼ੁਸ਼ੀ ਦੀ ਗੱਲ ਇਹ ਹੈ ਕਿ ਕਿਉਂਕਿ ਸ਼ਹੀਦਾਂ ਦੀ ਯਾਦ ਵਿਚ ਕੀਤੀਆਂ ਜਾਂਦੀਆਂ ਹੋਣ ਕਰਕੇ, ਇਹਨਾਂ ਖੇਡਾਂ ਸਮੇ ਹੋਰ ਲਚਰ ਪ੍ਰੋਗਰਾਮ ਨਹੀਂ ਕੀਤੇ ਜਾਂਦੇ। ਨਾ ਤੇ ਰਾਤ ਨੂੰ ਡਿਨਰ ਡਾਂਸ ਕੀਤਾ ਜਾਂਦਾ ਹੈ ਤੇ ਨਾ ਹੀ ਅਸ਼ਲੀਲ ਗੀਤ ਗਾਉਣ ਵਾਲ਼ਿਆਂ ਦਾ ਅਖਾੜਾ ਲਾਇਆ ਜਾਂਦਾ ਹੈ। ਇਸ ਕਰਕੇ ਇਹ ਖੇਡਾਂ ਆਪਣਾ ਵਿਸ਼ੇਸ਼ ਸਥਾਨ ਰੱਖਦੀਆਂ ਹਨ। ਇਸ ਤੋਂ ਇਲਾਵਾ ਹੋਰ ਵੀ ਚੰਗੀ ਗੱਲ ਇਹ ਹੈ ਕਿ ਬਾਕੀ ਖੇਡਾਂ ਜਿਥੇ ਵੱਖਰੀਆਂ ਕਮੇਟੀਆਂ ਦੀ ਅਗਵਾਈ ਹੇਠ ਹੁੰਦੀਆਂ ਹਨ ਓਥੇ ਗ੍ਰਿਫ਼ਿਥ ਦੀਆਂ ਖੇਡਾਂ ਦਾ ਪ੍ਰਬੰਧ ਏਥੋਂ ਦੇ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਆਪ ਅੱਗੇ ਲੱਗ ਕੇ ਖ਼ੁਦ ਕਰਦੀ ਹੈ। ਕਮੇਟੀ ਦੇ ਆਗੂ ਹਰ ਸਾਲ ਸਿੱਖਾਂ ਦੇ ਘਰ ਘਰ ਜਾ ਕੇ ਉਗਰਾਹੀ ਕਰਦੇ ਹਨ ਅਤੇ ਏਥੋਂ ਦੀਆਂ ਸਿੱਖ ਬੀਬੀਆਂ, ਇਸ ਖੇਡ ਮੇਲੇ ਉਪਰ ਬਾਹਰੋਂ ਆਉਣ ਵਾਲ਼ੇ ਖਿਡਾਰੀਆਂ ਅਤੇ ਦਰਸ਼ਕਾਂ ਵਾਸਤੇ, ਉਚੇਚੇ ਤੌਰ ਤੇ ਗੁਰਦੁਆਰਾ ਸਾਹਿਬ ਵਿਖੇ ਪਹੁੰਚ ਕੇ, ਲੰਗਰ ਅਤੇ ਕਈ ਪ੍ਰਕਾਰ ਦੀਆਂ ਮਿਠਿਆਈਆਂ ਬਣਾਉਣ ਦੀ ਸੇਵਾ ਕਰਦੀਆਂ ਹਨ। ਇਸ ਕਾਰਜ ਲਈ ਹਫ਼ਤਿਆਂ ਬੱਧੀ ਉਤਸ਼ਾਹ ਨਾਲ਼ ਸਾਰੇ ਭਰਾਵਾਂ ਅਤੇ ਭੈਣਾਂ ਵੱਲੋਂ ਨਿਰਇੱਛਤ ਸੇਵਾ ਕੀਤੀ ਜਾਂਦੀ ਹੈ। ਇਹ ਉਤਸ਼ਾਹ ਇਸ ਤਰ੍ਹਾਂ ਹੁੰਦਾ ਹੈ ਜਿਵੇਂ ਪੁਰਾਣੇ ਸਮੇ ਵਿਆਹ ਵਾਲ਼ੇ ਘਰ ਵਿਚ ਹੋਇਆ ਕਰਦਾ ਸੀ। ਗ੍ਰਿਫ਼ਿਥ ਅਤੇ ਗਿਰਦ ਨਿਵਾਹੀ ਦੇ ਕੁਝ ਹੋਰ ਛੋਟੇ ਟਾਊਨਾਂ ਦੇ ਸਾਰੇ ਸਿੱਖ ਵਸਨੀਕ, ਇਸ ਨੂੰ ਆਪਣੇ ਘਰ ਦਾ ਕਾਰਜ ਸਮਝ ਕੇ, ਇਸ ਉਦਮ ਵਿਚ ਤਨ, ਮਨ ਅਤੇ ਧਨ ਨਾਲ਼ ਹਿੱਸਾ ਪਾਉਂਦੇ ਹਨ। ਇਸ ਵਾਰ ਵੀ ਸ੍ਰੀ ਗੁਰੂ ਸਿੰਘ ਸਭਾ ਦੀ ਅਗਵਾਈ ਹੇਠ, ਸਾਰੀ ਕਮੇਟੀ ਅਤੇ ਗ੍ਰਿਫ਼ਿਥ ਦੀ ਸਮੂੰਹ ਸਾਧ ਸੰਗਤ ਵੱਲੋਂ ਬੜੇ ਉਤਸ਼ਾਹ ਨਾਲ਼ ਤਿਆਰੀ ਕਰ ਕੇ ਖੇਡਾਂ ਕਰਵਾਈਆਂ ਗਈਆਂ ਹਨ। ਰੱਬ ਕਰੇ, ਗ੍ਰਿਫ਼ਿਥ ਦੀਆਂ ਸੰਗਤਾਂ ਵਿਚ ਇਹ ਉਤਸ਼ਾਹ ਏਸੇ ਤਰ੍ਹਾਂ ਹੀ ਬਣਿਆ ਰਹੇ ਅਤੇ ਬਾਕੀ ਖੇਡ ਮੇਲਿਆਂ ਦੇ ਪ੍ਰਬੰਧਕ ਵੀ ਇਸ ਤੋਂ ਉਤਸ਼ਾਹ ਅਤੇ ਅਗਵਾਈ ਪਰਾਪਤ ਕਰਦੇ ਰਹਿਣ।

ਚੰਗੇ ਕਾਰਜ ਨੂੰ ਵੀ ਚੰਗੇਰਾ ਬਣਾਉਣ ਦੀ ਹਮੇਸ਼ਾਂ ਗੁੰਜਾਇਸ਼ ਹੁੰਦੀ ਹੈ। ਜੇਕਰ ਕਿਤੇ ਕੋਈ ਕਮੀ ਰਹਿੰਦੀ ਜਾਪੇ ਤਾਂ ਉਸ ਨੂੰ ਦੂਰ ਕਰਨ ਦੇ ਯਤਨ ਕਰਦੇ ਰਹਿਣਾ ਚਾਹੀਦਾ ਹੈ। ਇਹਨਾਂ ਖੇਡਾਂ ਨੂੰ ਬੇਲੋੜੀਆਂ ਕੰਪਲੀਕੇਟਿਡ ਨਹੀਂ ਬਣਨ ਦੇਣਾ ਚਾਹੀਦਾ। ਭਵਿਖ ਵਿਚ ਵੀ ਚੌਧਰਤਾ, ਲਚਰਤਾ, ਨਸ਼ੇ ਆਦਿ ਵਰਗੀਆਂ ਬੀਮਾਰੀਆਂ ਤੋਂ ਇਹਨਾਂ ਨੂੰ ਬਚਾਈ ਰੱਖਣ ਲਈ ਸੁਚੇਤ ਰਹਿਣਾ ਚਾਹੀਦਾ ਹੈ। ਕਿਰਤੀ ਸਿੱਖਾਂ

ਤੋਂ ਉਗਰਾਹੀ ਕਰਕੇ ਇਕੱਠੇ ਕੀਤੇ ਗਏ ਧਨ ਨੂੰ ਅਤਿ ਮਹਿੰਗੇ ਕੌਮੈਂਟੇਟਰ, ਲਚਰ ਗਵੱਈਏ, ਆਦਿ ਬਾਹਰੋਂ ਮੰਗਵਾ ਕੇ, ਡਿਨਰ ਡਾਂਸ ਪਾਰਟੀਆਂ ਉਪਰ, ਨਹੀਂ ਰੋੜ੍ਹਨਾ ਚਾਹੀਦਾ। ਆਸਟ੍ਰੇਲੀਆ ਦੇ ਸਿੱਖਾਂ ਵਿਚ ਹਰ ਪ੍ਰਕਾਰ ਦੀ ਟੇਲੈਂਟ ਮੌਜੂਦ ਹੈ; ਉਸ ਤੋਂ ਹੀ ਲਾਭ ਲੈਣਾ ਚਾਹੀਦਾ ਹੈ। ਫਿਰ ਆਮ ਕਰਕੇ, ਅਤੇ ਖਾਸ ਕਰਕੇ ਇਹਨਾਂ ਖੇਡਾਂ ਸਮੇ, ਨਸ਼ੇ ਵਰਤਣ ਤੋਂ ਬਚਣਾ ਚਾਹੀਦਾ ਹੈ ਕਿਉਂਕਿ ਇਹ ਤਾਂ ਖੇਡਾਂ ਹੀ ਸ਼ਹੀਦਾਂ ਦੀ ਯਾਦ ਵਿਚ ਕਰਵਾਈਆਂ ਜਾਂਦੀਆਂ ਹਨ। ਪ੍ਰਬੰਧਕਾਂ ਵੱਲੋਂ ਸਾਰੇ ਖਿਡਾਰੀਆਂ ਅਤੇ ਦਰਸ਼ਕਾਂ ਨੂੰ ਹਰ ਵਾਰ ਨਿਮਰਤਾ ਸਹਿਤ ਵਾਰ ਵਾਰ, ਬੇਨਤੀ ਕੀਤੀ ਜਾਂਦੀ ਹੈ ਕਿ ਕੋਈ ਵੀ ਸੱਜਣ ਖੇਡ ਗਰਾਊਂਡ ਵਿਚ ਨਸ਼ਾ ਪੀ ਕੇ ਨਾ ਆਵੇ। ਇਸ ਬੇਨਤੀ ਨੂੰ ਦਰਸ਼ਕ ਹੁੰਗਾਰਾ ਵੀ ਦਿੰਦੇ ਹਨ।

ਇਸ ਸਮੇ ਸੰਗਤਾਂ ਵੱਲੋਂ ਭੇਟ ਕੀਤੀ ਗਈ ਮਾਇਆ, ਜੋ ਖੇਡਾਂ ਤੋਂ ਵਧ ਜਾਵੇ, ਉਹ ਉਸਰ ਰਹੇ ਗੁਰਦੁਆਰਾ ਸਾਹਿਬ ਦੀ ਬਿਲਡਿੰਗ ਫ਼ੰਡ ਵਿਚ ਪਾ ਲਈ ਜਾਂਦੀ ਹੈ। ਇਸ ਛੋਟੇ ਜਿਹੇ ਸ਼ਹਿਰ ਵਿਚ ਥੋਹੜੀ ਗਿਣਤੀ ਵਿਚ ਹੀ ਸੰਗਤ ਰਹਿੰਦੀ ਹੈ ਤੇ ਗੁਰਦੁਆਰਾ ਸਾਹਿਬ ਦੀ ਵਿਸ਼ਾਲ ਦੋ ਮੰਜ਼ਲਾ ਇਮਾਰਤ, ਸਾਢੇ ਪੰਜ ਏਕੜ ਥਾਂ ਉਪਰ ਉਸਾਰੀ ਜਾ ਰਹੀ ਹੈ। ਪ੍ਰਬੰਧਕਾਂ ਵੱਲੋਂ ਸਾਰੀ ਸੰਗਤ ਨੂੰ, ਇਸ ਵਿਸ਼ਾਲ ਗੁਰਦੁਆਰਾ ਸਾਹਿਬ ਦੀ ਉਸਾਰੀ ਵਿਚ ਵੀ ਹਿੱਸਾ ਪਾਉਣ ਹਿਤ ਬੇਨਤੀ ਕੀਤੀ ਜਾਂਦੀ ਹੈ। ਇਸ ਕਾਰਜ ਵਾਸਤੇ ਦਿਤੀ ਗਈ ਮਾਇਆ ਉਪਰ ਇਨਕਮ ਟੈਕਸ ਦੀ ਵੀ ਸਰਕਾਰੋਂ ਛੋਟ ਹੈ। ਇਹ ਜਾਣ ਕੇ ਸੰਗਤਾਂ ਨੂੰ ਖ਼ੁਸ਼ੀ ਹੋਵੇਗੀ ਕਿ ਗੁਰਦੁਆਰਾ ਸਾਹਿਬ ਦੀ ਇਮਾਰਤ ਉਸਰ ਗਈ ਹੈ ਤੇ ਸਿਰਫ਼ ਥੋਹੜਾ ਜਿਹਾ ਕਾਰਜ ਹੀ ਅੜਿਆ ਹੋਇਆ ਹੈ। ਇਹ ਸਿਰਫ ਕਾਨੂੰਨੀ ਕਾਰਵਾਈ ਕਰਕੇ ਹੀ ਰੁਕਿਆ ਹੋਇਆ ਹੈ ਵਰਨਾ ਸੰਗਤ ਵੱਲੋਂ ਮਾਇਆ ਦੀ ਕੋਈ ਕਮੀ ਨਹੀਂ। ਇਹ ਸਾਰਾ ਕਾਰਜ ਸੰਗਤ ਤੋਂ ਆਈ ਮਾਇਆ ਨਾਲ ਹੀ ਹੋ ਰਿਹਾ ਹੈ।

ਛੇਤੀ ਹੀ ਸੰਗਤਾਂ ਇਸ ਵਿਸ਼ਾਲ ਗੁਰਦੁਆਰਾ ਸਾਹਿਬ ਦੇ ਉਦਘਾਟਨ ਦਾ ਸ'ਦਾ-ਪ'ਤਰ ਵੀ ਪਰਾਪਤ ਕਰ ਲੈਣਗੀਆਂ। **(ਖ਼ੁਸ਼ੀ ਦੀ ਗੱਲ ਹੈ ਕਿ ਇਸ ਗੁਰਦੁਅਰਾ ਸਾਹਿਬ ਦੀ ਇਮਾਰਤ ਦੀ ਮੁਕੰਮਲਤਾ ਉਪ੍ਰੰਤ. ਉਦਘਾਟਨੀ ਸਮਾਗਮ, ਬੜੀ ਧੂਮ ਧਾਮ ਨਾਲ਼, ੧੯ ਜੁਲਈ ੨੦੧੫ ਵਾਲ਼ੇ ਦਿਨ ਹੋ ਗਿਆ ਹੈ)**

ਖੇਡਾਂ ਵਿਚ ਕੇਹੜੀਆਂ ਕੇਹੜੀਆਂ ਤੇ ਕਿਥੋਂ ਕਿਥੋਂ ਟੀਮਾਂ ਆਈਆਂ, ਕਿਸ ਕਿਸ ਦਾ ਕਿਸ ਕਿਸ ਨਾਲ਼ ਮੈਚ ਹੋਇਆ। ਕੌਣ ਕੌਣ ਇਕ ਨੰਬਰ ਤੇ ਰਿਹਾ ਤੇ ਕੌਣ ਕੌਣ ਦੂਜੇ ਨੰਬਰ ਉਪਰ ਰਹੇ, ਇਹ ਸਭ ਖੇਡਾਂ ਦੇ ਜਾਣੂਆਂ ਨੇ ਸਮੇ ਸਿਰ ਪਾਠਕਾਂ ਨੂੰ ਦੱਸ ਹੀ ਦਿਤਾ ਹੋਵੇਗਾ; ਮੈਂ ਤਾਂ ਆਪਣੀ ਸਮਝ ਮੁਤਾਬਿਕ ਕੁਝ ਗੱਲਾਂ ਦਾ ਏਥੇ ਜ਼ਿਕਰ ਕਰਨ ਲੱਗਾ ਹਾਂ:

ਵੈਸੇ ਤਾਂ ਹਰੇਕ ਸ਼ਹਿਰ ਦੀਆਂ ਸੰਗਤਾਂ ਵੱਲੋਂ ਆਪਣੇ ਸ਼ਹਿਰ ਦੇ ਹਿੱਸੇ ਆਈਆਂ ਖੇਡਾਂ ਸਮੇ, ਹਰ ਪ੍ਰਕਾਰ ਦੀ ਸੇਵਾ ਵਿਚ ਕੋਈ ਕਸਰ ਨਹੀਂ ਛੱਡੀ ਜਾਂਦੀ ਪਰ ਜੋ ਪਿਆਰ ਤੇ ਸਤਿਕਾਰ ਨਾਲ਼ ਲੰਗਰ ਦੀ ਸੇਵਾ ਗ੍ਰਿਫ਼ਿਥ ਦੀਆਂ ਸੰਗਤਾਂ ਵੱਲੋਂ ਕੀਤੀ ਜਾਂਦੀ ਹੈ, ਇਸ ਦਾ ਜਵਾਬ ਨਹੀਂ। ਫਿਰ ਇਸ ਸਮੇ ਤੇ ਸ਼ਹੀਦਾਂ ਦੇ ਸਤਿਕਾਰ ਨੂੰ ਮੁਖ ਰੱਖਦਿਆਂ ਹੋਇਆਂ ਕੋਈ ਵੀ ਕਾਰਜ ਧਰਮ ਤੇ ਸਦਾਚਾਰ ਤੋਂ ਉਲ਼ਟ ਨਹੀਂ ਕੀਤਾ ਜਾਂਦਾ; ਸਭ ਕੁਝ ਸ਼ਰਧਾ ਅਤੇ ਭਾਵਨੀ ਸਹਿਤ ਕੀਤਾ ਜਾਂਦਾ ਹੈ।

ਹੋਰ ਵੀ ਵਧੀਆ ਗੱਲ ਇਹ ਕਿ ਦੋਵੇਂ ਦਿਨਾਂ ਦੀਆਂ ਸ਼ਾਮਾਂ ਨੂੰ ਗੁਰਦੁਆਰਾ ਸਾਹਿਬ ਵਿਖੇ, ਖੇਡਾਂ ਦੀ ਸਮਾਪਤੀ ਤੇ ਧਾਰਮਿਕ ਦੀਵਾਨ ਸਜਾਏ ਜਾਂਦੇ ਹਨ। ਇਸ ਵਾਰੀਂ ਵੀ ਦੇਸ਼ ਤੋਂ ਨਾਮੀ ਢਾਡੀ ਜਥਾ, ਗਿਆਨੀ ਫੌਜਾ ਸਿੰਘ ਸਾਗਰ ਜੀ ਅਤੇ ਸਿੱਖ ਵਿਦਵਾਨ, ਡਾਕਟਰ ਗੁਰਦਰਸ਼ਨ ਸਿੰਘ ਢਿੱਲੋਂ ਜੀ ਵੀ ਪਹੁੰਚੇ ਹੋਏ ਸਨ ਜਿਨ੍ਹਾਂ ਨੇ ਸਿੱਖ ਪੰਥ ਦਾ ਜੁਝਾਰੂ ਪੱਖ ਅਤੇ ਸਿੱਖ ਪੰਥ ਦੇ ਸਨਮੁਖ ਮੌਜੂਦਾ ਸਮੱਸਿਆਵਾਂ ਬਾਰੇ ਚਾਨਣਾ ਪਾਇਆ। ਹੋਰ ਵੀ ਚੰਗਾ ਹੋਵੇ ਜੇ ਤੀਜੀ ਸ਼ਾਮ ਨੂੰ ਵੀ ਦੀਵਾਨ ਸਜਾਉਣ ਦਾ ਪ੍ਰਬੰਧ ਕੀਤਾ ਜਾਇਆ ਕਰੇ।

ਪਤਾ ਲੱਗਾ ਕਿ ਇਸ ਵਾਰੀਂ ਕਬੱਡੀ ਦੀਆਂ ਕੁਝ ਟੀਮਾਂ ਨੇ, ਇਸ ਸ਼ਹੀਦੀ ਟੂਰਨਾਮੈਂਟ ਵਿਚ ਸ਼ਮੂਲੀਅਤ ਨਹੀਂ ਕੀਤੀ। ਉਹਨਾਂ ਦੀਆਂ ਕੁਝ ਸ਼ਰਤਾਂ ਸਨ ਜੋ ਪ੍ਰਬੰਧਕਾਂ ਨੂੰ ਮਨਜ਼ੂਰ ਨਹੀਂ ਸਨ। ਕਬੱਡੀ ਪੰਜਾਬੀਆਂ ਦੀ ਮਾਂ ਖੇਡ ਹੈ ਤੇ ਇਸ ਤੋਂ ਬਿਨਾ ਖੇਡ ਮੇਲਾ ਅਧੂਰਾ ਰਹਿ ਜਾਂਦਾ ਹੈ ਤੇ ਫਿਰ ਜੇ ਉਸ ਸਮੇ ਕੁਮੈਂਟਰੀ ਕਰਨ ਲਈ ਚਰਨਾਮਤ ਸਿੰਘ ਅਤੇ ਰਣਜੀਤ ਸਿੰਘ ਖੈੜਾ ਦੀ ਜੋੜੀ ਆ ਜਾਵੇ ਤਾਂ ਕਹਿਣੇ ਹੀ ਕਿਆ! ਸੋਨੇ ਤੇ ਸੁਹਾਗੇ ਵਾਲ਼ੀ ਗਲ ਬਣ ਜਾਂਦੀ ਹੈ ਜੀ। (ਗੁੱਡ ਆਨ ਯੂ ਬੋਥ, ਮਾਈਟ!) ਇਸ ਦੇ ਨਾਲ਼ ਹੀ ਸਾਨੂੰ ਖਾਸ ਸਿੱਖ ਖੇਡ ਗਤਕੇ ਨੂੰ ਵੀ ਉਤਸ਼ਾਹਤ ਕਰਨਾ ਚਾਹੀਦਾ ਹੈ। ਇਸ ਵਾਰੀਂ ਗਤਕੇ ਦੇ ਜੌਹਰ ਕੁਝ ਨੌਜਵਾਨਾਂ ਵੱਲੋਂ ਵਿਖਾਏ ਵੀ ਗਏ। ਇਸ ਪੱਖ ਤੇ ਹੋਰ ਵੀ ਧਿਆਨ ਦੇਣ ਦੀ ਲੋੜ ਹੈ।

ਇਸ ਮੇਲੇ ਵਿਚ ਹਾਕੀ ਬਿਲਕੁਲ ਹੀ ਨਹੀਂ ਦਿਸਦੀ। ਇਸ ਬਾਰੇ ਸ. ਤੀਰਥ ਸਿੰਘ ਨਿ'ਝਰ ਜੀ ਨਾਲ਼ ਗ'ਲ ਕੀਤੀ ਤਾਂ ਉਹਨਾਂ ਨੇ ਕੁਝ ਗਰਾਊਂਡ ਦੀ ਬਣਤਰ ਬਾਰੇ ਸਮ'ਸਿਆ ਦਾ ਜ਼ਿਕਰ ਕੀਤਾ। ਵਿਚਾਰ ਆਈ ਕਿ ਜਿਸ ਗਰਾਊਂਡ ਵਿਚ ਏਥੋਂ ਦੇ ਵਸਨੀਕ ਹਾਕੀ ਖੇਡ ਸਕਦੇ ਹਨ ਓਸੇ ਗਰਾਊਂਡ ਵਿਚ ਆਪਣੇ ਖਿਡਾਰੀ ਕਿਉਂ ਨਹੀਂ ਖੇਡ ਸਕਦੇ! ਇਸ ਪਾਸੇ ਵੀ ਧਿਆਨ ਦੇਣ ਦੀ ਲੋੜ ਹੈ।

ਹੋਰ ਵੀ ਵਧੀਆ ਗੱਲ ਇਸ ਵਾਰੀ ਇਹ ਹੋਈ ਕਿ ਨੌਜਵਾਨਾਂ, ਬੱਚੇ ਅਤੇ ਬੱਚੀਆਂ ਦੇ ਦਸਤਾਰ ਮੁਕਾਬਲੇ ਵੀ ਕਰਵਾਏ ਗਏ।

ਇਸ ਵਾਰੀ ਦਾ ਇਹ ਸ਼ਹੀਦੀ ਟੂਰਨਾਮੈਂਟ ਹਰੇਕ ਪੱਖੋਂ ਪਿਛਲੇ ਸਾਲਾਂ ਨਾਲ਼ੋਂ ਵਧ ਸਫ਼ਲਤਾ ਸਹਿਤ ਨੇਪਰੇ ਚੜ੍ਹਿਆ। ਇਸ ਲਈ

ਸਿੰਘ ਸਭਾ ਦੀ ਪ੍ਰਬੰਧਕ ਕਮੇਟੀ ਦੇ ਸਾਰੇ ਮੈਂਬਰ ਸਾਹਿਬਾਨ, ਬੀਬੀਆਂ, ਬੱਚੇ, ਖਿਡਾਰੀ ਟੀਮਾਂ, ਟੀਮਾਂ ਦੇ ਪ੍ਰਬੰਧਕ, ਕੁਮੈਂਟੇਟਰ ਆਦਿ ਵਧਾਈ ਦੇ ਪਾਤਰ ਹਨ। ਇਸ ਵਾਰੀ, ਇਸ ਟੂਰਨਾਮੈਨਟ ਸਮੇ, ਪੰਜਾਬੀ ਪ੍ਰਿੰਟ ਅਤੇ ਇਲਟ੍ਰੌਨਿਕ ਮੀਡੀਆ ਨੇ ਵੀ ਬਹੁਤ ਹੀ ਵਧ ਚੜ੍ਹ ਕੇ ਹਿੱਸਾ ਲਿਆ ਅਤੇ ਨਾਲ਼ ਹੀ ਢੁਕਵੇਂ ਸੁਝਾ ਦਿਤੇ ਅਤੇ ਅੱਗੇ ਤੋਂ ਵਧੇਰੇ ਸਹਿਯੋਗ ਦੇਣ ਦੀ ਪੇਸ਼ਕਸ਼ ਵੀ ਕੀਤੀ। ਮੀਡੀਏ ਦੇ ਨਾਂ ਮੈਂ ਜਾਣ ਕੇ ਨਹੀਂ ਲਿਖ ਰਿਹਾ ਕਿ ਅਜਿਹਾ ਕਰਨ ਨਾਲ਼ ਕਿਸੇ ਦਾ ਨਾਂ ਲਿਖਣੋ ਰਹਿ ਗਿਆ ਤਾਂ ਉਸ ਨਾਲ਼ ਬੇਇਨਸਾਫੀ ਹੋਵੇਗੀ।

# ਗੁਰਦੁਆਰਾ, ਜਿਥੇ ਮੈਂ ਰਾਤ ਨਾ ਰਹਿ ਸਕਿਆ

ਮੈਂ ਸੋਚਦਾ ਹੁੰਦਾ ਸੀ ਕਿ ਸਵਿਟਜ਼ਰਲੈਂਡ, ਲੰਡਨ, ਵਾਸ਼ਿੰਗਟਨ, ਪੈਰਿਸ ਆਦਿ ਵਰਗੇ ਸਥਾਨਾਂ ਨੂੰ ਛੱਡ ਕੇ, ਕੈਪਟਨ ਅਮਰਿੰਦਰ ਸਿੰਘ, ਸ. ਸੁਖਬੀਰ ਸਿੰਘ ਬਾਦਲ ਵਰਗੇ ਲੋਕ, ਦੁਬਈ ਨੂੰ ਮੁੜ ਮੁੜ ਸੈਰ ਕਰਨ ਕਿਉਂ ਜਾਂਦੇ ਹਨ! ਪਰ ਕਦੋਂ ਮੈਂ ਦੁਬਈ ਵੇਖਿਆ ਤਾਂ ਫਿਰ ਹੀ ਅਸਲੀਅਤ ਦਾ ਪਤਾ ਲੱਗਿਆ। "ਕਹਿਬੇ ਕਉ ਸੋਭਾ ਨਹੀ ਦੇਖਾ ਹੀ ਪਰਵਾਨ॥

ਸੰਸਾਰ ਵਿਚ ਜਿਥੇ ਵੀ ਸਿੱਖ ਜਾਂਦੇ ਹਨ ਆਪਣੀ ਵਿਲੱਖਣ ਪਛਾਣ ਦੇ ਨਾਲ਼ ਨਾਲ਼ ਗੁਰਦੁਆਰਾ ਸਾਹਿਬ ਦੀ ਉਸਾਰੀ ਵੀ ਕਰ ਲੈਂਦੇ ਹਨ। ਸਿੱਖਾਂ ਨੇ ਅਰਬੀ ਮੁਲਕਾਂ ਦੇ ਪ੍ਰਸਿਧ ਕਾਰੋਬਾਰੀ ਸ਼ਹਿਰ ਦੁਬਈ ਵਿਚ ਵੀ ਐਸਾ ਹੀ ਕਰ ਵਿਖਾਇਆ। ਅਰਬ ਮੁਲਕਾਂ ਵਿਚ ਪਹਿਲਾ ਅਧਿਕਾਰਕ ਗੁਰਦੁਆਰਾ ਬਣਾ ਲਿਆ ਜੋ ਕਿ ਲੱਗ ਪੱਗ ਅਸੰਭਵ ਸੀ। ਦੁਬਈ ਵਿਚ ਰਹਿੰਦੇ ਇਕ ਕਾਰੋਬਾਰੀ ਸਿੱਖ, ਸ ਸੁਰਿੰਦਰ ਸਿੰਘ ਕੰਧਾਰੀ ਦੀ ਮੇਹਨਤ ਰੰਗ ਲਿਆਈ ਤੇ ਦੁਬਈ ਵਿਚ ਕੰਮ ਕਰਨ ਵਾਲੇ ਪੰਜਾਹ ਹਜ਼ਾਰ (੫੦੦੦੦) ਸਿਖਾਂ ਨੂੰ, ਗੁਰੂ ਨਾਨਕ ਦਰਬਾਰ ਦੇ ਰੂਪ ਵਿਚ ਗੁਰਦੁਆਰਾ ਮਿਲ਼ ਗਿਆ। ਸਰਦਾਰ ਕੰਧਾਰੀ ਜੀ ਦਾ ਆਖਣਾ ਹੈ ਕਿ ਉਹਨਾਂ ਨੂੰ 'ਇਸਲਾਮਿਕ ਅਫ਼ੇਅਰਜ਼ ਸੋਸਾਇਟੀ' ਨੂੰ ਇਹ ਗੱਲ ਸਮਝਾਉਣ ਵਿਚ ਚਾਰ ਸਾਲ ਲੱਗ ਗਏ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸਲਾਮ ਜਾਂ ਕਿਸੇ ਵੀ ਹੋਰ ਧਰਮ ਦੇ ਖ਼ਿਲਾਫ਼ ਕੁਝ ਨਹੀਂ ਹੈ ਅਤੇ ਇਸ ਵਿਚ ਪੂਰੀ ਮਨੁਖ ਜਾਤੀ ਵਾਸਤੇ ਸਾਂਝਾ ਉਪਦੇਸ਼ ਹੈ। ਸੋਸਾਇਟੀ ਦੇ ਅਧਿਕਾਰੀਆਂ ਨੂੰ ਸਮਝਾਉਣ ਵਾਸਤੇ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਕਾਪੀ ਅਰਬੀ ਭਾਸ਼ਾ ਵਿਚ ਦਿਤੀ ਗਈ। ਬਹੁਤ ਅਧਿਐਨ ਕਰਨ ਤੋਂ ਬਾਅਦ ਸ਼ੇਖ਼ ਮੁਹੰਮਦ ਬਿਨ ਰਸ਼ੀਦ ਅਲ ਮਖ਼ਤੂਮ (ਦੁਬਈ ਦੇ ਕਿੰਗ ਅਤੇ ਸੰਯੁਕਤ ਅਰਬ ਅਮੀਰਾਤ (ਯੂ.ਈ.ਏ.) ਦੇ ਉਪ ਰਾਸ਼ਟਰਪਤੀ) ਨੇ, ਨਾ ਸਿਰਫ਼ ਗੁਰਦੁਆਰਾ ਸਾਹਿਬ ਦੀ ਉਸਾਰੀ ਕਰਨ ਵਾਸਤੇ ਆਗਿਆ ਹੀ ਦਿਤੀ ਬਲਕਿ ੨੫੪੦੦ ਵਰਗ ਫੁੱਟ ਜ਼ਮੀਨ ਵੀ ਦਿਤੀ ਅਤੇ ਇਹ ਵੀ ਆਖਿਆ ਕਿ ਇਹ ਗੁਰਦੁਆਰਾ ਅਰਬ ਸੰਸਾਰ ਦਾ ਸਭ ਤੋਂ ਆਲੀਸ਼ਾਨ ਹੋਣਾ ਚਾਹੀਦਾ ਹੈ। ਤਕਰੀਬਨ ਬਾਰਾਂ ਅਰਬ ਰੁਪਏ ਦੀ ਲਾਗਤ ਨਾਲ਼ ਉਸਰਿਆ ਇਹ ਇਤਿਹਾਸਕ ਗੁਰਦੁਆਰਾ ਸਿੱਖ ਕੌਮ ਦੀ ਮੇਹਨਤ ਅਤੇ ਇਮਾਨਦਾਰੀ ਦਾ ਪਰਮਾਣ ਹੈ।

ਵੈਸੇ ਤਾਂ ਸੰਸਾਰ ਦੇ ਇੱਕਾ ਦੁੱਕਾ ਗੁਰਦੁਆਰਾ ਸਾਹਿਬਾਨ ਵਿਚੋਂ, ਆਪਣੀ ਜ਼ਬਾਨ ਦੇ ਰਸ ਕਰਕੇ, ਮੈਨੂੰ ਨਿਕਲਣਾ ਪੈਂਦਾ ਰਿਹਾ ਪਰ ਗੁਰਦੁਆਰਾ ਗੁਰੂ ਨਾਨਕ ਦਰਬਾਰ ਦੁਬਈ ਵਿਚੋਂ ਤਾਂ ਪ੍ਰਬੰਧਕਾਂ ਨੇ ਮੇਰਾ ਪਿਛੋਕੜ ਜਾਨਣ ਦੇ ਬਾਵਜੂਦ ਵੀ ਯੋਗ ਪਰ ਦ੍ਰਿੜ੍ਹ ਸ਼ਬਦਾਂ ਰਾਹੀਂ, ਗੁਰਦੁਆਰਾ ਸਾਹਿਬ ਵਿਚ, ਮੇਰੀ ਰਾਤ ਕੱਟ ਲੈਣ ਦੀ ਬੇਨਤੀ ਅਪ੍ਰਵਾਨ ਕਰ ਦਿਤੀ।

ਗੱਲ ਇਉਂ ਹੋਈ ਕਿ ਕੁਝ ਸਾਲਾਂ ਤੋਂ ਸੁਣਦੇ ਪੜ੍ਹਦੇ ਆ ਰਹੇ ਸਾਂ ਕਿ ਅਰਬ ਦੇਸ਼ ਵਿਚ ਬੜੇ ਭਾਰੇ ਖ਼ਰਚ ਨਾਲ਼ ਬੜਾ ਸ਼ਾਨਦਾਰ ਗੁਰਦੁਆਰਾ ਸਾਹਿਬ ਉਸਾਰਿਆ ਗਿਆ ਹੈ। ਉਸ ਬਾਰੇ ਡਾਕੂਮੈਂਟਰੀ ਵੀ ਵੇਖੀ ਸੀ ਤੇ ਹੋਰ ਵੀ ਬੜਾ ਕੁਝ ਪੜ੍ਹਨ ਸੁਣਨ ਕਰਕੇ, ਉਸ ਦੇ ਦਰਸ਼ਨਾਂ ਦੀ ਚਾਹ ਸੀ। ੨੦੧੩ ਦੇ ਜੂਨ ਮਹੀਨੇ ਵਿਚ, ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਾਊਥਾਲ ਲੰਡਨ ਦੇ ਸੱਦੇ ਉਪਰ ਮੈਂ ਜਾਣਾ ਸੀ ਜਿਥੇ ੧੭ ਜੂਨ ਤੋਂ, ਦੋ ਹਫ਼ਤਿਆਂ ਵਾਸਤੇ ਮੇਰੀ ਕਥਾ ਦਾ ਪ੍ਰੋਗਰਾਮ ਬੁੱਕ ਸੀ। ਵਿਚਾਰ ਬਣਿਆ ਕਿ ਦੁਬਈ ਵਿਚਦੀ ਲੰਘਿਆ ਜਾਵੇ ਤੇ ਓਥੋਂ ਦੇ ਗੁਰਦੁਆਰਾ ਸਾਹਿਬ ਦੇ ਦਰਸ਼ਨਾਂ ਦੇ ਨਾਲ਼ ਨਾਲ਼ ਵੱਸਦੀਆਂ ਸੰਗਤਾਂ ਦੇ ਦਰਸ਼ਨ ਮੇਲੇ ਵੀ ਕਰਦੇ ਜਾਈਏ। ਸਿਡਨੀ ਦੇ ਵਸਨੀਕ ਸ. ਕੁਲਵਿੰਦਰ ਸਿੰਘ ਜੀ ਜਗਰਾਉਂ ਦੇ ਪਿਤਾ ਸ. ਸੁਰਿੰਦਰ ਸਿੰਘ ਜੀ ਹੋਰਾਂ ਦੇ ਪਰਮ ਮਿੱਤਰ, ਸ. ਹਰਜਿੰਦਰ ਸਿੰਘ ਖ਼ਾਲਸਾ ਦੁਬਈ ਵਿਚ ਚੰਗੇ ਕਾਰੋਬਾਰੀ ਅਤੇ ਸਰਦੇ ਪੁੱਜਦੇ ਸੱਜਣ ਰਹਿੰਦੇ ਹਨ। ਇਹ ਸੁਹਿਰਦ ਅਤੇ ਧਾਰਮਿਕ ਗੁਰਸਿੱਖ ਓਥੇ 'ਪਪੂ ਖ਼ਾਲਸਾ ਜੀ' ਦੇ ਨਾਂ ਨਾਲ਼ ਵੀ ਪ੍ਰਸਿਧ ਹਨ। ਵਿਚਾਰ ਬਣੀ ਕਿ ਉਹਨਾਂ ਪਾਸ ਰੁਕ ਕੇ ਦੋ ਕੁ ਦਿਨਾਂ ਬਾਅਦ ਅੱਗੇ ਲੰਡਨ ਨੂੰ ਚਾਲੇ ਪਾਏ ਜਾਣ। ਸਿਡਨੀ ਤੋਂ ਸ. ਸੁਰਿੰਦਰ ਸਿੰਘ ਜੀ ਦੇ ਯਤਨ ਕਰਨ ਦੇ ਬਾਵਜੂਦ ਵੀ ਦੁਬਈ ਵਿਚ ਉਹਨਾਂ ਨਾਲ਼ ਫ਼ੋਨ ਰਾਹੀਂ ਸੰਪਰਕ ਨਾ ਹੋ ਸਕਿਆ ਤੇ ਬਿਨਾ ਸੰਪਰਕ ਤੋਂ ਹੀ ਮੈਂ ਓਧਰ ਨੂੰ ਉਡਾਰੀ ਮਾਰ ਗਿਆ। ਅੱਧੀ ਰਾਤ ਨੂੰ ਮੈਂ ਦੁਬਈ ਹਵਾਈ ਅੱਡੇ ਤੇ ਪਹੁੰਚ ਗਿਆ। ਅੱਡੇ ਤੋਂ ਬਾਹਰ ਨੂੰ ਤੁਰਿਆ ਜਾਂਦਾ ਸੋਚ ਰਿਹਾ ਸਾਂ ਕਿ ਅੱਡੇ ਦੇ ਬਾਹਰ ਜਾ ਕੇ, ਦਿਨ ਚੜ੍ਹਨ ਦੀ ਉਡੀਕ ਕਰਾਂਗਾ ਤੇ ਲੋ ਲੱਗਣ ਤੇ ਪਬਲਿਕ ਟ੍ਰਾਂਸਪੋਰਟ ਜਾਂ ਟੈਕਸੀ ਰਾਹੀਂ ਗੁਰਦੁਆਰਾ ਸਾਹਿਬ ਪਹੁੰਚ ਜਾਵਾਂਗਾ ਤੇ ਇਕ ਦੋ ਦਿਨ ਓਥੇ ਰੁਕ ਕੇ ਅੱਗੇ ਲੰਡਨ ਨੂੰ ਚਾਲੇ ਪਾ ਜਾਵਾਂਗਾ ਪਰ ਬਾਹਰ ਨਿਕਲ਼ਦਿਆਂ ਹੀ ਦੋ ਨੌਜਵਾਨਾਂ ਨੇ ਮੈਨੂੰ ਰੋਕ ਕੇ ਮੇਰਾ ਨਾਂ ਪਤਾ ਪੁੱਛ ਕੇ ਦੱਸਿਆ ਕਿ ਉਹ ਪੱਪੂ ਖ਼ਾਲਸਾ ਜੀ ਦੇ ਭੇਜੇ ਹੋਏ, ਮੈਨੂੰ ਲੈਣ ਵਾਸਤੇ ਆਏ ਹਨ। ਇਹ ਬਿਧ ਇਉਂ ਬਣੀ ਕਿ ਮੇਰੇ ਸਿਡਨੀ ਛੱਡਣ ਪਿੱਛੋਂ, ਖ਼ਾਲਸਾ ਜੀ ਨਾਲ਼ ਸ. ਸੁਰਿੰਦਰ ਸਿੰਘ ਜੀ ਦਾ, ਫ਼ੋਨ ਰਾਹੀਂ ਸੰਪਰਕ ਜੁੜ ਗਿਆ ਸੀ ਤੇ ਖ਼ਾਲਸਾ ਜੀ ਨੇ ਆਪਣੇ ਕਰਿੰਦਿਆਂ ਨੂੰ, ਮੈਨੂੰ ਹਵਾਈ ਅੱਡੇ ਤੋਂ ਚੁੱਕਣ ਵਾਸਤੇ ਭੇਜ ਦਿਤਾ। ਉਹਨਾਂ ਨੌਜਵਾਨਾਂ ਨੇ ਮੈਨੂੰ, ਸਮੇਤ ਮੇਰੇ ਟਿੰਡ ਫਹੁੜੀ ਦੇ, ਕਾਰ ਵਿਚ ਧਰ ਲਿਆ। ਮੁਲਕ ਯੂ.ਈ.ਏ. ਦੀ ਰਾਜਧਾਨੀ, ਦੁਬਈ ਤੋਂ ਤਕਰੀਬਨ ਡੇਢ ਸੌ ਕਿਲੋ ਮੀਟਰ ਦੂਰ, ਅਬੂ ਧਾਬੀ ਮੈਨੂੰ ਲਿਜਾ ਕੇ, ਸ. ਹਰਜਿੰਦਰ ਸਿੰਘ ਖ਼ਾਲਸਾ ਜੀ ਦੇ ਹਵਾਲੇ ਕਰ ਦਿਤਾ। ਖ਼ਾਲਸਾ ਜੀ ਨੇ ਆਪਣੇ ਇਕ ਕਾਰਖ਼ਾਨੇ ਵਿਚ ਹੀ ਆਪਣੇ ਸਟਾਫ਼ ਦੀਆਂ ਸੰਗਤਾਂ ਵਾਸਤੇ ਗੁਰਦੁਆਰਾ ਸਾਹਿਬ ਬਣਾਇਆ ਹੋਇਆ ਹੈ ਤੇ ਓਥੇ ਉਸ ਸਮੇ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਗੁਰਪੁਰਬ ਮਨਾਇਆ ਜਾ ਰਿਹਾ ਸੀ। ਮੈਂ ਵੀ ਓਥੇ ਦੋ ਦੀਵਾਨਾਂ ਵਿਚ ਕਥਾ ਦੀ ਹਾਜਰੀ ਭਰੀ। ਸਰਦਾਰ ਖ਼ਾਲਸਾ ਜੀ ਦਾ ਇਸ ਮੁਲਕ ਯੂ.ਏ.ਈ. ਵਿਚ ਬੜਾ ਲੰਮਾ ਚੌੜਾ ਕਾਰੋਬਾਰ ਹੈ ਅਤੇ ਬੜੀ ਚੜ੍ਹਦੀਕਲਾ ਵਾਲ਼ੇ ਅਤੇ ਤਿਆਰ ਬਰ ਤਿਆਰ ਸਿੰਘ ਹਨ। ਓਥੇ ਦੇ ਟਿਕਾ ਸਮੇ ਉਹਨਾਂ ਨੇ ਮੈਨੂੰ ਆਪਣੇ ਘਰ

ਦੀ ਯਾਤਰਾ ਵੀ ਕਰਵਾਈ ਜੋ ਕਿ ਬੜੀ ਉਚੇਰੀ, ਕਈ ਮਨਜ਼ਲਾਂ ਵਾਲ਼ੀ ਬਿਲਡਿੰਗ ਦੀ ਕਿਸੇ ਬਹੁਤ ਉਚੀ ਮਨਜ਼ਲ ਉਪਰ, ਬੜਾ ਵਿਸ਼ਾਲ ਫਲੈਟ ਸੀ। ਖ਼ਾਲਸਾ ਜੀ ਨੇ ਮੇਰਾ ਬਣਦਾ ਮਾਣ ਸਤਿਕਾਰ ਵੀ ਕੀਤਾ। ਖ਼ਾਲਸਾ ਜੀ ਦਾ ਵਿਸ਼ਾਲ ਘਰ ਅਤੇ ਕਾਰੋਬਾਰ ਬਹੁਤ ਕਰਕੇ ਯੂ.ਏ.ਈ. ਦੀ ਰਾਜਧਾਨੀ ਅਬੂ ਧਾਬੀ ਵਿਚ ਹੈ।

ਅਗਲੇਰੇ ਦਿਨ ਮੇਰੀ ਬੇਨਤੀ ਮੰਨ ਕੇ ਖ਼ਾਲਸਾ ਜੀ ਨੇ ਮੈਨੂੰ ਹਵਾਈ ਅੱਡੇ ਉਪਰ ਛੱਡਣ ਲਈ ਨੌਜਵਾਨਾਂ ਦੀ ਸੇਵਾ ਲੱਗਾ ਦਿਤੀ ਤੇ ਓਧਰ ਜਾਂਦਿਆਂ ਮੇਰੇ ਆਖਣ ਤੇ, ਉਹਨਾਂ ਨੌਜਵਾਨਾਂ ਨੇ ਮੈਨੂੰ ਦੁਬਈ ਦੇ ਗੁਰਦੁਆਰਾ ਸਾਹਿਬ ਦੀ ਯਾਤਰਾ ਵੀ ਕਰਵਾ ਦਿਤੀ। ਉਸ ਯਾਤਰਾ ਦੌਰਾਨ ਗੁਰਦੁਆਰਾ ਸਾਹਿਬ ਦੇ ਸਕੱਤਰ/ਮੈਨੇਜਰ ਸਾਹਿਬ ਜੀ ਨਾਲ਼ 'ਫ਼ਤਿਹ ਫ਼ਤੂਹੀ' ਵੀ ਹੋਈ ਜੋ ਕਿ ਮੈਂ ਭੁੱਲ ਗਿਆ ਸੀ।

ਫਿਰ ਨਵੰਬਰ ਮਹੀਨੇ ਦੇ ਅਖੀਰ ਵਿਚ ਦੇਸ ਜਾਣਾ ਸੀ ਤੇ ਓਧਰ ਦੀ ਟਿਕਟ ਸਸਤੀ ਹੋਣ ਕਰਕੇ, ਮੈਂ ਦੁਬਈ ਰਾਹੀਂ ਜਾਣਾ ਠੀਕ ਸਮਝਿਆ ਤੇ ਉਸ ਸਸਤੀ ਟਿਕਟ ਉਪਰ ਸ਼ਰਤ ਇਹ ਸੀ ਕਿ ੩੦ ਘੰਟੇ ਦੁਬਈ ਰੁਕ ਕੇ ਫਿਰ ਅੱਗੋਂ ਦਿੱਲੀ ਦੀ ਸੀਟ ਮਿਲਣੀ ਸੀ। ਸੋਚਿਆ ਕਿ ਖ਼ਾਲਸਾ ਜੀ ਨੂੰ ਤਿੰਨ ਸੌ ਕਿਲੋ ਮੀਟਰ ਦਾ ਸਫ਼ਰ ਫਿਰ ਕਾਹਨੂੰ ਕਰਵਾਉਣਾ ਹੈ; ਕੁਝ ਘੰਟਿਆਂ ਦੀ ਹੀ ਤਾਂ ਗੱਲ ਹੈ; ਗੁਰਦੁਆਰੇ ਜਾ ਕੇ ਰੁਕਾਂਗਾ। ਰਾਤ ਹੀ ਕੱਟਣੀ ਹੈ। ਨਾਲ਼ੇ ਪ੍ਰਬੰਧਕਾਂ, ਗ੍ਰੰਥੀ ਸਿੰਘਾਂ ਨਾਲ਼ ਵਿਚਾਰ ਵਟਾਂਦਰਾ ਹੋ ਜਾਵੇਗਾ। ਇਸ ਲਈ ਮੈਂ ਦੁਬਈ ਉਤਰ ਕੇ, ਬੈਂਕ ਵਿਚੋਂ ਪੰਜਾਹ ਡਾਲਰ ਦੀ ਦੁਬਈ ਦੀ ਕਰੰਸੀ ਲੈ ਕੇ, ਰੇਲਵੇ ਸਟੇਸ਼ਨ ਤੇ ਪਹੁੰਚ ਗਿਆ। ਟਿਕਟ ਵੇਚਣ ਵਾਲ਼ੀ ਤੋਂ ਗੁਰਦੁਆਰੇ ਦੇ ਨੇੜੇ ਦੇ ਸਟੇਸ਼ਨ ਦਾ ਨਾਂ ਪੁੱਛ ਕੇ, ਉਸ ਤੋਂ ਟਿਕਟ ਲੈ ਕੇ, ਇਬਨ ਬਤੂਤਾ ਸਟੇਸ਼ਨ ਤੇ ਉਤਰ ਕੇ, ਓਥੋਂ ਟੈਕਸੀ ਲੈ ਕੇ, ਗੁਰਦੁਆਰਾ ਸਾਹਿਬ ਜਾ ਪਹੁੰਚਿਆ। ਗੁਰੂ ਦਰਬਾਰ ਵਿਚ ਮੱਥਾ ਟੇਕਣ ਉਪ੍ਰੰਤ ਦਫ਼ਤਰ ਵਿਚ ਚਲਿਆ ਗਿਆ ਤੇ ਮੈਨੇਜਰ/ ਸਕੱਤਰ ਜੀ ਨੂੰ ਆਪਣੇ ਬਾਰੇ ਜਾਣਕਾਰੀ ਦਿਤੀ ਤੇ ਨਾਲ਼ ਹੀ ਰਾਤ ਰਹਿਣ ਲਈ ਬੇਨਤੀ ਕਰ ਦਿਤੀ। ਉਹਨਾਂ ਨੇ ਦੱਸਿਆ ਕਿ ਉਹ ਮੈਨੂੰ ਜਾਣਦੇ ਹਨ ਤੇ ਮੇਰੀਆਂ ਲਿਖਤਾਂ ਵੀ ਪੜ੍ਹਦੇ ਰਹਿੰਦੇ ਹਨ ਤੇ ਲੰਡਨ ਜਾਂਦਿਆਂ ਮੈਂ ਉਹਨਾਂ ਨੂੰ ਮਿਲ਼ਿਆ ਵੀ ਸਾਂ ਪਰ ਉਹ ਮੈਨੂੰ ਰਾਤ ਗੁਰਦੁਆਰੇ ਵਿਚ ਠਹਿਰਨ ਦੀ ਆਗਿਆ ਨਹੀਂ ਦੇ ਸਕਦੇ ਕਿਉਂਕਿ ਕੁਝ ਖਾਸ ਕਾਰਨਾਂ ਕਰਕੇ ਪ੍ਰਬੰਧਕਾਂ ਵੱਲੋਂ ਸਖ਼ਤ ਹਿਦਾਇਤ ਹੈ ਕਿ ਗੁਰਦੁਆਰਾ ਸਾਹਿਬ ਵਿਚ ਰਾਤ ਨੂੰ ਕੋਈ ਨਹੀਂ ਠਹਿਰ ਸਕਦਾ। ਮੈਂ ਕਿਹਾ ਕਿ ਕੁਝ ਘੰਟਿਆਂ ਦੀ ਹੀ ਤਾਂ ਗੱਲ ਹੈ। ਅੱਧੀ ਰਾਤ ਤਕ ਤਾਂ ਮੈਂ ਦਰਬਾਰ ਹਾਲ ਵਿਚ ਬੈਠ ਕੇ ਕੁਝ ਨਾ ਕੁਝ ਪੜ੍ਹਦਾ ਰਹਾਂਗਾ ਤੇ ਤੀਜੇ ਪਹਿਰ ਗ੍ਰੰਥੀ ਸਿੰਘ ਜੀ ਨੇ ਮਹਾਂਰਾਜ ਜੀ ਦਾ ਪ੍ਰਕਾਸ਼ ਕਰ ਹੀ ਦੇਣਾ ਹੈ; ਫਿਰ ਕੋਈ ਸਮਸਿਆ ਈ ਨਹੀਂ। ਮੈਂ ਦੱਸਿਆ ਕਿ ਮੈਨੂੰ ਸੌਣ ਦੀ ਸਮੱਸਿਆ ਕੋਈ ਨਹੀਂ; ਹਾਲ ਵਿਚ ਇਕ ਕੰਧ ਨਾਲ਼ ਢੋਹ ਲਾ ਕੇ ਮੈਂ ਕੁਝ ਘੰਟੇ ਬਿਤਾ ਲੈਣੇ ਹਨ। ਲੋੜ ਮੈਨੂੰ ਸਿਰਫ ਸਵੇਰੇ ਨਹਾਉਣ ਦੀ ਹੈ। ਤੁਹਾਡੇ ਗ੍ਰੰਥੀ ਸਿੰਘ ਜੀ ਕਿਤੇ ਨਹਾਉਂਦੇ ਹੀ ਹੋਣਗੇ, ਓਥੇ ਮੈਂ ਵੀ ਪਿੰਡੇ ਤੇ ਪਾਣੀ ਦੀ ਇਕ ਬਾਲ਼ਟੀ ਪਾ ਲਵਾਂਗਾ। ਉਹਨਾਂ ਨਾਲ਼ ਮੇਰੀ ਲੰਮੀ ਚੌੜੀ ਵਾਰਤਾ ਇਸ ਬਾਰੇ ਹੋਈ। ਵਾਹਵਾ ਸਮਾ ਲੱਗਿਆ ਪਰ ਜੁਮੇਵਾਰ ਸੱਜਣ ਆਪਣੇ ਅਸੂਲ ਉਪਰ ਡਟੇ ਹੀ ਰਹੇ। ਇਸ ਮਸਲੇ ਤੇ ਉਹਨਾਂ ਨੇ ਵਾਰ ਵਾਰ ਆਪਣੀ ਮਜਬੂਰੀ ਦਰਸਾਈ। ਲੰਗਰ ਪਾਣੀ ਛਕਣ ਲਈ ਆਖਿਆ ਤੇ ਚਾਹ ਵੀ ਦਫ਼ਤਰ ਵਿਚ ਮੈਨੂੰ ਛਕਾਈ ਪਰ ਉਹਨਾਂ ਅਨੁਸਾਰ ਰਾਤ ਨਹੀਂ ਸਾਂ ਮੈਂ ਓਥੇ ਰਹਿ ਸਕਦਾ। ਉਹਨਾਂ ਨੇ ਦੱਸਿਆ ਕਿ ਗੁਰਦੁਆਰੇ ਦੀ ਬਿਲਡਿੰਗ ਅੰਦਰ ਰਾਤ ਰਹਿ ਸਕਣ ਦੀ ਵਿਸ਼ੇਸ਼ ਆਗਿਆ ਸਿਰਫ ਇਕ ਗ੍ਰੰਥੀ ਸਿੰਘ ਜੀ ਵਾਸਤੇ ਹੀ ਹੈ ਕਿਉਂਕਿ ਉਹਨਾਂ ਨੇ ਸਵੇਰੇ ਪ੍ਰਕਾਸ਼ ਕਰਨਾ ਹੁੰਦਾ ਹੈ; ਇਸ ਤੋਂ ਇਲਾਵਾ ਸੈਕਿਉਰਟੀ ਵਾਲ਼ਿਆਂ ਤੋਂ ਬਿਨਾ ਹੋਰ ਕੋਈ ਗੁਰਦੁਆਰੇ ਦੀ ਇਮਾਰਤ ਅੰਦਰ ਰਾਤ ਨਹੀਂ ਰਹਿ ਸਕਦਾ। ਬਾਕੀ ਸਾਰਾ ਸਟਾਫ਼ ਆਪੋ ਆਪਣੇ ਫਲੈਟਾਂ ਵਿਚ ਚਲਿਆ ਜਾਂਦਾ ਹੈ। ਸਤਾਰਾਂ ਇੰਪਲਾਈ ਸਨ ਗੁਰਦੁਆਰਾ ਸਾਹਿਬ ਦੇ, ਇਕ ਗ੍ਰੰਥੀ ਸਿੰਘ ਗੁਰਦੁਆਰੇ ਦੇ ਅੰਦਰ ਰਹਿੰਦਾ ਸੀ ਤੇ ਬਾਕੀ ਤਾਂ ਸੋਲ਼ਾਂ ਕਿਸੇ ਥਾਂ ਰਹਿੰਦੇ ਹੀ ਹੋਣਗੇ। ਉਹਨਾਂ ਵਿਚੋਂ ਕਿਸੇ ਦੇ ਨਾਲ਼ ਮੈਨੂੰ ਵੀ ਰਾਤ ਕਟਾਈ ਜਾ ਸਕਦੀ ਸੀ ਪਰ ਇਸ ਬਾਰੇ ਨਾ ਉਹਨਾਂ ਨੇ ਉਦਾਰਤਾ ਵਿਖਾਈ ਤੇ ਨਾ ਮੈਂ ਹੀ ਉਹਨਾਂ ਨੂੰ ਆਖ ਸਕਿਆ। ਵੈਸੇ ਗ੍ਰੰਥੀ ਸਿੰਘ ਦੀ ਰਿਹਾਇਸ਼ ਦਾ ਕਾਬਲੇ ਤਾਰੀਫ਼ ਪ੍ਰਬੰਧ ਸੀ। ਪੂਰੀਆਂ ਸਹੂਲਤਾਂ ਵਾਲ਼ਾ ਸੁੰਦਰ ਫਲੈਟ ਸੀ। ਬੈਡ ਰੂਮ, ਲਾਂਜ ਰੂਮ, ਬਾਥਰੂਮ, ਰਸੋਈ ਆਦਿ ਪੂਰੀ ਸ਼ਾਨ ਵਾਲ਼ਾ ਫ਼ਰਨਿਸ਼ਡ ਸੈਟ ਸੀ। ਸਾਡੀ ਇਸ ਗੁਫ਼ਤਗੂ ਸਮੇ ਗ੍ਰੰਥੀ ਜੀ ਕੋਲ਼ ਹੀ ਸਨ ਪਰ ਉਹ ਵਿਚਾਰੇ ਚੁਪ ਰਹੇ ਤੇ ਉਹਨਾਂ ਦਾ ਚੇਹਰਾ ਦੱਸੇ ਕਿ ਉਹ ਵੀ ਕਿਸੇ ਮਜਬੂਰੀ ਅਧੀਨ ਹੀ ਚੁੱਪ ਹਨ; ਨਹੀਂ ਤਾਂ ਉਹਨਾਂ ਦੇ ਲਾਂਜ ਰੂਮ ਵਿਚ ਮੈਂ ਕੁਝ ਘੰਟੇ ਗੁਜ਼ਾਰ ਹੀ ਸਕਦਾ ਸੀ। ਅੰਤ ਨੂੰ ਹਾਰ ਕੇ ਫਿਰ ਮੈਨੇਜਰ ਜੀ ਨੂੰ ਆਖਿਆ, "ਕਰੋ ਖ਼ਾਲਸਾ ਜੀ ਨੂੰ ਫ਼ੋਨ। ਉਹ ਮੈਨੂੰ ਆ ਕੇ ਏਥੋਂ ਲੈ ਜਾਣ।" ਉਹਨਾਂ ਨੇ ਫ਼ੋਨ ਮਿਲਾ ਕੇ ਰਸੀਵਰ ਮੇਰੇ ਹੱਥ ਫੜਾਇਆ ਤੇ ਮੈਂ ਓਧਰੋਂ ਆਵਾਜ਼ ਆਉਣ ਤੇ ਖ਼ਾਲਸਾ ਜੀ ਨੂੰ ਗੁਰਦਆਰੇ ਤੋਂ ਚੁੱਕਣ ਵਾਸਤੇ ਬੇਨਤੀ ਕੀਤੀ। ਉਹਨਾਂ ਨੇ ਫੌਰਨ ਹੀ ਕਾਰ ਭੇਜ ਦਿਤੀ ਤੇ ਮੇਰੀ ਬੇਨਤੀ ਮੰਨ ਕੇ, ਮੈਨੂੰ ਅਬੂ ਧਾਬੀ ਲਿਜਾਣ ਦੀ ਬਜਾਇ, ਦੁਬਈ ਵਿਚਲੇ ਹੀ ਆਪਣੇ ਦਫ਼ਤਰ ਨਾਲ਼ ਜੁੜਵੇਂ ਫਲੈਟ ਵਿਚ ਮੇਰੇ ਸੌਣ, ਨਹਾਉਣ ਭੋਜਨ ਅਤੇ ਇੰਟਰਨੈਟ ਦਾ ਪ੍ਰਬੰਧ ਕਰ ਦਿਤਾ। ਮੈਂ ਆਖਿਆ ਕਿ ਸਵੇਰੇ ਮੈਨੂੰ ਗੁਰਦੁਆਰਾ ਸਾਹਿਬ ਵਿਖੇ ਫੇਰ ਛੱਡ ਆਉਣਾ ਤਾਂ ਕਿ ਮੈਂ ਓਥੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਵਿਚਰਾਂਗਾ, ਗੁਰੂ ਜੀ ਤੇ ਗੁਰੂ ਜੀ ਦੀਆਂ ਸੰਗਤਾਂ ਦੇ ਦਰਸ਼ਨ ਕਰਾਂਗਾ; ਤੇ ਨਾਲ਼ੇ ਏਥੇ ਰਹਿ ਕੇ ਤੁਹਾਡੇ ਕੰਮ ਵਿਚ ਘੜੰਮ ਨਹੀਂ ਪਾਵਾਂਗਾ। ਸਵੇਰੇ ਅੱਠ ਵਜੇ ਹੀ ਉਹਨਾਂ ਦੇ ਡਰਾਈਵਰ ਨੌਜਵਾਨ ਨੇ ਮੈਨੂੰ ਫਲੈਟ ਤੋਂ ਚੁੱਕਿਆ ਤੇ ਗੁਰਦੁਆਰੇ ਜਾ ਕੇ ਛੱਡ ਦਿਤਾ। ਉਸ ਨੇ ਆਖਿਆ ਕਿ ਰਾਤ ਨੂੰ ਉਹ ਮੈਨੂੰ ਹਵਾਈ ਅੱਡੇ ਤੇ ਛੱਡਣ ਵਾਸਤੇ ਸਮੇ ਸਿਰ ਆ ਜਾਣਗੇ। ਮੈਂ ਆਖਿਆ ਵੀ ਕਿ ਮੇਰੇ ਪਾਸ ਪੈਸੇ ਹੈਗੇ ਨੇ ਤੇ ਮੈਂ ਰੇਲ ਰਾਹੀਂ ਹਵਾਈ ਅੱਡੇ ਤੇ ਏਥੋਂ ਓਵੇਂ ਹੀ ਚਲਿਆ ਜਾਵਾਂਗਾ

ਜਿਵੇਂ ਕਲ੍ਹ ਓਥੋਂ ਆਇਆ ਸਾਂ ਪਰ ਉਹਨਾਂ ਨੇ ਖ਼ੁਦ ਛੱਡਣ ਤੇ ਜੋਰ ਦਿਤਾ। ਮੈਂ ਉਹ ਸਾਰਾ ਦਿਨ ਗੁਰਦੁਆਰਾ ਸਾਹਿਬ ਵਿਖੇ ਰਿਹਾ ਤੇ ਇਸ ਦੌਰਾਨ ਪ੍ਰਬੰਧਕਾਂ ਦੇ ਰਵਈਏ ਤੋਂ ਕੁਝ ਇਹੋ ਜਿਹਾ ਮਹਿਸੂਸ ਹੋਵੇ ਕਿ ਜਿਵੇਂ ਉਹ ਮੈਨੂੰ ਰਾਤ ਰਹਿਣ ਦੀ ਆਗਿਆ ਨਾ ਦੇ ਸਕਣ ਤੇ ਖ਼ੁਸ਼ ਨਾ ਹੋਣ! ਦਿਨ ਦੇ ਦੌਰਾਨ ਪ੍ਰਬੰਧਕਾਂ ਨੇ ਮੈਨੂੰ ਆਰਾਮ ਕਰਨ ਲਈ ਲੋੜੋਂ ਵਧ ਜੋਰ ਦਿਤਾ। ਇਕ ਸਿੰਘ ਨਾਲ਼ ਬੇਸਮੈਂਟ ਵਾਲ਼ੇ ਕਮਰੇ ਵਿਚ ਭੇਜ ਦਿਤਾ। ਓਥੇ ਮੈਂ ਵੇਖਿਆ ਕਿ ਖੁਲ੍ਹੇ ਕਮਰੇ ਵਿਚ ਪੰਜ ਬਿਸਤਰੇ ਲੱਗੇ ਹੋਏ ਸਨ। ਉਹਨਾਂ ਨੂੰ ਖ਼ੁਸ਼ ਕਰਨ ਲਈ ਮੈਂ ਕੁਝ ਮਿੰਟ ਮੰਜੇ ਤੇ ਲੇਟਿਆ ਵੀ ਪਰ ਨਾ ਤੇ ਮੈਂ ਥੱਕਿਆ ਹੋਇਆ ਸਾਂ ਤੇ ਨਾ ਹੀ ਮੈਂ ਕਦੇ ਦਿਨੇ ਸੌਣ ਦੀ ਲੋੜ ਸਮਝੀ ਹੈ। ਮੈਂ ਕੇਹੜਾ ਹਲ਼ ਵਾਹੁੰਦਾ ਹਾਂ ਕਿ ਮੈਨੂੰ ਦੁਪਹਿਰ ਸਮੇ ਥਕਾਵਟ ਲਾਹੁਣ ਜਾਂ ਲੱਕ ਸਿਧਾ ਕਰਨ ਲਈ ਮੰਜੇ ਤੇ ਪੈਣਾ ਪਵੇ!

ਇਸ ਦੌਰਾਨ ਪ੍ਰਬੰਧਕਾਂ ਨੇ ਕਿਹਾ ਕਿ ਉਹ ਰਾਤ ਨੂੰ ਮੈਨੂੰ ਹਵਾਈ ਅੱਡੇ ਉਪਰ, ਗੁਰਦੁਆਰਾ ਸਾਹਿਬ ਦੀ ਗੱਡੀ ਤੇ ਛੱਡ ਆਉਣਗੇ। ਇਸ ਤੇ ਮੈਂ ਕਿਹਾ ਕਿ ਉਹ ਫਿਰ ਖ਼ਾਲਸਾ ਜੀ ਨੂੰ ਫ਼ੋਨ ਕਰਕੇ ਦੱਸ ਦੇਣ ਤਾਂ ਕਿ ਉਹ ਮੈਨੂੰ ਏਥੋਂ ਚੁੱਕਣ ਲਈ ਆਪਣੀ ਕਾਰ ਨਾ ਭੇਜਣ। ਉਹਨਾਂ ਨੇ ਫ਼ੋਨ ਰਾਹੀਂ ਖ਼ਾਲਸਾ ਜੀ ਨੂੰ ਕਾਰ ਭੇਜਣ ਤੋਂ ਰੋਕ ਦਿਤਾ ਤੇ ਮੈਨੂੰ ਰਾਤ ਸਮੇ ਖ਼ੁਦ ਹਵਾਈ ਅੱਡੇ ਤੇ ਲਾਹ ਆਏ।

ਇਸ ਸਾਰੇ ਕੁਝ ਦੇ ਪਿਛੋਕੜ ਵਿਚ ਇਕ ਖਾਸ ਗੱਲ ਹੈ; ਉਹ ਇਹ ਹੈ ਕਿ ਅੱਜ ਤੋਂ ਦੋ ਕੁ ਦਹਾਕੇ ਪਹਿਲਾਂ, ਜਦੋਂ ਅਜੇ ਬੱਚੇ ਵਿਆਹਾਂ ਉਪ੍ਰੰਤ ਆਪੋ ਆਪਣੇ ਘਰੀਂ ਨਹੀਂ ਸਨ ਗਏ; ਕਦੀ ਕਦਾਈਂ ਕਿਸੇ ਗੱਲੋਂ ਨਾਰਾਜ਼ ਹੋ ਕੇ, ਮੈਂ ਮਾਣ ਨਾਲ਼ ਆਖਿਆ ਕਰਦਾ ਸਾਂ ਕਿ ਦੁਨੀਆ ਭਰ ਵਿਚਲੇ, ਸੁਨਹਿਰੀ ਗੁੰਬਦਾਂ ਅਤੇ ਸੰਗ ਮਰਮਰ ਦੇ ਫਰਸ਼ਾਂ ਵਾਲ਼ੇ ਸਾਰੇ ਗੁਰਦੁਆਰੇ ਮੇਰੇ ਈ ਹਨ। ਮੈ ਜਿਥੇ ਚਾਹਾਂ ਜਾ ਕੇ ਕਛਹਿਰਾ ਸੁੱਕਣੇ ਪਾ ਸਕਦਾ ਹਾਂ। ਮੈਨੂੰ ਕਿਸੇ ਦੀ ਕੋਈ ਪਰਵਾਹ ਨਹੀਂ ਤੇ ਨਾ ਹੀ ਕੋਈ ਫਿਕਰ ਹੈ। ਕਹਿੰਦਾ ਤਾਂ ਮੈਂ ਇਹ ਕੁਝ ਆਪਣੇ ਗੁਰੂ, ਗੁਰੂ ਦੀਆਂ ਸੰਗਤਾਂ, ਗੁਰੂ ਪੰਥ ਅਤੇ ਗੁਰਦੁਆਰਾ ਸੰਸਥਾ ਵਿਚ ਆਪਣਾ ਅਥਾਹ ਵਿਸ਼ਵਾਸ ਹੋਣ ਕਰਕੇ ਸਾਂ; ਕਿਉਂਕਿ ਮੈਨੂੰ ਆਪਣੇ ਪੰਥ ਉਪਰ ਮਾਣ ਹੈ ਕਿ ਪੰਥ ਦਾ ਨਿਮਾਣਾ ਪਰ ਸੱਚੇ ਦਿਲੋਂ ਸੇਵਕ ਹੋਣ ਕਰਕੇ, ਮੈਨੂੰ ਸੰਸਾਰ ਅੰਦਰ ਕਿਸੇ ਕਿਸਮ ਦੀ ਕਮੀ ਨਹੀਂ ਤੇ ਕਿਸੇ ਹੱਦ ਤੱਕ ਇਹ ਗੱਲ ਹੈ ਵੀ ਠੀਕ ਪਰ ਇਹ ਕੁਝ ਆਖਦਿਆਂ ਧੁਰ ਅੰਦਰੋਂ ਕਿਤੇ ਸੂਖਮ ਜਿਹੀ ਇਉਂ ਆਵਾਜ਼ ਵੀ ਆਉਣੀ ਕਿ ਕਿਤੇ ਇਹ ਮੇਰਾ ਅਹੰਕਾਰ ਤਾਂ ਨਹੀਂ ਬੋਲ ਰਿਹਾ ਪਰ ਇਸ ਆਵਾਜ਼ ਨੂੰ ਇਹ ਦਲੀਲ ਦੇ ਕੇ ਦਬਾ ਦੇਣਾ ਕਿ ਨਹੀਂ ਇਹ ਮੇਰੇ ਮਨ ਦਾ ਐਵੇਂ ਵਹਿਮ ਹੈ। ਮੈ ਕੋਈ ਅਹੰਕਾਰ ਥੋਹੜਾ ਕਰ ਰਿਹਾ ਹਾਂ, ਇਹ ਤਾਂ, "ਜਿਉਂ ਬਾਲਕੁ ਪਿਤਾ ਊਪਰਿ ਕਰੇ ਬਹੁ ਮਾਣੁ॥" (ਪੰਨਾ ੩੯੬) ਵਾਲੀ ਗੱਲ ਹੈ। ਮੈਨੂੰ ਆਪਣੇ ਗੁਰੂ ਅਤੇ ਇਸ ਦੇ ਪੰਥ ਉਪਰ ਜਾਇਜ਼ ਮਾਣ ਹੈ; ਪਰ ਸ਼ਾਇਦ ਮੇਰੇ ਗੁਰੂ ਨੇ ਇਸ ਸੋਚ ਨੂੰ ਮੇਰਾ ਅਹੰਕਾਰ ਜਾਣ ਕੇ ਮੈਨੂੰ ਸਿਧੇ ਰਾਹ ਪਾਉਣ ਹਿਤ ਇਹ ਕੌਤਕ ਵਰਤਾਇਆ ਹੋਵੇ ਕਿ ਮੈਂ ਐਵੇਂ ਬੇਲੋੜੇ ਮਾਣ ਵਿਚ ਨਾ ਤੁਰਿਆ ਫਿਰਾਂ। ਧਰਤੀ ਤੇ ਟਿਕਿਆ ਰਹਾਂ। ਧਰਤੀ ਤੋਂ ਬਹੁਤਾ ਉਚਾ ਜਾਣ ਤੋਂ ਬਾਅਦ ਭੁੰਜੇ ਡਿੱਗਣ ਨਾਲ਼ ਸੱਟ ਵੀ ਲੱਗ ਸਕਦੀ ਹੈ।

ਇਹ ਕੁਝ ਮੈਂ ਉਹਨਾਂ ਪ੍ਰਬੰਧਕਾਂ ਦੀ ਬਦਖੋਈ ਵਾਸਤੇ ਨਹੀਂ ਲਿਖ ਰਿਹਾ ਸਗੋਂ ਜਿਵੇਂ ਜੋ ਵਾਕਿਆ ਹੋਇਆ ਹੈ ਓਵੇਂ ਵੀ ਲ਼ਿਖਤ ਵਿਚ ਲੈ ਆਂਦਾ ਹੈ। ਉਹ ਕੱਟੜ ਮੁਸਲਮਾਨੀ ਦੇਸ਼ ਹੈ। ਉਸ ਦੇਸ਼ ਅਤੇ ਗਵਾਂਢੀ ਮੁਸਲਮਾਨੀ ਦੇਸ਼ਾਂ ਵਿਚ ਇਹ ਇਕੋ ਇਕ ਤੇ ਪਹਿਲਾ ਹੀ ਗੁਰਦੁਆਰਾ ਹੈ; ਇਸ ਲਈ ਪ੍ਰਬੰਧਕ ਹਰ ਪੱਖੋਂ ਫੂਕ ਫੂਕ ਕੇ ਕਦਮ ਰੱਖਦੇ ਹਨ ਤਾਂ ਕਿ ਕਿਸੇ ਗੁਰੂ ਦੋਖੀ ਨੂੰ ਮੌਕਾ ਨਾ ਮਿਲ਼ੇ ਕਿ ਉਹ ਸਰਕਾਰ ਤੱਕ ਕੋਈ ਗ਼ਲਤ ਗੱਲ ਪੁਚਾ ਕੇ, ਇਸ ਸ਼ਾਨਦਾਰ ਸੰਸਥਾ ਦੀ ਕਾਰਜਸ਼ੀਲਤਾ ਵਿਚ ਕਿਸੇ ਤਰ੍ਹਾਂ ਦਾ ਵਿਘਨ ਪਾਉਣ ਦਾ ਕਾਰਨ ਬਣ ਸਕੇ। ਮੈਨੂੰ ਦੱਸਿਆ ਗਿਆ ਕਿ ਏਸੇ ਕਰਕੇ ਹੀ ਉਸ ਗੁਰਦੁਆਰਾ ਸਾਹਿਬ ਵਿਖੇ ਪਾਠ ਅਤੇ ਕੀਰਤਨ ਤੋਂ ਇਲਾਵਾ ਹੋਰ ਕਿਸੇ ਵੀ ਪ੍ਰਕਾਰ ਦੀ ਕਥਾ, ਵਿਖਿਆਨ, ਪ੍ਰਸੰਗ ਆਦਿ ਸੁਣਾਉਣ ਦੀ ਆਗਿਆ ਨਹੀ ਹੈ। ਜਿਸ ਦਿਨ ਮੈਂ ਗਿਆ ਸਾਂ ਕੁਦਰਤੀ ਉਸ ਦਿਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦਾ ਸ਼ਹੀਦੀ ਦਿਵਸ ਸੀ। ਸ਼ਾਮ ਦੇ ਸਜੇ ਦੀਵਾਨ ਵਿਚ ਲੋਕਲ ਰਾਗੀ ਜਥੇ ਨੇ ਕੀਰਤਨ ਕੀਤਾ ਅਤੇ ਗ੍ਰੰਥੀ ਸਿੰਘ ਜੀ ਨੇ ਵੀ ਕੀਰਤਨ ਕੀਤਾ। ਗ੍ਰੰਥੀ ਸਿੰਘ ਜੀ ਨੇ ਕੀਰਤਨ ਦੌਰਾਨ ਬੜੀ ਹੀ ਸੰਭਲ਼ ਕੇ ਸੰਖੇਪ ਜਿਹੀ ਵਿਆਖਿਆ ਵੀ ਕੀਤੀ ਪਰ ਸਾਵਧਾਨੀ ਨਾਲ਼ ਇਹ ਖਿਆਲ ਰੱਖਿਆ ਕਿ ਉਹਨਾਂ ਦੁਆਰਾ ਕੀਤੀ ਜਾ ਰਹੀ ਵਿਆਖਿਆ ਦੌਰਾਨ ਮੂੰਹ ਚੋਂ ਕੋਈ ਅਜਿਹਾ ਬਚਨ ਨਾ ਨਿਕਲ਼ ਜਾਵੇ ਜੇਹੜਾ ਸਮੇ ਦੀ ਸਰਕਾਰ ਦੇ ਨਾ ਮੁਆਫਕ ਹੋਵੇ।

ਵੈਸੇ ਸਾਡੀ ਹੀ ਲਾਈਨ ਦੇ ਦੋ ਨੌਜਵਾਨ ਵਿਦਵਾਨਾਂ ਦਾ ਵਿਚਾਰ ਹੈ ਕਿ ਇਕ ਬਜ਼ੁਰਗ ਸਿੱਖ ਵਿਦਵਾਨ ਪ੍ਰਚਾਰਕ ਤੇ ਲੇਖਕ, ਜਿਸ ਨੂੰ ਕਿ ਪ੍ਰਬੰਧਕ ਜਾਣਦੇ ਵੀ ਸਨ, ਨੂੰ ਇਕ ਰਾਤ ਦੇ ਕੁਝ ਘੰਟਿਆਂ ਵਾਸਤੇ ਗੁਰਦੁਆਰਾ ਸਾਹਿਬ ਵਿਖੇ ਰੁਕਣ ਦੀ ਆਗਿਆ ਦੇ ਸਕਣ ਤੋਂ ਕਿਸੇ ਮਜਬੂਰੀ ਕਾਰਨ ਅਸਮ੍ਰਥ ਹੋਣਾ, ਸਮਝ ਤੋਂ ਬਾਹਰ ਦੀ ਗੱਲ ਹੈ।

# ਸੁਰੀਲੇ ਅਤੇ ਸੁਹਿਰਦ ਸੱਜਣ

ਗੱਲ ਇਹ ਅਪ੍ਰੈਲ ੧੯੬੭ ਦੀ ਹੈ। ਪੰਜਾਬ ਅਸੈਂਬਲੀ ਦੀਆਂ ਚੋਣਾਂ ਅਤੇ ਕਾਂਗਰਸ ਵਿਰੋਧੀ ਸਰਕਾਰ ਬਣਾਉਣ ਵਾਲ਼ੇ ਗਾਹੜ ਮਾਹੜ ਤੇ ਭੱਜ ਦੌੜ ਵਾਲ਼ੇ ਵਾਤਾਵਰਨ ਤੋਂ ਬਾਅਦ, ਪੰਜਾਬ ਦੀ ਸਿਆਸਤ ਵਿਚ ਕੁਝ ਖੜੋਤ ਜਿਹੀ ਆ ਗਈ ਸੀ ਤੇ ਇਸ ਕਰਕੇ ਅਤੇ ਕੁਝ ਹੋਰ ਨਿੱਕੇ ਮੋਟੇ ਕਾਰਨਾਂ ਕਰਕੇ, ਮੈਂ ਇਸ ਵਾਤਾਵਰਣ ਵਿਚੋਂ ਨਿਕਲਣ ਬਾਰੇ ਸੋਚਣ ਲੱਗ ਪਿਆ। ਇਕ ਦਿਨ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ਼ ਲੱਗਵੇਂ ਮਕਾਨ ਦੀ ਤੀਜੀ ਛੱਤ ਉਪਰਲੇ ਕਮਰੇ ਵਿਚ, ਜਿਥੇ ਉਸ ਸਮੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਜੀ ਦੀ ਰਿਹਾਇਸ਼ ਸੀ, ਦੋਵੇਂ ਸੰਤ, ਸੰਤ ਫ਼ਤਿਹ ਸਿੰਘ ਜੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਅਤੇ ਸੰਤ ਚੰਨਣ ਸਿੰਘ ਜੀ ਪ੍ਰਧਾਨ ਸ਼ੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਵਿਚਾਰਾਂ ਕਰ ਰਹੇ ਸਨ ਤੇ ਕੋਲ਼ ਮੈਂ ਵੀ ਹਾਜਰ ਸਾਂ। ਮੈਂ ਦੋਹਾਂ ਸੰਤ ਜੀਆਂ ਨੂੰ ਬੇਨਤੀ ਕੀਤੀ ਕਿ ਮੈਨੂੰ ਵਾਪਸ ਮੇਰੀ ਰਾਗੀ ਵਾਲ਼ੀ ਡਿਊਟੀ ਤੇ ਭੇਜ ਦਿਤਾ ਜਾਵੇ। ਸੰਤ ਚੰਨਣ ਸਿੰਘ ਜੀ ਸਹਿਮਤ ਹੋ ਗਏ ਤੇ ਸੰਤ ਫ਼ਤਿਹ ਸਿੰਘ ਜੀ ਚੁੱਪ ਰਹੇ। ਮੇਰੀ ਇੱਛਾ ਸੀ ਕਿ ਜਾਂ ਤਾਂ ਮੈਨੂੰ ਅੰਮ੍ਰਿਤਸਰ ਦੇ ਕਿਸੇ ਗੁਰਦੁਆਰਾ ਸਾਹਿਬ ਵਿਖੇ ਲਾਇਆ ਜਾਵੇ ਜਾਂ ਫਿਰ, ਜਿਥੋਂ ਮੈਨੂੰ ਕਢ ਕੇ ਬੁਢਾ ਜੌਹੜ ਲਿਜਾਇਆ ਗਿਆ ਸੀ, ਅਰਥਾਤ ਪਟਿਆਲੇ ਭੇਜ ਦਿਤਾ ਜਾਵੇ ਪਰ ਮੇਰੀ ਇੱਛਾ ਦੇ ਵਿਰੁਧ ਮੈਨੂੰ ਦੂਰ, ਗੁਰਦੁਆਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀਂਦ, ਵਿਖੇ ਜਾਣ ਦਾ ਆਰਡਰ ਕਰ ਦਿਤਾ ਗਿਆ। ਇਸ ਬਾਰੇ ਮੇਰੇ ਨਿਰਉਤਸ਼ਾਹਤ ਰਵੱਈਏ ਨੂੰ ਵੇਖ ਕੇ, ਪ੍ਰਧਾਨ ਸੰਤ ਚੰਨਣ ਸਿੰਘ ਜੀ ਨੇ ਆਖਿਆ, "ਓਥੇ ਆਪਣਾ ਬੱਚੂ ਗੁਰਮੇਲ ਸਿੰਘ ਹੈ। ਤੁਹਾਡੀ ਸੋਹਣੀ ਨਿਭੇਗੀ। ਜੇ ਓਥੇ ਤੇਰਾ ਨਾ ਜੀ ਲੱਗਾ ਤਾਂ ਤੈਨੂੰ ਫਿਰ ਅੰਮ੍ਰਿਤਸਰ ਸੱਦ ਲਵਾਂਗੇ। ਮੈਂ ਮਜਬੂਰੀ ਵੱਸ ਓਧਰ ਚਲਿਆ ਗਿਆ ਪਰ ਅੰਦਰੋਂ ਖ਼ੁਸ਼ ਨਹੀਂ ਸਾਂ। ਜਦੋਂ ਮੈਂ ਓਥੇ ਜਾ ਕੇ ਗੁਰਦੁਆਰਾ ਸਾਹਿਬ ਵਿਖੇ, ਹਨੇਰੇ ਪਏ ਅਜੇ ਰਿਕਸ਼ੇ ਤੋਂ ਉਤਰਿਆ ਹੀ ਸਾਂ, ਤਾਂ ਅੜ੍ਹਬ ਸਾਬਕਾ ਫੌਜੀ ਮੈਨੇਜਰ ਨੇ ਪਹਿਲਾਂ ਹੀ ਕੁਝ ਇਹੋ ਜਿਹੇ ਸ਼ਬਦਾਂ ਨਾਲ਼ ਮੇਰਾ ਸਵਾਗਤ ਕੀਤਾ, "ਆ ਗਿਆ ਏਂ? ਹੁਣ ਤੇਰਾ ਮੇਰਾ ਚੁੰਝ ਪਹੁੰਚਾ ਚੱਲੂਗਾ।" ਇਸ ਮੈਨੇਜਰ ਦੇ ਅਧੀਨ ਮੈਂ ਪਟਿਆਲੇ ਪਹਿਲਾਂ ਰਹਿ ਚੁਕਾ ਸਾਂ। ਮੇਰੇ ਓਥੋਂ ਬੁਢੇ ਜੌਹੜ ਦੀ ਬਦਲੀ ਦੇ ਸਮੇ ਹੋਈ ਵਿਦਾਇਗੀ ਪਾਰਟੀ ਦੌਰਾਨ ਮੈਂ, ਆਪਣੀ ਮੁਢ ਕਦੀਮ ਦੀ ਭੈੜੀ ਆਦਤ ਸਦਕਾ, ਆਪਣੀ ਮੁਢ ਕਦੀਮ ਦੀ ਭੈੜੀ ਆਦਤ ਸਦਕਾ, ਹਾਸੇ ਵਿਚ ਹੀ ਕੁਝ ਇਉਂ ਆਖ ਦਿਤਾ, "ਹੁਣ ਮੇਰੇ ਤੋਂ ਬਾਅਦ ਏਥੋਂ ਬਦਲੀ ਦੀ ਵਾਰੀ ਮੈਨੇਜਰ ਸਾਹਿਬ ਦੀ ਹੈ।" ਮੈਂ ਤਾਂ ਇਹ ਗੱਲ ਹਾਸੇ ਵਿਚ ਹੀ ਕੀਤੀ ਸੀ ਪਰ ਉਸ ਨੇ ਇਸ ਨੂੰ ਗੰਭੀਰਤਾ ਨਾਲ ਲੈ ਲਿਆ। ਅੱਗੋਂ ਰੱਬ ਦੀ ਮਾਰ ਕਿ ਮੇਰੇ ਤੋਂ ਪਿੱਛੋਂ ਬਦਲੀ ਵੀ ਓਸੇ ਦੀ ਹੋਈ, ਤੇ ਹੋਈ ਵੀ ਪਟਿਆਲੇ ਵਰਗੇ ਸ਼ਹਿਰ ਤੋਂ ਜੀਂਦ ਵਿਚ, ਜਿਸ ਨੂੰ ਉਸ ਨੇ ਸਜਾ ਸਮਝਿਆ ਤੇ ਇਸ ਲਈ ਉਸ ਨੇ ਦਿਲ ਵਿਚ ਮੇਰੇ ਵਿਰੁਧ ਖਾਰ ਰੱਖੀ; ਹਾਲਾਂ ਕਿ ਮੇਰੇ ਵੱਸ ਦੀ ਕੋਈ ਵੀ ਗੱਲ ਨਹੀਂ ਸੀ ਕਿ ਮੈਂ ਉਸ ਦੀ ਬਦਲੀ ਕਰਵਾ ਜਾਂ ਰੁਕਵਾ ਸਕਦਾ।

ਗੱਲ ਕਰੀਏ ਅੱਗੇ ਦੀ। ਗੁਰਦੁਆਰਾ ਸਾਹਿਬ ਵਿਖੇ ਜਦੋਂ ਮੈਂ ਵੇਖਿਆ ਕਿ ਸਿਆਮ ਰੰਗ ਦੇ, ਮਧਰੇ ਕੱਦ ਦੇ, ਅਨਦਾਹੜੀਏ, ਛੀਂਟਕੇ ਜਿਹੇ, ਨਿਰਮਤਾ ਭਰੇ ਰਵੱਈਏ ਨਾਲ਼ ਭਰਪੂਰ ਨੌਜਵਾਨ, ਭਾਈ ਗੁਰਮੇਲ ਸਿੰਘ ਜੀ ਓਹੋ ਹੀ ਰਾਗੀ ਸਿੰਘ ਹਨ, ਜਿਨ੍ਹਾਂ ਬਾਰੇ ਮੈਨੂੰ ਪ੍ਰਧਾਨ ਜੀ ਨੇ ਪ੍ਰਸੰਸਕ ਸ਼ਬਦ ਆਖੇ ਸਨ। ਭਾਈ ਗੁਰਮੇਲ ਸਿੰਘ ਜੀ ਨੇ ਮੇਰੀ ਯੋਗ ਆਉ ਭਗਤ ਕੀਤੀ। ਮੈਂ ਕੀਰਤਨ ਦੀ ਡਿਊਟੀ ਵਿਚ ਸ਼ਾਮਲ ਹੋ ਗਿਆ। ਸਾਡੇ ਨਾਲ਼ ਭਾਈ ਅਜੀਤ ਸਿੰਘ ਜੀ ਇਕ ਬਜ਼ੁਰਗ ਵਿਅਕਤੀ ਜੋੜੀ ਉਪਰ ਸਨ। ਮੈਂ ਜਥੇਦਾਰ ਵਜੋਂ ਅਤੇ ਭਾਈ ਗੁਰਮੇਲ ਸਿੰਘ ਜੀ ਮੇਰੇ ਸਹਾਇਕ ਵਜੋਂ ਕੀਰਤਨ ਕਰਦੇ ਸਾਂ।

ਮੈਂ ਜਿੰਨੇ ਵੀ ਹਫ਼ਤੇ ਜੀਂਦ ਰਿਹਾ ਉਸ ਅੜ੍ਹਬ ਮੈਨੇਜਰ ਨਾਲ ਪੰਗੇ ਹੀ ਪੈਂਦੇ ਰਹੇ। ਮੈਨੇਜਰ ਨੇ ਆਏ ਦਿਨ ਕੋਈ ਨਾ ਕੋਈ ਪੰਗਾ ਖੜ੍ਹਾ ਕਰੀ ਹੀ ਰੱਖਣਾ। ਇਸ "ਬਕ ਬਕ ਝਕ ਝਕ" ਦੇ ਦਿਨਾਂ ਵਿਚ ਭਾਈ ਗੁਰਮੇਲ ਸਿੰਘ ਜੀ ਅਤੇ ਜੋੜੀ ਵਾਲ਼ੇ ਸੂਰਮੇ ਸਿੰਘ, ਭਾਈ ਅਜੀਤ ਸਿੰਘ ਜੀ ਦੀ ਹਮਦਰਦੀ ਮੇਰੇ ਨਾਲ਼ ਸੀ ਕਿਉਂਕਿ ਉਹ ਸਮਝਦੇ ਸਨ ਕਿ ਮੈਨੇਜਰ ਗ਼ਲਤ ਸੀ ਤੇ ਮੈਂ ਸਹੀ ਸਾਂ। ਇਸ ਦੌਰਾਨ ਹੀ ਮੇਰੀ ਸ੍ਰੀ ਅੰਮ੍ਰਿਤਸਰ ਵਾਸਤੇ ਬਦਲੀ ਦੇ ਆਰਡਰ ਆ ਗਏ ਤੇ ਮੈਂ ਗੁਰਦੁਆਰਾ ਸ੍ਰੀ ਰਾਮਸਰ ਸਾਹਿਬ ਵਿਖੇ ਆ ਕੇ ਕੀਰਤਨ ਦੀ ਸੇਵਾ ਸ਼ੁਰੂ ਕਰ ਦਿਤੀ। ਪ੍ਰਧਾਨ ਜੀ ਨੂੰ ਬੇਨਤੀ ਕਰਕੇ ਕੁਝ ਹੀ ਦਿਨਾਂ ਪਿੱਛੋਂ ਮੈਂ ਭਾਈ ਗੁਰਮੇਲ ਸਿੰਘ ਜੀ ਨੂੰ ਆਪਣੇ ਨਾਲ਼ ਸੱਦ ਲਿਆ। ਫਿਰ ਚਾ ਵੱਸ ਹੀ ਅਸੀਂ ਆਪਣੀ ਸੇਵਾ ਗੁਰਦੁਆਰਾ ਮੰਜੀ ਸਾਹਿਬ ਵਿਖੇ ਲਗਵਾ ਲਈ।

ਪੰਜਾਬ ਸਰਕਾਰ ਵਿਚ ਵਿੱਦਿਆ ਮੰਤਰੀ ਸ. ਲਛਮਣ ਸਿੰਘ ਗਿੱਲ ਨੇ ਪਲਟਾ ਮਾਰਿਆ ਤੇ ਅਕਾਲੀ ਅਗਵਾਈ ਵਾਲੀ ਸਰਕਾਰ, ਕਾਂਗਰਸ ਦੀ ਮਦਦ ਨਾਲ ਤੋੜ ਕੇ, ੨੨ ਨਵੰਬਰ ੧੯੬੭ ਨੂੰ, ਖ਼ੁਦ ਮੁਖ ਮੰਤਰੀਸ਼ਿਪ ਸਾਂਭ ਲਈ ਤੇ, ਅਕਾਲੀ ਹੋਣ ਕਰਕੇ ਉਹ ਜਾਣਦਾ ਸੀ ਕਿ ਉਸ ਦੀ ਗੱਦੀ ਲਈ ਖ਼ਤਰਾ ਸੰਤ ਚੰਨਣ ਸਿੰਘ ਜੀ ਤੋਂ ਹੀ ਹੈ; ਇਸ ਲਈ ਉਸ ਨੇ ਉਹਨਾਂ ਉਪਰ ਕੜਾਹ ਪ੍ਰਸ਼ਾਦ ਦੀਆਂ ਪਰਚੀਆਂ ਵਿਚ ਹੇਰਾ ਫੇਰੀ ਦਾ ਝੂਠਾ ਕੇਸ ਦਰਜ ਕਰਵਾ ਕੇ, ਸੰਤ ਜੀ ਦੀ ਗ੍ਰਿਫ਼ਤਾਰੀ ਦੇ ਵਾਰੰਟ ਕਢਵਾ ਦਿਤੇ। ਹਾਲਾਂ ਕਿ ਕਿਸੇ ਕਲੱਰਕ ਦੀ ਹੇਰਾ ਫੇਰੀ ਕਰਕੇ, ਪ੍ਰਧਾਨ ਜੀ ਨੇ ਖ਼ੁਦ ਉਹ ਕੇਸ ਪੁਲਿਸ ਕੋਲ਼ ਦਰਜ ਕਰਵਾਇਆ ਸੀ ਤਾਂ ਕਿ ਰੋਜ ਰੋਜ ਦੀ ਸਿਰਦਰਦੀ ਤੋਂ ਬਚਣ ਲਈ, ਦੋਸ਼ੀ ਨੂੰ ਕਾਨੂੰਨ ਮੁਤਾਬਕ ਸਜਾ ਦਿਵਾ ਕੇ, ਅੱਗੇ ਤੋਂ ਇਸ ਹੇਰਾਫੇਰੀ ਨੂੰ ਠਲ੍ਹ ਪਾਈ ਜਾ ਸਕੇ। ਗਿੱਲ ਨੇ ਉਲ਼ਟਾ ਉਹ ਕੇਸ ਪ੍ਰਧਾਨ ਜੀ ਦੇ ਸਿਰ ਹੀ ਮੜ੍ਹ ਦਿਤਾ। ਉਹਨਾਂ ਦੇ ਦੋਵੇਂ ਪੀ.ਏ. ਸ. ਮੇਜਰ ਸਿੰਘ ਤੇ ਸ. ਅਬਿਨਾਸ਼ੀ ਸਿੰਘ ਵੀ ਗ੍ਰਿਫ਼ਤਾਰ ਕਰ ਲਏ ਗਏ ਤਾਂ ਕਿ ਉਹਨਾਂ ਦੇ ਇਤਬਾਰੀ

ਕਰਿੰਦੇ ਕੋਲ਼ ਨਾ ਹੋਣ ਕਰਕੇ ਉਹ ਪ੍ਰਬੰਧ ਨਾ ਚਲਾ ਸਕਣ ਤੇ ਦੂਜਾ ਉਹਨਾਂ ਤੇ ਦਬਾ ਪਾ ਕੇ ਕਿਸੇ ਨੂੰ ਪ੍ਰਧਾਨ ਜੀ ਦੇ ਖ਼ਿਲਾਫ਼ ਗਵਾਹ ਬਣਾਇਆ ਜਾ ਸਕੇ। ਇਸ ਸਮੇ ਸੰਤ ਜੀ ਨੂੰ ਤੇਜਾ ਸਿੰਘ ਸਮੁੰਦਰੀ ਹਾਲ ਵਾਲ਼ਾ ਦਫ਼ਤਰ ਛੱਡ ਕੇ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਨਾਲ਼ ਲੱਗਵੇਂ ਮਕਾਨ ਵਿਚ ਆਪਣੀ ਰਿਹਾਇਸ਼ ਲਿਜਾਣੀ ਪਈ।

ਇਸ ਸੰਕਟ ਸਮੇ ਸੰਤ ਜੀ ਨੇ ਕੰਮ ਚਲਾਉਣ ਲਈ ਦੋ ਪੜ੍ਹੇ ਲਿਖੇ ਮੁਲਾਜ਼ਮਾਂ, ਚੀਫ਼ ਇੰਸਪੈਕਟਰ ਸ. ਮਿੱਤ ਸਿੰਘ ਅਤੇ ਇਕ ਕਲੱਰਕ ਸ. ਰਾਜ ਸਿੰਘ, ਨੂੰ ਪੀ.ਏ. ਵਜੋਂ ਕੰਮ ਚਲਾਉਣ ਲਈ ਲਾਇਆ ਪਰ ਕਈ ਕਾਰਨਾਂ ਕਰਕੇ ਉਹ ਦੋਵੇਂ ਪੜ੍ਹੇ ਲਿਖੇ ਸੱਜਣ ਫੇਹਲ ਹੋ ਗਏ ਤੇ ਫਿਰ ਮੈਨੂੰ ਇਹ ਸੇਵਾ ਸੌਂਪੀ ਗਈ। ਮੇਰੀ ਡਿਊਟੀ ਰੋਜ਼ਾਨਾ ਕੀਰਤਨ ਦੀ ਵੀ ਸੀ। ਇਸ ਲਈ ਅਸੀਂ ਆਪਣੇ ਜਥੇ ਦੀ ਡਿਊਟੀ, ਗੁਰਦੁਆਰਾ ਮੰਜੀ ਸਾਹਿਬ ਜੀ ਤੋਂ, ਗੁਰਦੁਆਰਾ ਟਾਹਲੀ ਸਾਹਿਬ (ਸੰਤੋਖਸਰ) ਵਿਖੇ ਲਵਾ ਲਈ ਤਾਂ ਕਿ ਜੇ ਮੈਂ ਨਾ ਵੀ ਕੀਰਤਨ ਕਰਨ ਜਾ ਸਕਾਂ ਤਾਂ ਭਾਈ ਗੁਰਮੇਲ ਸਿੰਘ ਜੀ, ਖ਼ੁਦ ਹੀ ਕੀਰਤਨ ਦੀ ਸੇਵਾ ਨਿਭਾ ਲਿਆ ਕਰਨ।

ਜਦੋਂ, ਪੌਣੇ ਕੁ ਸਾਲ ਬਾਅਦ, ਕਾਂਗਰਸ ਵਲੋਂ ਆਪਣਾ ਠੁਮਣਾ ਉਸ ਦੇ ਹੇਠੋਂ ਕਢ ਲੈਣ ਨਾਲ਼, ਗਿੱਲ ਸਰਕਾਰ ਟੁੱਟ ਗਈ ਤਾਂ ਡੀ.ਸੀ. ਅਤੇ ਐਸ.ਐਸ.ਪੀ. ਦੋਹਾਂ ਨੇ ਆ ਕੇ ਪ੍ਰਧਾਨ ਜੀ ਨੂੰ ਆਖਿਆ ਕਿ ਗਵਰਨਰ ਦੇ ਹੁਕਮ ਨਾਲ਼ ਉਹਨਾਂ ਤੋਂ ਸਾਰੇ ਮੁਕੱਦਮੇ ਸਰਕਾਰ ਨੇ ਵਾਪਸ ਲੈ ਲਏ ਹਨ। ਪ੍ਰਧਾਨ ਜੀ ਦੇ ਦੋਵੇਂ ਪੀ.ਏ. ਬਾਹਰ ਆ ਗਏ ਤਾਂ ਮੈਂ ਸਮਝਿਆ ਕਿ ਫਿਰ ਮੇਰੀ ਲੋੜ ਨਹੀਂ ਰਹੀ। ਮੈਂ ਬੇਨਤੀ ਕੀਤੀ ਕਿ ਮੈਨੂੰ ਅੰਮ੍ਰਿਤਸਰ ਜ਼ਿਲ੍ਹੇ ਵਿਚ ਪ੍ਰਚਾਰਕ ਲਾ ਦਿਓ। ਪ੍ਰਧਾਨ ਜੀ ਨੇ ਕਿਹਾ ਕਿ ਨਹੀਂ, ਤੈਨੂੰ ਸ਼੍ਰੋਮਣੀ ਅਕਾਲੀ ਦਲ ਦਾ ਸਕੱਤਰ ਲਾਉਣਾ ਹੈ। ਉਸ ਸਮੇ ਸ. ਜਗਦੇਵ ਸਿੰਘ ਤਲਵੰਡੀ ਜੀ ਦੇ ਭਰਾ ਸ. ਦੇਵਰਾਜ ਸਿੰਘ ਜੀ ਦੀ ਇਸ ਪੋਸਟ ਵਾਸਤੇ ਸਿਫ਼ਾਰਸ਼, ਜਥੇਦਾਰ ਮੋਹਨ ਸਿੰਘ ਤੁੜ ਜੀ ਕਰ ਰਹੇ ਸਨ। ਉਹਨਾਂ ਨੇ ਪ੍ਰਧਾਨ ਜੀ ਨੂੰ ਆਖਿਆ ਪਰ ਉਹਨਾਂ ਨੇ ਕਿਹਾ ਕਿ ਓਥੇ ਸੰਤੋਖ ਸਿੰਘ ਨੂੰ ਲਾਉਣਾ ਹੈ। ਮੈਨੂੰ ਆਖਿਆ ਕਿ ਮੈਂ ਜਾ ਕੇ ਦਫ਼ਤਰ ਦਾ ਜਾਇਜ਼ਾ ਲੈ ਲਵਾਂ। ਉਸ ਸਮੇ ਇਕ ਟਾਈਪਿਸਟ ਸ. ਦਿਆਲ ਸਿੰਘ ਜੀ ਸਕੱਤਰ ਦੇ ਥਾਂ, ਚਿੱਠੀਆਂ ਉਪਰ ਦਸਤਖ਼ਤ ਕਰਿਆ ਕਰਦੇ ਸਨ; ਉਹਨਾਂ ਨੇ ਵੀ ਮੇਰੇ ਆਉਣ ਨੂੰ ਸਵਾਗਤੀ ਸਬਦਾਂ ਰਾਹੀਂ 'ਜੀ ਆਇਆਂ' ਆਖਿਆ। ਦੋ ਤਿੰਨ ਹਫ਼ਤੇ ਮੈਂ ਦਫ਼ਤਰ ਦੇ ਰੀਕਾਰਡ ਦੀ ਖੇਹ ਛਾਣੀ ਪਰ ਮੈਨੂੰ ਇਹ ਕਾਗਜ਼ੀ ਜਿਹਾ ਕਾਰਜ ਜਚਿਆ ਨਾ ਤੇ ਇਸ ਤੋਂ ਨਾਂਹ ਕਰਕੇ, ਪ੍ਰਚਾਰਕ ਦੀ ਸੇਵਾ ਦੀ ਹੀ ਮੰਗ ਕੀਤੀ। ਫਿਰ ਪ੍ਰਧਾਨ ਜੀ ਨੇ ਮੈਨੂੰ ਸਫ਼ਰ ਵਿਚ ਹਰ ਸਮੇ ਨਾਲ਼ ਰਹਿਣ ਵਾਲ਼ੇ ਪੀ.ਏ. ਦੀ ਸੇਵਾ ਸੌਂਪ ਦਿਤੀ ਤੇ ਕਾਗਜ਼ਾਂ ਵਿਚ ਮੇਰੀ ਡਿਊਟੀ ਰਾਗੀ ਤੋਂ ਬਦਲ ਕੇ ਪ੍ਰਚਾਰਕ ਦੀ ਲਾ ਦਿਤੀ ਗਈ। ਇਸ ਤਰ੍ਹਾਂ ਦਫ਼ਤਰੀ ਕਾਰਜ ਸ. ਅਬਿਨਾਸ਼ੀ ਸਿੰਘ ਕਰਦੇ ਰਹੇ ਤੇ ਮੈਂ ਪ੍ਰਧਾਨ ਜੀ ਦੇ ਸਫ਼ਰ ਵਿਚ ਪੀ.ਏ. ਦੀ ਸੇਵਾ ਨਿਭਾਉਂਦਾ ਰਿਹਾ।

ਗੱਲ ਕਰ ਲਈਏ ਭਾਈ ਸਾਹਿਬ ਗੁਰਮੇਲ ਸਿੰਘ ਜੀ ਦੀ। ਇਹਨਾਂ ਦੇ ਨਾਲ ਇਕ ਹੋਰ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦਾ ਵਿਦਿਆਰਥੀ ਸਹਾਇਕ ਵਜੋਂ ਜੋੜ ਕੇ, ਜਥਾ ਮੁਕੰਮਲ ਕਰ ਲਿਆ ਗਿਆ। ਫਿਰ ਚੱਲ ਸੋ ਚੱਲ; ਅੱਜ ਹੋਰ ਤੇ ਕਲ੍ਹ ਹੋਰ। ਭਾਈ ਸਾਹਿਬ ਦੇ ਰਸਤੇ ਵਿਚ ਜੋ ਮੈਂ ਰੁਕਾਵਟ ਸਾਂ ਉਹ ਦੂਰ ਹੋ ਗਈ ਤੇ ਜਥੇਦਾਰ ਰਾਗੀ ਦੇ ਰੂਪ ਵਿਚ ਭਾਈ ਸਾਹਿਬ ਜੀ ਦਿਨ ਦੂਣੀ ਤੇ ਰਾਤ ਚੌਗੁਣੀ, ਕੀਰਤਨ ਦੀ ਵਿੱਦਿਆ ਵਿਚ ਤਰੱਕੀ ਕਰਦੇ ਚਲੇ ਗਏ। ੧੯੭੨ ਦੇ ਅਕਤੂਬਰ ਅਤੇ ਨਵੰਬਰ ਵਿਚ, ਦੋਹਾਂ ਸੰਤ ਜੀਆਂ ਦੇ ਅਕਾਲ ਚਲਾਣੇ ਮਗਰੋਂ, ਮੈਂ ੧੯੭੩ ਦੇ ਮਾਰਚ ਮਹੀਨੇ ਵਿਚ, ਅਫ਼ਰੀਕਾ ਮਹਾਂਦੀਪ ਦੇ ਇਕ ਛੋਟੇ ਜਿਹੇ ਮੁਲਕ ਮਲਾਵੀ ਵਿਚ ਚੱਲਿਆ ਗਿਆ। ਓਥੋਂ ਅਫ਼ਰੀਕਾ, ਯੂਰਪ ਦੇ ਕੁਝ ਮੁਲਕ ਅਤੇ ਇੰਗਲੈਂਡ ਦੀ ਯਾਤਰਾ ਉਪ੍ਰੰਤ, ਸਵਾ ਕੁ ਦੋ ਸਾਲ ਪਿਛੋਂ, ਅਗੱਸਤ ੧੯੭੫ ਵਿਚ, ਕੁਝ ਮਹੀਨਿਆਂ ਵਾਸਤੇ ਮੈਂ ਵਾਪਸ ਅੰਮ੍ਰਿਤਸਰ ਆਇਆ ਤਾਂ ਭਾਈ ਸਾਹਿਬ ਜੀ ਅਜੇ ਗੁਰਦੁਆਰਾ ਟਾਹਲੀ ਸਾਹਿਬ ਵਿਖੇ ਹੀ ਸੇਵਾ ਨਿਭਾ ਰਹੇ ਸਨ। ਮੈਂ ਉਹਨਾਂ ਨੂੰ ਆਪਣਾ ਪੁਰਾਣਾ ਸਾਥੀ ਸਮਝ ਕੇ ਹੀ ਮਿਲ਼ਿਆ ਤੇ ਉਹਨਾਂ ਉਪਰ ਸਤਿਗੁਰੂ ਰਾਮਦਾਸ ਸਾਹਿਬ ਜੀ ਦੀ ਹੋ ਚੁੱਕੀ ਅਪਾਰ ਕਿਰਪਾ ਦਾ ਅਹਿਸਾਸ ਨਹੀਂ ਸੀ ਕਰ ਸਕਿਆ। ਇਸ ਸਮੇ ਉਹਨਾਂ ਨਾਲ਼ ਸਹਾਇਕ ਵਜੋਂ ਭਾਈ ਗੁਰਬਚਨ ਸਿੰਘ ਜੀ ਅਤੇ ਜੋੜੀ ਉਪਰ ਭਾਈ ਕੁਲਦੀਪ ਸਿੰਘ ਜੀ ਸੇਵਾ ਕਰ ਰਹੇ ਸਨ। ਪਾਠਕ ਸ਼ਾਇਦ ਹੈਰਾਨ ਹੋਣਗੇ ਇਹ ਜਾਣ ਕੇ ਕਿ ਇਹ ਦੋਵੇਂ ਸੱਜਣ, ਭਾਈ ਗੁਰਮੇਲ ਸਿੰਘ ਜੀ ਵਾਂਙ ਹੀ, ਗੁਰਦੁਆਰਾ ਬੁਢਾ ਜੌਹੜ ਵਿਚਲੇ ਵਿਦਿਆਲੇ ਵਿਚੋਂ ਗੁਰਮਤਿ ਦੀ ਵਿੱਦਿਆ ਪਰਾਪਤ ਕਰ ਚੁੱਕੇ ਸਨ ਤੇ ਵਾਰੋ ਵਾਰੀ ਦੋਵੇਂ ਹੀ, ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ, ਸ੍ਰੀ ਮਾਨ ਸੰਤ ਬਾਬਾ ਫ਼ਤਿਹ ਸਿੰਘ ਜੀ ਦੇ ਡਰਾਈਵਰ ਦੀ ਸੇਵਾ ਵੀ ਨਿਭਾ ਚੁੱਕੇ ਸਨ। ਤਨਖਾਹਦਾਰ ਨੌਕਰ ਵਜੋਂ ਨਹੀਂ; ਵਾਲੰਟੀਅਰ ਸੇਵਾਦਾਰ ਵਜੋਂ ਸੇਵਾ ਕਰਦੇ ਰਹੇ ਸਨ। ਸੰਤ ਜੀ ਦੇ ਡਰਾਈਵਰ ਸ. ਕਿੱਕਰ ਦੇ, ੧੯੬੭ ਵਾਲ਼ੀ ਇਲੈਕਸ਼ਨ ਸਮੇ, ਹਲਕਾ ਬਠਿੰਡਾ ਤੋਂ ਲੋਕ ਸਭਾ ਦੇ ਮੈਂਬਰ ਚੁਣੇ ਜਾਣ ਪਿਛੋਂ, ਭਾਈ ਗੁਰਬਚਨ ਸਿੰਘ ਜੀ ਇਹ ਸੇਵਾ ਨਿਭਾਉਣ ਲੱਗੇ ਤੇ ਫਿਰ ਭਾਈ ਕੁਲਦੀਪ ਸਿੰਘ ਜੀ। ਭਾਈ ਕੁਲਦੀਪ ਸਿੰਘ ਜੀ ਤਾਂ ਭਾਈ ਗੁਰਮੇਲ ਸਿੰਘ ਜੀ ਦੇ ਉਸਤਾਦ ਭਾਈ ਪ੍ਰੀਤਮ ਸਿੰਘ ਜ਼ਖ਼ਮੀ ਜੀ ਦੇ ਸ਼ਾਗਿਰਦ ਹੋਣ ਤੋਂ ਇਲਾਵਾ ਉਹਨਾ ਦੇ ਭਾਣਜੇ ਵੀ ਹਨ। ਭਾਈ ਗੁਰਬਚਨ ਸਿੰਘ ਜੀ ਸੰਤ ਜੀ ਨਾਲ਼ ਡਰਾਈਵਰੀ ਦੀ ਸੇਵਾ ਦੌਰਾਨ, ਉਹਨਾਂ ਦੇ ਕੀਰਤਨ ਕਰਨ ਸਮੇ, ਕਦੀ ਜੋੜੀ ਉਪਰ ਤੇ ਕਦੀ ਬੈਂਜੋ ਨਾਲ਼ ਸਾਥ ਦਿਆ ਕਰਦੇ ਸਨ। ਸੰਤ ਬਾਬਾ ਫ਼ਤਿਹ ਸਿੰਘ ਜੀ ਨੂੰ ਜਿਥੇ ਨਿਰੰਕਾਰ ਵੱਲੋਂ ਹੋਰ ਕਈ ਬਖ਼ਸ਼ਿਸ਼ਾਂ ਪਰਾਪਤ ਸਨ ਓਥੇ ਉਹਨਾਂ ਉਪਰ ਸੁਰੀਲੇ ਕੀਰਤਨ ਦੀ ਬਖ਼ਸ਼ਿਸ਼ ਵੀ ਸੀ। ਸੰਤ ਜੀ ਆਪਣੇ ਹਰੇਕ ਭਾਸ਼ਨ ਤੋਂ ਪਹਿਲਾਂ ਇਕ ਸ਼ਬਦ ਦਾ ਕੀਰਤਨ ਵੀ ਜ਼ਰੂਰ ਕਰਿਆ ਕਰਦੇ ਸਨ। ਉਹਨਾਂ ਵੱਲੋਂ ਆਮ ਹੀ ਗਾਇਆ ਜਾਂਦਾ ਸ਼ਬਦ, "ਜਿਸ ਦਾ ਸਾਹਿਬ ਡਾਢਾ ਹੋਇ॥

ਤਿਸ ਨੋ ਮਾਰ ਨ ਸਾਕੈ ਕੋਇ॥" ਬੜਾ ਪ੍ਰਸਿਧ ਸੀ। ਏਸੇ ਕਰਕੇ ਹੀ ਇਕ ਕਾਂਗਰਸੀ ਲੀਡਰਆਣੀ ਨੇ ੧੯੬੭ ਵਿਚ, ਤਰਨ ਤਾਰਨ ਵਿਖੇ ਭਾਸ਼ਨ ਕਰਦਿਆਂ ਆਖਿਆ ਸੀ, "ਇਹ ਸਾਧ ਵਾਜਾ ਵਜਾਉਂਦਾ ਵਜਾਉਂਦਾ ਲੀਡਰ ਬਣ ਗਿਆ ਹੈ।" ਇਸ ਘਟਨਾ ਦਾ ਵੇਰਵਾ, ਸਣੇ ਸੰਤ ਜੀ ਦੇ ਜਵਾਬ ਦੇ, ਮੈਂ ਹੋਰ ਕਿਸੇ ਲੇਖ ਵਿਚ ਵਰਨਣ ਕਰ ਚੁੱਕਾ ਹਾਂ।

ਭਾਈ ਸਾਹਿਬ ਜੀ ਦੇ ਜਥੇ ਦੇ ਕੀਰਤਨ ਦੀ ਪ੍ਰਸਿਧੀ ਵੇਖ ਕੇ, ਪ੍ਰਬੰਧਕਾਂ ਵੱਲੋਂ ਉਹਨਾਂ ਦੀ ਸੇਵਾ, ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਜੀ ਵਿਖੇ ਲਗਾ ਦਿਤੀ ਗਈ। ਸਤਿਗੁਰੂ ਰਾਮ ਦਾਸ ਸਾਹਿਬ ਜੀ ਦੀ ਕਿਰਪਾ ਸਦਕਾ, ਭਾਈ ਸਾਹਿਬ ਜੀ ਦੇ ਕੀਰਤਨ ਦੀ ਸੁਗੰਧੀ, ਸਾਰੇ ਧਾਰਮਿਕ ਸਿੱਖ ਸੰਸਾਰ ਅੰਦਰ ਪਸਰਨ ਲੱਗੀ। ਕੀਰਤਨ ਪ੍ਰੇਮੀ ਬੜੇ ਉਤਸ਼ਾਹ ਸਹਿਤ ਉਹਨਾਂ ਦਾ ਕੀਰਤਨ ਸੁਣਨ ਲਈ ਉਤਸੁਕ ਰਹਿੰਦੇ।

ਸ੍ਰੀ ਦਰਬਾਰ ਸਾਹਿਬ ਉਪਰ ਫੌਜੀ ਹਮਲੇ ਦੌਰਾਨ, ਬਾਕੀ ਸੇਵਕਾਂ ਵਾਂਙ ਹੀ, ਭਾਈ ਸਾਹਿਬ ਜੀ ਦਾ ਘਰ ਵੀ ਲੁਟਿਆ ਗਿਆ। ਜੋ ਚੁੱਕਿਆ ਜਾ ਸਕਦਾ ਸੀ ਫੌਜੀ ਚੁੱਕ ਲੈ ਗਏ ਤੇ ਜੋ ਨਹੀਂ ਸੀ ਚੁੱਕਿਆ ਜਾ ਸਕਦਾ ਉਸ ਨੂੰ ਭੰਨ ਕੇ ਸਾੜ ਗਏ। ਭਾਈ ਸਾਹਿਬ ਜੀ ਉਹਨੀਂ ਦਿਨੀਂ ਲੰਡਨ ਵਿਚ ਸਨ। ਸ਼ੁਕਰ ਹੈ ਕਿ ਆਪ ਜੀ ਲੰਡਨ ਵਿਚ ਅਤੇ ਉਹਨਾਂ ਦੀ ਸਿੰਘਣੀ, ਬੀਬੀ ਗੁਰਮੇਲ ਕੌਰ ਜੀ, ਪਿੰਡ ਬੌਡੇ ਵਿਚ ਹੋਣ ਕਰਕੇ, ਉਹਨਾਂ ਦੀ ਜਾਨ ਅਤੇ ਸਨਮਾਨ ਬਚੇ ਰਹਿ ਗਏ। ਨਵੇਂ ਸਿਰੇ ਮੁੜ ਘਰ ਬੰਨ੍ਹਿਆ। ਫਿਰ ਸਰਕਾਰੀ ਅੱਤਵਾਦ ਦੇ ਦੌਰਾਨ, ਕਿਸੇ ਨਕਲੀ ਜੁਝਾਰੂ ਜਥੇਬੰਦੀ ਦੇ ਨਾਂ ਤੇ, ਭਾਈ ਸਾਹਿਬ ਜੀ ਤੋਂ ਜਬਰਦਸਤੀ ਵਾਹਵਾ ਸਾਰੀ ਮਾਇਆ ਵਸੂਲੀ ਗਈ। ਉਹਨੀਂ ਦਿਨੀਂ ਲੁਟੇਰਿਆਂ ਵੱਲੋਂ ਸਰਕਾਰੀ ਸਰਪ੍ਰਸਤੀ ਹੇਠ ਪੰਜਾਬ ਵਿਚ ਅੰਨ੍ਹੀ ਪਈ ਹੋਈ ਸੀ। "ਅੰਨ੍ਹੀ ਪੀਹੀ ਜਾਂਦੀ ਸੀ ਤੇ ਕੁੱਤਾ ਚੱਟੀ ਜਾਂਦਾ ਸੀ।" ਕੋਈ ਪਤਾ ਨਹੀਂ ਸੀ ਲੱਗਦਾ ਕਿ ਜੁਝਾਰੂ ਕੌਣ ਹੈ ਤੇ ਆਮ ਲੁਟੇਰਾ, ਜ਼ਨਾਹਕਾਰ, ਡਾਕੂ ਤੇ ਪੁਲਸੀਆ ਕੌਣ ਹੈ। ਦਿਨ ਸਮੇ 'ਬਾਵਰਦੀ' ਤੇ ਰਾਤਾਂ ਨੂੰ 'ਬੇਵਰਦੀ', ਦੋਹਾਂ ਪੁੜਾਂ ਵਿਚਾਲ਼ੇ ਪੰਜਾਬ ਦੇ ਖਾਂਦੇ ਪੀਂਦੇ ਘਰਾਂ ਦੀ ਜਾਨ, ਮਾਲ ਤੇ ਸਨਮਾਨ ਨਾਲ਼ ਖਿਲਵਾੜ ਹੁੰਦਾ ਰਿਹਾ। ਇਕ ਦਹਾਕੇ ਤੋਂ ਵਧ ਇਹ ਜ਼ੁਲਮ ਜਾਰੀ ਰਿਹਾ। ਇਸ ਜ਼ੁਲਮ ਦਾ ਸਭ ਤੋਂ ਵਧ ਸ਼ਿਕਾਰ, ਖਾਂਦੇ ਪੀਂਦੇ, ਇੱਜ਼ਤਦਾਰ ਸਿੱਖ ਪਰਵਾਰ ਹੀ ਹੋਏ। ੧੯੯੦ ਦੇ ਮਈ ਮਹੀਨੇ ਵਿਚ ਜਦੋਂ ਮੈਂ ਅੰਮ੍ਰਿਤਸਰ ਗਿਆ ਤਾਂ ਭਾਈ ਸਾਹਿਬ ਜੀ ਬੜੀ ਮਾਯੂਸੀ ਦੀ ਹਾਲਤ ਵਿਚ ਮੈਨੂੰ ਮਿਲ਼ੇ ਤੇ ਆਪਣੀ ਵਿਥਿਆ ਸੁਣਾਈ। ਉਹਨਾਂ ਨੇ ਦੱਸਿਆ ਕਿ ਪੂਰੀ ਫੌਜੀ ਲੁੱਟ ਤੋਂ ਬਾਅਦ, ਮੈਂ ਪਹਿਲਾਂ ਵੀ 'ਜੁਝਾਰੂਆਂ' ਨੂੰ ਜੁਰਮਾਨਾ ਭਰ ਚੁੱਕਾ ਹਾਂ ਤੇ ਹੁਣ ਫਿਰ ਕਿਸੇ ਜਥੇਬੰਦੀ ਦੇ ਨਾਂ ਤੇ, ਪੰਜਾਹ ਹਜ਼ਾਰ ਦੀ ਫਿਰੌਤੀ ਮੰਗਣ ਦੀ ਚਿੱਠੀ ਆਈ ਪਈ ਹੈ; ਦੱਸੋ ਮੈਂ ਕੀ ਕਰਾਂ? ਸ਼ੋਕ ਹੈ ਕਿ ਉਸ ਸਮੇ ਵਰ੍ਹਦੀ ਅੱਗ ਦੌਰਾਨ, ਮੈਂ ਭਾਈ ਸਾਹਿਬ ਜੀ ਦੀ ਕਿਸੇ ਕਿਸਮ ਦੀ ਸਹਾਇਤਾ ਕਰਨੋ ਅਸਮਰਥ ਸਾਂ।

ਇਸ ਸਮੇ ਭਾਈ ਸਾਹਿਬ ਜੀ ਉਪਰ ਸਤਿਗੁਰਾਂ ਦੀ ਅਪਾਰ ਬਖ਼ਸ਼ਿਸ ਹੈ। ਪ੍ਰੌੜ੍ਹ ਉਮਰ ਵਿਚ ਜਾ ਕੇ ਬੀਬੀ ਗੁਰਮੇਲ ਕੌਰ ਜੀ ਦੀ ਗੋਦ ਨੂੰ ਨਿਰੰਕਾਰ ਨੇ ਭਾਗ ਲਾਏ ਤੇ ਭੁਜੰਗੀ ਨਰਿੰਦਰਜੀਤ ਸਿੰਘ ਦੇ ਰੂਪ ਵਿਚ, ਭਾਈ ਸਾਹਿਬ ਨੂੰ ਸਪੁੱਤਰ ਦੀ ਦਾਤ ਵੀ ਬਖ਼ਸ਼ੀ ਗਈ। ਭਾਵੇਂ ਕਿ ਭਾਈ ਸਾਹਿਬ ਜੀ ਪਰਵਾਰ ਅਤੇ ਜਥੇ ਸਮੇਤ ਨਿਊ ਯਾਰਕ ਵਿਚ ਰਹਿੰਦੇ ਹਨ ਪਰ ਸਾਰੇ ਸੰਸਾਰ ਵਿਚ ਹੀ ਆਪ ਜੀ ਦੇ ਜਥੇ ਵੱਲੋਂ ਗਾਏ ਗਏ ਗੁਰਬਾਣੀ ਦੇ ਸ਼ਬਦਾਂ ਦੀਆਂ ਸੁਰੀਲੀਆਂ ਸੁਰਾਂ, ਕੀਰਤਨ ਪ੍ਰੇਮੀਆਂ ਦੇ ਹਿਰਦੇ ਪ੍ਰਫੁੱਲਤ ਕਰ ਰਹੀਆਂ ਹਨ। ਪੰਜਾਬ ਦੀਆਂ ਸੰਗਤਾਂ ਦੀ ਪ੍ਰੇਮ-ਖਿਚ ਸਦਕਾ ਫਰਵਰੀ ਅਤੇ ਮਾਰਚ ਵਿਚ, ਹਰ ਸਾਲ ਭਾਈ ਸਾਹਿਬ ਜੀ ਅੰਮ੍ਰਿਤਸਰ ਵਿਖੇ ਆ ਕੇ, ਦੋ ਮਹੀਨੇ ਤੱਕ ਪੰਜਾਬ ਦੀਆਂ ਸੰਗਤਾਂ ਨੂੰ ਕੀਰਤਨ ਸੁਣਾ ਕੇ ਨਿਹਾਲ ਕਰਦੇ ਹਨ।

ਸਤਿਗੁਰਾਂ ਦੀ ਬਖ਼ਸ਼ਿਸ਼ ਸਦਕਾ ਦੇਸ ਪਰਦੇਸ ਦੀਆਂ ਸੰਗਤਾਂ ਅਤੇ ਸੰਸਥਾਵਾਂ ਵੱਲੋਂ ਭਾਈ ਸਾਹਿਬ ਜੀ ਨੂੰ ਸਮੇ ਸਮੇ ਮਾਣ ਸਤਿਕਾਰ ਦਿਤਾ ਜਾਂਦਾ ਅਤੇ ਦਿਤਾ ਜਾ ਰਿਹਾ ਹੈ। ਪਿਛਲੇ ਸਾਲ ਹੀ ਵੈਨਕੂਵਰ ਦੀਆਂ ਸੰਗਤਾਂ ਵੱਲੋਂ ਆਪ ਜੀ ਅਤੇ ਆਪ ਜੀ ਦੇ ਸਾਥੀਆਂ ਨੂੰ ਗੋਲਡ ਮੈਡਲ ਨਾਲ਼ ਸਨਮਾਨਤ ਕੀਤਾ ਗਿਆ ਹੈ।

# ਇਉਂ ਮੇਰੀਆਂ ਲਿਖਤਾਂ ਨੂੰ 'ਜੀ ਆਇਆਂ' ਆਖਿਆ ਗਿਆ

ਕੁਝ ਸਾਲ ਪਹਿਲਾਂ ਮੈਂ ਇਕ ਪਾਸੜ ਲੇਖ, 'ਇਉਂ ਹੋਇਆ 'ਸਵਾਗਤ' ਮੇਰੀਆਂ ਲਿਖਤਾਂ ਦਾ' ਲਿਖਿਆ ਸੀ। ਇਹ ਲੇਖ ਕੁਝ ਪਰਚਿਆਂ ਵਿਚ ਛਪਣ ਤੋਂ ਇਲਾਵਾ ਮੇਰੀ ਪੰਜਵੀਂ ਕਿਤਾਬ, 'ਜੋ ਵੇਖਿਆ ਸੋ ਆਖਿਆ' ਦੀਆਂ ਦੋਹਾਂ ਐਡੀਸ਼ਨਾਂ ਵਿਚ ਵੀ ਛਪ ਚੁਕਿਆ ਹੈ। ਉਹ ਲੇਖ ਲਿਖਣ ਸਮੇ ਮੈਂ ਪਾਠਕਾਂ ਨਾਲ਼ ਬਚਨ ਕੀਤਾ ਸੀ ਕਿ ਸਮਾ ਮਿਲਣ ਤੇ ਮੈਂ ਦੂਜੇ ਪੱਖ ਨੂੰ ਦਰਸਾਉਂਦਾ ਲੇਖ ਵੀ ਕਦੀ ਲਿਖਾਂਗਾ। ਸੋ ਉਹ ਲੇਖ ਵੀ ਹੁਣ ਪਾਠਕਾਂ ਦੀ ਮੇਹਰਬਾਨ ਨਜ਼ਰ ਦੇ ਹਵਾਲੇ ਹੈ ਜੀ।

ਸਕੂਲੋਂ, "ਘੱਘਾ ਰਾਰਾ ਘਰ" ਵਾਲ਼ੇ ਸਬਕ ਤੋਂ ਪਿਛੋਂ ਹਟ ਜਾਣ ਤੇ, ਵਿਧੀਵਤ ਵਿੱਦਿਆ ਤੋਂ ਤਾਂ ਮੈਂ ਵਾਂਝਾ ਹੀ ਰਹਿ ਗਿਆ ਪਰ ਭਾਈਆ ਜੀ ਦੀ ਹਿੰਮਤ, ਧੀਰਜ, ਸਹਿਨਸ਼ੀਲਤਾ, ਉਦਮ ਅਤੇ ਸੁਹਿਰਦ ਅਗਵਾਈ ਸਦਕਾ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿੱਖ ਲਿਆ, ਜਾਂ ਉਹਨਾਂ ਨੇ ਬਦੋ ਬਦੀ ਸਿਖਾ ਦਿਤਾ। ਕਿਸੇ ਵੀ ਕਿਸਮ ਦੀ ਕੋਈ ਕਿਤਾਬ ਪਰਚਾ ਮਿਲ ਜਾਵੇ ਤਾਂ ਉਸ ਨੂੰ ਪੜ੍ਹਨ ਦੇ ਸ਼ੌਕ ਸਦਕਾ ਪੜ੍ਹ ਲੈਣਾ। ਇਕ ਜਨਵਰੀ ੧੯੫੮ ਨੂੰ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀ ਸੰਗੀਤ ਕਲਾਸ ਵਿਚ ਦਾਖ਼ਲ ਹੋਣ ਕਰਕੇ, ਓਥੇ ਆਉਂਦੀ ਅਖ਼ਬਾਰ ਪੜ੍ਹਨ ਲੱਗ ਪਿਆ ਤੇ ਇਸ ਤਰ੍ਹਾਂ ਮੈਨੂੰ ਅਖ਼ਬਾਰਾਂ ਪੜ੍ਹਨ ਦਾ ਵੀ 'ਭੁੱਸ' ਪੈ ਗਿਆ ਜੋ ਕਿ ਹੁਣ ਇਕ ਲਾਇਲਾਜ ਬੀਮਾਰੀ ਬਣ ਚੁੱਕਿਆ ਹੈ। ਦਸੰਬਰ ੧੯੬੦ ਦੇ ਅਖੀਰ ਵਿਚ ਕੋਰਸ ਪੂਰਾ ਹੋਣ ਤੋਂ ਕੁਝ ਦਿਨ ਪਹਿਲਾਂ ਹੀ, ਭਾਈਆ ਜੀ ਦੇ ਰਸੂਖ਼ ਅਤੇ ਸਿੰਘ ਸਾਹਿਬ ਗਿ. ਕਿਰਪਾਲ ਸਿੰਘ ਜੀ ਦੀ ਸਹਾਇਤਾ ਨਾਲ਼, ਆਪਣਾ ਰਾਗੀ ਜਥਾ ਬਣਾ ਕੇ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਅਧੀਨ, ਗੁਰਦੁਆਰਾ ਸ੍ਰੀ ਪਿਪਲੀ ਸਾਹਿਬ ਅੰਮ੍ਰਿਤਸਰ ਵਿਖੇ, ਕੀਰਤਨ ਦੀ ਸੇਵਾ ਤੇ ਮੈਂ ਲੱਗ ਗਿਆ। ਓਥੋਂ ਮੇਰੀ ਸੇਵਾ ਧਰਮ ਪ੍ਰਚਾਰ ਕਮੇਟੀ ਵਿਚ ਰਾਗੀ ਦੇ ਰੂਪ ਵਿਚ ਲੱਗ ਗਈ ਪਰ ਧਰਮ ਪ੍ਰਚਾਰ ਕਮੇਟੀ ਦੀ ਸੇਵਾ ਦੌਰਾਨ ਕੀਰਤਨ ਨਾਲੋਂ, ਮੇਰੇ ਪਾਸੋਂ ਕਲੱਰਕੀ ਦਾ ਕਾਰਜ ਵਧ ਲਿਆ ਜਾਣ ਲੱਗ ਪਿਆ। ਇਸ ਤੋਂ ਅੱਕ ਕੇ ਮੈਂ ਆਪਣੀ ਬਦਲੀ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਕਰਵਾ ਲਈ। ਇਸ ਸਭ ਕੁਝ ਦੌਰਾਨ ਮੇਰੀ ਅਖ਼ਬਾਰਾਂ ਪੜ੍ਹਨ ਦੀ ਆਦਤ ਜਾਰੀ ਰਹੀ।

੧੯੬੩ ਵਿਚ ਜਦੋਂ ਮੈਂ ਹੋਰ ਅਖ਼ਬਾਰਾਂ ਦੇ ਨਾਲ਼ ਨਾਲ਼ 'ਜਥੇਦਾਰ' ਨੂੰ ਜਰੂਰ ਪੜ੍ਹਦਾ ਹੁੰਦਾ ਸੀ। ਉਸ ਦੇ ਅਖੀਰ ਦੇ ਪੰਨੇ ਉਪਰ ਪਾਠਕਾਂ ਵਲੋਂ ਆਪ ਬੀਤੀਆਂ ਛਾਪੀਆਂ ਜਾਂਦੀਆਂ ਸਨ। ਉਹਨਾਂ ਲਿਖਤਾਂ ਤੋਂ ਪ੍ਰਭਾਵਤ ਹੋ ਕੇ ਮੈਂ ਵੀ ਇਕ ਆਪ ਬੀਤੀ ਉਸ ਅਖ਼ਬਾਰ ਨੂੰ ਲਿਖ ਭੇਜੀ। ਉਸ ਸਮੇ ਮੈਨੂੰ ਸ਼ਬਦ ਜੋੜ, ਪੈਰਾਗਰਾਫ਼, ਵਿਆਕਰਣ ਆਦਿ ਕਿਸੇ ਗਲ ਦਾ ਵੀ ਪਤਾ ਨਹੀਂ ਸੀ ਹੁੰਦਾ। ਜਦੋਂ ਮੈਂ ਸੰਪਾਦਕ ਵੱਲੋਂ ਹਰ ਪ੍ਰਕਾਰ ਸੋਧ ਕੇ ਛਾਪੀ ਹੋਈ ਇਹ ਲਿਖਤ 'ਜਥੇਦਾਰ' ਵਿਚ ਪੜ੍ਹੀ ਤਾਂ ਗ਼ਦ ਗ਼ਦ ਹੋ ਗਿਆ। ਹੋਰ ਕਿਸੇ ਨੂੰ ਚੰਗੀ ਲੱਗੀ ਹੋਵੇ ਜਾਂ ਨਾ; ਇਸ ਗੱਲ ਦਾ ਕੋਈ ਪਤਾ ਨਾ ਲੱਗਿਆ।

ਭਾਈਆ ਜੀ ਦੀ ਭਰਪੂਰ ਪ੍ਰੇਰਨਾ ਦਾ ਸਦਕਾ ਗਿਆਨੀ ਦੀ ਪੜ੍ਹਾਈ ਕਰਨ ਵਾਸਤੇ, ਜੀਂਦ ਤੋਂ ਪਟਿਆਲੇ ਦੀ ਬਦਲੀ ਭਾਈਆ ਜੀ ਨੇ ਕਰਵਾ ਦਿਤੀ। ਇਸ ਪਿੱਛੇ ਵੀ ਛੋਟਾ ਜਿਹਾ ਇਤਿਹਾਸ ਹੈ ਕਿ ਹਰੇਕ ਸਮੇ ਕੀਰਤਨ ਵੱਲ ਹੀ ਪ੍ਰੇਰਨ ਸਦਕਾ, ਹਰ ਪ੍ਰਕਾਰ ਦੀ ਪੜ੍ਹਾਈ ਵੱਲੋਂ ਨਿਰਉਤਸ਼ਾਹਤ ਕਰਨ ਵਾਲ਼ੇ ਭਾਈਆ ਜੀ ਨੇ ਮੈਨੂੰ ਇਸ ਪਾਸੇ ਕਿਉਂ ਪ੍ਰੇਰਿਆ; ਉਹ ਕਦੀ ਫੇਰ ਸਹੀ।

ਫਿਰ ਪਟਿਆਲੇ ਆ ਕੇ ਵਿਦਵਾਨ ਕਲਾਸ ਦੀ ਪੜ੍ਹਾਈ ਦੌਰਾਨ ਅਧਿਆਪਕਾਂ ਵੱਲੋਂ ਮੇਰੀ ਲਿਖਤ ਦੀ ਪ੍ਰਸੰਸਾ ਹੋਣੀ ਤਾਂ ਇਹ ਗੱਲ ਮੰਨਣ ਜਿਹੇ ਵਿਚ ਨਾ ਆਉਣੀ ਕਿ ਮੇਰੀ ਲਿਖਤ ਵੀ ਵਰਨਣ ਯੋਗ ਹੋ ਸਕਦੀ ਹੈ। ੧੯੬੫ ਵਿਚ ਫਿਰ ਗਿਆਨੀ ਦੀ ਪੜ੍ਹਾਈ ਦੌਰਾਨ ਤਾਂ ਇਉਂ ਵੀ ਹੋਇਆ ਕਿ ਕੱਚੇ ਇਮਤਿਹਾਨ ਸਮੇ ਮੇਰੇ, ਪੰਜਾਬੀ ਲੋਕ ਗੀਤਾਂ ਉਪਰ ਲਿਖੇ ਗਏ ਲੇਖ ਵਾਲ਼ੀ ਕਾਪੀ ਹੀ ਅਧਿਆਪਕ ਨੇ ਰੱਖ ਲਈ ਜੋ ਕਿ ਉਹ ਹਰੇਕ ਆਉਣ ਵਾਲ਼ੀ ਕਲਾਸ ਦੇ ਵਿਦਿਆਰਥੀਆਂ ਨੂੰ ਪੜ੍ਹ ਕੇ ਸੁਣਾਇਆ ਕਰਦਾ ਸੀ।

ਇਹਨੀਂ ਦਿਨੀਂ ਹੀ ੧੯੬੬ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਤਿੰਨ ਸੌ ਸਾਲਾ ਪ੍ਰਕਾਸ਼ ਦਿਵਸ ਆਇਆ ਜੋ ਸਾਰੇ ਭਾਰਤ ਵਿਚ ਉਚੇਚੇ ਉਤਸ਼ਾਹ ਨਾਲ਼ ਮਨਾਇਆ ਗਿਆ। ਮਹਾਂਰਾਜਾ ਪਟਿਆਲਾ ਯਾਦਵਿੰਦਰ ਸਿੰਘ ਜੀ ਦੀ ਪ੍ਰਧਾਨਗੀ ਹੇਠ ਗੁਰੂ ਗੋਬਿੰਦ ਸਿੰਘ ਫ਼ਾਊਂਡੇਸ਼ਨ ਵੀ ਸਿਰਜੀ ਗਈ। ਇਸ ਦੀ ਸਿਰਜਣਾ ਦਾ ਸਮਾਗਮ ਪਬਲਿਕ ਲਾਇਬ੍ਰੇਰੀ ਵਿਚ ਕੀਤਾ ਗਿਆ। ਅਜਿਹੇ ਉਤਸ਼ਾਹੀ ਮਾਹੌਲ ਵਿਚ ਮੈਂ ਵੀ ਇਕ ਲੇਖ ਲਿਖ ਲਿਆ ਜੋ ਕਿ ਉਸ ਸਮੇ ਅਤੇ ਪਿੱਛੋਂ ਵੀ, ਇਕ ਤੋਂ ਵਧ ਪਰਚਿਆਂ ਵਿਚ ਛਪ ਗਿਆ। ਹੁਣ ਇਹ ਮੇਰੀ ਪਹਿਲੀ ਕਿਤਾਬ 'ਸਚੇ ਦਾ ਸਚਾ ਢੋਆ' ਦੀਆਂ ਪੰਜੇ ਐਡੀਸ਼ਨਾਂ ਵਿਚ ਵੀ ਅੰਕਤ ਹੈ।

ਫਿਰ ਸਮੇ ਸਮੇ ਖਾਸ ਸਮਾਗਮਾਂ ਸਮੇ ਮੇਰੇ ਲੇਖ, ਅਜੀਤ, ਕੌਮੀ ਦਰਦ, ਅਕਾਲੀ ਪੱਤ੍ਰਕਾ ਆਦਿ ਰੋਜ਼ਾਨਾ ਅਤੇ ਮਾਸਕ ਪੱਤਰਾਂ ਵਿਚ ਛਪਦੇ ਰਹੇ। ਜਦੋਂ ਗਿੱਲ ਨੇ ਅਕਾਲੀ ਦਲ ਤੋਂ ਬਾਗ਼ੀ ਹੋ ਕੇ, ਕਾਂਗਰਸ ਦੀ ਸਹਾਇਤਾ ਨਾਲ਼, ਆਪਣੀ ਸਰਕਾਰ ਬਣਾ ਲਈ ਤਾਂ ਪੰਥਕ ਜੋਸ਼ ਵਿਚ ਮੈਂ ਵਧ ਲੇਖ ਲਿਖਣੇ ਸ਼ੁਰੂ ਕਰ ਦਿਤੇ। ਇਹਨਾਂ ਲੇਖਾਂ ਲਈ ਮੈਨੂੰ ਸੰਤ ਚੰਨਣ ਸਿੰਘ ਜੀ, ਪ੍ਰਧਾਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਉਤਸ਼ਾਹਤ ਕੀਤਾ। ਉਹਨਾਂ ਦਲ ਦੀ ਅਖ਼ਬਾਰ ਦੇ ਮੁਖ ਸੰਪਾਦਕ, ਮਾਸਟਰ ਅਜੀਤ ਸਿੰਘ ਅੰਬਾਲਵੀ ਜੀ ਨੂੰ ਹਿਦਾਇਤ ਕੀਤੀ ਕਿ ਮੇਰੇ ਵੱਲੋਂ ਕੋਈ ਵੀ ਭੇਜਿਆ ਗਿਆ ਲੇਖ ਜਰੂਰ ਛਾਪਿਆ ਜਾਵੇ। ਕਦੀ ਉਹਨਾਂ ਨੇ ਮੇਰਾ ਲੇਖ ਮੁਖ ਪੰਨੇ ਤੇ ਛਾਪਣਾ ਤੇ ਕਦੇ ਐਡੀਟੋਰੀਅਲ ਦੇ ਥਾਂ

ਵੀ ਛਾਪ ਦੇਣਾ। ਕੁਝ ਪਾਠਕਾਂ ਵੱਲੋਂ ਪ੍ਰਸੰਸਾ ਵੀ ਪਰਾਪਤ ਹੋਣੀ।

ਮਾਰਚ ੧੯੭੩ ਵਿਚ ਮੈਂ ਅਫ਼੍ਰੀਕਾ ਦੇ ਇਕ ਨਿੱਕੇ ਜਿਹੇ ਮੁਲਕ ਮਲਾਵੀ ਵਿਚ ਚਲਿਆ ਗਿਆ। ਏਥੇ ਨਾ ਕੋਈ ਪੰਜਾਬੀ ਤੇ ਹਿੰਦੀ ਦਾ ਅਖ਼ਬਾਰ, ਨਾ ਕੋਈ ਹਿੰਦੁਸਤਾਨ ਤੋਂ ਖ਼ਬਰਾਂ ਦੇਣ ਵਾਲਾ ਰੇਡੀਉ। ਟੀਵੀ ਤਾਂ ਉਹਨੀਂ ਦਿਨੀਂ ਕਿਤੇ ਬਹੁਤ ਵੱਡੀ ਫ਼ੈਲਸੂਫ਼ੀ ਮੰਨੀ ਜਾਂਦੀ ਸੀ ਅਤੇ ਕਿਸੇ ਕਿਸੇ ਮੁਲਕ ਵਿਚ ਹੀ ਹੁੰਦਾ ਸੀ। ਅੰਮ੍ਰਿਤਸਰ ਰਹਿਣ ਸਮੇ ਜਦੋਂ ਕਦੀ ਕਦਾਈਂ ਰਾਤ ਨੂੰ ਹਾਲ ਬਾਜ਼ਾਰ ਜਾਣ ਦਾ ਸਬੱਬ ਬਣਨਾ ਤਾਂ ਓਥੇ ਇਕ ਦੁਕਾਨ ਉਪਰ ਸਲਾਈਡਾਂ ਚੱਲਦੀਆਂ ਵੇਖ ਕੇ ਮੈਂ ਉਸ ਨੂੰ ਹੀ ਟੀਵੀ ਸਮਝਣਾ। ਫਿਰ ੧੯੬੯ ਵਿਚ, ਸ. ਉਤਮ ਸਿੰਘ ਦੁੱਗਲ ਐਮ.ਪੀ. ਦੇ ਘਰ, ਜਦੋਂ ਸੰਤ ਚੰਨਣ ਸਿੰਘ ਜੀ ਨਾਲ਼ ਮੈਂ ਵੀ ਠਹਿਰਿਆ ਹੋਇਆ ਸਾਂ ਤਾਂ ਓਥੇ ਇਕ ਸ਼ਾਮ ਨੂੰ ਵੇਖਿਆ ਕਿ ਟੀਵੀ ਤੋਂ ਇਕ ਬੀਬੀ ਖ਼ਬਰਾਂ ਪੜ੍ਹ ਰਹੀ ਹੈ। ਉਸ ਨੇ ਹਰੇਕ ਖ਼ਬਰ ਇਕ ਗੱਤੇ ਉਪਰ ਲਿਖੀ ਹੋਈ ਸੀ ਤੇ ਗੱਤਿਆਂ ਦੀ ਢੇਰੀ ਵਿਚੋਂ ਇਕ ਗੱਤਾ ਚੁੱਕਦੀ ਸੀ ਤੇ ਉਸ ਨੂੰ ਪੜ੍ਹ ਕੇ ਦੂਜੀ ਢੇਰੀ ਉਪਰ ਰੱਖ ਦਿੰਦੀ ਸੀ ਤੇ ਫਿਰ ਪਹਿਲੀ ਢੇਰੀ ਵਿਚੋਂ ਇਕ ਹੋਰ ਗੱਤਾ ਚੁੱਕ ਕੇ, ਅਗਲੀ ਖ਼ਬਰ ਪੜ੍ਹਦੀ ਸੀ। ਉਹਨੀ ਦਿਨੀਂ ਇਸ ਮੁਲਕ ਮਲਾਵੀ ਵਿਚ ਤਾਂ ਕਿਸੇ ਨੇ ਟੀਵੀ ਵੇਖਣਾ ਤਾਂ ਕਿਧਰੇ ਰਿਹਾ ਸ਼ਾਇਦ ਸੁਣਿਆ ਵੀ ਨਹੀਂ ਹੋਣਾ! ਇਹ ਤਾਂ ਜੂਨ ੧੯੮੦ ਵਿਚ ਫ਼ਿਜੀ ਮੁਲਕ ਵਿਚ ਵੀ ਨਹੀਂ ਸੀ। ਉਂਜ ਓਥੇ ਪੰਜਾਬੀਆਂ ਨੇ ਆਪਣੇ ਘਰਾਂ ਵਿਚ ਵੀ.ਸੀ.ਆਰ. ਰੱਖੇ ਹੋਏ ਸਨ।

ਆਪਣਾ ਅਖ਼ਬਾਰੀ ਝਸ, ਜੋ ਕਿ ਜਨਵਰੀ ੧੯੫੮ ਤੋਂ ਬੜੀ ਬੁਰੀ ਤਰ੍ਹਾਂ ਮੈਨੂੰ ਚੰਬੜ ਚੁੱਕਾ ਸੀ, ਪੂਰਾ ਕਰਨ ਲਈ, ਮੈਂ ਆਪਣੇ ਛੋਟੇ ਜਿਹੇ ਟਾਊਨ ਲਿੰਬੀ ਤੋਂ ਬੱਸ ਵਿਚ ਬੈਠ ਕੇ, ਹਫ਼ਤੇ ਵਿਚ ਇਕ ਦਿਨ ਗਵਾਂਢੀ ਵੱਡੇ ਸ਼ਹਿਰ ਬਲੈਂਟਾਇਰ ਸਥਿਤ, ਇੰਡੀਅਨ ਹਾਈ ਕਮਿਸ਼ਨ ਵਿਚ ਜਾਇਆ ਕਰਦਾ ਸਾਂ। ਓਥੇ ਵੀ ਹਿੰਦੀ ਪੰਜਾਬੀ ਦਾ ਕੋਈ ਅਖ਼ਬਾਰ ਨਹੀਂ ਸੀ ਹੁੰਦਾ। ਐਵੇਂ ਅੰਗ੍ਰੇਜ਼ੀ ਦੀਆਂ ਅਖ਼ਬਾਰਾਂ ਨੂੰ ਮੂੰਹ ਜਿਹਾ ਮਾਰ ਕੇ ਤੇ ਕੁਝ ਸਟਾਫ਼ ਨਾਲ ਅਤੇ ਕੁਝ ਨਾਲ਼ ਲੱਗਵੇਂ ਮੰਦਰ ਦੇ ਪੁਜਾਰੀ ਨਾਲ਼ ਗੱਪ ਸ਼ੱਪ ਮਾਰ ਕੇ ਮੁੜ ਆਉਣਾ। ਇੰਟਰਨੈੱਟ ਦੀ ਸਹੂਲਤ ਤੋਂ ਪਹਿਲਾਂ 'ਅਜੀਤ' ਪੜ੍ਹਨ ਲਈ ਏਥੇ ਸਿਡਨੀ ਵਿਚ ਵੀ ਮੈਂ ਹਰੇਕ ਮੰਗਲਵਾਰ, ਇੰਡੀਅਨ ਕੌਂਸੂਲੇਟ ਵਿਚ ਜਾਇਆ ਕਰਦਾ ਸਾਂ ਤੇ ਸਾਰੇ ਹਫ਼ਤੇ ਦੀਆਂ ਅਖ਼ਬਾਰਾਂ ਇਕੋ ਦਿਨ ਵਿਚ ਪੜ੍ਹ ਲਿਆ ਕਰਦਾ ਸਾਂ। ਫਿਰ ਹੌਲ਼ੀ ਹੌਲ਼ੀ ਪਹਿਲਾਂ ਟਾਈਮਜ਼ ਆਫ਼ ਇੰਡੀਆ ਇੰਟਰਨੈਟ ਉਤੇ ਆਉਣ ਲੱਗ ਪਈ ਤੇ ਫਿਰ ਕੁਝ ਸਮੇ ਬਾਅਦ ਟ੍ਰੀਬਿਊਨ ਤੇ ਫਿਰ ਤਾਂ ਪੰਜਾਬੀ ਹਿੰਦੀ, ਸਮੇਤ ਅਜੀਤ ਦੇ, ਬੇਅੰਤ ਪੱਤਰ ਆਉਣ ਲੱਗ ਪਏ। ਹੁਣ ਤਾਂ ਇਹ ਦੇਸ ਅਤੇ ਪਰਦੇਸਾਂ ਵਿਚੋਂ ਏਨੀਆਂ ਆਉਂਦੀਆਂ ਨੇ ਕਿ ਪੜ੍ਹੀਆਂ ਵੀ ਨਹੀਂ ਜਾਂਦੀਆਂ।

ਇਕ ਤਾਂ ਮੈਂ ਦੇਸੋਂ ਤੁਰਨ ਸਮੇ ਸਿਆਹੀ ਭਰਨ ਵਾਲਾ ਪੈਨ ਨਾ ਲੈ ਕੇ ਗਿਆ ਤੇ ਓਥੇ ਬਾਲ ਪੁਆਇੰਟ ਪੈਨ ਹੀ ਮਿਲ਼ਦੇ ਸਨ ਜਿਨ੍ਹਾਂ ਨਾਲ਼ ਲਿਖਣ ਲੱਗਿਆਂ ਹੱਥ ਥੱਕ ਜਾਣ ਦੇ ਨਾਲ਼ ਅੱਖਰ ਵੀ ਮੇਰੀ ਪਸੰਦ ਦੇ ਨਹੀਂ ਸੀ ਪੈਂਦੇ। ਫਿਰ ਜੇਕਰ ਔਖੇ ਸੌਖੇ ਹੋ ਕੇ ਚਾਰ ਅੱਖਰ ਝਰੀਟ ਹੀ ਲਏ ਜਾਣ ਤਾਂ ਵਾਹਵਾ ਸਾਰਾ ਡਾਕ ਖ਼ਰਚ ਲਾ ਕੇ, ਦੇਸ ਵਿਚਲੇ ਕਿਸੇ ਪੱਤਰ ਨੂੰ ਭੇਜੋ ਤਾਂ ਕੀ ਪਤਾ ਉਹ ਲੇਖ ਛਪਿਆ ਵੀ ਹੈ ਕਿ ਨਹੀਂ! ਇਸ ਲਈ ਇਹ ਸ਼ੌਕ ਬੰਦ ਹੀ ਪਿਆ ਰਿਹਾ।

ਮਲਾਵੀ ਤੋਂ ਨਿਕਲ਼ ਕੇ ਕੁਝ ਸਾਲ ਤਾਂ ਦੁਨੀਆ ਵਿਚ ਭੌਂਦਾ ਹੀ ਰਿਹਾ। ਆ ਤਾਂ ਮੈਂ ਪਹਿਲੀ ਵਾਰ ਆਸਟ੍ਰੇਲੀਆ ਵਿਚ ੨੫ ਅਕਤੂਬਰ ੧੯੭੯ ਨੂੰ ਹੀ ਗਿਆ ਸੀ ਪਰ ਪੀ.ਆਰ. ਦੇ ਚੱਕਰ ਵਿਚ ਇਕ ਸਾਲ ਵੇਹਲੇ ਫਿਰਦੇ ਦਾ ਹੀ ਲੰਘ ਗਿਆ। ਇਸ ਦਾ ਜ਼ਿਕਰ ਮੈਂ ਇਕ ਹੋਰ ਲੇਖ ਵਿਚ ਕਰ ਚੁੱਕਾ ਹਾਂ। ਏਥੇ ਉਸ ਦੇ ਵਿਸਥਾਰ ਦੀ ਲੋੜ ਨਹੀਂ। ਫਿਰ ਪਰਵਾਰ ਦੀ ਕੁੱਲੀ, ਗੁੱਲੀ ਤੇ ਜੁੱਲੀ ਦੇ ਪ੍ਰਬੰਧ ਦੇ ਫਿਕਰ ਵਿਚ ਵਿਚਰਦਿਆਂ ੧੯੮੪ ਆ ਗਿਆ। ਇਸ ਸਮੇ ਸਾਰੇ ਪੰਜਾਬ ਦੇ ਗੁਰਦੁਆਰਿਆਂ ਉਪਰ ਇੰਦਰਾ ਦੀ ਸਰਕਾਰ ਨੇ ਫੌਜੀ ਹਮਲਾ ਕੀਤਾ ਜੋ ਕਿ ਸਾਰੀ ਸਿੱਖ ਕੌਮ ਉਪਰ ਹੀ ਹਮਲਾ ਸੀ। ਫਿਰ ਉਸ ਦੁਸ਼ਟਣੀ ਦੇ ਕਤਲ ਪਿਛੋਂ ਹਿੰਦੁਸਤਾਨ ਦੇ ਦੋ ਸੌ ਸ਼ਹਿਰਾਂ ਵਿਚ ਜੋ ਕੁਝ ਬੇਦੋਸ਼ੇ ਸਿੱਖਾਂ ਨਾਲ ਹੋਇਆ, ਇਸ ਨੇ ਸਾਰੀ ਦੁਨੀਆ ਦੇ ਸਿੱਖਾਂ ਵਾਂਙ, ਮੇਰੇ ਵੀ ਸਾਰੇ ਸਮੀਕਰਣ ਬਦਲ ਦਿਤੇ। ਜੋ ਕੁਝ ਸੋਚ ਵਿਚ ਸੀ ਤੇ ਜਿਸ ਕਰਕੇ ਮੈਂ ਦੁਨੀਆਂ ਵਿਚ ਫੁੱਲਿਆ ਫੁੱਲਿਆ ਫਿਰਦਾ ਸਾਂ, ਉਹ ਸਾਰਾ ਢਹਿ ਢੇਰੀ ਹੋ ਗਿਆ।

ਹਿੰਦ ਸਰਕਾਰ ਦੇ ਸਿੱਖਾਂ ਉਪਰ ਜ਼ੁਲਮਾਂ ਦੇ ਖ਼ਿਲਾਫ਼ ਆਪਣੇ ਰੋਸ ਦੇ ਪ੍ਰਗਟਾਵੇ ਵਾਸਤੇ, ਹੋਰ ਕੋਈ ਰਾਹ ਤੇ ਵਾਹ ਨਾ ਹੋਣ ਕਰਕੇ, ਫਿਰ ਮੈਂ ਅਪ੍ਰੈਲ ੧੯੮੫ ਵਿਚ ਹਫ਼ਤਾਵਾਰੀ ਅਖ਼ਬਾਰ 'ਸਿੱਖ ਸਮਾਚਾਰ' ਦੇ ਨਾਂ ਹੇਠ ਸ਼ੁਰੂ ਕਰ ਲਿਆ। ਉਸ ਸਮੇ ਸਿਵਾਏ ਟਾਈਪ ਰਾਈਟਰ ਉਪਰ ਟਾਈਪ ਕਰਕੇ ਛਾਪਣ ਤੋਂ ਇਲਾਵਾ ਹੋਰ ਕੋਈ ਵਸੀਲਾ, ਪੰਜਾਬੀ ਪੱਤਰ ਛਾਪਣ ਦਾ ਨਾ ਹੋਣ ਕਰਕੇ, ਬਹੁਤਾ ਕੰਮ ਦੂਜੀਆਂ ਅਖ਼ਬਾਰਾਂ ਵਿਚੋਂ ਛਪੀ ਸਮਗਰੀ, ਕੈਂਚੀ ਨਾਲ਼ ਕੱਟ ਕੇ ਹੀ ਜ਼ਿਆਦਾ ਛਾਪੀ ਜਾਂਦੀ ਸੀ। ਇਸ ਤਰ੍ਹਾਂ ਕਲਮ ਦੇ ਥਾਂ ਕੈਂਚੀ ਤੋਂ ਵਧੇਰੇ ਕਾਰਜ ਕਰਵਾਇਆ ਜਾਂਦਾ ਸੀ। ਇਸ ਪਰਚੇ ਕਰਕੇ ਵੀ ਲੇਖ ਲਿਖਣ ਲਈ ਉਤਸ਼ਾਹ ਪ੍ਰਾਪਤ ਹੁੰਦਾ ਰਿਹਾ। ਵਲੈਤੋਂ ਛਪਣ ਵਾਲ਼ੇ 'ਦੇਸ ਪਰਦੇਸ' ਪੱਤਰ ਵਿਚ ਮੇਰੇ ਛਪੇ ਅਤੇ ਕੁਝ ਹੋਰ ਲੇਖਕਾਂ ਦੇ ਲੇਖ ਲੈ ਕੇ, ਇਸ ਪੱਤਰ ਵਿਚ ਮੈਂ ਛਾਪਦਾ ਰਿਹਾ। ਸਵਾ ਕੁ ਛੇ ਸਾਲ ਇਹ ਪੱਤਰ ਚੱਲ ਕੇ, ਸੂਰਮਾ ਸਿੰਘ ਦੇ ਸੌਣ ਵਾਂਙ, ਚੁੱਪ ਹੋ ਗਿਆ ਪਰ ਮੇਰੇ ਅੰਦਰ ਸੁਤੀ ਅੱਖਰ ਝਰੀਟਣ ਦੀ ਆਦਤ ਨੂੰ ਮੁੜ ਸੁਰਜੀਤ ਕਰ ਗਿਆ।

ਫਿਰ ਬਹੁਤ ਸਾਰੇ ਦੇਸ਼ਾਂ ਵਿਚੋਂ ਪੰਜਾਬੀ ਵਿਚ ਪੱਤਰ ਛਪਣੇ ਸ਼ੁਰੂ ਹੋ ਗਏ। ਕੰਪਿਊਟਰ ਉਪਰ ਪੰਜਾਬੀ ਫ਼ੌਂਟ ਵੀ ਪਰਗਟ ਹੋਣੇ ਸ਼ੁਰੂ ਹੋ ਗਏ ਤੇ ਮੈਨੂੰ ਇਸ ਉਪਰ ਪੰਜਾਬੀ ਲਿਖਣ ਦੀ ਜਾਚ ਵੀ ਆ ਗਈ। ਮੈਂ ਸਮੇ ਸਮੇ ਲੇਖ ਲਿਖ ਕੇ ਵੱਖ ਵੱਖ ਪੱਤਰਾਂ ਨੂੰ ਭੇਜਣੇ ਸ਼ੁਰੂ ਕਰ ਦਿਤੇ। ਤਕਰੀਬਨ ਹਰੇਕ ਪੱਤਰ ਦੇ ਐਡੀਟਰ ਨੇ ਮੇਰੇ ਲੇਖਾਂ ਪ੍ਰਤੀ ਪ੍ਰਸੰਸਕ ਰਵਈਆ ਵਿਖਾਇਆ ਜਿਸ ਨਾਲ਼ ਮੈਨੂੰ ਹੋਰ ਉਤਸ਼ਾਹ ਪ੍ਰਾਪਤ

ਹੋਇਆ।

ਆਪਣੀਆਂ ਲਿਖਤਾਂ ਨੂੰ ਕਿਤਾਬੀ ਰੂਪ ਦੇ ਸਕਣ ਬਾਰੇ ਕਦੇ ਵੀ ਮੇਰੇ ਮਨ ਵਿਚ ਵਿਚਾਰ ਨਹੀਂ ਸੀ ਆਇਆ ਭਾਵੇਂ ਕਿ ਬਹੁਤ ਸਾਰੇ ਸੁਹਿਰਦ ਸੱਜਣਾਂ ਵੱਲੋਂ, ਸਮੇ ਸਮੇ ਇਸ ਪਾਸੇ ਵੱਲ ਪ੍ਰੇਰਤ ਕੀਤਾ ਜਾਂਦਾ ਸੀ। ਇਕ ਸੱਜਣ ਨੇ ਤਾਂ ਏਥੋਂ ਤੱਕ ਵੀ ਆਖਿਆ ਕਿ ਜੇਹੜੀਆਂ ਕਿਤਾਬਾਂ ਤੂੰ ਪੜ੍ਹਦਾ ਰਹਿੰਦਾ ਹੈਂ ਇਹੋ ਜਿਹੀਆਂ ਤੇ ਤੂੰ ਆਪ ਲਿਖ ਸਕਦਾ ਹੈਂ! ਇਉਂ ਕਿਉਂ ਨਹੀਂ ਕਰਦਾ? ਅਜਿਹਾ ਨਾ ਕਰ ਸਕਣ ਦੇ ਕੁਝ ਕਾਰਨ ਸਨ ਜਿਨ੍ਹਾਂ ਵਿਚੋਂ ਇਕ ਤਾਂ ਮੁਖ ਕਾਰਨ ਇਹ ਸੀ ਕਿ ਪੰਜਾਬੀਆਂ ਵਿਚ ਆਮ ਕਰਕੇ ਅਤੇ ਸਿੱਖਾਂ ਵਿਚ ਖਾਸ ਕਰਕੇ 'ਕਿਤਾਬ ਕਲਚਰ' ਪੈਦਾ ਨਹੀਂ ਹੋ ਸਕਿਆ। ਇਹ ਹੋਰ ਬਹੁਤ ਸਾਰੇ ਕਾਰਜਾਂ ਉਪਰ ਦਿਲ ਖੋਹਲ ਕੇ ਖ਼ਰਚ ਕਰ ਸਕਦੇ ਹਨ। ਧਾਰਮਿਕ ਸਥਾਨਾਂ ਦੀ ਉਸਾਰੀ, ਖਾਣ ਪੀਣ, ਪਹਿਨਣ, ਲੋੜਵੰਦ ਦੀ ਸਹਾਇਤਾ, ਪ੍ਰਾਹੁਣਾਚਾਰੀ, ਮਰਨੇ ਪਰਨੇ ਦੀਆਂ ਰਸਮਾਂ ਉਪਰ ਬਿਨਾ ਕਿਸੇ ਸੰਕੋਚ ਦੇ ਖੁਲ੍ਹਾ ਖ਼ਰਚ ਕਰਦੇ ਹਨ ਪਰ ਜਦੋਂ ਕਿਤਾਬ ਦੀ ਗੱਲ ਆਵੇ ਤਾਂ, "ਪੰਜਾਬੀ ਪੜ੍ਹਨੀ ਨਹੀਂ ਆਉਂਦੀ, ਪੜ੍ਹਨ ਦਾ ਸਮਾ ਨਹੀਂ, ਪੜ੍ਹਨ ਵਿਚ ਦਿਲਚਸਪੀ ਨਹੀਂ" ਵਰਗੇ ਪਾਣੀ ਮਾਰਵੇਂ ਜਿਹੇ ਬਹਾਨੇ ਘੜੀ ਜਾਣਗੇ।

ਸਿੱਖਾਂ ਦੀ ਕਿਤਾਬਾਂ ਬਾਰੇ ਅਜਿਹੀ ਰੁਚੀ ਵੇਖ ਕੇ, ਬਾਵਜੂਦ ਸੁਹਿਰਦ ਸੱਜਣਾਂ ਵੱਲੋਂ ਵਾਰ ਵਾਰ ਪ੍ਰੇਰਨਾ ਕਰਨ ਤੇ ਵੀ, ਇਸ ਪਾਸੇ ਉਦਮ ਕਰਨ ਦਾ ਹੌਸਲਾ ਨਹੀਂ ਸੀ ਪੈਂਦਾ। ਪਹਿਲਾਂ ਤਾਂ ਆਪਣੇ ਤੋਂ ਮਾਇਆ ਹਮੇਸ਼ਾਂ ਘੁੰਡ ਕੱਢੀ ਰੱਖਦੀ ਹੋਣ ਕਰਕੇ ਵੀ ਨਹੀਂ ਸੀ ਵਿਚਾਰ ਬਣਦਾ। ਜੇਕਰ ਫਿਰ ਵੀ ਏਧਰੋਂ ਓਧਰੋਂ ਕਰ ਕਰਾ ਕੇ ਮਾਇਅਕ ਪ੍ਰਬੰਧ ਹੋ ਵੀ ਜਾਵੇ ਜੋ ਕਿ ਲੱਖਾਂ ਵਿਚ ਹੁੰਦਾ ਹੈ, ਫਿਰ ਉਸ ਕਿਤਾਬ ਨੂੰ ਪਾਠਕਾਂ ਦੇ ਹੱਥਾਂ ਤੱਕ ਅੱਪੜਦਾ ਕਰਨਾ ਹੋਰ ਵੀ ਵਡੇਰਾ ਮਸਲਾ ਹੈ। ਇਹ ਵੀ ਸੋਚਦਾ ਸਾਂ ਕਿ ਅੰਮ੍ਰਿਤਸਰੋਂ ਖ਼ੁਦ ਜਾ ਕੇ ਕਿਤਾਬ ਛਪਵਾ ਕੇ, ਫਿਰ ਛਪਾਈ ਨਾਲ਼ੋਂ ਦੂਣਾ ਉਸ ਉਪਰ ਕਰਾਇਆ ਖ਼ਰਚ ਕੇ, ਸਿਡਨੀ ਵਿਚ ਮੰਗਵਾ ਕੇ ਫਿਰ ਸਿੱਖਾਂ ਦੇ ਘਰੋ ਘਰੀ ਜਾ ਕੇ, ਉਹਨਾਂ ਨੂੰ ਪੜ੍ਹਨ ਵਾਸਤੇ ਦਿਆਂਗਾ, ਓਵੇਂ ਹੀ ਜਿਵੇਂ ਕੁਝ ਸਾਲ ਪਹਿਲਾਂ, ਆਪਣੇ ਘਰ ਦੇ ਪਿਛਵਾੜੇ ਵਿਚ ਉਗਾਈ ਸਬਜ਼ੀ ਵੰਡਣ ਜਾਇਆ ਕਰਦਾ ਸਾਂ। ਅਜਿਹੀ ਉਧੇੜ ਬੁਣ ਵਾਲ਼ੀ ਬਿਰਤੀ ਦੇ ਚੱਲਦਿਆਂ ਹੀ ਫਿਰ ਆਪਣੇ ਪਰਵਾਰ ਦੀ ਦੂਜੀ ਪੀਹੜੀ ਵੱਲੋਂ ਵੀ ਇਸ ਪਾਸੇ ਉਤਸ਼ਾਹਤ ਕੀਤਾ ਜਾਣ ਲੱਗਾ। ਖਾਸ ਕਰਕੇ ਮੇਰੀ ਪੰਜਾਬੀ ਦੀ ਐਮ.ਏ. ਵਿਚ ਪੜ੍ਹਦੀ ਭਣੇਵੀ, ਬਬ੍ਹ (ਬਲਜੀਤ ਕੌਰ ਜੌਹਲ) ਨੇ, ਵਾਰ ਵਾਰ ਲਿਖਣ ਵਾਲ਼ਾ ਕਾਰਜ ਕਰਨ ਲਈ, ਕਿਸੇ ਖਾਸ ਉਦੇਸ਼ ਕਾਰਨ, ਬਹੁਤ ਜੋਰ ਦਿਤਾ। ਆਖਰ ਨਵੰਬਰ ੨੦੦੬ ਵਿਚ ਇਹ ਕਾਰਜ ਕਰ ਹੀ ਲਿਆ। ਆਪਣੀ ਪਹਿਲੀ ਕਿਤਾਬ, ਜਿਸ ਦੀ ਹੁਣ ਪੰਜਵੀਂ ਐਡੀਸ਼ਨ ਵੀ ਛਪ ਕੇ ਪਾਠਕਾਂ ਦੇ ਹੱਥਾਂ ਤੱਕ ਪਹੁੰਚ ਰਹੀ ਹੈ, ਛਪਵਾ ਹੀ ਲਈ ਗਈ। ਇਸ ਕਿਤਾਬ ਦੀ ਇਕ ਕਾਪੀ ਆਪਣੀ ਭਣੇਵੀ ਨੂੰ ਦੇ ਕੇ ਆਖਿਆ, "ਲੈ ਪੁੱਤਰ ਬੱਬੂ, ਸੂਰਮਾ ਸਿੰਘ ਦੇ ਸੌਣ ਵਾਂਙ ਅੱਧਾ ਕੰਮ ਤਾਂ ਹੋ ਗਿਆ ਈ! ਤੇ ਅੱਧਾ ਕੰਮ ਮੈਂ ਅੰਮ੍ਰਿਤਸਰ ਦੀ ਅਗਲੀ ਫੇਰੀ ਸਮੇ ਕਰ ਜਾਊਂਗਾ।" ਅਰਥਾਤ ਬੱਚੀ ਦੀ ਦੋ ਕਿਤਾਬਾਂ ਛਪਵਾਉਣ ਵਾਲ਼ੀ ਮੰਗ ਮੁਤਾਬਿਕ, ਪਹਿਲੀ ਕਿਤਾਬ ਤਾਂ ਛਪ ਗਈ ਆ ਤੇ ਦੂਜੀ ਕਿਤਾਬ ਅਗਲੇ ਚੱਕਰ ਵਿਚ ਛਪਵਾ ਕੇ ਕਾਰਜ ਪੂਰਾ ਕਰ ਲਿਆ ਜਾਵੇਗਾ। ਸੂਰਮਾ ਸਿੰਘ ਦਾ ਜ਼ਿਕਰ ਇਸ ਲਈ ਆਇਆ ਹੈ ਕਿ ਕਿਸੇ ਸੱਜਣ ਨੇ ਕਿਹਾ, "ਸੂਰਮਾ ਸਿੰਘ ਜੀ ਸੌਂ ਜਾਓ।" ਅੱਗੋਂ ਸੂਰਮਾ ਸਿੰਘ ਜੀ ਨੇ ਆਖਿਆ, "ਸਾਡਾ ਸੌਣਾ ਕੀ ਆ; ਚੁੱਪ ਹੀ ਕਰ ਜਾਣਾ। ਲਓ ਜੀ, ਅਸੀਂ ਚੁੱਪ ਹੋ ਗਏ!" ਅਸੀਂ ਸੁੱਤਾ ਉਸ ਵਿਅਕਤੀ ਨੂੰ ਹੀ ਸਮਝਦੇ ਹਾਂ ਜਿਸ ਨੂੰ ਨਾ ਦਿਸੇ ਤੇ ਨਾ ਉਹ ਬੋਲੇ। ਸੋ ਦਿਸਦਾ ਤਾਂ ਸੂਰਮਾ ਸਿੰਘ ਜੀ ਨੂੰ ਪਹਿਲਾਂ ਹੀ ਨਹੀਂ ਸੀ ਤੇ ਚੁੱਪ ਹੋ ਜਾਣ ਨਾਲ਼ ਸੌਣ ਵਾਲ਼ਾ ਕਾਰਜ ਪੂਰਾ ਹੋ ਗਿਆ।

ਇਹ ਕਿਤਾਬ ਛਪਣ ਉਪ੍ਰੰਤ, ਇਸ ਕਿਤਾਬ ਉਪਰ ਜਾਂ ਫਿਰ ਮੇਰੇ ਸਮੇ ਸਮੇ ਛਪਦੇ ਰਹੇ ਲੇਖਾਂ ਉਪਰ, ਸ. ਮੋਤਾ ਸਿੰਘ ਸਰਾਇ ਦੀ ਸਵੱਲੀ ਨਿਗਾਹ ਕਿਤੇ ਪੈ ਗਈ। ਸ. ਮੋਤਾ ਸਿੰਘ ਬਰਮਿੰਘਮ (ਯੂ.ਕੇ.) ਦੇ ਵਾਸੀ ਹਨ ਅਤੇ ਯੂਰਪੀਅਨ ਪੰਜਾਬੀ ਸੱਥ ਦੇ ਸੰਚਾਲਕ ਵੀ ਹਨ। ਇਹਨਾਂ ਨੇ ਕਿਤਿਉਂ ਮੇਰਾ ਫ਼ੋਨ ਨੰਬਰ ਲਭ ਕੇ, ਦੋ ਚਾਰ ਵਾਰ ਮੈਨੂੰ ਰਿੰਗਿਆ। ਬਾਤਾਂ ਚੀਤਾਂ ਹੁੰਦੀਆਂ ਰਹੀਆਂ। ਮੇਰੀਆਂ ਲਿਖਤਾਂ ਦੀ ਪ੍ਰਸੰਸਾ ਕਰਦੇ ਰਹੇ। ਫਿਰ ਇਕ ਦਿਨ ਆਖਣ ਲੱਗੇ ਕਿ ਜੇਕਰ ਮੈਂ ਪ੍ਰਵਾਨ ਕਰਾਂ ਤਾਂ ਉਹ ਮੈਨੂੰ ਪੰਜਾਬੀ ਸੱਥ ਵੱਲੋਂ, ੨੦੦੮ ਦਾ ਸਾਹਿਤਕ ਸਨਮਾਨ ਦਿਵਾਉਣਾ ਚਾਹੁਣਗੇ। ਮੇਰਾ ਜਵਾਬ ਸੀ, 'ਬਾਬੇ ਦੀ ਦਾਲ਼ ਵਿਚ ਘਿਉ ਪੁੱਛ ਪੁੱਛ ਪਾਈਦਾ?" ਧੰਨਭਾਗ ਮੇਰੇ! "ਨਹ ਬਿਲੰਬ ਧਰਮੰ॥ ਬਿਲੰਬ ਪਾਪੰ॥" (ਗੁਰਬਾਣੀ)

ਥੋਹੜੇ ਦਿਨਾਂ ਪਿੱਛੋਂ ਮੈਨੂੰ ਪੰਜਾਬੀ ਸੱਥ ਲਾਂਬੜਾ ਦੇ ਸੰਚਾਲਕ, ਡਾ. ਨਿਰਮਲ ਸਿੰਘ ਲਾਂਬੜਾ ਵੱਲੋਂ ਚਿੱਠੀ ਪ੍ਰਾਪਤ ਹੋ ਗਈ ਜਿਸ ਵਿਚ ਲਿਖਿਆ ਗਿਆ ਸੀ ਕਿ ਮੈਨੂੰ ਪ੍ਰਿੰਸੀਪਲ ਤੇਜਾ ਸਿੰਘ ਸਾਹਿਤਕ ਸਨਮਾਨ ਦੇਣ ਦਾ, ਪੰਜਾਬੀ ਸੱਥ ਵੱਲੋਂ ਫੈਸਲਾ ਕੀਤਾ ਗਿਆ ਹੈ। ਇਹ ਸਨਮਾਨ ਸੱਥ ਦੇ ਨੁਮਾਇੰਦੇ, ਮੇਰੇ ਆਪਣੇ ਵੇਹੜੇ, ਸਿਡਨੀ ਵਿਖੇ ਆ ਕੇ ਹੀ ਦੇਣਗੇ। ਹੋਰ ਵੀ ਇਸ ਚਿੱਠੀ ਵਿਚ, ਮੇਰੀ ਹੌਸਲਾ ਅਫ਼ਜ਼ਾਈ ਵਾਸਤੇ, ਬਹੁਤ ਸਾਰੇ ਪ੍ਰਸੰਸਕ ਸ਼ਬਦ ਵਰਤੇ ਗਏ। ਇਹ ਵੀ ਲਿਖਿਆ ਗਿਆ ਕਿ ਕਦੀ ਮੇਰੀਆਂ ਲਿਖਤਾਂ ਵਿਚੋਂ ਰਸੂਲ ਹਮਜ਼ਾਤਵ ਝਾਕਦਾ ਹੈ ਤੇ ਕਦੇ ਪ੍ਰਿੰਸੀਪਲ ਤੇਜਾ ਸਿੰਘ ਝਾਤੀਆਂ ਮਾਰਦਾ ਹੈ। ਓਦੋਂ ਮੈਂ ਹਮਜ਼ਾਤਵ ਅਤੇ ਉਸ ਦੇ 'ਦਾਗ਼ਿਸਤਾਨ' ਦਾ ਨਾਂ ਤਾਂ ਸੁਣਿਆ ਹੋਇਆ ਸੀ ਪਰ ਉਸ ਦੀ ਕਿਸੇ ਲਿਖਤ ਦੇ ਦਰਸ਼ਨ ਨਹੀਂ ਸਨ ਕੀਤੇ। ਇਸ ਚਿੱਠੀ ਤੋਂ ਪ੍ਰਭਾਵਤ ਹੋ ਕੇ ਫਿਰ ਮੈਂ ਉਸ ਦੇ ਦਾਗ਼ਿਸਤਾਨ ਵਿਚਦੀ ਲੰਘਿਆ। ਪ੍ਰਿੰਸੀਪਲ ਤੇਜਾ ਸਿੰਘ ਦੀਆਂ ਲਿਖਤਾਂ ਤਾਂ ਕੁਝ ਬਹੁਤ ਸਮਾ ਪਹਿਲਾਂ ਪੜ੍ਹੀਆਂ ਸਨ ਤੇ ਉਸ ਦੀ 'ਆਰਸੀ' ਦੁਬਾਰਾ, ਆਪਣੀ ਭਣੇਵੀਂ ਦੇ ਮੁੜ ਮੁੜ ਜੋਰ ਦੇਣ ਤੇ ਫਿਰ ਪੜ੍ਹੀ। ਬਹੁਤ ਸਾਰੇ ਲੇਖਕਾਂ ਵਾਂਙ ਪ੍ਰਿੰਸੀਪਲ ਸਾਹਿਬ ਦੀਆਂ ਲਿਖਤਾਂ ਦਾ ਮੈਂ

ਪ੍ਰਸੰਸਕ ਹਾਂ, ਸਗੋਂ ਕੁਝ ਵਧੇਰੇ ਹੀ।

ਏਸੇ ਦੌਰਾਨ, ਯੂਰਪ ਦੇ ਕੁਝ ਮੁਲਕਾਂ ਦੀ ਯਾਤਰਾ ਸਮੇ, ਮੈਨੂੰ ਯੂਰਪੀ ਪੰਜਾਬੀ ਸੱਥ ਵੱਲੋਂ ਬਰਮਿੰਘਮ ਸੱਦਿਆ ਗਿਆ। ਓਥੇ ਸਾਹਿਤਕਾਰਾਂ ਦੇ ਇਕੱਠ ਵਿਚ ਮੇਰਾ ਸਨਮਾਨ ਕੀਤਾ ਗਿਆ ਤੇ ਸੱਥ ਦੀ ਯੂਰਪੀ ਇਕਾਈ ਵੱਲੋਂ, ਪ੍ਰੋ. ਪੂਰਨ ਸਿੰਘ ਐਵਾਰਡ ਨਾਲ ਨਿਵਾਜਿਆ ਗਿਆ। ਪ੍ਰਿੰਸੀਪਲ ਤੇਜਾ ਸਿੰਘ ਜੀ ਨਾਲ਼ ਆਪਣਾ ਨਾਂ ਜੁੜਦਾ ਜਾਣ ਕੇ ਤਾਂ ਮੈਨੂੰ ਕੁਤਕੁਤਕਾਰੀ ਜਿਹੀ ਵਰਗੀ ਖ਼ੁਸ਼ੀ ਮਹਿਸੂਸ ਹੋਵੇ ਪਰ ਕਿਥੇ ਪ੍ਰੋ. ਪੂਰਨ ਸਿੰਘ ਵਰਗਾ ਅਲਬੇਲਾ ਕਵੀ; ਕਵਿਤਾ ਦਾ ਵਗਦਾ ਦਰਿਆ ਤੇ ਕਿਥੇ ਵਿਚਾਰਾ ਸੰਤੋਖ ਸਿੰਘ; ਜਿਸ ਉਪਰ ਕਵਿਤਾ ਨਾਂ ਦੀ ਸ਼ੈ ਬਾਰੇ, ''ਕਾਲ਼ਾ ਅੱਖਰ ਭੈਂਸ ਬਰਾਬਰ।'' ਵਾਲੀ ਅਖੌਤ ਢੁਕੇ! ਪਰ 'ਕੁਝ ਮਿਲ਼ਦਾ' ਵੇਖ ਕੇ ਮੈਂ ਚੁੱਪ ਹੀ ਰਿਹਾ। ਵੈਸੇ ਵੀ 'ਚੁੱਪ' ਨੂੰ ਮੂਰਖਾਂ ਦਾ ਗਹਿਣਾ ਆਖ ਕੇ, ਸਿਆਣਿਆਂ ਵੱਲੋਂ ਵਡਿਆਇਆ ਗਿਆ ਹੈ।

ਫਿਰ ਉਹ ਸਮਾ ਵੀ ਆ ਗਿਆ ਜਦੋਂ ਸ. ਮੋਤਾ ਸਿੰਘ ਸਰਾਇ, ਆਪਣੇ ਸਾਥੀ ਜੁਝਾਰੂ ਕਵੀ, ਸ. ਹਰਜਿੰਦਰ ਸਿੰਘ ਸੰਧੂ ਨਾਲ ਸਿਡਨੀ ਵਿਚ ਆਏ ਤੇ ਇਕ ਵਿਸ਼ਾਲ ਸਮਾਰੋਹ ਵਿਚ ਮੈਨੂੰ ਗੋਲਡ ਮੈਡਲ, ਸ਼ਾਲ, ਸਿਰੋਪਾ ਅਤੇ ਪੰਜਾਬੀ ਸੱਥ ਦੀ 'ਆਸਟ੍ਰੇਲੇਸ਼ੀਅਨ ਇਕਾਈ' ਦੀ ਸਰਪ੍ਰਸਤੀ ਵਾਲ਼ਾ ਪੱਤਰ ਪ੍ਰਦਾਨ ਕਰਕੇ ਗਏ।

ਇਸ ਸਮੇ ਮੇਰੀਆਂ ਆਪਣੀਆਂ ਸੱਤ ਕਿਤਾਬਾਂ ਛਪ ਚੁੱਕੀਆਂ ਹਨ। ਸ. ਹਰਭਜਨ ਸਿੰਘ ਵਕਤਾ ਵੱਲੋਂ ਮੇਰੇ ਪਾਠਕਾਂ ਦੇ ਮੇਰੀਆਂ ਲਿਖਤਾਂ ਬਾਰੇ ਵਿਚਾਰ ਇਕਤੱਰ ਕਰਕੇ ਵੀ ਕਿਤਾਬੀ ਰੂਪ ਵਿਚ ਛਾਪੇ ਜਾ ਚੁੱਕੇ ਹਨ। ਪਹਿਲੀ ਕਿਤਾਬ ਦੀ ਪੰਜਵੀਂ ਐਡੀਸ਼ਨ ਵੀ ਪਾਠਕਾਂ ਤੱਕ ਪਹੁੰਚ ਗਈ ਹੈ ਤੇ 'ਜੋ ਵੇਖਿਆ ਸੋ ਆਖਿਆ' ਦੀ ਦੂਜੀ ਐਡੀਸ਼ਨ ਵੀ ਸਮਾਪਤ ਹੋ ਗਈ ਹੈ। ਇਸ ਤੋਂ ਇਲਾਵਾ ਕਈ ਸੰਪਾਦਕ ਮੇਰੇ ਲੇਖ ਮੰਗ ਕੇ ਆਪਣੇ ਪਰਚਿਆਂ ਵਿਚ ਛਾਪਦੇ ਹਨ ਤੇ ਕਈ, ਇਕ ਪਰਚੇ ਤੋਂ ਸਿਧੇ ਹੀ ਲੈ ਕੇ ਆਪੋ ਆਪਣੇ ਪਰਚਿਆਂ ਵਿਚ ਛਾਪ ਕੇ, ਮੇਰੇ ਮਾਣ ਵਿਚ ਵਾਧਾ ਕਰਦੇ ਹੋਏ ਮੈਨੂੰ ਧੰਨਵਾਦੀ ਬਣਾਉਂਦੇ ਹਨ।

ਇਸ ਤੋਂ ਇਲਾਵਾ ਬਹੁਤ ਸਾਰੇ ਵਿਦਵਾਨਾਂ ਨੇ ਸਮੇ ਸਮੇ ਮੇਰੀਆਂ ਲਿਖਤਾਂ ਬਾਰੇ ਚੰਗਾ ਪ੍ਰਭਾਵ ਪਾਉਂਦੇ ਸੋਹਣੇ ਪ੍ਰਸੰਸਕ ਸ਼ਬਦਾਂ ਭਰਪੂਰ ਲੇਖ ਵੀ ਲਿਖੇ ਹਨ। ਸੰਸਾਰ ਭਰ ਵਿਚ ਪਸਰੇ ਪੰਜਾਬੀ ਭਾਈਚਾਰੇ ਦੇ ਪਾਠਕ ਮੇਰੇ ਲੇਖਾਂ ਨੂੰ ਉਤਸ਼ਾਹ ਸਹਿਤ ਪੜ੍ਹਦੇ ਹਨ।

# ਜਿਸ ਕਾ ਕਾਮ ਉਸੀ ਕੋ ਸਾਜੇ

ਇਹ ਵਾਕਿਆ ੧੯੫੬ ਜਾਂ ੫੭ ਦਾ ਹੈ। ਮੈਂ ਅੰਮ੍ਰਿਤਸਰੋਂ ਪਿੰਡ ਗਿਆ। ਉਸ ਸਮੇ ਫਲ੍ਹਿਆਂ ਨਾਲ਼ ਕਣਕ ਦੀ ਗਹਾਈ ਹੋ ਰਹੀ ਸੀ। ਅੱਜ ਵਾਂਙ ਮਸ਼ੀਨੀ ਖੇਤੀ ਦਾ ਯੁੱਗ ਅਜੇ ਆਰੰਭ ਨਹੀਂ ਸੀ ਹੋਇਆ। ਆਪਣੇ ਚਾਚਾ ਜੀ ਦੇ ਰੋਕਦਿਆਂ ਰੋਕਦਿਆਂ ਮੈਂ ਪਰਾਣੀ ਫੜੀ ਅਤੇ ਜੋਗ ਦੇ ਪਿੱਛੇ ਲੱਗ ਕੇ ਉਸ ਨੂੰ ਹਿੱਕਣ ਲੱਗ ਪਿਆ। ਚਾਚਾ ਜੀ ਬਥੇਰਾ ਰੋਕਦੇ ਰਹੇ ਤੇ ਆਖਦੇ ਰਹੇ, ''ਜਾਹ ਤੂਤ ਦੀ ਛਾਵੇਂ ਬਹਿ; ਇਹ ਕੰਮ ਤੇਰੇ ਤੋਂ ਨਹੀਂ ਹੋਣਾ।'' ਪਰ ਮੈਨੂੰ ਚਾ ਸੀ ਡੰਗਰ ਹਿੱਕਣ ਦਾ; ਮੈਂ ਨਾ ਰੁਕਿਆ। ਥੋਹੜੇ ਕੁ ਗੇੜੇ ਗਾਹ ਵਿਚ ਆਏ ਸੀ ਕਿ ਮੈਂ ਨਾੜ ਤੋਂ ਤਿਲਕ ਕੇ ਚਿੱਤੜਾਂ ਭਾਰ ਗਾਹ ਵਿਚ ਹੀ ਡਿਗ ਪਿਆ। ਮੈਨੂੰ ਡਿੱਗਿਆ ਵੇਖ, ਮੇਰੇ ਹਥੋਂ ਪਰਾਣੀ ਫੜਦਿਆਂ ਚਾਚਾ ਜੀ ਨੇ ਆਖਿਆ, "ਜਿਸ ਕਾ ਕਾਮ ਉਸੀ ਕੋ ਸਾਜੇ। ਔਰ ਕਰੇ ਤੋਂ ਢੂੰਗਾ ਭਾਜੇ।'' ਲਫ਼ਜ਼ 'ਠੇਂਗਾ' ਦੀ ਥਾਂ ਉਹਨਾਂ ਨੇ ਮੌਕੇ ਅਨੁਸਾਰ 'ਢੂੰਗਾ' ਵਰਤਿਆ।

ਕੁਝ ਸਾਲਾਂ ਦੀ ਗੱਲ ਹੈ ਕਿ ੮੦ਵਿਆਂ ਵਾਲ਼ੇ ਦਹਾਕੇ ਦੌਰਾਨ ਆਪਣੇ ਪਿਛਵਾੜੇ (ਬੈਕ ਯਾਰਡ) ਵਿਚ ਦੂਸਰਾ ਮਕਾਨ ਉਸਾਰਨ ਤੋਂ ਪਹਿਲਾਂ ਮੈਂ, ਵੇਹਲਾ ਹੋਣ ਕਰਕੇ, ਸਬਜੀ ਉਗਾਇਆ ਕਰਦਾ ਸਾਂ। ਕਿਸੇ ਸਿਆਣੇ ਦਾ ਕਥਨ ਵੀ ਹੈ, ''ਬੇਕਾਰ ਮਬਾਸ਼ ਕੁਛ ਕੀਆ ਕਰ। ਔਰ ਨਹੀਂ ਤੋਂ ਤੰਬੀ ਉਧੇੜ ਕੇ ਸੀਆ ਕਰ।'' ਇਸ ਲਈ ਮੈਂ ਵੀ ਵੇਹਲਾ ਬਹਿ ਕੇ ਮੱਖੀਆਂ ਮਾਰਨ ਨਾਲ਼ੋਂ ਮਿੱਟੀ ਨਾਲ਼ ਖੇਡਣ ਵਿਚ ਖ਼ੁਸ਼ੀ ਮਹਿਸੂਸ ਕਰਿਆ ਕਰਦਾ ਸਾਂ/ਹਾਂ। ਪਿਛਵਾੜੇ ਵਿਚ ਸਰ੍ਹੋਂ, ਪਾਲਕ, ਮੇਥੇ, ਮੇਥੀ, ਭੂਕਾਂ ਵਾਲ਼ੇ ਗੰਢੇ, ਮੈਣਾ ਆਦਿ ਵਾਹਵਾ ਨਿਕ ਸੁਕ ਜਿਹਾ ਉਗਿਆ ਹੋਇਆ ਸੀ। ਬੱਚੇ ਸਕੂਲੇ ਤੇ ਉਹਨਾਂ ਦੀ ਮਾਂ ਕੰਮ ਤੇ ਗਏ ਹੋਏ ਸਨ। ''ਘਰ ਵਾਲ਼ਾ ਕੋਈ ਘਰ ਨਹੀਂ ਸੀ ਤੇ ਮੈਨੂੰ ਕਿਸੇ ਦਾ ਡਰ ਨਹੀਂ ਸੀ।'' ਵੇਲ਼ਾ ਵੇਖ ਕੇ ਮੈਂ ਇਹ ਸਾਰਾ ਕੁਝ ਇਕੱਠਾ ਕੀਤਾ ਤੇ ਉਸ ਨੂੰ ਵੱਢ ਟੁੱਕ ਕੇ ਕੁੱਕਰ ਵਿਚ ਪਾ ਕੇ, ਬਿਜਲਈ ਚੁਲ੍ਹੇ ਉਪਰ ਧਰ ਦਿਤਾ। ਵਾਹਵਾ ਚਿਰ ਇਹ ਸਾਰਾ ਕੁਝ ਰਿਝਦਾ ਰਿਹਾ। ਮੈਂ ਰਸੋਈ ਵਿਚ ਹੀ ਸਾਂ ਕਿ ਇਕ ਦਮ ਬੰਬ ਚੱਲਣ ਵਾਂਙ ਖੜਾਕ ਹੋਇਆ ਤੇ ਸਾਰੀ ਰਸੋਈ, ਛੱਤ, ਫਰਸ਼, ਕੰਧਾਂ ਸਮੇਤ, ਹਰੇ ਸਾਗ ਦੇ ਛਿੜਕਾ ਨਾਲ਼ ਓਤ ਪੋਤ ਹੋ ਗਈ ਤੇ ਕੁੱਕਰ ਮੇਰੇ ਲਾਗੋਂ ਦੀ ਲੰਘ ਕੇ ਰਸੋਈ ਦੀ ਬਾਹਰਲੀ ਕੰਧ ਵਿਚ ਜਾ ਵੱਜਾ। ਕੁੱਕਰ ਨੇ ਫ਼ਾਈਬਰ ਤੋਂ ਬਣੀ ਕੰਧ ਦੇ ਅੰਦਰੂਨੀ ਭਾਗ ਵਿਚ ਮਘੋਰਾ ਕਰ ਦਿਤਾ ਤੇ ਢੱਕਣ ਉਸ ਦਾ ਦੂਜੇ ਪਾਸੇ ਸਿੰਕ ਵੱਲ ਯਾਤਰਾ ਕਰ ਗਿਆ। ਸ਼ਾਇਦ ਸਾਗ ਦਾ ਕੋਈ ਪੱਤਾ ਕੁੱਕਰ ਦੀ ਸੀਟੀ ਵਾਲ਼ੇ ਰਾਹ ਵਿਚ ਫਸ ਜਾਣ ਕਰਕੇ, ਸਿਟੀ ਬੋਲ ਨਾ ਸਕੀ ਤੇ ਕੁੱਕਰ ਗੁੱਸੇ ਵਿਚ ਆ ਕੇ ਆਪੇ ਤੋਂ ਬਾਹਰ ਹੋ ਗਿਆ ਤੇ ਉਸ ਨੇ ਇਹ 'ਭਾਣਾ' ਵਰਤਾ ਦਿਤਾ।

ਪਾਠਕ ਸੋਚਣ ਗੇ ਕਿ ਇਸ ਏਨੀ ਪੁਰਾਣੀ ਗੱਲ ਨੂੰ ਹੁਣ ਦੱਸਣ ਦੀ ਕੀ ਲੋੜ ਸੀ! ਗੱਲ ਇਉਂ ਹੋਈ ਕਿ ਕਲ੍ਹ ਸ਼ਾਮੀ ਏਥੇ ਐਡੀਲੇਡ ਵਿਚ ਇਹ ਵਾਕਿਆ ਮੈਂ ਆਪਣੇ ਅਜ਼ੀਜ਼, ਮਨਪ੍ਰੀਤ ਸਿੰਘ ਟਾਹਲਵੀ ਅਤੇ ਪੰਜਾਬੀ ਟ੍ਰਿਬਿਊਨ ਦੇ ਪੱਤਰ ਪ੍ਰੇਰਕ, ਤੇਜਸ਼ਦੀਪ ਸਿੰਘ ਅਜਨੌਦਾ ਨੂੰ ਸੁਣਾ ਬੈਠਾ ਤੇ ਇਹ ਸੁਣ ਕੇ ਮਨਪ੍ਰੀਤ ਸਿੰਘ ਬੋਲਿਆ, ''ਤਾਇਆ, ਜੇ ਕਿਤੇ ਤੂੰ ਕੁੱਕਰ ਦੀ ਮਾਰ ਵਿਚ ਆ ਜਾਂਦਾ ਤਾਂ ਤੇਰੀ ਆਤਮਾ ਨੂੰ ਤਾਂ ਰਾਮ ਗਣਾਂ ਜਾਂ ਜਮਦੂਤਾਂ ਨੇ ਪਤਾ ਨਹੀਂ ਕਿਧਰ ਲੈ ਜਾਣਾ ਸੀ ਪਰ ਤੇਰੀ ਲੋਥ ਦਾ ਸਸਕਾਰ ਕਰਨ ਜਦੋਂ ਲੋਕਾਂ ਨੇ ਤੈਨੂੰ ਲੈ ਕੇ ਸਮਸ਼ਾਨ ਘਾਟ ਵੱਲ ਜਾਣਾ ਸੀ ਤਾਂ ਉਸ ਕਾਰ ਦੇ ਪਿੱਛੇ ਜਾਣ ਵਾਲ਼ਿਆਂ ਵਿਚ ਬੰਦਿਆਂ ਨਾਲ਼ੋਂ ਬੰਦੀਆਂ ਵਧੇਰੇ ਹੋਣੀਆਂ ਸਨ। ਇਕ ਮਗਰੋਂ ਆਈ ਬੀਬੀ ਨੇ, ਜਿਹਾ ਕਿ ਆਮ ਰਿਵਾਜ਼ ਹੈ, ਹਮਦਰਦੀ ਵਜੋਂ ਤਾਈ ਪਾਸੋਂ ਪੁੱਛਣਾ ਸੀ, ''ਨੀ ਭੈਣੇ, ਕੀ ਹੋਇਆ?'' ਤਾਈ ਨੇ ਅੱਗੋਂ ਆਖਣਾ ਸੀ, ''ਨੀ ਭੈਣੇ ਕੀ ਦੱਸਾਂ, ਇਹ ਸਾਰੀ ਕੁੱਕਰ ਦੇਵਤੇ ਦੀ ਹੀ ਕਿਰਪਾ ਹੈ।'' ਤੇ ਫਿਰ ਸਾਰਾ ਬਿਰਤਾਂਤ ਬਿਆਨ ਕਰ ਦੇਣਾ ਸੀ। ਫਿਰ ਕੁਝ ਪਲ ਰੁਕ ਕੇ ਉਸ ਇਸਤਰੀ ਨੇ ਆਖਣਾ ਸੀ, ''ਭੈਣੇ, ਕੀ ਉਹ ਕੁੱਕਰ ਇਕ ਦੋ ਦਿਨਾਂ ਲਈ ਮੈਂ ਵੀ ਖੜ ਸਕਦੀ ਹਾਂ?'' ''ਉਸ ਲਾਈਨ ਵਿਚ ਲੱਗ ਜਾਹ। ਇਹ ਸਾਰੀਆਂ ਤੇਰੇ ਵਾਂਙ ਕੁੱਕਰ ਲੈਣ ਵਾਸਤੇ ਹੀ ਆਈਆਂ ਨੇ'', ਆਖ ਕੇ, ਤਾਈ ਨੇ ਜਵਾਬ ਦੇਣਾ ਸੀ।

# ਸੰਪਾਦਕ ਦੇ ਨਾਂ

ਸਭ ਤੋਂ ਪਹਿਲਾਂ ਤਾਂ ਦੋਵੇਂ ਹੱਥ ਜੋੜ ਕਰ ਚਰਨ ਬੰਦਨਾ ਸਵੀਕਾਰੋ ਜੀ। ਉਪ੍ਰੰਤ ਸਮਾਚਾਰ ਇਹ ਹੈ ਕਿ ਮੈਂ ਮਸ਼ਕੂਰ ਹਾਂ ਤੁਹਾਡਾ ਕਿ ਤੁਸੀਂ ਮੇਰੀਆਂ 'ਝੱਲ-ਵਲੱਲੀਆਂ' ਜਿਹੀਆਂ ਨੂੰ, ਲੇਖ ਸਮਝ ਕੇ, ਏਨੇ ਉਚ ਕੋਟੀ ਦੇ ਸਾਹਿਤਕ ਪੱਤਰ ਵਿਚ ਸਥਾਨ ਦੇ ਕੇ, ਮੈਨੂੰ ਵੀ 'ਪੰਜਾਂ ਸਵਾਰਾਂ' ਵਿਚ ਸ਼ਾਮਲ ਹੋਣ ਦਾ ਭਰਮ ਪਾਉਣ ਵਿਚ, ਕਿਸੇ ਹੱਦ ਤੱਕ ਸਫਲ ਹੋ ਰਹੇ ਹੋ।

ਇਸ ਵਾਰੀ ਦੇ ਪਰਚੇ ਦੇ ਤਤਕਰੇ ਵਿਚ ਜਦੋਂ ਮੈਂ ਆਪਣੀ ਪੁਰਾਣੀ ਫ਼ੋਟੋ ਸਮੇਤ, ਆਪਣੇ ਲੇਖ ਦਾ ਸਿਰਲੇਖ ਪੜ੍ਹਿਆ ਤਾਂ ਪਹਿਲਾਂ ਤਾਂ ਖ਼ੁਦ ਤੇ ਗੁੱਸਾ ਆਇਆ ਕਿ ਮੈਂ ਅਧਕ ਦੇ ਦੁਰਉਪਯੋਗ ਬਾਰੇ ਹਮੇਸ਼ਾਂ ਦੂਸਰਿਆਂ ਨੂੰ ਟੋਕਦਾ ਰਹਿੰਦਾ ਹਾਂ ਤੇ ਖ਼ੁਦ ਮੈਂ 'ਸਾਜੇ' ਦਾ ਕੰਨਾ ਕੱਟ ਕੇ ਤੇ ਉਸ ਉਪਰ ਬੇਲੋੜਾ ਅਧਕ ਜੜ ਕੇ, ਆਪਣੀ ਸੂਝ ਦਾ ਦੀਵਾਲਾ ਕਿਉਂ ਕਢਿਆ! ਇਹ ਤਾਂ ਇਉਂ ਹੀ ਹੋਇਆ:

ਔਰੋਂ ਕੋ ਨਸੀਹਤ।

ਖ਼ੁਦ ਮੀਆਂ ਫ਼ਜ਼ੀਹਤ।

ਸੱਚ ਜਾਣੋ ਕਿ ਪਹਿਲਾਂ ਤਾਂ ਮੈਨੂੰ ਖ਼ੁਦ ਤੇ ਗੁੱਸਾ ਆਇਆ ਤੇ ਫਿਰ ਸਮਝ ਵਿਚ ਆਇਆ ਕਿ ਇਹ ਤਬਦੀਲੀ ਮੇਰੀ 'ਸਮਝ' ਦਾ ਚਮਤਕਾਰ ਨਹੀਂ ਬਲਕਿ ਇਹ ਸੰਪਾਦਕ ਨੇ ਮੇਰੀ ਗ਼ਲਤੀ ਸਮਝ ਕੇ, ਉਸ ਵਿਚ 'ਸੁਧਾਰ' ਕੀਤਾ ਹੈ। ਫਿਰ ਹੌਲ਼ੀ ਹੌਲ਼ੀ ਇਹ ਵੀ ਸਮਝ ਵਿਚ ਆਉਣਾ ਸ਼ੁਰੂ ਹੋ ਗਿਆ ਕਿ ਸ਼ਾਇਦ ਸੰਪਾਦਕ ਏਨਾ ਗ਼ਲਤ ਨਾ ਹੋਵੇ ਤੇ ਉਸ ਨੇ ਮੇਰੇ ਹਿੰਦੀ ਉਚਾਰਣ 'ਸਾਜੇ' ਨੂੰ ਗ਼ਲਤ ਸਮਝ ਕੇ, ਇਸ ਦਾ ਪੰਜਾਬੀਕਰਣ ਕਰਕੇ, ਇਸ ਨੂੰ 'ਸਜੇ' ਬਣਾਉਣ ਦਾ ਉਦਮ ਕੀਤਾ ਹੋਵੇ! ਪਰ ਇਸ ਦੇ ਬਾਵਜੂਦ ਵੀ ਮੈਨੂੰ 'ਸਜੇ' ਉਪਰ ਅਧਕ ਲਾ ਕੇ ਉਸ ਦਾ 'ਸੱਜੇ' ਬਣਾਉਣਾ ਕਿਸੇ ਤਰ੍ਹਾਂ ਵੀ ਨਹੀਂ ਜਚਿਆ। 'ਸਜੇ' ਤਾਂ ਸਜਣ (ਸੱਜਣ ਨਹੀਂ) ਨਾਲ਼ ਸਬੰਧ ਰੱਖਦਾ ਹੈ, ਜੋ ਕਿ ਇਸ ਅਰਥ ਵਿਚ ਹੀ ਏਥੇ ਵਰਤਿਆ ਗਿਆ ਹੈ ਤੇ 'ਸੱਜੇ', 'ਖੱਬੇ' ਦਾ ਉਲ਼ਟ ਹੈ। ਲੋਕੋਕਤੀ ਤਾਂ ਬਚਪਨ ਤੋਂ ਇਉਂ ਹੀ ਸੁਣਦਾ ਆ ਰਿਹਾ ਹਾਂ:

ਜਿਸ ਕਾ ਕਾਮ ਉਸੀ ਕੋ ਸਾਜੇ।

ਔਰ ਕਰੇ ਤੋਂ ਠੇਂਗਾ ਬਾਜੇ।

ਤੇ ਮੈਂ ਓਸੇ ਤਰ੍ਹਾਂ ਹੀ, ਬਿਨਾ ਬੋਲੀ ਅਤੇ ਉਸ ਦੇ ਵਿਆਕਰਣ ਵਿਚਾਰਨ ਦੇ, ਲਿਖ ਦਿਤੀ। ਇਸ ਵਿਚ ਸਿਰਫ ਚਾਚਾ ਜੀ ਦੇ 'ਠੇਂਗਾ' ਨੂੰ ਸਮੇ ਅਨੁਸਾਰ 'ਢੂੰਗਾ' ਵਿਚ ਬਦਲ ਦੇਣ ਵਾਲਾ ਨੁਕਤਾ ਹੀ ਵੱਖਰਾ ਰੱਖਿਆ ਸੀ, ਬਾਕੀ ਦਾ ਸਾਰਾ ਕੁਝ ਜਿਉਂ ਦਾ ਤਿਉਂ ਹੀ ਲਿਖਿਆ ਸੀ।

ਇਹ ਕੁਝ ਕੇਵਲ ਇਸ ਪਰਚੇ ਦੇ ਪਰੂਫ਼ ਰੀਡਰ ਨੇ ਹੀ ਨਹੀਂ ਮੇਰੇ ਨਾਲ ਕੀਤਾ ਬਲਕਿ ਬਹੁਸੰਮਤੀ ਪੱਤਰਾਂ ਅਤੇ ਪ੍ਰਕਾਸ਼ਕਾਂ ਦੇ ਪਰੂਫ਼ ਰੀਡਰ ਮੇਰੇ ਨਾਲ਼ ਅਜਿਹੀ 'ਟਿੱਚਰ' ਕਰਦੇ ਹੀ ਰਹਿੰਦੇ ਹਨ। ਖ਼ੁਦ ਅੰਮ੍ਰਿਤਸਰ ਜਾ ਕੇ, ਕੋਲ਼ ਖਲੋ ਕੇ ਬਾਵਜੂਦ ਸਾਰਾ ਯਤਨ ਕਰਨ ਦੇ ਵੀ ਮੈਂ ਆਪਣੀਆਂ ਕਿਤਾਬਾਂ ਦੇ ਸ਼ਬਦ ਜੋੜ, ਆਪਣੀ ਤਸੱਲੀ ਅਨੁਸਾਰ 'ਠੀਕ' ਨਹੀਂ ਰਖਵਾ ਸਕਦਾ। ਇਸ ਦੇ ਉਲ਼ਟ ਮੇਰੀਆਂ ਕਿਤਾਬਾਂ ਵਿਚ ਦੂਜੇ ਲੇਖਕਾਂ ਦੀਆਂ ਕਿਤਾਬਾਂ ਨਾਲ਼ੋਂ ਵਧੇਰੇ ਗ਼ਲਤੀਆਂ ਰਹਿ ਜਾਂਦੀਆਂ ਹਨ। ਕਾਰਨ ਇਸ ਦਾ ਇਹ ਹੁੰਦਾ ਹੈ ਕਿ ਜੋ ਟਾਈਪ ਕਰਦਿਆਂ ਮੇਰੇ ਕੋਲ਼ੋਂ ਗ਼ਲਤੀਆਂ ਰਹਿ ਜਾਂਦੀਆਂ ਨੇ, ਉਹ ਤਾਂ ਪਰੂਫ਼ ਰੀਡਰ ਸੋਧਦੇ ਨਹੀਂ ਪਰ ਜੋ ਮੈਂ ਸ਼ਬਦ ਜੋੜਾਂ ਨੂੰ ਸਹੀ ਸਮਝ ਕੇ, ਟਾਈਪਦਾ ਅਤੇ ਉਹਨਾਂ ਉਪਰ ਜੋਰ ਦਿੰਦਾ ਹਾਂ, ਉਹਨਾਂ ਨੂੰ ਉਹ ਆਪਣੀ ਸਮਝ ਅਨੁਸਾਰ ਸੋਧ ਕੇ, ਆਪਣੀ ਸਮਝ ਅਨੁਸਾਰ ਸਹੀ, ਪਰ ਮੇਰੀ ਸਮਝ ਅਨੁਸਾਰ ਗ਼ਲਤ ਕਰ ਦਿੰਦੇ ਹਨ। ਇਸ ਤਰ੍ਹਾਂ ਦੂਜਿਆਂ ਨਾਲ਼ੋਂ ਮੇਰੀ ਕਿਤਾਬ ਵਿਚ ਵਧੇਰੇ ਗ਼ਲਤੀਆਂ ਰਹਿ ਜਾਂਦੀਆਂ ਹਨ। ਇਸ ਗੱਲੋਂ ਡਰਦਾ ਮੈਂ ਆਪਣੀ ਛਪੀ ਕਿਤਾਬ ਨੂੰ ਖੋਹਲ ਕੇ ਵੇਖਣ ਤੋਂ ਵੀ ਝਕਦਾ ਹਾਂ ਕਿ ਉਸ ਵਿਚ ਗ਼ਲਤੀਆਂ ਹੋਣੀਆਂ ਨੇ ਅਤੇ ਉਹਨਾਂ ਗ਼ਲਤੀਆਂ ਨੂੰ ਵੇਖ ਕੇ ਮੈਨੂੰ ਗੁੱਸਾ ਆਉਣਾ ਹੈ।

ਮਿਸਾਲ ਵਜੋਂ ਕੁਝ ਕੁ ਉਹਨਾਂ ਸ਼ਬਦਾਂ ਦਾ ਏਥੇ ਜ਼ਿਕਰ ਕਰਨਾ ਸ਼ਾਇਦ ਕੁਥਾਂ ਨਹੀਂ ਹੋਵੇਗਾ ਜੋ ਮੇਰੇ ਵਾਰ ਵਾਰ ਜੋਰ ਦੇਣ ਤੇ ਵੀ ਪ੍ਰਕਾਸ਼ਕਾਂ ਦੇ ਪਰੂਫ਼ ਰੀਡਰ ਉਚੇਚੀ ਖੇਚਲ ਕਰ ਕੇ ਬਦਲ ਦਿੰਦੇ ਹਨ:

ਪਹਿਲੀ ਤਾਂ ਗੱਲ ਇਹ ਹੈ ਕਿ ਮੈਂ ਵਿਸ਼ਰਾਮ ਚਿੰਨ੍ਹ ਲਾਉਣ ਤੋਂ ਪਹਿਲਾਂ ਸ਼ਬਦ ਅਤੇ ਚਿੰਨ੍ਹ ਵਿਚ ਸਪੇਸ ਨਹੀਂ ਛੱਡਦਾ ਪਰ ਹਰੇਕ ਵਿਸ਼ਰਾਮ ਚਿੰਨ੍ਹ ਦੇ ਪਿਛੋਂ ਇਕ ਸਪੇਸ ਜਰੂਰ ਛੱਡਦਾ ਹਾਂ ਪਰ ਕਈ ਵਾਰੀਂ ਮੇਰੀ ਛਪੀ ਕਿਤਾਬ ਦੇ ਵਿਚੋਂ ਇਹ ਗੁੰਮ ਹੁੰਦੀ ਹੈ। ਮੇਰੇ ਵੱਲੋਂ ਮੈਰਾ (ਟਿੱਬਾ) ਲਿਖੇ ਨੂੰ, ਗ਼ਲਤ ਸਮਝ ਕੇ, ਮੇਰਾ ਬਣਾ ਧਰਦੇ ਨੇ। ਮੈਂ ਯੂ.ਐਨ. ਲਿਖਦਾ ਹਾਂ ਤੇ ਉਹ ਯੂ.ਐਨ.ਓ. ਬਣਾ ਦਿੰਦੇ ਨੇ। ਉਹ ਸਮਝਦੇ ਨੇ ਕਿ ਮੈਂ ਓ. ਪਾਉਣਾ ਭੁੱਲ ਗਿਆ ਹਾਂ। ਉਹਨਾਂ ਨੂੰ ਇਸ ਗੱਲ ਦਾ ਪਤਾ ਨਹੀਂ ਕਿ ਯੂ.ਐਨ. ਨੇ ਚਾਰ ਪੰਜ ਦਹਾਕੇ ਪਹਿਲਾਂ, ਉਚੇਚਾ ਮਤਾ ਪਾਸ ਕਰਕੇ, ਆਪਣੇ ਨਾਂ ਨਾਲ਼ੋਂ ਓ. ਨੂੰ ਹਟਾ ਕੇ, ਯੂ.ਐਨ. ਬਣਾ ਲਿਆ ਹੋਇਆ ਹੈ। ਛਨਿਛਰਵਾਰ ਨੂੰ ਸ਼ਨਿੱਚਰਵਾਰ ਬਣਾ ਲੈਂਦੇ ਨੇ। ਕੁਝ ਦਾ ਕੁੱਝ ਤੇ ਸਭ ਦਾ ਸੱਭ ਬਣਾ ਲੈਂਦੇ ਨੇ। ਮੇਰੇ ਵੱਲੋਂ ਲਿਖੇ ਬੁੱਲਾ ਵਾਲ਼ੇ ਲੱਲੇ ਦੇ ਪੈਰਾਂ ਵਿਚ ੍ਹ ਲਾ ਕੇ ਬੁਲ੍ਹਾ ਤੇ ਏਸੇ ਤਰ੍ਹਾਂ ਬੁੱਲੇ ਨੂੰ ਬੁੱਲ੍ਹੇ ਵਿਚ ਬਦਲ ਦਿੰਦੇ ਨੇ। ਉਹਨਾਂ ਨੂੰ ਇਸ ਗੱਲ ਦੀ ਸਮਝ ਨਹੀਂ ਕਿ ਲੱਲੇ ਦੇ ਪੈਰ ਵਾਲ਼ਾ ਹਾਹਾ ਇਸ ਦਾ ਅਰਥ ਬਦਲ ਦਿੰਦਾ ਹੈ।

'ਬੁੱਲਾ' ਹਵਾ ਦਾ ਝੋਂਕਾ ਹੁੰਦਾ ਹੈ ਤੇ 'ਬੁੱਲ੍ਹਾ' ਇਕ ਵੀਹਵੀਂ ਸਦੀ ਦਾ ਸੂਫ਼ੀ ਫ਼ਕੀਰ ਹੋਇਆ ਹੈ। ਮੇਰੇ ਵੱਲੋਂ ਲਿਖੇ ਆਸਟ੍ਰੇਲੀਆ ਨੂੰ ਅਸਟਰੇਲੀਆ ਬਣਾ ਦਿੰਦੇ ਨੇ। ਚੰਗੇ ਭਲੇ ਪਰਵਾਰ ਲਿਖੇ ਦੇ ਵਿਚਕਾਰਲੇ ਰ ਨੂੰ ਬੇਲੋੜੀ ਸਿਹਾਰੀ ਲਾ ਕੇ, ਪਰਿਵਾਰ ਕਰ ਦਿੰਦੇ ਹਨ। ਸੰਪਾਦਕ ਦਾ ਸੰਪਾਦਿਕ, ਹਾਸਲ ਦਾ ਹਾਸਿਲ, ਜ਼ਾਲਮ ਦਾ ਜ਼ਾਲਿਮ, ਨਿਰਧਾਰਤ ਦਾ ਨਿਰਧਾਰਿਤ, ਕਾਲਜ ਦਾ ਕਾਲਜ਼, ਹਾਸਰਸੀ ਦਾ ਕਾਂਗਰਸੀ, ਪਤਾ ਨਹੀਂ ਕਿਉਂ ਬਣਾ ਧਰਦੇ ਨੇ! ਮੇਰੇ ਲਿਖੇ 'ਗ੍ਰਿਹ' ਨੂੰ 'ਗ੍ਰਹਿ' ਦੇ ਰੂਪ ਵਿਚ, ਇਹ ਵਿਚਾਰੇ ਬਿਨਾ ਹੀ ਬਦਲ ਦਿੰਦੇ ਹਨ ਕਿ ਘਰ ਦੇ ਅਰਥਾਂ ਵਿਚ ਇਹ ਸ਼ਬਦ 'ਗ੍ਰਿਹ' ਹੁੰਦਾ ਹੈ ਅਤੇ 'ਗ੍ਰਹਿ' ਆਕਾਸ਼ ਵਿਚ ਵਿਚਰਨ ਵਾਲ਼ੀ ਕਿਸੇ ਸ਼ੈ, ਸ਼ਾਇਦ ਨਛੱਤਰ ਨੂੰ ਆਖਦੇ ਹਨ। ਤਹਿ ਨੂੰ ਤੈਅ, ਸ਼ੈ ਨੂੰ ਸ਼ੈਅ ਚਾ ਨੂੰ ਚਾਅ, ਨਾਂ ਨੂੰ ਨਾਂਅ ਬਣਾ ਕੇ, ਪੰਜਾਬੀ ਦੇ ਸੌਖੇ ਤੇ ਸਦੀਆਂ ਤੋਂ ਚਲੇ ਆ ਰਹੇ ਸ਼ਬਦ ਜੋੜਾਂ ਵਿਚ ਹੋਰ 'ਘੀਚਮਚੋਲ਼ਾ' ਜਿਹਾ ਪਾ ਕੇ, 'ਗੜਬੜ ਚੌਥ' ਜਿਹੀ ਵਧਾਉਣ ਵਿਚ ਵਾਧਾ ਕਰਦੇ ਹਨ। ਏਥੇ ਨੂੰ ਇੱਥੇ, ਓਥੇ ਨੂੰ ਉੱਥੇ, ਏਧਰ ਨੂੰ ਇੱਧਰ, ਓਧਰ ਨੂੰ ਉੱਧਰ, ਮੈਨੂੰ ਗ਼ਲਤ ਸਮਝ ਕੇ ਬਦਲ ਧਰਦੇ ਹਨ। ਇਕ ਹੋਰ ਵੀ ਮੇਰੀ ਲਿਖਤ ਵਿਚ ਖਾਸ ਸੁਧਾਈ ਇਹ ਕੀਤੀ ਜਾਂਦੀ ਹੈ ਕਿ ਮੇਰੇ ਲਿਖੇ ਸ਼ਬਦ 'ਮਾਰਮਿਕ' ਦਾ 'ਮ' ਲਾਹ ਕੇ, ਉਸ ਦੇ ਥਾਂ ਤੇ 'ਧ', ਇਹ ਸੋਚ ਕੇ ਪਾ ਦਿਤਾ ਜਾਂਦਾ ਹੈ ਕਿ ਮੈਂ ਸ਼ਾਇਦ 'ਧਾਰਮਿਕ' ਲਿਖਣਾ ਚਾਹੁੰਦਾ ਸਾਂ ਪਰ ਗ਼ਲਤੀ ਨਾਲ਼ ਉਸ ਦੀ ਥਾਂ 'ਮਾਰਮਿਕ' ਲਿਖ ਗਿਆ ਹਾਂ।

ਏਨੀਆਂ ਕੁ ਬਦਲੀਆਂ ਦਾ ਤਾਂ ਮੈਨੂੰ ਪਤਾ ਲੱਗ ਗਿਆ ਹੈ; ਇਹਨਾਂ ਤੋਂ ਇਲਾਵਾ ਹੋਰ ਪਤਾ ਨਹੀਂ ਕੀ ਕੀ 'ਸੋਧਾਂ', ਮੇਰੇ ਸ਼ਬਦ ਜੋੜਾਂ ਵਿਚ, ਇਹ 'ਬਿੱਦਬਾਨ' ਪਰੂਫ਼ ਰੀਡਰ ਕਰ ਦਿੰਦੇ ਹੋਣਗੇ! ਇਹ ਸੋਧਾਂ ਤਾਂ ਕੁਝ ਨਮੂਨੇ ਵਜੋਂ ਹੀ ਏਥੇ ਦੱਸੀਆਂ ਹਨ।

ਆਸ ਹੈ ਤੁਸੀਂ ਇਹਨਾਂ ਸ਼ਬਦਾਂ ਨੂੰ 'ਅੱਲ-ਵਲੱਲੀਆਂ' ਹੀ ਸਮਝੋਗੇ ਤੇ ਨਾਰਾਜ਼ਗੀ ਪ੍ਰਗਟਾਉਣ ਤੋਂ ਗੁਰੇਜ਼ ਕਰੋਗੇ।

ਮੇਰੀ ਇਸ ਚਿੱਠੀ ਦਾ ਸੰਪਾਦਕ ਵੱਲੋਂ ਜਵਾਬ:
ਗੁਰਮੁਖ ਪਿਆਰੇ ਜੀਓ

ਮੈਂ ਆਪ ਜੀ ਨੂੰ ਆਪ ਜੀ ਵੱਲੋਂ ਲਿਖੀ ਉਤਲੀ ਏਸੇ ਲਿਖਤ ਵਿਚੋਂ ਕੁਝ ਸ਼ਬਦ-ਜੋੜ ਲਿਖ ਕੇ ਭੇਜ ਰਿਹਾ ਹਾਂ। ਕੀ ਦੱਸਣ ਦੀ ਖੇਚਲ ਕਰੋਗੇ ਕਿ ਇਹ ਸ਼ਬਦ-ਜੋੜ ਤੁਸੀਂ ਇੰਜ ਹੀ ਲਿਖਦੇ ਓ ਕਿ ਕਿਸੇ ਸੰਪਾਦਕ ਨੇ ਬਦਲ ਦਿਤੇ ਨੇ? ਜੇ ਗੱਲ ਗੇੜ ਵਿਚ ਆ ਜਾਵੇ ਤਾਂ ਮੈਨੂੰ ਦੱਸਣ ਦੀ ਖੇਚਲ ਕਰਨਾ ਜੀ। ਪੜ੍ਹਿਆ, 'ਅਲੱ-ਵਲੱਲੀਆਂ', ਪ੍ਰਟਾਉਣ, 'ਗ੍ਰਿਹ', 'ਬੁਲ੍ਹਾ', ਤਰ੍ਹਾਂ, ਖੋਹਲ, ਚਿੰਨ੍ਹ।

ਉਪ੍ਰੋਕਤ ਪੱਤਰ ਦਾ ਮੇਰੇ ਵੱਲੋਂ ਉਤਰ:

ਕਿਉਂ ਨਾ ਮੈਂ ਖ਼ੁਦ ਦੀ ਕੰਡ 'ਤੇ ਖ਼ੁਦ ਹੀ ਥਾਪੀ ਦੇ ਲਵਾਂ ਕਿ ਮੇਰੀ ਲਿਖਤ ਨੂੰ ਏਨੇ ਵਿਦਵਾਨ ਤੇ ਉਹ ਵੀ ਇਕ ਨਹੀਂ, ਦੋ ਨਹੀਂ ਬਲਕਿ ਤਿੰਨ ਤਿੰਨ, ਤੇ ਉਹ ਵੀ ਏਨੇ ਧਿਆਨ ਨਾਲ, ਨਾ ਕੇਵਲ ਪੜ੍ਹਦੇ ਹੀ ਹਨ ਬਲਕਿ ਗ਼ਲਤੀਆਂ ਵੀ ਕਢਦੇ ਨੇ ਤੇ ਸੁਝਾ ਵੀ ਦਿੰਦੇ ਨੇ।

ਪਿਆਰੇ ਡਾਕਟਰ ਸਾਹਿਬ ਜੀਓ, ਮੈਂ ਤੁਹਾਡਾ ਬਹੁਤ ਹੀ ਸ਼ੁਕਰ ਗੁਜ਼ਾਰ ਹਾਂ ਕਿ ਤੁਸੀਂ ਮੇਰੇ ਇਸ ਲੇਖ ਨੂੰ ਏਨੇ ਧਿਆਨ ਨਾਲ਼ ਪੜ੍ਹਿਆ ਅਤੇ ਉਸ ਵਿਚੋਂ ਗ਼ਲਤੀਆਂ ਕਢ ਕੇ, ਮੈਨੂੰ ਹੋਰ ਸੁਧਾਰ ਕਰਨ ਲਈ ਪ੍ਰੇਰਤ ਕੀਤਾ ਹੈ। ਉਹ ਦੋਵੇਂ ਗ਼ਲਤੀਆਂ ਮੈਂ ਦਰੁਸਤ ਕਰ ਲਈਆਂ ਹਨ। ਇਸ ਗੱਲ ਨੂੰ ਏਥੇ ਦੁਹਰਾਉਣ ਦੀ ਲੋੜ ਨਹੀਂ ਕਿ ਮੈਂ ਤੁਹਾਡੀ ਕਲਮੀ ਅਤੇ ਸਟੇਜੀ ਯੋਗਤਾ ਦਾ ਕਿੰਨਾ ਕੁ ਕਾਇਲ ਹਾਂ। ਤੁਹਾਡੇ ਵਿਚਾਰਾਂ ਨਾਲ ਭਾਵੇਂ ਪੂਰੀ ਤਰ੍ਹਾਂ ਮੈਂ ਸਹਿਮਤ ਨਾ ਵੀ ਹੋ ਸਕਾਂ ਪਰ ਤੁਹਾਡੀ ਲਿਖਤ ਪੜ੍ਹ ਕੇ ਅਤੇ ਤੁਹਾਡਾ ਭਾਸ਼ਨ ਸੁਣ ਕੇ ਜੋ ਪ੍ਰਭਾਵ ਮੈਂ ਕਬੂਲਦਾ ਹਾਂ, ਉਸ ਨੂੰ ਅੱਖਰਾਂ ਵਿਚ ਬਿਆਨ ਕਰਨਾ ਮੇਰੇ ਲਈ ਕੁਝ ਮੁਸ਼ਕਲ ਜਿਹਾ ਲੱਗਦਾ ਹੈ। ਕਾਸ਼! ਮੇਰੇ ਵਿਚ ਵੀ ਅਜਿਹੀ ਯੋਗਤਾ ਹੁੰਦੀ!

ਹਾਂ ਜੀ, 'ਅੱਲ-ਵਲੱਲੀਆਂ' ਸ਼ਬਦ ਮੈਨੂੰ ਇਸ ਤਰ੍ਹਾਂ ਹੀ ਲਿਖਣਾ ਚਾਹੀਦਾ ਸੀ ਪਰ ਇਹ ਮੇਰੀ ਗ਼ਲਤੀ ਹੈ ਕਿ ਸ਼ਾਇਦ ਅ ਉਪਰ ਪੈਣ ਵਾਲ਼ਾ ਅਧਕ ਮੇਰੇ ਪਾਸੋਂ, ਗ਼ਲਤ ਤੌਰ ਤੇ ਲ ਉਪਰ ਪੈ ਗਿਆ ਹੈ।

ਦੂਜੀ ਗ਼ਲਤੀ ਮੇਰੀ ਇਹ ਹੈ ਕਿ ਮੈਨੂੰ ਸ਼ਬਦ 'ਪ੍ਰਗਟਾਉਣ' ਲਿਖਣਾ ਚਾਹੀਦਾ ਸੀ ਪਰ ਇਸ ਵਿਚਲਾ ਗ ਮੇਰੀ ਗ਼ਲਤੀ ਨਾਲ ਟਾਈਪ ਕਰਨ ਸਮੇ ਰਹਿ ਗਿਆ ਹੈ। ਇਹਨਾਂ ਦੋਹਾਂ ਸੁਧਾਰਾਂ ਲਈ ਮੈਂ ਧੰਨਵਾਦੀ ਹਾਂ ਜਿਵੇਂ ਕਿ ਪਹਿਲਾਂ ਕੁਝ ਥਾਵਾਂ ਤੇ ਤੁਹਾਡੇ ਵੱਲੋਂ ਮੇਰੀ ਸਮੇ ਸਮੇ ਕੀਤੀ ਗਈ ਅਗਵਾਈ ਕਾਰਨ ਧੰਨਵਾਦੀ ਹਾਂ।

ਬਾਕੀ ਤੁਹਾਡੇ ਵੱਲੋਂ, "'ਗ੍ਰਿਹ' ਨੂੰ 'ਗ੍ਰਹਿ','ਬੁਲ੍ਹਾ', ਤਰ੍ਹਾਂ, ਖੋਹਲ, ਚਿੰਨ੍ਹ, ਤਰ੍ਹਾਂ, ਸ਼ਬਦਾਂ ਬਾਰੇ ਕੀਤੀ ਗਈ ਪੁੱਛ ਦਾ ਉਤਰ ਏਹੀ ਮੇਰੀ ਸਮਝ ਵਿਚ ਆਉਂਦਾ ਹੈ ਕਿ ਮੈਂ ਘਰ ਦੇ ਅਰਥ ਵਾਸਤੇ ਹਿੰਦੀ ਦਾ ਸ਼ਬਦ ਲਿਖਣਾ ਹੋਵੇ ਤਾਂ 'ਗ੍ਰਿਹ' ਹੀ ਠੀਕ ਸਮਝ ਕੇ ਲਿਖਦਾ ਹਾਂ, 'ਗ੍ਰਹਿ' ਨਹੀਂ। ਦੂਜੇ ਅਰਥਾਂ ਵਿਚ 'ਗ੍ਰਹਿ' ਲਿਖਦਾ ਹਾਂ ਜੀ। ਜੇਕਰ 'ਬੁੱਲਾ' ਹਵਾ ਦਾ ਹੋਵੇ ਤਾਂ ਬਿਨਾ ੍ਹ ਦੇ ਲ਼ਿਖਦਾ ਹਾਂ ਤੇ ਜੇਕਰ ਸੂਫ਼ੀ ਫ਼ਕੀਰ ਸਾਈਂ ਬੁੱਲ੍ਹੇ ਸ਼ਾਹ ਦਾ ਜ਼ਿਕਰ ਕਰਨਾ ਹੋਵੇ ਤਾਂ ਫਿਰ ਲ ਦੇ ਪੈਰ ਵਿਚ ੍ਹ ਜ਼ਰੂਰ ਪਾਉਂਦਾ ਹਾਂ ਜੀ।

ਇਸ ਗੱਲ ਦਾ ਮੈਨੂੰ ਅਹਿਸਾਸ ਹੈ ਕਿ ਬਹੁਸੰਮਤੀ ਲੇਖਕ 'ਖੋਹਲ' ਨੂੰ 'ਖੋਲ੍ਹ' ਲਿਖਦੇ ਹਨ ਪਰ ਕੁਝ ਕਾਰਨਾਂ ਕਰਕੇ ਮੈਂ 'ਖੋਹਲ' ਲਿਖਣਾ ਠੀਕ ਸਮਝਦਾ ਹਾਂ। ਇਸ ਬਾਰੇ ਮੈਂ ਆਪਣੇ ਵਿਚਾਰ 'ਪੈਰ ਵਾਲ਼ੇ ੍ਹ ਦੀ ਅਯੋਗ ਵਰਤੋਂ" ਨਾਮੀ ਲੇਖ ਵਿਚ ਬਿਆਨ ਕਰ ਚੁੱਕਾ ਹਾਂ ਪਰ ਇਸ ਬਾਰੇ ਮੇਰੀ ਕੋਈ ਜਿਦ ਨਹੀਂ। 'ਖੋਲ੍ਹ' ਲਿਖਣ ਵਾਲ਼ਿਆਂ ਨੂੰ ਮੈਂ ਗ਼ਲਤ ਨਹੀਂ ਸਮਝਦਾ।

ਬਾਕੀ ਤਰ੍ਹਾਂ, ਚਿੰਨ੍ਹ ਸ਼ਬਦਾਂ ਬਾਰੇ ਵੀ ਬੇਨਤੀ ਹੈ ਕਿ ਮੈਂ ਇਹਨਾਂ ਨੂੰ ਇਸ ਤਰ੍ਹਾਂ ਹੀ ਲਿਖਦਾ ਹਾਂ ਜੀ; ਪੂਰਾ ਸਹੀ ਹੋਣ ਦਾ ਦਾਹਵਾ ਕੋਈ ਨਹੀਂ; ਹੋ ਸਕਦਾ ਹੈ ਕਿ ਮੈਂ ਗ਼ਲਤ ਹੋਵਾਂ!

ਦੂਜੇ ਸੱਜਣ ਨੂੰ ਉਤਰ:

ਪਿਆਰੇ ਮਿੱਤਰ ਜੀਓ, ਮੇਰੇ ਵਿਚਾਰਾਂ ਦੀ ਪ੍ਰਸੰਸਾ ਦਾ ਧੰਨਵਾਦ ਜੀ। ਇਹ ਤੁਸੀਂ ਬਿਲਕੁਲ ਠੀਕ ਆਖਿਆ ਹੈ ਕਿ ਮੇਰੀਆਂ ਲਿਖਤਾਂ ਵਿਚ ਸ਼ਬਦ ਜੋੜਾਂ ਦੀਆਂ ਗ਼ਲਤੀਆਂ ਹੁੰਦੀਆਂ ਹਨ। ਇਹ ਅਕਸਰ ਹੀ ਨਹੀਂ ਹੁੰਦੀਆਂ ਬਲਕਿ ਦੂਸਰਿਆਂ ਨਾਲ਼ੋਂ ਵਧ ਹੁੰਦੀਆਂ ਹਨ। ਇਸ ਦਾ ਕਾਰਨ ਵੀ ਮੈਂ ਪਹਿਲਾਂ ਦੱਸ ਚੁੱਕਾ ਹਾਂ ਜੀ।

ਜੇਹੜੀ ਤੁਸੀਂ ਭਾਸ਼ਾ ਵਿਗਿਆਨੀ ਬਣਨ ਤੋਂ ਬਚਣ ਦੀ ਸਲਾਹ ਦਿਤੀ ਹੈ, ਉਸ ਬਾਰੇ ਤਾਂ ਮੈਂ ਏਨਾ ਹੀ ਆਖ ਸਕਦਾ ਹਾਂ ਕਿ ਮੈਨੂੰ ਪਤਾ ਹੀ ਨਹੀਂ ਕਿ ਭਾਸ਼ਾ ਵਿਗਿਆਨੀ ਕਿਸ ਨੂੰ ਆਖਦੇ ਹਨ! ਜੇਕਰ ਪੰਜਾਬੀ ਦੇ ਸ਼ਬਦ ਜੋੜਾਂ ਬਾਰੇ ਆਪਣੇ ਵਿਚਾਰ ਦੱਸਣ ਕਰਕੇ ਹੀ ਤੁਸੀਂ ਮੈਨੂੰ ਭਾਸ਼ਾ ਵਿਗਿਆਨੀ ਬਣਨ ਦਾ ਯਤਨ ਕਰ ਰਿਹਾ ਹੋਣਾ ਸਮਝਦੇ ਹੋ ਤਾਂ ਫਿਰ ਇਸ ਬਾਰੇ ਕੁਝ ਕਰ ਸੱਕਣ ਤੋਂ ਮੈਂ ਅਸਮਰਥ ਹਾਂ ਜੀ।

ਭਾਵੇਂ ਉਮਰ ਤਾਂ ਮੇਰੀ ੭੩ ਸਾਲ ਦੀ ਹੋ ਗਈ ਹੈ ਪਰ ਸਾਹਿਤਕ ਸੰਸਾਰ ਲਈ ਤਾਂ ਮੈਂ ਅਜੇ ਖ਼ੁਦ ਨੂੰ ਮੁਹਾਰਨੀ ਵਾਲ਼ੇ ਸਬਕ ਤੇ ਹੀ ਸਮਝਦਾ ਹਾਂ ਤੇ ਭਾਸ਼ਾ ਵਿਗਿਆਨੀ ਹੋਣ ਬਾਰੇ ਸੋਚਣਾ ਤਾਂ ਸ਼ਾਇਦ ਆਸਮਾਨ ਨੂੰ ਟਾਕੀ ਲਾਉਣ ਵਰਗਾ ਕੋਈ ਕਾਰਜ ਹੀ ਹੋਵੇ!

ਬੇਨਤੀ ਇਉਂ ਹੈ ਕਿ ੧੯੬੪ ਤੋਂ ਪਹਿਲਾਂ ਇਸ ਸ਼ਬਦ ਜੋੜ ਵਾਲ਼ੇ 'ਘੀਚਮਚੋਲ਼ੇ' ਬਾਰੇ ਮੈਨੂੰ ਕੋਈ ਸਮਝ ਨਹੀਂ ਸੀ ਹੁੰਦੀ। ਮੈਂ ਗਵਾਢੀ ਪਿੰਡ ਦੇ ਸਕੂਲ ਵਿਚ ਕੁਝ ਦਿਨ ਪਹਿਲੀ ਜਮਾਤ ਵਿਚ ਪੜ੍ਹਨ ਵਾਸਤੇ, ਦਾਦੀ ਮਾਂ ਜੀ ਦੇ ਸਖ਼ਤੀ ਭਰੇ ਉਦਮ ਨਾਲ, ਗਿਆ ਸਾਂ ਤਾਂ ਕੁਝ ਦਿਨਾਂ ਪਿਛੋਂ, ਸ਼ਾਇਦ ਮੇਰੇ ਖ਼ਰਬੂਜਿਆਂ ਕਰਕੇ, ਸ਼ਰੀਫ਼ ਮਾਸਟਰ ਜੀ ਨੇ ਮੈਨੂੰ 'ਘੱਗਾ ਰਾਰਾ ਘਰ' ਦੇ ਸਬਕ ਤੱਕ ਅਪੜਾ ਦਿਤਾ ਤੇ ਫਿਰ ਕੁਝ ਦਿਨਾਂ ਪਿੱਛੋਂ ਮੈਂ ਸਕੂਲੇ ਜਾਣੋ ਹਟ ਗਿਆ। ਖੇਤੀ ਕਰਦਿਆਂ ਘਰ ਵਿਚ ਹੀ ਭਾਈਆ ਜੀ (ਪਿਤਾ) ਨੇ ਪਹਿਲੀ ਦਾ ਕੈਦਾ, ਦੂਜੀ ਦੀ ਕਿਤਾਬ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨਾ ਸਿਖਾ ਦਿਤਾ ਸੀ। ਲਿਖਣਾ ਉਹਨਾਂ ਨੂੰ ਵੀ ਨਹੀਂ ਸੀ ਆਉਂਦਾ ਤੇ ਮੈਨੂੰ ਵੀ ਉਹਨਾਂ ਨੇ ਨਾ ਸਿਖਾਇਆ। ਇਹ ਸਾਰਾ ਵਿਸਥਾਰ ਮੈਂ ਆਪਣੀ ਕਿਤਾਬ 'ਬਾਤਾਂ ਬੀਤੇ ਦੀਆਂ' ਵਿਚ ਦੱਸ ਚੁੱਕਾ ਹਾਂ।

ਇਹ ਸ਼ਬਦ ਜੋੜਾਂ ਵਾਲ਼ੀ ਸਮੱਸਿਆ ਮੇਰੇ ਲਈ ਓਦੋਂ ਖੜ੍ਹੀ ਹੋਈ ਜਦੋਂ ੧੯੬੪ ਵਿਚ ਪਟਿਆਲੇ ਗਿਆਨੀ ਪਾਸ ਕਰਨ ਦੇ ਲਾਲਚ ਵਿਚ, ਇਸ ਦੀ ਜਰੂਰੀ ਸ਼ਰਤ ਵਜੋਂ, ਪਹਿਲਾਂ ਵਿਦਵਾਨ ਕਲਾਸ ਵਿਚ ਦਾਖ਼ਲਾ ਲੈ ਲਿਆ। ਉਸ ਸਰਕਾਰੀ ਸੰਸਥਾ ਦੀ ਵਾਈਸ ਪ੍ਰਿੰਸੀਪਲ ਬੀਬੀ ਸੁਰਜੀਤ ਕੌਰ ਜੀ ਨੇ ਇਸ ਸ਼ਬਦ ਜੋੜਾਂ ਵਾਲ਼ੇ ਝਮੇਲੇ ਦੀ ਕਲਾਸ ਨੂੰ ਜਾਣਕਾਰੀ ਦੇ ਕੇ, ਮੈਨੂੰ ਐਸਾ 'ਭੰਬਲ਼ਭੂਸੇ' ਵਿਚ ਪਾਇਆ ਕਿ ਓਦੋਂ ਦਾ ਹੀ ਮੈਂ ਇਸ ਗੱਲ ਉਪਰ ਖਿਝਦਾ ਆ ਰਿਹਾ ਹਾਂ ਕਿ ਕਿਉਂ ਨਹੀਂ ਅੰਗ੍ਰੇਜ਼ੀ ਵਾਂਙ ਪੰਜਾਬੀ ਦੇ ਵੀ ਸ਼ਬਦ ਜੋੜ ਇਕਸਾਰ ਹੋ ਸਕਦੇ!

ਰਹੀ ਰੁਤਬੇ ਦੀ ਗੱਲ: ਜੇਕਰ ਮੈਂ ਬਹੁਤ ਸਾਰੇ ਸੰਤੋਖ ਸਿੰਘਾਂ ਵਿਚੋਂ ਖ਼ੁਦ ਨੂੰ ਵਖਰਿਆਉਣ ਲਈ ਆਪਣੇ ਨਾਂ ਨਾਲ਼ 'ਗਿਆਨੀ' ਲਕਬ ਲਾਉਂਦਾ ਹਾਂ ਤਾਂ ਇਸ ਦਾ ਮਤਲਬ ਇਹ ਤਾਂ ਨਹੀਂ ਸਮਝ ਲੈਣਾ ਚਾਹੀਦਾ ਕਿ ਸ਼ਾਇਦ ਇਸ ਨਾਲ ਮੇਰਾ ਰੁਤਬਾ ਤੁਹਾਡੇ ਨਾਲ਼ੋਂ ਉਚਾ ਹੋ ਗਿਆ ਹੈ! ਹਾਂ, ਤੁਸੀਂ ਆਖ ਸਕਦੇ ਹੋ ਕਿ ਤੁਹਾਡੇ ਵਾਂਙ ਮੈਂ ਵੀ ਆਪਣੇ ਨਾਂ ਨਾਲ਼ ਆਪਣੀ ਗੋਤ ਜਾਂ ਕੋਈ ਹੋਰ ਤਖੱਲਸ ਜੋੜ ਸਕਦਾ ਹਾਂ; ਉਸ ਬਾਰੇ ਬੇਨਤੀ ਹੈ ਕਿ ਕੱਟੜਪੰਥੀ ਸਿੱਖਾਂ ਤੋਂ ਡਰਦਾ ਮੈਂ ਗੋਤ ਜੋੜਨ ਦਾ ਹੌਸਲਾ ਨਹੀਂ ਕਰਦਾ ਤੇ ਤਖੱਲਸ ਰੱਖਣ ਦੀ ਮੈਂ ਕੋਈ ਲੋੜ ਨਹੀਂ ਸਮਝਦਾ।

ਇਕ ਹੋਰ ਸਜੱਣ ਨੂੰ ਮੇਰਾ ਜਵਾਬ:

ਪਿਆਰੇ ਜੀਓ,

ਮੈਨੂੰ ਪਤਾ ਹੈ ਕਿ ਤੁਸੀਂ ਪੰਜਾਬੀ ਬਾਰੇ ਮੇਰੇ ਨਾਲੋਂ ਬਹੁਤ ਹੀ ਵਧੇਰੇ ਗਿਆਨ ਰਖਦੇ ਹੋ ਤੇ ਇਸ ਦੇ 'ਹਿੰਦੀਕਰਣ' ਦੇ ਵੀ ਮੇਰੇ ਨਾਲ਼ੋਂ ਕਿਤੇ ਵਧ ਵਿਰੋਧੀ ਹੋ। ਵਿਦਵਾਨ ਸੱਜਣ ਜੀ ਦੇ ਵਿਚਾਰਾਂ ਨਾਲ਼ ਸੰਮਤੀ ਪਰਗਟ ਕਰਕੇ, ਤੁਸੀਂ 'ਪੰਜਾਬੀ ਲਿਖੋ ਤੇ ਬੋਲੋ' ਦਾ ਜੋ ਸੁਝਾ ਦਿਤਾ ਹੈ, ਉਹ ਸਿਰ ਮੱਥੇ ਪਰ ਮੇਰੇ ਖਿਆਲ ਵਿਚ ਮੈਂ ਹਮੇਸ਼ਾਂ ਪੰਜਾਬੀ ਹੀ ਬੋਲਦਾ ਹਾਂ; ਹੋ ਸਕਦਾ ਹੈ ਕਿ ਉਹ ਪੂਰੀ ਠੀਕ ਨਾ ਹੋਵੇ! ਲਿਖਦਾ ਵੀ ਪੰਜਾਬੀ ਹੀ ਹਾਂ ਕਿਉਂਕਿ ਹੋਰ ਕੋਈ ਬੋਲੀ ਮੈਨੂੰ ਲਿਖਣੀ ਤੇ ਬੋਲਣੀ ਆਉਂਦੀ ਹੀ ਨਹੀਂ। ਫਿਰ ਭਵਿਖ ਵਿਚ ਮੈਂ ਇਸ ਬਾਰੇ ਹੋਰ ਸੁਚੇਤ ਹੋਣ ਦਾ ਯਤਨ ਕਰਾਂਗਾ ਜੀ। ਦੋਬਾਰਾ ਤੁਹਾਡਾ ਸੁਝਾ ਸਿਰ ਮੱਥੇ!

ਭਾਵੇਂ ਕਿ ਮੈਂ ਇਸ ਗੱਲ ਤੋਂ ਭਲੀ ਭਾਤ ਜਾਣੂ ਹਾਂ ਕਿ ਤੁਹਾਡੇ ਜਿਹੇ ਰੁਤਬੇ ਵਾਲ਼ੇ ਵਿਅਕਤੀਆਂ ਪਾਸ ਮੇਰੇ ਵਰਗਿਆਂ ਦੀ ਲਿਖਤ ਪੜ੍ਹਨ ਦਾ ਸਮਾ ਬਹੁਤ ਹੀ ਘੱਟ ਹੁੰਦਾ ਹੈ ਪਰ ਫਿਰ ਵੀ ਇਸ ਖ਼ਤ ਦੇ ਨਾਲ਼ ਮੈ ਆਪਣੇ, ਇਸ ਮਸਲੇ ਬਾਰੇ ਲਿਖੇ ਪੰਜ ਲੇਖ ਨੱਥੀ ਕਰ ਰਿਹਾ ਹਾਂ। ਹੋ ਸਕੇ ਤਾਂ ਕਦੀ ਸਮਾ ਮਿਲਣ ਤੇ ਇਹਨਾਂ ਉਪਰ ਨਿਗਾਹ ਮਾਰ ਲੈਣੀ। ਸਿੱਖਿਆ ਵਾਸਤੇ ਨਹੀਂ; ਸਿਰਫ ਇਸ ਬਾਰੇ ਮੇਰੇ ਵਿਚਾਰਾਂ ਤੋਂ ਜਾਣੂ ਹੋਣ ਵਾਸਤੇ ਹੀ। ਭੇਜ ਇਹਨਾਂ ਨੂੰ ਪੀ.ਡੀ.ਐਫ਼. ਦੇ ਰੂਪ ਵਿਚ ਰਿਹਾ ਹਾਂ ਤਾਂ ਕਿ ਰਸਤੇ ਵਿਚ ਕਿਤੇ ਕੁਝ ਅਦਲਾ ਬਦਲੀ ਨਾ ਹੋ ਜਾਵੇ!

ਤੁਹਾਡੇ ਵਰਗੇ ਵਿਦਵਾਨ ਅਤੇ ਸੁਹਿਰਦ ਸੱਜਣਾਂ ਦਾ ਪ੍ਰਸੰਸਕ

ਸੰਤੋਖ ਸਿੰਘ

# ਇਹ ਮੈਨੂੰ ਸਮਝ ਨਾ ਆਏ

ਕੁਝ ਲੋਕ ਸ ਨਹੀਂ ਬੋਲ ਸਕਦੇ ਤੇ ਇਸ ਦੇ ਥਾਂ ਸ਼ ਬੋਲਦੇ ਹਨ ਤੇ ਕੁਝ ਲੋਕ ਇਸ ਤੋਂ ਉਲ਼ਟ ਸ਼ ਦੇ ਥਾਂ ਸ ਬੋਲਦੇ ਹਨ। ਮਿਸਾਲ ਵਜੋਂ ਜੇ ਅਸੀਂ ਅਚਾਰੀਆ ਰਜਨੀਸ਼ (ਓਸ਼ੋ) ਨੂੰ ਸੁਣੀਏ ਤਾਂ ਉਹ ਸ਼ ਨਹੀਂ ਬੋਲ ਸਕਦਾ। ਉਹ ਐਕਸਪ੍ਰੈਸ਼ਨ ਨੂੰ ਐਕਸਪ੍ਰੈਸਨ ਹੀ ਬੋਲਦਾ ਸੁਣਾਈ ਦਿੰਦਾ ਹੈ। ਇਕ ਪ੍ਰਸਿਧ ਰਾਗੀ ਸਿੰਘ ਵੀ ਸ ਨਹੀਂ ਸੀ ਬੋਲ ਸਕਦੇ ਤੇ ਸ ਦੀ ਥਾਂ ਸ਼ ਹੀ ਬੋਲਿਆ ਕਰਦੇ ਸਨ।

ਕੁਝ ਲੋਕ ਵ ਵੀ ਬੋਲ ਸਕਦੇ ਹਨ ਤੇ ਬ ਵੀ ਪਰ ਬੋਲਣਗੇ ਇਕ ਦੂਜੇ ਤੋਂ ਉਲ਼ਟ, ਅਰਥਾਤ ਵ ਦੇ ਥਾਂ ਬ ਤੇ ਬ ਦੇ ਵ ਹੀ ਬੋਲਣਗੇ। ਮਿਸਾਲ ਵਜੋਂ ਅੰਮ੍ਰਿਤਸਰੀ ਪੇਂਡੂ ਵਰਿਆਮਾ ਵਹਿੜਕੇ ਦੀ ਵੱਖੀ ਵਿਚ ਵੱਟਾ ਮਾਰਦਾ ਹੈ ਪਰ ਸਤਲੁਜੋਂ ਪੂਰਬ ਵੱਲ ਦਾ ਬਰਿਆਮਾ ਬਹਿੜਕੇ ਦੀ ਬੱਖੀ ਬਿਚ ਬੱਟਾ ਮਾਰਦਾ ਹੈ।

ਕੁਝ ਲੋਕ ਹਰਾਮ ਨੂੰ ਰਹਾਮ ਬੋਲਣਗੇ ਤੇ ਕੁਝ ਲਖਨਊ ਨੂੰ ਨਖਲਊ ਬੋਲਣਗੇ; ਕਪਾਹ ਨੂੰ ਪਕਾਹ ਹੀ ਆਖਣਗੇ। ਹੁਣ ਇਕ ਨਵਾ ਰਿਵਾਜ਼ ਕੁਝ ਸਾਲਾਂ ਤੋਂ ਚੱਲ ਪਿਆ ਹੈ। ਵੈਸੇ ਮੈਨੂੰ ਤਰਤਾਲੀ ਕੁ ਸਾਲ ਹੋ ਚਲੇ ਨੇ ਦੇਸੋਂ ਨਿਕਲ਼ਿਆਂ ਤੇ ਇਹ ਮੇਰੇ ਦੇਸੋਂ ਨਿਕਲਣ ਤੋਂ ਬਾਅਦ ਹੀ ਪੰਜਾਬੀ ਵਿਚ ਪ੍ਰਵੇਸ਼ ਹੋਇਆ ਹੈ; ਪਤਾ ਨਹੀਂ ਕਿਸ ਨੇ ਤੇ ਕਦੋਂ ਇਹ ਗ਼ਲਤ ਪ੍ਰਪਾਟੀ ਪਾ ਦਿਤੀ ਹੈ ਕਿ ਹਮੇਸ਼ਾਂ ਹੀ ਬਹੁਤ ਸਾਰੇ ਲੇਖਕ ਤੇ ਬੁਲਾਰੇ ਹਰੇਕ ਥਾਂ ਹੀ ਜ ਦੀ ਤਾਂ ਜ਼ ਲਿਖਣਗੇ ਤੇ ਬੋਲਣਗੇ ਵੀ। ਉਹਨਾਂ ਨੂੰ ਇਸ ਗੱਲ ਦਾ ਕਿਉਂ ਨਹੀਂ ਪਤਾ ਲੱਗਦਾ ਕਿ ਜ ਦਾ ਆਪਣਾ ਥਾਂ ਹੈ ਤੇ ਜ਼ ਦਾ ਆਪਣਾ; ਇਹ ਦੋਵੇਂ ਇਕ ਦੂਜੇ ਦੇ ਥਾਂ ਵਰਤਣ ਨਾਲ਼ ਅਰਥਾਂ ਦਾ ਅਨਰਥ ਕਰ ਦਿੰਦੇ ਹਨ। ਬਹੁਤ ਸਾਰੇ ਟੀਚਰ ਵੀ ਜ਼ ਹੀ ਲਿਖਣਗੇ ਤੇ ਬੋਲਣਗੇ ਵੀ। ਸ਼ਾਇਦ ਉਹ ਦੱਸਣਾ ਚਾਹੁੰਦੇ ਹੋਣ ਕਿ ਉਹ ਵੀ ਪੜ੍ਹੇ ਲਿਖੇ ਹਨ ਤੇ ਇਹ ਸਾਬਤ ਕਰਨ ਲਈ ਜ ਦੀਆਂ ਲੱਤਾਂ ਵਿਚ ਬਿੰਦੀ ਅੜਾ ਕੇ, ਇਸ ਗੱਲ ਦਾ ਸਬੂਤ ਦੇਣਾ ਚਾਹੁੰਦੇ ਹੋਣ! ਬੜੀ ਸਾਧਾਰਨ ਜਿਹੀ ਗੱਲ ਹੈ ਜੇਹੜੀ ਸਾਡੇ ਪੜ੍ਹਾਕੂਆਂ ਨੂੰ ਸਮਝ ਨਹੀਂ ਆਉਂਦੀ ਕਿ ਪੰਜਾਬੀ ਉਚਾਰਨ ਵਿਚ ਪਹਿਲਾਂ ਸਿਰਫ ਜ ਹੀ ਹੁੰਦਾ ਸੀ। ਫਿਰ ਕੁਝ ਸਮੇ ਤੋਂ ਪੰਜਾਬੀ ਦੇ ਵਿਦਵਾਨਾਂ ਨੇ ਫ਼ਾਰਸੀ ਬੋਲੀ ਤੋਂ ਆਏ ਸ਼ਬਦਾਂ ਨੂੰ ਪੰਜਾਬੀ ਲਿੱਪੀ ਵਿਚ ਲਿਖਣ ਲਈ ਪੰਜ ਅੱਖਰਾਂ ਦੇ ਪੈਰਾਂ ਵਿਚ ਬਿੰਦੀ ਪਾ ਕੇ ਲਿਖਣਾ ਸ਼ੁਰੂ ਕੀਤਾ। ਉਹਨਾਂ ਪੰਜਾਂ ਅੱਖਰਾਂ ਵਿਚੋਂ ਇਕ ਜ ਹੈ ਪਰ ਇਸ ਨੂੰ ਹਰੇਕ ਥਾਂ ਹੀ ਜ ਦੇ ਥਾਂ, ਬਿਨਾ ਇਸ ਦੀ ਲੋੜ ਵਿਚਾਰੇ ਦੇ, ਲਿਖੀ ਜਾਣ ਦੀ ਤੁਕ ਮੇਰੀ ਸਮਝ ਵਿਚ ਨਹੀਂ ਆ ਰਹੀ। ਇਹ ਬੜੀ ਸਾਧਾਰਨ ਜਿਹੀ ਬਾਤ ਹੈ ਕਿ ਜਿਥੇ ਅੰਗ੍ਰੇਜ਼ੀ ਦੇ ਅਖਰ ਗ਼ ਜਾਂ ਸ਼ ਹੋਣ, ਉਹਨਾਂ ਨੂੰ ਪੰਜਾਬੀ ਲਿੱਪੀ ਵਿਚ ਲਿਖਣ ਸਮੇ ਜ਼ ਦੀ ਲੋੜ ਹੈ ਪਰ ਜਿਥੇ ਗਏ, ਜ, ਗਿ, ਗੇ, ਦਗਏ,ਏਦਗਏ ਹੋਣ ਓਥੇ ਜ ਹੀ ਵਰਤਿਆ ਜਾਵੇਗਾ ਜ਼ ਨਹੀਂ। ਹਾਂ, ਉਹਨਾਂ ਕੁਝ ਵਿਅਕਤੀਆਂ ਵਾਸਤੇ ਜੋ ਜ ਬੋਲ ਹੀ ਨਹੀਂ ਸਕਦੇ ਤੇ ਜ ਦੇ ਥਾਂ ਸਦਾ ਹੀ ਜ਼ ਬੋਲਦੇ ਹਨ, ਉਹਨਾਂ ਦੀ ਗੱਲ ਵੱਖਰੀ ਹੈ; ਪਰ ਉਹ ਵੀ ਲਿਖਣ ਸਮੇ ਤਾਂ ਸਹੀ ਲਿਖ ਹੀ ਸਕਦੇ ਹਨ ਭਾਵੇਂ ਕਿ ਬੋਲਣ ਸਮੇ ਉਹ ਨਾ ਹੀ ਸਹੀ ਜ ਬੋਲ ਸਕਣ, ਉਹਨਾਂ ਲੋਕਾਂ ਵਾਂਙ ਜੋ ਸ ਨਹੀ ਬੋਲ ਸਕਦੇ ਜਾਂ ਸ਼ ਨਹੀਂ ਬੋਲ ਸਕਦੇ ਪਰ ਵਿਦਵਾਨ ਸੱਜਣਾਂ ਵੱਲੋਂ ਕਾਲਜ ਨੂੰ ਕਾਲਜ਼, ਨੌਲਜ ਨੂੰ ਨੌਲਜ਼, ਇਲਾਜ ਨੂੰ ਇਲਾਜ਼, ਲੈਂਗਵਿਜ ਨੂੰ ਲੈਂਗਵਿਜ਼, ਬਰਿਜ ਨੂੰ ਬਰਿਜ਼, ਫ਼ਰਿਜ ਨੂੰ ਫ਼ਰਿਜ਼ ਲਿਖਣਾ ਕਦੀ ਵੀ ਸਹੀ ਨਹੀਂ ਮੰਨਿਆਂ ਜਾ ਸਕਦਾ।

ਅੱਜ ਕਲ੍ਹ ਵੀ ਇਕ ਪ੍ਰਸਿਧ ਵਿਦਵਾਨ, ਕਦੀ ਕਦੀ ਗੁਰਦੁਆਰਾ ਸ੍ਰੀ ਮੰਜੀ ਸਾਹਿਬ ਤੋਂ, ਕਥਾ ਕਰਨ ਸਮੇ, ਜ ਦੇ ਥਾਂ ਜ਼ ਹੀ ਬੋਲਦੇ ਹਨ। ਹੋ ਸਕਦਾ ਹੈ ਕਿ ਉਹ ਕਿਸੇ ਕਾਰਨ ਜ ਦਾ ਉਚਾਰਨ ਨਾ ਕਰ ਸਕਦੇ ਹੋਣ!

ਸੁਲਝੇ ਹੋਏ ਸੱਜਣ ਨੇ ਸੋਹਣਾ ਸੁਝਾ ਦਿਤਾ ਹੈ ਕਿ ਕਿਉਂ ਅਸੀਂ ਪੇਜ ਤੇ ਪੇਜ਼ ਦੇ ਪੰਗੇ ਵਿਚ ਪੈ ਕੇ ਉਲਝਦੇ ਫਿਰਦੇ ਹਾਂ! ਕਿਉਂ ਨਹੀਂ ਪੰਨਾ ਜਾਂ ਸਫ਼ਾ ਲਿਖ ਕੇ ਕੰਮ ਚਲਾ ਲੈਂਦੇ! ਬੜੀ ਹੀ ਸਿਆਣੀ ਸਲਾਹ ਹੈ ਤੇ ਮੈਂ ਇਸ ਉਪਰ ਪਹਿਲਾਂ ਹੀ ਅਮਲ ਕਰਦਾ ਹਾਂ ਤੇ ਕਦੀ ਵੀ ਪੇਜ ਜਾਂ ਪੇਜ਼ ਲਿਖਣ ਦੀ ਜ਼ਹਿਮਤ ਨਹੀਂ ਉਠਾਉਂਦਾ।

ਪਿਛਲੇ ਸਾਲ ਦੀ ਗੱਲ ਹੈ ਕਿ ਪੰਜਾਬ ਦੇ ਇਕ ਕਾਲਜ ਦੇ ਬਾਹਰਵਾਰ ਬਹੁਤ ਵੱਡੇ ਸਾਈਨ ਬੋਰਡ ਉਪਰ ਗੁਰਮੁਖੀ ਅੱਖਰਾਂ ਵਿਚ ਕਾਲਜ਼ ਲਿਖਿਆ ਪੜ੍ਹਿਆ। ਵਿੱਦਿਆ ਦੇ ਬਹੁਤ ਵੱਡੇ ਮੰਦਰ ਦੇ ਮੱਥੇ ਉਪਰ ਜ ਦੀਆਂ ਲੱਤਾਂ ਵਿਚ ਅੜਾਈ ਅਯੋਗ ਬਿੰਦੀ ਮੈਨੂੰ ਬੜੀ ਚੁਭੀ। ਮੈ ਆਪਣੀਆਂ ਦੋ ਕਿਤਾਬਾਂ ਚੁੱਕੀਆਂ ਤੇ ਪ੍ਰਿੰਸੀਪਲ ਸਾਹਿਬ ਜੀ ਨੂੰ ਭੇਟਾ ਕਰਨ ਲਈ ਜਾ ਪਹੁੰਚਿਆ ਉਹਨਾਂ ਦੇ ਦਫ਼ਤਰ ਵਿਚ। ਪ੍ਰਿੰਸੀਪਲ ਸਾਹਿਬ ਬੜੇ ਵਿੱਦਵਾਨ ਸੱਜਣ ਸਨ/ਹਨ। ਹੋਰਨਾਂ ਪਾਸੋਂ ਵੀ ਉਹਨਾਂ ਦੀ ਕਾਬਲੀਅਤ ਬਾਰੇ ਚੰਗੇ ਸ਼ਬਦ ਮੈਂ ਉਸ ਮੁਲਾਕਾਤ ਤੋਂ ਪਿੱਛੋਂ ਸੁਣੇ ਸਨ। ਉਹ ਯੋਗ ਆਦਰ ਨਾਲ਼ ਮਿਲ਼ੇ। ਚਾਹ ਲਈ ਜੋਰ ਲਾਇਆ ਪਰ ਮੇਰੀ ਦਲੀਲ ਸੁਣ ਕੇ ਉਹਨਾਂ ਨੇ ਚਾਹ ਉਪਰ ਬੇਲੋੜਾ ਜੋਰ ਨਾ ਦਿਤਾ ਤੇ ਇਸ ਤਰ੍ਹਾਂ ਹੋਰ ਬਹੁਤ ਸੱਜਣਾਂ ਵਾਂਙ ਚਾਹ ਮੇਰੀਆਂ ਨਾਸਾਂ ਵਿਚ ਨਾ ਘੁਸੇੜੀ।

ਕਿਤਾਬਾਂ ਭੇਟ ਕਰਨ ਉਪ੍ਰੰਤ ਫਿਰ ਮੈਂ ਜ ਵਿਚਲੀ ਬਿੰਦੀ ਦੀ ਗੱਲ ਚਲਾਈ। ਉਹਨਾਂ ਨੇ ਅੰਗ੍ਰੇਜ਼ੀ ਬਾਰੇ ਖਾਸਾ ਵਿਸਥਾਰ ਸਹਿਤ ਗਿਆਨ ਦਿਤਾ ਤੇ ਵੱਖ ਵੱਖ ਮੁਲਕਾਂ ਵਿਚ ਇਸ ਦੇ ਲਿਖਣ ਅਤੇ ਉਚਾਰਣ ਢੰਗ ਬਾਰੇ ਵੀ ਚਾਨਣਾ ਪਾਇਆ। ਮੈਂ ਇਹ ਸਾਰਾ ਕੁਝ ਤਹੱਮਲ ਨਾਲ਼ ਸੁਣ ਕੇ ਸਤਿਕਾਰ ਸਹਿਤ ਬੇਨਤੀ ਕੀਤੀ ਕਿ ਇਹ ਜੋ ਤੁਸਾਂ ਫੁਰਮਾਇਆ ਇਹ ਬਿਲਕੁਲ ਸਹੀ ਹੈ ਤੇ ਇਸ ਬਾਰੇ ਮੈਂ ਵੀ ਕੁਝ ਕੁਝ ਸੁਚੇਤ ਹਾਂ ਪਰ ਮੇਰੀ ਬੇਨਤੀ ਤਾਂ ਇਹ ਹੈ ਕਿ 'ਕਾਲਜ' ਨੂੰ 'ਕਾਲਜ਼' ਲਿਖਣਾ ਕੀ ਸਹੀ ਹੈ! ਹੋਰ ਵਿਸਥਾਰ ਕਰਦਿਆਂ ਮੈਂ ਆਖਿਆ ਕਿ

ਅੰਗ੍ਰੇਜ਼ੀ ਅੱਖਰਾਂ ਵਿਚ ਚੋਲਲਏਗਏ ਲਿਖਿਆ ਜਾਂਦਾ ਹੈ ਤੇ ਗੁਰਮੁਖੀ ਵਿਚ, ਸਦੀਆਂ ਤੋਂ ਹੁਣ ਤੱਕ ਅਸੀਂ 'ਕਾਲਜ' ਹੀ ਪੜ੍ਹਦੇ, ਬੋਲਦੇ ਤੇ ਲਿਖਦੇ ਆ ਰਹੇ ਹਾਂ। ਅੰਗ੍ਰੇਜ਼ੀ ਦੇ ਅੱਖਰਾਂ ਮੁਤਾਬਿਕ, ਵਾ਼ਲ ਦੀ ਖੱਲ ਲਾਹੁਣ ਵਾ਼ਲਾ ਕੋਈ ਵਿਦਵਾਨ ਇਸ ਨੂੰ 'ਕੌਲਿਜ' ਤਾਂ ਲਿਖ ਸਕਦਾ ਹੈ ਤੇ ਇਹ ਗ਼ਲਤ ਵੀ ਨਹੀਂ ਹੋਵੇਗਾ ਪਰ ਸਦੀਆਂ ਤੋਂ ਜੇਕਰ ਵਿਦਵਾਨਾਂ ਨੇ ਗੁਰਮੁਖੀ ਵਿਚ ਇਸ ਨੂੰ 'ਕਾਲਜ' ਰੂਪ ਵਿਚ ਸਵੀਕਾਰ ਕਰ ਲਿਆ ਹੋਇਆ ਹੈ ਤਾਂ ਹੁਣ ਇਸ ਨੂੰ ਬਦਲਣ ਦੀ ਕੋਈ ਲੋੜ ਨਹੀਂ ਜਾਪਦੀ। ਫਿਰ ਘਓ ਦੇ ਥਾਂ ਤੇ ਕਦੀ ਵੀ ਜ਼ ਜਾਂ ਸ ਨਹੀਂ ਵਰਤਿਆ ਜਾ ਸਕਦਾ। ਗੱਲ ਉਹਨਾਂ ਦੀ ਸਮਝ ਵਿਚ ਆ ਗਈ ਤੇ ਬੋਲੇ ਕਿ ਸਾਈਨ ਬੋਰਡ ਲਿਖਣ ਵਾਲੇ ਪੀਐਚ.ਡੀ ਨਹੀਂ ਹੁੰਦੇ; ਉਹ ਗ਼ਲਤੀ ਕਰ ਸਕਦੇ ਹਨ। ਮੈਂ ਕਿਹਾ ਕਿ ਪੇਂਟਰ ਤਾਂ ਪੀਐਚ.ਡੀ. ਨਹੀਂ ਹੁੰਦੇ ਪਰ ਉਹਨਾਂ ਨੂੰ ਇਬਾਰਤ ਲਿਖ ਕੇ ਦੇਣ ਵਾ਼ਲੇ ਤਾਂ ਪੀਐਚ.ਡੀ. ਹੀ ਹੁੰਦੇ ਨੇ! ਹੋਰ ਵਿਚਾਰ ਵਟਾਂਦੇ ਪਿੱਛੋਂ ਅੰਤ ਵਿਚ ਪ੍ਰਿੰਸੀਪਲ ਸਾਹਿਬ ਮੁਸਕਰਾ ਕੇ ਆਖਣ ਲੱਗੇ, ''ਹੁਣ ਇਸ ਬਿੰਦੀ ਨੂੰ ਹਟਾਉਣ ਲਈ ਤੁਸੀਂ ਸਾਨੂੰ ਇਕ ਹਜ਼ਾਰ ਰੁਪਏ ਦਾ ਖ਼ਰਚਾ ਪਾ ਚੱਲੇ ਹੋ; ਚੰਗੇ ਤੁਸੀਂ ਕਿਤਾਬਾਂ ਦੇਣ ਆਏ!''

''ਪੰਚਾਂ ਦਾ ਕਿਹਾ ਸਿਰ ਮੱਥੇ ਪਰ ਪਰਨਾ਼ਲਾ ਓਥੇ ਦਾ ਓਥੇ।'' ਵਾ਼ਲੀ ਲੋਕੋਕਤੀ ਅਨੁਸਾਰ, ਉਹ ਬਿੰਦੀ ਓਥੋਂ ਨਹੀਂ ਹਿੱਲੀ।

ਸ. ਮਹਾਬੀਰ ਸਿੰਘ ਗਰੇਵਾਲ. ਸ. ਸੁਖਵੰਤ ਸਿੰਘ, ਇਕ ਹਾਕੀ ਪਲੇਅਰ,
ਆਨਰੇਬਲ ਮਿ. ਮਿਕ ਐਟਕਿਨਸਨ ਐਮ.ਪੀ., ਇਕ ਹਾਕੀ ਪਲੇਅਰ,
ਸ. ਮਨਿੰਦਰਬੀਰ ਸਿੰਘ, ਦੋ ਹਾਕੀ ਪਲੇਅਰ, ਇਕ ਕੌਂਸਲ ਮੈਂਬਰ,
ਆਸਟ੍ਰੇਲੀਅਨ ਸਿੱਖ ਸ. ਦਵਿੰਦਰ ਸਿੰਘ

ਖੱਬਿਉਂ ਸੱਜੇ: ਸ. ਮਹਾਂਬੀਰ ਸਿੰਘ ਗਰੇਵਾਲ, ਸ. ਸੁਖਵੰਤ ਸਿੰਘ, ਇਕ ਹਾਕੀ ਪਲੇਅਰ, ਆਨਰੇਬਲ ਮਿੱਕ ਐਟਕਿਨਸਨ ਐਮ.ਪੀ. ਸਪੀਕਰ ਸਾਊਥ ਆਸਟ੍ਰੇਲੀਅਨ ਪਾਰਲੀਮੈਂਟ, ਇਕ ਹਾਕੀ ਪਲੇਅਰ, ਸ. ਮਨਿੰਦਰਬੀਰ ਸਿੰਘ ਢਿੱਲੋਂ, ਦੋ ਹਾਕੀ ਪਲੇਅਰ, ਇਕ ਕੌਂਸਲ ਮੈਂਬਰ, ਆਸਟ੍ਰੇਲੀਅਨ ਸਿੱਖ ਸ. ਦਵਿੰਦਰ ਸਿੰਘ

ਅੱਧੀ ਕੁ ਸਦੀ ਪਹਿਲਾਂ ਪੰਜਾਬ ਵਿਚ ਰਹਿੰਦਿਆਂ ਵੇਖਦੇ ਸਾਂ ਕਿ ਵਜ਼ੀਰਾਂ, ਅਫ਼ਸਰਾਂ ਆਦਿ ਦੀ ਆਮਦ ਨਾਲ਼ ਬੜਾ ਭਾਰੀ ਲਾਉ ਲਸ਼ਕਰ ਵੀ ਉਹਨਾਂ ਦੇ ਨਾਲ਼ ਆਇਆ ਕਰਦਾ ਸੀ। ਇਸ ਦੇ ਉਲ਼ਟ ਇਕ ਦਿਨ ਮੈਂ ਅੰਮ੍ਰਿਤਸਰ ਵਿਚਲੇ ਘੰਟਾਘਰ ਵਾਲ਼ੇ ਪਾਸੇ, ਸ੍ਰੀ ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਦੇ ਸ਼ੀਸ਼ੇ ਵਾਲੇ ਦਰਵਾਜੇ ਰਾਹੀਂ ਬਾਹਰ ਵੱਲ ਵੇਖਿਆ ਕਿ ਘੰਟਾਘਰ ਦੀਆਂ ਦੁਕਾਨਾਂ ਦੁਆਲ਼ੇ ਇਕ ਜਥੇਦਾਰ ਤੁਰਿਆ ਫਿਰੇ। ਹੋਰ ਗਹੁ ਨਾਲ਼ ਵੇਖਿਆ ਤਾਂ ਸਮਝ ਆਈ ਕਿ ਉਹ ਜਥੇਦਾਰ ਕਰਮ ਸਿੰਘ ਜਾਗੀਰਦਾਰ ਸਨ। ਜਥੇਦਾਰ ਜੀ ਉਸ ਸਮੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਅਤੇ ਪੰਜਾਬ ਸਰਕਾਰ ਵਿਚ ਛੋਟੇ ਵਜ਼ੀਰ ਸਨ। ਮੇਰੇ ਉਹ ਚੰਗੇ ਵਾਕਫ਼ ਸਨ ਤੇ ਵਜ਼ੀਰ ਬਣਨ ਤੋਂ ਪਹਿਲਾਂ ਇਕ ਦੋ ਵਾਰੀਂ ਮੇਰੇ ਨਾਲ਼ ਚੰਡੀਗੜ੍ਹ ਵਿਚਲੇ ਕਿਸੇ ਦਫ਼ਤਰ ਵਿਚ, ਸਰਕਾਰੀ ਕੰਮ ਕਰਵਾਉਣ ਲਈ ਵੀ, ਥਰੀ ਵ੍ਹੀਲਰ ਉਪਰ ਗਏ ਸਨ। ਦਫ਼ਤਰ ਵਿਚ ਅਫ਼ਸਰਾਂ ਵੱਲੋਂ ਉਹਨਾਂ ਦਾ ਮਾਣ ਹੁੰਦਾ ਵੇਖ ਕੇ ਮੈਂ ਆਖਿਆ, "ਜਥੇਦਾਰ ਜੀ, ਅਫ਼ਸਰ ਤੁਹਾਡਾ ਬੜਾ ਮਾਣ ਕਰਦੇ ਹਨ!" ਉਹਨਾਂ ਨੇ ਆਖਿਆ, "ਇਹਨਾਂ ਨੂੰ ਪਤਾ ਹੈ ਕਿ ਮੈਂ ਵਜ਼ੀਰ ਬਣਨ ਵਾਲਾ ਹਾਂ।" ਉਸ ਸਮੇ ਉਹ ਅਜੇ ਕੇਵਲ ਐਮ.ਐਲ.ਏ. ਹੀ ਸਨ।

ਮੁੱਕਦੀ ਗੱਲ ਕਿ ਘੰਟਾਘਰ ਦੀਆਂ ਦੁਕਾਨਾਂ ਦੀ ਯਾਤਰਾ ਦੌਰਾਨ ਮੈਂ ਵੀ ਜਥੇਦਾਰ ਜੀ ਦੇ ਨਾਲ਼ ਹੀ ਹੋ ਲਿਆ। ਇਸ ਸਮੇ ਮੈਂ ਪੁੱਛਿਆ ਕਿ ਬਾਕੀ ਵਜ਼ੀਰਾਂ ਵਾਂਙ ਉਹਨਾਂ ਨਾਲ਼ ਲਾਮ ਲਸ਼ਕਰ ਕਿਉਂ ਨਹੀਂ; ਉਹ ਇਕੱਲੇ ਹੀ ਘੁੰਮ ਰਹੇ ਹਨ! ਉਹਨਾਂ ਆਖਿਆ, "ਮੇਰੀ ਕਿਸੇ ਨਾਲ਼ ਦੁਸ਼ਮਣੀ ਨਹੀਂ ਤੇ ਇਸ ਲਈ ਮੈਨੂੰ ਕਿਸੇ ਕਿਸਮ ਦਾ ਕਿਸੇ ਤੋਂ ਕੋਈ ਖ਼ਤਰਾ ਨਹੀਂ ਤੇ ਨਾ ਹੀ ਮੈਨੂੰ ਫੋਕਾ ਵਿਖਾਵਾ ਕਰਨ ਦਾ ਸ਼ੌਕ ਹੈ; ਫਿਰ ਕਾਹਦੇ ਲਈ ਆਪਣੇ ਦੁਆਲ਼ੇ ਭੀੜ ਇਕੱਠੀ ਕਰੀ ਰੱਖੀਏ!"

ਫਿਰ ਮਾਰਚ ੧੯੭੩ ਵਿਚ ਮੈਂ, ਸੈਂਟ੍ਰਲ ਅਫ਼੍ਰੀਕਾ ਦੇ ਇਕ ਛੋਟੇ ਜਿਹੇ ਮੁਲਕ ਮਲਾਵੀ ਵਿਚ ਚਲਿਆ ਗਿਆ। ਓਥੇ ਆਪਣੇ ਚਿੱਠੀ-ਪੱਤਰ ਦੀ ਸੁਰੱਖਿਆ ਵਾਸਤੇ ਡਾਕਖਾਨੇ ਵਿਚ ਆਪਣੇ ਨਾਂ ਦਾ ਮੇਲ ਬਾਕਸ ਰੱਖਣਾ ਯੋਗ ਜਾਣ ਕੇ, ਮੈਂ ਵੀ ਬਾਕੀਆਂ ਵਾਂਙ ਇਹ ਲੈ ਲਿਆ। ਮੈਂ ਉਸ ਸਮੇ ਇਸ ਛੋਟੇ ਜਿਹੇ ਮੁਲਕ ਦੇ ਛੋਟੇ ਜਿਹੇ ਸ਼ਹਿਰ, ਲਿੰਬੀ ਵਿਚ ਰਹਿੰਦਾ ਸਾਂ। ਇਕ ਦਿਨ ਸ਼ਾਮ ਦੇ ਘੁਸਮੁਸੇ ਜਿਹੇ ਵਿਚ ਮੈਂ ਆਪਣਾ ਬਾਕਸ ਖੋਹਲ ਕੇ ਵਿਚੋਂ ਚਿੱਠੀਆਂ ਕੱਢ ਰਿਹਾ ਸਾਂ ਕਿ ਕੁਝ ਬਾਕਸ ਛੱਡ ਕੇ, ਇਕ ਹੋਰ ਉਸ ਦੇਸ਼ ਦਾ ਵਾਸੀ ਵਿਅਕਤੀ ਵੀ ਇਹੋ ਕੁਝ ਕਰ ਰਿਹਾ ਸੀ। ਉਹ ਸੱਜਣ, ਮਵਾਲੋ ਨਮਾਇਓ, ਦੇਸ਼ ਦਾ ਨੰਬਰ ਦੋ ਦਾ ਰਾਜਸੀ ਤੌਰ ਤੇ ਸ਼ਕਤੀਸ਼ਾਲੀ ਮਨੁਖ ਸੀ। ਮਲਾਵੀ ਦੀ ਇਕੋ ਇਕ ਪਾਰਟੀ ਦਾ ਜਨਰਲ ਸਕੱਤਰ ਤੇ ਪ੍ਰਬੰਧਕ ਸਕੱਤਰ ਹੋਣ ਦੇ ਨਾਲ਼ ਨਾਲ, ਪ੍ਰਧਾਨ ਦੇ ਦਫ਼ਤਰ ਵਿਚ ਵਜ਼ੀਰ ਵੀ ਸੀ। ਉਹ ਆਪਣੀ ਕਾਰ ਖ਼ੁਦ ਚਲਾ ਕੇ ਆਇਆ ਤੇ ਮੇਲ ਬਾਕਸ ਵਿਚੋਂ ਚਿੱਠੀਆਂ ਕੱਢ ਕੇ, ਆਪਣੀ ਕਾਰ ਚਲਾ ਕੇ ਚਲਿਆ ਗਿਆ।

ਤਕਰੀਬਨ ਬਤਾਲ਼ੀ ਸਾਲਾਂ ਪਿੱਛੋਂ ਇਹ ਘਟਨਾ ਹੁਣ ਕਿਉਂ ਯਾਦ ਆਈ? ਕਾਰਨ ਇਹ ਬਣਿਆ ਕਿ ਕਲ੍ਹ ਦੁਪਹਿਰੇ (੨੮.੯.੧੪) ਏਥੇ ਐਡੀਲੇਡ ਦੇ ਗੁਰਦੁਆਰਾ ਗੁਰੂ ਨਾਨਕ ਦਰਬਾਰ, ਐਲਨਬੀ ਗਾਰਡਨਜ਼ ਵਿਖੇ, ਦੁਪਹਿਰ ਤੋਂ ਪਿਛੋਂ, ਸਾਊਥ ਆਸਟ੍ਰੇਲੀਆ ਦੀ ਪਾਰਲੀਮੈਂਟ ਦਾ ਸਪੀਕਰ ਆਪਣੇ ਸਾਈਕਲ ਤੇ ਆਇਆ। ਯਾਦ ਰਹੇ ਕਿ ਆਸਟ੍ਰੇਲੀਆ ਦੀਆਂ ੬ ਸਟੇਟਾਂ ਦੀਆਂ ਲੈਜਿਸਲੇਚਰਾਂ ਨੂੰ ਵੀ ਪਾਰਲੀਮੈਂਟਾਂ ਹੀ ਆਖਿਆ ਜਾਂਦਾ ਹੈ। ਦੋ ਟੈਰੇਟਰੀਜ਼ ਹਨ; ਉਹਨਾਂ ਦੀਆਂ ਅਸੈਂਬਲੀਜ਼ ਹੁੰਦੀਆਂ ਹਨ। ਉਸ ਦਾ ਨਾਂ ਹੈ ਮਿਕ ਐਟਕਿਨਸਨ ਐਮ.ਪੀ.। ਆਇਆ ਉਹ ਇਸ ਲਈ ਕਿ ਇਕ ਸਿੱਖ ਨੌਜਵਾਨ, ਮਨਿੰਦਰਬੀਰ ਸਿੰਘ ਢਿੱਲੋਂ ਕੌਂਸਲ ਦੀ ਇਲੈਕਸ਼ਨ ਲੜ ਰਿਹਾ ਹੈ ਤੇ ਉਸ ਨਾਲ਼, ਉਸ ਨੇ ਫ਼ੋਟੋ ਖਿਚਵਾਉਣੀ ਸੀ ਤਾਂ ਕਿ ਮੀਡੀਏ ਨੂੰ ਦਿਤੀ ਜਾ ਸਕੇ। ਫ਼ੋਟੋ ਵੀ ਇਸ ਲੇਖ ਦੇ ਨਾਲ਼ ਸ਼ਾਮਲ ਹੈ। ਸਾਰੇ ਆਖੀ ਜਾਣ, ਐਮ.ਪੀ. ਨੇ ਆਉਣਾ ਹੈ, ਐਮ.ਪੀ. ਨੇ ਆਉਣਾ ਹੈ।" ਤਾਂਹੀਉਂ ਕੀ ਵੇਖਦੇ ਹਾਂ ਕਿ ਇਕ ਪਤਲਾ ਤੇ ਲੰਮਾ ਝੰਮਾ ਆਦਮੀ, ਸਿਰ ਤੇ ਹੈਲਮਿਟ ਪਾਈ, ਆਪਣੇ ਸਾਈਕਲ ਤੇ ਆ ਗਿਆ ਤੇ ਗੁਰਦੁਆਰੇ ਦੀ ਬਾਹਰਲੀ ਛੋਟੀ ਕੰਧ ਨਾਲ਼ ਆਪਣਾ ਸਾਈਕਲ ਲਾ ਕੇ, ਸਾਡੇ ਵਿਚ ਆ ਖਲੋਤਾ। ਉਸ ਨੇ ਸਾਰਿਆਂ ਨਾਲ਼ ਮੁਸਕਰਾ ਕੇ ਵਾਰੀ ਵਾਰੀ ਹੱਥ ਮਿਲਾਇਆ।

ਫ਼ੋਟੋ ਪਿੱਛੋਂ, ਗੁਰਦੁਆਰਾ ਸਾਹਿਬ ਦੇ ਪ੍ਰਧਾਨ, ਸ. ਮਹਾਬੀਰ ਸਿੰਘ ਗਰੇਵਾਲ ਨੇ ਉਸ ਨੂੰ ਦਫ਼ਤਰ ਵਿਚ ਬੈਠਾ ਕੇ, ਲੰਗਰੋਂ ਚਾਹ ਦਾ ਕੱਪ ਮੰਗਾ ਕੇ ਪਿਆ ਦਿਤਾ ਤੇ ਉਹ ਸਾਰਿਆਂ ਉਪਰ ਮੁਕ੍ਰਾਹਟ ਦਾ ਛੱਟਾ ਦਿੰਦਾ ਹੋਇਆ ਤੁਰ ਗਿਆ ਪਰ ਜਾਂਦਾ ਜਾਂਦਾ ਦਫ਼ਤਰ ਵਿਚ ਆਪਣਾ ਛੋਟਾ ਜਿਹਾ ਬੈਗ ਭੁੱਲ ਗਿਆ ਜੋ ਉਹ ਪਿੱਛੋਂ ਲੈਣ ਵਾਸਤੇ ਆਇਆ। ਉਸ ਸਮੇ ਓਥੇ ਇਕੱਲਾ ਮੈਂ ਹੀ ਸਾਂ। ਬੈਗ ਦੇਣ ਸਮੇ ਮੈਂ ਉਸ ਤੋਂ ਉਸ ਦਾ ਕਾਰਡ ਮੰਗਿਆ ਤਾਂ ਪਤਾ ਲੱਗਾ ਕਿ ਉਹ ਤਾਂ ਸਟੇਟ ਪਾਰਲੀਮੈਂਟ ਦਾ ਸਪੀਕਰ ਹੈ। ਇਹ ਹੈ ਅਸਲੀ ਟੌਹਰ ਇਸ ਮੁਲਕ ਦੇ

ਆਗੂਆਂ ਦਾ!

ਇਸ ਦੇ ਉਲ਼ਟ ਜੋ ਕੁਝ ਸਾਡੇ ਆਪਣੇ ਦੇਸ ਵਿਚ ਹੋ ਰਿਹਾ ਹੈ, ਉਸ ਬਾਰੇ ਓਥੇ ਰਹਿਣ ਵਾਲ਼ੇ ਮੇਰੇ ਨਾਲ਼ੋਂ ਵਧੇਰੇ ਜਾਣਦੇ ਹਨ। ਮੈਨੂੰ ਤਾਂ ਸਿਰਫ ਏਨੀ ਕੁ ਗੱਲ ਦਾ ਪਤਾ ਹੈ ਤੇ ਵੇਖ ਵੇਖ ਕੇ ਹੈਰਾਨ ਹੋਈ ਜਾਂਦਾ ਹਾਂ। "ਬੜੇ ਮੀਆਂ ਸੋ ਬੜੇ ਮੀਆਂ, ਛੋਟੇ ਮੀਆਂ ਸੁਭਹਾਨ ਅਲਾਹ!" ਰਾਜਸੀ ਤੇ ਸਰਕਾਰੀ ਵੱਡੇ ਲੋਕਾਂ ਨੇ ਤਾਂ ਜਨਤਾ ਤੇ ਰੋਹਬ ਪਾਉਣ ਲਈ ਜਾਂ ਖਿਆਲੀ ਦੁਸ਼ਮਣਾਂ ਤੋਂ ਆਪਣੀ ਰੱਖਿਆ ਲਈ, ਅਜਿਹਾ 'ਠਾਠਾ-ਬਾਗਾ' ਬਣਾਉਣਾ ਹੀ ਹੋਇਆ, ਹੈਰਾਨੀ ਤਾਂ ਇਸ ਗੱਲ ਦੀ ਹੁੰਦੀ ਹੈ ਕਿ ਜਦੋਂ ਧਾਰਮਿਕ ਪਦਵੀਆਂ ਉਪਰ ਬੈਠੇ ਹੋਏ ਜਾਂ ਲੱਥੇ ਹੋਏ ਸੱਜਣ ਪੁਰਸ਼ ਵੀ ਅਜਿਹੇ ਲਾਮ ਲਸ਼ਕਰ ਆਪਣੇ ਨਾਲ਼ ਲਈ ਫਿਰਦੇ ਹਨ! ਹੋਰ ਹੈਰਾਨੀ ਇਹ ਜਾਣ ਕੇ ਹੋਈ ਕਿ ਅਸ਼ੁਤੋਸ਼ ਦੀ ਲਾਸ਼ ਦੀ ਰੱਖਿਆ ਵਾਸਤੇ ਵੀ ਸਰਕਾਰ ਵੱਲੋਂ ਜ਼ੈਡ ਪਲੱਸ ਸੈਕਿਉਰਟੀ ਦਿਤੀ ਗਈ ਹੋਈ ਹੈ। ਅਜਿਹੀ ਸੈਕਿਉਰਟੀ ਅੱਜ ਕਲ੍ਹ ਚੀਫ਼ ਮਿਨਿਸਟਰ ਵਾਸਤੇ ਹੁੰਦੀ ਹੈ। ਪਾਇਲਟ ਗੱਡੀਆਂ, ਬਾਡੀ ਗਾਰਡ, ਪੁਲਸੀਏ ਤੇ ਪਤਾ ਨਹੀਂ ਹੋਰ ਕੀ ਕੀ ਕੁਝ! ਦੱਸੋ ਇਹਨਾਂ ਨੂੰ ਕਾਹਦਾ ਤੇ ਕਿਸ ਤੋਂ ਖ਼ਤਰਾ ਹੈ, ਧਰਮ ਸਥਾਨ ਦੀ ਯਾਤਰਾ ਦੌਰਾਨ? ਜੇਕਰ ਅਜਿਹੇ ਧਰਮਸਥਾਨ ਤੇ ਉਹਨਾਂ ਨੂੰ ਕੋਈ ਮਾਰ ਵੀ ਜਾਵੇਗਾ ਤਾਂ ਉਹ, "ਮਰਉ ਤ ਹਰਿ ਕੈ ਦੁਆਰ" ਦੇ ਮਹਾਵਾਕ ਨੂੰ ਹੀ ਸਫ਼ਲ ਕਰ ਰਹੇ ਹੋਣਗੇ! ਜੇ ਖ਼ੁਸ਼ਕਿਸਮਤੀ ਨਾਲ਼ ਉਹਨਾਂ ਨਾਲ ਅਜਿਹਾ ਵਾਪਰ ਵੀ ਜਾਵੇ ਤਾਂ ਉਹ ਤਾਂ ਕੌਮੀ ਸ਼ਹੀਦ ਮੰਨੇ ਜਾਣਗੇ, ਆਪਣਾ ਉਹਨਾਂ ਦਾ ਵਾਸਾ ਸੱਚਖੰਡ ਵਿਚ ਹੋਵੇਗਾ ਤੇ ਪਿੱਛੇ ਰਹੀਆਂ ਉਹਨਾਂ ਦੀਆਂ ਪੀਹੜੀਆਂ ਨੂੰ, 'ਸ਼ਹੀਦ ਦਾ ਪਰਵਾਰ' ਦਾ ਪੰਥ ਵੱਲੋਂ ਖ਼ਿਤਾਬ ਦੇ ਕੇ, ਆਰਥਿਕ ਤੌਰ ਤੇ ਉਹਨਾਂ ਦੀ ਕਾਇਆਂ ਕਲਪ ਕਰ ਦਿਤੀ ਜਾਵੇਗੀ। ਏਨਾ ਸਸਤਾ ਸੌਦਾ ਵੀ ਮਨਜ਼ੂਰ ਨਹੀਂ ਤਾਂ ਦੱਸੋ ਹੋਰ ਉਹਨਾਂ ਨੂੰ ਕੀ ਚਾਹੀਦਾ ਹੈ?

ਮੇਰੇ ਅਜਿਹੇ ਵਿਚਾਰ ਸੁਣ ਕੇ ਇਕ ਦਿਨ ਇਕ ਸੱਜਣ ਬੋਲਿਆ, "ਤੈਨੂੰ ਭਾਊ ਪੁਲਸੀਆਂ ਦੇ ਰੁਝੇਵੇਂ ਦਾ ਹੀ ਫਿਕਰ ਲੱਗਿਆ ਰਹਿੰਦਾ ਹੈ। ਹੋਰ ਉਹਨਾਂ ਨੇ ਕਰਨਾ ਕੀ ਹੈ! ਚੰਗਾ ਹੈ ਕਿ ਉਹ ਆਗੂਆਂ ਦੇ ਅੱਗੇ ਪਿੱਛੇ ਫਿਰਦੇ ਹੋਏ ਵਾਹਵਾ ਰੁਝੇ ਰਹਿੰਦੇ ਨੇ ਤੇ ਜਨਤਾ ਉਹਨਾਂ ਦੇ ਜ਼ੁਲਮ ਤੋਂ ਕਿਸੇ ਹੱਦ ਤੱਕ ਰਾਹਤ ਪਰਾਪਤ ਕਰ ਲੈਂਦੀ ਹੈ। ਉਹਨਾਂ ਕੇਹੜਾ ਕਿਤੇ ਕਿਸੇ ਦੇ ਜਾਨ ਮਾਲ ਦੀ ਰੱਖਿਆ ਕਰਨੀ ਹੈ! ਸਗੋਂ ਜਿਥੇ ਵੀ ਦਾ ਲੱਗਿਆ ਕਿਸੇ ਨਾ ਕਿਸੇ ਤੋਂ ਕੁਝ ਖੋਹਣਾ ਹੀ ਹੈ; ਧਨ ਖੋਹਣ, ਜਾਨ ਜਾਂ ਇਜ਼ਤ!"

# ਚਰਚਾ ਚਾਰ ਪ੍ਰਕਾਰ ਦੀ

ਸਤਿਗੁਰੂ ਸਾਹਿਬਾਨ ਸਮੇ ਕਿਸੇ ਵਾਪਰੀ ਖਾਸ ਘਟਨਾ ਜਾਂ ਕਿਸੇ ਜਗਿਆਸੂ ਵੱਲੋਂ ਪੁੱਛੇ ਗਏ ਪ੍ਰਸ਼ਨ ਦੇ ਉਤਰ ਵਿਚ ਜੋ ਸਤਿਗੁਰੂ ਜੀ ਫੁਰਮਾਇਆ ਕਰਦੇ ਸਨ ਉਹ, ''ਪ੍ਰਥਾਇ ਸਾਖੀ ਮਹਾਪੁਰਖ ਬੋਲਦੇ ਸਾਝੀ ਸਗਲ ਜਹਾਨੈ॥'' (ਪੰਨਾ ੬੪੭) ਦੇ ਕਥਨ ਅਨੁਸਾਰ, ਸਦੀਵ ਕਾਲ ਵਾਸਤੇ ਮਨੁਖਤਾ ਦੀ ਭਲਾਈ ਹਿਤ ਉਪਦੇਸ਼ ਹੁੰਦਾ ਸੀ ਤੇ ਹੈ।

ਅਜਿਹਾ ਹੀ ਇਕ ਵਾਕਿਆ ਛੇਵੇਂ ਪਾਤਿਸ਼ਾਹ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੇ ਸਮੇ ਵਾਪਰਿਆ। ਗੁਰੂ ਘਰ ਦੇ ਸੂਝਵਾਨ, ਧੀਰਜਵਾਨ, ਅਨਿਨ ਸੇਵਕ, ਗੁਰੂ ਦਰਬਾਰ ਦੀ ਭਰਪੂਰ ਸੇਵਾ ਕਰਨ ਵਾਲ਼ੇ, ਭਾਈ ਦਰਗਾਹਾ ਭੰਡਾਰੀਆ ਨੇ ਗੁਰੂ ਜੀ ਪਾਸੋਂ ਪੁੱਛਿਆ ਕਿ ਕਈ ਵਾਰ ਸਿੱਖ ਗੁਰਬਾਣੀ ਦੀ ਚਰਚਾ ਕਰਨ ਸਮੇ, ਕਈ ਆਪਸ ਵਿਚ ਲੜ ਪੈਂਦੇ ਹਨ। ਆਪਣੀ ਆਪਣੀ ਸਮਝ ਵਿਚ ਆਏ ਗੁਰਬਾਣੀ ਦੇ ਅਰਥਾਂ ਉਪਰ ਅੜ ਕੇ, ਝਗੜ ਪੈਂਦੇ ਹਨ ਪਰ ਆਪੋ ਆਪਣੇ ਵਿਚਾਰਾਂ ਉਪਰ ਡਟੇ ਰਹਿੰਦੇ ਹਨ। ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਉਪਦੇਸ਼ ਬਖ਼ਸ਼ਦਿਆਂ ਫੁਰਮਾਇਆ ਕਿ ਚਰਚਾ ਚਾਰ ਪ੍ਰਕਾਰ ਦੀ ਹੁੰਦੀ ਹੈ; ਸਿੱਖਾਂ ਨੂੰ ਦੋ ਪ੍ਰਕਾਰ ਦੀ ਚਰਚਾ ਕਰਨੀ ਚਾਹੀਏ ਤੇ ਦੋ ਤੋਂ ਸਦਾ ਹੀ ਬਚਣਾ ਚਾਹੀਏ:

੧. ਗੁਰਮਖ ਜਨ, ਗੁਰਬਾਣੀ ਦੇ ਜੇਹੜੇ ਅਰਥਾਂ ਦੀ ਸਮਝ ਨਾ ਲੱਗੇ ਤਾਂ ਪਰੇਮ ਅਤੇ ਸਤਿਕਾਰ ਸਹਿਤ ਦੂਸਰੇ ਕੋਲ਼ੋਂ ਪੁੱਛ ਲੈਂਦੇ ਹਨ ਤੇ ਸੁਣ ਕੇ ਪ੍ਰੇਮ ਸਹਿਤ ਧਾਰਨ ਕਰਦੇ ਹਨ।

੨. ਜੋ ਖ਼ੁਦ ਨੂੰ ਪਤਾ ਹੈ ਉਸ ਦਾ ਬਿਆਨ ਕਰਨਾ ਤੇ ਜੋ ਦੂਜਾ ਕਹੇ ਉਸ ਨੂੰ ਪ੍ਰੇਮ ਸਹਿਤ ਧਿਆਨ ਦੇ ਕੇ ਸੁਣਨਾ। ਪਰਸਪਰ ਵਿਚਾਰ ਵਟਾਂਦਰੇ ਤੋਂ ਬਾਅਦ ਜੋ ਸਹੀ ਲੱਗੇ, ਬਿਨਾ ਸ਼ੰਕਾ ਉਸ ਨੂੰ ਮੰਨ ਲੈਣਾ। ਆਪ ਵਰਗੇ ਜਾਂ ਆਪ ਤੋਂ ਵਧੇਰੇ ਸਮਝਦਾਰ ਦੇ ਵਿਚਾਰਾਂ ਨੂੰ, ਜਿਵੇਂ ਉਹ ਸੁਣਾਵੇ ਭਲੀ ਪ੍ਰਕਾਰ ਸੁਣਨਾ ਚਾਹੀਦਾ ਹੈ। ਹਉਮੈ, ਪ'ਖਵਾਦ ਆਦਿ ਨੂੰ ਤਜ ਕੇ, ਸਹੀ ਨਿਰਨਾ ਕਰਕੇ, ਯਥਾਰਥਕ ਗਿਆਨ ਨੂੰ ਹਿਰਦੇ ਵਿਚ ਧਾਰਨਾ। ਇਕ ਨੂੰ ਅਰਥ ਸਮਝ ਨਾ ਆਇਆ ਤੇ ਦੂਜੇ ਤੋਂ ਸੁਣ ਲਿਆ; ਦੋਵਾਂ ਨੇ ਮਿਲ਼ ਕੇ, ਬਹੁਤ ਪਰੇਮ ਨਾਲ਼ ਆਪਣੀ ਆਪਣੀ ਸਮਝ ਅਨੁਸਾਰ, ਆਪਣਾ ਵਿਚਾਰ ਪਰਗਟ ਕਰ ਦਿਤਾ। ਇਉਂ ਦੋਹਾਂ ਦੇ ਗਿਆਨ ਵਿਚ ਵਾਧਾ ਹੋਇਆ। ਜਿਵੇਂ ਦੀਵੇ ਦੇ ਥੱਲੇ ਹਨੇਰਾ ਰਹਿ ਜਾਂਦਾ ਹੈ ਪਰ ਦੂਜੇ ਦੀਵੇ ਨਾਲ਼ ਦੋਹਾਂ ਦਾ ਹਨੇਰਾ ਦੂਰ ਹੋ ਜਾਂਦਾ ਹੈ। ਏਸੇ ਤਰ੍ਹਾਂ ਦੋਵੇਂ ਸ਼ਰਧਾਵਾਨ ਗੁਰਸਿੱਖ ਇਕ ਦੂਜੇ ਦਾ ਅਗਿਆਨ ਰੂਪੀ ਹਨੇਰਾ ਦੂਰ ਕਰ ਦਿੰਦੇ ਹਨ।ਦੂਜੇ ਦੀ ਗੱਲ ਨਾ ਸੁਣਨ ਵਾਲ਼ਾ ਇਕੱਲਾ ਆਪਣੀ ਵਿਦਵਤਾ ਦੇ ਹੰਕਾਰ ਵਿਚ ਰਹਿੰਦਾ ਹੈ ਤੇ ਉਸ ਦੇ ਗਿਆਨ ਵਿਚ ਵਾਧਾ ਨਹੀਂ ਹੁੰਦਾ ਪਰ ਦੋਵੇਂ ਮਿਲ਼ ਕੇ ਸ਼ਬਦ ਦਾ ਸਹੀ ਅਨੰਦ ਲੈਂਦੇ ਹਨ। ਇਸ ਪ੍ਰਕਾਰ ਮਹਾਂ ਫਲ ਪ੍ਰਾਪਤ ਹੁੰਦਾ ਹੈ।

੩. ਜੋ ਆਪਣੀ ਗੱਲ ਹੀ ਸੁਣਾਉਂਦਾ ਹੈ ਤੇ ਦੂਸਰੇ ਦੀ ਨਹੀਂ ਸੁਣਦਾ। ਆਪਣੀ ਗ਼ਲਤ ਗੱਲ ਤੇ ਵੀ ਅੜਿਆ ਰਹਿੰਦਾ ਹੈ। ਸਹੀ ਗੱਲ ਨੂੰ ਸਮਝ ਕੇ ਮੰਨਣ ਦੀ ਬਜਾਇ ਦੋਵੇਂ ਆਪਣੀ ਆਪਣੀ ਗੱਲ ਤੇ ਅੜੇ ਰਹਿੰਦੇ ਹਨ। ਉਕਤੀਆਂ ਜੁਗਤੀਆਂ ਕਰਕੇ ਦੋਵੇਂ ਆਪਣੇ ਆਪਣੇ ਪੱਖ ਨੂੰ, ਭਾਵੇਂ ਗ਼ਲਤ ਹੀ ਹੋਵੇ, ਸਿਧ ਕਰਨ ਦਾ ਯਤਨ ਕਰਦੇ ਹਨ। ਜਿਉਂ ਤਿਉਂ ਕਰਕੇ ਆਪਣੇ ਆਪਣੇ ਅਰਥਾਂ ਉਪਰ ਜਿਦ ਨਾਲ਼ ਦ੍ਰਿੜ੍ਹ ਰਹਿ ਕੇ, ਦੂਜੇ ਦੀ ਗੱਲ ਨੂੰ, ਭਾਵੇਂ ਸਹੀ ਹੀ ਹੋਵੇ, ਰੱਦ ਕਰਨ ਲਈ ਬਹਿਸ ਕਰਦੇ ਹਨ। ਇਉਂ ਆਪਣੇ ਕ੍ਰੋਧ ਵਿਚ ਵਾਧਾ ਕਰਦੇ ਹਨ। ਕਚਹਿਰੀ ਵਿਚਲੇ ਵਕੀਲਾਂ ਵਾਂਙ, ਅਨੇਕਾਂ ਦਲੀਲਾਂ ਦੇ ਦੇ ਕੇ, ਦੂਜੇ ਨੂੰ ਗ਼ਲਤ ਸਾਬਤ ਕਰਨ ਦੀ ਕੁਚੇਸ਼ਟਾ ਕਰਦੇ ਹਨ। ਇਸ ਤਰ੍ਹਾਂ ਕ੍ਰੋਧ ਦੇ ਵਸ ਹੋ ਕੇ, ਆਪਸ ਵਿਚ ਵੈਰ ਵਧਾਉਂਦੇ ਹਨ। ਇਕ ਦੂਜੇ ਨੂੰ ਜਰਦੇ ਨਹੀਂ ਤੇ ਨਾ ਹੀ ਇਕ ਨੂੰ ਦੂਜੇ ਦਾ ਜਸ ਭਾਉਂਦਾ ਹੈ। ਅਜਿਹਾ ਕਰਨ ਨਾਲ਼ ਵੈਰ ਭਾਵ ਉਪਜਦਾ ਹੈ।

੪. ਇਸ ਚਰਚਾ ਅਨੁਸਾਰ ਆਪ ਨੂੰ ਕੁਝ ਸਮਝ ਨਹੀਂ ਤੇ ਦੂਜਾ ਜੋ ਆਖੇ ਉਸ ਨੂੰ ਮੰਨਣਾ ਨਹੀਂ। ਵਿਦਵਾਨ ਲੋਕ ਅਜਿਹੇ ਵਿਅਕਤੀ ਦੇ ਰਵਈਏ ਤੋਂ ਦੁਖੀ ਹੁੰਦੇ ਹਨ। ਅਜਿਹੀ ਚਰਚਾ ਵੀ ਸਿੱਖ ਨੇ ਤਿਆਗਣੀ ਹੈ। ਸਿੱਖ ਨੂੰ ਚਾਹੀਦਾ ਹੈ ਕਿ ਉਹ ਪਰੇਮ ਸਹਿਤ ਸਾਰ ਨੂੰ ਗ੍ਰਹਿਣ ਕਰੇ। ਕਿਸੇ ਦਾ ਵੀ ਮਨ ਬਹਿਸ ਕਰਕੇ ਦੁਖਾਵੇ ਨਾ। ਪਰੇਮ ਸਹਿਤ ਗੁਰਬਾਣੀ, ਗੁਰੂ ਕੀ ਸਾਖੀ ਉਚਾਰ ਕੇ ਸਭ ਹਿਰਦਿਆਂ ਵਿਚ ਪ੍ਰਸੰਨਤਾ ਉਪਜਾਵੇ।

ਗੁਰੂ ਜੀ ਦੇ ਮੁਖੋਂ ਇਹ ਬਚਨ ਸੁਣ ਕੇ ਸਭ ਨੇ ਹਿਰਦੇ ਵਿਚ ਸ਼ਰਧਾ ਧਾਰੀ।

(ਭਾਈ ਸੰਤੋਖ ਸਿੰਘ ਜੀ ਲਿਖਤ ਗੁਰਪ੍ਰਤਾਪ ਸੂਰਜ ਗ੍ਰੰਥ, ਦੇ ਅਧਿਆਇ ਇਕਤਾਲੀਵਾਂ, ਰਾਸ ਪੰਜਵੀਂ, ਬੰਦ ੧ ਤੋਂ ੧੭ ਤ'ਕ, ਉਪਰ ਆਧਾਰਤ)

# ਵਕਤੇ ਅਤੇ ਸਰੋਤੇ ਦੇ ਚੌਦਾਂ ਚੌਦਾਂ ਗੁਣ

ਇਸ ਸਮੇ ਸਿਖ ਸੰਸਾਰ ਵਿਚ ਜਿਥੇ ਸੰਤ ਮਹਾਤਮਾਂ, ਕੀਰਤਨੀਏ, ਲੇਖਕ, ਵਿਦਵਾਨ ਆਦਿ ਸਤਿਗੁਰਾਂ ਦੀ ਕਿਰਪਾ ਸਦਕਾ ਸਿੱਖ ਪੰਥ ਦੀ ਆਪਣੀ ਆਪਣੀ ਯੋਗਤਾ ਅਤੇ ਵਿੱਦਿਆ ਰਾਹੀਂ ਸੇਵਾ ਕਰ ਰਹੇ ਹਨ ਓਥੇ ਕਥਾਕਾਰ ਅਤੇ ਪ੍ਰਚਾਰਕ ਵੀ ਪੂਰਾ ਪੂਰਾ ਹਿੱਸਾ ਪਾ ਰਹੇ ਹਨ। ਪਹਿਲਾਂ ਕੇਵਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅਤੇ ਹੋਰ ਸਿੱਖ ਪੁਰਾਤਨ ਧਾਰਮਿਕ ਅਤੇ ਇਤਿਹਾਸਕ ਗ੍ਰੰਥਾਂ ਦੀ ਇਕ ਇਕ ਤੁਕ ਦਾ ਪਾਠ ਕਰਕੇ ਤੇ ਫਿਰ ਉਸ ਦੀ ਜੋ ਵਿਆਖਿਆ ਕੀਤੀ ਜਾਂਦੀ ਸੀ, ਉਸ ਨੂੰ ਕਥਾ ਆਖਿਆ ਜਾਂਦਾ ਸੀ। ਜਿਵੇਂ ਅੰਮ੍ਰਿਤਸਰ ਦੇ ਗੁਰਦੁਆਰਾ ਮੰਜੀ ਸਾਹਿਬ ਸਮੇਤ ਇਤਿਹਸਕ ਗੁਰਦੁਆਰਾ ਸਾਹਿਬਾਨ ਵਿਖੇ ਅੱਜ ਵੀ ਇਸ ਤਰ੍ਹਾਂ ਹੀ ਕਥਾ ਕੀਤੀ ਜਾਂਦੀ ਹੈ। ਅਧੀ ਕੁ ਸਦੀ ਪਹਿਲਾਂ ਕੁਝ ਵਿਦਵਾਨ ਜੋ ਧਾਰਮਿਕ ਵਿਖਿਆਨ ਕਰਿਆ ਕਰਦੇ ਸਨ ਅਜੋਕੇ ਸਮੇ ਉਹਨਾਂ ਦੇ ਵਿਖਿਆਨ ਨੂੰ ਕਥਾ ਆਖਿਆ ਜਾਂਦਾ ਹੈ। ਸਿੱਖ ਵਿਦਵਾਨਾਂ ਦੇ ਸੰਸਾਰ ਵਿਚ, ਸਵੱਰਗਵਾਸੀ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ ਆਗਮਨ ਨਾਲ਼ ਇਸ ਵਿਖਿਆਨ ਦਾ ਨਾਂ ਕਥਾ ਪੈ ਗਿਆ ਹੈ ਅਤੇ ਅੱਜ ਕਲ੍ਹ ਇਸ ਨੂੰ ਕਥਾ ਹੀ ਆਖਿਆ ਜਾਂਦਾ ਹੈ। ਇਸ ਦੇ ਕੁਝ ਕਾਰਨ ਹਨ; ਇਕ ਤਾਂ ਕਥਾ ਨਾਂ ਤੋਂ ਧਾਰਮਿਕਤਾ ਦਾ ਪ੍ਰਭਾਵ ਪੈਂਦਾ ਹੈ ਜਦੋਂ ਕਿ ਵਿਖਿਆਨ ਸ਼ਬਦ ਤੋਂ ਓਨੀ ਧਾਰਮਿਕਤਾ ਦਾ ਆਭਾਸ ਨਹੀਂ ਹੁੰਦਾ। ਫਿਰ ਗਿਆਨੀ ਸੰਤ ਸਿੰਘ ਮਸਕੀਨ ਜੀ ਦੇ, ਪੁਰਾਤਨ ਕਥਾ ਦੀ ਪ੍ਰੰਪਰਾ ਤੋਂ ਹਟ ਕੇ, ਵਿਲੱਖਣ ਤਰੀਕੇ ਨਾਲ਼ ਸਿੱਖ ਸਟੇਜਾਂ ਉਪਰ ਕੀਤੇ ਗਏ ਵਿਖਿਆਨਾਂ ਨੂੰ, ਸੰਗਤਾਂ ਵੱਲੋਂ ਕਥਾ ਤਸੱਵਰ ਕਰ ਲਿਆ ਗਿਆ ਹੈ। ਵੀਹਵੀਂ ਸਦੀ ਦੇ ਹਿੰਦੀ ਸੰਸਾਰ ਦੇ ਅਤੀ ਪ੍ਰਭਾਵਸ਼ਾਲੀ ਬੁਲਾਰੇ ਆਚਾਰੀਆ ਰਜਨੀਸ਼ (ਓਸ਼ੋ) ਦੇ ਬੋਲਣ ਦੀ ਸ਼ੈਲੀ ਨੂੰ, ਗਿਆਨੀ ਮਸਕੀਨ ਜੀ ਨੇ ਏਨੀ ਸਫ਼ਲਤਾ ਸਹਿਤ ਸਿੱਖ ਧਾਰਮਿਕ ਸੰਸਾਰ ਵਿਚ ਹਰਮਨ ਪਿਆਰਤਾ ਪ੍ਰਦਾਨ ਕਰ ਦਿਤੀ ਹੈ ਕਿ ਇਸ ਨੂੰ ਸਿੱਖ ਧਾਰਮਿਕ ਵਿਦਵਾਨਾਂ ਨੇ ਬੜੇ ਉਤਸ਼ਾਹ ਸਹਿਤ ਸਵੀਕਾਰ ਕਰ ਲਿਆ ਤੇ ਸਿੱਖ ਸੰਗਤਾਂ ਵੱਲੋਂ ਵੀ ਇਸ ਸ਼ੈਲੀ ਨੂੰ ਮਾਨਤਾ ਪ੍ਰਾਪਤ ਹੋ ਗਈ ਹੈ ਅਤੇ ਇਹ ਕਥਾ ਸਵੀਕਾਰੀ ਗਈ ਹੈ। ਮਸਕੀਨ ਜੀ ਉਪਰ ਗੁਰੂ ਜੀ ਦੀ ਏਨੀ ਬਖ਼ਸ਼ਿਸ਼ ਹੋਈ ਕਿ ਉਹਨਾਂ ਨੇ ਓਸ਼ੋ ਦੀ ਸ਼ੈਲੀ ਨੂੰ, ਸ਼ੇਖ਼ ਸਾਅਦੀ ਦੀਆਂ ਦੋ ਕਿਤਾਬਾਂ ਗੁਲਿਸਤਾਂ ਅਤੇ ਬੋਲਿਸਤਾਂ ਦੀ ਫ਼ਿਲਾਸਫ਼ੀ ਦੀ ਪੁਠ ਚਾਹੜ ਕੇ, ਸਿੱਖ ਸਾਹਿਤ ਅਤੇ ਸਿੱਖ ਧਾਰਮਿਕ ਰੰਗਣ ਏਨੀ ਸਫ਼ਲਤਾ ਨਾਲ਼ ਦੇ ਦਿਤੀ ਕਿ ਉਹਨਾਂ ਦੇ ਬੋਲਣ ਢੰਗ ਨੂੰ ਤਕਰੀਬਨ ਸਾਰੇ ਸਿੱਖ ਸਟੇਜ ਦੇ ਬੁਲਾਰਿਆਂ ਨੇ ਅਪਣਾ ਲਿਆ। ਮਸਕੀਨ ਜੀ ਦੀ ਅਦਾਇਗੀ ਨਾਲ਼ ਇਹ ਸ਼ੈਲੀ ਏਨੀ ਪਸੰਦੀਦਾ ਬਣ ਗਈ ਕਿ ਕਿ ਤਿੰਨ ਸਦੀਆਂ ਪੁਰਾਣੀ ਦਮਦਮੀ ਟਕਸਾਲ ਦੇ ਕਥਾਕਾਰ ਵੀ ਇਸ ਸ਼ੈਲੀ ਤੋਂ ਪ੍ਰਭਾਵਤ ਹੋਣੋ ਨਾ ਰਹਿ ਸਕੇ। ਸਿੱਖ ਸੰਸਾਰ ਵਿਚ ਮਸਕੀਨ ਜੀ ਦੀ ਸਰਬਪੱਖੀ ਸਫ਼ਲਤਾ ਵੇਖ ਕੇ, ਕਈ ਬੁਲਾਰੇ ਤਾਂ ਉਹਨਾਂ ਵਰਗੇ ਬਸਤਰ ਵੀ ਪਹਿਨਣ ਲੱਗ ਪਏ ਹਨ। ਇਕੋ ਰੰਗ ਦਾ ਕੁਰਤਾ ਪਜਾਮਾ ਅਤੇ ਜੈਕਟ ਵਾਲ਼ੇ ਥ੍ਰੀ ਪੀਸ ਸੂਟ ਦਾ ਪ੍ਰਚੱਲਣ ਗਿਆਨੀ ਮਸਕੀਨ ਜੀ ਤੋਂ ਹੀ ਤੁਰਿਆ ਸੀ। ਦਸਤਾਰ ਦਾ ਕਾਲ਼ਾ ਰੰਗ ਭੀ ਕਥਾਵਾਚਕਾਂ ਨੇ, ਉਹਨਾਂ ਤੋਂ ਹੀ ਪ੍ਰਭਾਵਤ ਹੋ ਕੇ ਅਪਣਾਇਆ। ਏਥੋਂ ਤੱਕ ਕਿ ਕੁਝ ਬੁਲਾਰੇ ਤਾਂ ਆਪਣੀ ਦਾਹੜੀ ਵਿਚ ਵਲ਼ ਵੀ ਓਨੇ ਹੀ ਪਾਉਣ ਲੱਗ ਪਏ ਜਿੰਨੇ ਗਿਆਨੀ ਮਸਕੀਨ ਜੀ ਦੀ ਦਾਹੜੀ ਵਿਚ ਹੁੰਦੇ ਸਨ।

ਅਜਿਹਾ ਹੋ ਜਾਣਾ ਸੁਭਾਵਕ ਹੀ ਹੈ ਤੇ ਇਸ ਵਿਚ ਕੋਈ ਗੁਰਮਤਿ ਤੋਂ ਉਲ਼ਟ ਜਾਂ ਗ਼ਲਤ ਗੱਲ ਵੀ ਨਹੀਂ। ਕਿਸੇ ਵਿਅਕਤੀ ਦੀਆਂ ਚੰਗਿਆਈਆਂ ਨੂੰ ਅਪਣਾਉਣਾ, ਉਸ ਵਰਗੇ ਬਣਨ ਦਾ ਯਤਨ ਕਰਨਾ, ਬਿਲਕੁਲ ਕੁਦਰਤੀ ਵਰਤਾਰਾ ਹੈ। ਇਸ ਤੇ 'ਕਿੰਤੂ-ਪ੍ਰੰਤੂ' ਦੀ ਕੋਈ ਗੁੰਜਾਇਸ਼ ਨਹੀਂ।

ਇਸ ਲੇਖ ਦੁਆਰਾ, ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਵਕਤੇ ਅਤੇ ਸਰੋਤੇ ਦੇ ਗੁਣਾਂ ਦਾ ਜੋ ਗਿਆਨ, ਆਪਣੇ ਸ਼ਰਧਾਲੂ ਸਿੱਖਾਂ ਨੂੰ ਬਖ਼ਸ਼ਿਆ ਸੀ, ਉਸ ਦਾ ਸੰਖੇਪ ਵਿਚ ਜ਼ਿਕਰ ਕੀਤਾ ਜਾ ਰਿਹਾ ਹੈ। "ਪਰਥਾਇ ਸਾਖੀ ਮਹਾ ਪੁਰਖ ਬੋਲਦੇ ਸਾਝੀ ਸਗਲ ਜਹਾਨੈ॥" (੬੪੭) ਵਾਲ਼ੇ ਮਹਾਵਾਕ ਅਨੁਸਾਰ, ਗੁਰੂ ਸਾਹਿਬਾਨ ਦੇ ਬਚਨ ਸਦੀਵ ਕਾਲ ਵਾਸਤੇ ਹੀ ਮਨੁਖਤਾ ਲਈ ਚਾਨਣ ਮੁਨਾਰਾ ਹੁੰਦੇ ਹਨ।

ਭਾਈ ਤੁਲਸੀਆ, ਭਾਈ ਦਰਗਾਹ, ਭਾਈ ਤਖਤੂ ਧੀਰ ਅਤੇ ਭਾਈ ਤੀਰਥ ਉਪਲ, ਚਾਰ ਸਿੱਖ ਮਨਸ਼ਾ ਧਾਰ ਕੇ ਇਕੱਠੇ ਹੋ ਕੇ, ਗੁਰੂ ਜੀ ਦੇ ਦਰਸ਼ਨ ਕਰਨ ਵਾਸਤੇ ਆਏ। ਬੰਦਨਾ ਕਰਕੇ ਸਾਰੇ ਗੁਰੂ ਜੀ ਪਾਸ ਬੈਠ ਗਏ। ਹੱਥ ਜੋੜ ਕੇ ਉਹਨਾਂ ਨੇ ਗੁਰੂ ਜੀ ਦੇ ਚਰਨਾਂ ਵਿਚ ਇਉਂ ਬੇਨਤੀ ਕੀਤੀ, "ਹੇ ਸੱਚੇ ਪਾਤਿਸ਼ਾਹ ਜੀ! ਜੇਹੜੇ ਅਨੇਕ ਸਿੱਖ ਕਥਾ, ਵਿਖਿਆਨ ਅਤੇ ਗੁਰਬਾਣੀ ਦੇ ਅਰਥ ਕਰਦੇ ਹਨ, ਅਸੀਂ ਉਹ ਸੁਣਦੇ ਹਾਂ। ਸੁਣ ਕੇ ਕਿਸੇ ਦੇ ਵੀ ਮਨ ਨੂੰ ਸ਼ਾਤੀ ਨਹੀਂ ਆਉਂਦੀ। ਏਧਰ ਓਧਰ ਤੋਂ ਹਟ ਕੇ ਬਿਰਤੀ ਸਥਿਰ ਨਹੀਂ ਰਹਿੰਦੀ ਹੈ ਪਰ ਜਦੋਂ ਭਾਈ ਨਿਵਲਾ ਅਤੇ ਨਿਹਾਲੂ ਦੋਵੇਂ ਕਥਾ ਕਰਦੇ ਹਨ ਤਾਂ ਉਹਨਾਂ ਦੇ ਮੁਖੋਂ ਕਥਾ ਸੁਣ ਕੇ ਮਨ ਪ੍ਰਭਾਵਤ ਹੁੰਦਾ ਤੇ ਵਿਕਾਰਾਂ ਤੋਂ ਡਰ ਲੱਗਣ ਲੱਗਦਾ ਹੈ। ਹਿਰਦੇ ਵਿਚੋਂ ਦੁਰਮਤਿ ਦਾ ਨਾਸ ਤੇ ਗੁਰਮਤਿ ਦਾ ਪ੍ਰਕਾਸ਼ ਹੁੰਦਾ ਹੈ। ਅਨੇਕਾਂ ਗੁਣ ਹਿਰਦੇ ਵਿਚ ਪਰਗਟ ਹੋ ਜਾਂਦੇ ਹਨ ਤੇ ਮਨ ਵਿਚ ਪਰਉਪਕਾਰ ਕਰਨ ਦਾ ਉਮਾਹ ਪੈਦਾ ਹੁੰਦਾ ਹੈ।"

ਸਿਖਾਂ ਦੀ ਇਹ ਬੇਨਤੀ ਸੁਣ ਕੇ ਸ੍ਰੀ ਗੁਰੂ ਹਰਿ ਗੋਬਿੰਦ ਜੀ ਨੇ ਮੁਖੋਂ ਉਚਾਰਿਆ ਕਿ ਸਤਿਗੁਰੂ ਜੀ ਦਾ ਸ਼ਬਦ ਅੰਮ੍ਰਿਤ ਸਮਾਨ ਮਹਾਨ ਹੈ। ਇਸ ਦੀ ਕਥਾ ਕਰਨ ਵਾਲ਼ੇ ਬੁਲਾਰੇ ਵਿਚ ਚੌਦਾਂ ਗੁਣ ਹੋਣੇ ਚਾਹੀਦੇ ਹਨ। ਜਿਸ ਵਿਚ ਇਹ ਚੌਦਾਂ ਗੁਣ ਹੋਣ ਉਸ ਤੋਂ ਗੁਰਬਾਣੀ ਦੀ ਕਥਾ ਸੁਣ ਕੇ ਗੁਰਸਿੱਖ ਗਿਆਨ ਪਰਾਪਤ ਕਰ ਲੈਂਦੇ ਹਨ। ਜਿਵੇਂ ਵਕਤੇ ਵਿਚ ਚੌਦਾਂ ਗੁਣ ਚਾਹੀਦੇ ਹਨ ਓਸੇ ਤਰ੍ਹਾਂ ਸਰੋਤੇ ਵਿਚ ਵੀ ਚੌਦਾਂ ਗੁਣ ਹੋਣ ਤਾਂ ਸੋਨੇ ਤੇ ਸੁਹਾਗੇ ਵਾਲ਼ੀ ਗੱਲ ਬਣ ਜਾਂਦੀ ਹੈ। ਅਜਿਹਾ ਸਰੋਤਾ ਗੁਣਵਾਨ ਵਕਤੇ ਤੋਂ ਸੁਣ ਕੇ ਤੁਰਤ ਗਿਆਨ ਪਰਾਪਤ ਕਰ

ਲੈਂਦਾ ਹੈ। ਜੇ ਦੋਹਾਂ ਵਿਚ ਚੌਦਾਂ ਗੁਣ ਨਾ ਹੋਣ ਤਾਂ ਫਿਰ ਤੁਰਤ ਗਿਆਨ ਪਰਾਪਤ ਨਹੀਂ ਹੁੰਦਾ। ਜੇਕਰ ਵਕਤਾ ਵਿਚ ਵੀ ਸਾਰੇ ਗੁਣ ਹੋਣ ਤਾਂ ਉਸ ਨੂੰ ਸੁਣ ਕੇ ਸਰੋਤਿਆਂ ਨੂੰ ਵੀ ਅਜਿਹੇ ਗੁਣ ਪਰਾਪਤ ਹੋ ਜਾਂਦੇ ਹਨ।

ਸਤਿਗੁਰੂ ਜੀ ਦੇ ਮੁਖਰਬਿੰਦ ਤੋਂ ਅਜਿਹੇ ਬਚਨ ਸੁਣ ਕੇ ਫਿਰ ਸਿੱਖਾਂ ਨੇ ਗੁਰੂ ਜੀ ਨੂੰ ਪੁੱਛਿਆ ਕਿ ਜੇਹੜੇ ਚੌਦਾਂ ਗੁਣ ਆਪ ਜੀ ਨੇ ਉਚਾਰੇ ਹਨ ਉਹਨਾਂ ਬਾਰੇ ਸਾਨੂੰ ਵਿਸਥਾਰ ਸਹਿਤ ਦੱਸਣ ਦੀ ਕਿਰਪਾ ਕਰੋ। ਆਪਣੇ ਸੇਵਕ ਜਾਣ ਕੇ ਸਾਡੇ ਤੇ ਇਹ ਕਿਰਪਾ ਕਰੋ। ਉਹਨਾਂ ਸਾਰੇ ਗੁਣਾਂ ਬਾਰੇ ਇਕੱਲੇ ਇਕੱਲੇ ਤੇ ਚਾਨਣਾ ਪਾਓ ਜੀ।

ਤਦੋਂ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਨੇ ਇਉਂ ਸੁਣਾਇਆ:

੧. ਸਿੱਖੋ, ਇਹ ਸੁਣੋ ਤੇ ਸਾਰੇ ਧਾਰਨ ਕਰੋ। ਚੰਗੇ ਵਕਤੇ ਦਾ ਪਹਿਲਾ ਗੁਣ ਇਹ ਹੈ ਕਿ ਉਸ ਦੀ ਆਵਾਜ਼ ਅਤੇ ਬਾਣੀ ਸੁੰਦਰ ਹੋਵੇ। ਉਹ ਸਮੂਹ ਬੋਲੇ ਜਾਣ ਵਾਲ਼ੇ ਸ਼ਬਦਾਂ ਦਾ ਸਰੂਪ ਜਾਣਦਾ ਹੋਵੇ। ਹਾਜਰ ਸਰੋਤਿਆਂ ਦੀ ਗਿਣਤੀ ਅਨੁਸਾਰ ਹੀ ਆਪਣੀ ਆਵਾਜ਼ ਦੀ ਸੁਰ ਰੱਖੇ; ਇਹ ਨਾ ਹੋਵੇ ਕਿ ਸਰੋਤੇ ਥੋਹੜੇ ਹੋਣ ਪਰ ਆਵਾਜ਼ ਬਹੁਤ ਉਚੀ ਹੋਵੇ ਤੇ ਨਾ ਹੀ ਭਾਰੀ ਗਿਣਤੀ ਵਿਚ ਸਰੋਤਿਆਂ ਦੀ ਹਾਜਰੀ ਵਿਚ ਏਨਾ ਹੌਲ਼ੀ ਬੋਲੇ ਕਿ ਸਾਰੇ ਸਰੋਤੇ ਸੁਣ ਹੀ ਨਾ ਸਕਣ। ਅਰਥਾਤ ਸਮਾ ਵਿਚਾਰ ਕੇ ਆਪਣੀ ਆਵਾਜ਼ ਦਾ ਪਧਰ ਲੋੜ ਅਨੁਸਾਰ ਰੱਖੇ। ਫਿਰ ਜਿਸ ਗ੍ਰੰਥ ਦੀ ਕਥਾ ਕਰਨੀ ਹੋਵੇ ਉਸ ਦਾ ਉਚਾਰਣ ਉਸ ਦੇ ਛੰਦ ਅਨੁਸਾਰ ਕਰੇ। ਭਾਵ ਕਿ ਚੌਪਈ ਨੂੰ ਚੌਪਈ ਵਾਂਙ, ਸਵੱਈਏ ਨੂੰ ਸਵੱਈਏ, ਕਬਿੱਤ ਨੂੰ ਕਬਿੱਤ, ਦੋਹਰੇ ਨੂੰ ਦੋਹਰੇ, ਸੋਰਠੇ ਆਦਿ ਨੂੰ, ਉਹਨਾਂ ਦੇ ਤੋਲ, ਚਾਲ ਆਦਿ ਅਨੁਸਾਰ ਉਚਾਰੇ ਜਿਵੇਂ ਛੰਦ ਦਾ ਬਹਿਰ ਹੋਵੇ।

੨. ਦੂਜਾ ਗੁਣ ਵਕਤੇ ਦਾ ਇਹ ਹੈ ਕਿ ਉਹ ਕਥਾ ਦੇ ਵਿਸਥਾਰ ਤੇ ਸੰਕੋਚ ਦਾ ਜਾਣੂ ਹੋਵੇ; ਕਿਸ ਸਮੇ ਵਿਖਿਆਨ ਨੂੰ ਵਧਾਉਣਾ ਹੈ ਜਾਂ ਸਮੇ ਤੇ ਸਰੋਤਿਆਂ ਨੂੰ ਧਿਆਨ ਵਿਚ ਰੱਖਦਿਆਂ ਹੋਇਆਂ ਉਸ ਨੂੰ ਕਦੋਂ ਸਮੇਟਣਾ ਹੈ। ਇਹ ਵੀ ਵੇਖ ਲਵੇ ਕਿ ਉਸ ਦੇ ਵਿਖਿਆਨ ਤੋਂ ਸਰੋਤੇ ਕਿਸ ਤਰ੍ਹਾਂ ਪ੍ਰਭਾਵਤ ਹੋ ਰਹੇ ਹਨ।

੩. ਤੀਜਾ ਗੁਣ ਇਹ ਹੈ ਕਿ ਸਰੋਤਿਆਂ ਦੀ ਬਿਰਤੀ ਜਦ ਉਤਮ ਰੂਪ ਵਿਚ ਠਹਿਰੀ ਹੋਵੇ, ਓਥੇ ਉਹ ਅਰਥਾਂ ਦਾ ਵਿਸਥਾਰ ਕਰੇ। ਜਿਸ ਥਾਂ ਬਿਰਤੀ ਉਦਾਸ ਹੋਵੇ, ਓਥੇ ਸੰਖੇਪ ਵਿਚ ਉਚਾਰਣ ਕਰੇ। ਕਥਾ ਦੇ ਪ੍ਰਸੰਗ ਨੂੰ ਰੌਚਕ ਬਣਾ ਕੇ ਆਖਣਾ ਜਾਣਦਾ ਹੋਵੇ।

੪. ਇਹ ਵਕਤੇ ਦਾ ਚੌਥਾ ਗੁਣ ਸਮਝੋ: ਮਿੱਠੀ ਆਵਾਜ਼ ਨਾਲ਼ ਆਪਣੇ ਸ਼ਬਦਾਂ ਨੂੰ ਇਸ ਤਰ੍ਹਾਂ ਉਚਾਰੇ ਕਿ ਉਸ ਦੇ ਬੋਲ ਸਭ ਨੂੰ ਪਿਆਰੇ ਲੱਗਣ।

੫. ਪੰਜਵਾਂ ਗੁਣ ਵਕਤੇ ਦਾ ਇਹ ਹੈ ਕਿ ਸੱਚੇ ਬਚਨ ਉਹ ਕਹੇ ਜੇਹੜੇ ਕਰਮ, ਉਪਾਸ਼ਨਾ ਅਤੇ ਗਿਆਨ ਨਾਲ਼ ਸਬੰਧਤ ਹੋਣ। ਸ਼ਬਦ ਦੇ ਸਿਧਾਂਤ ਨੂੰ ਵਰਨਣ ਕਰੇ। ਨਿਰਣੇ ਕਰ ਕਰ ਕੇ ਅਰਥ ਕਰੇ।

੬. ਛੇਵਾਂ ਗੁਣ ਵਕਤੇ ਦਾ ਇਹ ਹੈ ਕਿ ਉਹ ਸਰੋਤੇ ਦੇ ਸ਼ੰਕੇ ਦੀ ਨਵਿਰਤੀ ਕਰ ਸਕਦਾ ਹੋਵੇ। ਜੇ ਕੋਈ ਪ੍ਰਸ਼ਨ ਕਰੇ ਤਾਂ ਢੁਕਵਾਂ ਉਤਰ ਦੇਣ ਜਾਣਦਾ ਹੋਵੇ। ਜਿਵੇਂ ਸ਼ਬਦ ਦਾ ਆਸ਼ਾ ਹੋਵੇ, ਉਸ ਤਰ੍ਹਾਂ ਹੀ ਸਾਖੀ ਦਾ ਪ੍ਰਮਾਣ ਦੇਵੇ, ਜਿਸ ਤਰ੍ਹਾਂ ਸਰੋਤਾ, ਸਤਿਗੁਰਾਂ ਦੀ ਸਿੱਖਿਆ ਨੂੰ ਚੰਗੀ ਤਰ੍ਹਾਂ ਸਮਝ ਸਕੇ। ਆਪਣੇ ਵਿਖਿਆਨ ਦੌਰਾਨ ਵਕਤਾ ਉਦਾਹਰਣ ਵੀ ਪ੍ਰਸੰਗ ਅਨੁਸਾਰ ਦੇਵੇ।

੭. ਸੱਤਵਾਂ ਗੁਣ ਵਕਤੇ ਦਾ ਇਹ ਹੈ ਕਿ ਉਹ ਸਾਰੇ ਮੱਤਾਂ ਦਾ ਜਾਣੂ ਹੋਵੇ: ਸ਼ਾਸਤਰਾਂ ਵਿਚਲੇ ਗਿਆਨ ਤੇ ਵਿਰੋਧਾਂ ਬਾਰੇ ਵੀ ਜਾਣਕਾਰੀ ਰੱਖਦਾ ਹੋਵੇ।

੮. ਅੱਠਵਾਂ ਗੁਣ ਇਹ ਹੈ ਕਿ ਕਥਾ ਵਿਚ ਵਿਖੇਪ ਨਾ ਕਰੇ। ਅਰਥਾਤ ਜੇ ਕਥਾ ਹੋਰ ਹੋਵੇ ਤਾਂ ਸਾਖੀ ਹੋਰ ਪ੍ਰਸੰਗ ਦੀ ਨਾ ਸੁਣਾਵੇ ਬਲਕਿ ਪ੍ਰਸੰਗ ਨੂੰ ਹੋਰ ਸਪੱਸ਼ਟ ਕਰਨ ਵਾਲ਼ੀ ਸਾਖੀ ਹੀ ਸੁਣਾਵੇ। ਕਥਾ ਦੇ ਪ੍ਰਸੰਗੋਂ ਬਾਹਰ ਨਾ ਜਾਵੇ। ਹੋਰਨਾਂ ਮੱਤਾਂ ਦੇ ਜੇ ਪ੍ਰਮਾਣ ਦੇਣ ਦੀ ਲੋੜ ਹੋਵੇ ਤਾਂ ਉਹਨਾਂ ਦਾ ਆਸ਼ਾ ਸਮਝ ਕੇ ਆਪਣੀ ਕਥਾ ਵਿਚ ਵਰਨਣ ਕਰੇ।

੯. ਨੌਵੇਂ ਗੁਣ ਦਾ ਨਾਂ ਅਵਿੰਗ ਹੈ। ਭਾਵ ਕਿ ਚੰਗੀ ਤਰ੍ਹਾਂ ਸੋਹਣਾ ਸਿਧਾ ਬੈਠੇ ਤੇ ਮਨ ਦੀ ਵਿਧੀ ਵੀ ਓਸੇ ਤਰ੍ਹਾਂ ਸਰਲ ਰੱਖੇ। ਘੜੀ ਮੁੜੀ ਚੌਂਕੜੀ ਹੀ ਨਾ ਬਦਲਦਾ ਰਹੇ।

੧੦. ਦਸਵਾਂ ਜਨ ਰੰਜਕ ਪਛਾਣੇ ਭਾਵ ਸਰੋਤਿਆਂ ਦੇ ਦਿਲਾਂ ਨੂੰ ਪ੍ਰਸੰਨ ਕਰਨਾ ਜਾਣਦਾ ਹੋਵੇ। ਜਿਵੇਂ ਜਿਵੇਂ ਸਰੋਤੇ ਕੰਨ ਦੇ ਕੇ ਸੁਣਨ ਤਿਵੇਂ ਤਿਵੇਂ ਉਹਨਾਂ ਵਿਚ ਪ੍ਰਭੂ ਪ੍ਰੀਤ ਦਾ ਰੰਗ ਚੜ੍ਹੇ। ਇਸ ਤਰ੍ਹਾਂ ਕਹਿ ਕੇ ਸਾਰੀ ਸਭਾ ਵੱਸ ਕਰ ਲਵੇ।

੧੧. ਗਿਆਰਵਾਂ ਗੁਣ ਹੈ ਸਭਾ ਨੂੰ ਜਿੱਤਣਾ। ਸਰੋਤਿਆਂ ਨੂੰ ਮੋਹਤ ਕਰ ਲੈਣ ਵਾਲਾ ਹੋਵੇ। ਸਾਰੇ ਸਰੋਤੇ ਸਾਹਮਣੇ ਮੁਖ ਕਰਕੇ ਸਾਵਧਾਨ ਹੋ ਕੇ ਸੁਣ ਰਹੇ ਹੋਣ। ਉਹਨਾਂ ਦੇ ਕੰਨ ਤੇ ਅੱਖਾਂ ਵਕਤੇ ਵੱਲ ਹੋਣ। ਉਹ ਇਹ ਚਾਹੁਣ ਕਿ ਵਕਤਾ ਅੱਗੇ ਕੀ ਉਚਾਰਣ ਕਰੇਗਾ?

੧੨. ਬਾਰਵਾਂ ਗੁਣ ਇਹ ਹੈ ਕਿ ਵਕਤਾ ਹੰਕਾਰ ਰਹਿਤ ਹੋਵੇ। ਹਿਰਦੇ ਦੇ ਸਾਰੇ ਹੰਕਾਰ ਦੂਰ ਕਰੇ। ਸਾਰਿਆਂ ਦੇ ਨਾਲ਼ ਮਨ ਨੂੰ ਨੀਵਾਂ ਰੱਖੇ। ਆਪਣੇ ਵਿਚ ਵੱਡੇ ਗੁਣ ਜਾਣ ਕੇ ਕਿਸੇ ਦੇ ਚਿੱਤ ਨੂੰ ਨਾ ਦੁਖਾਵੇ।

੧੩. ਤੇਰਵਾਂ ਗੁਣ ਇਹ ਹੈ ਕਿ ਵਕਤਾ ਧਾਰਮਿਕ ਵਿਚਾਰਾਂ ਵਾਲਾ ਹੋਵੇ। ਜੋ ਕਹੇ ਉਹ ਆਪ ਵੀ ਕਮਾਉਣ ਵਾਲਾ ਹੋਵੇ। ਵਕਤੇ ਦਾ ਆਸਤਕ ਹੋਣਾ ਜਰੂਰੀ ਹੈ; ਉਹ ਨਾਸਤਕ ਨਾ ਹੋਵੇ।

੧੪. ਚੌਦਵਾਂ ਗੁਣ ਵਕਤੇ ਦਾ ਸੰਤੋਖੀ ਹੋਣਾ ਹੈ। ਜੋ ਕੁਝ ਸਤਿਕਾਰ ਸਹਿਤ ਸੰਗਤ ਵੱਲੋਂ ਪਰਾਪਤ ਹੋਵੇ ਉਸ ਨੂੰ ਆਪਣਾ ਅਤੇ ਸਿਰੋਪਾ ਸਮਝ ਕੇ ਸਵੀਕਾਰ ਕਰੇ। ਜੋ ਕੁਝ ਵੀ ਪਾਵੇ ਉਹ ਆਨੰਦ ਸਹਿਤ ਲੈ ਲਵੇ। ਇਹ ਸਮਝੇ ਕਿ ਬਿਨਾ ਮੰਗੇ ਜੋ ਕੋਈ ਕਥਾ ਦੀ ਭੇਟਾ ਕਰੇ ਸੋ ਅੰਮ੍ਰਿਤ ਸਮਾਨ ਹੈ। ਵਾਧੂ ਪਦਾਰਥਾਂ ਦੀ ਚਾਹਤ ਨਾ ਧਾਰਨ ਕਰੇ। ਜੋ ਕੁਝ ਪਾਸ ਹੋਵੇ ਉਸ ਨੂੰ ਹੀ ਵਰਤ ਲਵੇ। "ਛਾਦਨ ਭੋਜਨ ਕੀ ਆਸ ਨਾ ਕਰਈ ਅਚਿੰਤੁ ਮਿਲੈ ਸੋ ਪਾਇ॥" (੧੦੧੩)

ਇਕ ਚੰਗੇ ਵਕਤਾ ਦੇ ਇਹ ਚੌਦਾਂ ਗੁਣ ਹੁੰਦੇ ਹਨ। ਜੇਹੜਾ ਸਿੱਖ ਅਜਿਹੇ ਵਕਤੇ ਪਾਸੋਂ ਕਥਾ ਸੁਣਦਾ ਹੈ ਉਸ ਵਿਚ ਵੀ ਇਹਨਾਂ ਗੁਣਾਂ ਦਾ ਪ੍ਰਵੇਸ਼ ਹੋ ਜਾਂਦਾ ਹੈ।

ਹੁਣ ਸਰੋਤਾ ਦੇ ਗੁਣ ਸੁਣੋ:

੧. ਉਹ ਵਕਤਾ ਦੀ ਕਰਨੀ ਦਾ ਮਨ, ਬਚਨ ਅਤੇ ਕਰਮ ਕਰਕੇ ਪ੍ਰਸੰਸਕ ਹੋਵੇ। ਇਸ ਨੂੰ ਸਰੋਤੇ ਦਾ ਪਹਿਲਾ ਗੁਣ ਜਾਣੋ।

੨. ਦੂਜਾ ਗੁਣ, ਇਹ ਹੈ ਕਿ ਉਸ ਦੇ ਮਨ ਵਿਚ ਕੋਈ ਹੰਕਾਰ ਨਾ ਹੋਵੇ। ਇਹ ਜਾਣੇ ਕਿ ਮੈਂ ਵੱਡੀ ਸੇਵਾ ਧਾਰਨ ਕੀਤੀ ਹੈ।

੩. ਤੀਜਾ ਗੁਣ, ਉਸ ਵਿਚ ਸੁਣਨ ਦੀ ਸ਼ਰਧਾ ਹੋਵੇ। ਮਨ ਨੂੰ ਉਚਾਟ ਨਾ ਕਰੇ।

੪. ਚੌਥਾ ਗੁਣ, ਆਪਣੇ ਚਿਤ ਦੀ ਚਤਰਾਈ ਵਕਤੇ ਉਪਰ ਲਾਗੂ ਨਾ ਕਰੇ।

੫. ਪੰਜਵਾਂ ਗੁਣ, ਵਕਤਾ ਜੇਹੜੇ ਅਰਥ ਕਰੇ, ਉਹਨਾਂ ਨੂੰ ਸਮਝਣ ਦੇ ਸਮਰਥ ਹੋਵੇ।

੬. ਛੇਵਾਂ ਗੁਣ, ਵਕਤੇ ਨੂੰ ਪ੍ਰਸੰਨ ਕਰਨ ਜਾਣਦਾ ਹੋਵੇ।

੭. ਸੱਤਵਾਂ ਗੁਣ, ਗ੍ਰੰਥ ਨੂੰ ਕੰਨ ਦੇ ਕੇ ਬਹੁਤ ਧਿਆਨ ਨਾਲ ਸੁਣੇ।

੮. ਅੱਠਵਾਂ ਆਲਸ ਨਾ ਧਾਰਨ ਕਰੇ।

੯. ਨੌਵਾਂ ਨੀਂਦ ਨੂੰ ਵੱਸ ਵਿਚ ਰੱਖੇ।

੧੦. ਦਸਵਾਂ ਗੁਣ, ਜੋ ਸੁਣੇ ਉਸ ਨੂੰ ਹਿਰਦੇ ਵਿਚ ਧਾਰਨ ਕਰੇ।

੧੧. ਯਾਰਵਾਂ ਗੁਣ, ਜੋ ਪਾਸ ਹੋਵੇ ਉਸ ਨੂੰ ਵੰਡ ਕੇ ਛਕੇ।

੧੨. ਬਾਰਵਾਂ ਗੁਣ, ਜੋ ਗੱਲ ਸਿਧਾਂਤ ਅਨੁਸਾਰ ਹੋਵੇ ਉਸ ਨੂੰ ਚਿੱਤ ਸ਼ਾਂਤ ਕਰਕੇ ਸੁਣੇ। ਜੇ ਵਿਖਿਆਨ ਗੁਰੂ ਸਿਧਾਂਤ ਦੇ ਉਲ਼ਟ ਹੋਵੇ ਤਾਂ ਉਸ ਨੂ ਤਿਆਗ ਦੇਵੇ।

੧੩. ਤੇਹਰਵਾਂ ਗੁਣ, ਤਨ ਵਿਚ ਸੁੱਚਮ ਧਾਰਨ ਕਰੇ।

੧੪. ਚੌਧਵਾਂ ਗੁਣ ਇਹ ਹੈ ਕਿ ਸਭ ਪਖੰਡਾਂ ਦਾ ਤਿਆਗ ਕਰੇ। ਮਨ ਨੂੰ ਪ੍ਰਭੂ ਦੇ ਸ਼ਬਦ ਨਾਲ਼ ਜੋੜੇ ਤੇ ਅਖੰਡ ਚਿੱਤ ਹੋ ਕੇ ਅਨਹਦ ਨਾਦ ਸੁਣੇ।

ਇਸ ਤਰ੍ਹਾਂ ਚੌਦਾਂ ਚੌਦਾਂ ਗੁਣਾਂ ਦੇ ਧਾਰਨੀ ਜੇਹੜੇ ਸਰੋਤਾ ਤੇ ਵਕਤਾ ਹੁੰਦੇ ਹਨ ਉਹ ਦੋਵੇਂ ਗਿਆਨ ਨੂੰ ਪਰਾਪਤ ਕਰ ਲੈਂਦੇ ਹਨ। ਜੇਹੜਾ ਸਿੱਖ ਇਹ ਲੱਛਣ ਧਾਰਨ ਕਰਦਾ ਹੈ, ਉਹ ਨਿਹਾਲ ਹੋ ਜਾਂਦਾ ਹੈ। ਉਸ ਸਿੱਖ ਦੀ ਹਮੇਸ਼ਾਂ ਸੰਗਤ ਕਰੋ। ਤੁਹਾਡੇ ਵਿਚ ਵੀ ਉਸ ਦੇ ਬਹੁਤੇ ਗੁਣ ਆ ਜਾਣਗੇ। ਉਸ ਦੇ ਮੁਖ ਤੋਂ ਸੁੰਦਰ ਕਥਾ ਸੁਣੋ। ਤੁਹਾਡੇ ਜੀ ਦੀ ਫਿਰ ਕਿਉਂ ਮੁਕਤੀ ਨਹੀਂ ਹੋਵੇਗੀ? ਗੁਰੂ ਜੀ ਦੇ ਮੁਖ ਤੋਂ ਅਜਿਹਾ ਉਪਦੇਸ਼ ਸੁਣ ਕੇ ਸਾਰੇ ਸਿੱਖ ਬਹੁਤ ਪ੍ਰਸੰਨ ਹੋਏ।

੧. ਵਾਗਮੀ, ਭਾਵ ਰਸੀਲੀ ਆਵਾਜ਼ ਅਤੇ ਸੁਰ ਨਾਲ ਬੋਲ ਸਕਣਾ।

੨. ਵਿਆਸ: ਭਾਵ ਸਰੋਤਿਆਂ ਦੀ ਪਸੰਦ ਅਨੁਸਾਰ ਵਿਸਥਾਰ ਨਾਲ਼ ਸਮਝਾ ਸਕਣਾ।

੩. ਸਮਾਸ ਵਤ: ਭਾਵ ਲੋੜ ਅਨੁਸਾਰ ਸੰਖੇਪ ਕਰ ਸਕਣਾ।

੪. ਪ੍ਰਿਯ ਕਥਾ ਦਾ ਪ੍ਰਸਤਾਵ: ਭਾਵ ਦਿਲ ਲੁਭਾਉਣ ਵਾਲ਼ੀਆਂ ਕਥਾਵਾਂ ਕਹਿਣਾ।

੫. ਸਪੱਸ਼ਟ ਵਾਕ: ਭਾਵ ਸਾਫ ਬੋਲਣਾ ਤੇ ਸਪੱਸ਼ਟ ਕਰਕੇ ਸਮਝਾ ਸਕਣਾ।

੬. ਸੰਦੇਹ ਛਿਦਰ: ਭਾਵ ਸ਼ੰਕਿਆਂ ਨੂੰ ਦੂਰ ਕਰ ਸਕਣਾ।

੭. ਅਸ਼ੇਖ ਸ਼ਾਸਤਰ ਕੁਸ਼ਲ: ਭਾਵ ਸਾਰੇ ਸ਼ਾਸਤਰਾਂ ਦਾ ਜਾਣਕਾਰ ਹੋਣਾ।

੮. ਨਖਯਾਤ ਵਿਖੇਪ ਕ੍ਰਿਤ: ਭਾਵ ਕਥਾ ਦੇ ਪ੍ਰਸੰਗ ਵਿਚ ਹੋਰ ਪ੍ਰਸੰਗ ਤੋਂ ਉਲਟ ਪ੍ਰਮਾਣ ਦਾ ਦੇਣਾ।

੯. ਅਵਯੰਗੋ: ਭਾਵ ਸੋਹਣੀ ਤਰ੍ਹਾਂ ਸਿਧਾ ਬੈਠਣਾ।

੧੦. ਜਨ ਰੰਜਕੋ: ਭਾਵ ਸਰੋਤਿਆ ਦੇ ਦਿਲਾਂ ਨੂੰ ਪ੍ਰਸੰਨ ਕਰਨਾ।

੧੧. ਜਿਤ ਸਭੋ: ਸਭ ਨੂੰ ਜਿ'ਤਣਾ ਭਾਵ ਸਰੋਤਿਆਂ ਨੂੰ ਆਪਣੇ ਤੇ ਮੋਹਤ ਕਰ ਲੈਣਾ।

੧੨. ਨਾ ਹੰਕ੍ਰਤੋ: ਭਾਵ ਹੰਕਾਰ ਰਹਿਤ ਹੋਣਾ।

੧੩. ਧਾਰਮਿਕੋ: ਜੋ ਕਹੇ ਉਹ ਆਪ ਵੀ ਕਮਾਉਣ ਵਾਲ਼ਾ ਹੋਵੇ।

੧੪. ਸੰਤੋਖੀ: ਭਾਵ ਸੰਤੋਖ ਵਾਲਾ ਹੋਵੇ।

('ਗੁਰਪ੍ਰਤਾਪ ਸੂਰਜ ਗ੍ਰੰਥ' ਦੀ ਪੰਜਵੀਂ ਰਾਸ ਦੇ ਬਤਾਲੀਵੇ ਅਧਿਆਇ ਦੀਆਂ ੧ ਤੋਂ ੩੦ ਪਉੜੀਆਂ ਵਿਚ ਆਏ ਉਪਦੇਸ਼ ਉਪਰ ਆਧਾਰਤ)

*ਗੁਰਦੁਆਰਾ ਗੁਰੂ ਨਾਨਕ ਦਰਬਾਰ, ਐਡੀਲੇਡ ਵਿਖੇ*

# ਦੀਵਾਲੀ ਦੇ ਦੀਵਾਨ ਵਿਚ ਦਿੱਤਾ ਵਿਖਿਆਨ

ਸਤਿਕਾਰ ਯੋਗ ਸਾਧ ਸੰਗਤ ਜੀਓ

ਵਾਹਿਗੁਰੂ ਜੀ ਕਾ ਖ਼ਾਲਸਾ
ਵਾਹਿਗੁਰੂ ਜੀ ਕੀ ਫ਼ਤਿਹ॥

ਅਕਾਲ ਦਾ ਸਾਜਿਆ ਹੋਇਆ ਕਾਲ, ਅਰਥਾਤ ਸਮਾ ਧੁਰ ਤੋਂ ਹੀ ਸਦਾ ਇਕਸਾਰ ਚੱਲਦਾ ਆ ਰਿਹਾ ਹੈ। ਮਨੁਖ ਨੇ ਆਪਣੀ ਸਹੂਲਤ ਵਾਸਤੇ, ਇਸ ਨੂੰ ਦਹਿ ਸਦੀਆਂ, ਸਦੀਆਂ, ਸਾਲਾਂ, ਮਹੀਨਿਆਂ, ਹਫ਼ਤਿਆਂ, ਦਿਨਾਂ ਘੰਟਿਆਂ, ਮਿੰਟਾਂ ਆਦਿ ਵਿਚ ਇਸ ਨੂੰ ਵੰਡਿਆ ਹੈ।

ਏਸੇ ਤਰ੍ਹਾਂ ਮਨੁਖ ਨੇ ਹੀ ਦਿਨ ਦਿਹਾਰ ਨਿਸਚਤ ਕਰਕੇ, ਉਹਨਾਂ ਦਾ ਵੱਖ ਵੱਖ ਮਹੱਤਵ ਮੰਨਿਆਂ ਹੈ। ਮੱਸਿਆ, ਸੰਗ੍ਰਾਂਦ, ਚੌਦੇਂ, ਪੁੰਨਿਆਂ, ਪੰਚਮੀ ਆਦਿ ਨੂੰ ਮੰਨ ਕੇ, ਇਹਨਾਂ ਦਿਨਾਂ ਤੇ ਉਤਸ਼ਾਹ ਭਰਪੂਰ ਧਾਰਮਿਕ ਰਸਮਾਂ ਕੀਤੀਆ ਜਾਂਦੀਆਂ ਹਨ। ਏਸੇ ਤਰ੍ਹਾਂ ਵੈਸਾਖੀ, ਦਿਵਾਲੀ, ਹੋਲੀ, ਦੁਸਹਿਰਾ ਆਦਿ ਤਿਉਹਾਰ ਵੀ ਮਨਾਏ ਜਾਂਦੇ ਹਨ। ਇਹਨਾਂ ਤਿਉਹਾਰਾਂ ਤੋਂ ਇਲਾਵਾ ਵੱਖ ਵੱਖ ਧਰਮਾਂ, ਸੰਪਰਦਾਵਾਂ, ਜਥੇਬੰਦੀਆਂ, ਡੇਰਿਆਂ ਆਦਿ ਦੇ ਸ਼ਰਧਾਲੂ ਵੀ ਆਪਣੇ ਆਪਣੇ ਮਹਾਂਪੁਰਸ਼ਾਂ ਨਾਲ਼ ਸਬੰਧਤ ਦਿਹਾੜਿਆਂ ਨੂੰ ਉਤਸ਼ਾਹ ਸਹਿਤ ਮਨਾਉਂਦੇ ਹਨ। ਸਿੱਖ ਸਮਾਜ ਵੀ ਦੇਸਾਂ ਪਰਦੇਸਾਂ ਵਿਚ ਆਪਣੇ ਗੁਰੂ ਸਾਹਿਬਾਨ, ਸ਼ਹੀਦਾਂ, ਮਹਾਂ ਪੁਰਸ਼ਾਂ ਆਦਿ ਨਾਲ਼ ਸਬੰਧਤ ਦਿਨਾਂ ਉਪਰ, ਗੁਰੂ ਘਰਾਂ ਵਿਚ ਉਚੇਚੇ ਸਮਾਗਮ ਰਚਦੇ ਹਨ। ਅਜਿਹਾ ਕੁਝ ਕਰਨ ਵਿਚ ਮੈਨੂੰ ਤਾਂ ਕੋਈ ਵੀ ਇਤਰਾਜ਼ ਯੋਗ ਗੱਲ ਨਹੀਂ ਲੱਗਦੀ ਪਰ ਕੁਝ ਸਮੇ ਤੋਂ ਮੈਂ ਪੜ੍ਹ ਅਤੇ ਸੁਣ ਰਿਹਾ ਹਾਂ ਕਿ ਕੁਝ ਨਵੀ ਵਿੱਦਿਆ ਦੇ ਵਿਦਵਾਨ, ਅਜਿਹੇ ਦਿਨ ਦਿਹਾਰਾਂ ਉਪਰ ਉਚੇਚੇ ਦੀਵਾਨ ਸਜਾਉਣ ਦੀ ਵਿਰੋਧਤਾ ਕਰ ਰਹੇ ਹਨ। ਪਹਿਲਾਂ ਪਹਿਲਾਂ ਤਾਂ ਹੋਰ ਕਈ ਸੱਜਣਾਂ ਵਾਂਙ, ਮੇਰੇ ਉਪਰ ਵੀ ਇਹਨਾਂ ਵਿਦਵਾਨਾਂ ਦੀਆਂ ਦਲੀਲਾਂ ਦਾ ਵਾਹਵਾ ਈ ਅਸਰ ਹੋ ਜਾਂਦਾ ਸੀ ਪਰ ਕੁਝ ਸਾਲਾਂ ਤੋਂ ਮੈਂ ਮੁਕੰਮਲ ਤੌਰ ਤੇ ਇਹਨਾਂ ਦੇ ਵਿਚਾਰਾਂ ਨਾਲ਼ ਸਹਿਮਤ ਨਹੀਂ, ਭਾਵੇਂ ਕਿ ਕਈ ਗੱਲਾਂ ਇਹਨਾਂ ਦੀਆਂ ਗੁਰਮਤਿ ਦੀ ਕਸਵਟੀ ਅਨੁਸਾਰ ਠੀਕ ਵੀ ਹਨ।

ਗੁਰੂ ਸਾਹਿਬਾਨ ਜੀ ਦੇ ਇਸ ਸੰਸਾਰ ਅੰਦਰ, ਪੰਜ ਭੂਤਕ ਸਰੀਰ ਧਾਰ ਕੇ ਪਧਾਰਨ ਤੋਂ ਵੀ ਬਹੁਤ ਪਹਿਲਾਂ, ਕਈ ਤਿਉਹਾਰ ਭਾਰਤੀ ਲੋਕਾਂ ਵੱਲੋਂ ਮਨਾਏ ਜਾਂਦੇ ਸਨ ਤੇ ਅੱਜ ਵੀ ਮਨਾਏ ਜਾ ਰਹੇ ਹਨ। ਇਹਨਾਂ ਦੀ ਵੰਡ ਵੀ ਬ੍ਰਾਹਮਣ ਨੇ ਵਰਨਾਂ ਅਨੁਸਾਰ ਕੀਤੀ ਹੋਈ ਸੀ। ਜਿਵੇਂ ਕਿ ਵੈਸਾਖੀ ਬ੍ਰਾਹਮਣਾਂ ਦਾ, ਦੁਸਹਿਰਾ ਖਤਰੀਆਂ ਦਾ, ਦੀਵਾਲੀ ਵੈਸ਼ਾਂ ਦਾ, ਲੋਹੜੀ ਤੇ ਹੋਲੀ ਸ਼ੂਦਰਾਂ ਦੇ ਤਿਉਹਾਰ ਹੋਣੇ ਮਿਥ ਲਏ ਗਏ। ਸ਼ੁਰੂ ਵਿਚ ਤਾਂ ਇਹ ਤਿਉਹਾਰ ਮਨੁਖੀ ਸਮਾਜ ਦੀ ਭਲਾਈ ਵਾਸਤੇ ਨਿਸਚਤ ਕੀਤੇ ਗਏ ਸਨ ਪਰ ਸਮਾ ਬੀਤਣ ਨਾਲ਼ ਇਹਨਾਂ ਤਿਉਹਾਰਾਂ ਵਿਚ ਬਹੁਤ ਸਾਰੀਆਂ ਹਾਨੀਕਾਰਕ ਰਸਮਾਂ ਵੀ ਸ਼ਾਮਲ ਹੋ ਗਈਆਂ। ਗੁਰੂ ਸਾਹਿਬਾਨ ਜੀ ਨੇ ਆਪਣੇ ਸਮਾਜ ਨੂੰ ਇਹਨਾਂ ਮਾੜੀਆਂ ਰਸਮਾਂ ਨੂੰ ਤਿਆਗ ਕੇ, ਇਹਨਾਂ ਤਿਉਹਾਰਾਂ ਨੂੰ ਸਰਬ ਪੱਖੀ ਮਨੁਖੀ ਚਰਿਤਰ ਦੀ ਉਸਾਰੀ ਵਾਸਤੇ ਵਰਤਿਆ। ਮਿਸਾਲ ਵਜੋਂ: ਲੋਹੜੀ ਸਮੇ ਮਾਘੀ ਦੇ ਰੂਪ ਵਿਚ, ਹੋਲੀ ਸਮੇ ਹੋਲਾ ਆਦਿ ਦੇ ਰੂਪ ਵਿਚ, ਬਾਕੀ ਭਾਰਤੀ ਸਮਾਜ ਨਾਲ਼ੋਂ ਵੱਖਰੇ ਰੂਪ ਵਿਚ ਮਨਾਏ ਜਾਂਦੇ ਹਨ।

ਸੂਰਜ ਪ੍ਰਕਾਸ਼ ਗ੍ਰੰਥ ਤੋਂ ਪਤਾ ਲੱਗਦਾ ਹੈ ਕਿ ਸਤਿਗੁਰੂ ਅਮਰਦਾਸ ਜੀ ਦੇ ਸਮੇ ਤੋਂ ਹੀ ਗੁਰੂ ਘਰ ਵਿਚ ਵੈਸਾਖੀ ਦੇ ਤਿਉਹਾਰ ਸਮੇ ਸੰਗਤਾਂ ਦੇ ਉਚੇਚੇ ਇਕੱਠ ਹੁੰਦੇ ਆ ਰਹੇ ਹਨ। ਉਸ ਸਮੇ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ, ਦੂਰ ਦੁਰਾਡੇ ਦੇਸਾਂ ਵਿਚ ਫੈਲ ਗਈ ਹੋਈ ਸੀ; ਇਸ ਕਰਕੇ ਹਰ ਰੋਜ ਸੰਗਤਾਂ ਗੁਰੂ ਸਾਹਿਬ ਜੀ ਦੀ ਹਜ਼ੂਰੀ ਵਿਚ ਹਾਜਰ ਨਹੀਂ ਸਨ ਹੋ ਸਕਦੀਆਂ। ਇਸ ਕਰਕੇ, ਭਾਈ ਪਾਰੋ ਜੀ ਦੀ ਬੇਨਤੀ ਮੰਨ ਕੇ, ਸ੍ਰੀ ਗੁਰੂ ਅਮਰ ਦਾਸ ਜੀ ਨੇ, ਵੈਸਾਖੀ ਅਤੇ ਦੀਵਾਲੀ ਦੇ ਸਮੇ ਸੰਗਤਾਂ ਨੂੰ ਹਜ਼ੂਰ ਹਾਜ਼ਰ ਹੋਣ ਦੀ ਆਗਿਆ ਕੀਤੀ। ਇਹਨਾਂ ਪੁਰਬਾਂ ਸਮੇ, ਵੱਖ ਵੱਖ ਇਲਾਕਿਆਂ ਦੀਆਂ ਸੰਗਤਾਂ, ਆਪੋ ਆਪਣੇ ਇਲਾਕੇ ਦੇ ਮੁਖੀਆਂ ਦੀ ਅਗਵਾਈ ਹੇਠ, ਗੁਰੂ ਦਰਬਾਰ ਵਿਚ ਹਾਜਰ ਹੋ ਕੇ, ਗੁਰੂ ਕੀਆਂ ਖ਼ੁਸ਼ੀਆਂ ਪਰਾਪਤ ਕਰਿਆ ਕਰਦੀਆਂ ਸਨ। ਇਸ ਕਰਕੇ ਅਜਿਹੇ ਤਿਉਹਾਰ ਗੁਰੂ ਸਾਹਿਬਾਨ ਦੇ ਸਮੇ ਤੋਂ ਹੀ ਗੁਰੂ ਘਰਾਂ ਵਿਚ ਉਚੇਚੇ ਉਤਸ਼ਾਹ ਨਾਲ਼ ਮਨਾਏ ਜਾਂਦੇ ਰਹੇ ਸਨ ਤੇ ਹਨ। ਕਲਗੀਧਰ ਪਾਤਿਸ਼ਾਹ ਜੀ ਨੇ ਵੀ ਖ਼ਾਲਸਾ ਸਜਾਉਣ ਦਾ ਫੈਸਲਾ ਵੈਸਾਖੀ ਦੇ ਸਮੇ ਹੀ ਕੀਤਾ ਅਤੇ ੧੬੯੯ ਦੀ ਵੈਸਾਖੀ ਸਮੇ ਉਚੇਚੇ ਹੁਕਨਾਮੇ ਭੇਜ ਕੇ, ਸੰਗਤਾਂ ਦਾ ਆਮ ਨਾਲ਼ੋਂ ਵਧ ਇਕ'ਠ ਕੀਤਾ। ਕੁਝ ਵਿਦਵਾਨਾਂ ਅਨੁਸਾਰ ੮੦ ਹਜ਼ਾਰ ਦੇ ਕਰੀਬ ਇਸ ਵੈਸਾਖੀ ਤੇ ਉਸ ਸਮੇ ਇਕਤਰ ਹੋਈ ਜਦੋਂ ਕਿ ਨਾ ਏਨੀ ਆਬਾਦੀ ਸੀ ਤੇ ਨਾ ਹੀ ਹੁਣ ਵਾਂਙ ਸੰਪਰਕ ਅਤੇ ਆਵਾਜਾਈ ਦੇ ਸਾਧਨ ਸਨ। ਅਜਿਹੇ ਤਿਉਹਾਰਾਂ ਦੇ ਸਮੇ, ਉਚੇਚੇ ਉਤਸ਼ਾਹ ਸਹਿਤ, ਗੁਰੂ ਘਰਾਂ ਵਿਚ ਦੀਵਾਨ ਸਜਾਉਣ ਨਾਲ਼ ਗੁਰਮਤਿ ਦਾ ਕੋਈ ਵੀ ਅਸੂਲ ਭੰਗ ਹੁੰਦਾ ਮੈਨੂੰ ਨਹੀਂ ਦਿਸਦਾ। ਇਹ ਦਲੀਲ ਵਿਦਵਾਨਾਂ ਦੀ ਠੀਕ ਹੈ ਕਿ ਗੁਰਮਤਿ ਅਨੁਸਾਰ ਕੋਈ ਦਿਨ ਜਾਂ ਸਮਾ ਨਾ ਸ਼ੁਭ ਹੈ ਤੇ ਨਾ ਹੀ ਅਸ਼ੁਭ। ਇਸ ਬਾਰੇ ਕੋਈ ਦੋ ਰਾਵਾਂ ਹੋ ਹੀ ਨਹੀਂ ਸਕਦੀਆਂ। ਇਕ ਤਿਉਹਾਰ ਆਪਾਂ ਜੇ ਸੰਗ੍ਰਾਂਦ ਬਾਰੇ ਹੀ ਵਿਚਾਰ ਕਰੀਏ ਤਾਂ ਇਉਂ ਸਮਝਣਾ ਕਿ ਸੰਗ੍ਰਾਂਦ ਦਾ ਦਿਹਾੜਾ ਕੋਈ ਉਚੇਚਾ ਪਵਿਤਾਰ ਅਤੇ ਦੂਜੇ ਦਿਨ ਅਪਵਿਤਰ ਹਨ; ਪਰ ਇਹ ਵੀ ਤਾਂ

ਗੁਰਬਾਣੀ ਆਖਦੀ ਹੈ. "ਸਾਈ ਘੜੀ ਸਲੁਖਣੀ ਸਹੁ ਨਾਲਿ ਵਿਹਾਵੈ॥" ਇਸ ਉਪਦੇਸ ਅਨੁਸਾਰ, ਪੁਰਾਤਨ ਭਾਰਤੀ ਪ੍ਰੰਪਰਾ ਮੁਤਾਬਕ ਚੱਲੇ ਆ ਰਹੇ ਇਹ ਵਿਸ਼ਵਾਸ਼ ਕਿ ਇਹ ਪਵਿਤਰ ਦਿਹਾੜਾ ਹੈ ਅਤੇ ਇਸ ਦਿਨ ਧਰਮ ਸਥਾਨ ਉਪਰ ਜਾਣਾ ਹੈ ਤੇ ਕੁਝ ਧਰਮ ਅਰਥ ਆਪਣੀ ਕਮਾਈ ਵਿਚੋਂ ਅਰਪਣ ਕਰਨਾ ਹੈ ਤਾਂ ਇਸ ਵਿਚ ਗੁਰਮਤਿ ਵਿਰੋਧੀ ਗਲ ਕੇਹੜੀ ਹੋਈ! ਹਾਂ, ਇਹ ਜਰੂਰ ਹੈ ਕਿ ਸੰਗ੍ਰਾਂਦ ਤੋਂ ਇਕ ਦਿਨ ਪਹਿਲਾਂ ਤੇ ਇਕ ਦਿਨ ਪਿਛੋਂ ਵਾਲ਼ੇ ਦਿਨ ਅਪਵਿਤਰ ਨਹੀਂ ਸਨ ਤੇ ਸੰਗ੍ਰਾਂਦ ਵਾਲ਼ਾ ਦਿਨ ਆਪਣੇ ਆਪ ਵਿਚ ਕੋਈ ਖਾਸ ਪਵਿਤਰ ਹੋਣ ਦਾ ਦਾਹਵਾ ਨਹੀਂ ਕਰ ਸਕਦਾ। ਪਰ ਜਦੋਂ ਕਿਸੇ ਵਹਿਮ, ਜਾਂ ਸ਼ਰਧਾ ਅਧੀਨ ਅਸੀਂ ਭਾਵੇਂ ਸੰਗ੍ਰਾਂਦ ਦਾ ਦਿਹਾੜਾ ਜਾਣ ਕੇ ਹੀ ਗੁਰੁਦੁਆਰੇ ਵਿਚ ਆ ਕੇ ਆਪਣੀ ਕਿਰਤ ਕਮਾਈ ਵਿਚੋਂ ਸ਼ਰਧਾ ਸਹਿਤ ਕੁਝ ਗੁਰੂ ਜੀ ਦੀ ਹਜ਼ੂਰੀ ਵਿਚ ਅਰਪਣ ਕਰਦੇ ਹਾਂ, ਗੁਰੂ ਦਾ ਸ਼ਬਦ, ਗੁਰੂ ਦੀ ਸਾਖੀ ਆਦਿ ਸੁਣਦੇ ਹਾਂ। ਸਾਡੇ ਵਿਚ ਗੁਰਸਿੱਖੀ ਪ੍ਰਤੀ ਪਿਆਰ ਅਤੇ ਗੁਰੁ ਪ੍ਰਤੀ ਸ਼ਰਧਾ ਪੈਦਾ ਹੁੰਦੀ ਹੈ ਅਤੇ ਅਜਿਹਾ ਕਰਦੇ ਸਮੇ ਜੋ ਸਾਡਾ ਸਮਾ ਬੀਤਦਾ ਹੈ, ਗੁਰੂ ਲੇਖੇ ਲੱਗਦਾ ਹੈ। ਮਾੜੀ ਸੋਚ, ਮਾੜੇ ਕਰਮ, ਮਾੜਾ ਖਾਣਾ, ਘਰੋਗੀ ਅਸ਼ਾਂਤ ਵਾਤਾਵਰਣ ਆਦਿ ਤੋਂ ਬਚ ਕੇ, ਅਸੀਂ ਗੁਰੂ ਦੀ ਹਾਜਰੀ ਵਿਚ ਹਾਜਰ ਹੁੰਦੇ ਹਾਂ ਤਾਂ ਇਸ ਮਾੜਾ ਕੀ ਹੈ ਤੇ ਗੁਰਮਤਿ ਵਿਰੋਧੀ ਕੀ ਹੈ! ਭਾਵੇਂ ਕਿ ਗੁਰਸਿੱਖ ਨੂੰ ਹਰ ਰੋਜ ਗੁਰੂ ਘਰ ਵਿਖੇ ਹਾਜਰੀ ਭਰਨੀ ਚਾਹੀਦੀ ਹੈ ਪਰ ਸਾਰੇ ਕਿਰਤੀ ਸਿੱਖ ਅਜਿਹਾ ਨਹੀਂ ਕਰ ਸਕਦੇ। ਉਹਨਾਂ ਨੂੰ ਗੁਰੂ ਘਰ ਵਿਚ ਆਉਣ ਲਈ ਕੋਈ ਬਹਾਨਾ ਚਾਹੀਦਾ ਹੈ। ਬਹਾਨਾ ਚਾਹੇ ਸੰਗ੍ਰਾਂਦ ਦਾ ਹੋਵੇ ਚਾਹੇ ਕਿਸੇ ਹੋਰ ਤਿਉਹਾਰ ਦਾ ਜਾ ਕਿਸੇ ਗੁਰਪੁਰਬ ਦਾ। ਬਚਪਨ ਵਿਚ ਮੈਂ ਵੇਖਦਾ ਸਾਂ ਕਿ ੨੯ ਦਿਨ ਗੁਰਦੁਆਰੇ ਵਿਚ ਨਾ ਵੜਨ ਵਾਲ਼ੇ ਵੀ ਸੰਗ੍ਰਾਂਦ ਵਾਲ਼ੇ ਦਿਨ ਗੁਰਦੁਆਰੇ ਮ'ਥਾ ਟੇਕਣ ਜਾਇਆ ਕਰਦੇ ਸਨ। ਬੀਬੀਆਂ ਥਾਲ਼ੀਆ ਵਿਚ ਦਾਣੇ ਜਾਂ ਆਟਾ ਆਦਿ ਵਸਤੂਆ ਭੇਟਾ ਹਿਤ ਲਿਜਾਇਆ ਕਰਦੀਆਂ। ਸੰਗ੍ਰਾਂਦ ਦੇ ਵਿਰੁਧ ਪ੍ਰਚਾਰ ਕਰਨ ਵਾਲ਼ੇ ਕੀ ਉਹਨਾਂ ਨੂੰ ਇਸ ਦਿਨ ਵੀ ਗੁਰਦੁਆਰੇ ਵੜਨ ਤੋਂ ਹਟਾਉਣਾ ਚਾਹੁਦੇ ਹਨ?

ਇਹਨੀਂ ਦਿਨੀਂ ਦੀਵਾਲੀ ਦੇ ਖ਼ਿਲਾਫ਼ ਬਹੁਤ ਸਾਰੇ ਨਵੀਨ ਵਿਦਵਾਨ ਆਪਣੀਆਂ ਕਲਮਾਂ ਨੂੰ ਡਾਂਗਾਂ ਵਾਂਙ ਵਰਤ ਕੇ ਦੀਵਾਲ਼ੀ ਦੀ ਯਹੀ ਤਹੀ ਫੇਰ ਰਹੇ ਹਨ। ਆਖਦੇ ਹਨ ਕਿ ਦੀਵਾਲ਼ੀ ਦਾ ਸਿੱਖ ਧਰਮ ਨਾਲ਼ ਕੋਈ ਸਰੋਕਾਰ ਨਹੀਂ। ਇਹ ਹਿੰਦੂਆਂ ਦਾ ਤਿਉਹਾਰ ਹੈ; ਇਹ ਸਿੱਖਾਂ ਨੂੰ ਨਹੀਂ ਮਨਾਉਣਾ ਚਾਹੀਦਾ। ੧੯੮੪ ਦੀਆਂ ਮੰਦਭਾਗੀਆਂ ਘਟਨਾਵਾਂ ਤੋਂ ਪਿ'ਛੋਂ ਤਾਂ ਸਿੱਖ ਵਿਦਵਾਨਾਂ ਵਿਚ ਬਹੁਤ ਹੀ ਗੁੱਸਾ ਹੈ ਤੇ ਉਹ ਹਰੇਕ ਉਸ ਵਸਤੂ ਤੋਂ ਸਬੰਧ ਤੋੜਨੇ ਚਾਹੁੰਦੇ ਹਨ ਜਿਹਨ੍ਹਾਂ ਦਾ ਹਿੰਦੂ ਧਰਮ ਜਾਂ ਸਮਾਜ ਨਾਲ਼ ਕੋਈ ਸਬੰਧ ਹੋਵੇ। ਇੰਦਰਾ ਗਾਂਧੀ ਵਲੋਂ ਸਿੱਖਾਂ ਨਾਲ਼ ਜੋ ਜਗੋਂ ਤੇਰਹਵੀਂ ਕੀਤੀ ਗਈ ਹੈ, ਉਸ ਬਾਰੇ ਗੁੱਸਾ ਬੜਾ ਜਾਇਜ਼ ਹੈ। ਇਸ ਜ਼ੁਲਮ ਦੇ ਖ਼ਿਲਾਫ਼ ਰੋਹ ਹੋਣਾ ਸਾਡੇ ਜੀਂਦੇ ਹੋਣ ਦੀ ਨਿਸ਼ਾਨੀ ਹੈ ਪਰ ਇਸ ਗੁੱਸੇ ਅਧੀਨ, ਜੇ ਹਿੰਦੂ ਸੱਜੇ ਹੱਥ ਨਾਲ਼ ਖਾਂਦੇ ਹਨ ਤਾਂ ਕੀ ਉਹਨਾਂ ਨਾਲ਼ੋਂ ਵੱਖਰੇ ਹੋਣ ਲਈ ਅਸੀਂ ਖੱਬੇ ਹਥ ਨਾਲ਼ ਰੋਟੀ ਖਾਣੀ ਇਸ ਲਈ ਸ਼ੁਰੂ ਕਰ ਦਿਆਂਗੇ ਕਿ ਅਸੀਂ ਉਹ ਕੁਝ ਨਹੀਂ ਕਰਨਾ ਜੋ ਹਿੰਦੂ ਕਰਦੇ ਹਨ! ਅਖੇ, ਦੀਵਾਲ਼ੀ ਨਹੀਂ ਮਨਾਉਣੀ। ਦੀਵਾਲ਼ੀ ਸਾਡੇ ਨਾਲ਼ ਰੁੱਸੀ ਹੀ ਕਦੋਂ ਸੀ ਜੋ ਅਸੀਂ ਇਸ ਨੂੰ ਮਨਾਉਣ ਤੁਰੀਏ! ਗੁਰੂ ਸਾਹਿਬਾਨ ਦੇ ਸਮੇ ਤੋਂ ਇਸ ਦਿਨ ਸਿੱਖ ਇਕੱਤਰ ਹੁੰਦੇ ਰਹੇ ਸਨ ਤੇ ਅੱਜ ਵੀ ਹੁੰਦੇ ਹਨ। ਇਤਿਹਾਸ ਵਿਚ ਜ਼ਿਕਰ ਆਉਂਦਾ ਹੈ ਕਿ ਇਸ ਦਿਨ ਸਤਿਗੁਰੂ ਹਰਿ ਗੋਬਿੰਦ ਸਾਹਿਬ ਜੀ, ਚੰਦੂ ਦੀ ਸਾਜਸ਼ ਅਤੇ ਜਹਾਂਗੀਰ ਬਾਦਸ਼ਾਹ ਵੱਲੋਂ ਗਵਾਲੀਅਰ ਦੇ ਕਿਲ੍ਹੇ ਵਿਚ ਕੈਦ ਕੀਤੇ ਗਏ ਸਨ। ਉਸ ਕੈਦ ਵਿਚੋਂ ੫੨ ਰਾਜਿਆਂ ਨੂੰ ਰਿਹਾ ਕਰਵਾ ਕੇ, ਇਸ ਦਿਨ ਸ੍ਰੀ ਅੰਮ੍ਰਿਤਸਰ ਆਏ ਸਨ ਤੇ ਸੰਗਤਾਂ ਨੇ ਇਸ ਖ਼ੁਸ਼ੀ ਵਿਚ ਦੀਪਮਾਲ਼ਾ ਕੀਤੀ ਅਤੇ ਆਤਿਸ਼ਬਾਜੀ ਚਲਾ ਕੇ ਪ੍ਰਸੰਨਤਾ ਦਾ ਪ੍ਰਗਟਾਵਾ ਕੀਤਾ। ਨਵੀਨ ਖੋਜਕਾਰ ਦੱਸਦੇ ਹਨ ਕਿ ਗੁਰੂ ਜੀ ਅੰਮ੍ਰਿਤਸਰ ਵਿਚ ਇਸ ਦਿਨ ਨਹੀਂ ਸਨ ਆਏ ਤੇ ਕਿਸੇ ਹੋਰ ਦਿਨ ਆਏ ਸਨ। ਜੇਕਰ ਇਹ ਨੁਕਤਾ ਅਸੀਂ ਸਹੀ ਵੀ ਸਾਬਤ ਕਰ ਲਈਏ ਤਾਂ ਫਿਰ ਅਸੀਂ ਕੀ ਕੱਦੂ ਵਿਚ ਤੀਰ ਮਾਰ ਲਿਆ?

ਦੀਵਾਲੀ ਦਾ ਤਿਉਹਾਰ ਵੀ ਇਕ ਮੌਸਮੀ ਤਿਉਹਾਰ ਹੈ। ਇਸ ਸਮੇ ਗਰਮੀ ਮੁੱਕ ਚੁੱਕੀ ਹੁੰਦੀ ਹੈ ਅਤੇ ਸੁੰਗੜਵੀਂ ਸਰਦੀ ਅਜੇ ਪਧਾਰੀ ਨਹੀਂ ਹੁੰਦੀ। ਇਸ ਉਤਸ਼ਵ ਤੇ ਸਾਰੇ ਦੁਕਾਨਦਾਰ ਆਪੋ ਆਪਣੇ ਕਾਰਾਂ ਵਿਹਾਰਾਂ ਵਾਲੇ ਸਥਾਨਾਂ ਅਤੇ ਘਰਾਂ ਦੀ ਸਫਾਈ ਕਰਦੇ ਹਨ। ਘਰਾਂ ਅਤੇ ਦੁਕਾਨਾਂ ਨੂੰ ਕਲੀ ਕਰਵਾਉਂਦੇ ਹਨ। ਵਪਾਰੀ ਲੋਕ ਇਸ ਦਿਨ ਨਵੇਂ ਵਹੀ ਖਾਤੇ ਸ਼ੁਰੂ ਕਰਦੇ ਹਨ। ਸ਼ਾਇਦ ਇਸ ਕਰਕੇ ਹੀ ਇਸ ਨੂੰ ਵੈਸ਼ਾਂ ਦਾ ਤਿਉਹਾਰ ਆਖਿਆ ਜਾਂਦਾ ਹੋਵੇ! ਜੇ ਸਿੱਖ ਘਰਬਾਰੀ ਅਤੇ ਵਾਪਾਰੀ ਵੀ ਇਹੋ ਕੁਝ ਕਰਦੇ ਹੋਣ ਤਾਂ ਇਸ ਨਾਲ਼ ਗੁਰਮਤਿ ਦੇ ਕਿਹੜੇ ਨਿਯਮ ਨੂੰ ਨੁਕਸਾਨ ਪੁੱਜਦਾ ਹੈ!

ਭਾਵੇਂ ਨਵੇਂ ਵਿਦਵਾਨ ਜਿੰਨੀ ਮਰਜੀ ਦੀਵਾਲੀ ਨੂੰ ਨਕਾਰਨ ਲਈ ਜ਼ਬਾਨੀ ਤੇ ਕਲਮੀ ਸ਼ਕਤੀ ਜ਼ਾਇਆ ਕਰੀ ਜਾਣ ਤੇ ਰੌਲ਼ਾ ਰੱਪਾ ਪਾਈ ਜਾਣ, ਸਿੱਖਾਂ ਦਾ ਅੱਜ ਵੀ ਸਭ ਤੋਂ ਵੱਡਾ ਜੇਕਰ ਕੋਈ ਸਰਬਪੱਖੀ, ਅਰਥਾਤ ਧਾਰਮਿਕ, ਸਮਾਜਕ, ਵਾਪਾਰਕ, ਆਰਥਿਕ, ਰਾਜਨੀਤਕ, ਸਮਾਗਮ ਹੁੰਦਾ ਹੈ ਤਾਂ ਉਹ ਅੰਮ੍ਰਿਤਸਰ ਵਿਚ ਦੀਵਾਲੀ ਸਮੇ ਹੀ ਹੁੰਦਾ ਹੈ। ਲੋਕੋਕਤੀ ਵੀ ਬਣ ਚੁੱਕੀ ਹੋਈ ਹੈ:

ਦਾਲ਼ ਰੋਟੀ ਘਰ ਦੀ।
ਦੀਵਾਲ਼ੀ ਅੰਮ੍ਰਿਤਸਰ ਦੀ।

ਸਿਖ ਸਾਇਕੀ ਵਿਚ ਦੀਵਾਲੀ ਦਾ ਸਭ ਤੋਂ ਵੱਡਾ ਤਿਉਹਾਰ ਬਣ ਕੇ ਬੈਠਾ ਹੋਇਆ ਹੈ; ਇਸ ਨੂੰ ਕੋਈ ਵੀ ਓਥੋਂ ਕਢ ਨਹੀਂ ਸਕਦਾ।

ਭਾਈ ਮਨੀ ਸਿੰਘ ਜੀ ਨੇ ਵੀ ਜਦੋਂ ਇਹ ਸੋਚਿਆ ਕਿ ਬਹੁਤ ਸਮਾ ਹੋ ਗਿਆ ਹੈ ਸਿੱਖ ਪੰਥ ਇਕ ਥਾਂ ਇਕੱਤਰ ਨਹੀਂ ਹੋ ਸਕਿਆ

ਤਾਂ ਉਸ ਨੇ ਲਾਹੌਰ ਦੇ ਸੂਬੇ ਪਾਸੋਂ, ਪੰਜ ਹਜ਼ਾਰ ਰੁਪਏ, ਮੇਲੇ ਸਮੇ ਦੇ ਚੜ੍ਹਾਵੇ ਵਿਚੋਂ ਟੈਕਸ ਰੂਪ ਦੇਣੇ ਕਰਕੇ, ਜਦੋਂ ਆਗਿਆ ਪ੍ਰਾਪਤ ਕੀਤੀ ਤਾਂ ਇਸ ਇਕੱਠ ਨੂੰ ਕਰਨ ਸਮੇ ਉਸ ਨੇ ਦੀਵਾਲੀ ਦਾ ਦਿਨ ਹੀ ਚੁਣਿਆ ਜਦੋਂ ਕਿ ਉਹ ਵੈਸਾਖੀ, ਗੁਰੂ ਨਾਨਕ ਸਾਹਿਬ ਜੀ ਦਾ ਅਵਤਾਰ ਦਿਵਸ ਜਾਂ ਹੋਰ ਕੋਈ ਸਮਾ ਵੀ ਚੁਣ ਸਕਦਾ ਸੀ। ਉਸ ਨੇ ਕਿਉਂ ਦੀਵਾਲ਼ੀ ਦਾ ਹੀ ਸਮਾ ਚੁਣਿਆਂ? ਇਸ ੧੭੩੪ ਦੀ ਦੀਵਾਲ਼ੀ ਦੇ ਉਤਸ਼ਵ ਨੂੰ ਮਨਾਉਣ ਦੇ ਉਦਮ ਸਦਕਾ, ਭਾਈ ਸਾਹਿਬ ਜੀ ਨੂੰ ਨਾ ਕੇਵਲ ਆਪਣਾ ਬੰਦ ਬੰਦ ਹੀ ਕਟਵਾਉਣਾ ਪਿਆ ਬਲਕਿ ਉਹਨਾ ਦੇ ਦੋ ਪੁੱਤਰਾਂ, ਭਤੀਜਿਆਂ, ਭਰਾ ਅਤੇ ਚਚੇਰੇ ਭਰਾ ਸਣੇ, ਪੰਝੀ ਸਿੰਘਾਂ ਸਮੇਤ ਸ਼ਹੀਦੀ ਦੇਣੀ ਪਈ। ਉਹਨਾਂ ਪੰਝੀ ਸ਼ਹੀਦ ਹੋਣ ਵਾਲ਼ੇ ਸਿੰਘਾਂ ਵਿਚੋਂ ਇਕ ਭਾਈ ਗੁਲਜ਼ਾਰ ਸਿੰਘ ਜੀ ਦੇ ਜੀਂਦੇ ਦੀ ਖੱਲ ਉਤਾਰੀ ਗਈ ਸੀ ਜਦੋਂ ਕਿ ਦੂਸਰੇ ਸਿੰਘਾਂ ਨੂੰ ਵੀ ਅਸਹਿ ਤੇ ਅਕਹਿ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਇਹ ਵੀ ਸਭ ਕੁਝ ਦੀਵਾਲ਼ੀ ਦੀ ਇਕੱਤਰਤਾ ਦੇ ਉਦਮ ਕਰਨ ਕਰਕੇ ਹੀ ਹੋਇਆ। ਇਸ ਤੋਂ ਸਿਧ ਹੁੰਦਾ ਹੈ ਕਿ ਉਸ ਸਮੇ ਅਤੇ ਉਸ ਤੋਂ ਪਹਿਲਾਂ ਵੀ ਦੀਵਾਲ਼ੀ ਦਾ ਉਤਸ਼ਵ, ਸਿੱਖ ਪੰਥ ਵਿਚ ਸਭ ਤੋਂ ਵਧ ਮਹੱਤਵਪੂਰਨ ਸਮਝਿਆ ਜਾਂਦਾ ਸੀ। ਫਿਰ ਇਤਿਹਾਸ ਵਿਚ ਹੋਰ ਵੀ ਜ਼ਿਕਰ ਆਉਂਦਾ ਹੈ ਕਿ ੧੭੮੩ ਵਿਚ, ਦਿੱਲੀ ਫ਼ਤਿਹ ਕਰਨ ਉਪ੍ਰੰਤ ਵੀ ਸਿੱਖ ਦਿੱਲੀ, ਇਹ ਆਖ ਕੇ ਛੱਡ ਆਏ ਸਨ ਕਿ ਦਿੱਲੀ ਬਿੱਲੀ ਦਾ ਕੀ ਹੈ, ਜਦੋਂ ਚਾਹਾਂਗੇ ਫਿਰ ਇਸ ਨੂੰ ਮਾਰ ਲਵਾਂਗੇ। ਚੱਲੋ ਖਾਲਸਾ ਜੀ, ਸ੍ਰੀ ਅੰਮ੍ਰਿਤਸਰ ਵਿਖੇ ਦੀਵਾਲ਼ੀ ਦਾ ਪੁਰਬ ਮਨਾਈਏ!

ਇਹ ਗੱਲ ਠੀਕ ਹੈ ਕਿ ਇਹਨੀ ਦਿਨੀਂ ਜਦੋਂ ਕਿ ਵਾਤਾਵਰਣ ਦੇ ਗੰਧਲੇਪਣ ਦਾ ਪੰਜਾਬ ਸ਼ਿਕਾਰ ਹੈ, ਤਾਂ ਪਹਿਰਾਂ ਤੱਕ ਆਤਿਸ਼ਬਾਜੀ, ਦੀਪਮਾਲ਼ਾ ਆਦਿ ਕਰਕੇ, ਵਾਤਾਵਰਣ ਦੇ ਗੰਧਲੇਪਣ ਵਿਚ ਹੋਰ ਵਾਧਾ ਕਰਨਾ ਕੋਈ ਸਿਆਪਣਪ ਵਾਲ਼ੀ ਗੱਲ ਨਹੀਂ। ਅਜਿਹਾ ਸ਼੍ਰੋਮਣੀ ਕਮੇਟੀ ਦੇ ਪ੍ਰਬੰਧਕਾਂ ਪਾਸ ਸਮੇ ਸਮੇ ਸੂਝਵਾਨ ਸਿੱਖਾਂ ਵੱਲੋਂ ਬੇਨਤੀ ਕਰਕੇ, ਇਸ ਕਾਰਜ ਨੂੰ ਰੋਕਣ ਲਈ ਆਖਿਆ ਵੀ ਜਾਂਦਾ ਹੈ ਪਰ ਇਸ ਸਦੀਆਂ ਤੋਂ ਚਲੀ ਆ ਰਹੀ ਪ੍ਰੰਪਰਾ ਨੂੰ ਤੋੜਨ ਦਾ ਕੋਈ ਹੌਸਲਾ ਨਹੀਂ ਕਰਦਾ। ਇਸ ਤਰ੍ਹਾਂ ਕਰਨ ਨਾਲ਼ ਸਿੱਖ ਸੰਗਤਾਂ ਦੀ ਕਰੋਪੀ ਦਾ ਸ਼ਿਕਾਰ ਬਣਨ ਦਾ ਜੋਖਮ ਕੋਈ ਨਹੀ ਉਠਾਉਣਾ ਚਾਹੁੰਦਾ। ਅਜਿਹੇ ਵਿਚਾਰਾਂ ਦਾ ਪ੍ਰਗਟਾਵਾ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸਾਹਿਬ ਜੀ ਕਰ ਚੁੱਕੇ ਹਨ। ਹਾਂ, ਉਹਨਾਂ ਨੇ ਇਹ ਜ਼ਰੂਰ ਆਖਿਆ ਹੈ ਕਿ ਆਤਿਸ਼ਬਾਜੀ ਚਲਾਉਣ ਦੇ ਸਮੇ ਵਿਚ ਕਟੌਤੀ ਕੀਤੀ ਜਾ ਸਕਦੀ ਹੈ ਤੇ ਕੀਤੀ ਵੀ ਗਈ ਹੈ। ਹੋ ਸਕਦਾ ਹੈ ਕਿ ਹੌਲ਼ੀ ਹੌਲ਼ੀ ਸੰਗਤਾਂ ਇਸ ਦੀ ਜ਼ਰੂਰਤ ਸਮਝਣੋ ਹਟ ਜਾਣ ਅਤੇ ਸਮਾ ਆਉਣ ਤੇ ਇਹ ਬੰਦ ਹੋ ਹੀ ਜਾਵੇ ਪਰ ਅਜਿਹੀਆਂ ਮਾਮੂਲੀ ਦਲੀਲਾਂ ਦੇ ਦੇ ਕੇ, ਇਸ ਮਹਾਨ ਉਤਸ਼ਵ ਦੇ ਸਮੇ ਮਨਾਈਆਂ ਜਾ ਰਹੀਆਂ ਖ਼ੁਸ਼ੀਆਂ ਨੂੰ, ਸਿੱਖ ਸੰਗਤਾਂ ਪਾਸੋਂ ਖੋਹਣ ਦਾ ਯਤਨ ਕਰਨਾ, ਕੋਈ ਸਿਆਣਪ ਵਾਲ਼ੀ ਗੱਲ ਨਹੀਂ। ਤਕਰੀਬਨ ਦੋ ਹਜ਼ਾਰ ਸਾਲ ਤੋਂ ੨੫ ਦਸੰਬਰ ਨੂੰ, ਈਸਾ ਜੀ ਦਾ ਜਨਮ ਦਿਨ ਸਮਝ ਕੇ, ਸਾਰਾ ਈਸਾਈ ਸੰਸਾਰ, ਕ੍ਰਿਸਮਿਸ ਦਾ ਦਿਨ ਮਨਾਉਂਦਾ ਆ ਰਿਹਾ ਹੈ। ਹੁਣ ਕੁਝ ਸਮੇ ਤੋਂ, ਨਵੇਂ ਈਸਾਈ ਇਤਿਹਾਸ ਖੋਜੀ ਆਖ ਰਹੇ ਹਨ ਕਿ ੨੫ ਦਸੰਬਰ ਵਾਲ਼ੇ ਦਿਨ ਈਸਾ ਜੀ ਦਾ ਜਨਮ ਨਹੀਂ ਹੋਇਆ, ਓਵੇਂ ਹੀ ਜਿਵੇਂ ਸਿੱਖ ਸਕਾਲਰ ਆਖ ਰਹੇ ਹਨ ਕਿ ਸ੍ਰੀ ਗੁਰੂ ਹਰਿ ਗੋਬਿੰਦ ਸਾਹਿਬ ਜੀ ਦੀਵਾਲ਼ੀ ਵਾਲ਼ੇ ਦਿਨ ਸ੍ਰੀ ਅੰਮ੍ਰਿਤਸਰ ਵਿਚ ਨਹੀਂ ਆਏ।

ਸਾਰੇ ਸੰਸਾਰ ਵਿਚ ਇਸ ਅਵਸਰ ਤੇ ਜੋ ਲੋਕਾਂ ਵਿਚ ਉਤਸ਼ਾਹ ਭਰਦਾ ਹੈ ਤੇ ਇਸ ਤੋਂ ਪ੍ਰਭਾਵਤ ਹੋ ਕੇ, ਵਾਪਾਰਕ ਅਦਾਰੇ ਜੋ ਲਾਭ ਪ੍ਰਾਪਤ ਕਰਦੇ ਹਨ ਉਹ ਸਾਰਾ ਸਮਾਪਤ ਹੋ ਜਾਵੇਗਾ ਪਰ ਇਤਿਹਾਸਕਾਰ ਜੋ ਮਰਜੀ ਆਖੀ ਜਾਣ, ਉਹ ਲੋਕਾਂ ਨੂੰ ੨੫ ਦਸੰਬਰ ਵਾਲ਼ੇ ਦਿਨ ਕ੍ਰਿਸਮਿਸ ਦਾ ਮੇਲਾ ਮਨਾਉਣੋ ਹਟਾ ਨਹੀਂ ਸਕਦੇ।

ਏਸੇ ਤਰ੍ਹਾਂ ਜਿੰਨਾ ਮਰਜੀ ਟਿੱਲ ਨਵੇਂ ਸਿੱਖ ਇਤਿਹਾਸ ਖੋਜੀ ਲਾ ਲੈਣ, ਸਿੱਖ ਸੰਗਤਾਂ ਦੀਵਾਲ਼ੀ ਨੂੰ ਉਤਸ਼ਾਹ ਸਹਿਤ ਉਡੀਕਣੋ ਅਤੇ ਇਸ ਅਵਸਰ ਤੇ ਖ਼ੁਸ਼ੀਆਂ ਮਨਾਉਣੋ ਨਹੀਂ ਹਟ ਸਕਦੀਆਂ।

# ਯਾਦਾਂ ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦੀਆਂ

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਪੁਤਲੀਘਰ ਅਤੇ ਖ਼ਾਲਸਾ ਕਾਲਜ ਦੇ ਦਰਮਿਆਨ, ਰਣਜੀਤਪੁਰੇ ਦੀ ਆਬਾਦੀ ਵਿਚ, 'ਸ਼ਹੀਦ ਸਿੱਖ ਮਿਸ਼ਨਰੀ ਕਾਲਜ' ਦੇ ਨਾਂ ਨਾਲ ਇਕ ਧਾਰਮਿਕ ਵਿੱਦਿਆ ਦੇਣ ਵਾਸਤੇ, ਅਦਾਰਾ ਚੱਲ ਰਿਹਾ ਹੈ। ਇਹ ਕਾਲਜ, ੧੯੨੧ ਵਿਚ, ਸ੍ਰੀ ਨਨਕਾਣਾ ਸਹਿਬ ਵਿਖੇ ਹੋਏ ਸ਼ਹੀਦਾਂ ਦੀ ਯਾਦ ਵਿਚ, ਅਕਤੂਬਰ ੧੯੨੭ ਨੂੰ ਆਰੰਭ ਕੀਤਾ ਗਿਆ ਸੀ। ਇਸ ਵਿਚ ਵਿਦਿਆਰਥੀਆਂ ਨੂੰ ਕਰਵਾਈ ਜਾਣ ਵਾਲ਼ੀ ਪੜ੍ਹਾਈ ਦੀ ਰੂਪ ਰੇਖਾ ਤਿਆਰ ਕਰਨ ਲਈ ਤਾਂ ਸਭ ਤੋਂ ਪਹਿਲਾਂ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ, ਗੁਰਬਾਣੀ ਵਿਆਕਰਣ ਦੇ ਕਰਤਾ, ਪ੍ਰੋ. ਸਾਹਿਬ ਸਿੰਘ ਜੀ ਦੀ ਸੇਵਾ ਪ੍ਰਾਪਤ ਕੀਤੀ ਗਈ ਸੀ ਪਰ ਇਸ ਮਹਾਨ ਸੰਸਥਾ ਦੇ ਪਹਿਲੇ ਪ੍ਰਿੰਸੀਪਲ ਬਣਨ ਦਾ ਮਾਣ, ਪ੍ਰਸਿਧ ਸਟੇਜੀ ਸਿਖ ਬੁਲਾਰੇ ਅਤੇ ਫ਼ਿਲਾਸਫ਼ਰ, ਸ. ਗੰਗਾ ਸਿੰਘ ਜੀ ਨੂੰ ਪ੍ਰਾਪਤ ਹੋਇਆ।

ਮੈਂ ੧੯੫੮-੬੦ ਵਾਲ਼ੇ ਸੈਸ਼ਨ ਵਾਲ਼ੀ ਸੰਗੀਤ ਕਲਾਸ ਵਿਚ ਦਾਖ਼ਲ ਹੋਇਆ ਸੀ। ਸੰਗੀਤ ਦੇ ਅਧਿਆਪਕ ਪ੍ਰੋ. ਰਾਜਿੰਦਰ ਸਿੰਘ ਜੀ ਸਨ ਅਤੇ ਪ੍ਰਿੰਸੀਪਲ, ਪ੍ਰਸਿਧ ਸਿੱਖ ਵਿਦਵਾਨ ਪ੍ਰੋ. ਸਾਹਿਬ ਸਿੰਘ ਜੀ ਸਨ। ਇਸ ਤੋਂ ਇਲਾਵਾ ਪ੍ਰੋ. ਅਮਰ ਸਿੰਘ ਜੀ ਚਾਕਰ ਮਿਸ਼ਨਰੀ ਕਲਾਸ ਨੂੰ ਇਤਿਹਾਸ ਪੜ੍ਹਾਉਣ ਦੀ ਸੇਵਾ ਵਾਸਤੇ ਸਨ ਅਤੇ ਪ੍ਰੋ. ਸਾਧੂ ਸਿੰਘ ਜੀ ਤਬਲੇ ਦੀ ਕਲਾਸ ਦੇ ਇਨਚਾਰਜ ਸਨ। ਸਾਡੇ ਵੇਲ਼ੇ ਤਾਂ ਹਰ ਪੱਖੋਂ ਇਹ ਕਾਲਜ ਬਿਲਕੁਲ ਗਰੀਬੜੀ ਹਾਲਤ ਵਿਚ ਹੁੰਦਾ ਸੀ ਸਿਵਾਏ ਇਸ ਦੇ ਸੁਘੜ ਅਧਿਆਪਕਾਂ ਦੇ, ਜੋ ਆਪਣੀ ਪੂਰੀ ਯੋਗਤਾ ਅਤੇ ਤਨਦੇਹੀ ਨਾ਼ਲ ਆਪਣੇ ਜ਼ੁੰਮੇ ਲੱਗੀ ਸੇਵਾ ਨੂੰ ਨਿਭਾਉਂਦੇ ਸਨ।

ਇਹਨਾਂ ਤੋਂ ਇਲਾਵਾ ਪ੍ਰਸਿਧ ਇਨਕਲਾਬੀ, ਸ੍ਰੀ ਪਰਮਾਨੰਦ ਝਾਂਸੀ ਜੀ ਅਤੇ ਬਹੁਤ ਸਮਾ ਪਹਿਲਾਂ ਰਹਿ ਚੁ'ਕੇ ਇਸ ਮਹਾਨ ਸੰਸਥਾ ਦੇ ਪਹਿਲੇ ਮੁਖੀ, ਪ੍ਰਿੰ. ਗੰਗਾ ਸਿੰਘ ਜੀ ਵੀ, ਤਿੰਨ ਦਿਨ ਮਿਸ਼ਨਰੀ ਕਲਾਸ ਦੇ ਵਿਦਿਆਰਥੀਆਂ ਨੂੰ ਲੈਕਚਰ ਦੇਣ ਆਇਆ ਕਰਦੇ ਸਨ। ਪ੍ਰਿੰ. ਗੰਗਾ ਸਿੰਘ ਜੀ ਤਾਂ ਥੋਹੜੇ ਹੀ ਸਮੇ ਬਾਅਦ ਇਹ ਆਖ ਕੇ, "ਵਿਦਿਆਰਥੀ ਮੇਰੀ ਪਧਰ ਦੇ ਨਹੀਂ ਹਨ" ਸੇਵਾ ਛੱਡ ਗਏ ਸਨ।

ਉਸ ਸਮੇ ਇਹ ਕਾਲਜ ਬਹੁਤ ਹੀ ਪੁਰਾਣੀ ਬਿਲਡਿੰਗ ਵਿਚ ਹੁੰਦਾ ਸੀ। ਹੁਣ ਤਾਂ ਇਸ ਦੀ ਬਿਲਡਿੰਗ ਵੀ ਅਤੇ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਪ'ਖੋਂ ਵੀ, ਅਤੀ ਆਧੁਨਿਕ ਪਧਰ ਉਪਰ ਚ'ਲ ਰਿਹਾ ਹੈ ਅਤੇ ਕਿਸੇ ਵੀ ਹੋਰ ਵਿਦਿਅਕ ਸੰਸਥਾ ਦੇ ਬਰਾਬਰ ਇਸ ਨੂੰ ਖੜ੍ਹਾ ਕੀਤਾ ਜਾ ਸਕਦਾ ਹੈ। ਇਸ ਸਮੇ ਪ੍ਰਿੰ. ਬਲਦੇਵ ਸਿੰਘ ਜੀ ਦੀ ਅਗਵਾਈ ਹੇਠ ਸੁਘੜ ਸਟਾਫ਼ ਬੜੀ ਸੁਚੱਜਤਾ ਸਹਿਤ ਗੁਰਮਤਿ ਵਿੱਦਿਆ ਅਤੇ ਗੁਰਮਤਿ ਸੰਗੀਤ ਦੀ ਸਿਖਲਾਈ ਵਿਦਿਆਰਥੀਆਂ ਨੂੰ ਕਰਵਾ ਰਹੇ ਹਨ। ਯਾਦ ਰਹੇ ਕਿ ਪ੍ਰਿੰਸੀਪਲ ਬਲਦੇਵ ਸਿੰਘ ਜੀ ਪਹਿਲੇ ਵਿਅਕਤੀ ਹਨ ਜਿਨਾਂ ਨੂੰ ਮੁਢਲੇ ਤੌਰ ਤੇ ਸੰਗੀਤ ਦੇ ਅਧਿਆਪਕ ਹੁੰਦਿਆਂ ਹੋਇਆਂ, ਇਸ ਮਹਾਨ ਸੰਸਥਾ ਦੇ ਮੁਖੀ ਬਣਨ ਦਾ ਸੁਭਾਗ ਪ੍ਰਾਪਤ ਹੋਇਆ ਹੈ।

ਤਿੰਨ ਚਾਰ ਦਹਾਕਿਆਂ ਤੋਂ ਬਹੁਤ ਸਥਾਨਾਂ ਉਪਰ, ਏਸੇ ਕਾਲਜ ਦੀ ਤਰਜ਼ ਉਪਰ ਮਿਸ਼ਨਰੀ ਕਾਲਜ ਖੁਲ੍ਹੇ ਅਤੇ ਚੱਲ ਰਹੇ ਹਨ। ਇਹਨਾਂ ਕਾਲਜਾਂ ਵਿਚੋਂ ਵੀ ਬਹੁਤ ਯੋਗ ਬੁਲਾਰੇ ਪ੍ਰਚਾਰ ਦੇ ਖੇਤਰ ਵਿਚ ਸੇਵਾ ਕਰ ਰਹੇ ਹਨ। ਕਈ ਬੁਲਾਰੇ ਧਾਰਮਿਕ ਸਟੇਜਾਂ ਉਪਰ ਬੋਲਣ ਵਿਚ ਤਾਂ ਬਹੁਤ ਸਫ਼ਲ ਹਨ ਪਰ ਉਹਨਾਂ ਵਿਚੋਂ ਕੁਝ ਦੇ ਵਿਖਿਆਨਾਂ ਵਿਚੋਂ, ਤਰਕ ਵਿਤਰਕ ਵਧ ਅਤੇ ਧਾਰਮਿਕਤਾ ਦਾ ਘੱਟ ਆਭਾਸ ਹੁੰਦਾ ਹੈ।

ਇਸ ਕਾਲਜ ਵਿਚੋਂ ਪੜ੍ਹ ਕੇ ਬਹੁਤ ਸਾਰੇ ਵਿਦਿਆਰਥੀ ਸਿੱਖ ਸਮਾਜ ਅਤੇ ਭਾਰਤੀ ਭਾਈਚਾਰੇ ਅੰਦਰ ਬਹੁਤ ਉਚ ਯੋਗਤਾਵਾਂ ਅਤੇ ਪਦਵੀਆਂ ਉਪਰ ਪਹੁੰਚੇ ਹਨ। ਇਸ ਮਹਾਨ ਸੰਸਥਾ ਦੇ ਅਧਿਆਪਕ ਅਤੇ ਵਿਦਿਆਰਥੀਆਂ ਨੇ ਸਿਆਸਤ, ਸਾਹਿਤ, ਗੁਰਮਤਿ ਵਿੱਦਿਆ, ਪੱਤਰਕਾਰੀ, ਗੁਰਦੁਆਰਾ ਪ੍ਰਬੰਧ ਵਿਚ ਪ੍ਰਧਾਨ, ਪ੍ਰਚਾਰਕ, ਮੈਨੇਜਰ, ਕਲਰਕ, ਇੰਸਪੈਕਟਰ, ਸਕੱਤਰ ਆਦਿ ਵਰਗੀਆਂ ਸਤਿਕਾਰਤ ਪਦਵੀਆਂ ਉਪਰ ਸੇਵਾ ਨਿਭਾ ਕੇ ਨਾਮਣਾ ਖੱਟਿਆ। ਏਥੋਂ ਤੱਕ ਕਿ ਇਸ ਮਹਾਨ ਸੰਸਥਾ ਦੇ ਵਿਦਿਆਰਥੀਆਂ ਵਿਚੋਂ ਕੁਝ ਨੂੰ ਤਾਂ ਸ਼੍ਰੋਮਣੀ ਗੁ. ਪ੍ਰ. ਕਮੇਟੀ ਦੇ ਪ੍ਰਧਾਨ, ਪੰਜਾਬ ਦੇ ਮੁਖ ਮੰਤਰੀ, ਦੇਸ਼ ਦੇ ਗ੍ਰਿਹ ਮੰਤਰੀ ਅਤੇ ਰਾਸ਼ਟਰਪਤੀ ਤੱਕ ਦੀਆਂ ਪਦਵੀਆਂ ਉਪਰ ਸੇਵਾ ਕਰਨ ਦਾ ਸੁਭਾਗ ਵੀ ਪ੍ਰਾਪਤ ਹੋਇਆ। ਉਹਨਾਂ ਪ੍ਰਸਿਧ ਸਾਬਕਾ ਵਿਦਿਆਰਥੀਆਂ ਵਿਚੋਂ ਕੁਝ ਕੁ ਦੇ ਨਾਂ ਇਸ ਪ੍ਰਕਾਰ ਹਨ:

ਗੁਰਦੁਆਰਾ ਪ੍ਰਬੰਧ, ਧਾਰਮਿਕ, ਸਾਹਿਤ, ਸਿਆਸਤ, ਵਿਦਿਅਕ ਆਦਿ ਦਾਇਰਿਆਂ ਅੰਦਰ ਗਿਆਨੀ ਲਾਲ ਸਿੰਘ ਜੀ, ਸਿੰਘ ਸਾਹਿਬ ਗਿਆਨੀ ਪਰਤਾਪ ਸਿੰਘ ਜੀ, ਸਿੰਘ ਸਾਹਿਬ ਗਿਆਨੀ ਸਾਧੂ ਸਿੰਘ ਜੀ, ਮਾਸਟਰ ਅਜੀਤ ਸਿੰਘ ਅੰਬਾਲਵੀ ਜੀ, ਗਿਆਨੀ ਬਾਦਲ ਸਿੰਘ ਜੀ, ਸ. ਗੁਰਦੇਵ ਸਿੰਘ ਮਾਨ ਜੀ, ਸ. ਹਰਬੰਸ ਸਿੰਘ ਮਰੂਫ਼ ਜੀ, ਗਿਆਨੀ ਕੇਹਰ ਸਿੰਘ ਵੈਰਾਗੀ ਜੀ, ਗਿਆਨੀ ਜ਼ੈਲ ਸਿੰਘ ਜੀ, ਸ. ਈਸ਼ਰ ਸਿੰਘ ਮਝੈਲ ਜੀ, ਸ. ਹਰਚਰਨ ਸਿੰਘ ਹੁਡਿਆਰਾ ਜੀ, ਗਿਆਨੀ ਜੰਗ ਸਿੰਘ ਜੀ, ਡਾਕਟਰ ਸਾਧੂ ਸਿੰਘ ਹਮਦਰਦ ਜੀ, ਸ. ਅਮਰ ਸਿੰਘ ਦੁਸਾਂਝ ਜੀ, ਡਾ. ਬਲਕਾਰ ਸਿੰਘ ਜੀ, ਡਾ. ਕੇਹਰ ਸਿੰਘ ਜੀ, ਗਿਆਨੀ ਗੁਰਬਚਨ ਸਿੰਘ ਜੀ, ਪ੍ਰੋ. ਅਵਤਾਰ ਸਿੰਘ ਨਾਜ਼ ਜੀ, ਭਾਈ ਬਲਦੇਵ ਸਿੰਘ ਜੀ, ਭਾਈ ਸਤਨਾਮ ਸਿੰਘ ਸੇਠੀ ਜੀ, ਪ੍ਰੋ. ਰਵੇਲ ਸਿੰਘ ਜੀ, ਸ. ਅਜੈਬ ਸਿੰਘ ਜੀ, ਸ. ਗੁਰਬਚਨ ਸਿੰਘ ਜੀ, ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ, ਸਿੰਘ ਸਾਹਿਬ ਪ੍ਰੋ. ਮਨਜੀਤ ਸਿੰਘ ਜੀ, ਸਿੰਘ ਸਾਹਿਬ ਗਿਆਨੀ ਜਗਤਾਰ ਸਿੰਘ ਜੀ, ਗਿਆਨੀ ਅਨੂਪ ਸਿੰਘ ਜੀ,

ਗਿਆਨੀ ਇਕਬਾਲ ਸਿੰਘ ਜੀ ਮੀਰਾਂਕੋਟ, ਪ੍ਰੋ. ਸੁਖਦੇਵ ਸਿੰਘ ਜੀ, ਸ ਹਰਭਜਨ ਸਿੰਘ ਵਕਤਾ ਜੀ, ਪ੍ਰੋ. ਹਰਭਜਨ ਸਿੰਘ ਜੀ, ਪਦਮ ਸ਼੍ਰੀ ਭਾਈ ਨਿਰਮਲ ਸਿੰਘ ਜੀ, ਭਾਈ ਰਵਿੰਦਰ ਸਿੰਘ ਜੀ ਆਦਿ।

ਇਹ ਗੋਹੜੇ 'ਚੋਂ ਪੂਣੀ ਕੱਤਣ ਵਾਂਙ, ਕੁਝ ਕੁ ਦਾ ਹੀ ਏਥੇ ਜ਼ਿਕਰ ਕੀਤਾ ਗਿਆ ਹੈ। ਇਹਨਾਂ ਇਲਾਵਾ ਹੋਰ ਵੀ ਬਹੁਤ ਸਾਰੇ ਏਥੋਂ ਵਿੱਦਿਆ ਪ੍ਰਾਪਤ ਵਿਦਿਆਰਥੀ ਆਪਣੇ ਆਪਣੇ ਖੇਤਰ ਵਿਚ ਸਫ਼ਲ ਹੋਏ ਅਤੇ ਹੋ ਰਹੇ ਹਨ।

ਪਹਿਲਾਂ ੧੯੫੪ ਵਿਚ, 'ਸ੍ਰੀ ਗੁਰੂ ਰਾਮ ਦਾਸ ਸੰਗੀਤ ਵਿਦਿਆਲਾ' ਦੇ ਨਾਮ ਤੇ ਵਿਦਿਆਰਥੀਆਂ ਨੂੰ, ਗੁਰਮਤਿ ਸੰਗੀਤ ਦੀ ਸਿਖਲਾਈ ਦੇਣ ਵਾਸਤੇ, ਗੁਰਦੁਆਰਾ ਸ੍ਰੀ ਬਿਬੇਕਸਰ ਸਾਹਿਬ ਵਿਖੇ ਇਕ ਸੰਸਥਾ ਖੋਹਲੀ ਗਈ ਸੀ। ਫਿਰ ਇਸ ਵਿਦਿਆਲੇ ਨੂੰ ਮਿਸ਼ਨਰੀ ਕਾਲਜ ਦਾ ਹੀ ਭਾਗ ਬਣਾ ਦਿਤਾ ਗਿਆ, ਜੋ ਕਿ ਪ੍ਰਬੰਧਕਾਂ ਦਾ ਸ਼ਲਾਘਾ ਯੋਗ ਕਦਮ ਸੀ। ਮੇਰੇ ਵਿਦਿਆਰਥੀ ਕਾਲ ਦੌਰਾਨ ਸੰਗੀਤ ਕਲਾਸ ਦਾ ਕੋਰਸ ਤਿੰਨ ਸਾਲ ਦਾ ਅਤੇ ਪ੍ਰਚਾਰਕ ਕਲਾਸ ਦਾ ਕੋਰਸ ਦੋ ਸਾਲ ਦਾ ਹੁੰਦਾ ਸੀ। ਹੁਣ ਪਤਾ ਲੱਗਾ ਹੈ ਕਿ ਪ੍ਰਚਾਰਕ ਕਲਾਸ ਦਾ ਸਮਾ ਵੀ ਤਿੰਨ ਸਾਲ ਦਾ ਕਰ ਦਿਤਾ ਗਿਆ ਹੈ। ਸਾਡੇ ਵੇਲੇ ਪ੍ਰਚਾਰਕ ਕਲਾਸ ਵਾਸਤੇ ਦਸਵੀਂ ਜਾਂ ਗਿਆਨੀ ਜਾਂ ਦੋਵੇਂ ਪਾਸ ਹੋਣ ਦੀ ਸ਼ਰਤ ਹੁੰਦੀ ਸੀ ਪਰ ਸੰਗੀਤ ਵਾਸਤੇ ਸਕੂਲੀ ਪੜ੍ਹਾਈ ਦੀ ਕੋਈ ਸ਼ਰਤ ਨਹੀਂ ਸੀ ਹੁੰਦੀ। ਮਿਸਾਲ ਵਜੋਂ ਮੈਂ ਪਹਿਲੀ ਜਮਾਤ ਵਿਚ ਹੀ ਕੁਝ ਦਿਨ ਵਾਸਤੇ ਗਵਾਂਢੀ ਪਿੰਡ ਦੇ ਸਕੂਲ ਵਿਚ ਗਿਆ ਸਾਂ ਤੇ "ਘੱਗਾ ਰਾਰਾ ਘਰ" ਵਾਲ਼ੇ ਸਬਕ ਤੋਂ ਬਾਅਦ ਸਕੂਲੇ ਨਹੀਂ ਸੀ ਗਿਆ ਪਰ ਭਾਈਆ ਜੀ (ਪਿਤਾ) ਦੀ ਕਿਰਪਾ ਨਾਲ਼ ਘਰ ਦਾ ਖੇਤੀ ਦਾ ਕਾਰਜ ਕਰਦਿਆਂ ਹੀ ਉਹਨਾਂ ਨੇ ਮੈਨੂੰ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ਕਰਨ ਤੱਕ ਪੜ੍ਹਾ ਦਿਤਾ ਸੀ ਅਤੇ ਫਿਰ, ੧੯੫੫ ਵਿਚ, ਤਰਨ ਤਾਰਨ ਸਥਿਤ, ਖ਼ਾਲਸਾ ਪ੍ਰਚਾਰਕ ਵਿਦਿਆਲੇ ਵਿਚ ਮੈਨੂੰ ਕੀਰਤਨ ਸਿੱਖਣ ਵਾਸਤੇ ਦਾਖ਼ਲ ਕਰਵਾ ਦਿਤਾ। ਕੀਰਤਨ ਦੀ ਬਜਾਇ ਉਸ ਸਮੇ ਦੌਰਾਨ ਮੈਂ ਬਿਨਾ ਕਿਸੇ ਪ੍ਰੇਰਨਾ ਜਾਂ ਅਗਵਾਈ ਦੇ, ਗੁਰਮੁਖੀ ਲਿਖਣ ਦਾ ਅਭਿਆਸ ਕੀਤਾ ਅਤੇ ਵਿਦਿਆਲੇ ਦੀ ਲਾਇਬ੍ਰੇਰੀ ਵਿਚੋਂ ਬਹੁਤ ਸਾਰੀਆਂ ਕਿਤਾਬਾਂ ਪੜ੍ਹ ਲਈਆਂ; ਖਾਸ ਕਰਕੇ ਬਾਬਾ ਪ੍ਰੇਮ ਸਿੰਘ ਹੋਤੀ ਲਿਖਤ ਸਿੱਖ ਰਾਜ ਦੀਆਂ ਇਤਿਹਾਸਕ ਹਸਤੀਆਂ ਨਾਲ਼ ਸਬੰਧਤ। ਗਿਆਨੀ ਸੁਦਾਗਰ ਸਿੰਘ ਜੀ ਤੋਂ ਭਗਤ ਬਾਣੀ ਦੇ ਅਰਥ ਵੀ ਪੜ੍ਹੇ। ਭਾਈ ਵੀਰ ਸਿੰਘ ਜੀ ਦੇ 'ਚਮਤਕਾਰਾਂ' ਤੋਂ ਤਾਂ ਮੇਰੇ ਕੁਝ ਪੱਲੇ ਨਹੀਂ ਸੀ ਪੈਂਦਾ ਪਰ ਬਜ਼ੁਰਗ ਮੈਂਬਰ ਇੰਚਾਰਜ ਸਾਹਿਬ ਮੇਰੇ ਤੋਂ ਇਹਨਾਂ ਨੂੰ ਸੁਣਿਆ ਕਰਦੇ ਸਨ। ਮੇਰੇ ਸਿੱਖ ਧਾਰਮਿਕ ਗਿਆਨ ਤੋਂ ਪ੍ਰਭਾਵਤ, ਪ੍ਰਿੰਸੀਪਲ ਸਾਹਿਬ ਸਿੰਘ ਜੀ ਵਰਗੇ ਵਿਦਵਾਨ ਨੂੰ ਵੀ, ਕਲਾਸ ਵਿਚ ਮੇਰੀ ਕਿਸੇ ਗ਼ਲਤੀ ਤੋਂ ਖ਼ਫ਼ਾ ਹੋ ਕੇ, ਇਕ ਦਿਨ ਕਹਿਣਾ ਪਿਆ ਸੀ, "ਇਸ ਦੇ ਪਿਓ ਨੇ ਇਸ ਨੂੰ ਏਨਾ ਪੜ੍ਹਾਇਆ ਹੈ ਕਿ ਇਸ ਦੀਆਂ ਲੱਤਾਂ ਵਿਚ ਖਲੋਣ ਜੋਗੀ ਜਾਨ ਈ ਨਹੀਂ ਛੱਡੀ।" ਦਾਖ਼ਲੇ ਵਾਲ਼ੀ ਇੰਟਰਵਿਊ ਉਪ੍ਰੰਤ, ਸ੍ਰੀ ਹਰਿਮੰਦਰ ਸਾਹਿਬ ਦੇ ਤਤਕਾਲੀ ਹੈਡ ਗ੍ਰੰਥੀ, ਉਚ ਕੋਟੀ ਦੇ ਵਿਦਵਾਨ, ਸਿੰਘ ਸਾਹਿਬ ਗਿਆਨੀ ਭੂਪਿੰਦਰ ਸਿੰਘ ਜੀ ਨੇ ਵੀ ਮੇਰੇ ਭਾਈਆ ਜੀ ਨੂੰ ਕੁਝ ਏਸੇ ਟੋਨ ਵਿਚ ਸੁਝਾ ਦਿਤਾ ਸੀ, "ਕਲਾਸ ਸ਼ੁਰੂ ਹੋਣ ਵਿਚ ਅਜੇ ਸਮਾ ਹੈ ਤੇ ਇਸ ਨੂੰ ਪਿੰਡ ਭੇਜੋ ਤਾਂ ਕਿ ਖੁਲ੍ਹੇ ਵਾਤਾਵਰਣ ਅਤੇ ਪੇਂਡੂ ਖ਼ੁਰਾਕ ਨਾਲ਼ ਇਸ ਵਿਚ ਜਾਨ ਪਵੇ।" ਇਹ ਸਾਰਾ ਕੁਝ ਦੱਸਣ ਤੋਂ ਮੇਰਾ ਭਾਵ ਇਹ ਹੈ ਕਿ ਸਕੂਲੀ ਪੜ੍ਹਾਈ ਦੀ ਸੰਗੀਤ ਕਲਾਸ ਵਾਸਤੇ ਕੋਈ ਸ਼ਰਤ ਨਹੀਂ ਸੀ ਹੁੰਦੀ ਪਰ ਵੈਸੇ ਇਸ ਧਾਰਮਿਕ ਲਾਈਨ ਦੇ ਗਿਆਨ ਦੀ ਪਰਖ ਜ਼ਰੂਰ ਕੀਤੀ ਜਾਂਦੀ ਸੀ। ਏਥੋਂ ਤੱਕ ਕਿ ਸਾਡੀ ਦਸਾਂ ਵਿਦਿਆਰਥੀਆਂ ਦੀ ਸੰਗੀਤ ਕਲਾਸ ਵਿਚੋਂ ਤਿੰਨ ਤਾਂ ਗੁਰਦੁਆਰਾ ਸਾਹਿਬਾਨ ਵਿਚੋਂ ਗ੍ਰੰਥੀ ਦੀ ਸੇਵਾ ਛੱਡ ਕੇ ਦਾਖ਼ਲ ਹੋਏ ਸਨ। ਇਹਨਾਂ ਵਿਚੋਂ ਇਕ ਭਾਈ ਜਨਕ ਸਿੰਘ ਜੀ ਸਨ ਜਿਨ੍ਹਾਂ ਨੇ ਇਸ ਤੋਂ ਪਹਿਲਾਂ ਏਸੇ ਕਾਲਜ ਵਿਚੋਂ, ਇਕ ਸਾਲਾ ਗ੍ਰੰਥੀ ਦਾ ਕੋਰਸ ਵੀ ਪਾਸ ਕੀਤਾ ਹੋਇਆ ਸੀ। ਇਕ ਭਾਈ ਤਾਰਾ ਸਿੰਘ ਜੀ ਗੁਰਦੁਅਰੇ ਦੀ ਸਟੋਰ ਕੀਪਰੀ ਛੱਡ ਕੇ ਆਏ ਸਨ।

ਪੁਰਾਣੀ ਬਿਲਡਿੰਗ ਕਾਲਜ ਦੀ ਪੁਰਾਣੇ ਸਟਾਈਲ ਦੀ ਹੀ ਸੀ। ਲਾਹੌਰ ਨੂੰ ਜਾਣ ਵਾਲ਼ੀ ਜੀ.ਟੀ. ਰੋਡ ਉਪਰ, ਪੁਤਲੀਘਰ ਵਾਲਾ ਚੌਂਕ ਲੰਘ ਕੇ, ਗੰਗਾਵਾਲ਼ਾ ਬਿਲਡਿੰਗ ਤੋਂ, ਇਸ ਸੜਕ ਤੋਂ ਉਤਰ ਕੇ ਕਾਲਜ ਨੂੰ ਜਾਈਦਾ ਸੀ। ਉਸ ਗਲ਼ੀ ਵਿਚ ਪਹਿਲਾਂ ਡਾਕਟਰ ਸੁਲੱਖਣ ਸਿੰਘ ਦਾ ਦਵਾਖਾਨਾ ਖੱਬੇ ਹੱਥ, ਅਤੇ ਫਿਰ ਗਿਆਨੀ ਗੁਰਬਚਨ ਸਿੰਘ, ਸ੍ਰੀ ਦਰਬਾਰ ਸਾਹਿਬ ਦੇ ਕੁਝ ਸਮਾ ਰਹੇ ਮੈਨੇਜਰ ਅਤੇ ਹੈਡ ਪ੍ਰਚਾਰਕ ਸ਼੍ਰੋਮਣੀ ਗੁ. ਪ੍ਰ. ਕਮੇਟੀ ਦਾ ਘਰ ਵੀ ਖੱਬੇ ਹੱਥ ਹੀ ਹੁੰਦਾ ਸੀ। ਉਸ ਵਿਚੋਂ ਹੀ ਗਲ਼ੀ ਵੱਲ ਬੂਹਾ ਕਢ ਕੇ ਉਹਨਾਂ ਦੇ ਵੱਡੇ ਪੁੱਤਰ, ਸ. ਅਵਤਾਰ ਸਿੰਘ ਦੀ ਕਰਿਆਨੇ ਦੀ ਦੁਕਾਨ ਹੁੰਦੀ ਸੀ। ਉਸ ਤੋਂ ਅੱਗੇ ਚੌਂਕ ਆਉਂਦਾ ਸੀ ਜਿਸ ਦੇ ਸਾਹਮਣੇ ਪਾਸੇ, ਰਣਜੀਤਪੁਰਾ ਆਬਾਦੀ ਦੇ ਗੁਰਦੁਆਰਾ ਸਾਹਿਬ ਦਾ ਗੇਟ ਦਿਸਦਾ ਸੀ ਅਤੇ ਖੱਬੇ ਪਾਸਿਉਂ ਜੀ.ਟੀ. ਰੋਡ ਤੋਂ ਇਕ ਗਲ਼ੀ ਆਉਂਦੀ ਸੀ। ਇਸ ਚੌਂਕ ਦੀ ਸੱਜੀ ਨੁੱਕਰ ਉਪਰ ਪੰਡਿਤ ਦੀ ਹਲਵਾਈ ਦੀ ਦੁਕਾਨ ਹੁੰਦੀ ਸੀ। ਏਥੋਂ ਸੱਜੇ ਹੱਥ ਵੱਲ ਮੁੜਿਆ ਜਾਂਦਾ ਸੀ ਕਾਲਜ ਨੂੰ ਜਾਣ ਵਾਸਤੇ। ਇਸ ਗਲ਼ੀ ਅੰਦਰ ਹੀ, ਹਲਵਾਈ ਦੇ ਨਾਲ਼ ਬਜ਼ੁਰਗ ਵਿਦਵਾਨ ਪ੍ਰਿੰ. ਧਰਮਾਨੰਤ ਸਿੰਘ ਹੋਰੀਂ, ਆਪਣੀ ਬੈਠਕ ਵਿਚ ਬੈਠੇ, ਅਕਸਰ ਹੀ ਕਿਸੇ ਨਾ ਕਿਸੇ ਗ੍ਰੰਥ ਉਪਰ ਝੁਕੇ ਹੋਏ ਨਜ਼ਰ ਆਇਆ ਕਰਦੇ ਸਨ। ਕੁਝ ਅੱਗੇ ਜਾ ਕੇ, ਗਿ. ਗੁਰਮੁਖ ਸਿੰਘ ਮੁਸਾਫ਼ਰ ਦਾ ਘਰ ਲੰਘ ਕੇ ਅਤੇ ਮਾਸਟਰ ਤਾਰਾ ਸਿੰਘ ਜੀ ਦੇ ਘਰ ਤੋਂ ਪਹਿਲਾਂ, ਸੱਜੇ ਹੱਥ, ਸ਼ਹੀਦ ਸਿੱਖ ਮਿਸ਼ਨਰੀ ਕਾਲਜ ਦਾ ਬਾਹਰਲਾ ਗੇਟ ਹੁੰਦਾ ਸੀ। ਮਾਸਟਰ ਜੀ ਦੇ ਘਰ ਅਤੇ ਕਾਲਜ ਦੀ ਵਿਚਕਾਰਲੀ ਕੰਧ ਸਾਂਝੀ ਹੁੰਦੀ ਸੀ। ਦੋਹਾਂ ਮਹੱਤਵਪੂਰਣ ਸੰਸਥਾਵਾਂ ਵਿਚ ਸੰਪਰਕ ਰੱਖਣ ਲਈ, ਇਸ ਕੰਧ ਵਿਚ ਲੰਗਰ ਦੇ ਕੋਲ ਇਕ ਛੋਟਾ ਜਿਹਾ ਦਰਵਾਜ਼ਾ ਹੁੰਦਾ ਸੀ, ਜਿਸ ਰਾਹੀਂ ਦੁਵੱਲਿਉਂ ਲੋੜ ਅਨੁਸਾਰ ਆਵਾਜਾਈ ਹੁੰਦੀ ਰਹਿੰਦੀ ਸੀ। ਦਿਲਚਸਪ ਗੱਲ ਇਹ ਸੀ ਕਿ ਜਦੋਂ

ਤਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਪ੍ਰਬੰਧ ਸ਼੍ਰੋਮਣੀ ਅਕਾਲੀ ਦਲ ਪਾਸ ਹੁੰਦਾ ਸੀ ਓਦੋਂ ਇਹ ਦਰਵਾਜ਼ਾ ਖੁਲ੍ਹਾ ਰਹਿੰਦਾ ਸੀ ਅਤੇ ਜਦੋਂ ਕਦੀ ਥੋਹੜੇ ਕੁ ਸਮੇ ਲਈ ਕਾਂਗਰਸ ਪੱਖੀ ਸਿਖਾਂ ਦਾ ਕਮੇਟੀ ਉਪਰ ਕਬਜਾ ਹੋ ਜਾਂਦਾ ਸੀ ਤਾਂ ਇਹ ਦਰਵਾਜ਼ਾ ਬੰਦ ਰਿਹਾ ਕਰਦਾ ਸੀ। ਫਿਰ ਸ਼੍ਰੋਮਣੀ ਕਮੇਟੀ ਉਪਰ ਮਾਸਟਰ ਜੀ ਦੇ ਵਿਰੋਧੀ, ਸੰਤ ਅਕਾਲੀ ਦਲ ਦਾ ਕਬਜਾ ਹੋ ਗਿਆ ਤਾਂ ਇਹ ਦਰਵਾਜਾ ਹਮੇਸ਼ਾਂ ਵਾਸਤੇ ਬੰਦ ਹੋ ਗਿਆ।

ਮੋਹਰਲੇ ਗੇਟ ਉਪਰ ਕਾਲਜ ਦਾ ਬੋਰਡ ਲ'ਗਾ ਹੋਇਆ ਹੁੰਦਾ ਸੀ। ਉਪਰ ਕਾਲਜ ਦਾ ਪੂਰਾ ਨਾਂ ਅਤੇ ਇਸ ਦਾ ਆਰੰਭਕ ਸਾਲ ੧੯੨੭ ਲਿਖਿਆ ਹੁੰਦਾ ਸੀ। ਕਈ ਵਾਰੀ ਰਾਹ ਗੁਜ਼ਰੂ ਸੱਜਣਾਂ ਨੇ ਰੁਕ ਕੇ ਪੁੱਛਣਾ ਕਿ ਏਥੇ ਕੇਹੜੀ ਮਸ਼ੀਨਰੀ ਬਣਦੀ ਹੈ। ਸ਼ਬਦ 'ਮਿਸ਼ਨਰੀ' ਅਤੇ 'ਮਸ਼ੀਨਰੀ' ਵਿਚ ਥੋਹੜਾ ਹੀ ਫਰਕ ਹੋਣ ਕਰਕੇ, ਕਈ ਲੋਕ ਭੁਲੇਖਾ ਖਾ ਜਾਂਦੇ ਸਨ। ਇਕ ਹੋਰ ਗੱਲ ਇਹ ਕਿ ਕਾਲਜ ਦੇ ਪਿਛਵਾੜੇ ਵਾਲ਼ੀ ਉਚੀ ਕੰਧ ਦੇ ਦੂਜੇ ਪਾਸੇ, ਖੂਹੀ ਦੇ ਕੋਲ਼ ਕਰਕੇ, ਕੋਈ ਕਾਰਖਾਨਾ ਹੁੰਦਾ ਸੀ ਜਿਸ ਦੀਆਂ ਮਸ਼ੀਨਾਂ ਦੀ ਆਵਜ਼ ਵੀ ਅਕਸਰ ਸੁਣਾਈ ਦਿਆ ਕਰਦੀ ਸੀ। ਰਾਤ ਨੂੰ ਤਾਂ ਇਹ ਏਨੇ ਜੋਰ ਦੀ ਆਉਂਦੀ ਸੀ ਕਿ ਸ਼ੁਰੂ ਵਿਚ ਕਈ ਦਿਨ ਤਾਂ ਮੈਂ ਰੋਜ ਰਾਤ ਨੂੰ ਇਹ ਸਮਝਣਾ ਕਿ ਬਾਹਰ ਮੀਂਹ ਪੈ ਰਿਹਾ ਹੈ ਪਰ ਜਦੋਂ ਸਵੇਰੇ ਕਮਰਿਉਂ ਬਾਹਰ ਨਿਕਲਣਾ ਤਾਂ ਸੁਕ ਪੁਕਾ ਹੋਣਾ। ਅਜਿਹਾ ਭੁਲੇਖਾ ਵਾਹਵਾ ਈ ਦਿਨ ਰਿਹਾ। ਸਾਡੇ ਵਾਲ਼ਾ ਕਮਰਾ ਵੀ ਸੰਗੀਤ ਕਲਾਸ ਵਾਲ਼ੇ ਕਮਰੇ ਦੇ ਨਾਲ਼ ਦਾ ਹੀ ਹੁੰਦਾ ਸੀ ਤੇ ਅਸੀਂ ਪੰਜ ਜਣੇ ਇਕ ਕਮਰੇ ਵਿਚ, ਪੰਜਾਂ ਮੰਜਿਆਂ ਉਪਰ ਸਉਂਇਆਂ ਕਰਦੇ ਸਾਂ ਤੇ ਸਾਮਾਨ ਸਾਰਿਆਂ ਦਾ ਆਪੋ ਆਪਣੀ ਅਲਮਾਰੀ ਵਿਚ ਹੁੰਦਾ ਸੀ।

ਗੇਟ ਦੇ ਨਾਲ ਖੱਬੇ ਹੱਥ ਧੋਬੀ ਦੀ ਦੁਕਾਨ ਹੁੰਦੀ ਸੀ। ਇਸ ਦਾ ਵੱਡਾ ਬੂਹਾ ਬਾਹਰ ਵੱਲ ਤੇ ਛੋਟਾ ਅੰਦਰ ਵੱਲ ਹੁੰਦਾ ਸੀ। ਦੁਕਾਨ ਦੇ ਕਰਾਏਦਾਰ ਯੂ.ਪੀ. ਵੱਲ ਦੇ ਸਨ। ਉਹਨਾਂ ਦਾ ਨੌਕਰ ਮਾਲਕ ਦੀ ਵਹੁਟੀ ਕੱਢ ਕੇ ਲੈ ਗਿਆ। ਸਹੁਰਾ ਨੋਂਹ ਦੀ ਭਾਲ਼ ਵਿਚ ਮਗਰ ਗਿਆ ਪਰ ਕੁੱਟ ਖਾ ਕੇ ਮੁੜ ਆਇਆ। ਗੇਟ ਲੰਘ ਕੇ ਡਿਉੜੀ ਅੰਦਰ ਵੜਦਿਆਂ ਹੀ ਤਬਲੇ ਦੀ ਕਲਾਸ ਵਾਲ਼ਾ ਕਮਰਾ ਹੁੰਦਾ ਸੀ ਜਿਥੇ ਪ੍ਰੋ. ਸਾਧੂ ਸਿੰਘ ਜੀ ਬੜੀ ਤਨਦੇਹੀ ਨਾਲ਼ ਵਿਦਿਆਰਥੀਆਂ ਨੂੰ ਤਬਲੇ ਦੀ ਸਿ'ਖਿਆ ਦਿਆ ਕਰਦੇ ਸਨ। ਉਸ ਤੋਂ ਅੱਗੇ ਪਰ ਕਾਲਜ ਦੇ ਵਿਚਕਾਰਲੇ ਖੁਲ੍ਹੇ ਵੇਹੜੇ ਵ'ਲ ਨੂੰ ਖੁਲ੍ਹਦੇ ਦਰਵਾਜ਼ੇ ਵਾਲ਼ਾ ਵਡੇਰਾ ਕਮਰਾ ਹੁੰਦਾ ਸੀ ਜਿਸ ਵਿਚ ਸੰਗੀਤ ਦੀ ਕਲਾਸ ਲੱਗਦੀ ਹੁੰਦੀ ਸੀ। ਇਸ ਵਿਚ ਮੇਰੀ 'ਕਲਾਸ' ਸਭ ਤੋਂ ਵਧ ਲੱਗਿਆ ਕਰਦੀ ਸੀ; ਸ਼ਾਇਦ ਇਸ ਕਰਕੇ ਕਿ ਮੈਂ ਸਭ ਤੋਂ ਛੋਟਾ ਤੇ ਸਿਧਾ ਪਿੰਡੋਂ ਡੰਗਰ ਚਾਰਦਾ ਆਇਆ ਹੋਣ ਕਰਕੇ, ਮੈਨੂੰ ਦੂਜਿਆਂ ਨਾਲ਼ੋਂ ਵਧ 'ਕਲਾਸ' ਦਾ ਸਾਹਮਣਾ ਕਰਨਾ ਪੈਂਦਾ ਹੋਵੇ! ਇਸ ਦਰਵਾਜ਼ੇ ਉਪਰ 'ਸ੍ਰੀ ਗੁਰੂ ਰਾਮ ਦਾਸ ਸੰਗੀਤ ਵਿਦਿਆਲਾ' ਵਾਲ਼ਾ ਬੋਰਡ ਸਾਡੇ ਸਮੇ ਲੱਗਾ ਹੁੰਦਾ ਸੀ। ਸ਼ਾਇਦ ਸਾਬਕਾ ਵਿਦਿਆਲੇ ਦੇ ਮੁਖੀ ਮਾਨਸਿਕ ਤੌਰ ਤੇ ਅਜੇ ਕਾਲਜ ਵਿਚ ਮਰਜ ਹੋਣ ਲਈ ਤਿਆਰ ਨਾ ਹੋਏ ਹੋਣ! ਆਪਣੀ ਆਜ਼ਾਦੀ ਛਡ ਕੇ ਕਿਸੇ ਹੋਰ ਦੇ ਅਧੀਨ ਹੋਣ ਲਈ ਮਨੁਖ ਸਹਿਜੇ ਕੀਤੇ ਮਾਨਸਿਕ ਤੌਰ ਤੇ ਖ਼ੁਸ਼ੀ ਨਾਲ਼ ਤਿਆਰ ਨਹੀਂ ਹੁੰਦਾ।

ਮੂਹਰਲੇ ਦਰਵਾਜ਼ੇ ਤੋਂ ਸਿਧਾ ਕੱਚਾ ਰਾਹ, ਕਾਲਜ ਦੀ ਪਿਛਲੀ ਕੰਧ ਦੇ ਨਾਲ਼ ਲੱਗਵੀਂ ਪ੍ਰਿੰਸੀਪਲ ਸਾਹਿਬ ਜੀ ਦੀ ਰਿਹਾਇਸ਼ ਤੱਕ ਜਾਂਦਾ ਸੀ ਜਿਸ ਦੇ ਦੋਹੀਂ ਪਾਸੀਂ ਡੂੰਘੀਆਂ ਜਿਹੀਆਂ ਖੇਲ਼ਾਂ ਪੁੱਟ ਕੇ ਬੂਟੇ, ਫੁੱਲ ਆਦਿ ਲੱਗਾਏ ਹੋਏ ਹੁੰਦੇ ਸਨ। ਪ੍ਰਿੰਸੀਪਲ ਸਾਹਿਬ ਜੀ ਦਾ ਘਰ ਕੋਠੀਨੁਮਾ ਸੀ। ਅੱਧੇ ਵਿਚ ਪ੍ਰਿੰਸੀਪਲ ਸਾਹਿਬ ਜੀ, ਉਹਨਾਂ ਦੇ ਪਤਨੀ, ਸਤਿਕਾਰ ਯੋਗ ਮਾਤਾ ਰਤਨ ਕੌਰ ਜੀ ਅਤੇ ਉਹਨਾਂ ਦੇ ਸਭ ਤੋਂ ਛੋਟੇ ਸਪੁੱਤਰ, ਡਾ. ਦਲਜੀਤ ਸਿੰਘ ਜੀ ਰਿਹਾ ਕਰਦੇ ਸਨ। ਡਾ. ਦਲਜੀਤ ਸਿੰਘ ਜੀ ਓਦੋਂ ਐਮ.ਬੀ.ਬੀ.ਐਸ ਕਰਨ ਉਪ੍ਰੰਤ, ਡਾਕਟਰੀ ਵਿਚ ਹੀ ਅੱਗੇ ਦੀ ਕੋਈ ਪੜ੍ਹਾਈ ਕਰ ਰਹੇ ਸਨ। ਇਸ ਕੋਠੀ ਦਾ ਬਾਕੀ ਦਾ ਅੱਧ ਗੁਰਦੁਆਰੇ ਦੇ ਰੂਪ ਵਿਚ ਵਰਤਿਆ ਜਾਂਦਾ ਸੀ। ਸੁਭਾ ਸ਼ਾਮ ਦੀਆਂ ਕਲਾਸਾਂ ਇਸ ਗੁਰਦੁਆਰੇ ਵਿਚ ਲੱਗਿਆ ਕਰਦੀਆਂ ਸਨ ਤੇ ਦਿਨ ਵੇਲ਼ੇ, ਚੰਗੇ ਮੌਸਮ ਸਮੇ ਪ੍ਰਿੰਸੀਪਲ ਸਾਹਿਬ ਬਾਹਰ ਖੁਲ੍ਹੇ ਥਾਂ ਪੜ੍ਹਾਇਆ ਕਰਦੇ ਅਤੇ ਪ੍ਰੋ. ਅਮਰ ਸਿੰਘ ਚਾਕਰ ਜੀ, ਰਿਹਾਇਸ਼ੀ ਕਮਰਿਆਂ ਵਿਚੋਂ ਇਕ ਕਲਾਸ ਰੂਮ ਵਜੋਂ ਵਰਤੇ ਜਾਂਦੇ ਕਮਰੇ ਵਿਚ ਇਤਿਹਾਸ ਪੜ੍ਹਾਇਆ ਕਰਦੇ ਸਨ।

ਹਰੇਕ ਪੱਖ ਤੋਂ ਵੇਖਿਆਂ ਅੱਜ ਦੇ ਇਸ ਕਾਲਜ ਦਾ, ਸਾਡੇ ਵੇਲ਼ੇ ਦੇ ਕਾਲਜ ਨਾਲ਼ ਟਾਕਰਾ ਕੀਤਾ ਜਾਵੇ ਤਾਂ ਸਾਡੇ ਵਾਲ਼ਾ ਕਾਲਜ ਤਾਂ ਬਹੁਤ ਪਿਛਲੇ ਯੁਗ ਦੀ ਕਹਾਣੀ ਲੱਗਦਾ ਹੈ। ਅੱਜ ਇਹ ਮਹਾਨ ਸੰਸਥਾ ਹਰ ਪਖੋਂ ਸਮੇ ਦੀ ਹਾਣੀ ਦਿਸਦੀ ਹੈ।

ਏਥੇ ਬਜ਼ੁਰਗ ਪ੍ਰਿੰਸੀਪਲ ਸਾਹਿਬ ਸਿੰਘ ਜੀ ਹੋਰਾਂ ਦੀਆਂ 'ਕੰਜੂਸੀਆਂ' ਬਾਰੇ ਵੀ ਗੱਲ ਕਰ ਹੀ ਲਈ ਜਾਵੇ: ਪ੍ਰਿੰਸੀਪਲ ਸਾਹਿਬ ਜੀ ਨੇ ਦੱਸਿਆ ਕਿ ਕਾਲਜ ਵਿਚ ਇਕ ਕਲੱਰਕ ਵੀ ਹੁੰਦਾ ਸੀ। ਉਸ ਨੂੰ ਉਹਨਾਂ ਨੇ ਕਮੇਟੀ ਦੇ ਦਫ਼ਤਰ ਵਿਚ ਭੇਜ ਦਿਤਾ ਤਾਂ ਕਿ ਉਸ ਤੋਂ ਕੋਈ ਹੋਰ ਕੰਮ ਲੈ ਲਿਆ ਜਾਵੇ। ਕਦੀ ਕੋਈ ਚਿੱਠੀ ਹੀ ਲਿਖਣ ਦੀ ਲੋੜ ਪਵੇਗੀ ਤਾਂ ਉਹ ਖ਼ੁਦ ਲਿਖ ਲਿਆ ਕਰਨਗੇ। ਫਿਰ ਇਕ ਫ਼ੋਨ ਵੀ ਹੁੰਦਾ ਸੀ, ਉਹ ਵੀ ਉਹਨਾਂ ਨੇ ਚੁਕਵਾ ਦਿਤਾ। ਜਦੋਂ ਹੀ ਦਿਨ ਚੜ੍ਹਨਾ ਤਾਂ ਸਵੇਰੇ ਸੈਰ ਕਰਦੇ ਸਮੇ ਉਹਨਾਂ ਨੇ ਵਿਦਿਆਰਥੀਆਂ ਦੇ ਕਮਰਿਆਂ ਵਿਚ ਝਾਤੀ ਮਾਰਨ ਲੱਗ ਪੈਣਾ। ਜੇ ਕਿਸੇ ਕਮਰੇ ਦੀ ਬੱਤੀ ਜਗਦੀ ਹੋਵੇ ਤਾਂ ਬੁਝਾਉਣੀ ਤੇ ਦਬਕੇ ਨਾਲ਼ ਬਿਜਲੀ ਦੀ ਦੁਰਵਰਤੋਂ ਦੇ ਵਿਰੁਧ ਬਚਨ ਵੀ ਕਰਨੇ। ਉਹਨਾਂ ਦਿਨਾਂ ਵਿਚ ਬਿਜਲੀ ਦਾ ਬੜਾ ਬੁਰਾ ਹਾਲ ਹੁੰਦਾ ਸੀ। ਇਸ ਦੀ ਥੁੜ ਕਾਰਨ ਕਾਰਖਾਨੇ ਬੰਦ ਹੋ ਜਾਂਦੇ ਸਨ ਤੇ ਬੇਕਾਰ ਮਜ਼ਦੂਰ ਵਿਚਾਰੇ ਮੁਜ਼ਾਹਰੇ ਕਰਿਆ ਕਰਦੇ ਸਨ। ਸਾਨੂੰ ਪੰਦਰਾਂ ਵਿਦਿਆਰਥੀਆਂ ਨੂੰ, ਕਲਾਸ ਦੇ ਸਮੇ ਤੋਂ ਪਿ'ਛੋਂ ਉਸ ਕਮਰੇ ਵਿਚ, ਅਤਿ

ਦੀ ਗਰਮੀ ਵਿਚ ਵੀ ਪ'ਖਾ ਨਹੀਂ ਸੀ ਚਲਾਉਣ ਦੀ ਆਗਿਆ। ਦੁਪਹਿਰ ਸਮੇ ਅਸੀਂ ਮੂਹਰਲੇ ਬੂਹੇ ਨੂੰ ਜਿੰਦਰਾ ਲਾ ਕੇ, ਪਾਸੇ ਵਾਲ਼ੇ ਨਿੱਕੇ ਬੂਹੇ ਥਾਣੀ ਅੰਦਰ ਹਨੇਰਾ ਕਰਕੇ ਬੈਠ ਜਾਣਾ। ਫਿਰ ਸਾਡੀ ਇਹ 'ਚੋਰੀ' ਵੀ ਫੜੀ ਗਈ ਤੇ ਝਾੜਾਂ ਖਾਣੀਆਂ ਪਈਆਂ। ਕੌਮੀ ਵਸੀਲਿਆਂ ਨੂੰ ਸੰਜਮ ਸਹਿਤ ਵਰਤਣ ਵਾਲ਼ੇ ਪੱਖ ਤੋਂ ਉਹ ਏਨੇ ਸਾਵਧਾਨ ਸਨ। ਪ੍ਰਿੰਸੀਪਲ ਸਾਹਿਬ ਜੀ ਮੂੰਹ ਤੋਂ ਬਹੁਤ ਗਰਮ ਸਨ ਪਰ ਦਿਲ ਦੇ ਏਨੇ ਨਰਮ ਸਨ ਕਿ ਜੇ ਪਤਾ ਲੱਗੇ ਕਿ ਕੋਈ ਵਿਦਿਆਰਥੀ ਉਹਨਾਂ ਦੀ 'ਝਿੜਕ' ਕਾਰਨ ਰੋ ਰਿਹਾ ਹੈ ਤਾਂ ਉਸ ਨੂੰ ਮੰਨਾਉਣ ਲਈ ਖ਼ੁਦ ਆ ਕੇ ਵਰਾਇਆ ਕਰਦੇ ਸਨ।

ਤਿੰਨ ਸਾਲ ਦੇ ਸਮੇ ਦੌਰਾਨ, ਏਥੇ ਰਹਿੰਦਿਆਂ ਬਹੁਤ ਕੁਝ ਚੰਗਾ ਤੇ ਕੁਝ ਮੰਦਾ ਵੀ ਵਾਪਰਿਆ। ਕਾਲਜ ਦੇ ਪਹਿਲੇ ਸਾਲ ਦੀਆਂ ਗਰਮੀਆਂ ਵਿਚ ਹੀ ਇਕ ਭਿਆਨਕ ਘਟਨਾ ਵਾਪਰ ਗਈ। ਰਾਤ ਦੀ ਰੋਟੀ ਖਾਣ ਤੋਂ ਪਿਛੋਂ ਤਕਰੀਬਨ ਸਾਰੇ ਹੀ ਮੁੰਡੇ ਸੈਰ ਕਰਨ ਲਈ ਚਲੇ ਜਾਂਦੇ ਸਨ। ਕੁਝ ਸੜਕੇ ਸੜਕ ਪੁਤਲੀ ਘਰ ਵੱਲ, ਕੁਝ ਹੋਰ ਪਾਸਿਆਂ ਵੱਲ ਨੂੰ ਤੇ ਬਹੁਤੇ ਖ਼ਾਲਸਾ ਕਾਲਜ ਦੀਆਂ ਗਰਾਊਂਡਾਂ ਨੂੰ ਚਲੇ ਜਾਂਦੇ ਸਨ। ਇਕ ਰਾਤ ਨੂੰ ਸੈਰੋਂ ਵਾਪਸੀ ਤੇ ਅਸੀਂ ਹੈਰਾਨੀ ਨਾਲ਼ ਵੇਖਿਆ ਕਿ ਮੇਰੇ ਵਾਲ਼ੇ ਕਮਰੇ, ਜਿਸ ਵਿਚ ਅਸੀਂ ਪੰਜ ਵਿਦਿਆਰਥੀ ਰਹਿੰਦੇ ਸਾਂ, ਵਿਚ ਪੁਲਸ ਆਈ ਹੋਈ ਹੈ। ਯੂ. ਪੀ. ਤੋਂ ਆਏ ਵਿਦਿਆਰਥੀ ਕਰਮ ਸਿੰਘ ਨੂੰ ਫੜ ਕੇ ਭੁੰਜੇ ਬਹਾਇਆ ਹੋਇਆ ਹੈ। ਉਸ ਪਾਸੋਂ ਗਾਤਰੇ ਵਾਲ਼ੀ ਕ੍ਰਿਪਾਨ ਵੀ ਕਬਜੇ ਵਿਚ ਲਈ ਹੋਈ ਹੈ। ਭਾਵੇਂ ਕਿ ਉਸ ਨੇ ਕਾਲਜ ਵਿਚਲੇ ਨਲ਼ਕੇ ਤੋਂ ਇਸ ਨੂੰ ਧੋ ਲਿਆ ਸੀ ਪਰ ਉਸ ਦੀ ਅੰਤਲੀ ਨੋਕ ਵਿਚ ਪਾਣੀ ਦਾ ਤੁਪਕਾ ਲਹੂਰੰਗਾ ਅਟਕਿਆ ਹੋਇਆ ਸੀ। ਉਸ ਦੇ ਲਹੂ ਦੇ ਛਿੱਟਿਆਂ ਵਾਲੇ ਕੱਪੜੇ ਵੀ ਪੁਲਸ ਨੇ ਕਬਜੇ ਵਿਚ ਕਰ ਲਏ ਸਨ। ਕਰਮ ਸਿੰਘ ਨੂੰ ਪੁਲਸ ਫੜ ਕੇ ਸਦਰ ਠਾਣੇ ਲੈ ਗਈ। ਪੁਲਸ ਦੇ ਜਾਣ ਪਿਛੋਂ ਪਤਾ ਲੱਗਾ ਕਿ ਇਕ ਹੋਰ ਯੂ. ਪੀ. ਦੇ ਵਿਦਿਆਰਥੀ ਦਲੀਪ ਸਿੰਘ ਨੂੰ, ਕਰਮ ਸਿੰਘ ਨੇ, ਉਸ ਦੀ ਵੱਖੀ ਦੇ ਦਿਲ ਵਾਲ਼ੇ ਪਾਸੇ, ਆਪਣੇ ਗਾਤਰੇ ਵਾਲ਼ੀ ਕ੍ਰਿਪਾਨ ਮਾਰ ਕੇ, ਡੂੰਘਾ ਜ਼ਖ਼ਮ ਕਰ ਦਿਤਾ ਹੈ ਤੇ ਉਸ ਨੂੰ ਕਿਸੇ ਨੇ ਹਸਪਤਾਲ ਵਿਚ ਪੁਚਾ ਦਿਤਾ ਹੈ। ਉਹ ਇਸ ਲਈ ਕਰਮ ਸਿੰਘ ਦਾ ਨਾਂ ਲੈ ਰਿਹਾ ਹੈ। ਇਹ ਦੋਵੇਂ ਵਿਦਿਆਰਥੀ ਦਿੱਲੀ ਗੁਰਮਤਿ ਵਿਦਿਆਲੇ ਵਿਚੋਂ, ਸਾਡੇ ਸੰਗੀਤ ਦੇ ਪ੍ਰੋਫ਼ੈਸਰ ਸ. ਰਾਜਿੰਦਰ ਸਿੰਘ ਜੀ ਦੇ ਉਸਤਾਦ, ਗਿਆਨੀ ਹਰਦਿਤ ਸਿੰਘ ਜੀ ਹੋਰਾਂ ਦੇ ਭੇਜੇ ਹੋਏ ਸਨ। ਯਾਦ ਰਹੇ ਕਿ ਸਵੱਰਗੀ ਗਿਆਨੀ ਹਰਦਿਤ ਸਿੰਘ ਜੀ ਬਹੁਤ ਸਮਾ ਗੁਰਦੁਆਰਾ ਸ੍ਰੀ ਰਕਾਬ ਗੰਜ ਸਾਹਿਬ ਦਿੱਲੀ ਵਿਖੇ ਚੱਲ ਰਹੇ, ਗੁਰਮਤਿ ਵਿਦਿਆਲੇ ਦੇ ਮੁਖੀ ਰਹੇ ਸਨ। ਉਹ ਹਰੇਕ ਸੈਸ਼ਨ ਸਮੇ ਆਪਣੇ ਵਿਦਿਆਲੇ ਵਿਚੋਂ ਕੁਝ ਵਿਦਿਆਰਥੀ ਏਥੇ ਭੇਜਿਆ ਕਰਦੇ ਸਨ। ਸਾਡੇ ਪ੍ਰੋਫ਼ੈਸਰ ਸ. ਰਾਜਿੰਦਰ ਸਿੰਘ ਜੀ ਵੀ ਉਹਨਾਂ ਦੇ ਪੁਰਾਣੇ ਵਿਦਿਆਰਥੀ ਸਨ।

ਸਾਡੇ ਵਿਚੋਂ ਵੱਡੇ ਵਿਦਿਆਰਥੀਆਂ ਨੇ, ਜ਼ਖ਼ਮੀ ਦਲੀਪ ਸਿੰਘ ਲਈ ਆਪਣਾ ਖ਼ੂਨ ਵੀ ਦਿਤਾ। ਉਸ ਦੇ ਜ਼ਖ਼ਮ ਵਿਚੋਂ ਖ਼ੂਨ ਵਗਣਾ ਬੰਦ ਨਾ ਹੋ ਸਕਿਆ। ਜਿੰਨਾ ਵੀ ਖ਼ੂਨ ਚੜ੍ਹਦਾ ਉਹ ਜ਼ਖ਼ਮ ਵਿਚੋਂ ਵਗ ਜਾਂਦਾ। ਅੰਤ ਵਿਚ ਕੁਝ ਦਿਨਾਂ ਬਾਅਦ ਉਸ ਦੀ ਮੌਤ ਹੋ ਗਈ। ਉਸ ਦੀ ਮੌਤ ਹੋ ਜਾਣ ਤੋਂ ਪਹਿਲਾਂ ਹੀ, ਪਤਾ ਨਹੀ ਕਿਸ ਤਰ੍ਹਾਂ ਕਰਮ ਸਿੰਘ ਨੂੰ ਪੁਲਸ ਨੇ ਛੱਡ ਦਿਤਾ ਤੇ ਓਸੇ ਰਾਤ ਦੀ ਗੱਡੀ ਵਿਚ ਹੀ ਉਸ ਨੂੰ ਦਿੱਲੀ ਵੱਲ ਤੋਰ ਦਿਤਾ ਗਿਆ। ਇਸ ਸਾਰੀ ਕਾਰਵਾਈ ਵਿਚ ਸਾਡੇ ਪ੍ਰੋ. ਰਾਜਿੰਦਰ ਸਿੰਘ ਜੀ ਅਤੇ ਉਹਨਾਂ ਦੇ ਮਿੱਤਰ ਸ. ਨਰਿੰਦਰ ਸਿੰਘ ਸੋਚ ਜੀ ਸਰਗਰਮ ਸਨ। ਇਸ ਦੁਖਦਾਈ ਘਟਨਾ ਦਾ ਅਜੇ ਵੀ ਮੇਰੇ ਮਨ ਤੇ ਬੜਾ ਅਸਰ ਹੈ। ਇਹ ਦੋਵੇਂ ਹੀ ਵਿਦਿਆਰਥੀ ਤਕਰੀਬਨ ਮੇਰੀ ਉਮਰ ਦੇ ਸਨ ਤੇ ਮੇਰਾ ਇਹਨਾਂ ਨਾਲ ਸਹਿਯੋਗ ਵੀ ਚੰਗਾ ਸੀ।

ਇਸ ਦੁਖਦਾਈ ਘਟਨਾ ਕਾਰਨ ਕਾਲਜ ਵਿਚ ਗਰਮੀਆਂ ਦੀਆਂ ਛੁੱਟੀਆਂ ਸਮੇ ਤੋਂ ਪਹਿਲਾਂ ਹੀ ਕਰ ਦਿਤੀਆਂ ਗਈਆਂ। ਸਾਰੇ ਵਿਦਿਆਰਥੀਆਂ ਦੇ ਸਿਰਨਾਵੇਂ ਲ਼ਿਖ ਕੇ ਉਹਨਾਂ ਨੂੰ ਘਰੋ ਘਰੀ ਚਲੇ ਜਾਣ ਲਈ ਆਖ ਦਿਤਾ ਗਿਆ।

ਇਕ ਬਹੁਤ ਚੰਗੀ ਤੇ ਰੌਣਕ ਮੇਲੇ ਵਾਲ਼ੀ ਖ਼ੁਸ਼ੀਆਂ ਭਰਪੂਰ ਘਟਨਾ ਉਸ ਸਮੇ ਇਹ ਵਾਪਰੀ ਕਿ ਪੰਥ ਰਤਨ ਸ੍ਰੀ ਮਾਨ ਮਾਸਟਰ ਤਾਰਾ ਸਿੰਘ ਜੀ ਦੀ ਵਿਦਵਾਨ ਸਪੁੱਤਰੀ, ਬੀਬੀ ਰਾਜਿੰਦਰ ਕੌਰ ਜੀ ਦਾ ਵਿਆਹ, ਏਅਰ ਫੋਰਸ ਦੇ ਕੈਪਟਨ ਕੰਵਲਜੀਤ ਸਿੰਘ ਜੀ ਨਾਲ਼ ਏਥੇ ਹੋਇਆ। ਆਨੰਦ ਕਾਰਜ ਆਦਿ ਦੀਆਂ ਸਾਰੀਆਂ ਰੌਣਕਾਂ ਕਾਲਜ ਦੇ ਖੁਲ੍ਹੇ ਸਥਾਨ ਹੀ ਉਪਰ ਟੈਂਟ ਲਾ ਕੇ ਹੋਈਆਂ। ਅਸੀਂ ਵੀ ਵਿਆਹ ਦੀ ਖ਼ੁਸ਼ੀ ਵਿਚ ਰੱਜ ਰੱਜ ਭੋਜ ਛਕੇ।

**ਪੁਰਾਣੇ ਤੇ ਨਵੇਂ ਵਿਦਿਆਰਥੀਆਂ ਦਾ ਸੈਮੀਨਾਰ:**

ਮੇਰੀ ਇਸ ਵਾਰੀ ਦੀ ਫੇਰੀ ਦੌਰਾਨ, ਕਾਲਜ ਵਿਚ ਪੁਰਾਣੇ ਅਤੇ ਨਵੇਂ ਵਿਦਿਆਥੀਆਂ ਦੇ ਸਮੇਲਨ ਦਾ ਪ੍ਰਬੰਧ ਕੀਤਾ ਗਿਆ। ਗ'ਲ ਇਹ ਇਉਂ ਤੁਰੀ: ਇਕ ਦਿਨ ਸਿੰਘ ਸਾਹਿਬ ਗਿਆਨੀ ਕੇਵਲ ਸਿੰਘ ਜੀ ਨੇ ਆਪਣੀ ਸੰਸਥਾ, ਭਾਈ ਗੁਰਦਾਸ ਅਕੈਡਮੀ, ਆਪਣੇ ਪਿੰਡ ਪੰਡੋਰੀ ਰਣ ਸਿੰਘ ਵਿਚ, ਸਾਨੂੰ ਤਿੰਨ ਸੱਜਣਾਂ: ਗਿਆਨੀ ਇਕਬਾਲ ਸਿੰਘ ਜੀ ਮੀਰਾਂਕੋਟ, ਗਿਆਨੀ ਜੋਗਿੰਦਰ ਸਿੰਘ ਆਜ਼ਾਦ ਜੀ ਅਤੇ ਮੈਨੂੰ ਸੱਦਿਆ ਅਤੇ ਅਜਿਹੇ ਸੰਮੇਲਨ ਦੀ ਤਜਵੀਜ਼ ਰੱਖੀ। ਅਸੀਂ ਮੁਕਤ ਕੰਠ ਨਾਲ਼ ਇਸ ਚੰਗੇ ਕਾਰਜ ਦੀ ਪ੍ਰੋੜ੍ਹਤਾ ਅਤੇ ਪ੍ਰਸੰਸਾ ਕੀਤੀ। ਪਹਿਲਾਂ ਤਾਂ ਮੈਨੂੰ ਇਹ ਪ'ਛਿਆ ਕਿ ਮੈਂ ਕਦੋਂ ਤੱਕ ਏਥੇ ਹਾਂ। ਮੇਰੇ ਇਹ ਦੱਸਣ ਤੇ ਕਿ ੨੩ ਫ਼ਰਵਰੀ ਸਵੇਰੇ ਹੀ ਮੈਂ ਅੰਮ੍ਰਿਤਸਰੋਂ ਤੁਰ ਪੈਣਾ ਹੈ ਤਾਂ ਉਹਨਾਂ ਨੇ ਆਖਿਆ ਕਿ ਤਾਂ ਫਿਰ ਉਸ ਤੋਂ ਪਹਿਲਾਂ ਹੀ ਇਹ ਉਦਮ ਕਰਨਾ ਪਵੇਗਾ! ਉਹਨਾਂ ਫੌਰਨ ਹੀ ਸ਼੍ਰੋਮਣੀ ਕਮੇਟੀ ਦੇ ਅਧਿਾਰੀਆਂ ਦੇ ਦਫ਼ਤਰਾਂ ਵਿਚ ਜਾ ਕੇ ਇਸ ਬਾਰੇ ਵਿਚਾਰ ਵਟਾਂਦਰਾ ਕਰਨਾ ਆਰੰਭ ਦਿਤਾ। ਪਹਿਲੀਆਂ ਕੁਝ ਅਜਿਹੀਆਂ ਮੀਟਿਗਾਂ ਵਿਚ ਮੈਨੂੰ ਵੀ ਜਥੇਦਾਰ ਜੀ ਆਪਣੇ ਨਾਲ਼ ਲੈ ਜਾਇਆ ਕਰਦੇ ਸਨ। ਮੈਂ ਇਹ ਵੇਖ ਕੇ ਹੈਰਾਨ ਰਹਿ ਗਿਆ ਕਿ ਹਰੇਕ ਦਫ਼ਤਰ ਵਿਚ, ਹਰੇਕ ਅਧਿਕਾਰੀ ਵੱਲੋਂ

ਜਥੇਦਾਰ ਜੀ ਨੂੰ ਏਨਾ ਮਾਣ ਦਿਤਾ ਜਾ ਰਿਹਾ ਹੈ ਜਿਸ ਬਾਰੇ ਮੈਂ ਪਹਿਲਾਂ ਅੰਦਾਜ਼ਾ ਨਹੀਂ ਸੀ ਲਾਇਆ। ਹਰੇਕ ਅਧਿਕਾਰੀ ਹੀ 'ਸੱਤ ਬਚਨ' ਆਖੀ ਜਾਵੇ। ਮੈਨੂੰ ਇਸ ਗੱਲ ਦੀ ਵੀ ਹੈਰਾਨੀ ਹੋਈ ਕਿ ਕਮੇਟੀ ਦੇ ਸਰਬ ਸਮਰੱਥਾਵਾਨ ਤਾਂ ਪ੍ਰਧਾਨ ਜੀ ਹਨ ਪਰ ਇਹ ਸਕੱਤਰ ਆਦਿ ਸਾਰੇ ਇਸ ਕਾਰਜ ਲਈ ਸਹਿਮਤ ਹੋਈ ਜਾ ਰਹੇ ਹਨ! ਕੀ ਪ੍ਰਧਾਨ ਜੀ ਨੇ ਆਪਣੇ ਅਧਿਕਾਰ ਇਹਨਾਂ ਨੂੰ ਸੌਂਪ ਦਿਤੇ ਹਨ!

ਫਿਰ ਕੁਝ ਕੁ ਖ਼ੁਸ਼ੀ ਗਮੀ ਵਾਲ਼ੇ ਪਰਵਾਰਕ ਰੁਝੇਵਿਆਂ ਕਰਕੇ ਮੈਂ ਅਗਲੀਆਂ ਮੀਟਿੰਗਾਂ ਵਿਚ ਨਾ ਜਾ ਸਕਿਆ ਤੇ ਪਤਾ ਲੱਗਾ ਕਿ ਸਮੇਤ ਸਕੱਤਰ ਸਾਹਿਬਾਨ, ਪ੍ਰਿਸੀਪਲ ਸਾਹਿਬ ਆਦਿ ਦੇ, ਜੋ ਪਹਿਲਾਂ ਸਹਿਮਤੀ ਦਰਸਾ ਰਹੇ ਸਨ; ਉਹਨਾਂ ਨੇ ਇਕ ਮੀਟਿੰਗ ਦੌਰਾਨ ਸਹੀ ਗੱਲ ਕਰ ਦਿਤੀ ਕਿ ਪ੍ਰਧਾਨ ਜੀ ਦੀ ਆਗਿਆ ਤੋਂ ਬਿਨਾ ਏਡਾ ਵੱਡਾ ਅਤੇ ਖ਼ਰਚੀਲਾ ਕਾਰਜ ਉਹ ਨਹੀਂ ਕਰਵਾ ਸਕਣਗੇ। ਫਿਰ ਇਹ ਵੀ ਵਿਚਾਰ ਆਇਆ ਕਿ ਸੰਮੇਲਨ ਦੀ ਤਿਆਰੀ ਵਾਸਤੇ ਸਮਾ ਥੋਹੜਾ ਹੈ। ਇਹ ਕਾਰਜ ਹੁਣ ਕਰਨ ਦੀ ਥਾਂ ਅਕਤੂਬਰ ਵਿਚ ਕੀਤਾ ਜਾਵੇ ਪਰ ਜਥੇਦਾਰ ਜੀ ਨੇ ਆਖਿਆ ਕਿ ਗਿਆਨੀ ਸੰਤੋਖ ਸਿੰਘ ਜੀ ਨੇ ੨੩ ਫ਼ਰਵਰੀ ਨੂੰ ਚਲੇ ਜਾਣਾ ਹੈ ਤੇ ਫਿਰ ਪਤਾ ਨਹੀਂ ਉਸ ਸਮੇ ਉਹ ਆ ਸਕਣ ਕਿ ਨਾ; ਇਸ ਲਈ ਇਹ ਕਾਰਜ ਉਸ ਤਰੀਕ ਤੋਂ ਪਹਿਲਾਂ ਪਹਿਲਾਂ ਹੋਣਾ ਚਾਹੀਦਾ ਹੈ।

ਸਿੰਘ ਸਾਹਿਬ ਜੀ ਦਾ ਮੈਨੂੰ ਫ਼ੋਨ ਆਇਆ ਕਿ ਆਪਾਂ ਦੋਹਾਂ ਨੇ ਲੁਧਿਆਣੇ ਪ੍ਰਧਾਨ ਜੀ, ਸ. ਅਵਤਾਰ ਸਿੰਘ ਮੱਕੜ ਜੀ ਪਾਸੋਂ, ਇਸ ਸੈਮੀਨਾਰ ਦੀ ਆਗਿਆ ਲੈਣ ਵਾਸਤੇ ਜਾਣਾ ਹੈ ਤੇ ਮੈਂ ਉਹਨਾਂ ਦੇ ਨਾਲ਼ ਚੱਲਾਂ। ਅਗਲੇ ਦਿਨ ਸੁਭਾ ਹੀ ਉਹਨਾਂ ਨੇ ਮੈਨੂੰ ਦੁਬੁਰਜੀ ਪਿੰਡ ਲਾਗਲੀ ਨਵੀਂ ਆਬਾਦੀ ਵਿਚੋਂ ਨਾਲ਼ ਲੈ ਲਿਆ ਤੇ ਅਸੀਂ ਪ੍ਰਧਾਨ ਜੀ ਦੇ ਤਿਆਰ ਹੋਣ ਤੋਂ ਪਹਿਲਾਂ ਹੀ ਲੁਧਿਆਣੇ ਉਹਨਾਂ ਦੀ ਬੈਠਕ ਵਿਚ ਜਾ ਬੈਠੇ। ਪ੍ਰਧਾਨ ਜੀ ਆਏ। ਇਸ ਦੌਰਾਨ ਹੋਰ ਵੀ ਕੁਝ ਸੱਜਣ ਉਹਨਾਂ ਨੂੰ ਮਿਲਣ ਵਾਲ਼ੇ ਆ ਚੁੱਕੇ ਸਨ। ਪਰਸਪਰ ਯੋਗ ਸਤਿਕਾਰ ਨਾਲ਼ ਮੇਲ ਮਿਲਾਪ ਪਿੱਛੋਂ ਜਥੇਦਾਰ ਜੀ ਨੇ ਸੰਮੇਲਨ ਬਾਰੇ ਗੱਲ ਕਰਕੇ ਉਹਨਾਂ ਪਾਸੋਂ ਆਗਿਆ ਮੰਗੀ। ਪ੍ਰਧਾਨ ਜੀ ਨੇ ਫੌਰਨ ਹੀ ਆਪਣੇ ਪੀ.ਏ. ਡਾ. ਪਰਮਜੀਤ ਸਿੰਘ ਸਰੋਆ ਜੀ ਨੂੰ ਆਖ ਕੇ ਸਬੰਧਤ ਸੱਜਣਾਂ, ਸ. ਸਤਬੀਰ ਸਿੰਘ ਜੀ, ਸਕੱਤਰ ਧਰਮ ਪ੍ਰਚਾਰ, ਸ. ਰੂਪ ਸਿੰਘ ਜੀ ਸਕੱਤਰ ਆਦਿ ਸੱਜਣਾਂ ਨੂੰ ਫ਼ੋਨ ਕਰਵਾ ਕੇ ਆਖ ਦਿਤਾ ਕਿ ਜੋ ਸਿੰਘ ਸਾਹਿਬ ਜੀ ਆਖਦੇ ਨੇ ਉਹ ਕਰ ਦਿਓ। ਇਹ ਕਾਰਜ ਹੋਣ ਤੇ ਅਸੀਂ ਵਾਪਸ ਆ ਗਏ। ਇਹ ਸੰਮੇਲਨ ਦੋ ਦਿਨ ੨੦ ਤੇ ੨੧ ਫ਼ਰਵਰੀ ਨੂੰ, ਕਾਲਜ ਦੇ ਅੰਦਰ ਹੀ ਹੋਇਆ। ਸ਼੍ਰੋਮਣੀ ਕਮੇਟੀ ਨਾਲ਼ ਸਬੰਧਤ ਹੋਰ ਧਾਰਮਿਕ ਵਿਦਿਅਕ ਅਦਾਰਿਆਂ ਦੇ ਵਿਦਿਆਰਥੀਆਂ ਅਤੇ ਅਧਿਆਪਕਾਂ ਨੇ ਵੀ ਉਤਸ਼ਾਹ ਸਹਿਤ ਇਸ ਦੋ ਦਿਨਾਂ ਸੰਮੇਲਨ ਵਿਚ ਭਾਗ ਲਿਆ। ਦੂਜੇ ਦਿਨ ਪ੍ਰਧਾਨ ਸਾਹਿਬ ਜੀ ਵੀ, ਕਮੇਟੀ ਦੇ ਬਾਕੀ ਉਚ ਅਧਿਕਾਰੀਆਂ ਸਹਿਤ ਤਸ਼ਰੀਫ਼ ਲਿਆਏ। ਪਹਿਲੇ ਦਿਨ ਦੀ ਆਰੰਭਤਾ ਦਾ ਸੰਖੇਪ ਸਵਾਗਤੀ ਭਾਸ਼ਨ ਭਾਈ ਰਵਿੰਦਰ ਸਿੰਘ ਜੀ ਹਜ਼ੂਰੀ ਰਾਗੀ ਨੇ ਦਿਤਾ ਅਤੇ ਦੂਜੇ ਦਿਨ ਦਾ ਸਵਾਗਤੀ ਭਾਸ਼ਨ ਦੇਣ ਦਾ ਮੈਨੂੰ ਸੁਭਾਗ ਪ੍ਰਾਪਤ ਹੋਇਆ।

ਇਸ ਸਮੇਲਨ ਉਪਰ ਵਾਹਵਾ ਸਾਰਾ ਖ਼ਰਚ ਅਤੇ ਖੇਚਲ ਹੋਏ ਜੋ ਕਿ ਸਾਰੇ ਧਰਮ ਪ੍ਰਚਾਰ ਕਮੇਟੀ ਦੇ ਖ਼ਜ਼ਾਨੇ ਵਿਚੋਂ ਖ਼ਰਚੇ ਗਏ। ਪ੍ਰਧਾਨ ਜੀ ਤੋਂ ਇਲਾਵਾ ਇਸ ਸੰਮੇਲਨ ਵਿਚ ਸ਼੍ਰੋਮਣੀ ਕਮੇਟੀ ਦੇ ਬਹੁਤ ਸਾਰੇ ਪ੍ਰਮੁਖ ਉਚ ਅਧਿਕਾਰੀ ਸ਼ਾਮਲ ਹੋਏ। ਸ਼੍ਰੋਮਣੀ ਕਮੇਟੀ ਦੇ ਵੱਡੇ ਸਕੱਤਰ, ਸ. ਦਲਮੇਘ ਸਿੰਘ ਜੀ, ਧਰਮ ਪਰਚਾਰ ਕਮੇਟੀ ਦੇ ਸਕੱਤਰ, ਸ. ਸਤਬੀਰ ਸਿੰਘ ਜੀ, ਸਕੱਤਰ ਸ. ਰੂਪ ਸਿੰਘ ਜੀ, ਐਡੀਸ਼ਨਲ ਸਕਤਰ, ਸ. ਦਿਲਜੀਤ ਸਿੰਘ ਬੇਦੀ ਜੀ, ਮੀਤ ਸਕਤਰ ਸ. ਸੰਤੋਖ ਸਿੰਘ ਜੀ ਆਦਿ ਤੋਂ ਇਲਾਵਾ ਸਤਿਕਾਰ ਯੋਗ ਮੈਂਬਰ ਸਾਹਿਬਾਨ ਸ. ਜਸਵਿੰਦਰ ਸਿੰਘ ਜੀ ਐਡਵੋਕੇਟ, ਬੀਬਾ ਕਿਰਨਜੋਤ ਕੌਰ ਜੀ, ਪੰਜਾਬੀ ਟ੍ਰਿਬਿਊਨ ਦੇ ਮੁਖ ਸੰਪਾਦਕ ਸ. ਵਰਿੰਦਰ ਸਿੰਘ ਵਾਲ਼ੀਆ ਜੀ ਆਦਿ ਨੇ ਵੀ ਭਾਗ ਲਿਆ ਅਤੇ ਆਪਣੇ ਬਹੁਮੁੱਲੇ ਵਿਚਾਰ ਵੀ ਪਰਗਟ ਕੀਤੇ। ਸਭ ਤੋਂ ਵਧ ਕੇ, ਕਾਲਜ ਦੇ ਪ੍ਰਿੰਸੀਪਲ ਸਾਹਿਬ, ਸ. ਬਲਦੇਵ ਸਿੰਘ ਜੀ ਦੀ ਅਗਵਾਈ ਹੇਠ, ਕਾਲਜ ਦੇ ਅਧਿਆਪਕਾਂ ਅਤੇ ਵਿਦਿਆਰਥੀਆਂ ਨੇ ਬਹੁਤ ਉਦਮ ਅਤੇ ਉਤਸ਼ਾਹ ਸਹਿਤ ਸੇਵਾ ਕੀਤੀ। ਲੰਗਰ, ਚਾਹ ਪਾਣੀ ਆਦਿ ਦਾ ਪ੍ਰਬੰਧ ਵੀ ਬਹੁਤ ਸ਼ਲਾਘਾਯੋਗ ਸੀ। ਸ਼ਾਮਿਆਨਾ, ਫ਼ਰਨੀਚਰ ਆਦਿ ਦਾ ਵੀ ਬੜਾ ਢੁਕਵਾਂ ਪ੍ਰਬੰਧ ਕੀਤਾ ਗਿਆ। ਸਭ ਮਿਲਾ ਕੇ ਇਹ ਸੰਮੇਲਨ ਬਹੁਤ ਹੀ ਸਫ਼ਲ ਰਿਹਾ ਜਿਸ ਵਾਸਤੇ ਸਭ ਸਬੰਧਤ ਸੱਜਣ ਸ਼ਾਬਾਸ਼ ਦੇ ਅਧਿਕਾਰੀ ਅਤੇ ਧੰਨਵਾਦ ਦੇ ਪਾਤਰ ਹਨ।

ਕੁਝ ਜ਼ੁੰਮੇਵਾਰ ਸੱਜਣਾਂ ਵੱਲੋਂ ਇਹ ਵਿਚਾਰ ਵੀ ਪਰਗਟ ਕੀਤੇ ਗਏ ਕਿ ਅਜਿਹਾ ਸੰਮੇਲਨ ਘਟ ਤੋਂ ਘਟ ਇਕ ਵਾਰੀ ਹਰੇਕ ਸਾਲ ਜਰੂਰ ਕੀਤਾ ਜਾਇਆ ਕਰੇ।

ਸੰਮੇਲਨ ਦੇ ਅੰਤਲੇ ਦਿਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ, ਸ. ਅਵਤਾਰ ਸਿੰਘ ਮੱਕੜ ਜੀ ਦੇ ਹੱਥੀਂ ਖਾਸ ਸੱਜਣਾਂ ਨੂੰ ਸਨਮਾਨ ਚਿਨ੍ਹ ਦੇ ਕੇ ਸਨਮਾਨਤ ਕੀਤਾ ਗਿਆ।

# Shaheed Sikh Missionary College, Amritsar



Principal Baldev Singh Prof. Sukhdev Singh Dr. Suba Singh Bhai Nirmal Singh G Santokh Singh

In today's techno savvy world, majority of students opt for the time-tested engineering, medical or the non-medical streams that offer plum jobs. But here's a cluster of dedicated youth that thinks differently. It follows its passion for religious studies that holds promise of a rewarding career too.

These youth are devoted to religious education in which they learn and gain knowledge about Guru Granth Sahib, comparative religion, kirtan, martial art (Gatka), musical instruments such as tabla, sarangi, dilruba, tanpura etc and have a bright future too. And imparting them training in religious education and musical instruments is

Shaheed Sikh Missionary College run by SGPC Dharam Prachar Committee in the holy city. At present, about 90 students are enrolled in the college that was started in 1923 in memory of the martyrs of Nankana Sahib. ABOUT THE COURSE The three year religious course includes preaching of Gurbani and its interpretation, comparative study of various religions, Punjab Sikh history and Gurbani Ucharan, playing of musical instruments and



performing kirtan.

Interestingly, apart from Sikhism, the college also teaches Hinduism, Buddhism, Jainism and teachings of other religions. As this is not a technical course, the question of job opportunity and placements raises doubts. Talking about the job opportunities in the field of religious education, former principal Dr Suba Singh said, "It is different from all other courses providing a number of job opportunities. After completing this three-year course, the students get jobs in Gurdwaras as Ragis, instrument players, preachers and also Ragi jathas, which are appointed by SGPC". APPEAL OVERSEAS Principal of Sikh Missionary College, Sukhdev Singh, talking to HT, said that some of the students also find their future in foreign countries on the basis of kirtan, Ragi Jatha and instrument player. The area of job placement and scope is wide in this field.

Detailing about the placements of the students, Singh said, "During the course or on its completion, Gurdwara heads from the state and outside demand Ragis, preachers and tabla players from our institute, thereby, placing the students according to their interest." Talking about the ragis already placed in Harmandar Sahib, Sukhdev Singh said, "A number of famous and popular Ragis are products of this institute, among which Bhai Nirmal Singh Khalsa (Padmashri awardee), head hazoori Ragi at Harmandar Sahib, and international Ragi Harjinder Singh (Srinagar Wale) are famous personalities." PLACEMENTS GALORE Talking about placements of the students of Sikh Missionary College,

Secretary of SGPC Dhram Prachar Committee, Harjit Singh, said that the placement of students is done according to the need and

sOKy isDry lyK/205

vacancy. ”Students who complete their three year course have to pass the interview for placement in Harmandar Sahib. Apart from placement in Harmandar Sahib, a number of students also find good opportunity and adjust in private institutes,” Harjit said. Detailing about the number of students who took admission every year and about the interest of the youth, Harjit Singh said, ”A large number of youth is interested in religious education as every year hundreds of forms are received and we shortlist students, among which 30 students are selected after written examination and interview.” RENOWNED ALUMNI Meanwhile, sharing his views about the settlement of students in other fields apart from the Gurdwaras, Sukhdev Singh said that the job area is so wide that apart from working in the Gurdwaras, a number of students of this institute have established themselves in the field of politics, literature, academics and administration, among which Giani Zail Singh, former president of India, and Sadhu Singh Hamdard, a well-known writer and editor of a newspaper, Giani Santokh Singh, a well known writer and preacher, are products of this institute. Not only this, Prof Surjit Singh, who was once a student in this institution, is now working as a professor in the Gurmat Institute at Talwandi Sabo as music teacher. SAINT-SOLDIER TRAINING Talking about the training of singing, Singh said, ”The training of singing (Sangeet) is given according to 31 Rags mentioned in Guru Granth Sahib. Whereas after completing the training in the particular field, groups are formed so that they can perform in a group, which is known as Ragi Jatha. As physical exercise is very important to remain fit and fine, professionals give training of martial art

sOKy isDry lyK/206

(gatka) too. Students who perform well and become experts form a gatka group, which gives performance in nagar kirtans, Singh added. PROUD OF THE INSTITUTION Following his passion for religious education, one of the students, Veryam Singh, said, ”I am studying here since the last two-and-a-half years. My mother inspired me to join this field and learn Gurbani. Earlier, I was apprehensive about the job placement and career scenario. However, after learning Gurbani and by realising the respect that people give us, I feel that this course is no less than any technical course.” Speaking over the phone with HT, Harbhajan Singh, an ex-student of the institute who is now working as a professor in one of its branches and is also a preacher-cum-ragi, shared his experience saying that the institute teaches art of living to individuals. If this institute had not been established, the Sikh community would have had very few scholars. ”When people applaud my work while performing kirtan abroad, I

wish to salute my institution and feel proud that I have gained education from this Sikh Missionary College. This is the only educational institution where, along with professionalism, we all get a chance to learn spiritualism also”. Sharing his views, another student Ranjit Singh said, ”I am learning music and marshal art here from last two years. The future is very bright in this field. It ensures security of job along with respect. Moreover, one can get a good chance to go abroad and settle there”. HOW TO SIGN UP? Detailing about the admission procedure, Singh said, that students have to go through a

written test and an interview, in which a team of committee members judges the student's interest and knowledge in religion. The minimum

sOKy isDry lyK/207

qualification of the student is 10+2 in any stream. The students are not charged any fee rather they are provided with scholarship of Rs 800 per month by SGPC, Dharm Parchar Committee, along with free accommodation in hostel.

Piety begets a living: They swear by godliness, seek further grooming in it, which eventually certifies a rewarding career. Those, aspiring to make their lives sublime, can register with Shaheed Sikh Missionary College in Amritsar. Gurdwara heads from the state and outside demand Ragis, pracharks and tabla players from our institute SUKHDEV SINGH Principal, Sikh Missionary College said. It is different from all other courses, providing a number of job opportunities Dr. SUBA SINGH Former principal, Sikh Missionary College.

